A suitable note indicated the date on which the beneficiary attains the age of 60 years shall be recorded in the P.L.A. in the block letters in red ink on the page allotted to each beneficiary so as to avoid the possibility of making any payment after that day.

(iv) Assistance shall cease to be payable if the grantee re-marries and/or resume cohabitation.

(v) Good conduct and chaste life is an implied condition to the payment of financial assistance. The sanctioning authority shall have the right to withhold or suspend the payment of assistance if the grantee be convicted of crime involving moral turpitude.

(vi) Financial assistance will be stopped as and when any of the dependents of the grantee attains the age of 18 years and/or gets employed.

CHANGE OF ADDRESS

8. It shall be obligatory for a grantee to intimate any change of address to the Director, Social Welfare, Punjab, Chandigarh. Persons shifted outside Punjab State shall cease to be eligible for financial assistance if the period of their stay outside state is far more than one year.

PART II

ACCOUNTING PROCEDURE

9. The following paragraph shall regulate the accounting procedure in respect of the scheme, Financial Assiastance to widows and Destitute women out side Homes in Punjab.

REGISTRATION OF APPLICATION

On receipt of an application from (FAWD-I) it shall be recorded in a receipt Register maintained specifically for the purpose in the office of the Director Social Welfare, Punjab. Each applicant shall be issued an acknowledgement receipt card (FMWD-2) indicating therein a registration number of her application for all future correspondence.

10. The financial assistance shall be sanctioned for the financial year during which it is granted and shall be subject to review periodically according to the circumstances of each case.

11. The assistance shall become payable from the first of the month in which it is sanctioned. The rate of the assistance shall be Rs. 50 per mensum per head.

12. Financial assistance under these rules shall not be inforceable through a court of Law.

13. Record of all the payments shall be entered in the Personal Ledger Account Register (FAW-3) and each grantee shall have a separate account/page in the said ledger.

14. A responsible officer/official nominated by the Director, Social Welfare Punjab, shall sign the money order forms and initial the entries in the personal ledger Account after carefully comparing and checking the concerned documents. The name and address in the M.O. form shall be written in legible hand.

15. No payment shall be made for the next quarter until the actual payee's receipt for the previous payment has been received and a note to that effect recorded in the relevant column of the Personal Ledger Account or till satisfactory proof is available that the previous amount has been correctly paid.

[Mininster of State for Social Welfare]

16. Personal Ledger Account shall be checked up every month or after such interval as the Drawing and Disbursing Officer shall thoroughly prove into the undisbursed amounts as may come to his/her notice. For this purpose detailed references may be made to the grantee or the Postal authorities etc. as the case may be, Drawals from the Treasury will be made only if such amounts are required for immediate disbursement. Undisbursed amounts, if any, will be refunded by short drawal in the next bill.

Note.—The Drawing and Disbursing Officer shall be required to attach a certificate with the bill in which amounts required for remittance are drawn to the effect that amounts drawn in the previous bill have since been remitted and that any amount received back on account of undelivered money order during the intervention period has been noted in the proper register/ accounted for and are being short drawn in the present bill.

17. Actual payees receipt shall be kept and preserved under lock and key for a period of three years or till these are audited whichever is last.

18. The amount on account of undelivered money orders shall be received by the Drawing and Disbursing Officer in his/her absence by the next lower officer/official and a proper record of such amounts shall be kept in separate register (FAWD-4). Each entry in the said register shall intialed by the receiving officer/official.

19. The amount on account of undelivered money orders shall be taken on the receipt side of the Cash Book and the entire amount received as such shall be refundable by short drawal in the subsequent bill.

20. The Director, Social Welfare, Punjab, shall be over all incharge of this scheme and necessary instructions in regard to the proper maintenance of the accounts shall be issued by him from time to time. He will be assisted by the Assistant Director Pension, who shall be the Drawing and Disbursing Officer of this scheme and shall be responsible to advise the Director, Social Welfare, Punjab in all matters relating to this scheme.

21. In the event of death of grantee although undelivered money orders will be received back by the Department yet all the cases will be subject to spot investigation to be conducted periodically by the Departmental Officer/officials or by the authorities specified in Rule 5(ii) who shall also report any event of death of the beneficiary forthwith so as to as certain whether the beneficiary continues to fulfil the elegibility conditions.

22. The expenditure under this scheme shall be chargeable to the Head-39—Misc. Social and Developmental Organisation, E—Misc—E—(ii) Social Welfare Directorate (Plan).

This issues with the concurrence of the Accountant-General/Finance Department,—*vide* No. DA(Pb)-iii/39/Women/6805-06, dated Nil and 153(G)-6FS(DS)/67, dated the 20th October, 1967.

(FORM PAWD—I)

Application for Financial Assistance under the Scheme of Financial Assistance to Widows and Destitute women outside Home in Punjab

1. Name of the applicant.

2. Age.

3. Marks of identification.

4. Name of husband/father.

5. Present address.

6. Permanent Address

7. Address where the applicant has resided for the last three years.

8. (i) For widows only.

(a) When the husband died ?

(b) Occupation/Profession of your husband before his death.

(c) What is the source of income after death of your husband or how you have been maintaining after death of your husband.

(ii) For destitute women—

(a) Occupation/Profession of your husband before he became unable to earn

(b) If husband is missing state since when ?

(c) Present income of your husband .

(d) Is your husband physically or mentally incapacitated to earn.

9. How have you been maintaining yourself so far ?

10. Whether permanently or partially disabled/Name/nature of disability which has incapactiated his/her to earn livelihood (certificate to this effect from Medical Officer not below the rank of Assistant Surgeon should be enclosed).

11. Particulars of dependents :—

No.	Name	Age	Relationship

12. Particulars of earning son(s)/Son's sons/husband indicating their names, addresses and monthly income as also their own family liabilities, if any.

13. Applicant's educational qualifications.

14. Occupation/profession of the applicant.

15. Whether in receipt of any pension or gratuity or any other assistance from Government. If so, indicate the amount.

16. Particulars of property held :—

(a) Movable (indicating probable value).

(b) Immovable with details and approximate value.

(c) Bank Balance or deposits in post office saving Bank.

(d) Investment in Government Securities.

(e) Income from any other source.

17. Are you a displaced person ? If so, the following information should be supplied :—

(a) Have you received any loan/grant/financial assistance, if so, to the amounts.

18. Name and address for two responsible persons well-known the applicant who could certify the correctness of his/her statement.

1.

2.

Dated Signature/Thumb impression of the Applicant.

DECLARATION

I————————————S/o,W/o———————————,resident of——————Tehsil——————————District——————————do hereby solemnly declare and affirm that the above information/particulars are correct to the best of my knowledge and belief and that nothing has been concealed.

Attested by a Gazetted Officer Signature/Thumb-impression of the applicant.

Recommendations of the Deputy Commssioner/S.D.O. (Civil)/Tehsildar Block Development and Panchayat Officer of the District/Sub-Divisional/Tehsil/Block concerned.

Signature with office seal of the recommending authority.

[Minister of State for Social Welfare]

FORM FAWD-2

PUNJAB GOVERNMENT

SOCIAL WELFARE DEPARTMENT

No. FAWD dated Chandigarh the

This is to acknowledge the receipt of your application form for the Financial Assistance to Widows and Destitute Women outside the homes. It has been registered in this office at No.——————————dated——————————and a decision taken thereon will be conveyed to you in due course.

for Director, Social Welfare Deptt.
Punjab, Chandigarh.

ON INDIA GOVERNMENT SERVICE

To

Despatcher,
Department of Social Welfare, Punjab,
Chandigarh.

FORM FAWD-3

Serial No.	Registration No.	District and PLA Register page No.	Name of beneficiary	Period and amount	Signature of of the official	Remarks
1	2	3	4	5	6	7

FORM FAWD-4

Serial No.	Regd. No.	Name of the pensioner/ beneficiary	Father's/ Husband's Name	PLA No.	Name of month(s) for which H.O. received unpaid	Amounts
1	2	3	4	5	6	7

Initial of Branch incharge	Disposal of undelivered amount by short drawals Payment	Authority under whose the amount unpaid M.O. of disposed	Reference to bill No. and month by which short drawal is made	Remarks
8	9	10	11	12

SURJIT SINGH SODHI,
Secretary to Government, Punjab,
Social Welfare Department.

PUNJAB GOVERNMENT

SOCIAL WELFARE DEPARTMENT

(RELIEF BRANCH)

No. 5053 IR-67/745,
Chandigarh, dated the 12th February, 1968

To

The Director, Social Welfare, Punjab (Relief Branch).

Subject :—Implementation of New Plan Scheme-Home for Widow and Destitute Women.

MEMORANDUM

With a view to tackling the problem of economic destitution of widow and destitute women and to give them protection from explanation of every kind, Government have decided to set up a residential Home for Widows and Destitute Women where such ladies and their dependents shall be maintained, educated and provided technical training facilities free of charge to enable them to stand on their own legs. The following categories of persons who are Punjabis and are ordinarily residing in Punjab will be eligible for admission to the said Home :—

Categories of beneficiaries

1. Young widows and deserted wives whose husbands have severed all connections with them alongwith their dependents who have no earning son, father-in-law in case of widows, or other male relatives in position to support them and have nothing to fall back upon.

2. Destitute women with dependents who are not in a position to make their both ends meet and have neither any earning member nor any source of income.

N.B./DEFINITION OF DEPENDENTS

Daughters up to the age of 25 years or till the date of their marriage which ever is earlier and sons up to the age of 16 years.If a boy is studying in 9th, 10th 11th Classes at the time he attains the age of 16 years, he will be allowed to complete his studies up to higher Secodary standard provided his age does not exceed 19 years in any case. If however, he fails in examination, his maintenance charges shall be discontinued, unless he joins vocational or Technical Training Centre in which event he shall be maintained in the Widows Home up to the age of 19 years. Adopted children are not to be treated as dependents.

2. The Director Social Welfare, Punjab shall be competent to sanction admissions in to the Home.

Procedure for Application and Verification

3. The beneficiaries shall have to apply for admission in the Home on the prescribed form of application which will be obtained free of cost from the Office of the Deputy Director, Industries, Social Welfare Department (Relief Branch), Shop-cum-Flat No. 46/2, Chandigarh, Superintendents of the Homes for Widows and Destitutes Women, Jullundur, Mahila Ashram, Hoshiarpur Kasturba Sewa Ashram, Rajpura State After Care Home, Amritsar and Protective Home, Sangrur. The applications duly completed in all respects should be sent to the Director Social Welfare in Relief. Branch, Punjab, Chandigarh, who will refer each case to one of the following agencies for verification of the particulars given in the applications and suitable recommendations —

1. Deputy Commissioner or the Sub-Divisional Officer (Civil) Concerned.

2. Departmental Officer, either of headquarters office or in the field.

On receipt of the recommendations of the Deputy Commissioner/Sub Divisional Officer (Civil) Departmental Officer as the case may be, each case shall be scrutinised by the office of the Deputy Director Industries (Relief) and orders of the Director Social Welfare obtained.

[Minister of State for Social Welfare]

4. The inmates of the Home will be provided with free board and lodging, free education, training and medical aid at such rate and scale as may be prescribed by Government from time to time subject to availability of funds.

5. Each family shall be told at the time of admission, the duration for which it would continue to remain in the institution. The period will be determined by the authority competent to sanction admission with due regard to the age of the benficiaries and the training and education to be given to them After the expiry of the period. each case will be revised and considered for further extension.

Duration of admission into the widow Ho e

6. Rehabilitation benefits will be allowed at the time of dispersal of the merit of each inmates sub ect ot the availability of funds. According to the instructions issued by Government from time to time on the basis of Govenment of India in" Dispersal Rules" applicable to the Home/Infirmaries for displaced persons in Punjab.

Rehabilitation benifits.

7. All cases where admission is sanctioned should be recorded in the register which should be started immediately and at the time of recommending each case for admission, the availability of funds should be ensured so that there is no excess in expenditure under any circumstances.

8. The expenditure on maintenance of Home is debitable to the Head "39-Misc-Social and E-Misc-E-II Social Welfare Directorate Home or Widows and Destitutes Women Plan)"

(Sd.) . . . ,

Deputy Secretary to Government
Punjab
for Secretary to the Government Punjab,
Social Welfare Department,
(Relief Organisation)

Demands of Work Charge Union, Irrigation and Power Research Institute, Punjab, Amritsar

722. **Comrade Shamsher Singh Josh** : Will the Minister of State for Irrigation and Power be pleased to state whether the State Government received any representation from the Work Charge Union, Irrigation and Power Institute, Punjab, Amritsar in the month of March, 1972, ragrding their demands, if so, the sanction taken or proposed to be taken thereon ?

Sadar Gurbaksh Singh Sibia : Yes, the matter is under consideration of the Government.

[ਹਾਂ ਜੀ । ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।]

Unstarred Question No. 723

(The reply to this question was received late and is printed in the Appendix to this Debate)

Old Age pensions to persons in Kharar sub-Division of Ropar District

724. **Comrade Shamsher Singh Josh** : Will the Minister of State for Social Welfare be pleased to state :—

(a) the names of old men and women of Kharar sub-division of Ropar District who have applied for old age pensions since

1971-72 and 1973 with their full addresses as mentioned in their applioations ;

(b) the number of such persons mentioned in part (a) above, who have been sanctioned /given pensions ;

(c) the time likely to be taken to decide the remaining applioations ; if any ?

Miss Sarla Prasher ; (a) The reoords of old age pension is not kept sub-division wise.

(b) and (c) In view of (a) above question does not arise.

[(ੳ) ਬੁਢਾਪਾ ਪੈਨਸ਼ਨ ਸ਼ਾਖਾ ਦਾ ਰਿਕਾਰਡ ਸਬ ਡਵੀਜ਼ਨਾਂ ਵਾਈਜ਼ ਨਹੀਂ ਰਖਿਆ ਜਾਂਦਾ।
(ਅ ਅਤੇ ੲ) ਉਪਰੋਕਤ (ੳ) ਨੂੰ ਮੁੱਖ ਰਖਦੇ ਹੋਏ, ਸਵਾਲ ਪੈਦਾ ਨਹੀਂ ਹੁੰਦਾ।]

Employees State Insurance scheme in Amritsar City

725. **Comrade Satya Pal Dang** : Will the Minister of State for Health and Family Planning be pleased to state—

(a) Whether Amritsar City is covered by the Employees State Insurance Scheme ; if so, since when ;

(b) the number and the names of all the I.M.Ps. in Amritsar and the number of employees registered with each one of them as on 1st January, 1974 ;

(c) the full addresses of the clinics of each I.M.S. be laid on the the Table of the House ?

Sardar Balbir Signh ; (a) Yes Since 17-5-1953 ;

(b) and (c) Requisite information as it stood on 1st January, 1974 is given in the attached list.

[(ੳ) ਹਾਂ ਜੀ। 17 ਮਈ, 1953 ਤੋਂ।
(ਅ) ਅਤੇ (ੲ) 1 ਜਨਵਰੀ, 1974 ਤਕ ਦੀ ਲੋੜੀਂਦੀ ਸੂਚਨਾ ਨੱਥੀ ਕੀਤੀ ਲਿਸਟ ਵਿਚ ਦਿਤੀ ਹੋਈ ਹੈ।]

LIST OF INSURANCE MEDICAL PRACTITIONERS AT AMRITSAR (PANEL AREA) AS IT STOOD ON 1ST JANUARY, 1974

Serial No.	Name and address of the Clinic of I.M.P.	No. of Insured Persons/ Family Units registered with each
1	Dr. Buta Singh, 12/9, H. No. 2655/1, Gate Malah Singh, Amritsar	358
2	Dr. Hans Raj Sharma, 12/12/Gate Bhagtanwala, Amritsar ..	382
3	Dr. Ram Lal Khurana, 12/13, Bazar Swank Mandi, Amritsar ..	490
4	Dr. Ram Kishore Sharma, 12/14, Partap Bazar, P.O. Chheharta, Amritsar ..	751
5	Dr. Agya Singh, 12/15, Nimak Mandi, Amritsar ..	293

[Minister of State for Health and Family Planning]

6	Dr. Banarsi Dass Kapur, 12/16, Chowk putli Ghar, Amritsar ..	201
7	Dr. Gurcharan Singh, Kalra, 12/23, Sultanwind Road, Amritsar ..	317
8	Dr. Bakhshi Niranjan Dass, 12/24 Batala Road, Chhiber Verka, Amritsar	413
9	Dr. Bhagat Singh, 12/26, Majid Building, G.T.Road, Chheharta, Amritsar	710
10	Dr. K. K. Sachdeva, 12/27, Majitha Building, G.T. Road Chheharta, Amritsar ..	676
11	Dr. R. Kundra, 12/28, Putlighar, Amritsar ..	450
12	Dr. M. L. Wig, 12/63, 2742, Bagh Ramanand, Amritsar ..	485
13	Dr. Jiwan Lal, 12/70, Lawrance Road, Amritsar ..	472
14	Dr. Hari Singh, 12/75, Railway Road, Amritsar ..	221
15	Dr. Sujinder Singh, 12/112, Chowk Farid, Amritsar ..	56
16	Dr. Khushi Ram Mehra, 12/124, 14, Jail Road, Amritsar ..	256
17	Dr. Sardari Lal Gupta, 12/134, 58, Gopal Nagar, Amritsar ..	687
18	Dr. Surjan Singh, 12/159, chowk Nimak Mandi, Amritsar ..	22
19	Dr. Samual Barfoot, 12/163, Partap Bazar, Chheharta, Amritsar ..	667
20	Dr. Bal Sarup Sood, 12/164, 5 Hukam Singh, Road, Amritsar ..	138
21	Dr. Vijay Kumar Bedi 12/176, Sant Bela, Mr. Ganga Building, Amritsar ..	674
22	Dr. Sham Lal Gupta, 12/177 P.O. Khasa, Amritsar ..	816
23	Dr. Gurbakhash Singh, 12/181 Kot Baba Deep Singh, Bazar No. 1, Amritsar	201
24	Dr. Mohan Lal Kapoor, 12/185 130, Majitha Road, Amritsar ..	319
25	Dr. Tej Pal Singh, Chawla, 12/187 Katra Sher Singh, Amritsar ..	465
26	Dr. Joginder Singh, 12/195, G.T. Road, Near Sant Villa, Amritsar	165
27	Dr. Mehar Chand Abbi, 12/196, G.T. Road, Chheharta, Amritsar	836
28	Dr. Harjinder Singh Malik, 12/201, Street Nath Khano KtK Khezanan, Amritsar	831
29	Dr. H. S. Bajwa, 12/217, opposite Railway Station, Amritsar ..	727
30	Dr. Avtar Singh Arora, 12/219, City Clinic, Bruhm Buta Market Near Sarain Guru Ram Dass, Amritsar	106
31	Dr. K. L. Ananad, Shiv Sagar, Market, 12/221, Lawrance Road, Amritsar	44
32	Dr. Mela Ram Sethi, 12/22, Bhushan Pura, Amritsar ..	131
33	Dr. Raj Pal, 12/223, G.T. Road, Near Chowk Khalsa College, Amritsar	179
34	Dr. Kuldip Chand, 12/233, Inside Lohgarh Gate, Amritsar ..	378
35	Dr. Jatinder Singh Arora 12/234, Chawal Mandi, Amritsar ..	51

Centres in Punjab Which are covered by ESI scheme

726. Comrade Satya Pal Dang : Will the Minister of State for Health and Family Planning be pleased to state —

(a) the centres in Punjab which are covered by the ESI Scheme indicating in each case the dates when such was first covered;

(b) the names of the centres which are covered by service system and panel system separately ;

(c) the number of employees in each of the centres covered by the the said scheme as on 1st January, 1974 ?

Sardar Balbir Singh : (a) Kindly see column 1 & 2 of the attached statement ;

(b) Kindly see at 'A and 'B' in the attached statement.

(c) Kindly see column 3 in the attached statement. The figures as these stood on 1st January, 1974 have not yet been received from the E.S.I. Corporation as such these indicate the positions as it stood on 31st March, 1973.

[(ੳ) ਕਿਰਪਾ ਨੱਥੀ ਕੀਤੀ ਸਟੇਟਮੈਂਟ ਦਾ ਕਾਲਮ 1 ਅਤੇ 2 ਵੇਖਿਆ ਜਾਵੇ ।

(ਅ) ਕਿਰਪਾ ਨੱਥੀ ਕੀਤੀ ਸਟੇਟਮੈਂਟ ਦਾ 'ਏ' ਅਤੇ 'ਬੀ' ਭਾਗ ਵੇਖਿਆ ਜਾਵੇ ।

(ੲ) ਕਿਰਪਾ ਨੱਥੀ ਕੀਤੀ ਸਟੇਟਮੈਂਟ ਦਾ ਕਾਲਮ 3 ਵੇਖਿਆ ਜਾਵੇ । 1 ਜਨਵਰੀ, 1974 ਤਕ ਦੀ ਫਿਗਰਜ਼ ਈ. ਐਸ. ਆਈ ਕਾਰਪੋਰੇਸ਼ਨ ਵਲੋਂ ਨਹੀਂ ਆਈਆਂ ਇਸ ਲਈ ਇਹ ਫਿਗਰਜ਼ 31 ਮਾਰਚ, 1973 ਤਕ ਦੀ ਪੋਜ਼ੀਸ਼ਨ ਦਸ ਦੀਆਂ ਹਨ ।]

STATEMENT

Serial No.	Name of the Centre	Date of implementatation	No. of employees as it sttod on 31-3-73
1	2	3	4
	(A) SERVICE SYSTEM		
1	Abohar	21-2-1965	2700
2	Bahadargarh (Patiala)	21-2-1965	1600
3	Dhariwal	29-11-1959	3550
4	Gobindgarh	28-1-1962	4500
5	Goraya	27-2-1966	1700
6	Kapurthala, including suburbs of Kapurthala, Diwankhan, Dhaliwal and Mansurwal)	28-1-1962 / 23-2-1969	2000

(Minister of State for Health and Family Planning)

Serial No.	Name of the Centre	Date of implementation	No. of employees as it stood on 31-3-73
7.	Khanna	27-2-1966	1600
8.	Kharar	17-2-1961	1600
9.	Malerkotla	16-6-1968	250
10.	Malaut Mandi	16-6-1968	..
11.	Nabha	16-6-1968	1050
12.	Patiala	30-9-1962	3200
13.	Phagwara includes suburbs of Phagwara, Chak Hakiman, Hadiabad and Chachad	28-1-1962 / 23-2-1969 / 25-3-1962	8000
14.	Phillaur	27-2-1966	300
15.	Rajpura includes suburbs of Rajpura	30-9-1962 / 20-6-1971	5300
16.	Sirhind	27-2-1966	300
	(B) PANEL SYSTEM		
1.	Amritsar including Verka (7200 plus 1500)	17-5-1953	8700
2.	Batala	17-5-1953	2550
3.	Chheharata includes Khassa (9600 plus 500)	17-5-1953 / 10-5-59	10000
4.	Jullundur includes suburbs of Jullundur	17-5-53 / 30-3-69	13000
5.	Ludhiana includes suburbs (Sherpur Kalan Bhore and Giaspur)	17-5-53 4-4-65 / 30-3-69	29500

Loans to Industrial Workers in Connection with Indo-Pak War

727. Comrade Satya Pal Dang : Will the Minister for Finance be pleased to state—

(a) the total amount advanced as loans to industrial workers city/town-wise in connection with the Indo-Pak war of 1965 and 1971 as also the number of workers in case of each city/town;

(b) the number of workers from whom the amount of loan has been received by the Government stating the position in respect of each city/town ;

(c) whether the amount so recovered or any part thereof has been refunded to the workers ; if so, how much in case of each city and town and to how many workers ?

Shri Hans Raj Sharma : (a), (b) and (c) The requisite information is attached.

Reply to question No. 727 (Unstarred) asked by Com. Satya Pal Dang, M.L.A., regarding loans to Industrial Workers in connection with Indo-Pak War.

	1965 War			1971 War		
	Name of the City	Amount	No. of workers	Name of the City	Amount	No. of workers
		Rs			Rs.	
(a) The total amount advanced as loans to Industrial workers. City/Town-wise in connection with the Indo-Pak War of 1965 and 1971 as also the number of workers in case of each City/Town	Amritsar	4,94,000	4,047	Amritsar-I	3,45,200	1,802
	Ludhiana	20,000	169	Amritsar-II	5,40,075	2,965
	Batala	25,000	265	Ludhiana	11,575	86
	Kapurthala	300	2	Batala	38,995	211
	Jullundur	43,700	503	Dhariwal	4,100	31
	Abohar	1,080	6	Ferozepur	5,750	49
	Fazilka	300	2	Fazilka	1,150	6
	Total	5,84,380	4,994		9,46,845	5,150

	1965 War		1971 War
(b) The number of workers from whom the amount of loan has been recovered by the Government stating the position in respect of each City/Town	Amritsar	845	Nil
	Ludhiana	162	
	Batala	243	
	Jullundur	342	
	Abohar	4	
	Fazilka	2	
Total		1,598	
(c) Whether the amount so recovered or any part thereof has been refunded to the workers ; if so, how much in case of each city and Town and how many workers ?		No	

Persons in Sub-Division Samrala, District Ludhiana, who pay Land Revenue at Rs. 100 or more

728. Sardar Prehlad Singh : Will the Minister for Revenue and Election be pleased to state the number and names of persons in Sub-Division, Samrala, District Ludhiana, who are paying Rs. 100 or more as Land Revenue.

Sardar Umrao Singh : 33 persons. The requisite information is as follows :—

1. Shri Partap Singh son of Kabul Singh
2. Shri Peshora Singh son of Nihal Singh
3. Shri Partap Singh son of Kabul Singh
4. Shri Ujagar Singh son of Gian Singh
5. Shri Kahla Singh son of Sihan Singh
6. Dharamshala Khurd of village Khurd Mohatmim Shri Kaul Dass
7. Gurdwara Sahib, Amrala
8. Thakar Dewara, Sanghol
9. Shri Karnail Singh son of Baldev Singh
10. Shri Gurdev Singh son of Bhagwan Singh
11. Shri Kartar Singh son of Ram Ditta
12. Shri Bachan Singh son of Pakhar Singh
13. Shri Sohan Singh son of Attar Singh
14. Shri Tara Singh son of Phulla Singh
15. Shri Jagjit Singh son of Hakam Singh
16. Shri Makhan Singh son of Fateh Singh
17. Shri Gulab Singh son of Pardhan Singh
18. Shri Buta Singh son of Pardhan Singh
19. Shri Partap Singh son of Natha Singh
20. Shri Hargobind son of Hakam Rai
21. Bawa Hari Dass Chela Manohar Dass
22. Shri Prem Singh son of Hans Raj
23. Chaudhri Shah son of Jawala Parshad
24. Shri Suraj Parkash son of Arjan Dass
25. Smt. Kaushalya Devi wife of Dewan Chand
26. Peer Krishan Nath Chela Jagan Nath
27. Shri Ishar Singh son of Bur Singh
28. Shri Chanan Singh son of Kahan Singh
29. Shri Kishan Singh son of Sohan Singh
30. Smt. Harbans Kaur wife of Jasmer Singh
31. Shri Kishan Singh son of Jawahar Singh
32. Shri Isher Singh son of Gujjar Singh
33. Shri Balbir Singh son of Raju Singh

[ਸੂਚਨਾ ਹੇਠ ਦਿੱਤੀ ਜਾਂਦੀ ਹੈ :--

1. ਸ੍ਰੀ ਪਰਤਾਪ ਸਿੰਘ ਪੁੱਤਰ ਕਾਬਲ ਸਿੰਘ
2. ਸ੍ਰੀ ਪਿਸ਼ੌਰਾ ਸਿੰਘ ਪੁੱਤਰ ਨਿਹਾਲ ਸਿੰਘ
3. ਸ੍ਰੀ ਪਰਤਾਪ ਸਿੰਘ ਪੁੱਤਰ ਕਾਬਲ ਸਿੰਘ
4. ਸ੍ਰੀ ਉਜਾਗਰ ਸਿੰਘ ਪੁੱਤਰ ਗਿਆਨ ਸਿੰਘ
5. ਸ੍ਰੀ ਕੇਲਾ ਸਿੰਘ ਪੁੱਤਰ ਸਿਹਾਨ ਸਿੰਘ
6. ਸ੍ਰੀ ਧਰਮ ਸਾਲਾ ਖੁਰਦ ਆਫ ਵੀ, ਖੁਰਦ ਮਹਾਤਮਿਨ ਸ੍ਰੀ ਕਾਲੂ ਦਾਸ
7. ਗੁਰਦਵਾਰਾ ਸਾਹਿਬ, ਅਮਰਾਲਾ
8. ਠਾਕੁਰ ਦਵਾਰਾ, ਸਾਨਗੋਹਲ
9. ਸ੍ਰੀ ਕਰਨੈਲ ਸਿੰਘ ਪੁੱਤਰ ਬਲਦੇਵ ਸਿੰਘ
10. ਸ੍ਰੀ ਗੁਰਦੇਵ ਸਿੰਘ ਪੁੱਤਰ ਭਗਵਾਨ ਸਿੰਘ
11. ਸ੍ਰੀ ਕਰਤਾਰ ਸਿੰਘ ਪੁੱਤਰ ਰਾਮ ਦਿੱਤਾ
12. ਸ੍ਰੀ ਬਚਨ ਸਿਘ ਪੁੱਤਰ ਪਖਰ ਸਿੰਘ
13. ਸ੍ਰੀ ਸੋਹਣ ਸਿੰਘ ਪੁੱਤਰ ਅਤਰ ਸਿੰਘ
14. ਸ੍ਰੀ ਤਾਰਾ ਸਿੰਘ ਪੁੱਤਰ ਫੂਲਾ ਸਿੰਘ
15. ਸ੍ਰੀ ਜਗਜੀਤ ਸਿੰਘ ਪੁੱਤਰ ਹਾਕਿਮ ਸਿੰਘ
16. ਸ੍ਰੀ ਮੱਖਣ ਸਿੰਘ ਪੁੱਤਰ ਫਤਿਹ ਸਿੰਘ
17. ਸ੍ਰੀ ਗੁਲਾਬ ਸਿੰਘ ਪੁੱਤਰ ਪਰਧਾਨ ਸਿੰਘ
18. ਸ੍ਰੀ ਬੂਟਾ ਸਿੰਘ ਪੁੱਤਰ ਪਰਧਾਨ ਸਿੰਘ
19. ਸ੍ਰੀ ਪਰਤਾਪ ਸਿੰਘ ਪੁੱਤਰ ਨੱਥਾ ਸਿੰਘ
20. ਸ੍ਰੀ ਹਰਗੋਬਿੰਦ ਪੁੱਤਰ ਹਾਕਿਮ ਰਾਇ
21. ਸ੍ਰੀ ਬਾਬਾ ਹਰੀ ਦਾਸ ਚੇਲਾ ਮਨੋਹਰ ਦਾਸ
22. ਸ੍ਰੀ ਪਰੇਮ ਸਿੰਘ ਪੁੱਤਰ ਹੰਸ ਰਾਜ
23. ਸ੍ਰੀ ਚੌਧਰੀ ਸ਼ਾਹ ਪੁੱਤਰ ਜਵਾਲਾ ਪਰਸ਼ਾਦ
24. ਸ੍ਰੀ ਸੂਰਜ ਪਰਕਾਸ਼ ਪੁੱਤਰ ਅਰਜਨ ਦਾਸ
25. ਸ੍ਰੀਮਤੀ ਕੁਸ਼ਲਿਆ ਦੇਵੀ ਪਤਨੀ ਦੀਵਾਨ ਚੰਦ
26 ਸ੍ਰੀ ਪੀਰ ਕਰਿਸ਼ਨ ਨਾਥ ਚੇਲਾ ਜਗਨ ਨਾਥ
27. ਸ੍ਰੀ ਇਸ਼ਰ ਸਿੰਘ ਪੁੱਤਰ ਬੂਰ ਸਿੰਘ
28. ਸ੍ਰੀ ਚਰਨ ਸਿੰਘ ਪੁੱਤਰ ਕਾਨ ਸਿੰਘ
29. ਸ੍ਰੀ ਕਿਸ਼ਨ ਸਿੰਘ ਪੁੱਤਰ ਸੋਹਨ ਸਿੰਘ
30. ਸ੍ਰੀਮਤੀ ਹਰਬੰਸ ਕੌਰ ਪਤਨੀ ਜਸਮੇਰ ਸਿੰਘ
31. ਸ੍ਰੀ ਕਿਸ਼ਨ ਸਿੰਘ ਪੁੱਤਰ ਜਵਾਹਰ ਸਿੰਘ
32. ਸ੍ਰੀ ਈਸ਼ਰ ਸਿੰਘ ਪੁੱਤਰ ਗੁਜਰ ਸਿੰਘ
33. ਸ੍ਰੀ ਬਲਬੀਰ ਸਿੰਘ ਪੁੱਤਰ ਰਾਜੂ ਸਿੰਘ]

ANNOUNCEMENT BY THE HON. SPEAKER *Re.* GOVERNOR'S ADDRESS

Mr. Speaker : In pursuance of Rule 18 of the Rules of Procedure and Conduct of Business in the Punjab Legislative Assembly, I have to report that the Governor was pleased to address the Punjab Vidhan Sabha on the 18th February, 1974 under Article 176(1) of the Constitution. A copy of the address is laid on the Table of the House.

COPY OF GOVERNOR'S ADDRESS

ਦੋਸਤੋ,

ਮੈਂ ਵਿਧਾਨ ਸਭਾ ਦੇ ਇਸ ਸਾਲ ਦੇ ਸੈਸ਼ਨ ਵਿਚ ਤਸ਼ਰੀਫ ਲਿਆਉਣ ਤੇ ਆਪ ਸਾਰਿਆਂ ਨੂੰ "ਜੀ ਆਇਆਂ ਕਹਿਣ ਵਿਚ ਫ਼ਖ਼ਰ ਮਹਿਸੂਸ ਕਰਦਾ ਹਾਂ। ਪੰਜਾਬ ਦੇ ਲੋਕ ਸੰਸਾਰ ਵਿਚ ਆਪਣੀ ਦੇਸ਼-ਭਗਤੀ, ਉੱਦਮ, ਜੀਵਨ-ਚਾਹ, ਮਿਹਨਤ ਅਤੇ ਆਪਣੇ ਅਗਾਂਹ-ਵਧੂ ਦ੍ਰਿਸ਼ਟੀਕੋਣ ਲਈ ਪ੍ਰਸਿੱਧ ਹਨ। ਇਸ ਲਈ ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੈਨੂੰ ਇਸ ਰਾਜ ਦੀ ਸੇਵਾ ਕਰਨ ਦਾ ਅਤੇ ਇਥੋਂ ਦੇ ਅਜਿਹੇ ਮਹਾਨ ਲੋਕਾਂ ਨਾਲ ਮਿਲ ਕੇ ਕੰਮ ਕਰਨ ਦਾ ਅਵਸਰ ਦਿੱਤਾ ਗਿਆ ਹੈ, ਜਿਹੜੇ ਕਿ ਉਚੇਰੀਆਂ ਪ੍ਰਾਪਤੀਆਂ ਲਈ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ। ਮੈਂ ਆਪ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਮੈਂ ਹਮੇਸ਼ਾ ਪੰਜਾਬ ਦੇ ਲੋਕਾਂ ਦੀ ਭਲਾਈ ਅਤੇ ਖੁਸ਼ਹਾਲੀ ਲਈ ਵੱਧ ਤੋਂ ਵੱਧ ਯਤਨ ਕਰਦਾ ਰਹਾਂਗਾ।"

2. ਹੋਰ ਕੁਝ ਕਹਿਣ ਤੋਂ ਪਹਿਲਾਂ, ਮੈਂ ਆਪ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਆਪ ਸਾਰੇ ਸਰਵਸ਼੍ਰੀ ਗੁਰਨਾਮ ਸਿੰਘ ਅਤੇ ਗਿਆਨ ਚੰਦ ਖਰਬੰਦਾ, ਜਿਹੜੇ ਕਿ ਇਸ ਮਹਾਨ ਹਾਊਸ ਦੇ ਪ੍ਰਸਿੱਧ ਮੈਂਬਰ ਸਨ ਅਤੇ ਜਿਨ੍ਹਾਂ ਨੇ ਇਸ ਰਾਜ ਦੀ ਵਿਸ਼ੇਸ਼ ਅਤੇ ਮਾਣ ਭਰੀ ਸੇਵਾ ਕੀਤੀ ਸੀ, ਦੇ ਅਕਾਲ ਚਲਾਣੇ ਉਤੇ ਡੂੰਘਾ ਅਫ਼ਸੋਸ ਪ੍ਰਗਟ ਕਰਨ ਵਿਚ ਮੇਰਾ ਸਾਥ ਦਿਉ।

3. ਇਹ ਸਾਲ, ਜਿਹੜਾ ਕਿ ਹੁਣ ਖ਼ਤਮ ਹੋਣ ਵਾਲਾ ਹੈ, ਵੱਖ ਵੱਖ ਖੇਤਰਾਂ ਵਿਚ ਅਹਿਮ ਪ੍ਰਾਪਤੀਆਂ ਦਾ ਸਾਲ ਰਿਹਾ ਹੈ। ਲੋਕਾਂ ਨਾਲ ਕੀਤੇ ਵਚਨਾਂ ਅਨੁਸਾਰ, ਮੇਰੀ ਸਰਕਾਰ ਜਨਤਾ ਦਾ ਸਹਿਯੋਗ ਪ੍ਰਾਪਤ ਕਰਕੇ ਖੇਤੀ-ਬਾੜੀ, ਉੱਦਯੋਗ, ਸਿੱਖਿਆ, ਸੰਚਾਰ ਆਦਿ, ਜੇ ਮੈਂ ਕੁਝ ਕੁ ਦਾ ਜਿਕਰ ਕਰਾਂ, ਸਾਰੇ ਖੇਤਰਾਂ ਵਿਚ ਅੱਗੇ ਵੱਧੀ ਹੈ ਅਤੇ ਪੰਜਾਬ ਇਨ੍ਹਾਂ ਖੇਤਰਾਂ ਵਿਚ ਪ੍ਰਾਪਤ ਕੀਤੀ ਸਫਲਤਾ ਉਤੇ ਜਾਇਜ਼ ਤੌਰ ਤੇ ਮਾਣ ਕਰ ਸਕਦਾ ਹੈ। ਹੁਣ ਅਸੀਂ ਪੰਜਵੀਂ ਪੰਜ ਸਾਲਾ ਯੋਜਨਾ ਅਰੰਭ ਕਰਨ ਵਾਲੇ ਹਾਂ। ਇਸ ਲਈ ਮੁਨਾਸਬ ਹੈ ਕਿ ਅਸੀਂ ਚੌਥੀ ਯੋਜਨਾ ਦੇ ਸਮੇਂ ਦੇ ਦੌਰਾਨ ਕੀਤੀਆਂ ਆਪਣੀਆਂ ਪ੍ਰਾਪਤੀਆਂ ਉਤੇ ਪਰਤਵੀਂ ਝਾਤ ਮਾਰੀਏ ਇਸ ਨੂੰ ਹਰ ਪੱਖੋਂ ਸ਼ਾਨਦਾਰ ਸਫ਼ਲਤਾ ਵਾਲਾ ਰਿਕਾਰਡ ਕਿਹਾ ਜਾ ਸਕਦਾ ਹੈ। ਅਰੰਭ ਵਿਚ ਚੌਥੀ ਯੋਜਨਾ ਦਾ ਖ਼ਰਚਾ 293 ਕਰੋੜ ਰੁਪਏ ਨਿਯਤ ਕੀਤਾ ਗਿਆ ਸੀ, ਪਰ ਅਸਲ ਖ਼ਰਚ 425 ਕਰੋੜ ਰੁਪਏ ਤੋਂ ਵੀ ਵੱਧ ਹੋਣ ਦੀ ਸੰਭਾਵਨਾ ਹੈ। ਯੋਜਨਾਗਤ ਖਰਚੇ ਵਿਚ 132 ਕਰੋੜ ਰੁਪਏ ਦਾ ਇਹ ਵਾਧਾ ਕੇਂਦਰੀ ਸਰਕਾਰ ਦੀ 101 ਕਰੋੜ ਰੁਪਏ ਦੀ ਪਹਿਲਾਂ ਨਿਸ਼ਚਿਤ ਕੀਤੀ ਸਹਾਇਤਾ ਵਿਚ ਕਿਸੇ ਵੀ ਵਾਧੇ ਤੋਂ ਬਿਨਾਂ, ਰਾਜ ਸਰਕਾਰ ਦੁਆਰਾ ਕੀਤੇ ਆਪਣੇ ਸਮੁੱਚੇ ਯਤਨਾਂ ਕਰਕੇ ਹੋਇਆ ਹੈ। ਇਹ ਤਾਂ ਹੀ ਹੋ ਸਕਿਆ ਹੈ, ਜੇ ਅਸੀਂ ਰਾਜ ਵਿਚਲੇ ਸਾਧਨਾਂ ਨੂੰ ਵਧੇਰੇ ਚੰਗੀ ਤਰ੍ਹਾਂ ਇਕੱਤਰ ਕੀਤਾ ਅਤੇ ਵਰਤਿਆ ਹੈ, ਜਿਸ ਦਾ ਨਤੀਜਾ ਇਹ ਹੋਇਆ ਹੈ ਕਿ ਪੰਜਵੀਂ ਯੋਜਨਾ ਦੇ ਦੌਰਾਨ ਆਰਥਕ ਸਰਗਰਮੀਆਂ ਦੇ ਆਕਾਰ ਮਿਆਰ ਵਿਚ ਵਾਧਾ ਕਰਨ ਲਈ ਲੋੜੀਂਦੀ ਰਫ਼ਤਾਰ ਪ੍ਰਾਪਤ ਕਰ ਲਈ ਗਈ ਹੈ।

4. ਚੌਥੀ ਯੋਜਨਾ ਦੇ ਸਮੇਂ ਦੇ ਦੌਰਾਨ ਪੰਜਾਬ ਨੇ 5.7 ਫ਼ੀ ਸਦੀ ਸਾਲਾਨਾ ਆਰਥਕ ਪ੍ਰਗਤੀ ਕੀਤੀ ਹੈ ਅਤੇ ਪੰਜਵੀਂ ਯੋਜਨਾ ਦੇ ਦੌਰਾਨ ਤਜਵੀਜ਼ ਕੀਤੇ 5.5 ਫ਼ੀ ਸਦੀ ਰਾਸ਼ਟਰੀ ਵਿਕਾਸ ਦਰ ਦੇ ਮੁਕਾਬਲੇ ਤੇ ਮੇਰੀ ਸਰਕਾਰ ਨੇ 7.4 ਫ਼ੀ ਸਦੀ ਵਿਕਾਸ ਦਰ ਪ੍ਰਾਪਤ ਕਰਨ ਦਾ ਟੀਚਾ ਰਖਿਆ ਹੈ। ਮੇਰੀ ਸਰਕਾਰ ਦੁਆਰਾ ਵਖ ਵਖ ਪੱਧਰ ਤੇ ਕੀਤੇ ਜ਼ੋਰਦਾਰ ਯਤਨਾਂ ਦੇ ਨਤੀਜੇ ਵਜੋਂ ਸਾਲ 1974-75 ਦੀ ਸਾਲਾਨਾ ਯੋਜਨਾ ਲਈ 126 ਕਰੋੜ ਰੁਪਏ ਨਿਸ਼ਚਿਤ ਕੀਤੇ ਗਏ ਹਨ।

5. ਪੰਜਾਬ ਬਹੁਤ ਸਾਰੇ ਖੇਤਰਾਂ ਵਿਚ ਦੇਸ਼ ਭਰ ਵਿਚ ਸਭ ਤੋਂ ਅੱਗੇ ਹੈ। ਇਸ ਨੇ ਖੇਤੀ-ਬਾੜੀ ਦੇ ਖੇਤਰ ਵਿਚ ਵਿਸ਼ੇਸ਼ ਸਥਾਨ ਪ੍ਰਾਪਤ ਕੀਤਾ ਹੈ ਅਤੇ ਸਭ ਤੋਂ ਵੱਧ ਪੈਦਾਵਾਰ ਕਰਨ ਵਾਲੇ, ਅਗਾਂਹਵਧੂ ਅਤੇ ਖੁਸ਼ਹਾਲ ਰਾਜ ਹੋਣ ਦੇ ਨਾਤੇ ਦੇਸ਼ ਦੇ ਅਨਾਜ-ਭੰਡਾਰ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੈ। ਇਹ ਸਫਲਤਾ ਰਸਾਇਣਕ ਖਾਦਾਂ ਦੀ ਵਧੇਰੇ ਵਰਤੋਂ, ਖੇਤੀ-ਬਾੜੀ ਦੇ ਨਵੀਨ ਢੰਗਾਂ ਨੂੰ ਅਪਨਾਉਣ, ਸਿੰਜਾਈ ਸਹੂਲਤਾਂ ਦੇ ਵਿਸਤਾਰ ਅਤੇ ਸਾਇੰਸ ਤੇ ਟੈਕਨਾਲੋਜੀ ਦੀ ਵਧੇਰੀ ਵਰਤੋਂ ਕਰਨ ਨਾਲ, ਜਿਹੜੀ ਵਿਸਤਾਰ ਸੇਵਾਵਾਂ ਨੇ ਮੁਹੱਈਆ ਕੀਤੀ ਹੈ, ਸੰਭਵ ਹੋ ਸਕੀ ਹੈ। ਪੰਜਾਬ ਨੇ ਕਣਕ ਅਤੇ ਚੌਲਾਂ ਦੀ ਪ੍ਰਤੀ ਏਕੜ ਔਸਤ ਉਪਜ ਸਭ ਤੋਂ ਵੱਧ ਪ੍ਰਾਪਤ ਕੀਤੀ ਹੈ ਅਤੇ ਇਸ ਤਰ੍ਹਾਂ ਖੁਰਾਕ ਦੇ ਮਾਮਲੇ ਵਿਚ ਦੇਸ਼ ਨੂੰ ਆਤਮ-ਨਿਰਭਰ ਤੇ ਸਵੈ-ਪੂਰਨ ਬਣਾਉਣ ਲਈ, ਇਸ ਨੇ ਬਹੁਤ ਵੱਡਾ ਹਿੱਸਾ ਪਾਇਆ ਹੈ। ਸਾਧਨ ਸੀਮਤ ਹੋਣ ਅਤੇ ਕਈ ਅਣਸੋਚੀਆਂ ਮੁਸ਼ਕਲਾਂ ਦੇ ਬਾਵਜੂਦ, ਜਿਨ੍ਹਾਂ ਕਾਰਨ ਖਾਦਾਂ ਤੇ ਬਿਜਲੀ ਦੀ ਸਪਲਾਈ ਵਿਚ ਵਿਘਨ ਪੈਂਦਾ ਰਿਹਾ ਹੈ, ਪੰਜਾਬੀ ਕਿਸਾਨਾਂ ਨੇ ਪੈਦਾਵਾਰ ਦੀ ਪਹਿਲੀ ਉੱਚੀ ਸਿਖਰ ਨੂੰ ਕਾਇਮ ਰੱਖਿਆ ਹੈ।

6. ਮੇਰੀ ਸਰਕਾਰ ਕਿਸਾਨਾਂ ਦੀਆਂ ਔਕੜਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ। ਸਾਡਾ ਵਿਸ਼ਵਾਸ ਹੈ ਕਿ ਅਨਾਜ ਦੀ ਪੈਦਾਵਾਰ ਵਧਾਉਣ ਲਈ ਮੁਨਾਸਬ ਤੇ ਲਾਹੇਵੰਦ ਮੁਆਵਜ਼ਾ ਹੀ ਮੂਲ ਉਤਸ਼ਾਹ ਹੁੰਦਾ ਹੈ। ਇਸ ਲਈ ਅਸੀਂ ਭਾਰਤ ਸਰਕਾਰ ਤੋਂ ਝੋਨੇ ਦੀ ਕੀਮਤ ਵਿਚ 53.00 ਰੁਪਏ ਤੋਂ 70.00 ਰੁਪਏ ਪ੍ਰਤੀ ਕੁਇੰਟਲ ਅਰਥਾਤ 17 ਰੁਪਏ ਪ੍ਰਤੀ ਕੁਇੰਟਲ ਦਾ ਠੋਸ ਵਾਧਾ ਕਰਾਉਣ ਲਈ ਲਗਾਤਾਰ ਯਤਨ ਕੀਤੇ। ਇਸੇ ਤਰ੍ਹਾਂ ਕਿਸਾਨਾਂ ਨੂੰ ਕਣਕ ਲਈ ਵੀ 5.00 ਰੁਪਏ ਪ੍ਰਤੀ ਕੁਇੰਟਲ ਦਾ ਇਕਸਾਰ ਬੋਨਸ ਉਤਸ਼ਾਹ ਵਜੋਂ ਦਿਤਾ ਗਿਆ ਸੀ। ਇਸ ਤਰ੍ਹਾਂ ਕਿਸਾਨਾਂ ਵਿੱਚ ਵੰਡੀ ਕੁੱਲ ਰਕਮ 13.50 ਕਰੋੜ ਰੁਪਏ ਬਣਦੀ ਹੈ, ਜਿਸ ਵਿੱਚ 4.50 ਕਰੋੜ ਰੁਪਏ ਦਾ ਹਿੱਸਾ ਰਾਜ ਸਰਕਾਰ ਨੇ ਪਾਇਆ ਹੈ। ਮੇਰੀ ਸਰਕਾਰ ਖੇਤੀ-ਬਾੜੀ ਦਾ ਸਾਜ-ਸਮਾਨ ਵੇਲੇ ਸਿਰ ਅਤੇ ਉਚਿਤ ਕੀਮਤਾਂ ਤੇ ਮੁਹੱਈਆ ਕਰਨ ਲਈ ਹਰ ਸੰਭਵ ਯਤਨ ਕਰੇਗੀ।

7. ਅਸੀਂ ਖੇਤੀ-ਬਾੜੀ ਦੇ ਵੱਖ ਵੱਖ ਅਮਲਾਂ ਲਈ ਕਿਸਾਨਾਂ ਦੀਆਂ ਮਾਲੀ ਲੋੜਾਂ ਤੋਂ ਪੂਰੀ ਤਰ੍ਹਾਂ ਸੁਚੇਤ ਹਾਂ। ਆਪ ਜੀ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ 41.5 ਕਰੋੜ ਰੁਪਏ ਦੇ ਮੁੱਲ ਦੀਆਂ ਖਾਦਾਂ ਸਹਿਕਾਰੀ ਸੰਸਥਾਵਾਂ ਰਾਹੀਂ ਉਧਾਰ ਸਪਲਾਈ ਕੀਤੀਆਂ ਗਈਆਂ ਹਨ। ਇਹ ਇਕ ਅਦੁੱਤੀ ਰਿਕਾਰਡ ਹੈ। ਕਿਸਾਨਾਂ ਨੂੰ ਆਪਣੀਆਂ ਹੋਰ ਲੋੜਾਂ ਪੂਰੀਆਂ ਕਰਨ ਲਈ, ਥੋੜੀ ਅਤੇ ਦਰਮਿਆਨੀ ਮਿਆਦ ਦੇ ਕਰਜ਼ਿਆਂ ਦੀ ਸ਼ਕਲ ਵਿਚ, 62.02 ਕਰੋੜ ਰੁਪਏ ਵੀ ਦਿਤੇ ਗਏ ਹਨ। ਛੋਟੀਆਂ ਸਿੰਜਾਈ ਸਹੂਲਤਾਂ ਵਧਾਉਣ, ਪਾਣੀ ਦੀਆਂ ਨਾਲਾਂ ਵਿਛਾਉਣ ਅਤੇ ਖੇਤੀ-ਬਾੜੀ ਦੇ ਕੰਮਾਂ ਵਿਚ ਮਸ਼ੀਨਾਂ ਦੀ ਵਰਤੋਂ ਕਰਨ ਲਈ 16.27 ਕਰੋੜ ਰੁਪਏ ਦੀ ਇਕ ਹੋਰ ਰਕਮ ਲੰਮੀ ਮਿਆਦ ਦੇ ਕਰਜ਼ੇ ਵਜੋਂ ਦਿਤੀ ਗਈ। ਇਸ ਦੇ ਨਤੀਜੇ ਵਜੋਂ 16,000 ਨਵੇਂ ਟਿਊਬਵੈੱਲ ਲਾਏ ਗਏ ਹਨ। ਹੁਣ ਤਕ, ਰਾਜ ਵਿਚ 48 ਕਰੋੜ ਰੁਪਏ ਦੇ ਲੰਮੀ ਮਿਆਦ ਦੇ ਸਹਿਕਾਰੀ ਕਰਜ਼ਿਆਂ ਰਾਹੀਂ 96,000 ਟਿਊਬਵੈੱਲ ਲਾਏ ਜਾ ਚੁਕੇ ਹਨ। ਇਹ ਹਰ ਪੱਖੋਂ ਸ਼ਾਨਦਾਰ ਪ੍ਰਾਪਤੀਆਂ ਹਨ। ਇਸ ਤੋਂ ਇਲਾਵਾ, ਖੇਤੀ-ਬਾੜੀ

[ਸ਼੍ਰੀ ਸਪੀਕਰ]

ਦੀ ਵੱਧ ਪੈਦਾਵਾਰ ਲਈ ਮੰਡੀਆਂ ਦੀ ਲੋੜ ਨੂੰ ਮੁੱਖ ਰਖਦੇ ਹੋਏ ਮੇਰੀ ਸਰਕਾਰ ਨੇ ਹੋਰ 108 ਮੰਡੀਆਂ ਕਾਇਮ ਕਰਨ ਦਾ ਕੰਮ ਹੱਥ ਵਿਚ ਲੈ ਲਿਆ ਹੈ। 66 ਮੰਡੀਆਂ ਦਾ ਕੰਮ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਹੈ ਅਤੇ ਬਾਕੀ 42 ਮੰਡੀਆਂ ਲਈ ਜ਼ਮੀਨ ਪ੍ਰਾਪਤ ਕੀਤੀ ਜਾ ਰਹੀ ਹੈ। ਕਿਸਾਨਾਂ ਨੂੰ ਮਾਰਕੀਟਿੰਗ ਸਬੰਧੀ ਸਹੂਲਤਾਂ ਦੇਣ ਲਈ ਮਾਰਕੀਟਿੰਗ ਬੋਰਡ ਬੜਾ ਲਾਭਦਾਇਕ ਕੰਮ ਕਰ ਰਿਹਾ ਹੈ ਅਤੇ ਇਸ ਨੇ ਲਿੰਕ-ਸੜਕਾਂ ਦੀ ਉਸਾਰੀ ਲਈ ਰਾਜ ਸਰਕਾਰ ਦੇ ਲੋਕ ਨਿਰਮਾਣ ਵਿਭਾਗ ਪਾਸ 10 ਕਰੋੜ ਰੁਪਏ ਦੀ ਚੋਖੀ ਰਕਮ ਜਮ੍ਹਾਂ ਕਰਵਾਈ ਹੈ। ਬੋਰਡ ਦੀ ਸਾਲ 1974-75 ਦੇ ਦੌਰਾਨ, ਝੋਨੇ, ਕਪਾਹ ਅਤੇ ਮੂੰਗਫਲੀ ਦੇ ਪ੍ਰਾਸੈਸਿੰਗ ਯੂਨਿਟ ਕਾਇਮ ਕਰਨ ਦੀ ਤਜਵੀਜ਼ ਹੈ। ਮੇਰੀ ਸਰਕਾਰ ਨੇ ਦਿਹਾਤਾਂ ਦੀ ਹਾਲਤ ਨੂੰ ਵੱਡੇ ਪੈਮਾਨੇ ਤੇ ਸੁਧਾਰਨ ਲਈ ਸਾਧਨ ਜੁਟਾਉਣ ਦੇ ਉਦੇਸ਼ ਨਾਲ ਪੰਚਾਇਤੀ ਰਾਜ ਸੰਸਥਾਵਾਂ ਅਤੇ ਸਮੂਹਕ ਵਿਕਾਸ ਸੰਗਠਨ ਦੀਆਂ ਏਜੰਸੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦਾ ਫ਼ੈਸਲਾ ਕੀਤਾ ਹੈ। ਇਸ ਮਨੋਰਥ ਲਈ, ਪੰਚਾਇਤੀ ਰਾਜ ਅਤੇ ਸਮੂਹਕ ਵਿਕਾਸ ਦੀ ਇਕ ਵਖਰੀ ਡਾਇਰੈਕਟੋਰੇਟ ਸਥਾਪਤ ਕੀਤੀ ਜਾ ਰਹੀ ਹੈ।

8. "ਹਰੀ ਕ੍ਰਾਂਤੀ" ਲਿਆਉਣ ਵਾਲਾ ਪਹਿਲਾ ਰਾਜ ਹੋਣ ਦੀ ਵਿਸ਼ੇਸ਼ਤਾ ਪ੍ਰਾਪਤ ਕਰਨ ਉਪਰੰਤ ਹੁਣ ਸਾਡਾ ਰਾਜ, ਡੇਰੀ ਸਰਗਰਮੀਆਂ ਨੂੰ ਵੱਡੇ ਪੈਮਾਨੇ ਤੇ ਵਿਕਸਤ ਕਰਕੇ "ਦੁੱਧ ਕ੍ਰਾਂਤੀ" ਲਿਆਉਣ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਲਈ ਹੰਭਲਾ ਮਾਰ ਰਿਹਾ ਹੈ। ਡੇਰੀ ਸਰਗਰਮੀਆਂ ਨੂੰ ਤੇਜ ਕਰਨ ਲਈ ਭਾਰੀ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਜਿਸ ਲਈ ਭਾਰਤੀ ਡੇਰੀ ਕਾਰਪੋਰੇਸ਼ਨ ਨੇ ਪੰਜਾਬ ਡੇਹੀ ਵਿਕਾਸ ਕਾਰਪੋਰੇਸ਼ਨ ਲਈ, 3.82 ਕਰੋੜ ਰੁਪਏ ਰੱਖੇ ਹਨ। ਲੁਧਿਆਣਾ ਅਤੇ ਬਠਿੰਡਾ ਵਿਖੇ ਦੋ ਮਿਲਕ-ਪਲਾਂਟ ਸਥਾਪਤ ਕੀਤੇ ਗਏ ਹਨ, ਜਿਨ੍ਹਾਂ ਦੀ ਰੋਜ਼ਾਨਾ ਸਮਰਥਾ 1.25 ਲੱਖ ਲਿਟਰ ਹੈ।

9. ਪਰ ਉਦਯੋਗਾਂ ਦੇ ਖੇਤਰ ਵਿੱਚ, ਪੰਜਾਬ ਦੀਆਂ ਕੁਝ ਆਪਣੀਆਂ ਹੀ ਮੁਸ਼ਕਲਾਂ ਹਨ। 1966 ਤੋਂ 1971 ਦੇ ਦੌਰਾਨ ਉਦਯੋਗ ਸਥਾਪਤ ਕਰਨ ਦੀ ਰਫ਼ਤਾਰ ਘੱਟ ਰਹੀ ਹੈ। ਨਵੇਂ ਉਦਯੋਗ ਬਹੁਤ ਘੱਟ ਲਾਏ ਗਏ ਹਨ ਬਲਕਿ ਛੋਟੇ ਪੈਮਾਨੇ ਦੇ ਕਈ ਉਦਯੋਗ ਯੂਨਿਟਾਂ ਨੂੰ ਵੀ ਕੱਚੇ ਮਾਲ ਦੀ ਸਪਲਾਈ ਪੂਰੀ ਨਾ ਹੋਣ ਕਰਕੇ, ਬਰਕਰਾਰ ਨਹੀਂ ਰਖਿਆ ਜਾ ਸਕਿਆ। ਕਈ ਹੋਰ ਕਾਰਣਾਂ ਤੋਂ ਇਲਾਵਾ, ਇਸ ਘੱਟ ਰਫ਼ਤਾਰ ਦਾ ਇਕ ਕਾਰਣ ਸਿਆਸੀ ਅਸਥਿਰਤਾ ਸੀ, ਜਿਸ ਦੇ ਨਤੀਜੇ ਵਜੋਂ ਅਸੁਰਖਿਆ ਦੀ ਭਾਵਨਾ ਪੈਦਾ ਹੋ ਗਈ। ਪਿਛਲੇ ਦੋ ਸਾਲਾਂ ਅਤੇ ਵਿਸ਼ੇਸ਼ ਕਰਕੇ ਪਿਛਲੇ ਸਾਲ ਦੇ ਦੌਰਾਨ ਉਦਯੋਗ ਲਾਉਣ ਦੀ ਰਫ਼ਤਾਰ ਪਹਿਲਾਂ ਨਾਲੋਂ ਬਹੁਤ ਤੇਜ਼ ਰਹੀ ਹੈ। 1973 ਵਿੱਚ 2,261 ਨਵੇਂ ਉਦਯੋਗ ਯੂਨਿਟ ਰਜਿਸਟਰ ਕੀਤੇ ਗਏ ਸਨ। ਵੱਡੇ ਅਤੇ ਦਰਮਿਆਨੇ ਦਰਜੇ ਦੇ ਨਵੇਂ ਉਦਯੋਗਕ ਪ੍ਰਾਜੈਕਟਾਂ ਦੀ ਤਰੱਕੀ ਨੂੰ ਪਰਮ ਅਗੇਤ ਦਿੱਤੀ ਗਈ। ਬੜੀ ਖ਼ੁਸ਼ੀ ਦੀ ਗੱਲ ਹੈ ਕਿ ਇਸ ਸਬੰਧ ਵਿੱਚ ਬਹੁਤ ਸਾਰਾ ਮੁਢਲਾ ਕੰਮ ਕੀਤਾ ਜਾ ਚੁੱਕਾ ਹੈ ਅਤੇ ਕਈ ਨਵਿਆਂ ਪਲਾਂਟਾਂ ਨੇ ਵੱਖ ਵੱਖ ਕਿਸਮਾਂ ਦਾ ਮਾਲ, ਜਿਵੇਂ ਡਰਾਈ ਸੈਲ ਬੈਟਰੀਆਂ, ਸਟੀਲ ਬਿਲਿਟ, ਟੈਲੀਵਿਜ਼ਨ ਸੈੱਟ ਅਤੇ ਮੁਕੰਮਲ ਸਵਦੇਸ਼ੀ ਟਰੈਕਟਰ ਤਿਆਰ ਕਰਨੇ ਸ਼ੁਰੂ ਕਰ ਦਿੱਤੇ ਹਨ। ਆਸ ਹੈ ਕਿ ਪੰਜਾਬ ਬਰਿਊਰੀ ਅਤੇ ਨਾਈਲਨ ਵਾਲੀਆਂ ਚਮੜੇ ਦੀਆਂ ਬੈਲਟਾਂ ਤਿਆਰ ਕਰਨ ਵਾਲੇ ਯੂਨਿਟ ਛੇਤੀ ਹੀ ਆਪਣਾ ਮਾਲ ਤਿਆਰ ਕਰਨਾ ਸ਼ੁਰੂ ਕਰ ਦੇਣਗੇ। 1974 ਦੇ ਦੌਰਾਨ 40 ਕਰੋੜ ਰੁਪਏ ਦੀ ਕੁਲ ਲਾਗਤ ਵਾਲੇ 6 ਹੋਰ ਪ੍ਰਾਜੈਕਟ ਵੀ ਲਾਏ ਜਾਣਗੇ। ਬਠਿੰਡੇ ਵਿਖੇ 100 ਕਰੋੜ ਰੁਪਏ ਦੀ ਲਾਗਤ ਨਾਲ ਲਾਇਆ ਜਾਣ ਵਾਲਾ ਖਾਦ ਦਾ ਕਾਰਖਾਨਾ ਇਕ ਅਜਿਹਾ ਮਹਾਨ ਕਦਮ ਹੋਵੇਗਾ ਜਿਹੜਾ ਰਾਜ ਦੇ ਨਾਂ ਨੂੰ ਦੇਸ਼ ਦੇ ਉਦਯੋਗਕ ਖੇਤਰ ਵਿੱਚ ਉੱਚਾ ਕਰ ਦੇਵੇਗਾ।

10. ਮੇਰੀ ਸਰਕਾਰ ਨੇ ਨਵੇਂ ਉਦਯੋਗ ਲਾਉਣ ਦੇ ਰਸਤੇ ਵਿਚ ਆਉਂਦੀਆਂ ਔਕੜਾਂ ਅਤੇ ਰੁਕਾਵਟਾਂ ਨੂੰ ਦੂਰ ਕਰਨ ਲਈ ਕੁਝ ਨਿੱਗਰ ਅਤੇ ਉਸਾਰੂ ਕਦਮ ਚੁੱਕੇ ਹਨ। ਛੋਟੇ ਪੈਮਾਨੇ ਦੇ ਉਦਯੋਗਕ ਯੂਨਿਟਾਂ ਨੂੰ ਮੁੱਢਲੀ ਜਾਣਕਾਰੀ ਮੁਹੱਈਆ ਕਰਨ ਲਈ ਉਦਯੋਗਕ ਸਲਾਹਕਾਰੀ ਸੰਸਥਾ ਕਾਇਮ ਕੀਤੀ ਗਈ ਹੈ। ਹੌਜ਼ਰੀ ਅਤੇ ਟੈਕਸਟਾਈਲ ਯੂਨਿਟਾਂ ਦੇ ਵਿਸਤਾਰ ਲਈ ਅਤੇ ਉਨ੍ਹਾਂ ਨੂੰ ਨਵਾਂ ਰੂਪ ਦੇਣ ਲਈ ਟੈਕਸਟਾਈਲ ਵਿਕਾਸ ਕਾਰਪੋਰੇਸ਼ਨ ਕਾਇਮ ਕੀਤੀ ਜਾ ਰਹੀ ਹੈ। ਮੁਹਾਲੀ, ਢੰਡਾਰੀਕਲਾਂ ਅਤੇ ਰਾਜਪੁਰਾ ਦੇ ਤਿੰਨ ਫ਼ੋਕਲ ਪੁਆਇੰਟਾਂ ਤੋਂ ਇਲਾਵਾ ਰਾਜ ਦੇ ਪਛੜੇ ਹੋਏ ਇਲਾ-ਕਿਆਂ ਵਿੱਚ ਉਦਯੋਗਕ ਵਿਕਾਸ ਲਈ 23 ਨਵੇਂ ਫ਼ੋਕਲ ਪੁਆਇੰਟ ਸਥਾਪਤ ਕੀਤੇ ਜਾ ਰਹੇ ਹਨ। ਮਾਲਕਾਂ ਅਤੇ ਮਜ਼ਦੂਰਾਂ ਵਿਚਕਾਰ ਕਾਫ਼ੀ ਹੱਦ ਤਕ ਝਗੜੇ ਦੇ ਕਾਰਣ ਖ਼ਤਮ ਕਰ ਦਿੱਤੇ ਗਏ ਹਨ। ਕੋਈ 20 ਟਰੇਡਾਂ ਵਿਚ ਕੰਮ ਕਰ ਰਹੇ ਉਦਯੋਗਕ ਮਜ਼ਦੂਰਾਂ ਲਈ ਘੱਟ ਤੋਂ ਘੱਟ ਉਜ਼ਰਤਾਂ ਨਿਸ਼ਚਿਤ ਕਰ ਦਿਤੀਆਂ ਗਈਆਂ ਹਨ। ਬੇਰੋਜ਼ਗਾਰ ਵਿਅਕਤੀਆਂ ਨੂੰ ਉਨ੍ਹਾਂ ਦੀਆਂ ਯੋਗਤਾਵਾਂ ਦੇ ਮੁਤਾਬਕ ਨਿਯਮਤ ਢੰਗ ਨਾਲ ਨੌਕਰੀਆਂ ਦਿਤੀਆਂ ਜਾ ਰਹੀਆਂ ਹਨ। ਕੇਵਲ 1973 ਦੇ ਸਾਲ ਵਿਚ ਹੀ ਰੋਜ਼ਗਾਰ ਦਫ਼ਤਰਾਂ ਨੇ 42,249 ਵਿਅਕਤੀਆਂ ਨੂੰ ਮੁਨਾਸਬ ਨੌਕਰੀਆਂ ਤੇ ਲਗਵਾਇਆ।

11. ਇਸ ਸਾਲ ਦੀ ਇੱਕ ਹੋਰ ਅਹਿਮ ਪ੍ਰਾਪਤੀ ਲਿੰਕ-ਸੜਕਾਂ ਦੀ ਉਸਾਰੀ ਹੈ। 1972-73 ਵਿੱਚ 4,800 ਕਿਲੋਮੀਟਰ ਲੰਮੀਆਂ ਲਿੰਕ-ਸੜਕਾਂ ਬਣਾਈਆਂ ਗਈਆਂ ਅਤੇ ਇਸ ਸਾਲ ਮਾਰਚ ਦੇ ਅੰਤ ਤਕ 5,000 ਕਿਲੋਮੀਟਰ ਲੰਮੀਆਂ ਹੋਰ ਲਿੰਕ-ਸੜਕਾਂ ਦੇ ਮੁਕੰਮਲ ਹੋਣ ਦੀ ਸੰਭਾਵਨਾ ਹੈ। ਪੰਜਾਬ ਲਿੰਕ-ਸੜਕਾਂ ਦੇ ਜਾਲ ਦੀ ਸਹਾਇਤਾ ਨਾਲ ਸਾਰੇ ਪਿੰਡਾਂ ਨੂੰ ਮੰਡੀਆਂ ਅਤੇ ਵੱਡੀਆਂ ਸੜਕਾਂ ਨਾਲ ਮਿਲਾਕੇ ਇਕ ਵਾਰ ਦੇਸ਼ ਵਿਚ ਫਿਰ ਪਹਿਲ ਕਰ ਜਾਵੇਗਾ।

12. ਬਿਜ਼ਲੀ ਦੀ ਘਾਟ ਸਾਡੀ ਆਰਥਕ ਖੁਸ਼ਹਾਲੀ ਲਿਆਉਣ ਦੇ ਰਾਹ ਵਿਚ ਇੱਕ ਭਾਰੀ ਔਕੜ ਰਹੀ ਹੈ। ਇਸ ਦੀ ਕਮੀ ਕਾਰਣ ਨਾ ਤਾਂ ਅਸੀਂ ਆਪਣੀ ਇੱਛਾ ਅਨੁਸਾਰ ਉਦਯੋਗਕ ਵਿਸਤਾਰ ਕਰ ਸਕਦੇ ਹਾਂ ਅਤੇ ਨਾ ਹੀ ਅਸੀਂ ਜ਼ਰਾਇਤੀ ਉੱਨਤੀ ਦੇ ਦਰ ਵਿੱਚ ਇੱਛਤ ਵਾਧਾ ਕਰ ਸਕਦੇ ਹਾਂ। ਬਿਜਲੀ ਉਤਪਾਦਨ ਸਮਰੱਥਾ ਵਧ ਰਹੀ ਮੰਗ ਅਨੁਸਾਰ ਨਹੀਂ ਵਧੀ। ਮੇਰੀ ਸਰਕਾਰ ਇਸ ਸਥਿਤੀ ਤੋਂ ਪੂਰੀ ਤਰ੍ਹਾਂ ਸੁਚੇਤ ਹੈ ਅਤੇ ਇਸ ਬਾਰੇ ਕਾਫ਼ੀ ਫ਼ਿਕਰਮੰਦ ਵੀ ਹੈ। ਬਹੁਤ ਸਾਰੇ ਬਿਜਲੀ ਪ੍ਰਾਜੈਕਟਾਂ, ਜਿਵੇਂ ਕਿ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ, ਸ਼ਾਨਨ ਹਾਈਡਲ ਪ੍ਰਾਜੈਕਟ ਅਤੇ ਥੀਨ ਡੈਮ ਦੀ ਮਨਜ਼ੂਰੀ ਲਈ ਹਰ ਪੱਧਰ ਤੇ ਯਤਨ ਕੀਤੇ ਗਏ ਹਨ ਅਤੇ ਅਜੇ ਵੀ ਕੀਤੇ ਜਾ ਰਹੇ ਹਨ। ਗੁਰੂ ਨਾਨਕ ਥਰਮਲ ਪਲਾਂਟ ਤੇ ਕੰਮ ਦੀ ਰਫ਼ਤਾਰ ਨੂੰ ਤੇਜ਼ ਕਰ ਦਿੱਤਾ ਗਿਆ ਹੈ ਅਤੇ ਸਾਨੂੰ ਵਿਸ਼ਵਾਸ ਹੈ ਕਿ ਇਸ ਪਲਾਂਟ ਦਾ ਪਹਿਲਾ ਬਾਇਲਰ ਅਪ੍ਰੈਲ 1974 ਦੇ ਅੱਧ ਤਕ ਚਾਲੂ ਹੋ ਜਾਵੇਗਾ। ਇਸ ਪਲਾਂਟ ਦਾ ਪਹਿਲਾ ਯੂਨਿਟ ਜੁਲਾਈ 1974 ਦੇ ਅੰਤ ਤੱਕ ਕੰਮ ਸ਼ੁਰੂ ਕਰ ਦੇਵੇਗਾ। ਔਕੜਾਂ ਅਤੇ ਮੁਸ਼ਕਲਾਂ ਤੇ ਕਾਬੂ ਪਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਬਿਜਲੀ ਦੀ ਪ੍ਰਾਪਤੀ ਘੱਟ ਹੋਣ ਦੇ ਬਾਵਜੂਦ ਮੇਰੀ ਸਰਕਾਰ ਨੇ ਟਿਊਬਵੈਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣ ਨੂੰ ਪਹਿਲ ਦਿਤੀ ਅਤੇ ਦਸੰਬਰ 1973 ਤੱਕ 13,175 ਟਿਊਬਵੈਲਾਂ ਨੂੰ ਬਿਜਲੀ ਦਿਤੀ ਗਈ। 450 ਹੋਰ ਪਿੰਡਾਂ ਵਿਚ ਬਿਜਲੀ ਪਹੁੰਚਾਈ ਗਈ ਅਤੇ ਵੱਖ ਵੱਖ ਵਰਗਾਂ ਦੇ ਖਪਤਕਾਰਾਂ ਨੂੰ ਬਿਜਲੀ ਦੇ 40.000 ਨਵੇਂ ਕੁਨੈਕਸ਼ਨ ਦਿੱਤੇ ਗਏ।

13. ਮੈਂ, ਸਿੱਖਿਆ, ਡਾਕਟਰੀ ਸੇਵਾਵਾਂ, ਸਿਹਤ ਪ੍ਰੋਗਰਾਮਾਂ, ਪਰਿਵਾਰ ਨਿਯੋਜਨ, ਖੇਡਾਂ ਅਤੇ ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ ਆਦਿ ਜਿਹੇ ਬਹੁਤ ਸਾਰੇ ਖੇਤਰਾਂ ਵਿੱਚ ਕੀਤੀ ਉੱਨਤੀ ਬਾਰੇ ਬਹੁਤਾ ਵਿਸਥਾਰ ਵਿਚ ਨਹੀਂ ਜਾਣਾ ਚਾਹੁੰਦਾ। ਪਰ, ਮੈਂ ਪਿਛਲੇ ਸਾਲ ਸਮਾਜ-ਸੇਵਾਵਾਂ ਵਿਚ ਕੀਤੀਆਂ

[ਸ੍ਰੀ ਸਪੀਕਰ]

ਦੋ ਅਹਿਮ ਪ੍ਰਾਪਤੀਆਂ ਦਾ ਜ਼ਰੂਰ ਜ਼ਿਕਰ ਕਰਨਾ ਚਾਹਾਂਗਾ। ਜਿਵੇਂ ਕਿ ਆਪ ਸਾਰਿਆਂ ਨੂੰ ਪਤਾ ਹੈ ਪ੍ਰਾਇਮਰੀ ਪੱਧਰ ਤਕ ਵਿਦਿਅਕ ਸਹੂਲਤਾਂ ਦੇ ਵਿਸਤਾਰ ਵਿਚ ਬਹੁਤ ਹੀ ਭਾਰੀ ਵਾਧਾ ਹੋਇਆ ਹੈ ਅਤੇ ਅਸੀਂ 6 ਤੋਂ 11 ਸਾਲ ਦੀ ਉਮਰ ਦੇ ਬੱਚਿਆਂ ਸਬੰਧੀ 90 ਫ਼ੀ ਸਦੀ ਦੇ ਰਾਸ਼ਟਰੀ ਟੀਚੇ ਤੋਂ ਵੀ ਅਗੇ ਵਧ ਗਏ ਹਾਂ। ਸਾਲ 1971 ਵਿਚ ਕੇਵਲ 19,000 ਦੇ ਮੁਕਾਬਲੇ ਤੇ 1972 ਵਿਚ 2.69 ਲੱਖ ਹੋਰ ਬੱਚੇ ਸਕੂਲਾਂ ਵਿਚ ਦਾਖ਼ਲ ਕੀਤੇ ਗਏ। 1973 ਵਿਚ ਇਹ ਗਿਣਤੀ ਵਧਕੇ 3.25 ਲੱਖ ਹੋ ਗਈ। ਇਸ ਤਰ੍ਹਾਂ ਪਿਛਲੇ ਦੋ ਸਾਲਾਂ ਵਿਚ ਪ੍ਰਾਇਮਰੀ ਪੱਧਰ ਤੇ 5 ਲੱਖ ਤੋਂ ਵੱਧ ਹੋਰ ਬੱਚੇ ਸਕੂਲਾਂ ਵਿਚ ਦਾਖ਼ਲ ਕੀਤੇ ਗਏ। ਇੱਕ ਕਿੱਲੋਮੀਟਰ ਦੇ ਘੇਰੇ ਵਿਚ ਆਉਂਦੇ ਹਰ ਪਿੰਡ ਵਿਚ ਸਕੂਲ ਖੋਲ੍ਹਣ ਦੇ ਉਦੇਸ਼ ਨਾਲ ਸਾਲ 1973 ਦੇ ਦੌਰਾਨ 1,000 ਨਵੇਂ ਪ੍ਰਾਇਮਰੀ ਸਕੂਲ ਖੋਲ੍ਹੇ ਗਏ ਅਤੇ 150 ਪ੍ਰਾਇਮਰੀ ਸਕੂਲਾਂ ਦਾ ਦਰਜਾ ਵਧਾ ਕੇ ਮਿਡਲ ਅਤੇ 78 ਮਿਡਲ ਸਕੂਲਾਂ ਨੂੰ ਹਾਈ ਸਕੂਲ ਬਣਾ ਦਿੱਤਾ ਗਿਆ। ਅਸੀਂ ਸਕੂਲਾਂ ਵਿਚ ਖੇਡਾਂ ਨੂੰ ਇਕ ਜ਼ਰੂਰੀ ਵਿਸ਼ੇ ਵਜੋਂ ਲਾਗੂ ਕਰਕੇ ਹੋਰਨਾਂ ਰਾਜਾਂ ਤੋਂ ਬਾਜ਼ੀ ਲੈ ਲਈ ਹੈ।

14. ਜਿਥੇ ਅਸੀਂ 6 ਤੋਂ 11 ਸਾਲ ਦੀ ਉਮਰ ਦੇ ਹਰੇਕ ਬੱਚੇ ਨੂੰ ਸਕੂਲ ਵਿਚ ਦਾਖ਼ਲ ਕਰਨ ਅਤੇ ਵਿਦਿਅਕ ਸਹੂਲਤਾਂ ਦਾ ਵਿਸਤਾਰ ਕਰਨ ਦਾ ਪੱਕਾ ਨਿਸ਼ਚਾ ਕੀਤਾ ਹੋਇਆ ਹੈ, ਉਥੇ ਅਸੀਂ ਸਾਰੇ ਪੱਧਰਾਂ ਉਤੇ ਵਿਦਿਅਕ ਮਿਆਰ ਸੁਧਾਰਨ ਲਈ ਵੀ ਉਤਨੇ ਹੀ ਚਾਹਵਾਨ ਹਾਂ ਤਾਂ ਜੋ ਦੇਸ਼ ਲਈ ਚੰਗੇ ਨਾਗਰਿਕ ਤਿਆਰ ਕੀਤੇ ਜਾ ਸਕਣ। ਪਰ ਹੁਣੇ ਜਿਹੇ ਵਿਦਿਆਰਥੀ-ਸਮਾਜ ਦਾ ਇਕ ਵਰਗ ਵਿਦਿਆ ਦੇ ਮੁੱਢਲੇ ਉਦੇਸ਼ਾਂ ਬਾਰੇ ਕੁਝ ਅਵੇਸਲਾ ਹੋ ਗਿਆ ਜਾਪਦਾ ਹੈ, ਜਿਸ ਨਾਲ ਵਿਦਿਅਕ ਸੰਸਥਾਵਾਂ ਦੇ ਆਮ ਕੰਮ-ਕਾਜ ਵਿਚ ਵਿਘਨ ਪੈਣਾ ਸ਼ੁਰੂ ਹੋ ਗਿਆ ਹੈ। ਸਾਡੇ ਸਾਰਿਆਂ ਲਈ ਹੀ ਇਹ ਚਿੰਤਾ ਦਾ ਵਿਸ਼ਾ ਹੈ ਅਤੇ ਸਾਨੂੰ ਇਸ ਰੁਚੀ ਬਾਰੇ ਅਤੇ ਸਾਡੇ ਨੌਜਵਾਨਾਂ ਦੇ ਮਨਾਂ ਤੇ ਇਸ ਦੇ ਪ੍ਰਭਾਵ ਬਾਰੇ ਵੀ ਸੋਚਣਾ ਚਾਹੀਦਾ ਹੈ। ਮੇਰੀ ਸਰਕਾਰ ਦਾ ਇਹ ਪੱਕਾ ਵਿਚਾਰ ਹੈ ਕਿ ਕਾਲਜ ਅਤੇ ਸਕੂਲ ਰਾਜਨੀਤਕ ਮਸਲਿਆਂ ਨੂੰ ਤਹਿਰੀਕਾਂ ਤੇ ਹਿੰਸਕ ਕਾਰਵਾਈਆਂ ਨਾਲ ਨਜਿੱਠਣ ਦੇ ਮੁਨਾਸਬ ਕੇਂਦਰ ਨਹੀਂ। ਵਿਦਿਆਰਥੀਆਂ ਦੀਆਂ ਸ਼ਕਤੀਆਂ ਅਤੇ ਸਮਾਂ ਇਲਮ ਅਤੇ ਹੁਨਰ ਪ੍ਰਾਪਤ ਕਰਨ ਵਿੱਚ ਲਾਉਣਾ ਚਾਹੀਦਾ ਹੈ ਤਾਂ ਜੋ ਉਹ ਸਮਾਜ ਦੇ ਚੰਗੇ ਅਤੇ ਉਪਯੋਗੀ ਨਾਗਰਿਕ ਬਣ ਸਕਣ। ਵਿਦਿਆਰਥੀਆਂ ਦੀ ਪੜ੍ਹਾਈ ਨਾਲ ਸਬੰਧ ਨਾ ਰਖਣ ਵਾਲੇ ਰਾਜਸੀ ਮਨੋਰਥਾਂ ਲਈ ਉਨ੍ਹਾਂ ਨੂੰ ਵਰਤਣਾ ਇਕ ਅਜਿਹੀ ਦੋ-ਧਾਰੀ ਤਲਵਾਰ ਹੈ ਜੋ ਹਰ ਤਰ੍ਹਾਂ ਹਾਨੀਕਾਰਕ ਹੈ। ਇਸ ਲਈ, ਕੀ ਮੈਂ, ਸਾਡੇ ਰਾਜਸੀ ਅਤੇ ਸਮਾਜਕ ਜੀਵਨ ਦੇ ਸਾਰੇ ਸਿਆਣੇ ਲੋਕਾਂ ਨੂੰ, ਇਹ ਅਪੀਲ ਕਰ ਸਕਦਾ ਹਾਂ ਕਿ ਉਹ ਇਸ ਸਵਾਲ ਨੂੰ ਪਾਰਟੀਬਾਜ਼ੀ ਦੇ ਤੰਗ ਨਜ਼ਰੀਏ ਨਾਲ ਨਾ ਵੇਖਣ, ਸਗੋਂ ਪੜ੍ਹੇ ਲਿਖੇ ਅਤੇ ਜ਼ਬਤ ਵਾਲੇ ਸ਼ਹਿਰੀਆਂ ਰਾਹੀਂ ਉੱਜਲੇ ਭਵਿੱਖ ਦੇ ਨਿਰਮਾਣ ਦੇ ਵਿਸ਼ਾਲ ਦ੍ਰਿਸ਼ਟੀਕੋਣ ਤੋਂ ਇਸ ਬਾਰੇ ਸੋਚਣ। ਮੇਰੀ ਸਰਕਾਰ ਵਿਦਿਆਰਥੀਆਂ ਪ੍ਰਤੀ ਬੜੀ ਸ਼ਾਂਤ ਅਤੇ ਉਦਾਰ ਰਹੀ ਹੈ ਕਿਉਂਕਿ ਸਾਡਾ ਇਹ ਪੂਰਾ ਵਿਸ਼ਵਾਸ ਹੈ ਕਿ ਇਹ ਵਿਦਿਆਰਥੀ ਹੀ ਹਨ ਜੋ ਸਾਡੇ ਭਵਿੱਖ ਦੇ ਰਾਹਨੁਮਾ ਹੋਣਗੇ, ਭਾਵੇਂ ਉਹ ਖੇਤਾਂ, ਫੈਕਟਰੀਆਂ ਸਕੱਤਰੇਤ ਜਾਂ ਰਾਜਸੀ ਖੇਤਰ ਵਿਚ ਕਿਤੇ ਵੀ ਕੰਮ ਕਰਨ। ਮੇਰੀ ਸਰਕਾਰ ਇਸ ਕੰਮ ਵਿਚ, ਰਾਸ਼ਟਰ ਦੇ ਨਿਰਮਾਣ ਵਿੱਚ ਹਿੱਤ ਰਖਣ ਵਾਲੇ ਹਰੇਕ ਵਿਅਕਤੀ ਤੋਂ ਸਹਿਯੋਗ ਦੀ ਮੰਗ ਕਰਦੀ ਹੈ।

15. ਮੈਡੀਕਲ ਮੰਥਨ ਦੇ ਪ੍ਰੋਗਰਾਮ ਰਾਹੀਂ ਸਿਹਤ ਸੇਵਾਵਾਂ ਨੂੰ ਨਵੀਂ ਸੇਧ ਦਿੱਤੀ ਗਈ ਸੀ। ਮੈਨੂੰ ਇਹ ਦੱਸਣ ਵਿੱਚ ਬੜੀ ਖ਼ੁਸ਼ੀ ਹੈ ਕਿ ਇਸ ਪ੍ਰੋਗਰਾਮ ਨੂੰ ਕਾਫ਼ੀ ਸਹਿਯੋਗ ਮਿਲਿਆ ਹੈ। ਘੱਟ ਤੋਂ ਘੱਟ ਸਮੇਂ ਵਿੱਚ ਰਾਜ ਦੀ ਸਮੁੱਚੀ ਵਸੋਂ ਨੂੰ ਇਸ ਪ੍ਰੋਗਰਾਮ ਅਧੀਨ ਲਿਆਂਦਾ ਜਾ ਰਿਹਾ ਹੈ। ਇਸ ਸਮੇਂ ਇਸ ਪ੍ਰੋਗਰਾਮ ਦਾ ਮਨੋਰਥ ਪ੍ਰਾਇਮਰੀ ਸਕੂਲਾਂ ਵਿੱਚ ਜਾਣ ਵਾਲੇ ਸਾਰੇ ਬੱਚਿਆਂ ਨੂੰ ਇਸ ਅਧੀਨ

ਲਿਆਉਣਾ ਹੈ ਜਿਨ੍ਹਾਂ ਦੀ ਸਿਹਤ ਹੀ ਸਾਡਾ ਮੁੱਖ ਉਦੇਸ਼ ਹੈ ਅਤੇ ਇਸ ਲਈ ਇਸ ਵੱਲ ਫੌਰੀ ਧਿਆਨ ਦੇਣ ਦੀ ਲੋੜ ਹੈ।

16. ਮੇਰੀ ਸਰਕਾਰ ਖੇਤਾਂ ਅਤੇ ਫੈਕਟਰੀਆਂ ਵਿੱਚ ਆਰਥਕ ਵਿਕਾਸ ਦੀ ਰਫ਼ਤਾਰ ਨੂੰ ਵਧਾਉਣ ਦੇ ਕੰਮ ਵਿੱਚ ਜੁਟੇ ਹੋਣ ਦੇ ਬਾਵਜੂਦ, ਸਮਾਜ-ਆਰਥਕ ਸੰਸਥਾਵਾਂ ਦਾ ਇਸ ਤਰੀਕੇ ਨਾਲ ਪੁਨਰ-ਨਿਰਮਾਣ ਕਰਨ ਦੀ ਤੀਬਰ ਇੱਛਕ ਰਹੀ ਹੈ, ਜਿਸ ਦੁਆਰਾ ਧਨ ਦੀ ਵੰਡ ਬਰਾਬਰ ਹੋ ਸਕੇ ਅਤੇ ਸਮਾਜ ਦੇ ਕਮਜ਼ੋਰ ਵਰਗ ਨੂੰ ਜੀਵਨ ਦੇ ਉਚੇਰੇ ਪੱਧਰ ਤੇ ਲਿਆਂਦਾ ਜਾ ਸਕੇ। ਇਸੇ ਉਦੇਸ਼ ਨੂੰ ਮੁੱਖ ਰਖਕੇ ਸਰਕਾਰ ਨੇ ਬੇ-ਜ਼ਮੀਨੇ ਜ਼ਰਾਇਤੀ ਕਾਮਿਆਂ ਨੂੰ ਮਕਾਨਾਂ ਲਈ ਮੁਫ਼ਤ ਪਲਾਟ ਦੇਣ ਦਾ ਫ਼ਰਜ਼ ਪੂਰਾ ਕੀਤਾ ਹੈ। ਮਕਾਨਾਂ ਲਈ 1.84 ਲੱਖ ਤੋਂ ਵੀ ਵਧ ਪਲਾਟ ਅਲਾਟ ਕੀਤੇ ਜਾ ਚੁੱਕੇ ਹਨ ਅਤੇ ਹੋਰ ਹਕਦਾਰ ਵਿਅਕਤੀਆਂ ਲਈ ਜ਼ਮੀਨ ਪ੍ਰਾਪਤ ਕੀਤੀ ਜਾ ਰਹੀ ਹੈ। ਮਕਾਨਾਂ ਦੀ ਉਸਾਰੀ ਲਈ ਮਾਲੀ ਸਹਾਇਤਾ ਦੇਣ ਵਾਸਤੇ ਪੰਜਾਬ ਸਹਿਕਾਰੀ ਮਕਾਨ ਉਸਾਰੀ ਸਭਾਵਾਂ ਦੀ ਫੈਡਰੇਸ਼ਨ ਸਥਾਪਤ ਕਰ ਦਿੱਤੀ ਗਈ ਹੈ। ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਦੁਆਰਾ ਆਰਥਕ ਤੌਰ ਤੇ ਕਮਜ਼ੋਰ ਵਰਗਾਂ ਲਈ ਮੁਹਾਲੀ ਵਿਖੇ ਹਾਊਸਿੰਗ ਕਾਲੋਨੀ ਦੀ ਉਸਾਰੀ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ। ਇਸੇ ਤਰ੍ਹਾਂ ਪਿੰਡਾਂ ਵਿੱਚ ਹਰੀਜਨਾਂ ਲਈ ਧਰਮਸਾਲਾਂ ਦੀ ਉਸਾਰੀ ਦਾ ਕੰਮ ਚਲ ਰਿਹਾ ਹੈ। ਧਰਮਸਾਲਾਂ ਦੀ ਉਸਾਰੀ ਈ: 1972-73 ਵਿੱਚ 50 ਲੱਖ ਰੁਪਏ ਦੀ ਰਕਮ ਦੇ ਮੁਕਾਬਲੇ ਤੇ 1973-74 ਲਈ ਇੱਕ ਕਰੋੜ ਰੁਪਏ ਦੀ ਰਕਮ ਦਿੱਤੀ ਗਈ। ਸਾਨੂੰ ਆਸ ਹੈ ਕਿ ਸਾਲ ਦੇ ਅੰਤ ਤੱਕ 5,400 ਤੋਂ ਵੀ ਵੱਧ ਧਰਮਸਾਲਾਂ ਮੁਕੰਮਲ ਹੋ ਜਾਣਗੀਆਂ ਅਤੇ ਬਾਕੀ ਰਹਿੰਦੇ ਪਿੰਡਾਂ ਵਿੱਚ ਅਗਲੇ ਤਿੰਨਾਂ ਸਾਲਾਂ ਵਿੱਚ ਮੁਕੰਮਲ ਕੀਤੀਆਂ ਜਾਣਗੀਆਂ। ਸਮਾਜ ਦੇ ਇਨ੍ਹਾਂ ਵਰਗਾਂ ਦੀ ਨਵੀਂ ਪਨੀਰੀ ਨੂੰ ਹੋਰ ਮੌਕੇ ਮੁਹੱਈਆ ਕਰਨ ਲਈ ਵਜ਼ੀਫੇ ਦੇਣ ਵਾਸਤੇ ਆਮਦਨ ਸੀਮਾ 3,600 ਰੁਪਏ ਤੋਂ ਵਧਾ ਕੇ 6,000 ਰੁਪਏ ਸਲਾਨਾ ਕਰ ਦਿਤੀ ਗਈ ਹੈ।

17. ਪੰਜਾਬ ਦਾ ਸਭਿਆਚਾਰਕ ਵਿਰਸਾ ਬੜਾ ਅਮੀਰ ਹੈ। ਇਸ ਪਾਸ ਇਤਿਹਾਸਕ, ਪੁਰਾਤਤਵੀ ਅਤੇ ਧਾਰਮਕ ਮਹੱਤਤਾ ਵਾਲੀਆਂ ਵਸਤਾਂ ਦਾ ਇਕ ਸ਼ਾਨਦਾਰ ਖ਼ਜ਼ਾਨਾ ਭਰਿਆ ਪਿਆ ਹੈ। ਇਸ ਧਰਤੀ ਦਾ ਇਕ ਇਕ ਚੱਪਾ ਕੁਰਬਾਨੀ ਦੇ ਲਹੂ ਨਾਲ ਰੰਗਿਆ ਹੋਇਆ ਹੈ। ਹਰ ਘਰ ਨੇ ਮਾਤ-ਭੂਮੀ ਦੀ ਰਖਿਆ ਲਈ ਕੁਰਬਾਨੀਆਂ ਦੀ ਇੱਕ ਸ਼ਾਨਦਾਰ ਪਰੰਪਰਾ ਕਾਇਮ ਕੀਤੀ ਹੈ। ਇਸ ਦਾ ਸਭਿਆਚਾਰ, ਇਥੋਂ ਦੇ ਧਰਮ, ਸਭਿਅਤਾ, ਇਤਿਹਾਸ ਅਤੇ ਇਸ ਦੀ ਆਪਣੀ ਬੇਮਿਸਾਲ ਪਰੰਪਰਾ ਨਾਲ ਰਲ ਮਿਲ ਗਿਆ ਹੈ। ਲੋਕਾਂ ਨੂੰ ਆਪਣੇ ਸਭਿਆਚਾਰ ਦੇ ਅਮੀਰ ਵਿਰਸੇ ਤੋਂ ਜਾਣੂ ਕਰਾਉਣ ਲਈ ਪਹਿਲੀ ਵਾਰੀ ਦ੍ਰਿੜ੍ਹ ਅਤੇ ਯੋਜਨਾਬੱਧ ਯਤਨ ਕੀਤਾ ਗਿਆ ਹੈ। ਸਭਿਆਚਾਰ ਮਾਮਲਿਆਂ ਅਤੇ ਸੈਲ-ਸਪਾਟੇ ਦਾ ਇਕ ਵਖਰਾ ਵਿਭਾਗ ਕਾਇਮ ਕੀਤਾ ਜਾ ਰਿਹਾ ਹੈ। ਦਿਹਾਤੀ ਲੋਕਾਂ ਲਈ ਗਿਆਨ ਪ੍ਰਾਪਤੀ ਦੇ ਸੁਣਨ-ਵੇਖਣ ਦੇ ਮਾਧਿਅਮਾਂ ਦੀ ਵਰਤੋਂ ਕਰਨ ਹਿੱਤ, ਦਿਹਾਤੀ ਇਲਾਕਿਆਂ ਵਿਚ ਓਪਨ-ਏਅਰ-ਥੀਏਟਰ ਸਥਾਪਤ ਕਰਨ ਦੇ ਆਸ਼ੇ ਨਾਲ ਪੰਜਾਬ ਫ਼ਿਲਮ ਅਤੇ ਨਿਊਜ਼ ਕਾਰਪੋ-ਰੇਸ਼ਨ ਕਾਇਮ ਕਰ ਦਿੱਤੀ ਗਈ ਹੈ। ਸਭਿਆਚਾਰਕ ਮਾਮਲੇ ਅਤੇ ਸੈਲ-ਸਪਾਟੇ ਦਾ ਵਿਭਾਗ ਆਪਣੇ ਕਾਰਜਾਂ ਦੇ ਅੰਤਰਗਤ ਧੁਰ ਹੜੱਪਾ ਦੇ ਸਮੇਂ ਤੋਂ ਲੈ ਕੇ ਹੁਣ ਤਕ ਦੀਆਂ ਪੁਰਾਤਤਵੀ ਲਭਤਾਂ ਨਾਲ ਆਪਣੇ ਵਿਰਸੇ ਨੂੰ ਰੂਪਮਾਨ ਕਰਨ ਦਾ ਕੰਮ ਆਪਣੇ ਖੇਤਰ ਵਿਚ ਸ਼ਾਮਲ ਕਰੇਗਾ।

18. ਮੇਰੀ ਸਰਕਾਰ ਪਹਿਲੇ ਦਿਨ, ਭਾਵ ਮਾਰਚ 1972 ਤੋਂ ਹੀ, ਜਦ ਤੋਂ ਕਿ ਇਸ ਨੇ ਰਾਜ ਦੀ ਵਾਗ ਡੋਰ ਸੰਭਾਲੀ ਹੈ, ਆਪਣੇ ਕਰਮਚਾਰੀਆਂ ਦੀ ਭਲਾਈ ਦੀ ਚਾਹਵਾਨ ਰਹੀ ਹੈ। ਕਰਮਚਾਰੀ ਤਾਂ ਇਕ ਤਰ੍ਹਾਂ ਦੇ ਸਾਧਨ ਹਨ, ਜ਼ਿਨ੍ਹਾਂ ਰਾਹੀਂ ਸਰਕਾਰ ਆਪਣਾ ਕੰਮ ਕਾਜ ਤੋਰਦੀ ਹੈ।

[ਸ੍ਰੀ ਸਪੀਕਰ]

ਇਸੇ ਆਸ਼ੇ ਨੂੰ ਮੁੱਖ ਰਖ ਕੇ ਮੇਰੀ ਸਰਕਾਰ ਕੀਮਤਾਂ ਦੇ ਵਾਧੇ ਕਾਰਣ ਉਨ੍ਹਾਂ ਨੂੰ ਹੋਈ ਤੰਗੀ ਨੂੰ ਦੂਰ ਕਰਨ ਲਈ, ਉਨ੍ਹਾਂ ਦੀ ਹਾਣ-ਪੂਰਤੀ ਕਰਨ ਦਾ ਯਤਨ ਕਰਦੀ ਰਹੀ ਹੈ। ਮੇਰੀ ਸਰਕਾਰ ਨੇ ਇਸ ਹਾਊਸ ਵਿਚ ਮਹਿੰਗਾਈ ਭੱਤੇ ਬਾਰੇ ਕੀਤੇ ਸਾਰੇ ਵਚਨਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਹੈ। ਮਾਰਚ 1972 ਤੋਂ ਅੱਜ ਤੱਕ, ਸਾਰੀਆਂ ਸ਼੍ਰੇਣੀਆਂ ਦੇ ਸਰਕਾਰੀ ਮੁਲਾਜ਼ਮਾਂ ਨੂੰ ਕੇਂਦਰੀ ਦਰਾਂ ਤੇ ਵਧੇਰੇ ਮਹਿੰ-ਗਾਈ ਭਤੇ ਦੇ ਰੂਪ ਵਿਚ, ਚੰਡੀਗੜ੍ਹ ਮੁਆਵਜ਼ਾ ਭੱਤਾ, ਚੌਥੇ ਦਰਜੇ ਦੇ ਮੁਲਾਜ਼ਮਾਂ ਨੂੰ ਸਵਾਰੀ ਭੱਤਾ ਅਤੇ ਪੁਲਿਸ ਕਾਂਸਟੇਬਲਾਂ ਨੂੰ ਕਿੱਟ-ਭੱਤਾ ਆਦਿ ਦੇ ਰੂਪ ਵਿਚ ਜਿਹੜੇ ਭਿੰਨ ਭਿੰਨ ਵਿੱਤੀ ਲਾਭ ਦਿੱਤੇ ਗਏ ਹਨ, ਉਨ੍ਹਾਂ ਨਾਲ ਰਾਜ ਦੇ ਖਜ਼ਾਨੇ ਤੇ 17 ਕਰੋੜ ਰੁਪਏ ਤੋਂ ਵੀ ਵੱਧ ਦਾ ਆਵਰਤਕ ਸਾਲਾਨਾ ਬੋਝ ਪਿਆ ਹੈ। ਮੇਰੀ ਸਰਕਾਰ ਦੀ 5 ਕਰੋੜ ਰੁਪਏ ਦੀ ਅਧਿਕਾਰਤ ਪੂੰਜੀ ਨਾਲ, ਪੰਜਾਬ ਰਾਜ ਸਿਵਲ ਸਪਲਾਈ ਕਾਰਪੋਰੇਸ਼ਨ ਕਾਇਮ ਕਰਨ ਦੀ ਵੀ ਤਜਵੀਜ਼ ਹੈ, ਜਿਸ ਨਾਲ ਸਮਾਜ ਦੇ ਕਮਜ਼ੋਰ ਵਰਗਾਂ ਅਤੇ ਸੀਮਤ ਆਮਦਨੀ ਵਾਲੇ ਵਰਗਾਂ ਨੂੰ ਜ਼ਰੂਰੀ ਵਸਤਾਂ ਦੀ ਵੰਡ ਸਹਕਾਰੀ ਦੁਕਾਨਾਂ ਰਾਹੀਂ ਠੀਕ ਤਰ੍ਹਾਂ ਹੋਣ ਲੱਗ ਪਵੇਗੀ। ਇਸ ਵੇਲੇ ਵਾਜ਼ਬ ਕੀਮਤਾਂ ਦੀਆਂ 1,722 ਦੁਕਾਨਾਂ ਅਤੇ ਸਹਿਕਾਰੀ ਖਪਤਕਾਰ ਸਟੋਰਾਂ ਦੀਆਂ 325 ਬਰਾਂਚਾਂ ਰਾਹੀਂ, ਰਾਜ ਦੇ ਸ਼ਹਿਰੀ ਇਲਾਕਿਆਂ ਵਿਚ ਜਰੂਰੀ ਵਸਤਾਂ ਦੀ ਸਪਲਾਈ ਨੂੰ ਬਰਕਰਾਰ ਰੱਖਿਆ ਜਾ ਰਿਹਾ ਹੈ। ਇਸ ਤੋਂ ਇਲਾਵਾ ਦਿਹਾਤੀ ਇਲਾਕਿਆਂ ਵਿਚ ਕੰਟਰੋਲਸ਼ੁਦਾ ਖੰਡ ਦੀ ਵੰਡ ਲਈ 6,674 ਸੁਸਾਇਟੀਆਂ ਹਨ, ਜਦ ਕਿ ਆਟੇ ਦੀ ਵੰਡ ਲਈ ਵਾਜ਼ਬ ਕੀਮਤਾਂ ਦੀਆਂ 1,675 ਦੁਕਾਨਾਂ ਵੀ ਖੋਲ੍ਹੀਆਂ ਜਾ ਚੁੱਕੀਆਂ ਹਨ।

19. ਜਿਥੇ ਮੇਰੀ ਸਰਕਾਰ ਕਰਮਚਾਰੀਆਂ ਦੀ ਭਲਾਈ ਲਈ ਆਪਣੀ ਜ਼ੁੰਮੇਵਾਰੀ ਤੋਂ ਸਚੇਤ ਹੈ, ਉਥੇ ਕਰਮਚਾਰੀਆਂ ਨੂੰ ਵੀ ਜ਼ਬਤ ਕਾਇਮ ਰੱਖਣ ਅਤੇ ਨਿਜ ਤੋਂ ਪਹਿਲਾਂ ਸੇਵਾ ਦੀ ਪਰੰਪਰਾ ਨੂੰ ਕਾਇਮ ਰਖਣ ਲਈ ਸਰਕਾਰ ਪ੍ਰਤੀ ਵਿਸ਼ੇਸ਼ ਤੌਰ ਤੇ ਅਤੇ ਜਨਤਾ ਪ੍ਰਤੀ ਆਮ ਤੌਰ ਤੇ ਆਪਣੇ ਫ਼ਰਜ਼ਾਂ ਨੂੰ ਪਛਾਨਣਾ ਚਾਹੀਦਾ ਹੈ। ਸਰਕਾਰੀ ਕਰਮਚਾਰੀ ਉਹ ਸਾਧਨ ਹਨ ਜਿਨ੍ਹਾਂ ਰਾਹੀਂ ਸਰਕਾਰ ਨੇ ਆਪਣੇ ਸਮਾਜ-ਆਰਥਕ ਵਿਕਾਸ ਦੇ ਪ੍ਰੋਗਰਾਮਾਂ ਨੂੰ ਅਮਲੀ ਰੂਪ ਦੇਣਾ ਹੈ। ਜੇ ਉਨ੍ਹਾਂ ਵਿਚ ਲਗਨ ਦੀ ਕਮੀ ਹੋਵੇਗੀ ਅਤੇ ਸਰਕਾਰ ਦੇ ਪ੍ਰੋਗਰਾਮਾਂ ਵਿਚ ਨਿਸ਼ਚਾ ਨਹੀਂ ਹੋਵੇਗਾ, ਤਾਂ ਇਸ ਦਾ ਅਸਰ ਸਾਰੇ ਪਾਸੇ ਮਹਿਸੂਸ ਕੀਤਾ ਜਾਵੇਗਾ ਅਤੇ ਜਨਤਾ ਨੂੰ ਭਾਰੀ ਔਕੜ ਦਾ ਸਾਮ੍ਹਣਾ ਕਰਨਾ ਪਵੇਗਾ। ਖੁਸ਼ਹਾਲ ਭਾਰਤ ਦਾ ਨਿਰਮਾਣ ਕਰਨ ਵਿਚ ਦੂਜਿਆਂ ਦੀ ਅਗਵਾਈ ਕਰਨੀ ਕਰਮਚਾਰੀਆਂ ਦੇ ਜਥੇਬੰਦ ਵਰਗਾਂ ਦੀ ਜ਼ੁੰਮੇਵਾਰੀ ਹੈ। ਆਪਣੀਆਂ ਮੁਸ਼ਕਲਾਂ ਨੂੰ ਵਧਾ ਚੜ੍ਹਾ ਕੇ ਦੱਸਣ ਦੀ ਰੁਚੀ ਅਤੇ ਤਹਿਰੀਕਾਂ ਦਾ ਢੰਗ ਅਪਨਾਉਣਾ ਨਾ ਤਾਂ ਕੰਮ ਲਈ ਉਚਿੱਤ ਵਾਤਾਵਰਨ ਪੈਦਾ ਕਰਨ ਵਿਚ ਸਹਾਈ ਹੋਵੇਗਾ ਅਤੇ ਨਾ ਹੀ ਜਨਸਾਧਾਰਨ ਦੀ ਭਲਾਈ ਲਈ, ਜਿਸ ਵਿਚ ਕਿ ਸਰਕਾਰੀ ਕਰਮਚਾਰੀ ਆਪ ਵੀ ਸ਼ਾਮਲ ਹਨ। ਇਥੇ ਇਹ ਵੀ ਸੋਚਣ ਦੀ ਲੋੜ ਹੈ ਕਿ ਸਰਕਾਰ ਦੇ ਇਨ੍ਹਾਂ ਸਾਧਨਾਂ (ਕਰਮਚਾਰੀਆਂ) ਨੂੰ ਰਾਜਨੀਤਕ ਪਾਰਟੀਆਂ ਦੁਆਰਾ ਪਾਰਟੀਬਾਜ਼ੀ ਦੇ ਤੰਗ ਮਨੋਰਥਾਂ ਲਈ ਵਰਤਣਾ ਕਿਥੋਂ ਤਕ ਜਾਇਜ਼ ਹੈ। ਜੇ ਕੋਈ ਇਸ ਸਵਾਲ ਨੂੰ ਵਿਸ਼ਾਲ ਨਜ਼ਰੀਏ ਨਾਲ ਵਿਚਾਰ ਕੇ ਦੇਖੇ ਤਾਂ ਇਸ ਦਾ ਇਕੋ ਇਕ ਉੱਤਰ ਇਹ ਹੋਵੇਗਾ ਕਿ ਇਸ ਨਾਲ ਕਿਸੇ ਨੂੰ ਲਾਭ ਨਹੀਂ ਹੁੰਦਾ। ਵਿਦਿਆਰਥੀਆਂ ਵਾਂਗ ਸਰਕਾਰੀ ਕਰਮਚਾਰੀਆਂ ਨੂੰ ਉਨ੍ਹਾਂ ਉਦੇਸ਼ਾਂ ਦੀ ਪ੍ਰਾਪਤੀ ਲਈ, ਜਿਨ੍ਹਾਂ ਦਾ ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੀ ਭਲਾਈ ਨਾਲ ਕੋਈ ਸਬੰਧ ਨਹੀਂ ਹੁੰਦਾ, ਹੱਥ ਠੋਕੇ ਦੇ ਰੂਪ ਵਿਚ ਨਹੀਂ ਵਰਤਣਾ ਚਾਹੀਦਾ। ਮੇਰੀ ਸਰਕਾਰ ਨੂੰ ਯਕੀਨ ਹੈ ਕਿ ਸਰਕਾਰੀ ਕਰਮਚਾਰੀ ਆਪਣੀਆਂ ਵਿਸ਼ੇਸ਼ ਜ਼ੁੰਮੇਵਾਰੀਆਂ ਨੂੰ ਮਹਿਸੂਸ ਕਰਨਗੇ ਅਤੇ ਆਪਣਾ ਫ਼ਰਜ਼ ਨਿਭਾਉਣ ਵਿਚ, ਜਿਵੇਂ ਕਿ ਕੌਮ ਉਨ੍ਹਾਂ ਤੋਂ ਆਸ ਕਰਦੀ ਹੈ, ਕਤਾਹੀ ਨਹੀਂ ਕਰਨਗੇ।

20. ਮੇਰੀ ਸਰਕਾਰ ਨੇ ਪਿਛਲੇ ਸਾਲ ਦੇ ਦੌਰਾਨ ਜੋ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਨੂੰ ਮੈਂ ਸੰਖੇਪ ਰੂਪ ਵਿਚ ਬਿਆਨ ਕੀਤਾ ਹੈ । ਥੋੜ੍ਹੇ ਸ਼ਬਦਾਂ ਵਿਚ, ਆਉਣ ਵਾਲੇ ਸਾਲ ਵਿਚ ਮੇਰੀ ਸਰਕਾਰ ਦੀ ਨੀਤੀ ਪੰਜਾਬ ਨੂੰ ਅੱਗੇ ਲਿਜਾਣਾ, ਸਾਰੇ ਪੱਖਾਂ ਵਿਚ ਅੱਵਲ ਰਹਿਣ ਦਾ ਟੀਚਾ ਪ੍ਰਾਪਤ ਕਰਨਾ, ਆਰਥਕ ਵਿਕਾਸ ਦੀ ਰਫ਼ਤਾਰ ਤੇਜ਼ ਕਰਨਾ, ਉਦਯੋਗਕ ਸਰਗਰਮੀਆਂ ਉੱਤੇ ਜ਼ੋਰ ਦੇ ਕੇ ਆਰਥਕ ਢਾਂਚੇ ਨੂੰ ਬਦਲਣਾ, ਸਮਾਜ ਦੇ ਕਮਜ਼ੋਰ ਵਰਗਾਂ ਨੂੰ ਸਿੱਖਿਆ ਸਬੰਧੀ ਸਹੂਲਤਾਂ ਅਤੇ ਉਚੇਰੇ ਜੀਵਨ ਪੱਧਰ ਲਈ ਆਰਥਕ ਸਾਧਨ ਮੁਹੱਈਆ ਕਰ ਕੇ ਉਨ੍ਹਾਂ ਦੀ ਆਰਥਕ ਅਤੇ ਸਮਾਜਕ ਹਾਲਤ ਵਿਚ ਸੁਧਾਰ ਕਰਨਾ ਅਤੇ ਸਭ ਤੋਂ ਵੱਧ ਰਾਜ ਵਿਚ ਸਥਿਰਤਾ ਅਤੇ ਸੁਰੱਖਿਆ ਦਾ ਵਾਤਾਵਰਨ ਕਾਇਮ ਰੱਖਣਾ ਹੈ, ਜਿਹੜਾ ਕਿ ਹਰ ਤਰ੍ਹਾਂ ਦੀ ਪ੍ਰਗਤੀ ਲਈ ਅਹਿਮ, ਜ਼ਰੂਰੀ ਅਤੇ ਮੁੱਢਲਾ ਅਸੂਲ ਹੈ। ਇਸ ਵਾਤਾ-ਵਰਨ ਨੂੰ ਵਿਗਾੜਨ ਦੀ ਕੋਈ ਵੀ ਕੋਸ਼ਿਸ਼ ਸਾਡੇ ਰਾਜ ਅਤੇ ਦੇਸ਼ ਦੇ ਹਿੱਤਾਂ ਵਿਚ ਨਹੀਂ ਹੋਵੇਗੀ।

21. ਪਿਛਲਾ ਸਾਲ ਬਹੁਤ ਸਾਰੇ ਖੇਤਰਾਂ ਵਿੱਚ ਪੈਦਾ ਹੋਈਆਂ ਮੁਸ਼ਕਲਾਂ ਅਤੇ ਔਕੜਾਂ ਦਾ ਸਾਲ ਰਿਹਾ ਹੈ, ਜਿਹੜੀਆਂ ਕਿ ਮੇਰੀ ਸਰਕਾਰ ਦੇ ਕਾਬੂ ਤੋਂ ਬਾਹਰ ਸਨ । ਇਥੋਂ ਤੱਕ ਕਿ ਕਈ ਵਾਰ ਕੇਂਦਰੀ ਸਰਕਾਰ ਦੇ ਕਾਬੂ ਤੋਂ ਵੀ ਬਾਹਰ ਦੀ ਗੱਲ ਹੋ ਜਾਂਦੀ ਰਹੀ ਹੈ । ਕੁਝ ਮਜ਼ਬੂਰੀਆਂ ਤਾਂ ਕੌਮਾਂਤਰੀ ਸਥਿਤੀ ਦਾ ਨਤੀਜਾ ਹਨ, ਕੁੱਝ ਨੂੰ ਸੁਚੱਜੇ ਅਤੇ ਸ਼ਾਂਤ ਮਈ ਢੰਗ ਨਾਲ ਹੱਥ ਪਾਉਣ ਦੀ ਲੋੜ ਹੈ ਤੇ ਕੁਝ ਅਜਿਹੀਆਂ ਹਨ ਜਿਹੜੀਆਂ ਕਿ ਮਨੁੱਖੀ ਕੰਟਰੋਲ ਤੋਂ ਵੀ ਬਾਹਰ ਹਨ । ਫਿਰ ਵੀ ਸਾਡਾ ਵਿਸ਼ਵਾਸ ਹੈ ਕਿ ਅਜਿਹੀ ਕੋਈ ਚੀਜ਼ ਨਹੀਂ, ਜਿਸ ਨੂੰ ਮਨੁੱਖੀ ਉਪਰਾਲੇ ਨਾਲ ਹਾਸਲ ਨਾ ਕੀਤਾ ਜਾ ਸਕਦਾ ਹੋਵੇ ਔਕੜਾਂ ਕਾਰਨ ਸਾਨੂੰ ਹੌਸਲਾ ਨਹੀਂ ਹਾਰਨਾ ਚਾਹੀਦਾ, ਜੇ ਕੋਈ ਔਕੜ ਆਉਂਦੀ ਹੈ ਤਾਂ ਸਾਨੂੰ ਹੋਰ ਦ੍ਰਿੜ੍ਹ ਹੋਣਾ ਚਾਹੀਦਾ ਹੈ । ਸਮੱਸਿਆਵਾਂ ਨੂੰ ਅਮਲੀ ਹੱਲ ਲੱਭਣ ਦੀ ਦ੍ਰਿਸ਼ਟੀ ਨਾਲ ਵੇਖਣਾ ਚਾਹੀਦਾ ਹੈ ਨਾ ਕਿ ਗੜਬੜ ਪੈਦਾ ਕਰਨ ਲਈ। ਸਮੱਸਿਆਵਾਂ ਅਤੇ ਔਕੜਾਂ ਤੇ ਕਾਬੂ ਪਾਉਣ ਲਈ ਜਨਤਕ ਉਪਰਾਲਿਆਂ ਨੂੰ ਜਥੇ ਬੰਦ ਕਰਨ ਦੀ ਥਾਂ ਅੰਦੋਲਨ ਸ਼ੁਰੂ ਕਰਨ ਲਈ ਉਨ੍ਹਾਂ ਦੀ ਨਜਾਇਜ਼ ਵਰਤੋਂ ਕਰਨੀ ਸਾਡੇ ਸਾਰਿਆਂ ਲਈ ਤਬਾਹ ਕੁਨ ਹੋਵੇਗੀ । ਮੁਸ਼ਕਲ ਸਮਸਿਆਵਾਂ ਨੂੰ ਹੱਲ ਕਰਨ ਲਈ ਸਾਨੂੰ ਧੀਰਜ ਦੀ ਲੋੜ ਹੈ। ਇਸ ਦੇ ਨਾਲ ਨਾਲ ਮੇਰੀ ਸਰਕਾਰ ਅਜਿਹੇ ਅਨਸਰਾਂ ਨੂੰ ਸਖਤੀ ਨਾਲ ਦਬਾਉਣ ਤੇ ਦ੍ਰਿੜ੍ਹ ਹੈ ਜਿਹੜੇ ਗੜਬੜ ਅਤੇ ਬਦਅਮਨੀ ਪੈਦਾ ਕਰਕੇ ਹਰ ਤਰ੍ਹਾਂ ਦੀਆਂ ਮੁਸੀਬਤਾਂ ਖੜੀਆਂ ਕਰਨ ਵਿੱਚ ਵਿਸ਼ਵਾਸ਼ ਰਖਦੇ ਹਨ। ਮੈਨੂੰ ਯਕੀਨ ਹੈ ਕਿ ਇਸ ਮਹਾਨ ਹਾਊਸ ਵਿੱਚ ਆਪ ਦੇ ਵਿਚਾਰ ਇਨ੍ਹਾਂ ਆਮ ਸਮੱਸਿਆਵਾਂ ਦੇ ਅਮਲੀ ਹੱਲ ਲਭਣ ਵਿੱਚ ਸਹਾਈ ਹੋਣਗੇ ਅਤੇ ਆਪ ਦਾ ਵਿਚਾਰ ਵਟਾਂਦਰਾ ਮਨੋਰਥ ਪੂਰਨ ਅਤੇ ਲਾਭਦਾਇਕ ਹੋਵੇਗਾ । ਮੈਂ ਆਪ ਦੇ ਯਤਨਾਂ ਦੀ ਸਫ਼ਲਤਾ ਲਈ ਕਾਮਨਾ ਕਰਦਾ ਹਾਂ ।

ਜੈ ਹਿੰਦ !

OBITUARY REFERENCES

ਸ੍ਰੀ ਸਪੀਕਰ : ਹੁਣ ਆਬੀਚੂਅਰੀ ਰੈਫ਼ਰੈਂਸਿਜ਼ ਹੋਣਗੇ, (ਵਿਘਨ) ਸੀ. ਐਮ. ਸਾਹਿਬ ਆਬੀਚੂ-ਅਰੀ ਰੈਫ਼ਰੈਂਸਿਜ਼ ਵਾਸਤੇ ਖੜ੍ਹੇ ਹੋ ਗਏ ਹਨ। (Now the obituary references will be made. (*Interruptions*) The C. M. is on his legs to make obituary references.)

Sardar Ajaib Singh Sandhu : Point of order, Sir. (*Interruptions*)

ਕਾਮਰੇਡ ਸੱਤ ਪਾਲ ਡਾਂਗ :ਸਪੀਕਰ ਸਾਹਿਬ, ਇਕ ਪ੍ਰਿਵਿਲੇਜ਼ ਮੋਸ਼ਨ ਹੈ । ਮੈਂ ਬੇਨਤੀ ਕਰਦਾ ਹਾਂ ਕਿ ਅੱਜ ਤੱਕ ਆਬੀਚੂਅਰੀ ਰੈਫਰੈਂਸ ਹਮੇਸ਼ਾਂ ਜ਼ੀਰੋ ਆਵਰ ਤੋਂ ਬਾਅਦ ਹੁੰਦੀਆਂ ਰਹੀਆਂ ਹਨ ਔਰ ਜ਼ੀਰੋ ਆਵਰ ਪਹਿਲਾਂ ਹੁੰਦਾ ਹੈ।

ਸ੍ਰੀ ਸਪੀਕਰ : ਡਾਂਗ ਸਾਹਿਬ, ਪਿਛਲੀ ਦਫ਼ਾ ਵੀ ਇਸ ਤਰ੍ਹਾਂ ਹੀ ਹੋਇਆ ਸੀ। (Dang Sahib, this procedure was also adopted during the last Session.)

ਸਰਦਾਰ ਅਜਾਇਬ ਸਿੰਘ ਸੰਧੂ : ਪਰ, ਸਪੀਕਰ ਸਾਹਿਬ, ਤੁਸੀਂ ਫ਼ਿਰ ਕਾਹਲੀ ਕਰਨ ਦੀ ਕੋਸ਼ਿਸ਼ ਨਾ ਕਰਨਾ । (ਵਿਘਨ)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਸਾਨੂੰ ਕਲੀਅਰ ਐਸ਼ੋਰੈਂਸ ਦਿਓ ਕਿ ਜ਼ੀਰੋ ਆਵਰ ਆਬੀਚੂਅਰੀ ਰੈਫ਼ਰੈਂਸ ਤੋਂ ਬਾਅਦ ਹੋਵੇਗਾ ।

ਸ੍ਰੀ ਸਪੀਕਰ : ਠੀਕ ਹੈ। ਜ਼ੀਰੋ ਆਵਰ ਆਬੀਚੂਅਰੀ ਰੈਫ਼ਰੈਂਸਿਜ਼ ਤੋਂ ਬਾਅਦ ਜ਼ਰੂਰ ਹੋਵੇਗਾ। (All-right. There will definitely be Zero Hour after the obituary references.)

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਮੈਂ ਸ੍ਰੀ ਬਰਕਤਉੱਲਾ ਖਾਂ, ਜੋ ਕਿ ਅੱਜ ਇਸ ਸੰਸਾਰ ਤੋਂ ਚਲੇ ਗਏ ਹਨ, ਰਾਜਿਸਥਾਨ ਦੇ ਮੁੱਖ ਮੰਤਰੀ ਔਰ ਨਿਰਮਾਤਾ ਸਨ, ਉਨ੍ਹਾਂ ਦੇ ਅਫ਼ਸੋਸ ਵਿਚ ਇਹ ਮਤਾ ਰਖ ਰਿਹਾ ਹਾਂ। ਉਹ ਸ਼ਕਤੀ, ਸਥਿਰਤਾ, ਧਰਮ ਨਿਰਪੱਖਤਾ ਅਤੇ ਤਰੱਕੀ ਦੇ ਥੰਮ ਸਨ ਅਤੇ ਜਮਹੂਰੀਅਤ, ਸਮਾਜਵਾਦ ਤੇ ਧਰਮ ਨਿਰਪੱਖਤਾ, ਵਿਚ ਦ੍ਰਿੜ੍ਹ ਵਿਸ਼ਵਾਸ ਰਖਦੇ ਸਨ। ਉਨ੍ਹਾਂ ਨੇ ਪਰਜਾ ਮੰਡਲ ਦੀ ਲਹਿਰ ਵਿਚ ਵਧ ਚੜ੍ਹ ਕੇ ਕੰਮ ਕੀਤਾ ਸੀ। ਉਹ ਰਾਜ ਦੀ ਲੋਕ ਲਹਿਰ ਵਿਚ ਸਰਗਰਮ ਹਿੱਸਾ ਪਾਉਂਦੇ ਰਹੇ ਅਤੇ ਸਾਬਕ ਜੋਧਪੁਰ ਰਿਆਸਤ ਦੀ ਲੋਕ ਸਰਕਾਰ ਵਿਚ, ਜਿਸ ਦੇ ਮੁਖੀ ਸਵਰਗਵਾਸੀ ਸ੍ਰੀ ਜੈ ਨਰਾਇਣ ਵਿਆਸ ਸਨ, ਮੰਤਰੀ ਬਣੇ।

ਬਾਅਦ ਵਿਚ ਉਨ੍ਹਾਂ ਨੂੰ ਦਿੱਲੀ ਵਿਖੇ ਰੈਜ਼ੀਡੈਂਟ ਅਫ਼ਸਰ ਬਣਾ ਦਿੱਤਾ ਗਿਆ ਜਿਸ ਅਹੁਦੇ ਤੇ ਰਹਿ ਕੇ ਉਨ੍ਹਾਂ ਨੇ ਰਾਜ ਦੀਆਂ ਫੌਜਾਂ ਦੇ ਏਕੀਕਰਣ ਅਤੇ ਮਾਡਰਨ ਬਣਾਉਣ ਵਿਚ ਆਪਣਾ ਹਿੱਸਾ ਪਾਇਆ।

1951 ਵਿਚ ਸ੍ਰੀ ਬਰਕਤਉੱਲਾ ਖਾਂ ਜੋਧਪੁਰ ਮਿਊਂਸਪਲ ਕੌਂਸਲ ਦੇ ਚੇਅਰਮੈਨ ਚੁਣੇ ਗਏ ਅਤੇ 1952 ਵਿਚ ਉਹ ਰਾਜ ਸਭਾ ਦੇ ਮੈਂਬਰ ਬਣ ਗਏ। ਪਾਰਲੀਮੈਂਟ ਦੇ ਮੈਂਬਰ ਦੇ ਤੌਰ ਤੇ ਪਲੈਨਿੰਗ ਆਦਿ ਕਈ ਹੋਰ ਕਮੇਟੀਆਂ ਵਿਚ ਵੀ ਉਨ੍ਹਾਂ ਕੰਮ ਕੀਤਾ। ਉਹ ਗਾਂਧੀਅਨ ਲੈਂਡ ਅਲਾਟਮੈਂਟ ਕਮੇਟੀ ਦੇ ਵੀ ਮੈਂਬਰ ਸਨ ।

ਸ੍ਰੀ ਬਰਕਤਉੱਲਾ ਖਾਂ 1957 ਵਿਚ ਜੋਧਪੁਰ ਚੋਣ ਹਲਕੇ ਤੋਂ ਰਾਜਸਥਾਨ ਵਿਧਾਨ ਸਭਾ ਦੇ ਮੈਂਬਰ ਚੁਣੇ ਗਏ ਅਤੇ ਉਹ 1962 ਅਤੇ 1967 ਵਿਚ ਵੀ ਇਸੇ ਸੀਟ ਤੋਂ ਚੁਣੇ ਜਾਂਦੇ ਰਹੇ । 1960 ਵਿਚ ਉਨ੍ਹਾਂ ਨੂੰ ਉਪ ਮੰਤਰੀ, ਪਲੈਨਿੰਗ ਬਣਾਇਆ ਗਿਆ ਅਤੇ 1962 ਵਿੱਚ ਉਹ ਮੈਡੀਕਲ ਤੇ ਸਿਹਤ ਅਤੇ ਸਥਾਨਕ ਸਰਕਾਰ ਦੇ ਮੰਤਰੀ ਬਣੇ। ਚੌਥੀਆਂ ਆਮ ਚੋਣਾਂ ਤੋਂ ਬਾਅਦ ਉਹ ਕਾਨੂੰਨ ਮੰਤਰੀ ਬਣੇ ਅਤੇ ਸਮੇਂ ਸਮੇਂ ਉਨ੍ਹਾਂ ਕੋਲ ਮੈਡੀਕਲ ਤੇ ਸਿਹਤ ਅਤੇ ਬਿਜਲੀ ਦੇ ਮਹਿਕਮੇ ਵੀ ਰਹੇ । ਉਹ ਸੰਯੁਕਤ ਰਾਸ਼ਟਰ ਦੇ ਸਿਲਵਰ ਜੁਬਲੀ ਸੈਸ਼ਨ ਵਿਚ ਭੇਜੇ ਗਏ ਭਾਰਤੀ ਡੈਲੀਗੇਸ਼ਨ ਦੇ ਮੈਂਬਰ ਸਨ । ਬੰਗਲਾ ਦੇਸ਼ ਸਬੰਧੀ ਮਾਮਲਿਆਂ ਤੇ ਆਪਣਾ ਦ੍ਰਿਸ਼ਟੀਕੋਣ ਸਮਝਾਉਣ ਲਈ ਪ੍ਰਧਾਨ ਮੰਤਰੀ ਜੀ ਦੇ ਪ੍ਰਤੀਨਿਧੀ ਦੇ ਤੌਰ ਤੇ ਆਪ ਨੇ ਲਿਬੀਆ, ਅਲਜੀਰੀਆ, ਟਿਊਨੇਸ਼ੀਆ ਅਤੇ ਮੋਰਾਕੋ ਦਾ ਦੌਰਾ ਵੀ ਕੀਤਾ ।

ਉਨ੍ਹਾਂ ਨੇ ਆਪਣੇ ਸਮੁਚੇ ਜੀਵਨ ਵਿਚ ਬੜੇ ਉੱਚ ਪਾਏ ਦੀ ਫ਼ਰਜ਼ਸ਼ਨਾਸੀ ਨਾਲ ਰਾਜ ਦੀ ਸੇਵਾ ਕੀਤੀ । ਉਨ੍ਹਾਂ ਦੀ ਮਿਰਤੂ ਕਾਰਨ ਦੇਸ਼ ਇਕ ਮਹਾਨ ਸਿਆਸਤਦਾਨ, ਇਕ ਪ੍ਰਸਿੱਧ ਨੀਤੀਵਾਨ ਅਤੇ ਅਨੁਭਵੀ ਪਾਰਲੀਮੈਂਟੇਰੀਅਨ, ਜਿਸ ਨੇ ਆਪਣੇ ਜੀਵਨ ਦਾ ਕਾਫ਼ੀ ਹਿੱਸਾ ਦੇਸ਼ ਦੀ ਸੇਵਾ ਲਈ ਅਰਪਣ ਕੀਤਾ ਹੋਇਆ ਸੀ, ਤੋਂ ਵਾਂਝਾ ਹੋ ਗਿਆ ਹੈ । ਉਨ੍ਹਾਂ ਦੀ ਮਿਰਤੂ 11 ਅਕਤੂਬਰ, 1973 ਨੂੰ ਹੋਈ।

ਮੈਂ ਪ੍ਰਸਤਾਵ ਕਰਾਂਗਾ ਕਿ ਹਾਊਸ ਉਨ੍ਹਾਂ ਦੀ ਯਾਦ ਵਿਚ ਦੋ ਮਿੰਟ ਖੜੇ ਹੋ ਕੇ ਚੁੱਪ ਧਾਰਨ ਕਰੇ।

ਸਪੀਕਰ ਸਾਹਿਬ, ਦੀਵਾਨ ਚਮਨ ਲਾਲ ਇਕ ਮਸ਼ਹੂਰ ਟ੍ਰੇਡ ਯੂਨੀਅਨ ਲੀਡਰ ਅਤੇ ਉੱਘੇ ਸੁਤੰਤਰਤਾ ਸੰਗਰਾਮੀਏ ਸਨ। ਉਨ੍ਹਾਂ ਨੇ ਰਾਜਨੀਤਕ, ਟ੍ਰੇਡ ਯੂਨੀਅਨ ਅਤੇ ਸਫਾਰਤੀ ਖੇਤਰਾਂ ਵਿਚ ਬਹੁਤ ਸਾਰੀਆਂ ਵੱਖ ਵੱਖ ਜ਼ਿੰਮੇਵਾਰੀਆਂ ਨੂੰ ਬੜੀ ਯੋਗਤਾ ਨਾਲ ਨਿਭਾਇਆ ਅਤੇ ਹਮੇਸ਼ਾ ਗਰੀਬਾਂ ਅਤੇ ਦੱਬੇ ਹੋਏ ਲੋਕਾਂ ਲਈ ਘੋਲ ਕਰਦੇ ਰਹੇ। ਉਨ੍ਹਾਂ ਨੇ ਸਾਡੇ ਰਾਸ਼ਟਰੀ ਜੀਵਨ ਵਿਚ ਕਈ ਉੱਚ ਪਦਵੀਆਂ ਦੀਆਂ ਜ਼ਿਮੇ-ਵਾਰੀਆਂ ਨੂੰ ਬੜੀ ਸੂਝ ਬੂਝ ਤੇ ਸਿਆਣਪ ਨਾਲ ਨਿਭਾਇਆ ।

ਉਹ ਇਕ ਮਹਾਨ ਪਾਰਲੀਮੈਂਟੇਰੀਅਨ ਸਨ । ਉਹ ਸੰਵਿਧਾਨ ਸਭਾ ਦੇ ਮੈਂਬਰ ਵੀ ਰਹੇ ਸਨ। ਉਹ 19 ਸਾਲ ਤਕ ਰਾਜ ਸਭਾ ਦੇ ਮੈਂਬਰ ਰਹੇ। ਪਾਰਲੀਮੈਂਟ ਦੇ ਇਕ ਪ੍ਰਭਾਵਸ਼ਾਲੀ ਅਤੇ ਅਗਾਂਹ-ਵਧੂ ਮੈਂਬਰ ਦੇ ਰੂਪ ਵਿਚ ਉਨ੍ਹਾਂ ਨੇ ਦੇਸ਼ ਦੀ ਬੜੀ ਨਿਵੇਕਲੀ ਸੇਵਾ ਕੀਤੀ ਅਤੇ ਲੋਕਾਂ ਤੇ ਖਾਸ ਕਰ ਕੇ ਮਜ਼ਦੂਰਾਂ ਅਤੇ ਸਮਾਜ ਦੇ ਦੱਬੇ ਹੋਏ ਵਰਗਾਂ ਦੇ ਹਿੱਤਾਂ ਦੀ ਪੈਰਵੀ ਕਰਦੇ ਰਹੇ।

ਸੁਤੰਤਰਤਾ ਸੰਗ੍ਰਾਮ ਦੇ ਮੂਹਰਲੀ ਕਤਾਰ ਦੇ ਇਕ ਸੰਗਰਾਮੀਏ ਦੇ ਰੂਪ ਵਿਚ ਉਨ੍ਹਾਂ ਨੂੰ 1942 ਵਿਚ ਕੈਦ ਕਰ ਲਿਆ ਗਿਆ ਸੀ । 1920 ਵਿਚ ਆਲ ਇੰਡੀਆ ਟ੍ਰੇਡ ਯੂਨੀਅਨ ਕਾਂਗਰਸ ਦੀ ਨੀਂਹ ਰਖਣ ਵਾਲੇ ਮੈਂਬਰਾਂ ਵਿਚੋਂ ਆਪ ਇਕ ਸਨ। ਆਪਣੇ ਅੰਤਮ ਸਮੇਂ ਤਕ ਵੀ ਉਹ ਟ੍ਰੇਡ ਯੂਨੀਅਨ ਸਰਗਰ-ਮੀਆਂ ਵਿਚ ਬੜੀ ਦਿਲਚਸਪੀ ਲੈਂਦੇ ਰਹੇ।

ਉਹ ਤੁਰਕੀ ਵਿਚ ਭਾਰਤ ਦੇ ਸਫੀਰ ਵੀ ਰਹੇ। ਭਾਵੇਂ ਉਨ੍ਹਾਂ ਦਾ ਕਿੱਤਾ ਵਕਾਲਤ ਸੀ, ਪਰ ਉਨ੍ਹਾਂ ਨੇ ਆਪਣਾ ਜੀਵਨ ਇਕ ਪੱਤਰਕਾਰ ਦੇ ਤੌਰ ਤੇ ਆਰੰਭ ਕੀਤਾ। "ਕੋਟੇਰੀ", ਲੰਦਨ ਦੇ ਸੰਪਾਦਕ ਅਤੇ 'ਬੰਬੇ ਕ੍ਰਾਨੀਕਲ' ਦੇ ਸਹਾਇਕ ਸੰਪਾਦਕ ਤੇ ਮੁੱਖ ਸੰਪਾਦਕ ਸਨ।

ਉਨ੍ਹਾਂ ਦੀ ਮੌਤ ਕਾਰਨ ਦੇਸ਼ ਅਤੇ ਖਾਸ ਤੌਰ ਤੇ ਪੰਜਾਬ ਇਕ ਬਹੁਤ ਉੱਘੇ ਸਤੰਤਰਤਾ ਸੰਗਰਾਮੀਏ, ਸੱਚੇ ਟ੍ਰੇਡ ਯੂਨੀਅਨ ਲੀਡਰ ਜੋ ਕਿ ਸਮਾਜਵਾਦ ਦੇ ਆਦਰਸ਼ਾਂ ਦੇ ਪੱਕੇ ਹਮਾਇਤੀ ਸਨ, ਤੋਂ ਵਾਂਝਾ ਹੋ ਗਿਆ । ਉਨ੍ਹਾਂ ਦੀ ਮਿਰਤੂ 11 ਨਵੰਬਰ, 1973 ਨੂੰ ਹੋਈ ।

ਸਪੀਕਰ ਸਾਹਿਬ, ਮੈਂ ਇਹ ਪ੍ਰਸਤਾਵ ਕਰਦਾ ਹਾਂ ਕਿ ਸਾਰਾ ਹਾਊਸ ਉਨ੍ਹਾਂ ਦੀ ਯਾਦ ਵਿਚ ਦੋ ਮਿੰਟ ਸਾਈਲੈਂਸ ਹੋ ਕੇ ਉਨ੍ਹਾਂ ਦੀ ਆਤਮਾਂ ਲਈ ਪ੍ਰਾਰਥਨਾ ਕਰੇਗਾ ।

ਸਪੀਕਰ ਸਾਹਿਬ, ਮਾਤਾ ਜੀ ਜਿਨ੍ਹਾਂ ਦਾ ਜਨਮ ਫ਼ਰਾਂਸ ਵਿਚ ਹੋਇਆ ਸੀ, ਸਮੁੱਚੇ ਵਿਸ਼ਵ ਵਿਚ ਫ਼ੈਲੀ ਅਰਬਿੰਦ ਲਹਿਰ ਲਈ ਇਕ ਚਾਨਣ ਮੁਨਾਰੇ ਸਨ। ਇਕ ਰੂਹਾਨੀ ਆਗੂ ਦੇ ਰੂਪ ਵਿਚ ਉਨ੍ਹਾਂ ਦਾ ਜੀਵਨ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਕੰਮ ਲੋਕਾਂ ਨੂੰ ਹਮੇਸ਼ਾਂ ਰੋਸ਼ਨੀ ਦਿੰਦੇ ਰਹਿਣਗੇ। ਉਨ੍ਹਾਂ ਦੀ ਸ਼ਖਸੀਅਤ ਚਰਿੱਤਰ ਦੀ ਉਚੱਤਾ ਅਤੇ ਅਸਾਧਾਰਣ ਰੂਹਾਨੀ ਛੋਹਾਂ ਸਦਕਾ ਬੜੀ ਪ੍ਰਭਾਵ ਵਾਲੀ ਅਤੇ ਮਹਾਨ ਸੀ।

[ਮੁੱਖ ਮੰਤਰੀ]

ਉਨ੍ਹਾਂ ਨੇ ਪਿਛਲੇ ਦਹਾਕਿਆਂ ਦੇ ਦੌਰਾਨ ਅਰਬਿੰਦੂ ਲਹਿਰ ਦੇ ਮਹਤਵ ਪੂਰਣ ਪਰਾਜੈਕਟ ਅਰਥਾਤ ਆਰੋਵਾਈਲ ਟਾਊਨਸ਼ਿਪ ਦੀ ਉਸਾਰੀ ਦੇ ਕੰਮ ਨੂੰ, ਜੋ ਕਿ ਮਨੁੱਖੀ ਏਕਤਾ ਲਈ ਤਜ਼ਰਬੇ ਵਜੋਂ ਕੀਤੀ ਜਾਣ ਵਾਲੀ ਪਹਿਲੀ ਖੋਜ ਸੀ, ਬੜੀ ਸੁਚੱਜਤਾ ਨਾਲ ਚਲਾਇਆ। ਉਹ ਮਨੁਖਤਵਾਦੀ, ਦਾਰਸ਼ਨਿਕ ਅਤੇ ਮਨੁਖੀ ਏਕਤਾ ਵਿਚ ਡੂੰਘਾ ਵਿਸ਼ਵਾਸ਼ ਰਖਦੇ ਸਨ। ਉਹ ਕਿਹਾ ਕਰਦੇ ਸਨ ਕਿ ਧਰਤੀ ਤੇ ਕਿਤੇ ਇਕ ਅਜਿਹੀ ਥਾਂ ਹੋਣੀ ਚਾਹੀਦੀ ਹੈ ਜਿਸ ਤੇ ਕਿਸੇ ਰਾਸ਼ਟਰ ਦਾ ਕੋਈ ਹੱਕ ਨਾ ਹੋਵੇ ਅਤੇ ਉਸ ਸ਼ਾਂਤਮਈ ਥਾਂ ਤੇ ਸਾਰੇ ਲੋਕੀਂ ਇਕ ਸਾਂਝੀ ਦੁਨੀਆਂ ਦੇ ਸ਼ਹਿਰੀਆਂ ਵਾਂਗ ਇਕੋ ਧਰਮ ਸੱਚ ਦੀ ਆਗਿਆ ਵਿੱਚ ਰਹਿੰਦਿਆਂ ਹੋਇਆਂ ਆਜ਼ਾਦੀ ਨਾਲ ਜੀ ਸਕਣ।

ਸਮੁਚੀ ਮਨੁਖਤਾ ਵਿੱਚ ਵਧੇਰੇ ਖੇੜਾ ਲਿਆਉਣ ਲਈ ਉਨ੍ਹਾਂ ਅਰਬਿੰਦੂ ਦੇ ਸਨੇਹੇ ਨੂੰ ਫੈਲਾਇਆ। ਉਹ ਬੜੇ ਉਤਸ਼ਾਹੀ, ਨਵੇਂ ਵਿਚਾਰਾਂ ਦੇ ਧਾਰਨੀ ਅਤੇ ਭਾਰਤ ਦੀ ਮਹਾਨਤਾ ਵਿਚ ਡੂੰਘਾ ਵਿਸ਼ਵਾਸ ਰਖਦੇ ਸਨ।

ਉਨ੍ਹਾਂ ਦੀ ਮਿਰਤੂ ਕਾਰਨ ਦੇਸ਼ ਇਕ ਅਤਿ ਉੱਚੀ ਅਧਿਆਤਮਕ, ਦਾਰਸ਼ਨਿਕ ਅਤੇ ਮਹਾਨ ਆਤਮਾ ਤੋਂ, ਜਿਹੜੀ ਲੱਖਾਂ ਲੋਕਾਂ ਨੂੰ ਪ੍ਰਭਾਵਤ ਕਰ ਸਕਦੀ ਅਤੇ ਅਗਵਾਈ ਦੇ ਸਕਦੀ ਸੀ, ਵਾਂਝਾ ਹੋ ਗਿਆ ਹੈ। ਮੌਤ ਤੋਂ ਬਾਦ ਵੀ ਉਨ੍ਹਾਂ ਦਾ ਜੀਵਨ ਮਨੁੱਖਤਾ ਨੂੰ ਰਹਿਨੁਮਾਈ ਦਿੰਦਾ ਰਹੇਗਾ।

ਉਨ੍ਹਾਂ ਦੀ ਮਿਰਤੂ 17 ਨਵੰਬਰ, 1973 ਨੂੰ ਹੋਈ। ਮੈਂ ਪ੍ਰਸਤਾਵ ਕਰਦਾ ਹਾਂ ਕਿ ਸਾਰਾ ਹਾਊਸ ਦੋ ਮਿੰਟ ਖੜਾ ਹੋ ਕੇ ਪ੍ਰਾਰਥਨਾ ਕਰੇ।

ਸਪੀਕਰ ਸਾਹਿਬ, ਡਾ: ਸਤਿਅਨ ਬੋਸ, ਭੌਤਕ ਵਿਗਿਆਨੀ, ਕੌਮੀ ਪ੍ਰੋਫੈਸਰ, ਜਿਹੜੇ ਕਿ ਆਪਣੇ 'ਬੋਸ ਅੰਕੜਾ ਵਿਗਿਆਨ' ਲਈ ਪ੍ਰਸਿਧ ਹਨ, ਭਾਰਤ ਦੇ ਇਕ ਬਹੁਤ ਉਘੇ ਅਤੇ ਕੌਮਾਂਤਰੀ ਪ੍ਰਸਿਧਤਾ ਪ੍ਰਾਪਤ ਸਾਇੰਸਦਾਨ ਸਨ। ਉਹ ਵਿਗਿਆਨ ਦੇ ਵੱਖ ਵੱਖ ਖੇਤਰਾਂ ਉਤੇ ਆਪਣੀ ਛਾਪ ਛੱਡ ਗਏ ਹਨ ਅਤੇ ਸਾਡੇ ਦੇਸ਼ ਨੂੰ ਨਵਾਂ ਰੂਪ ਦੇਣ ਲਈ ਹਮੇਸ਼ਾਂ ਘਾਲਣਾ ਘਾਲਦੇ ਰਹੇ। ਉਨ੍ਹਾਂ ਨੇ ਸਿਧਾਂਤਕ ਭੌਤਿਕ ਵਿਗਿਆਨ ਵਿਚ ਆਪਣੇ ਯੋਗਦਾਨ ਰਾਹੀਂ ਸਾਡੇ ਦੇਸ਼ ਦਾ ਮਾਣ ਵਧਾਇਆ।

ਡਾ: ਬੋਸ ਜਦੋਂ 1923 ਵਿੱਚ ਢਾਕਾ ਯੂਨੀਵਰਸਿਟੀ ਵਿੱਚ ਇਕ ਨੌਜਵਾਨ ਅਧਿਆਪਕ ਸਨ, ਉਨ੍ਹਾਂ ਨੇ ਮੈਕਸ ਪਲੈਂਕ ਦੇ ਕਿਰਨ ਪ੍ਰਸਾਰ ਦੇ ਨਿਯਮ ਉਤੇ ਆਪਣੇ ਮੁੱਢਲੇ ਵਿਚਾਰਾਂ ਦਾ ਸਾਰ ਆਈਨਸਟਾਈਨ ਨੂੰ ਬਰਲਿਨ ਵਿੱਚ ਭੇਜਿਆ। ਆਈਨਸਟਾਈਨ ਇਸ ਲੇਖ ਤੋਂ ਪ੍ਰਭਾਵਤ ਹੋਇਆ ਅਤੇ ਉਸ ਨੇ ਇਸ ਦਾ ਅਨੁਵਾਦ ਕਰਵਾ ਕੇ ਜਰਮਨੀ ਦੇ ਪ੍ਰਸਿੱਧ ਵਿਗਿਆਨ ਸਬੰਧੀ ਰਸਾਲੇ ਵਿੱਚ ਛਪਵਾਇਆ। ਸਮਾਂ ਪਾ ਕੇ ਉਨ੍ਹਾਂ ਦੇ ਇਸ ਸਿਧਾਂਤ ਨੂੰ ਬੜੀ ਪ੍ਰੋੜਤਾ ਮਿਲੀ ਅਤੇ ਇਹ ਪਹਿਲੇ ਕੁਆਂਟਮ ਸਟੈਟਿਸਟਿਕਸ ਨੂੰ ਬਣਾਉਣ ਦਾ ਕਾਰਨ ਬਣਿਆ, ਜਿਹੜਾ ਕਿ 'ਬੋਸ ਆਈਨਸਟਾਈਨ ਅੰਕੜਾ ਵਿਗਿਆਨ' ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਪਿਛਲੇ ਮਹੀਨੇ ਹੀ ਦੇਸ਼ ਵਿਚ ਉਨ੍ਹਾਂ ਦਾ ਅੱਸੀਵਾਂ ਜਨਮ ਦਿਵਸ ਮਨਾਇਆ ਗਿਆ ਸੀ। ਪਹਿਲੀ ਜਨਵਰੀ ਦੇ ਦਿਨ 'ਬੋਸ ਅੰਕੜਾ ਵਿਗਿਆਨ' ਦੀ ਪੰਜ਼ਾਵੀਂ ਵਰ੍ਹੇ ਗੰਢ ਵੀ ਸੀ ਜਿਸ ਦੀ ਉਨ੍ਹਾਂ ਨੇ 1924 ਵਿੱਚ ਖੋਜ ਕੀਤੀ ਸੀ। ਉਨ੍ਹਾਂ ਨੂੰ ਸਨਮਾਨਤ ਕਰਨ ਲਈ ਪ੍ਰਧਾਨ ਮੰਤਰੀ ਜੀ ਦੀ ਸਰਪਰਸਤੀ ਹੇਠ ਇਕ ਰਾਸ਼ਟਰੀ ਕਮੇਟੀ ਬਣਾਈ ਗਈ ਸੀ।

ਡਾ: ਬੋਸ ਆਪਣੇ ਅਧਿਐਨ ਅਤੇ ਪ੍ਰਯੋਗਸ਼ਾਲਾ ਤੋਂ ਵੀ ਵੱਧ ਕੇ ਸਮਾਜ ਪ੍ਰਤੀ ਇਕ ਸਾਇੰਸਦਾਨ ਦੇ ਫ਼ਰਜ਼ ਨੂੰ ਸਮਝਦੇ ਸਨ। ਉਹ ਇਕ ਸਿਦਕੀ ਅਤੇ ਪ੍ਰੇਰਨਾ ਭਰਪਰ ਅਧਿਆਪਕ ਸਨ। ਉਨ੍ਹਾਂ

ਕੇਵਲ ਵਿਗਿਆਨ ਦੀ ਉੱਘੀਆਂ ਹਸਤੀਆਂ ਵਿਚ ਹੀ ਆਪਣੀ ਚੰਗੀ ਥਾਂ ਨਹੀਂ ਬਣਾਈ ਬਲਕਿ ਉਹ ਵੱਖ ਵੱਖ ਰੁਚੀਆਂ ਦੇ ਧਾਰਨੀ ਹੋਣ ਕਰ ਕੇ ਵੀ ਯਾਦ ਕੀਤੇ ਜਾਂਦੇ ਰਹਿਣਗੇ।

ਉਨ੍ਹਾਂ ਦੀ ਮਿਰਤੂ ਕਾਰਨ, ਦੇਸ਼ ਇਕ ਬਹੁਤ ਉੱਘੇ ਸਾਇੰਸਦਾਨ ਤੋਂ ਵੀ ਵਾਂਝਾ ਹੋ ਗਿਆ ਹੈ ਅਤੇ ਇਹ ਘਾਟਾ ਕਦੀ ਪੂਰਿਆ ਨਹੀਂ ਜਾ ਸਕਦਾ।

ਉਨ੍ਹਾਂ ਦੀ ਮਿਰਤੂ 4 ਫਰਵਰੀ, 1974 ਨੂੰ ਹੋਈ। ਮੈਂ ਪ੍ਰਸਤਾਵ ਕਰਦਾ ਹਾਂ ਕਿ ਸਾਰਾ ਹਾਊਸ ਉਨ੍ਹਾਂ ਦੀ ਯਾਦ ਵਿਚ ਚੁਪ ਧਾਰਨ ਕਰ ਕੇ ਦੋ ਮਿੰਟ ਪ੍ਰਾਰਥਨਾ ਕਰੇ।

ਸਪੀਕਰ ਸਾਹਿਬ, ਸ੍ਰੀ ਕਮਲ ਨਾਥ ਤਿਵਾੜੀ, ਜੋ ਕਿ ਸਰਦਾਰ ਭਗਤ ਸਿੰਘ ਦੇ ਪੁਰਾਣੇ ਇਨਕਲਾਬੀ ਸਾਥੀ ਸਨ, ਇਕ ਉੱਘੇ ਦੇਸ਼ ਭਗਤ ਅਤੇ ਮੰਨੇ ਪਰਮੰਨੇ ਪਾਰਲੀਮੈਂਟੇਰੀਅਨ ਸਨ।

ਸੁਤੰਤਰਤਾ ਸੰਗ੍ਰਾਮ ਵਿੱਚ ਇਨਕਲਾਬੀ ਹਿੱਸਾ ਪਾਉਣ ਵਾਲੇ ਮਿਠ ਬੋਲੜੇ ਕਾਂਗਰਸੀ ਮੈਂਬਰ ਦੇ ਰੂਪ ਵਿੱਚ ਲੋਕ ਸਭਾ ਦੀਆਂ ਸਾਰੀਆਂ ਪਾਰਟੀਆਂ ਆਪ ਦਾ ਸਤਿਕਾਰ ਕਰਦੀਆਂ ਸਨ। ਉਹ 1962 ਤੋਂ ਲੋਕ ਸਭਾ ਦੇ ਮੈਂਬਰ ਚਲੇ ਆ ਰਹੇ ਸਨ, ਅਤੇ ਚੌਥੀ ਲੋਕ ਸਭਾ ਤੋਂ ਸਦਨ ਦੇ ਚੇਅਰਮੈਨ ਦੇ ਪੈਨਲ ਵਿੱਚ ਰਹੇ ਸਨ ਉਹ ਐਸਟੀਮੇਟ ਕਮੇਟੀ ਦੇ ਚੇਅਰਮੈਨ ਵੀ ਰਹੇ। ਪਾਰਲੀਮੈਂਟਰੀ ਕਮੇਟੀਆਂ ਅਤੇ ਡੈਲੀਗੇਸ਼ਨਾਂ ਦੇ ਮੈਂਬਰ ਦੇ ਤੌਰ ਤੇ ਆਪ ਨੇ ਦੂਰ ਦੂਰ ਤਕ ਸਫ਼ਰ ਕੀਤਾ।

ਆਪ ਇਕ ਉੱਘੇ ਰਾਸ਼ਟਰਵਾਦੀ ਸਨ ਅਤੇ ਰਾਸ਼ਟਰੀ ਹਿਤਾਂ ਲਈ ਪੰਜਾਬ, ਬਿਹਾਰ, ਬੰਗਾਲ ਅਤੇ ਅੰਡੇਮਾਨ ਦੀਆਂ ਜੇਲ੍ਹਾਂ ਵਿੱਚ ਕੈਦ ਰਹੇ। ਉਹ ਪਹਿਲਾਂ 1941 ਵਿਚ ਇਕੱਲੇ ਸਤਿਆਗ੍ਰਹੀ ਦੇ ਤੌਰ ਤੇ ਨਜ਼ਰਬੰਦ ਰਹੇ ਅਤੇ ਫਿਰ 1942 ਤੋਂ 1946 ਤੱਕ ਵੀ ਨਜ਼ਰਬੰਦ ਰਹੇ। ਪਿਛੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਜੀ ਦੀ ਆਗਿਆ ਨਾਲ ਆਲ ਇੰਡੀਆ ਕਾਂਗਰਸ ਕਮੇਟੀ ਦੇ ਸੁਤੰਤਰਤਾ ਸੰਗ੍ਰਾਮੀਆਂ ਦੇ ਸੈੱਲ ਦਾ ਇਨਚਾਰਜ ਬਣਾਇਆ ਗਿਆ ਸੀ।

ਉਹ 1960 ਤੋਂ 1962 ਤਕ ਬਿਹਾਰ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਕੱਤਰ ਅਤੇ 1961 ਤੋਂ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਰਹੇ। ਉਹ ਇਨਕਲਾਬੀ ਸਮਾਜ ਵਾਦੀ ਰਿਪਬਲਿਕਨ ਪਾਰਟੀ, ਕਿਸਾਨ ਸਭਾ, ਹਿੰਦੁਸਤਾਨ ਸਮਾਜਵਾਦੀ ਰਿਪਬਲਿਕਨ ਐਸੋਸੀਏਸ਼ਨ ਅਤੇ ਸਰਵ ਭਾਰਤੀ ਇਨਕਲਾਬੀ ਸੰਗਠਨ ਨਾਲ ਸੰਬੰਧਤ ਰਹੇ ਅਤੇ ਲਾਹੌਰ ਸਾਜ਼ਿਸ਼ ਵਿੱਚ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਵੀ ਹੋਈ।

ਉਨ੍ਹਾਂ ਦੀ ਮਿਰਤੂ ਕਾਰਨ ਦੇਸ਼ ਇਕ ਉੱਘੇ ਸਪੂਤ, ਸੁਤੰਤਰਤਾ ਸੰਗਰਾਮੀ, ਇਕ ਮੰਨੇ ਪ੍ਰਮੰਨੇ ਪਾਰਲੀਮੈਂਟੇਰੀਅਨ ਅਤੇ ਇਕ ਮਹਾਨ ਦੇਸ਼ ਭਗਤ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ, ਜੋ ਪੁਰਾਣੇ ਇਨਕਲਾਬੀ ਵਰਗ ਨਾਲ ਸੰਬੰਧਤ ਸਨ।

ਮੈਂ ਪ੍ਰਸਤਾਵ ਕਰਦਾ ਹਾਂ ਕਿ ਉਨ੍ਹਾਂ ਦੀ ਯਾਦ ਵਿਚ ਸਾਰਾ ਹਾਊਸ ਦੋ ਮਿੰਟ ਸਾਈਲੈਂਸ ਖੜਾ ਹੋ ਕੇ ਪ੍ਰਾਰਥਨਾ ਕਰੇ।

ਸਪੀਕਰ ਸਾਹਿਬ, ਸਰਦਾਰ ਜੰਗੀਰ ਸਿੰਘ ਜੀ, ਜੋ ਐਮ. ਐਲ. ਏ. ਵੀ ਰਹੇ ਸਨ, ਕੁਝ ਸਮਾਂ ਹੋਇਆ, ਉਹ ਇਸ ਸੰਸਾਰ ਤੋਂ ਚਲਾਣਾ ਕਰ ਗਏ ਹਨ। ਉਨ੍ਹਾਂ ਨੇ ਲੋਕਾਂ ਦੀ ਬੜੀ ਸੇਵਾ ਕੀਤੀ ਅਤੇ ਲੋਕ ਸੇਵਾ ਕਰਨਾ ਹੀ ਉਨ੍ਹਾਂ ਦਾ ਮੁੱਖ ਮੰਤਵ ਸੀ। ਉਹ ਇਕ ਸ਼ੈਡਿਊਲਡ ਕਾਸਟ ਮੈਂਬਰ ਹੋਣ ਦੀ ਹੈਸੀਅਤ ਵਿਚ ਵਿਧਾਨ ਸਭਾ ਦੇ ਮੈਂਬਰ ਬਣੇ ਉਨ੍ਹਾਂ ਨੇ ਆਪਣੇ ਜੀਵਨ ਵਿਚ ਆਪਣੇ ਜੀਵਨ ਦਾ ਆਧਾਰ ਲੋਕਾਂ ਦੀ ਸੇਵਾ ਰਖਿਆ ਸੀ। ਉਨ੍ਹਾਂ ਨੇ ਬਹੁਤ ਚਿਰ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਵੀ ਆਪਣਾ

[ਮੁੱਖ ਮੰਤਰੀ]

ਸਮਾਂ ਲਗਾਇਆ ਸੀ। ਉਨ੍ਹਾਂ ਨੇ ਕਮਿਊਨਿਸਟ ਪਾਰਟੀ ਵਿਚ ਕੰਮ ਕੀਤਾ ਅਤੇ ਆਖਿਰ ਉਹ ਕਾਂਗਰਸ ਦੇ ਮੈਂਬਰ ਬਣ ਗਏ ਸਨ। ਉਹ ਕਾਂਗਰਸ ਪਾਰਟੀ ਦੇ ਮੈਂਬਰ ਸਨ। ਉਹ ਕਾਫ਼ੀ ਦੇਰ ਬੀਮਾਰ ਰਹੇ ਅਤੇ ਉਸ ਤੋਂ ਬਾਅਦ ਅਕਾਲ ਚਲਾਣਾ ਕਰ ਗਏ ਹਨ।

ਮੈਂ ਪ੍ਰਸਤਾਵ ਕਰਾਂਗਾ ਕਿ ਉਨ੍ਹਾਂ ਦੀ ਯਾਦ ਵਿਚ ਸਾਰਾ ਹਾਊਸ ਦੋ ਮਿੰਟ ਖੜ੍ਹਾ ਹੋ ਕੇ ਪ੍ਰਾਰਥਨਾ ਕਰੇ।

ਸਰਦਾਰ ਪ੍ਰਕਾਸ਼ ਸਿੰਘ ਬਾਦਲ (ਗਿੱਦੜਬਾਹਾ) : ਸਪੀਕਰ ਸਾਹਿਬ, ਲੀਡਰ ਆਫ਼ ਦੀ ਹਾਊਸ ਨੇ ਜੋ ਸਾਡੇ ਦੇਸ਼ ਦੀਆਂ ਮਹਾਨ ਹਸਤੀਆਂ ਦੇ ਅਫ਼ਸੋਸਨਾਕ ਅਕਾਲ ਚਲਾਣਾ ਕਰ ਜਾਣ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ, ਉਸ ਨਾਲ ਮੈਂ ਆਪਣੀ ਪਾਰਟੀ ਦੇ ਮੈਂਬਰਾਂ ਵੱਲੋਂ ਪੂਰੀ ਸਹਿਮਤੀ ਪ੍ਰਗਟ ਕਰਦਾ ਹਾਂ।

ਸ੍ਰੀ ਬਰਕਤਉੱਲਾ ਖਾਂ ਜੀ, ਜਿਨ੍ਹਾਂ ਨੂੰ ਰਾਜਸਥਾਨ ਵਿਚ ਪਿਆਰੇ ਮੀਆਂ ਕਹਿੰਦੇ ਹਨ, ਉਹ ਆਪਣੀ ਮਿਰਤੂ ਦੇ ਵਕਤ ਉਥੋਂ ਦੇ ਚੀਫ਼ ਮਨਿਸਟਰ ਸਨ। ਮੈਨੂੰ ਇਹ ਖਬਰ ਇਸ ਕਰਕੇ ਵੀ ਦੁਖਦੀ ਹੈ ਕਿ ਜਿਸ ਵੇਲੇ ਉਨ੍ਹਾਂ ਦੀ ਮਿਰਤੂ ਹੋਈ ਸੀ, ਉਦੋਂ ਮੈਂ ਉਨ੍ਹਾਂ ਨੂੰ ਮਿਲਣ ਜੈਪੁਰ ਗਿਆ। ਦੋ ਮਿੰਟ ਪਹਿਲਾਂ ਮੈਂ ਉਨ੍ਹਾਂ ਨਾਲ ਟੈਲੀਫ਼ੋਨ ਤੇ ਗੱਲ ਕੀਤੀ, ਪਰ ਉਸ ਤੋਂ ਬਾਅਦ ਉਨ੍ਹਾਂ ਦੀ ਮਿਰਤੂ ਹੋ ਚੁਕੀ ਸੀ। ਉਹ 53 ਸਾਲ ਦੇ ਸਨ।

Mr. Speaker : Order please.

ਸਰਦਾਰ ਪ੍ਰਕਾਸ਼ ਸਿੰਘ ਬਾਦਲ : ਉਹ ਸਾਡੇ ਨਾਲੋਂ ਜੁਦਾ ਹੋ ਗਏ ਹਨ। ਉਹ ਇਕ ਬਹੁਤ ਵੱਡੇ ਪੈਟਰੀਓਟ ਸਨ ਅਤੇ ਬੜੀ ਸਾਦੀ ਜ਼ਿੰਦਗੀ ਬਸਰ ਕਰਦੇ ਸਨ। ਉਹ ਸਾਡੇ ਹਿੰਦੁਸਤਾਨ ਦੇ ਫਸਟ ਰੈਂਕ ਦੇ ਸਿਆਸਤਦਾਨ ਸਨ। ਉਨ੍ਹਾਂ ਨੇ ਆਪਣੀ ਨੌਜਵਾਨੀ ਦੀ ਉਮਰ ਵਿਚ ਆਜ਼ਾਦੀ ਦੀ ਲਹਿਰ ਵਿਚ ਇਕ ਬਹੁਤ ਵੱਡਾ ਹਿੱਸਾ ਪਾਇਆ। ਉਹ ਲਾ-ਗਰੈਜੂਏਟ ਸਨ। ਉਹ ਆਲ ਇੰਡੀਆ ਕਾਂਗਰਸ ਕਮੇਟੀ ਦੇ ਇਲੈਕਟਿਡ ਮੈਂਬਰ ਵੀ ਸਨ। ਉਹ 1951 ਵਿਚ ਜੋਧਪੁਰ ਮਿਊਂਸਿਪਲ ਕਾਰਪੋਰੇਸ਼ਨ ਦੇ ਚੇਅਰਮੈਨ ਚੁਣੇ ਗਏ। 1952 ਵਿਚ ਉਹ ਰਾਜ ਸਭਾ ਦੇ ਮੈਂਬਰ ਬਣੇ। 195/ ਤੋਂ 1967 ਤੱਕ ਉਹ ਰਾਜਸਥਾਨ ਲੈਜਿਸਲੇਟਿਵ ਅਸੈਂਬਲੀ ਦੇ ਮੈਂਬਰ ਰਹੇ। ਮਨਿਸਟਰ ਰਹੇ ਅਤੇ ਫੇਰ ਉਸੇ ਹਾਊਸ ਵਿਚ ਚੀਫ਼ ਮਨਿਸਟਰ ਦੇ ਤੌਰ ਤੇ ਬੈਠੇ। ਆਪ ਜੀ ਲੋਕ ਸਭਾ ਦੇ ਮੈਂਬਰ ਵੀ ਰਹੇ। ਹੁਣ ਤੱਕ ਦੇ ਚੀਫ਼ ਮਨਿਸਟਰਾਂ ਵਿਚੋਂ ਉਹ ਬੜੇ ਵਾਈਡਲੀ ਟਰੈਵਲਡ ਚੀਫ਼ ਮਨਿਸਟਰ ਸਨ। ਜਿਤਨੇ ਵੀ ਦੇਸ਼ ਦੇ ਮਸਲੇ ਸਾਡੇ ਪ੍ਰਾਈਮ ਮਨਿਸਟਰ ਨੂੰ ਨਜਿੱਠਣੇ ਪਏ ਉਨ੍ਹਾਂ ਨੂੰ ਸੁਲਝਾਉਣ ਲਈ ਜਿਤਨੀਆਂ ਵੀ ਕਮੇਟੀਆਂ ਕਾਇਮ ਹੋਈਆਂ ਉਨ੍ਹਾਂ ਵਿਚ ਆਪ ਨੇ ਰਿਪਰੈਜ਼ੈਂਟ ਕੀਤਾ। ਬੰਗਲਾ ਦੇਸ਼ ਦੇ ਮੁਆਮਲੇ ਵਿਚ ਵੀ ਆਪ ਨੇ ਬੜੀ ਸੁਚੱਜੀ ਅਗਵਾਈ ਕੀਤੀ। 1970 ਵਿਚ ਆਪ ਯੂ. ਐਨ. ਓ. ਵਿਚ ਸਾਡੇ ਮੁਲਕ ਦੇ ਡੈਲੀਗੇਟ ਬਣ ਕੇ ਗਏ।

ਦੀਵਾਨ ਚਮਨ ਲਾਲ ਇਸ ਸੂਬੇ ਦੇ ਪੁਰਾਣੇ ਪਾਰਲੀਮੈਂਟੇਰੀਅਨ ਸਨ, ਉਹ ਜੁਆਇੰਟ ਪੰਜਾਬ ਵਿਚ ਵੀ ਅਸੈਂਬਲੀ ਦੇ ਮੈਂਬਰ ਸਨ। ਜਿਥੇ ਉਹ ਪਾਲੇਟੀਸ਼ੀਅਨ ਸਨ ਉਥੇ ਆਪ ਜੀ ਇਕ ਉੱਘੇ ਰਾਈਟਰ ਸਨ, ਪੰਜਾਬ ਉਨ੍ਹਾਂ ਤੇ ਜਿਤਨਾ ਵੀ ਮਾਣ ਕਰੇ, ਉਤਨਾ ਥੋੜ੍ਹਾ ਹੈ। ਦੀਵਾਨ ਜੀ ਪੰਡਤ ਮੋਤੀ ਲਾਲ ਨਹਿਰੂ ਦੇ ਬੜੇ ਨਜ਼ਦੀਕ ਸਨ। ਆਪ ਨੇ ਆਕਸਫੋਰਡ ਯੂਨੀਵਰਸਿਟੀ ਦੇ ਵਿਚੋਂ ਲਾ ਪਾਸ ਕੀਤਾ। ਉਥੇ ਹੀ ਆਪ ਲੰਡਨ ਵਿਚ ਅਖਬਾਰ ਦੇ ਐਡੀਟਰ ਰਹੇ। ਹਿੰਦੁਸਤਾਨ ਦੇ ਵਿਚ ਆ ਕੇ ਵੀ ਆਪ ਅਖਬਾਰ ਦੇ ਐਡੀਟਰ ਰਹੇ ਅਤੇ ਲੇਬਰ ਯੂਨੀਅਨਜ਼ ਦੀ

ਅਗਵਾਈ ਕਰਦੇ ਰਹੇ । ਆਪ ਆਲ ਇੰਡੀਆ ਲੇਬਰ ਯੂਨੀਅਨ ਦੀ ਇਸੇ ਤਰ੍ਹਾਂ ਅਗਵਾਈ ਕਰਦੇ ਰਹੇ । ਬਾਅਦ ਵਿਚ ਆਪ ਨੂੰ ਟੱਰਕੀ ਦਾ ਅੰਬੈਸਡਰ ਬਣਾ ਕੇ ਵੀ ਭੇਜਿਆ ਗਿਆ । ਆਪ ਜੀ ਰਾਜ ਸਭਾ ਦੇ 11 ਸਾਲ ਤੱਕ ਮੈਂਬਰ ਰਹੇ । ਉਨ੍ਹਾਂ ਦੀ ਮੌਤ ਨਾਲ ਹਿੰਦੁਸਤਾਨ ਨੂੰ ਅਤੇ ਖਾਸ ਤੌਰ ਤੇ ਪੰਜਾਬ ਨੂੰ ਬੜਾ ਹੀ ਦੁੱਖ ਹੋਇਆ ਹੈ । ਪਾਰਟੀਸ਼ਨ ਤੋਂ ਬਾਅਦ ਆਪ ਜੀ ਦਿੱਲੀ ਸੈਟਲ ਹੋ ਗਏ । ਉਥੇ ਰਹਿੰਦਿਆਂ ਹੋਇਆਂ ਉਨ੍ਹਾਂ ਨੇ ਰੀਫਿਊਜੀਆਂ ਦੀ ਰੀਹੈਬਿਲੀਟੇਸ਼ਨ ਦੇ ਵਿਚ ਬੜਾ ਵੱਡਾ ਹਿੱਸਾ ਪਾਇਆ ਹੈ । ਸਾਨੂੰ ਉਨ੍ਹਾਂ ਦੇ ਅਕਾਲ ਚਲਾਣੇ ਤੇ ਬੜਾ ਹੀ ਦੁਖ ਹੈ ।

ਇਸੇ ਤਰ੍ਹਾਂ ਮੈਂ ਹੋਲੀ-ਮਦਰ ਦੀ ਡੈਥ ਤੇ ਵੀ ਬੜੇ ਦੁਖ ਭਰੇ ਸ਼ਬਦਾਂ ਵਿਚ ਅਫਸੋਸ ਕਰਦਾ ਹਾਂ । ਆਪ ਜੀ ਫਰਾਂਸ ਦੇ ਰਹਿਣ ਵਾਲੇ ਸੀ, 96 ਸਾਲ ਦੀ ਉਮਰ ਵਿਚ ਆਪ ਦਾ ਅਕਾਲ ਚਲਾਣਾ ਹੋਇਆ । ਸ਼ੁਰੂ ਵਿਚ ਜਦੋਂ ਪਾਂਡੀਚਰੀ ਵਿਖੇ ਆਪ ਸ੍ਰੀ ਆਰਬਿੰਦੂ ਘੋਸ਼ ਨੂੰ ਮਿਲੇ ਤਾਂ ਆਪ ਜੀ ਉਨ੍ਹਾਂ ਦੇ ਅਸਰ ਹੇਠ ਆ ਗਏ । ਇਕ ਵੇਰ ਆਪ ਜੀ ਫਰਾਂਸ ਵਾਪਸ ਹੋ ਗਏ ਸਨ ਪਰ 1970 ਵਿਚ ਫੇਰ ਭਾਰਤ ਆ ਗਏ ਅਤੇ ਉਸ ਵੇਲੇ ਤੋਂ ਹੀ ਉਹ ਆਪਣੇ ਵਿਚਾਰਾਂ ਰਾਹੀਂ ਇਸ ਮੁਲਕ ਦੀ ਜਨਤਾ ਦੀ ਅਣਥੱਕ ਸੇਵਾ ਕਰਦੇ ਰਹੇ । ਉਹ ਇਕ ਬੜੇ ਵੱਡੇ ਰੂਹਾਨੀ ਆਗੂ ਸਨ, ਅੱਜ ਤਾਈਂ ਉਨ੍ਹਾਂ ਦੀ ਮਿਸਾਲ ਨਹੀਂ ਮਿਲਦੀ ਜਿਸ ਤਰ੍ਹਾਂ ਦੇ ਉਨ੍ਹਾਂ ਨੇ ਕੰਮ ਕੀਤੇ ਹਨ । ਉਨ੍ਹਾਂ ਦੇ ਅਕਾਲ ਚਲਾਣੇ ਤੇ ਇਸ ਮੁਲਕ ਨੂੰ ਬੜਾ ਘਾਟਾ ਪਿਆ ਹੈ ।

ਸ੍ਰੀ ਸਤਿਅਨ ਬੋਸ, 80 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ ਹਨ । ਆਪ ਜੀ ਦੁਨੀਆਂ ਦੇ ਇਕ ਬੜੇ ਵੱਡੇ ਅਤੇ ਪਰਸਿੱਧ ਆਗੂ ਸਨ । ਆਪ ਨੇ ਕਲਕੱਤਾ ਯੂਨੀਵਰਸਿਟੀ ਵਿਚ ਐਮ. ਏ. ਫ਼ਿਜ਼ਿਕਸ ਪਾਸ ਕੀਤੀ । ਆਪ ਜੀ ਨੂੰ ਉਥੇ ਹੀ ਲੈਕਚਰਾਰ ਦੀ ਪੋਸਟ ਦਿਤੀ ਗਈ । ਆਪਣੀ ਕਾਬਲੀਅਤ ਦੇ ਨਾਲ ਆਪ ਜੀ ਇਸੇ ਯੂਨੀਵਰਸਿਟੀ ਦੀ ਵਾਈਸ ਚਾਂਸਲਰ ਦੀ ਪਦਵੀ ਤੇ ਲਾਏ ਗਏ । ਉਨ੍ਹਾਂ ਨੇ ਬੰਗਾਲੀ ਭਾਸ਼ਾ ਵਿਚ ਫਿਜ਼ਿਕਸ ਦੀ ਸਟੱਡੀ ਦਾ ਸਭ ਤੋਂ ਪਹਿਲਾਂ ਸਿਸਟਮ ਅਡਾਪਟ ਕੀਤਾ । ਆਪ ਜੀ ਦੁਨੀਆਂ ਵਿਚ ਫਿਜ਼ਿਕਸ ਦੇ ਮਾਹਰਾਂ ਵਿਚੋਂ ਇਕ ਬੜੇ ਵੱਡੇ ਮਾਹਰ ਗਿਣੇ ਜਾਂਦੇ ਰਹੇ ਇਸ ਸਾਇੰਸ ਦੀ ਦੁਨੀਆਂ ਵਿਚ, ਉਨ੍ਹਾਂ ਦੇ ਅਕਾਲ ਚਲਾਣੇ ਤੇ ਸਾਡੇ ਮੁਲਕ ਨੂੰ ਬੜਾ ਵੱਡਾ ਘਾਟਾ ਪਿਆ ਹੈ ।

ਸ੍ਰੀ ਕਮਲ ਨਾਥ ਜੀ ਤੀਵਾੜੀ ਬੜੇ ਵੱਡੇ ਰੈਵੋਲਿਊਸ਼ਨਰੀ ਸਨ । ਆਪ ਜੀ ਲੋਕ ਸਭਾ ਦੇ ਮੈਂਬਰ ਅਤੇ ਐਸਟੀਮੇਟ ਕਮੇਟੀ ਦੇ ਚੇਅਰਮੈਨ ਵੀ ਰਹਿ ਚੁਕੇ ਸਨ । ਆਪ ਜੀ ਸਾਰੀ ਉਮਰ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਰਹੇ । ਉਨ੍ਹਾਂ ਦੀ ਮੌਤ ਤੇ ਮੁਲਕ ਨੇ ਇਕ ਬੜੇ ਵੱਡੇ ਕਰਾਂਤੀਕਾਰੀ ਦਾ ਘਾਟਾ ਬਰਦਾਸ਼ਤ ਕੀਤਾ ਹੈ । ਇਸੇ ਤਰ੍ਹਾਂ ਸਰਦਾਰ ਜਾਗੀਰ ਸਿੰਘ ਇਸ ਹਾਊਸ ਦੇ ਮੈਂਬਰ ਰਹਿ ਚੁਕੇ ਹਨ । ਇਸ ਸਟੇਟ ਵਿਚ ਉਨ੍ਹਾਂ ਦਾ ਨਾਉਂ ਬੜੇ ਵੱਡੇ ਅਤੇ ਉੱਘੇ ਵਰਕਰਾਂ ਵਿਚੋਂ ਹੈ । ਪਰ ਮੈਨੂੰ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਇਤਨੇ ਵੱਡੇ ਆਗੂ ਹੁੰਦੇ ਹੋਏ ਵੀ ਉਨ੍ਹਾਂ ਦੀ ਆਖਰੀ ਉਮਰ ਮੁਸੀਬਤਾਂ ਵਿਚ ਹੀ ਬੀਤੀ, ਕਿਸੇ ਨੇ ਉਨ੍ਹਾਂ ਦਾ ਖ਼ਿਆਲ ਨਹੀਂ ਕੀਤਾ ।

ਇਸੇ ਤਰ੍ਹਾਂ ਹੀ ਇਸ ਹਾਊਸ ਦੇ ਮੈਂਬਰ ਸਰਦਾਰ ਪਰਤਾਪ ਸਿੰਘ ਪਿਛਲੇ ਦਿਨਾਂ ਵਿਚ ਅਕਾਲ ਚਲਾਣਾ ਕਰ ਗਏ ਹਨ, ਸ਼ਾਇਦ ਉਨ੍ਹਾਂ ਦੇ ਦਫ਼ਤਰ ਨੂੰ ਪਤਾ ਨਹੀਂ । ਉਹ ਇਸ ਸਦਨ ਦੇ 5 ਸਾਲ ਤੱਕ ਮੈਂਬਰ ਰਹੇ । ਮੈਂ ਅਤੇ ਮੇਰੀ ਪਾਰਟੀ ਇਨ੍ਹਾਂ ਸਾਰਿਆਂ ਦੀ ਮੌਤ ਦੇ ਦੁੱਖ ਵਿਚ ਸ਼ਰੀਕ ਹੁੰਦੀ ਹੈ ।

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਜਿਹੜਾ ਮਤਾ ਚੀਫ਼ ਮਨਿਸਟਰ ਸਾਹਿਬ ਨੇ ਰੱਖਿਆ ਹੈ ਇਸ ਸ਼ੋਕ ਪ੍ਰਸਤਾਵ ਵਿਚ ਮੈਂ ਅਤੇ ਮੇਰੀ ਪਾਰਟੀ ਵੀ ਸ਼ਾਮਲ ਹੁੰਦੀ ਹੈ । ਮੈਨੂੰ ਇਨ੍ਹਾਂ ਸ਼ਖਸੀਅਤਾਂ

[ਕਾਮਰੇਡ ਜੰਗੀਰ ਸਿੰਘ ਜੋਗਾ]

ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ ਇਹ ਸਾਰੇ ਹੀ ਦੇਸ਼ ਨਾਲ ਹਿੱਤ ਰੱਖਣ ਵਾਲੇ ਵਰਕਰ ਹੋ ਗੁਜਰੇ ਹਨ । ਸ੍ਰੀ ਬਰਕਤਉਲਾ ਖਾਂ ਜਨਤਾ ਨਾਲ ਪਿਆਰ ਕਰਨ ਵਾਲੇ ਇਕ ਉਘੇ ਵਰਕਰ ਸਨ । ਆਪ ਜੀ ਉਸ ਵੇਲੇ ਤੋਂ ਪ੍ਰਜ਼ਾਮੰਡਲ ਦੀ ਲਹਿਰ ਵਿਚ ਕੰਮ ਕਰਦੇ ਚਲੇ ਆ ਰਹੇ ਹਨ ਜਦੋਂ ਇਨ੍ਹਾਂ ਦਾ ਕੋਈ ਨਾਉਂ ਤੱਕ ਨਹੀਂ ਸੀ ਲੈ ਸਕਦਾ । ਇਹ ਉਹ ਲੋਕ ਹਨ ਜਿਹੜੇ ਰਾਜਿਆਂ ਨੂੰ ਅਸੈਂਬਲੀਆਂ ਵਿਚ ਮੈਂਬਰ ਬਣਾਉਣ ਦੀ ਮੁਖਾਲਫਤ ਕਰਦੇ ਸਨ । ਇਹ ਉਸ ਵੇਲੇ ਤੋਂ ਲੈ ਕੇ ਪਰਜਾਮੰਡਲ ਦੀਆਂ ਤਹਿਰੀਕਾਂ ਵਿਚ ਹਿੱਸਾ ਲੈਂਦੇ ਰਹੇ । ਜਦੋਂ ਵੀ ਦੇਸ਼ ਨੂੰ ਆਜ਼ਾਦੀ ਮਿਲੀ ਇਹ ਦੇਸ਼ ਨੂੰ ਉਚਾ ਚੁਕਣ ਵਿਚ ਲੱਗੇ ਰਹੇ । ਜਦੋਂ ਆਪ ਜੀ ਆਨੰਦਪੁਰ ਸਾਹਿਬ ਵਿਚ ਨੀਂਹ ਪੱਥਰ ਰੱਖਣ ਆਏ । ਮੈਨੂੰ ਇਹ ਕੋਈ 10-15 ਸਾਲ ਤੋਂ ਬਾਅਦ ਮਿਲੇ ਸੀ । ਉਸ ਵੇਲੇ ਆਪ ਨੇ ਕਿਹਾ ਕਿ ਮੇਰੀ ਸਟੇਟ ਤਾਂ ਗਰੀਬ ਹੈ ਪਰ ਪੰਜਾਬ ਵਿਚ ਪੈਦਾਵਾਰ ਜ਼ਿਆਦਾ ਹੈ । ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਇਹੋ ਜਿਹੇ ਵਰਕਰ ਬੜੇ ਘੱਟ ਪੈਦਾ ਹੁੰਦੇ ਹਨ ਜਿਹੜੇ ਆਪਣੀ ਸਾਰੀ ਉਮਰ ਮੁਲਕ ਦੇ ਫਿਕਰ ਵਿਚ ਹੀ ਲਗਾ ਦੇਂਦੇ ਹਨ । ਆਜ਼ਾਦੀ ਤੋਂ ਪਹਿਲਾਂ ਜਦੋਂ ਰਾਜਿਆਂ ਦੇ ਖਿਲਾਫ ਆਵਾਜ ਉਠਾਉਣਾ ਜੁਰਮ ਹੁੰਦਾ ਸੀ ਉਹ ਬਹੁਤ ਸਾਰੀਆਂ ਤਹਿਰੀਕਾਂ ਵਿਚ ਸ਼ਾਮਲ ਹੋਏ ਅਤੇ ਜੇਲ੍ਹਾਂ ਵੀ ਕੱਟੀਆਂ। ਮੈਂ ਸਮਝਦਾ ਹਾਂ ਕਿ ਉਹ ਇਕ ਸੁਲਝੇ ਹੋਏ ਸਿਆਸਤਦਾਨ ਸਨ ।

ਇਸੇ ਤਰ੍ਹਾਂ ਦੀਵਾਨ ਚਮਨ ਲਾਲ ਜੀ ਵੀ ਪੰਜਾਬੀ ਸਨ । ਆਪ ਟਰੇਡ ਯੂਨੀਅਨ ਦੇ ਉਘੇ ਮੈਂਬਰ ਸਨ ਅਤੇ ਉਘੇ ਕਾਂਗਰਸ ਦੇ ਲੀਡਰ ਸਨ । ਉਨ੍ਹਾਂ ਦੀਆਂ ਤਕਰੀਰਾਂ ਜਦੋਂ ਅਸੈਂਬਲੀ ਵਿਚ ਹੁੰਦੀਆਂ ਸਨ ਤਾਂ ਗੂੰਜਦੀਆਂ ਸਨ, ਉਹ ਹਮੇਸ਼ਾਂ ਟਰੇਡ ਯੂਨੀਅਨਜ਼ ਦੇ ਹਾਮੀ ਸਨ ਅਤੇ ਟਰੇਡ ਯੂਨੀਅਨ ਦੇ ਉਘੇ ਵਰਕਰ ਸਨ । ਇਨ੍ਹਾਂ ਦੇ ਮਸਲਿਆਂ ਨੂੰ ਉਹ ਬਖੂਬੀ ਸਮਝਦੇ ਸਨ । ਮਜ਼ਦੂਰ ਜਥੇਬੰਦੀ ਦੀ ਉਹ ਸਾਰੀ ਉਮਰ ਸੇਵਾ ਕਰਦੇ ਰਹੇ ।

ਸ੍ਰੀ ਸਤਿਅਨ ਬੋਸ ਜੀ ਇਕ ਉਘੇ ਸਾਇੰਸਦਾਨ ਸਨ । ਉਨ੍ਹਾਂ ਨੇ ਸਾਇੰਸ ਦੀ ਤਰੱਕੀ ਵਾਸਤੇ ਇਕ ਉਘਾ ਰੋਲ ਪਲੇ ਕੀਤਾ ਹੈ । ਪਰ ਅੱਜ ਉਹ ਸਾਡੇ ਤੋਂ ਵਿਛੜ ਗਏ ਹਨ ।

ਸ੍ਰੀ ਕਮਲ ਨਾਥ ਜੀ ਤੀਵਾੜੀ ਬੜੀ ਉਘੀ ਹਸਤੀ ਸਨ । ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ ਲਾਹੌਰ ਜੇਲ੍ਹ ਵਿਚ ਮਿਲਿਆ ਹੈ । ਤੀਵਾੜੀ ਜੀ ਇਕ ਉਘੇ ਦੇਸ਼ ਭਗਤ ਸਨ । ਦੇਸ਼ ਭਗਤੀ ਦੀਆਂ ਉਨ੍ਹਾਂ ਦੀਆਂ ਕਵਿਤਾਵਾਂ ਅਸੀਂ ਸਾਰੇ ਜੇਲ੍ਹ ਵਿਚ ਗਾਉਂਦੇ ਸੀ । ਉਨ੍ਹਾਂ ਦੀਆਂ ਕਵਿਤਾਵਾਂ ਦੇਸ਼ ਦੇ ਨੌਜਵਾਨਾਂ ਤੇ ਇਕ ਬੜਾ ਅਸਰ ਇਨਕਲਾਬ ਪੈਦਾ ਕਰਦੀਆਂ ਸਨ । ਉਨ੍ਹਾਂ ਦਾ ਕਵਿਤਾ ਬਿਆਨ ਕਰਨ ਦਾ ਤਰੀਕਾ ਪ੍ਰਭਾਵਸ਼ਾਲੀ ਸੀ ।

ਇਸੇ ਤਰ੍ਹਾਂ ਕਾਮਰੇਡ ਜਾਗੀਰ ਸਿੰਘ ਜੀ ਆਪਣੇ ਇਲਾਕੇ ਵਿਚ ਇਕ ਉਘੇ ਵਰਕਰ ਸਨ । ਉਹ ਕਮਿਊਨਿਸਟ ਪਾਰਟੀ ਦੇ ਟਿਕਟ ਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਬਣ ਕੇ ਆਏ । ਉਹ 5 ਸਾਲ ਮੈਂਬਰ ਰਹੇ । ਸਿਆਸੀ ਵਰਕਰਜ਼ ਜਿਹੜੇ ਆਪਣੀ ਸਾਰੀ ਉਮਰ ਜਨਤਾ ਦੀ ਸੇਵਾ ਵਿਚ ਲਾ ਦੇਂਦੇ ਹਨ, ਉਨ੍ਹਾਂ ਦੀ ਮਾਲੀ ਹਾਲਤ ਖਰਾਬ ਹੀ ਹੁੰਦੀ ਹੈ । ਇਸੇ ਤਰ੍ਹਾਂ ਨਾ ਕੋਈ ਪਾਰਟੀ ਵਲੋਂ ਹੀ ਉਨ੍ਹਾਂ ਨੂੰ ਸਹਾਰਾ ਮਿਲਦਾ ਹੈ । ਉਨ੍ਹਾਂ ਦੀ ਆਖਰੀ ਉਮਰ ਖਰਾਬ ਹੀ ਨਿਕਲਦੀ ਹੈ । 3—4 ਮਹੀਨੇ ਉਹ ਮੰਜੇ ਤੇ ਪੈ ਕੇ ਅਕਾਲ ਚਲਾਣਾ ਕਰ ਗਏ ਪਰ ਕਿਸੇ ਨੇ ਇਮਦਾਦ ਨਾ ਕੀਤੀ ਨਾ ਹੀ ਸਰਕਾਰ ਨੇ ਕੋਈ ਧਿਆਨ ਦਿਤਾ । ਸਰਕਾਰ ਵੱਲੋਂ ਉਨ੍ਹਾਂ ਦੀ ਮੱਦਦ ਹੋਣੀ ਚਾਹੀਦੀ ਸੀ।

ਇਨ੍ਹਾਂ ਲਫਜ਼ਾਂ ਨਾਲ ਮੈਂ ਆਪਣੀ ਪਾਰਟੀ ਵਲੋਂ ਇਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ । ਇਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਡੇ ਦੇਸ਼ ਨੂੰ ਬੜਾ ਘਾਟਾ ਪਿਆ ਹੈ ।

ਮੈਂ ਸਮਝਦਾ ਹਾਂ ਕਿ ਸਾਨੂੰ ਉਨ੍ਹਾਂ ਦੀਆਂ ਜਿੰਦਗੀਆਂ ਤੋਂ ਸਬਕ ਸਿਖਣਾ ਚਾਹੀਦਾ ਹੈ ਤਾਂ ਕਿ ਅਸੀਂ ਵੀ ਸਾਫ ਸੁਥਰੇ ਰਹਿ ਕੇ ਦੇਸ਼ ਨੂੰ ਉਨਤੀ ਵੱਲ ਲਿਜਾ ਸਕੀਏ । ਜਿਥੋਂ ਤੱਕ ਮੇਰਾ ਆਪਣਾ ਵਿਚਾਰ ਹੈ ਸਾਡੇ ਬਹੁਤ ਸਾਰੇ ਲੀਡਰਾਂ ਦੀਆਂ ਜਿੰਦਗੀਆਂ ਪਰਭਾਵਤ ਕਰਦੀਆਂ ਹਨ । ਮੌਲਾਨਾ ਅਬਦੁਲ ਕਲਾਮ ਆਜ਼ਾਦ ਇਥੋਂ ਚਲੇ ਗਏ । ਉਨ੍ਹਾਂ ਪਾਸੋਂ ਕੋਈ ਜਾਇਦਾਦ ਨਹੀਂ ਮਿਲੀ । ਬਰਕਤ ਉਲਾ ਖਾਂ, ਇਸ ਨੇ ਕੋਈ ਆਪਣੀ ਜਾਇਦਾਦ ਨਹੀਂ ਬਣਾਈ ਹੈ । ਸਾਡੇ ਵੀ ਕਈ ਬਜ਼ੁਰਗ ਚਲੇ ਗਏ ਹਨ । ਇਨ੍ਹਾਂ ਦੀਆਂ ਜਿੰਦਗੀਆਂ ਤੋਂ ਸਬਕ ਲੈਣਾ ਚਾਹੀਦਾ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਸਾਰਿਆਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹਾਂ ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ. ਸੀ.) : ਸਪੀਕਰ ਸਾਹਿਬ, ਜਿਹੜੇ ਸਾਥੀ ਸਾਡੇ ਤੋਂ ਵਿਛੜ ਗਏ ਹਨ ਉਨ੍ਹਾਂ ਦੀ ਯਾਦ ਵਿਚ ਜਿਹੜਾ ਸ਼ੋਕ ਮਤਾ ਰੱਖਿਆ ਹੈ ਉਸ ਵਿਚ ਮੈਂ ਆਪਣੇ ਵਲੋਂ ਤੇ ਆਪਣੀ ਪਾਰਟੀ ਵਲੋਂ ਸ਼ਾਮਲ ਹੋਇਆ ਹਾਂ ਅਤੇ ਸ਼ਰਧਾਂਜਲੀ ਭੇਂਟ ਕਰਦਾ ਹਾਂ ਅਤੇ ਨਾਲ ਹੀ ਉਨ੍ਹਾਂ ਪਰਿਵਾਰਾਂ ਨੂੰ ਹਮਦਰਦੀ ਭਰਿਆ ਸੁਨੇਹਾ ਭੇਜਦਾ ਹਾਂ । ਸਪੀਕਰ ਸਾਹਿਬ, ਭਾਵੇਂ ਮੇਰਾ ਕਈ ਸਾਥੀਆਂ ਨਾਲ ਵਾਹ ਨਹੀਂ ਪਿਆ ਪਰ ਜਾਗੀਰ ਸਿੰਘ ਜੀ ਜਿਹੜੇ ਸੰਗਰੂਰ ਜ਼ਿਲ੍ਹੇ ਦੇ ਰਹਿਣ ਵਾਲੇ ਸਨ ਮੈਂ ਉਨ੍ਹਾਂ ਨਾਲ ਗੱਲ ਕੀਤੀ ਸੀ । ਉਨ੍ਹਾਂ ਦੀ ਆਰਥਿਕ ਹਾਲਤ ਇਹੋ ਜਿਹੀ ਸੀ ਕਿ ਮਰਨ ਵੇਲੇ ਇਲਾਜ ਖੁਣੋਂ ਉਹ ਚਲਾਣਾ ਕਰ ਗਏ । ਅੱਜ ਉਨ੍ਹਾਂ ਦੀ ਸੰਤਾਨ ਨੂੰ, ਸਪੀਕਰ ਸਾਹਿਬ, ਗੁੰਡੇ ਟਾਈਪ ਆਦਮੀ ਹੈਰਾਨ ਕਰਦੇ ਹਨ । ਇਸ ਲਈ ਇਕ ਸਿਆਸਤਦਾਨ, ਜਿਸ ਨੇ ਸਾਰੀ ਜਿੰਦਗੀ ਦੇਸ਼ ਲਈ ਅਰਪਣ ਕਰ ਦਿਤੀ ਹੋਵੇ, ਉਸ ਦੇ ਵਾਰਸਾਂ ਦਾ ਖਿਆਲ ਰੱਖਣਾ ਚਾਹੀਦਾ ਹੈ । ਮੈਂ ਸਾਰੇ ਸਾਥੀਆਂ ਨੂੰ ਸ਼ਰਧਾਂਜਲੀ ਪੇਸ਼ ਕਰਦਾ ਹੋਇਆ ਉਨ੍ਹਾਂ ਦੇ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਰੱਖਦਾ ਹਾਂ ।

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਕ ਪੁਰਾਣੇ ਸਾਥੀ ਸਰਦਾਰ ਸੂਰਤ ਸਿੰਘ ਜੀ ਗੁਰਦਾਸਪੁਰ ਵਾਲੇ ਸਨ ਉਹ ਵੀ ਚਲਾਣਾ ਕਰ ਗਏ ਹਨ । ਇਨ੍ਹਾਂ ਦਾ ਨਾਂ ਸ਼ੋਕ ਮਤਿਆਂ ਵਿਚ, ਜੋ ਕਿ ਲੀਡਰ ਆਫ ਦੀ ਹਾਊਸ ਨੇ ਪੇਸ਼ ਕੀਤੇ ਹਨ, ਸ਼ਾਮਿਲ ਕਰ ਲੈਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਠੀਕ ਹੈ । (That is right).

आचार्य पृथ्वी सिंह आजाद (खन्ना; एस. सी.) :

जो वादाकश थे पुराने वह उठते जाते हैं
कहीं से आबे बकाए द्वाम ला साकी ।

अभी अभी लीडर आफ दी हाऊस ने श्री बरकत-उला-खां, श्री अरबिन्द आश्रम की पूज्य माता, कौम के मायानाज़ प्रोफेसर बोस, महान क्रांतिकारी तीवाड़ी की मौत के सम्बन्ध में जो शोक प्रस्ताव पेश किया है उस बारे में मैं कहना चाहता हूं कि यह देश की महान विभूतियां थीं और ऐसी महान शखसियतें शाज़ो नादर ही देश में आती हैं। उनकी मौत का जितना अफसोस किया जाए उतना ही कम है । हमारे साथी सूरत सिंह जी, जागीर सिंह जी, उन की मौत का भी अफसोस है और मैं उस में भी शामिल होता हूं। स्पीकर साहिब, कमल नाथ तिवाड़ी उस इन्कलाबे अज़ीम के एक साथी थे जो सरदार भगत सिंह,

[आचार्य पृथ्वी सिंह आज़ाद]

चन्द्र शेखर आज़ाद और बिसमल इत्यादि इस देश के अन्दर लाना चाहते थे। तीवाड़ी साहिब, जिन्हो ने इनको जवानी में बोलते सुना, स्पीकर साहिब, आग बरसाया करते थे। जो बूढ़े होते थे और जो उनकी इन्कलाबी तकरीर सुनते थे उनके अन्दर भी एक वलवला और जोश पैदा हो जाता था। इस बुढ़ापे में भी जब वह कभी खड़े होते थे तो पिछले ज़माने की याद ताज़ा कर देते थे। ऐसे देश भक्त देश के नौजवानों के लिये मशाले राह होते हैं। स्पीकर साहिब, दीवान चमन लाल, अगर मैं यह कहूं कि हिन्दुस्तान के उन नेताओं में से एक थे जिन्होंने हिन्दुस्तान के अन्दर सब से पहले मजदूर तहरीक को कौमियत लाइन पर चलाने के लिये तैयार किया, तो यह गलत नहीं है। और यह बात भी बहुत कम दोस्त जानते होंगे कि जिस वक्त दीवान चमन लाल लाहौर में सांझे पंजाब की असैम्बली में कभी बोलते थे तो सर सिकन्दर हियात खान कहा करते थे कि जितना मर्ज़ी बन्दोबस्त कर लो पर विज़िह गैलरियों में जगह नहीं रहेगी। इस लिये हाल के बाहर भी बन्दोबस्त किया जाए ताकि वहां भी लोग इनकी तकरीर को सुन सकें। दीवान साहिब जहां तकरीर और तहरीर के धनी थे वहाँ सियासत में और कुर्बानी में भी किसी से पीछे नहीं थे। वह भेरा जो कि आज पाकिस्तान में है वहां के दीवानों के परिवारों के एक द्रकशिदो चिराग थे।

दीवान चमन लाल के भाई दिवान राम लाल, पंजाब हाईकोर्ट के जज रह चुके हैं, चीफ जस्टिस भी रह चुके हैं। एक वक्त आया था जब यूनियनिस्ट वज़ारत ने दीवान चमन लाल साहिब को खरीदने की कोशिश की थी लेकिन दीवान साहिब के उस उत्तर के जो उन्होंने दिया था फिकरे आज भी लाहौर के असैम्बली हाल में गूंज रहे हैं। दीवान चमन लाल किसी कीमत पर भी खरीदे नहीं जा सके। वह जवाहर लाल जी और गांधी जी की फौज के सिपाही थे। उन्हों ने मोती लाल जी के साथ रह कर काम किया था। दीवान चमन लाल पंडित जवाहर लाल नेहरू के निकट वर्त्तियों में से थे। दोनों ने विलायत में इकट्ठे तालीम पाई। अगर चाहते तो दीवान चमन लाल बड़े से बड़ा ओहदा सरकार से ले सकते थे। लेकिन वह तो कुर्बानी देने वालों में से थे और उनके हाथ भारत माता की आज़ादी के रंग से रंगे हुए थे। दीवान चमन लाल उस वक्त में हुए जब अंग्रेज का ज़माना था और यहां फ्युडल पार्टी का राज था। उस वक्त उन्होंने ने पंजाब के नौजवानों को नई जिन्दगी दी, उनको नया रास्ता दिखाया। और आज जब दीवान चमन लाल जी हमारे में मौजूद नहीं हैं तो हम महसूस करते हैं कि काश कोई दूसरा दीवान चमन लाल पैदा हो और पंजाब के नौजवान जो कि अब सही रास्ते पर नहीं चल रहे हैं, जो कौम को तामीर की तर्फ नहीं ले जा रहे हैं उनको सही रास्ते पर चला सके। और उस रास्ते पर ला सके जिस पर चलने से कौम की तामीर हो सके। आखिर में मैं यह कह कर बैठता हूं कि :

"जाने वाले तुझे हम याद करेंगे बर्सों!

इस के साथ ही मैं उन्हें श्रधांजली भेंट करता हूं।

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਸਰਦਾਰ ਪਰਤਾਪ ਸਿੰਘ ਐਕਸ ਐਮ. ਐਲ. ਏ. ਜ਼ਿਲ੍ਹਾ ਫਿਰੋਜ਼ਪੁਰ ਦਾ ਨਾਮ ਰਹਿ ਗਿਆ ਹੈ । ਇਸੇ ਤਰ੍ਹਾਂ ਹੀ ਸਰਦਾਰ ਸੂਰਤ ਸਿੰਘ, ਸਿੰਘ ਪੁਰੀਆ ਜੋ ਕਿ ਸਾਡੇ ਇਸ ਹਾਊਸ ਦੇ ਮੈਂਬਰ ਰਹਿ ਚੁਕੇ ਹਨ ਉਨ੍ਹਾਂ ਨੇ ਇਸ ਹਾਊਸ ਵਿਚ ਵੀ ਅਤੇ ਬਾਹਰ ਵੀ ਬੜੀ ਇਮਾਨਦਾਰੀ ਨਾਲ ਸੇਵਾ ਕੀਤੀ ਸੀ। ਉਹ ਕੋਆਪਰੇਟਿਵ ਮੂਵਮੈਂਟ ਦੇ ਬੜੇ ਅੱਛੇ ਨੇਤਾ ਸਨ । ਉਨ੍ਹਾਂ ਦਾ ਨਾਮ ਵੀ ਇਸ ਵਿਚ ਸ਼ਾਮਲ ਕੀਤਾ ਜਾਵੇ ।

ਸ੍ਰੀ ਸਪੀਕਰ : ਲੀਡਰ ਆਫ ਦੀ ਹਾਊਸ, ਮੁੱਖ ਮੰਤਰੀ ਜੀ ਨੇ ਜਿਹੜਾ ਸ਼ੋਕ ਪ੍ਰਸਤਾਵ ਹਾਊਸ ਵਿਚ ਰੱਖਿਆ ਹੈ ਅਤੇ ਉਸ ਦੇ ਉਤੇ ਹਾਊਸ ਦੇ ਸਾਰੇ ਮੈਂਬਰਾਂ ਨੇ ਤੇ ਆਪੋਜੀਸ਼ਨ ਦੇ ਲੀਡਰ ਨੇ ਜੋ ਜਜ਼ਬਾਤ ਅਤੇ ਜੋ ਸ਼ੋਕ ਦੇ ਭਾਵ ਪ੍ਰਗਟ ਕੀਤੇ ਹਨ, ਮੈਂ ਹਾਊਸ ਨਾਲ ਪੂਰੀ ਹਮਦਰਦੀ ਨਾਲ ਅਤੇ ਦੁਖ ਨਾਲ ਉਸ ਵਿਚ ਆਪਣੇ ਆਪ ਨੂੰ ਸ਼ਾਮਿਲ ਕਰਦਾ ਹਾਂ । ਮੈਂ ਇਹ ਮਹਿਸੂਸ ਕਰਦਾ ਹਾਂ ਕਿ ਇਹ ਸਾਰੇ ਮਹਾਨ ਪੁਰਸ਼ ਦੇਸ਼ ਦੀਆਂ ਜੋਤੀਆਂ ਸਨ । ਉਨ੍ਹਾਂ ਦੇ ਜਾਣ ਨਾਲ ਦੇਸ਼ ਨੂੰ ਬਹੁਤ ਨੁਕਸਾਨ ਹੋਇਆ ਹੈ । ਬਰਕਤ ਉਲਾ ਖਾਨ ਰਾਜਿਸਥਾਨ ਦੇ ਮੁਖ ਮੰਤਰੀ ਰਹੇ ਹਨ । ਉਹ ਇਕ ਉਨ੍ਹਾਂ ਫੁਲ੍ਹਾਂ ਵਿਚੋਂ ਅਜਿਹੇ ਫੁਲ ਸਨ ਜਿਨ੍ਹਾਂ ਦੀ ਮਹਿਕ ਬੜੀ ਦੂਰ ਤੱਕ ਸੀ । ਉਨ੍ਹਾਂ ਨੇ ਬੜੀ ਇਮਾਨਦਾਰੀ ਨਾਲ ਆਪਣੀ ਡਿਊਟੀ ਨਿਭਾਈ ਸੀ । ਆਪ ਪਹਿਲਾਂ ਵਕੀਲ ਸਨ । ਆਪ ਜੋਧਪੁਰ ਮਿਊਂਸਿਪਲ ਕੌਂਸਲ ਦੇ ਪ੍ਰਧਾਨ ਵੀ ਰਹੇ । 1957 ਤੋਂ ਲੈ ਕੇ ਚਲਾਣਾ ਕਰਨ ਵੇਲੇ ਤੱਕ ਰਾਜਿਸਥਾਨ ਵਿਚ ਵਿਧਾਨ ਸਭਾ ਦੇ ਮੈਂਬਰ ਰਹੇ । ਆਪ ਡਿਪਟੀ ਮਨਿਸਟਰ ਰਹੇ ਅਤੇ ਫਿਰ ਕੈਬਨਿਟ ਮਨਿਸਟਰ ਵੀ ਰਹੇ । ਆਪ ਬਹੁਤ ਸਾਰੇ ਅਹੁਦਿਆਂ ਤੇ ਰਹੇ । ਉਨ੍ਹਾਂ ਦੇ ਚਲਾਣਾ ਕਰ ਜਾਣ ਨਾਲ ਦੇਸ਼ ਨੂੰ ਬੜਾ ਭਾਰੀ ਨੁਕਸਾਨ ਹੋਇਆ ਹੈ ।

ਚਮਨ ਲਾਲ ਜੀ ਪੰਜਾਬ ਦੇ ਮਹਾਨ ਸਪੂਤ ਸਨ । ਉਹ ਬੜੇ ਜਰਨੈਲ ਬਹਾਦਰ ਸਨ । ਉਹ ਇੰਗਲੈਂਡ ਵਿਚ ਬੈਰਿਸਟਰ ਬਣੇ । ਫਿਰ 1928 ਵਿਚ ਉਹ ਕਨੇਡਾ ਗਏ ਸਨ । ਆਪ ਟਰਕੀ ਵਿਚ ਸਫੀਰ ਰਹੇ ਹਨ । ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਾਰੇ ਦੇਸ਼ ਨੂੰ ਖਾਸ ਕਰਕੇ ਪੰਜਾਬ ਨੂੰ ਬਹੁਤ ਭਾਰੀ ਧੱਕਾ ਲੱਗਾ ਹੈ ।

ਤੀਵਾੜੀ ਜੀ ਬੜੇ ਵਿਦਵਾਨ ਮਨੁੱਖ ਸਨ । ਉਨ੍ਹਾਂ ਨੇ ਭਾਰਤ ਦੀ ਆਜ਼ਾਦੀ ਵਿਚ ਬੜਾ ਹਿੱਸਾ ਪਾਇਆ ਹੈ । ਮੈਂ ਕਹਿ ਸਕਦਾ ਹਾਂ ਕਿ ਉਹ ਹਿੰਦੁਸਤਾਨ ਲਈ ਇਕ ਤੋਹਫਾ ਸਨ । ਉਹ ਹਿੰਦੁਸਤਾਨ ਦੀ ਸੋਸ਼ਲਿਸਟ ਪਾਰਟੀ ਦੇ ਮੈਂਬਰ ਸਨ । ਆਪ ਨੂੰ ਕਈ ਵੇਰ ਸਜ਼ਾ ਹੋਈ ਸੀ । ਆਪ ਅੰਡੇਮਾਨ ਜੇਲ੍ਹ ਵਿਚ ਵੀ ਰਹੇ । ਉਨ੍ਹਾਂ ਦੇ ਵਿੱਛੜ ਜਾਣ ਨਾਲ ਬੜਾ ਦੁਖ ਹੋਇਆ ਹੈ ।

ਹੋਲੀ ਮੰਦਰ ਆਫ ਸ੍ਰੀ ਅਰਬਿੰਦੂ ਆਸ਼ਰਮ ਫਰਾਂਸ ਵਿਚੋਂ ਆਏ ਸਨ । ਆਪਣੀ ਯੋਗਤਾ ਦੇ ਨਾਲ ਉਨ੍ਹਾਂ ਨੇ ਇਥੇ ਉਚ ਸਥਾਨ ਪ੍ਰਾਪਤ ਕੀਤਾ ।

ਸਤਿਅਨ ਬੋਸ, ਹਿੰਦੁਸਤਾਨ ਦੇ ਮਸ਼ਹੂਰ ਸਾਂਇੰਟਿਸਟ ਸਨ । ਉਨ੍ਹਾਂ ਦੀ ਮੌਤ ਨਾਲ ਹਿੰਦੁਸਤਾਨ ਨੂੰ ਬੜਾ ਨੁਕਸਾਨ ਹੋਇਆ ਹੈ । ਇਨ੍ਹਾਂ ਦੇ ਇਲਾਵਾ ਸਰਦਾਰ ਜਾਗੀਰ ਸਿੰਘ ਅਤੇ ਸਰਦਾਰ ਸੂਰਤ ਸਿੰਘ ਜਿਹੇ ਸੱਜਣ ਹਨ, ਜੋ ਕਿ ਐਮ. ਐਲ. ਏ. ਰਹਿ ਚੁਕੇ ਹਨ, ਉਹ ਸਾਡੇ ਕੋਲੋਂ ਵਿਛੜ ਗਏ ਹਨ । ਹਾਊਸ ਉਨ੍ਹਾਂ ਸਾਰਿਆਂ ਦੇ ਵਿੱਛੜ ਜਾਣ ਨਾਲ ਅੱਜ ਬੜਾ ਗਮਗੀਨ ਹੈ । ਮੈਂ ਹਾਊਸ ਦੇ ਸਾਰੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਉਹ 2 ਮਿੰਟ ਲਈ ਖੜੇ ਹੋ ਕੇ ਉਨ੍ਹਾਂ ਦੀ ਆਤਮਾ ਵਾਸਤੇ ਪ੍ਰਾਰਥਨਾ ਕਰਨ ਅਤੇ ਆਪਣੇ ਸ਼ੋਕ ਦਾ ਪ੍ਰਗਟਾ ਕਰਨ ।

(ਇਸ ਸਮੇਂ ਸਾਰੇ ਮੈਂਬਰ ਸਾਹਿਬਾਨ ਦੋ ਮਿੰਟ ਲਈ ਮੌਨ ਧਾਰਨ ਕਰਨ ਲਈ ਖੜੇ ਹੋਏ ।)

[Mr. Speaker]

(I associate myself with the resolution moved by the Leader of the House in connection with the obituary references. I feel that these leaders were great personalities of our country. In their death our country has suffered a great loss.

Shri Barkatullah Khan had been the Chief Minister of Rajasthan. He was one of those flowers who spread their fragrance over a wide area. He performed his duty very honestly. First, he was a lawyer. He had been the Chairman of Jodhpur Municipal Council. He remained a member of the Rajasthan Vidhan Sabha from 1957 till his death. He had been a Deputy Minister and then a Cabinet Minister. He held many high offices. In his death, our country has suffered a great loss.

Chaman Lal Ji was a great son of Punab. He was a great general of our nation. He studied in England for ja Barristership. In 1928 he was in Canada. He had been India's Ambassador in Turkey. In his death, our country, especially Punjab, has suffered a great loss.

Tewari Ji was a highly learned person. He made an outstanding contribution in the struggle for freedom of India. I can say that he was a boon for India. He was the member of the Socialist Party of India. He was jailed a number of times. He was confined to Andeman Jail also. His death is a great shock.

Holy Mother of Sri Aurobindo Asharam, Pondicherry hailed from France. Her ability gained for her a high position in this country.

Satyen Bose was a well known scientist of India. In his death India has suffered a great loss. Besides, S. Jagir Singh and S. Surat Singh, who had been M.L.As., have also passed away. This House is much grieved at their passing away.

I would request all the Members of the House to stand in silence for a couple of minutes and pray for the peace of the departed souls.)

(At this stage, all the members of the House stood in silence for two minutes).

ਸ੍ਰੀ ਸਪੀਕਰ : ਸ਼ੋਕ ਪ੍ਰਸਤਾਵ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜ ਦਿਤਾ ਜਾਵੇਗਾ । ਇਥੇ ਇਕ ਪ੍ਰਿਵਲਿਜ ਮੋਸ਼ਨ ਹੈ ਜੋ ਕਿ.....................(ਵਿਘਨ) (Copy of this resolution will be sent to the bereaved families. There is a Privilege Motion by . . *(Interruption)*

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਜੇ ਆਗਿਆ ਹੋਵੇ ਤਾਂ ਕੁਝ ਪੇਪਰ ਲੇ ਹੋਣੇ ਸਨ ਉਹ ਪਹਿਲਾਂ ਲੇ ਕਰ ਦਿਤੇ ਜਾਣ ? (ਵਿਘਨ) (ਸ਼ੋਰ)

ਕਾਮਰੇਡ ਸੱਤਪਾਲ ਡਾਂਗ : ਨਹੀਂ ਜੀ, ਪਹਿਲਾਂ ਜ਼ੀਰੋ ਆਵਰ ਹੋਣਾ ਚਾਹੀਦਾ ਹੈ ।

QUESTIONS OF PRIVILEGE

Mr. Speaker : Comrade Satya Pal Dang, Comrade Shamsher Singh Josh and Comrade Jangir Singh Joga, M.L.As., have given notice of a

Privilege Motion wherein they have stated that by adjourning the Session to 5-30 P.M. today to accommcdate a certain individual without consulting the members of the House, the Leader of the House or whosccever is responsible for it, has committed a gross breach of Privilege of the House.

I fail to understand how the question of Privilege has arison in this case. Under Rule 15 of our Rules of Procedure it is the Speaker who is empowered to change the hours of sitting. Furtheremore, in the present case there was no question of adjouiment of the house to 5. 30 P. M because when the Governor addressed the House at 2.00 P.M. today, it was not a regular sitting. I have already given a ruling in the earlier Session that no question of Privilege can be raised against the Speaker, because of the fact that he is the protector of the Privilege of the House. I, therefore, do not give my consent to the question of privilege being raised.

ਕਾਮਰੇਡ ਸੱਤ ਪਾਲ ਡਾਂਗ : * * * * (ਵਿਘਨ)

ਸ਼੍ਰੀ ਸਪੀਕਰ : ਇਹ ਤਾਂ ਮੈਂਬਰਜ਼ ਨੇ ਰਿਕੁਐਸਟ ਕੀਤੀ ਸੀ ਉਸ ਤਰ੍ਹਾਂ ਟਾਈਮ ਥੋੜਾ ਹੋਵੇਗਾ । ਇਸ਼ ਤਰ੍ਹਾਂ ਮੈਂਬਰਜ਼ ਦੀ ਇਛਾ ਅਨੁਸਾਰ ਹੋਇਆ ਹੈ ਅਤੇ ਕੋਈ ਪ੍ਰਿਵਲਿਜ ਬਰੀਚ ਨਹੀਂ ਹੋਇਆ । (ਆਪੋਜ਼ੀਸ਼ਨ ਵਲੋਂ ਨਹੀਂ, ਨਹੀਂ ਦੀਆਂ ਆਵਾਜ਼ਾਂ) । (That was done in accordance with the wishes of the hon. Members as otherwise there would have been shortage of time. Thus no question of privilege is involved in it.)

Sardar Ajaib Singh Sandhu : Point of order, Sir. (*Interruptjon*)

Mr. Speaker : No discussion on my rulling. (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਮੈਂਬਰਾਂ ਦੀ ਕੋਈ ਐਸੀ ਇੱਛਾ ਨਹੀਂ ਸੀ । (ਵਿਘਨ)

ਸ਼੍ਰੀ ਸਪੀਕਰ : ਇਹ ਤਾ ਟਾਇਮ ਦੀ ਥੋੜੀ ਜਿਹੀ ਐਡਜਸਟਮੈਂਟ ਹੈ । (It was just an adjustment of time.)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਹਾਉਸ ਸੀ. ਐਮ. ਦੀ ਗਾਈਡੈਂਸ ਨਾਲ ਨਹੀਂ ਚੱਲਣਾ । (ਵਿਘਨ)

Mr. Speaker : Please resume your seat.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਰੂਲ ਨਹੀਂ ਪੜ੍ਹਿਆ । ਚੀਫ ਮਨਿਸਟਰ ਸਾਹਿਬ ਨੇ ਦੇਖਣਾ ਹੁੰਦਾ ਹੈ ਕਿ ਹਾਊਸ ਵਿਚ ਕਿ ਏਜੰਡਾ ਹੈ। ਚੀਫ ਮਨਿਸਟਰ ਹਾਊਸ ਦਾ ਲੀਡਰ ਹੁੰਦਾ ਹੈ..............(ਵਿਘਨ).

ਸਰਦਾਰ ਅਜਾਇਬ ਸਿੰਘ ਸੰਧੂ : : ਸਪੀਕਰ ਸਾਹਿਬ, ਕੱਲ ਨੂੰ ਇਹ ਕਿਸੇ ਡਾਕੂ ਨੂੰ ਅਕਾਮੋਡੇਟ ਕਰਨ ਵਾਸਤੇ ਇਸ ਤਰ੍ਹਾਂ ਕਰਨਗੇ ? (ਵਿਘਨ) (ਸ਼ੋਰ) ਇਨ੍ਹਾਂ ਨੇ ਉਨ੍ਹਾਂ ਵਿਚ ਆਪਣੇ ਹਿੱਸੇ ਪਾਏ ਹੋਏ ਹਨ । (ਸ਼ੋਰ)

ਸ਼੍ਰੀ ਸਪੀਕਰ : ਰੂਲਿੰਗ ਤੇ ਕੋਈ ਡਿਸ਼ਕਸ਼ਨ ਨਹੀਂ ਹੋਣੀ ਚਾਹੀਦੀ । (ਵਿਘਨ) (ਸ਼ੋਰ) (There should be no discussion on the rulling (*Interruption and noise*)

*Not recorded as ordered by the Chair.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਤੁਹਾਡੀ ਰੂਲਿੰਗ ਦੇਣ ਦੇ ਬਾਅਦ ਮਿਸਟਰ ਡਾਂਗ ਨੇ ਚੇਅਰ ਤੇ ਕੁਝ ਰਿਮਾਰਕਸ ਕੀਤੇ ਹਨ ਉਹ ਵਿਦਡਰਾ ਹੋਣੇ ਚਾਹੀਦੇ ਹਨ ਨਹੀਂ ਤਾਂ ਮੈਨੂੰ ਵੀ ਬੋਲਣ ਦੀ ਇਜਾਜ਼ਤ ਦਿਉ । (ਵਿਘਨ)

ਸ੍ਰੀ ਸਪੀਕਰ : ਰੂਲਿੰਗ ਦੇ ਬਾਅਦ ਕੋਈ ਡਿਸਕਸ਼ਨ ਨਹੀਂ ਹੋ ਸਕਦੀ, ਜੋ ਕੁਝ ਡਾਂਗ ਸਾਹਿਬ ਨੇ ਕਿਹਾ ਹੈ............... That is an aspersion on the Chair. That should not be recorded. (No discussion can be raised on a ruling. Whatever Com. Dang has stated that is an aspersion on the Chair. That should not be recorded).

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਮੈਨੂੰ ਬੋਲਣ ਦੀ ਇਜਾਜ਼ਤ ਦਿਤੀ ਹੈ। ਜਿਸ ਦੀ ਕੋਈ ਐਡਜਰਨਮੈਂਟ ਮੋਸ਼ਨ ਹੁੰਦੀ ਹੈ ਉਸ ਨੂੰ 2 ਮਿੰਟ ਲਈ ਬੋਲਣ ਦੀ ਇਜਾਜ਼ਤ ਹੁੰਦੀ ਹੈ । (ਵਿਘਨ) ਸਪੀਕਰ ਸਾਹਿਬ, ਤੁਸੀਂ ਧੱਕੇਸ਼ਾਹੀ ਚਲਾਉਣੀ ਹੈ ਤਾਂ ਚਲਾਈ ਜਾਵੋ । ਜੋ ਮਰਜੀ ਰਿਕਾਰਡ ਕਰਵਾਓ ਜੋ ਮਰਜੀ ਰਿਕਾਰਡ ਨਾ ਕਰਵਾਓ । (ਵਿਘਨ) (ਸ਼ੋਰ)

Mr. Speaker: Please resume your seat. (*Interruption*)

ਕਾਮਰੇਡ ਸੱਤ ਪਾਲ ਡਾਂਗ : ਇਹ ਕੋਈ ਤਰੀਕਾ ਤਾਂ ਨਹੀਂ ਕਿ ਜੋ ਸਰਦਾਰ ਉਮਰਾਓ ਸਿੰਘ ਕਹਿਣ ਉਸੀਂ ਤਰ੍ਹਾਂ ਹੀ ਤੁਸੀਂ ਮੰਨੀ ਜਾਓ । (ਵਿਘਨ) (ਸ਼ੋਰ)

ANNOUNCEMENT BY THE SPEAKER RE. THE BUSINESS ADVISORY COMMITTEE AND PANEL OF CHAIRMEN

Mr. Speaker : Under Rule 208(1) of the Rules of Procedure and Conduct of Business in the Punjab Legislative Assembly, I nominate the following members to serve on the Business Advisory Committee :—

1. The Speaker—*Ex-officio* Chairman.
2. Sardar Umrao Singh, Revenue and Election Minister.
3. Shri Hans Raj Sharma, Finance Minister.
4. Sardar Gurcharan Singh Nihalsinghwala, Chief Parliamentary Secretary.
5. Sardar Ajaib Singh Sandhu.
6. Comrade Shamsher Singh Josh.

Under Rule 13(1) of the Rules of Procedure and Conduct of Business in the Punjab Legislative Assembly, I nominate the following members to serve on the Panel of Chairmen :—

1. Shri Brish Bhan.
2. Chaudhri Sunder Singh.
3. Sardar Surjit Singh (Barnala).
4. Comrade Shamsher Singh Josh.

POINTS OF ORDER RE. ADJOURNMENT MOTIONS

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਇਕ ਐਡਜਰਨਮੈਂਟ ਮੋਸ਼ਨ ਦਾ ਨੋਟਿਸ ਦਿਤਾ ਸੀ । ਪੰਜਾਬ ਹਾਈ ਕੋਰਟ ਨੇ ਇਸ ਹਾਊਸ ਦਾ ਪਾਸ ਕੀਤਾ ਹੋਇਆ ਇਕ ਐਕਟ ਨਲ ਐਂਡ ਵੁਆਇਡ ਕਰਾਰ ਦੇ ਦਿਤਾ ਹੈ ਜਿਹੜਾ ਕਿ ਪ੍ਰੋਗਰੈਸਿਵ ਡਾਇਰੈਕਸ਼ਨ ਵਿਚ ਸੀ । (ਵਿਘਨ) ਇਹ ਜੁਡੀਸ਼ਰੀ ਪੀਪਲਜ਼ ਦੇ ਵਿੱਲ ਦੇ ਰਸਤੇ ਵਿਚ ਖੜੀ ਹੈ । ਪੰਜਾਬ ਗੌਰਮਿੰਟ ਨੂੰ ਨਵਾਂ ਲੈਜਿਸਲੇਸ਼ਨ ਲਿਆਉਣਾ ਚਾਹੀਦਾ ਹੈ ਅਤੇ ਉਸ ਨੂੰ ਨਲੀਫਾਈ ਕੀਤਾ ਜਾਵੇ । (ਵਿਘਨ)

ਸ਼੍ਰੀ ਸਪੀਕਰ : ਉਹ ਐਡਜਰਨਮੈਂਟ ਮੋਸ਼ਨ ਤਾਂ ਐਡਮਿਟ ਨਹੀਂ ਹੋ ਸਕਦੀ । (ਵਿਘਨ) (ਸ਼ੋਰ) ਤੁਸੀਂ ਕਾਲ ਅਟੈਨਸ਼ਨ ਮੋਸ਼ਨ ਦੇ ਦੇਣਾ ਉਹ ਕੱਲ ਅਸੀਂ ਐਡਮਿਟ ਕਰ ਲਵਾਂਗੇ । (ਵਿਘਨ) (That Adjournment motion cannot be admitted (*Interruption and Noise in the House*). The hon. member may give notice of a Call Attention Notice and it will be admitted tomorrow.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੇਰੀ ਵੀ ਇਕ ਐਡਜਰਨਮੈਂਟ ਮੋਸ਼ਨ ਸੀ । (ਵਿਘਨ)

ਸ਼੍ਰੀ ਗੁਰਦਿਆਲ ਸੈਣੀ : ਆਨ ਏ ਪੁਆਇੰਟ ਆਫ ਆਰਡਰ, ਸਰ । ਅੱਜ 25 ਕੁਐਸ਼ਚਨ ਆਏ ਪਰ ਉਨ੍ਹਾਂ ਵਿਚੋਂ 6, 7 ਹੀ ਤੁਰ.........(ਵਿਘਨ) (ਇਸ ਵਕਤ ਮਾਸਟਰ ਚੰਦ ਸਿੰਘ ਜੀ ਵੀ ਬੋਲ ਰਹੇ ਸਨ)

ਸ਼੍ਰੀ ਸਪੀਕਰ : ਇਹ ਤਾਂ ਹਾਊਸ ਦੀ ਮਰਜ਼ੀ ਤੇ ਹੈ। (ਵਿਘਨ) (It depends upon the wishes of the House) (*interruption*)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਪੁਲਿਸ ਨੇ 100 ਬੰਦਿਆਂ ਨੂੰ ਨਜਾਇਜ਼ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਨੂੰ ਮਾਰਿਆ ਕੁਟਿਆ..................(ਵਿਘਨ) (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮਾਸਟਰ ਚੰਦ ਸਿੰਘ ਜੀ ਦੀ ਜਿਹੜੀ ਐਡਜਰਨਮੈਂਟ ਮੋਸ਼ਨ ਸੀ ਉਹ ਬੜੀ ਇਮਪਾਰਟੈਂਟ ਹੈ । (ਵਿਘਨ) ਮਾਸਟਰ ਚੰਦ ਸਿੰਘ ਦੀ ਐਡਜਰਨਮੈਂਟ ਮੋਸ਼ਨ ਸੀ ਕਿ ਸੁਨਾਮ ਵਿਚ ਪੁਲਿਸ ਨੇ 100 ਬੰਦਿਆਂ ਨੂੰ ਅੰਨੇ ਵਾਹ ਕੁਟਿਆ ਅਤੇ 100 ਬੰਦਿਆਂ ਨੂੰ ਬਿਨਾਂ ਕਿਸੀ ਕਾਰਨ ਗ੍ਰਿਫਤਾਰ ਕੀਤਾ ਗਿਆ । ਉਨ੍ਹਾਂ ਦੇ ਵਿਚ ਪੰਜਾਬ ਦੇ 5 ਐਮ. ਐਲ. ਏ. ਸਾਹਿਬ ਜੋ ਰਹਿ ਚੁਕੇ ਹਨ ਉਨ੍ਹਾਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ । ਸਰਦਾਰ ਹਰਕਿਸ਼ਨ ਸਿੰਘ ਜੀ ਸੁਰਜੀਤ, ਭੱਠਲ ਸਾਹਿਬ ਅਤੇ ਸਰਦਾਰ ਸੰਪੂਰਨ ਸਿੰਘ ਜੀ ਨੂੰ ਵੀ ਅੰਦਰ ਕਰ ਦਿਤਾ ।

ਸ਼੍ਰੀ ਸਪੀਕਰ : ਇਹ ਕਾਲ ਅਟੈਨਸ਼ਨ ਮੋਸ਼ਨ ਦੇ ਦੇਣ, ਉਹ ਦੇਖ ਲਵਾਂਗੇ ਅਤੇ ਐਡਮਿਟ ਕਰ ਲਵਾਂਗੇ । (ਵਿਘਨ) (The hon. member may table a Call Attention Notice and that will be admitted after scrutiny.) (*interruption*)

ਸਰਦਾਰ ਅਜਾਇਬ ਸਿੰਘ ਸੰਧੂ : ਤਿੰਨ ਘੰਟੇ ਪੁਲਿਸ ਨੇ ਉਨ੍ਹਾਂ ਲੋਕਾਂ ਨੂੰ ਅੰਨੇ ਵਾਹ ਕੁਟਿਆ ਪਰ ਤੁਸੀਂ ਉਸ ਦੀ ਇਜਾਜ਼ਤ ਨਹੀਂ ਦਿੰਦੇ ।

Mr. Speaker : Please resume your seat. (*Interruption*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਇਕ ਪੁਲਿਸ ਰਾਜ ਹੋ ਗਿਆ ਹੈ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਐਡਜਰਨਮੈਂਟ ਮੋਸ਼ਨ ਦੇ ਬਾਰੇ ਮੈਂ ਆਪਣੀ ਰੂਲਿੰਗ ਦੇ ਚੁਕਾ ਹਾਂ । (ਵਿਘਨ) ਮੈਂ ਆਨਰੇਬਲ ਮੈਂਬਰਜ਼ ਦੀ ਸੇਵਾ ਵਿਚ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਬਜਟ ਸੈਸ਼ਨ ਅੱਜ ਸ਼ੁਰੂ ਹੋਇਆ ਹੈ ਅਤੇ ਉਨ੍ਹਾਂ ਨੂੰ ਹਰ ਵਿਸ਼ੇ ਤੇ ਬੋਲਣ ਲਈ ਕਾਫੀ ਟਾਈਮ ਮਿਲ ਜਾਵੇਗਾ । ਇਸ ਲਈ ਮੇਰੀ ਪ੍ਰਾਰਥਨਾ ਹੈ ਕਿ ਕੱਲ ਗਵਰਨਰ ਐਡਰੈਸ ਤੇ ਡਿਸਕਸ਼ਨ ਹੋਣੀ ਹੈ ਉਸ ਤੇ ਤੁਸੀਂ ਆਪਣੇ ਵਿਚਾਰ ਦੇ ਸਕਦੇ ਹੋ । (ਵਿਘਨ) ਬਜਟ ਸੈਸ਼ਨ ਵਿਚ ਐਡਜਰਨਮੈਂਟ ਮੋਸ਼ਨ ਕਦੇ ਵੀ ਐਡਮਿਟ ਨਹੀਂ ਕੀਤੀ ਜਾਂਦੀ ਇਸ ਲਈ ਤੁਸੀਂ ਜ਼ਿਆਦਾ ਸਟਰੈਸ ਨਾ ਕਰੋ । (ਵਿਘਨ) (I have already given my ruling on the Adjournment Motion. I want to make a submission before the hon. Members that the Budget Session has started to-day and they will have enough time to speak on any subject they like. The hon. Members may express their views tomorrow at the time of discussion on the Governor's address. (*interruption.*) The adjournment motions are not admitted during the Budget Session. Therefore, the hon. Members should not insist on it.)

Walk Outs

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਵਿਦ ਡਿਯੂ ਰਿਸਪੈਕਟ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਜਿਹੜੀ ਤੁਸੀਂ ਗਲ ਕਹੀ ਹੈ ਇਹ ਰੂਲਜ਼ ਦੇ ਮੁਤਾਬਕ ਠੀਕ ਨਹੀਂ । ਤੁਸੀਂ ਕਿਹਾ ਹੈ ਕਿ ਬਜਟ ਸੈਸ਼ਨ – ਵਿਚ ਕੋਈ ਐਡਜ਼ਰਨਮੈਂਟ ਮੋਸ਼ਨ ਐਡਮਿਟ ਨਹੀਂ ਹੁੰਦੀ ।ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ।(ਵਿਘਨ)

ਸ੍ਰੀ ਸਪੀਕਰ : ਅਗੇ ਪ੍ਰੈਸੀਡੈਂਟਸ ਹਨ । (ਵਿਘਨ) (There are precedents in this connection)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਸਾਡੀ ਵਿਧਾਨ ਸਭਾ ਦੇ ਰੂਲਜ਼ ਇਹ ਨਹੀਂ ਕਹਿੰਦੇ। ਨੰਬਰ ਦੋ ਟੋਟਲ ਪ੍ਰੈਸੀਡੈਂਟਸ ਵਿਚ ਵੀ ਤੁਸੀਂ ਠੀਕ ਨਹੀਂ ਨਿਕਲੋਗੇ। ਨੰਬਰ ਤਿੰਨ, ਸਪੀਕਰ ਸਾਹਿਬ, ਇਹ ਕਿ ਐਡਜ਼ਰਨਮੈਂਟ ਮੋਸ਼ਨਜ਼ ਲੋਕ ਸਭਾ ਵਿਚ ਵੀ ਬਜਟ ਸੈਸ਼ਨ ਵਿਚ ਐਡਮਿਟ ਹੋਈਆਂ ਹਨ । ਕੇਰਲਾ ਅਸੈਂਬਲੀ ਦੇ ਬਜਟ ਸੈਸ਼ਨ ਵਿਚ ਐਡਜ਼ਰਨਮੈਂਟ ਮੋਸ਼ਨ ਐਡਮਿਟ ਹੋਈ ਅਤੇ ਉਸ ਤੇ ਡਿਕਸਕਸ਼ਨ ਹੋਈ ਹੈ ਇਸ ਲਈ , ਸਪੀਕਰ ਸਾਹਿਬ, ਰੂਲ ਇਹ ਹੈ ਕਿ ਐਡਜ਼ਰਨਮੈਂਟ ਮੋਸ਼ਨ ਬਾਰੇ ਦੇਖਣਾ ਇਹ ਹੈ ਕਿ ਮੋਸ਼ਨ ਦਾ ਕਨਟੈਂਟ ਕੀ ਹੈ ?ਇਸ ਐਡਜਰਮੈਂਟ ਮੋਸ਼ਨ ਦਾ ਕਨਟੈਂਟ ਇਹ ਹੈ ਕਿ ਸਿਵਲ ਲਿਬਰਟੀ ਦੇ ਰਾਈਟਸ ਤੇ ਅਟੈਕ ਹੋਇਆ ਹੈ । ਇਹ ਆਈਸੋਲੇਟਿਡ ਨਹੀਂ । (ਵਿਘਨ) ਇਹ ਪੰਜਾਬ ਵਿਚ ਲੋਕਾਂ ਤੇ ਲਾਠੀਆਂ ਵਰ-ਸਾਉਂਦੇ ਹਨ । ਵਿਦਿਆਰਥੀਆਂ ਨੂੰ ਕੁਚਲਣ ਲਈ ਗੋਲੀਆਂ ਚਲਾਈਆਂ ਜਾਂਦੀਆਂ ਹਨ । (ਵਿਘਨ) (ਸ਼ੋਰ) ਸਪੀਕਰ ਸਾਹਿਬ, ਇਹ ਐਡਜ਼ਰਨਮੈਂਟ ਮੋਸ਼ਨ ਐਡਮਿਟ ਹੋਣੀ ਚਾਹੀਦੀ ਹੈ। ਜੇ ਤੁਸੀਂ ਇਹ ਐਡਜ਼ਰਨਮੈਂਟ ਮੋਸ਼ਨ ਐਡਮਿਟ ਨਹੀਂ ਕਰਦੇ ਤਾਂ

To record our protest against suppression of civil liberty, we stage a walk out.

(At this stage all the Members of the C.P.I. present in the House walked out).

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਤੁਸੀਂ ਇਸ ਦੀ ਇਜਾਜ਼ਤ ਦਿਉ। ਜੇ ਤੁਸੀਂ ਇਜਾਜ਼ਤ ਨਹੀਂ ਦਿੰਦੇ ਤਾਂ ਅਸੀਂ ਇਸ ਦੇ ਰੋਸ ਵਜੋਂ ਵਾਕ ਆਊਟ ਕਰਦੇ ਹਾਂ - -(ਵਿਘਨ)

ਮਾਸਟਰ ਚੰਦ ਸਿੰਘ: ਸਪੀਕਰ ਸਾਹਿਬ, ਮੈਂ ਐਜ਼ ਏ ਪ੍ਰੋਟੈਸਟ ਵਾਕ ਆਊਟ ਕਰਦਾ ਹਾਂ। (ਵਿਘਨ) (ਸ਼ੋਰ)

(ਇਸ ਵਕਤ ਅਕਾਲੀ ਪਾਰਟੀ ਦੇ ਸਾਰੇ ਹਾਜ਼ਰ ਆਨਰੇਬਲ ਮੈਂਬਰ ਸਾਹਿਬਾਨ ਅਤੇ ਮਾਸਟਰ ਚੰਦ ਸਿੰਘ ਜੀ ਵਾਕ ਆਊਟ ਕਰ ਗਏ। ਵਾਕ ਆਊਟ ਕਰਦੇ ਸਮੇਂ ਉਹ ਨਾਹਰੇ ਲਗਾ ਰਹੇ ਸਨ * *)

ਸ੍ਰੀ ਸਪੀਕਰ : ਜੋ ਕੁਝ ਵੀ ਨਾਹਰੇ ਲਗਾਏ ਜਾ ਰਹੇ ਹਨ ਇਹ ਰਿਕਾਰਡ ਨਾ ਕੀਤੇ ਜਾਣ।

(The slogans being raised, should not be recorded.)

ਚੌਧਰੀ ਰਾਮ ਸਿੰਘ: ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਮੈਂ ਜਨਵਰੀ, 1974 ਵਿਚ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ, ਜਿਹੜਾ ਵਾਕਿਆ ਐਮ. ਐਲ. ਏਜ਼ ਹੋਸਟਲ ਵਿਚ ਤਿੰਨ ਪੁਲਿਸ ਅਫਸਰਾਂ ਵਾਲਾ ਹੋਇਆ ਸੀ ਉਸ ਸਬੰਧ ਵਿਚ। ਉਹ ਤੁਸੀਂ ਚੀਫ ਮਨਿਸਟਰ ਸਾਹਿਬ ਨੂੰ ਜ਼ਰੂਰੀ ਕਾਰਵਾਈ ਲਈ ਭੇਜ ਦਿਤੀ ਸੀ। ਮੈਂ ਬੇਨਤੀ ਕਰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਇਥੇ ਹਾਊਸ ਵਿਚ ਹਾਜ਼ਰ ਹਨ ਅਤੇ ਬਿਆਨ ਦੇ ਦੇਣ ਤਾਂ ਕਿ ਜਨਤਾ ਨੂੰ ਪਤਾ ਲਗ ਜਾਏ ਕਿ ਕੀ ਹੋ ਰਿਹਾ ਹੈ।

ਸ੍ਰੀ ਸਪੀਕਰ ਇਹ ਮਾਮਲਾ ਮੇਰੇ ਨੋਟਿਸ ਵਿਚ ਵੀ ਹੈ ਅਤੇ ਚੀਫ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਵੀ ਹੈ। ਅਗਰ ਇਸ ਦੇ ਵਿਚ ਕੋਈ ਸਚਾਈ ਹੋਈ ਤਾਂ ਸਰਕਾਰ ਕਾਨੂੰਨ ਮੁਤਾਬਕ ਜ਼ਰੂਰ ਐਕਸ਼ਨ ਲਵੇਗੀ।

(This matter is already in my notice as well as in the notice of the Chief Minister. If anything is proved, necessary action shall be taken against the defaulters.]

ਸ੍ਰੀ ਪ੍ਰੇਮ ਗੁਪਤਾ : ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕੀ ਉਹ ਕੇਸ ਯੂਨੀਅਨ ਟੈਰੀਟਰੀ ਦੀ ਪੁਲਿਸ ਨੇ ਰਜਿਸਟਰ ਕੀਤਾ ਸੀ ਜਾਂ ਨਹੀਂ ?

ਸ੍ਰੀ ਸਪੀਕਰ: ਕੇਸ ਰਜਿਸਟਰ ਨਹੀਂ ਹੋਇਆ ਸੀ, ਪਰ ਇਨਕੁਆਰੀ ਹੋ ਚੁਕੀ ਹੈ।

(The case was not registered, but the enquiry has been completed.)

CALL ATTENTION NOTICE UNDER RULE 66

(Serial No. 2)

1. **Comrade Darshan Singh Canadian**
2. **Comrade SatyaPal Dang**

} Sir, I beg to draw the attention of the Government towards a matter of urgent public importance, namely, the State Government recently arrested a large number of students cases against whom have not yet been withdrawn. Many colleges and educational institutions in the State have been closed since long. Students are prevented from voicing their grievances through section 144, etc. There is a widespread resentment amongst students of the State. In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may kindly make a statement.

Chief Parliamentary Secretary : (Sardar Gurcharan Singh) : Sir, I lay a copy of reply to Call Attention Notice No. 2 on the Table of the House.

---

*Not recorded as ordered by the Chair.

[Chief Parliamentary Secretary]

STATEMENT

The Moga Firing Incident of October, 1972 caused a chain reaction amongst the students all over the State. Violent processions and demonstrations were held. At some places, cinema houses and Government buses were damaged. A judicial enquiry was ordered and held by a High Court Judge and ultimately as a good will gesture, the Government withdrew all cases against the students. Cases were also withdrawn against non-students except those who were already involved in violence.

2. The situation in regard to students became normal. However, the mischievous element among them and some of the political groups were not happy with this state of affairs and were always on the look out for an opportunity for creating trouble on one pretext or the other. They tried to revive the students agitation on such like issues as re-opening of the Regal Cinema and non-admission of some students to Colleges and University Classes but failed to muster much response. At long last, the mischievous element among the students started supporting the cause of the Agricultural Inspectors who had gone on strike for better emoluments. Here again, they failed to evoke much response among the students in the Punjab and, therefore, shifted the venue of their activity to Chandigarh.

3. The students activity in the State witnessed a spurt following action against the students of Agricultural College, Ludhiana, and other Colleges at Chandigarh on 10th January, 1974. On that day, they took out a procession in support of the demands of the striking Agricultural Inspectors in Punjab and came in clash with Chandigarh Police when they tried to stop the processionists from marching towards the Secretariat in defiance of the prohibitory orders under section 144 Cr.P.C. The Chandigarh Police, in order to control the situation on that day, had to resort to the use of tear gas and lathi charge. 117 students were arrested. Events at Chandigarh had a reaction all over the State. The Punjab Students Union gave a call for a State-wide strike on 14th January, 1974. The Punjab Students' Federation too decided to observe the strike. Educational institutions at various places were closed by the University/College authorities for some time. Prohibitory orders under section 144 Cr.P.C. were also promulgated at some of the places in the Punjab. Though there were some cases of violence, law and order was generally well maintained in the State. In all 200 students were arrested in cases involving violence, out of whom 124 have been bailed out. Besides, 117 persons were arrested under section 107/151 Cr.P.C., out of whom 31 have been bailed out and 67 discharged. The Government have issued instructions that those students who are not involved in cases of violence, should be released in case they tendered apologies and undertook to maintain peace in future. Regarding 117 students arrested at Chandigarh, the Chandigarh Administration has to take action.

4. Almost all Colleges in the State are at present functioning normally and studies in Colleges have been resumed.

5. Section 144 Cr.P.C. was promulgated at only those places where it was apprehended that the mischievous elements would indulge in unlawful activities and violence. At present, the prohibitory orders are in force in the following districts :—

District

Gurdaspur
Hoshiarpur

Kapurthala
Jullundur
Ludhiana
Sangrur

The prohibitory orders will be withdrawn as soon as the threat to peace ceases at the affected places.

6. The Students community, by and large, is not in favour of strikes or agitations. It is only the mischievous element among it and certain political parties especially the extremists, who are out to create trouble and disrupt normal studies of the students. As the examinations are approaching and there is a greater realisation among the student community that they should not allow themselves to be exploited by unscrupulous elements, Colleges have started functioning normally.

Serial No. 3

1. **Comrade Darshan Singh Canadian**
2. **Comrade Satya Pal Dang**

} Sir, I beg to draw the attention of the Government towards a matter of urgent public importance, namely, the Agriculture Inspectors of the State have been on strike for more than two months for demands which have been generally considered very just. Instead of arriving at a just and honourable settlement with them, the Government have arrested a large number of them.

In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

ਖੇਤੀ ਬਾੜੀ ਅਤੇ ਜੰਗਲਾਤ ਮੰਤਰੀ (ਮਾਸਟਰ ਗੁਰਬੰਤਾ ਸਿੰਘ): ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਇਨ੍ਹਾਂ ਕਾਮਰੇਡ ਸਾਥੀਆਂ ਨੂੰ ਦਸਣਾ ਚਾਹੁੰਦਾ ਹਾਂ ਕਿ ਜਿਹੜੀ ਐਗਰੀਕਲਚਰਲ ਇੰਸਪੈਕਟਰਜ਼ ਨੇ ਸਟਰਾਈਕ ਕੀਤੀ ਹੈ ਉਨ੍ਹਾਂ ਨੂੰ ਮੈਂ ਬੁਲਾਇਆ ਸੀ। ਉਨ੍ਹਾਂ ਦੀ ਐਗਜ਼ੈਕਟਿਵ ਕਮੇਟੀ ਨੇ ਮੇਰੇ ਆਪਣੇ ਦਫਤਰ ਵਿਚ ਬੈਠ ਕੇ ਇਹ ਕਿਹਾ ਸੀ ਕਿ ਸਾਡੀਆਂ ਇਹ ਇਹ ਡਿਮਾਂਡਜ਼ ਹਨ। ਜੇ ਤੁਸੀਂ ਅੱਜ ਅਤੇ ਹੁਣੇ ਹੀ ਮੰਨਦੇ ਹੋ ਅਸੀਂ ਸਟਰਾਈਕ ਨਹੀਂ ਕਰਦੇ ਜੇਕਰ ਨਹੀਂ ਮੰਨਦੇ ਤਾਂ ਅਸੀਂ ਜਾਂਦੇ ਹਾਂ। ਮੈਂ ਉਨ੍ਹਾਂ ਨੂੰ ਬੜਾ ਕਿਹਾ ਕਿ ਇਹ ਸਾਡੀ ਸਰਕਾਰ ਜਮਹੂਰੀਅੱਤ ਦੀ ਸਰਕਾਰ ਹੈ। ਅਸੀ ਤੁਹਾਡੀਆਂ ਡਿਮਾਂਡਜ਼ ਤੇ ਵਿਚਾਰ ਕਰਾਂਗੇ। ਮੈਂ ਇਸ ਬਾਰੇ ਫਾਇਨਾਂਸ ਵਾਲਿਆਂ ਨਾਲ ਬੈਠ ਕੇ ਪੁਛਗਿਛ ਕਰਾਂਗਾ ਅਤੇ ਆਪਣੇ ਸਾਥੀਆਂ ਨਾਲ ਵਿਚਾਰ ਕਰਾਂਗਾ, ਪਰ ਉਨ੍ਹਾਂ ਨੇ ਸਾਫ਼ ਸਾਫ਼ ਕਹਿ ਦਿਤਾ ਕਿ ਅਸੀਂ ਤਾਂ ਹੁਣੇ ਹੀ ਤੁਹਾਡੇ ਕੋਲੋਂ ਜਵਾਬ ਲੈਣਾ ਹੈ ਜੇਕਰ ਦੇ ਸਕਦੇ ਹੋ ਤਾਂ ਦਿਉ ਅਤੇ ਜੇਕਰ ਸਾਡੀਆਂ ਡਿਮਾਂਡਜ਼ ਹੁਣੇ ਮੰਨਦੇ ਹੋ ਤਾਂ ਦਸ ਦਿਉ ਨਹੀਂ ਤਾਂ ਅਸੀਂ ਜਾਂਦੇ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਮੈਂ ਕੋਈ ਡਿਕਟੇਟਰ ਤਾਂ ਨਹੀਂ ਹੁਣੇ ਕਹਿ ਦੇਵਾਂ। ਇਹ ਫਾਇਨਾਂਸ ਦਾ ਕੰਮ ਹੈ ਮੈਨੂੰ ਤੁਸੀਂ ਇਸ ਦੇ ਲਈ ਕੁਝ ਟਾਈਮ ਦਿਉ, ਮੈਂ ਸਾਥੀਆਂ ਨੂੰ ਪੁਛ ਲਵਾਂ ਅਤੇ ਤੁਹਾਡੀਆਂ ਡਿਮਾਂਡਜ਼ ਤੇ ਹਮਦਰਦੀ ਨਾਲ ਗੌਰ ਕਰਾਵਾਂ। ਪਰ ਉਨ੍ਹਾਂ ਨੇ ਮੇਰੀ ਇਕ ਨਹੀਂ ਸੁਣੀ ਅਤੇ ਉਹ ਸਟਰਾਈਕ ਤੇ ਚਲੇ ਗਏ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਅਰਜ਼ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਦੀਆਂ ਮੰਗਾਂ ਤੇ ਬਿਲਕੁਲ ਕੋਈ ਗੌਰ ਨਹੀਂ ਹੋਵੇਗਾ ਜਿਨ੍ਹਾਂ ਚਿਰ ਉਹ ਆਪਣੀ ਸਟਰਾਈਕ ਵਾਪਸ ਨਹੀਂ ਲੈਂਦੇ। ਸਾਡੀ ਸਰਕਾਰ ਸਾਰੇ ਐਮਪਲਾਈਜ਼ ਦੀਆਂ ਮੰਗਾਂ ਤੇ ਹਮਦਰਦੀ ਨਾਲ ਗੌਰ ਕਰਦੀ ਹੈ ਅਤੇ ਗੌਰਮਿੰਟ ਐਂਪਲਾਈਜ਼ ਨੂੰ ਬੜੇ ਪੈਸੇ

[ਖੇਤੀ ਬਾੜੀ ਅਤੇ ਜੰਗਲਾਤ ਮੰਤਰੀ]

ਦਿਤੇ ਹਨ। ਜਦੋਂ ਦੀ ਗਿਆਨੀ ਜੀ ਦੀ ਸਰਕਾਰ ਆਈ ਹੈ ਤਕਰੀਬਨ 17 ਕਰੋੜ ਰੁਪਏ ਐਂਪਲਾਈਜ਼ ਨੂੰ ਦੇ ਚੁਕੀ ਹੈ। ਅਗਰ ਕੋਈ ਪ੍ਰੈਸ਼ਰ ਪਾ ਕੇ ਜਾਂ ਕੋਈ ਦਬਾਵ ਪਾ ਕੇ ਆਪਣੀਆਂ ਮੰਗਾਂ ਮਨਾਉਣਾ ਚਾਹੇਗਾ ਤਾਂ ਕਾਮਯਾਬ ਨਹੀਂ ਹੋ ਸਕੇਗਾ। ਮੈਂ ਇਨ੍ਹਾਂ ਕਾਮਰੇਡ ਸਾਥੀਆਂ ਨੂੰ ਪੁਛਿਆ ਸੀ ਕਿ ਜੇ ਉਨ੍ਹਾਂ ਨੇ ਤੁਹਾਨੂੰ ਕਾਨਫੀਡੈਂਸ ਵਿਚ ਲਿਆ ਹੈ ਤਾਂ ਉਨ੍ਹਾਂ ਨੂੰ ਕਹੋ ਕਿ ਉਹ ਆਪਣੀ ਸਟਰਾਈਕ ਵਾਪਸ ਲੈ ਲੈਣ ਫਿਰ ਉਨ੍ਹਾਂ ਦੀਆਂ ਮੰਗਾਂ ਤੇ ਗੌਰ ਕਰਾਂਗੇ, ਪਰ ਇਹ ਉਨ੍ਹਾਂ ਦੀ ਸਟਰਾਈਕ ਵਾਪਸ ਨਹੀਂ ਕਰਾ ਸਕੇ। ਜਦ ਤਕ ਉਹ ਆਪਣੀ ਸਟਰਾਈਕ ਵਾਪਸ ਨਹੀਂ ਲੈਂਦੇ ਉਨ੍ਹਾਂ ਦੀ ਕੋਈ ਗਲ ਸਰਕਾਰ ਸੁਨਣ ਨੂੰ ਤਿਆਰ ਨਹੀਂ। ਮੈਂ ਹਾਊਸ ਦੀ ਵਾਕਫੀਅਤ ਲਈ ਦਸਣਾ ਚਾਹੁੰਦਾ ਹਾਂ ਕਿ ਮੈਂ ਰਿਪੋਰਟ ਮੰਗਾਈ ਹੈ 59 ਇਨਸਪੈਕਟਰਜ਼ ਨੇ ਆਪਣੀ ਡਿਊਟੀ ਸੰਭਾਲ ਲਈ ਇਕ ਉਨ੍ਹਾਂ ਦਾ ਮਾਇਲ ਕੰਜ਼ਰਵੇਟਿਵ ਦਾ ਵਿੰਗ ਹੈ ਉਸ ਵਿਚ 140 ਇਨਸਪੈਕਟਰਜ਼ ਹਨ ਜਿਨ੍ਹਾਂ ਨੇ ਹੜਤਾਲ ਕੀਤੀ ਸੀ ਉਨ੍ਹਾਂ ਸਾਰਿਆਂ ਨੇ ਬਗੈਰ ਕਿਸੇ ਕੰਡੀਸ਼ਨ ਦੇ ਆਪਣੀ ਡਿਊਟੀ ਸੰਭਾਲ ਲਈ ਹੈ। ਮੈਂ, ਸਪੀਕਰ, ਸਾਹਿਬ, ਇਹ ਵੀ ਦਸਣਾ ਚਾਹੁੰਦਾ ਹਾਂ ਕਿ ਜਿੰਨਾਂ ਵੀ ਇਨਸਪੈਕਟਰਜ਼ ਦਾ ਕੰਮ ਸੀ ਉਹ ਸਾਰੇ ਦਾ ਸਾਰਾ ਉਨ੍ਹਾਂ ਨੇ ਸਬ-ਇਨਸਪੈਕਟਰਜ਼ ਨੂੰ ਸੰਭਾਲਿਆ ਹੋਇਆ ਸੀ। ਪਹਿਲਾਂ ਵੀ ਇਹ ਇਨਸਪੈਕਟਰਜ਼ ਦਸਤਖ਼ਤ ਹੀ ਕਰਦੇ ਸਨ ਅਤੇ ਫੀਲਡ ਦਾ ਸਾਰਾ ਕੰਮ ਸਬ-ਇਨਸਪੈਕਟਰਜ਼ ਹੀ ਕਰਦੇ ਸਨ। ਅਸੀਂ ਸਬ-ਇੰਨਸਪੈਕਟਰਜ਼ ਦੀ ਤਨਖਾਹ ਵਧਾ ਦਿਤੀ ਹੈ। ਸਾਡੇ ਖੇਤੀ ਬਾੜੀ ਦੇ ਕੰਮ ਵਿਚ ਕੋਈ ਰੁਕਾਵਟ ਨਹੀਂ ਪਈ ਇਸ ਲਈ ਕਿਸੇ ਨੂੰ ਕੋਈ ਤੌਖ਼ਲਾ ਨਹੀਂ ਹੋਣਾ ਚਾਹੀਦਾ। ਮੈਂ ਆਪਣੇ ਕਾਮਰੇਡ ਸਾਥੀਆਂ ਨੂੰ ਕਹਾਂਗਾ ਕਿ ਉਹ ਇਹ ਉਨ੍ਹਾਂ ਨੂੰ ਕਹਿਣ ਕਿ ਉਹ ਆਪਣੀ ਸਟਰਾਈਕ ਵਾਪਸ ਲੈਣ ਅਤੇ ਉਨ੍ਹਾਂ ਦੀਆਂ ਮੰਗਾਂ ਤੇ ਹਮਦਰਦੀ ਨਾਲ ਗੌਰ ਕੀਤਾ ਜਾਵੇਗਾ। ਇਹ ਲੋਕਾਂ ਦੀ ਸਰਕਾਰ ਹੈ। ਕਿਸੇ ਨਾਲ ਕੋਈ ਜ਼ਿਦ ਨਹੀਂ।

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਇਨ੍ਹਾਂ ਦੇ ਸੁਚੱਜੇ ਕਰਮਚਾਰੀ ਹਨ ਅਤੇ ਉਨ੍ਹਾਂ ਨੇ ਗਰੀਨ ਰੈਵੋਲਿਊਸ਼ਨ ਵਿਚ ਬੜਾ ਹਿਸਾ ਪਾਇਆ ਹੈ, ਇਹ ਠੀਕ ਹੈ ਕਿ ਹੁਣ ਉਨ੍ਹਾਂ ਦਾ ਵਤੀਰਾ ਸ਼ਲਾਘਾਯੋਗ ਨਹੀਂ ਪਰ ਫਿਰ ਵੀ ਸਰਕਾਰ ਉਨ੍ਹਾਂ ਦੀਆਂ ਪਹਿਲੀਆਂ ਸੇਵਾਵਾਂ ਨੂੰ ਮੁੱਖ ਰਖ ਕੇ ਉਨ੍ਹਾਂ ਨਾਲ ਨਰਮੀ ਦਾ ਵਤੀਰਾ ਅਪਣਾਏ ਅਤੇ ਉਨ੍ਹਾਂ ਦੀ ਗਲਬਾਤ ਕਿਸੇ ਤਰ੍ਹਾਂ ਮੁਕਾਏ। ਸਾਨੂੰ ਵਡਿਆਈ ਵਿਖਾਉਣੀ ਚਾਹੀਦੀ ਹੈ। ਪੰਜਾਬ ਵਿਚ ਜ਼ਰਾਇਤੀ ਦੇ ਖੇਤਰ ਵਿਚ ਜਿਹੜੀ ਉਨ੍ਹਾਂ ਨੇ ਸੇਵਾ ਕੀਤੀ ਹੈ ਉਸ ਨੂੰ ਮੁੱਖ ਰਖ ਕੇ ਉਨ੍ਹਾਂ ਨਾਲ ਗਲ ਬਾਤ ਕਰਨੀ ਚਾਹੀਦੀ ਹੈ। ਉਨ੍ਹਾਂ ਦੀਆਂ ਹੱਕੀ ਮੰਗਾਂ ਪਰਦਾਨ ਕੀਤੀਆਂ ਜਾਣ। ਮੈਂ ਤਾਂ ਸਿਰਫ ਇਤਨੀ ਹੀ ਪ੍ਰਾਰਥਨਾ ਕਰਦਾ ਹਾਂ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਇਹ ਸੁਆਲ ਪੁਛਣਾ ਚਾਹੁੰਦਾ ਹਾਂ ਕਿ ਦੋ ਸਾਲਾਂ ਤੋਂ ਇਹ ਇਨਸਪੈਕਟਰਜ਼ ਆਪਣੀਆਂ ਮੰਗਾਂ ਰਖਦੇ ਆਏ ਹਨ। ਇਨ੍ਹਾਂ ਨੇ ਦੋ ਸਾਲ ਪਹਿਲਾਂ ਵੀ ਇਨ੍ਹਾਂ ਦੀ ਕੋਈ ਗਲ ਨਹੀਂ ਸੁਣੀ, ਹੁਣ ਹੜਤਾਲ ਹੋ ਗਈ ਉਨ੍ਹਾਂ ਦੀ ਫਿਰ ਵੀ ਕੋਈ ਗਲ ਨਹੀਂ ਮੰਨੀ ਜਾਂਦੀ। ਮੈਂ ਇਹ ਗਲ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਇਨ੍ਹਾਂ ਦੀ ਨੀਤੀ ਹੈ ਰਗੜ ਦਿਓ, ਸੂਤ ਕਰ ਦਿਓ, ਇਹ ਨੀਤੀ ਇਨ੍ਹਾਂ ਦੀ ਸਰਕਾਰ ਨੂੰ ਅਤੇ ਇਨ੍ਹਾਂ ਦੇ ਸੋਸ਼ਲਿਜ਼ਮ ਨੂੰ ਕਿਥੋਂ ਤਾਈਂ ਸਫਲ ਕਰੇਗੀ? ਦੋ ਸਾਲ ਹੋ ਗਏ ਹਨ ਉਨ੍ਹਾਂ ਨੇ ਆਪਣੀ ਡਿਮਾਂਡ ਰਖੀ ਸੀ, ਮੈਮੋਰੰਡਮ ਦਿਤੇ ਸਨ, ਹੜਤਾਲ ਕੀਤੀ ਪਰ ਕੋਈ ਗਲ ਨਹੀਂ ਸੁਣੀ ਜਾਂਦੀ। ਚੌਕੀਦਾਰ 5 ਸਾਲਾਂ ਤੋਂ ਫਸੇ ਹੋਏ ਹਨ ਉਨ੍ਹਾਂ ਦੀ ਵੀ ਕੋਈ ਗਲ ਨਹੀਂ ਸੁਣੀ ਜਾਂਦੀ। ਮੈਂ ਪੁਛਦਾ ਹਾਂ ਕਿ ਜਿਹੜੀ ਇਨ੍ਹਾਂ ਦੀ ਰੀਐਕਸ਼ਨਰੀ ਅਤੇ ਅਨ-ਸੋਸ਼ਲ ਨੀਤੀ ਹੈ ਕੀ ਇਸ ਨੂੰ ਇਹ ਖ਼ਤਮ ਕਰਨ ਲਈ ਤਿਆਰ ਹਨ, ਜਦੋਂ ਕਿ ਇਸ ਨੀਤੀ ਦੇ ਨਤੀਜੇ ਗੁਜਰਾਤ ਵਿਚ ਇਨ੍ਹਾਂ ਦੇ ਸਾਹਮਣੇ ਹਨ।

आचार्य पृथ्वी सिंह आजाद : स्पीकर साहब, मैं आनरेबल वज़ीर साहिब के नोटिस में लाना चाहता हूं कि पंजाब सरकार ने फलैच्चर कमिशन ऐप्वांयट किया था, उस कमिशन ने ......।

ਸ਼੍ਰੀ ਸਪੀਕਰ : ਇਹ ਕਾਲ ਅਟੈਨਸ਼ਨ ਨੋਟਿਸ ਦਾ ਟਾਪਿਕ ਨਹੀਂ (ਵਿਘਨ) (This is not the subject matter of the call attention notice) (*interruption*)

Acharya Prithvi Singh Azad : It is connected with the Call Attention Notice.

Mr. Speaker : I cannot allow discussion.

Acharya Prithvi Singh Azad : I am not discussing. I am simply pointing out.

स्पीकर साहिब, पंजाब सरकार ने फलैचर कमिशन एंप्वायंट किया था । उसने ऐग्रीकलचर इन्सपैकटरज़ का ग्रेड भी रिकमैन्ड किया था। उसको सरकार क्यों नहीं कन्सिडर करती ?

श्री अध्यक्ष : आप इस बारे में बजट पर डिस्कशन करते हुए कह देना। (You may refer to it while participating in the discussion on the Budget)

(Serial No. 4)

1. **Comrade Darshan Singh Canadian**
2. **Comrade Satya Pal Dang**

} Sir, I beg to draw the attention of the Government towards a matter of urgent public importance, namely, that the students, junior doctors and the entire para-medical staff of the Dayanand Medical College in Ludhiana have been on strike for the last many many days. They are demanding that as the grants given to the college are inadequate and part of that is misutilised by the college management, the college is not in a position to fulfil the minimum conditions prescribed by the University, Indian Medical Council and hence a constant threat of disaffilliation of the college and the ruination of the careers of the medical students hangs over their heads. They are demanding that the said college be taken over by the State Government. It is likely to spread. In view of the most urgent and immediate public importance of the matter the Government may be asked and make a statement in the House.

Mr. Speaker : Admitted. The Minister concerned may please make a statement.

ਕਾਮਰੇਡ ਸੱਤ ਪਾਲ ਡਾਂਗ: ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 5 ਸੁਲਤਾਨਪੁਰ ਲੋਧੀ ਦੇ ਕਾਲਜ ਦੇ ਵਿਦਿਆਰਥੀਆਂ ਬਾਰੇ ਹੈ। ਤੁਸੀਂ ਇਹ ਕਹਿ ਕੇ ਮੈਨੂੰ ਵਾਪਸ ਕਰ ਦਿੱਤੀ ਕਿ ਬਜਟ ਤੇ ਡਿਸਕਸ਼ਨ ਵੇਲੇ ਇਸ ਬਾਰੇ ਗਲ ਕਰ ਲੈਣਾ। ਇਹ ਚੀਜ਼ ਤਾਂ ਸਾਰੀਆਂ ਕਾਲ ਅਟੈਨਸ਼ਨ ਮੋਸ਼ਨਜ਼ ਬਾਰੇ ਕਹੀ ਜਾ ਸਕਦੀ ਹੈ।

ਸ਼੍ਰੀ ਸਪੀਕਰ : ਤੁਸੀਂ ਡਿਬੇਟ ਵਿਚ ਹਿੱਸਾ ਲੈਂਦੇ ਹੋਏ ਇਸ ਬਾਰੇ ਗਲ ਕਰ ਲੈਣਾ। (You may refer to it while speaking on the budget.

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਉਥੇ ਹੜਤਾਲ ਹੋਈ। ਉਥੇ ਕਾਲਜ ਅਤੇ ਵਿਦਿਆਰਥੀ ਦਾ ਮਸਲਾ ਨਹੀਂ। ਉਥੇ ਸਰਟਨ ਆਦਮੀ ਇਸ ਚੀਜ਼ ਨੂੰ ਕਮਿਊਨੱਲ ਫਿਜ਼ਾ ਦੇ ਰਹੇ ਹਨ। ਵਿਦਿਆਰਥੀਆਂ ਨੂੰ ਕੁਟਿਆ ਜਾ ਰਿਹਾ ਹੈ। ਤੁਸੀਂ ਕਹਿ ਰਹੇ ਹੋ ਕਿ ਬਜਟ ਤੇ ਡਿਸਕਸ਼ਨ ਕਰਦੇ ਹੋਏ ਗਲ ਕਰ ਲੈਣਾ। ਉਥੇ ਸਰਦਾਰ ਆਤਮਾ ਸਿੰਘ ਕੀ ਕਰ ਰਿਹਾ ਹੈ ਅਤੇ ਸਰਕਾਰ ਕੀ ਕਰ ਰਹੀ ਹੈ?

ਸ੍ਰੀ ਸਰਦਾਰੀ ਲਾਲ ਕਪੂਰ: ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਿਹੜੇ ਡਾਂਗ ਸਾਹਿਬ ਨੇ ਆਪਣੀ ਕਾਲ ਅਟੈਂਸ਼ਨ ਮੋਸ਼ਨ ਵਿਚ ਲਫਜ਼ ਉਸ ਕਾਲਜ ਦੀ ਮੈਨੇਜਮੈਂਟ ਬਾਰੇ ਕਹੇ ਹਨ, ਉਹ ਬੜੇ ਘਟੀਆ ਹਨ।

ਸ੍ਰੀ ਸਪੀਕਰ : ਇਹ ਚੀਜ਼ ਡਿਸਕਸ ਨਹੀਂ ਹੋ ਸਕਦੀ। (This cannot be discussed.)

ਕਾਮਰੇਡ ਸੱਤ ਪਾਲ ਡਾਂਗ: ਜਨਾਬ, ਇਹ ਬਿਟਰ ਟਰੁਥ ਹੈ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 8 ਸੀ। ਇਹ ਐਡਮਿਟ ਨਹੀਂ ਹੋਈ। ਨਾ ਸੀਮੰਟ ਮਿਲਦਾ ਹੈ ਅਤੇ ਨਾਂ ਹੀ ਡੀਜ਼ਲ ਮਿਲਦਾ ਹੈ ਅਤੇ ਆਟਾ ਡੇਢ ਰੁਪਏ ਕਿਲੋ ਲੋਕਾਂ ਨੂੰ ਮਿਲਦਾ ਹੈ। ਇਹ ਜ਼ਰੂਰੀ ਐਡਮਿਟ ਹੋਣੀ ਚਾਹਦੀ ਹੈ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੈਂ ਆਪਣੀ ਕਾਲ ਅਟੈਨਸ਼ਨ ਮੋਸ਼ਨ 19 ਤਾਰੀਖ ਵਾਸਤੇ ਦਿੱਤੀ ਸੀ ਅਤੇ ਤੁਸੀਂ ਅੱਜ ਵਾਸਤੇ ਰਖ ਕੇ ਇਸ ਨੂੰ ਰਿਜੈਕਟ ਕਰ ਦਿੱਤਾ ਹੈ।

ਸ੍ਰੀ ਸਪੀਕਰ : ਤਸ਼ਰੀਫ ਰਖੋ। ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। (Please resume your seat. You may come to my chamber.)

ਕਾਮਰੇਡ ਦਰਸਨ ਸਿੰਘ ਕੇਨੇਡੀਅਨ: ਸਪੀਕਰ ਸਾਹਿਬ, ਮੈਂ ਵੀ ਤੁਹਾਡੇ ਚੈਂਬਰ ਵਿਚ ਆ ਜਾਵਾਂ?

ਸ੍ਰੀ ਸਪੀਕਰ : ਠੀਕ ਹੈ ਜੀ, ਤੁਸੀਂ ਵੀ ਆ ਜਾਣਾ। (All right, you may also come.)

(Serial No. 9)

1. **Comrade Shamsher Singh Josh**
2. **Comrade Mehtab Singh**
3. **Comrade Jangir Singh Joga**

Sir, I beg to draw the attention of the Government towards a matter of urgent public importance, namely, shortage of Diesel and Fertilizer all over the State which is going to adversely affect agricultural production in the State. As a result of this shortage thousands of peasants are running hither and thither in search of both these commodities. Also, whatever quantity of Diesel is supplied to the peasants, the Petrol Pump owners are forcing them to buy certain other commodities as a condition for even this meagre supply.

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concerned may please make a statement.)

ਚੌਧਰੀ ਰਾਮ ਸਿੰਘ: ਸਪੀਕਰ ਸਾਹਿਬ, ਇਹ ਫੈਸਲਾ ਹੋਇਆ ਸੀ ਕਿ ਪਾਰਟੀ ਦੀ ਸਟਰੈਂਗਥ ਦੇ ਮੁਤਾਬਿਕ ਕਾਲ ਅਟੈਨਸ਼ਨ ਮੋਸ਼ਨਜ਼ ਐਡਮਿਟ ਕੀਤੀਆਂ ਜਾਣਗੀਆਂ। ਕਾਂਗਰਸ ਪਾਰਟੀ ਦੀ ਕੇਵਲ ਇੱਕ ਕਾਲ ਅਟੈਨਸ਼ਨ ਮੋਸ਼ਨ ਸੀ ਜਿਹੜੀ ਕਿ ਮੇਰੇ ਵਲੋਂ ਦਿੱਤੀ ਗਈ ਸੀ। ਉਹ ਤੁਸੀਂ ਐਡਮਿਟ ਨਹੀਂ ਕੀਤੀ। ਇਨ੍ਹਾਂ ਦੀਆਂ ਸਾਰੀਆਂ ਤੁਸੀਂ ਐਡਮਿਟ ਕੀਤੀਆਂ ਹਨ।

(Serial No. 10)

1. **Comrade Shamsher Singh Josh** : Sir, I beg to draw the attention of the Government towards a matter of urgent public importance, namely, the decision of State Employees Action Committee to go on Strike on 21st and 22nd February, 1974 to get their demands for D.A. on Central pattern conceded. As the matter is of urgent public importance and the entire State Administration is going to be paralysed, the Punjab Government is asked to make a statement and explain its position vis-a-vis the demands of the Employees.

Mr. Speaker : Admitted. The Minister concerned may please make a statement.

PAPERS LAID ON THE TABLE OF THE HOUSE

Revenue and Election Minister (Sardar Umrao Singh) : Sir, I beg to re-lay on the Table the* Punjab Land Reforms Rules, 1973, as required under section 26(2) of the Punjab Land Reforms Act, 1972.

Sir, I lay on the Table the *Punjab Land Reforms (First Amendment) Rules, 1973, as required under Section 26(2) of the Punjab Land Reforms Act, 1972.

Sir, I also lay on the Table the *20th Report of the Commissioner for Scheduled Castes and Scheduled Tribes for the year, 1970-71.

Sir, I also lay on the Table the *Constitution (Thirty-second Amendment) Bill, 1973, as passed by the Houses of Parliament.

Sir, I also lay on the Table the *Punjab State Legislature (Prevention of Disqualification) Amendment Ordinance, 1973 (Ordinance No. 8 of 1973) ; the Punjab Co-operative Societies (Amendment) Ordinance, 1973 (Ordinance No. 9 of 1973) and the Punjab State Tube-well (Amendment) Ordinance, 1974 (Ordinance No. 1 of 1974).

Mr. Speaker : The House stands adjourned till 9.00 A.M. on Tuesday, the 19th February, 1974.

7.45 P. M. | *(The Sabha then ajourned till* 9.00 *A.M. on Tuesday, the* 19*th February,* 1974).

*Placed in the Library.

APPENDIX
TO
PUNJAB VIDHAN SABHA DEBATES
Vol. I—No. 1
Dated 18th February, 1974

Memorandum from the residents of villages Mohali whose lands have been acquired

723. **Comrade Shamsher Singh Josh** : Will the Minister for Finance be pleased to state whether the Chief Minister received a Memorandum on 25th November, 1972 from the residents of village Mohali, whose lands have been acquired for Mohali Urban Housing Estate regarding the charter of their demands; if so, action if any taken thereon?

Shri Hans Raj Sharma (Minister for Finance and Urban Development) : A Memorandum from the residents of village Mohali was received in the Chief Minister's Secretariat on 29th November, 1972. A copy of the said representation is at Annexure 'A'. The demands contained therein were duly dealt with.

2. Owners, whose land is acquired are paid compensation as per the provisions of law. If any land owner is dissatisfied with the compensation awarded to him/her has the right to seek remedy in the competent Court of Law.

No person who has been paid compensation, for the acquisition of his land, retains any right on the land acquired by Government. Consequently, land owners who have received compensation for the acquisition of their land do not retain any right for tilling such lands.

The Punjab Pre-emption Act has been repealed in the State of Punjab. Under the existing allotment policy, provision exists for accommodating oustees on cent-per-cent basis, for allotment of plots in an Urban Estate, if any oustee applies for the allotment of a plot. Allottees of plots in the Industrial Focal Points are eligible for obtaining loans to set up industries. The Industries Department affords priority in the grant of loans to oustees in case an applicant of this category brings forwards a worthwhile and viable scheme. The industries Department have issued directions to all District Industries Officers in the State to urge the industrialists to accommodate oustees, to the extent possible in the matter of employment.

The manner in which Panchayat funds should be utilised is to be decided by the concerned Panchayat.

[ਮੁਹਾਲੀ ਪਿੰਡ ਦੇ ਵਸਨੀਕਾਂ ਵਲੋਂ ਇਕ ਮੈਮੋਰੰਡਮ ਮੁੱਖ ਮੰਤਰੀ ਜੀ ਦੇ ਦਫਤਰ ਵਿਚ ਮਿਤੀ 27 ਨਵੰਬਰ, 1972 ਨੂੰ ਪ੍ਰਾਪਤ ਹੋਇਆ ਸੀ। ਉਸ ਪ੍ਰਤਿ ਬੇਨਤੀ ਦੀ ਕਾਪੀ ਅਨੁਲੱਗ 'ਏ' ਤੇ ਹੈ। ਇਸ ਵਿਚ ਕੀਤੀਆਂ ਮੰਗਾਂ ਬਾਕਾਇਦਾ ਵਿਚਾਰੀਆਂ ਗਈਆਂ ਹਨ।

2. ਜਿਨ੍ਹਾਂ ਮਾਲਕਾਂ ਦੀ ਜ਼ਮੀਨ ਪ੍ਰਾਪਤ ਕੀਤੀ ਜਾਂਦੀ ਹੈ ਉਨ੍ਹਾਂ ਨੂੰ ਕਾਨੂੰਨ ਦੇ ਮੁਤਾਬਿਕ ਮੁਆਵਜ਼ਾ ਦਿੱਤਾ ਜਾਂਦਾ ਹੈ। ਜੇ ਕੋਈ ਜ਼ਮੀਨ ਮਾਲਕ ਦਿੱਤੇ ਮੁਆਵਜ਼ੇ ਦੇ ਐਵਾਰਡ ਨਾਲ ਸੰਤੁਸ਼ਟ ਨਾ ਹੋਵੇ ਤਾਂ ਉਹਨੂੰ ਹੱਕ ਹੈ ਕਿ ਉਹ ਸਮਰੱਥ ਅਦਾਲਤ ਪਾਸੋਂ ਇਸਦਾ ਉਪਾ ਲਭੇ।

ਕੋਈ ਆਦਮੀ ਜਿਸ ਨੂੰ ਉਮੰਦੀ ਸਰਕਾਰ ਵਲੋਂ ਪ੍ਰਾਪਤ ਕੀਤੀ ਭੋਂ ਦਾ ਮੁਆਵਜ਼ਾ ਮਿਲ ਚੁਕਾ ਹੈ, ਉਸ ਭੋਂ ਤੇ ਕੋਈ ਹੱਕ ਨਹੀਂ ਰਖਦਾ। ਨਤੀਜੇ ਵਜੋਂ ਜ਼ਮੀਨ ਦੇ ਮਾਲਕ ਜਿਨ੍ਹਾਂ ਨੇ ਆਪਣੀ ਭੋਂ ਪ੍ਰਾਪਤੀ ਦਾ ਮੁਆਵਜ਼ਾ ਪ੍ਰਾਪਤ ਕਰ ਲਿਆ ਹੈ, ਜ਼ਮੀਨ ਨੂੰ ਵੇਚਣ ਵਾਹੁਣ ਦਾ ਕੋਈ ਹੱਕ ਨਹੀਂ ਰਖਦੇ।

ਪੰਜਾਬ ਰਾਜ ਵਿਚ ਪੰਜਾਬ ਪ੍ਰੀਐਮਪਸ਼ਨ ਐਕਟ ਨਿਰਸ਼ੱਤ ਕੀਤਾ ਜਾ ਚੁਕਿਆ ਹੈ। ਮੌਜੂਦਾ ਅਲਾਟਮੇਂਟ ਪਾਲਿਸੀ ਅਨੁਸਾਰ ਜੇ ਕੋਈ ਬੇਦਖਲ ਕੀਤੇ ਲੋਕ ਸ਼ਹਿਰੀ ਮਿਲਖਾਂ ਵਿਚ ਪਲਾਟ ਲੈਣ ਲਈ ਅਰਜ਼ੀਆਂ ਦੇਣ ਤਾਂ ਉਨ੍ਹਾਂ ਨੂੰ ਸੌ ਫੀ ਸਦੀ ਪਲਾਟ ਅਲਾਟ ਕਰਨ ਦਾ ਉਪਬੰਧ ਹੈ। ਇੰਡਸਟਰੀਅਲ ਫੋਕਲ ਪੁਆਇੰਟਸ ਵਿਚ ਜਿਨ੍ਹਾਂ ਨੂੰ ਪਲਾਟ ਅਲਾਟ ਹੋਟੇ ਹਨ, ਉਹ ਕਾਰਖਾਨੇ ਲਾਉਣ ਲਈ ਕਰਜ਼ਾ ਲੈਣ ਦੇ ਹਕਦਾਰ ਹਨ। ਉਦਯੋਗ ਵਿਭਾਗ ਕਰਜ਼ਾ ਦੇਣ ਵਿਚ ਬੇਦਖਲ ਕੀਤੇ ਲੋਕਾਂ ਨੂੰ, ਜੇ ਉਹ ਕੋਈ ਚੰਗੀ ਅਤੇ ਚਲਣ ਵਾਲੀ ਸਕੀਮ ਪੇਸ਼ ਕਰਨ, ਪਹਿਲ ਦਿੰਦਾ ਹੈ। ਉਦਯੋਗ ਵਿਭਾਗ ਵਲੋਂ ਸਾਰੇ ਜ਼ਿਲ੍ਹਾ ਉਦਯੋਗ ਅਫਸਰਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਉਹ ਕਾਰਖਾਨੇਦਾਰਾਂ ਨੂੰ ਕਹਿਣ ਕਿ, ਜਿਥੋਂ ਤਕ ਹੋ ਸਕੇ, ਨੌਕਰੀ ਦੇ ਸਬੰਧ ਵਿਚ ਬੇਦਖ਼ਲ ਕੀਤੇ ਗਏ ਲੋਕਾਂ ਨੂੰ ਕੰਮ ਤੇ ਲਗਾਉਣ।

ਜਿਸ ਤਰੀਕੇ ਨਾਲ ਪੰਚਾਇਤ ਫੰਡਾਂ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ, ਉਸ ਬਾਰੇ ਸਬੰਧਤ ਪੰਚਾਇਤ ਨੇ ਆਪ ਫੈਸਲਾ ਕਰਨਾ ਹੈ।]

ANNEXURE 'A'

To

The Chief Minister, Punjab,
Chandigarh.

Sir,

We, the residents of village Mohali, do request to your goodself that the land of our village has been acquired twice already and for the remaining land notices have been issued to the land owners. Hence we, the residents of village Mohali are placing some genuine demands before you and do hope that your goodself will consider these demands sympathetically :—

(1) Our first demand is that the reasonable compensation of our land may be given to us. That the already compensation was so less that we could purchase with that money, the land of the same area, as it has been acquired by you and the price of the land is increasing day by day.

(2) The land which is lying vacant is of no use. Hence it may be allowed to plough that land by the owners without any lease. So that the land which is lying useless may be used to increase their own income as well as the national income. In this way national wastage may be saved.

(3) Any Government tax or small saving scheme, etc., should not be implemented on the oustees of this village, because the oustees are not leaving this village or land by their own accord. Under some compulsion they have to do like that. Hence they may be saved from this intolerable burden.

(4) Pre-emption suits should not be allowed to file in the Courts, against the oustees.

(5) The most important demand is that the plots should be reserved at Mohali for those whose land or garden or house has been acquired.

(6) Under Industries Act, 1935, Industrial Loans may be sanctioned for the lower income groups of residents so that they may be able to set up small scale Industries in this sector.

(7) Our village may be formed into a model-village. House building loans or grants may be sanctioned to the villagers so that they may be able to erect their houses according to new plans.

(8) Mostly people live from hand to mouth and the days are coming when it will become very difficult to keep body and soul together for the people. The same fate will meet to our children. To save from that fate it becomes the duty of Government for social welfare that the preference may be given to our children in public or private sector here.

(9) Up to Higher Secondary standard, education should be free for our children. So that the poor man may be able to get his children educated.

(10) Panchayat funds is the property of village and the village consists of the people residing in it. Hence the panchayat funds should be distributed among the residents.

In the end we do request to your goodself again and are looking for the bright and hopeful consideration.

Thanking you in anticipation.

(Sd.) KEHAR SINGH.

A copy is forwarded to Shri Shamsher Singh Josh, M.L.A., Punjab Assembly, Chandigarh.

15373/PVS—Govt. Press, Chd.

Published under the authority of the Punjab Vidhan Sabha Secretariat and printed by the Controller, Government Press, Chandigarh.

Punjab Vidhan Sabha Debates

19th February, 1974

Vol. I—No. 2

OFFICIAL REPORT

CONTENTS

Page

Tuesday, the 19th February, 1974

Punjab Vidhan Sabha Secretariat, Chandigarh

Price Rs. [illegible] Paise

PUNJAB VIDHAN SABHA

Tuesday, the 19th February, 1974

The Vidhan Sabha met in the Punjab Vidhan Sabha Hall, Vidhan Bhavan Sector-1, Chandigarh, at 9.00 a.m. of the Clock Mr. Speaker (Dr. Kewal Krishan) in the Chair.

STARRED QUESTIONS AND ANSWERS

SUPPLEMENTARY QUESTIONS TO STARRED QUESTION NO. 2105**

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਸਪਲੀਮੈਂਟਰੀ ਇਹ ਹੈ ਕਿ ਮੋਹਾਲੀ ਵਿਚ ਜਿੰਨੇ ਐਪਲੀਕੈਂਟਸ ਨੂੰ ਅਲਾਟਮੈਂਟ ਹੋ ਚੁਕੀ ਹੈ ਅਤੇ ਪੈਸੇ ਵੀ ਉਨ੍ਹਾਂ ਕੋਲੋਂ ਉਗਰਾਹੇ ਜਾ ਚੁਕੇ ਹਨ ਪਰ ਉਨ੍ਹਾਂ ਨੂੰ ਪੋਜ਼ੈਸ਼ਨ ਹਾਲੇ ਤੱਕ ਨਹੀਂ ਮਿਲੀ ਤਾਂ ਫਿਰ ਉਨ੍ਹਾਂ ਕੋਲੋਂ ਇੰਟਰੈਸਟ ਲੈਣ ਦਾ ਕੀ ਕਾਰਣ ਹੈ?

ਵਿੱਤ ਮੰਤਰੀ: ਜਿਸ ਦਿਨ ਤੋਂ ਅਲਾਟਮੈਂਟ ਹੋ ਜਾਂਦੀ ਹੈ ਉਸ ਦਿਨ ਤੋਂ ਇੰਟਰੈਸਟ ਸ਼ੁਰੂ ਹੋ ਜਾਂਦਾ ਹੈ।

ਚੌਧਰੀ ਰਾਮ ਸਿੰਘ : ਜਿਹੜੀ ਗਲਤ ਅਲਾਟਮੈਂਟ ਹੋਈ ਹੈ ਕੀ ਸਰਕਾਰ ਉਸ ਦੀ ਇਨਕੁਆਇਰੀ ਕਰਵਾਏਗੀ ?

ਮੰਤਰੀ: ਹਾਂ ਜੀ, ਸਰਕਾਰ ਵੇਖ ਰਹੀ ਹੈ ਅਤੇ ਜਿਹੜੀ ਵੀ ਗਲਤ ਅਲਾਟਮੈਂਟ ਹੋਈ ਹੋਵੇਗੀ ਉਸ ਦੀ ਇਨਕੁਆਇਰੀ ਕਰਵਾਈ ਜਾਵੇਗੀ ।

ਸਰਦਾਰ ਅਜਾਇਬ ਸਿੰਘ ਸੰਧੂ: ਕੀ ਮਨਿਸਟਰ ਸਾਹਿਬ ਸਾਨੂੰ ਇਹ ਲਿਸਟ ਪੜ੍ਹ ਕੇ ਦਸਣਗੇ ਕਿ ਮੌਜੂਦਾ ਵਜ਼ਾਰਤ ਦੇ ਕਿੰਨੇ ਮੈਂਬਰਾਂ ਨੂੰ ਪਲਾਟ ਦਿੱਤੇ ਹਨ ਔਰ ਕਿਹੜੇ ਕਿਹੜੇ ਮੈਂਬਰਾਂ ਨੂੰ ਪਲਾਟ ਦਿਤੇ ਗਏ ਹਨ?

ਮੰਤਰੀ: ਇਹ ਨਾ ਪੁਛਣ ਤਾਂ ਚੰਗਾ ਹੈ। ਜੇ ਮੈਨੂੰ ਇਹ ਨੋਟਿਸ ਦੇ ਦੇਣ ਤਾਂ ਮੈਂ ਦਸ ਦੇਵਾਂਗਾ। ਪਰ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਹੀ ਜ਼ਿਆਦਾ ਆਦਮੀਆਂ ਨੂੰ ਪਲਾਟ ਦਿੱਤੇ ਗਏ ਹਨ ।

आचार्य पृथ्वी सिंह आज़ाद : क्या वज़ीर साहिब यह बताने की कृपा करेंगे कि जिस तरह वीकर सैक्शन के लिए रेज़ीडैंशल प्लाटों में 25% रिज़र्वेशन रखी है क्या उसी तरह इन्डस्ट्रियल प्लाटों के लिए भी रिज़र्वेशन कर देंगे ?

ਮੰਤਰੀ: ਇਸ ਗੱਲ ਦਾ ਕਲ ਜਵਾਬ ਦੇ ਦਿਤਾ ਸੀ ਅਤੇ ਇਸ ਵਾਸਤੇ ਸਰਕਾਰ ਪਾਲਿਸੀ ਡਿਕਲੇਅਰ ਕਰ ਚੁਕੀ ਹੈ ।

ਸ੍ਰੀ ਪ੍ਰੇਮ ਗੁਪਤਾ: ਇਹ ਜਿਹੜੇ ਪਲਾਟ ਹਨ ਇਹ ਪਰਸਨਲ ਯੂਜ਼ ਵਾਸਤੇ ਦਿੱਤੇ ਗਏ ਹਨ। 15 ਸਤੰਬਰ 1969 ਤੱਕ ਦੀਆਂ ਅਰਜ਼ੀਆਂ ਤੇ ਜਿਨ੍ਹਾਂ ਨੂੰ ਪਲਾਟ ਅਲਾਟ ਕੀਤੇ ਗਏ ਹਨ ਉਨ੍ਹਾਂ ਨੇ ਜਾਂ ਤਾਂ ਵੇਚ ਦਿੱਤੇ ਹਨ ਜਾਂ ਰਹਿਨ ਰਖ ਦਿਤੇ ਹਨ ਜਾਂ ਪਾਵਰ ਆਫ ਐਟਾਰਨੀ ਕਰਕੇ ਵੇਚ ਦਿੱਤੇ ਹਨ, ਕੀ ਸਰਕਾਰ ਉਨ੍ਹਾਂ ਦੀ ਅਲਾਟਮੈਂਟ ਕੈਂਸਲ ਕਰਨ ਨੂੰ ਤਿਆਰ ਹੈ?

**For starred question No. 2105 and reply thereto, please see Punjab Vidhan Sabha Debates dated 18-2-1974.

ਮੰਤਰੀ : ਲੀਗਲ ਪੋਜ਼ੀਸ਼ਨ ਐਗਜ਼ਾਮਿਨ ਕਰਾਂਗੇ ਅਗਰ ਹੋ ਸਕਦਾ ਹੋਇਆ ਤਾਂ ਜ਼ਰੂਰ ਕਰਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ: ਇਹ ਸਰਕਾਰ ਤਾਂ ਇੰਡਸਟਰੀਅਲ ਐਸਟੇਟ ਬਣਾਉਣਾ ਚਾਹੁੰਦੀ ਹੈ ਪਰ ਜਿਹੜੀ ਮੋਹਾਲੀ ਇੰਡਸਟਰੀਅਲ ਐਸਟੇਟ ਬਣਾਈ ਜਾ ਰਹੀ ਹੈ, ਇਹ ਕੁੰਬੜਾ, ਸੁਹਾਨਾ, ਲਾਂਬੜਾ ਅਤੇ ਹੋਰ 30, 35 ਪਿੰਡਾਂ ਨੂੰ ਉਜਾੜ ਕੇ ਬਣਾਈ ਜਾ ਰਹੀ ਹੈ। ਮੈਂ, ਸਪੀਕਰ ਸਾਹਿਬ, ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਉਨ੍ਹਾਂ ਛੋਟੇ ਛੋਟੇ ਗਰੀਬ ਜ਼ਿਮੀਂਦਾਰਾਂ, ਜਿਨ੍ਹਾਂ ਦੀ 2 ਜਾਂ 4 ਏਕੜ ਜ਼ਮੀਨ ਹੈ, ਜ਼ਮੀਨ ਨਾ ਐਕੁਆਇਰ ਕਰਨ ਦਾ ਫੈਸਲਾ ਕਰੇਗੀ?

ਸ੍ਰੀ ਸਪੀਕਰ : ਇਹ ਸਵਾਲ ਤਾਂ ਇਸ ਵਿਚੋਂ ਪੈਦਾ ਹੀ ਨਹੀਂ ਹੁੰਦਾ। (This supplementary does not arise from this question)

ਕਾਮਰੇਡ ਸੱਤ ਪਾਲ ਡਾਂਗ: ਸਪਲੀਮੈਂਟਰੀ ਸਰ।

ਸ੍ਰੀ ਸਪੀਕਰ : ਬਸ ਜੀ, ਹੁਣ ਬਹੁਤ ਸਪਲੀਮੈਂਟਰਰੀਜ਼ ਹੋ ਚੁੱਕੀਆਂ ਹਨ। (Please leave it now. Enough supplementaries have been asked.)

ਕਾਮਰੇਡ ਸੱਤ ਪਾਲ ਡਾਂਗ: ਜਨਾਬ, ਸਵਾਲ ਮੇਰਾ ਸੀ ਪਰ ਤੁਸੀਂ ਮੈਨੂੰ ਸਿਰਫ ਇਕ ਸਪਲੀਮੈਂਟਰੀ ਤੇ ਬੋਲਣ ਦਿੱਤਾ ਹੈ ਅਤੇ ਸੰਧੂ ਸਾਹਿਬ 5 ਸਪਲੀਮੈਂਟਰੀ ਤੇ ਬੋਲ ਚੁੱਕੇ ਹਨ।

ਸ੍ਰੀ ਸਪੀਕਰ: ਅੱਛਾ ਜੀ, ਤੁਸੀਂ ਵੀ ਬੋਲ ਲਉ। (All right, you may also put your supplementary).

ਕਾਮਰੇਡ ਸੱਤ ਪਾਲ ਡਾਂਗ : ਮੈਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਗੱਲ ਦੀ ਕਲੀਅਰ ਕਟ ਐਸ਼ੋਰੈਂਸ ਦਿਵਾਉਣ ਲਈ ਤਿਆਰ ਹਨ ਕਿ ਜਿਨ੍ਹਾਂ ਨੇ ਦਰਖ਼ਾਸਤਾਂ ਸਰਕਾਰ ਦੀ ਸਕੀਮ ਅਨੁਸਾਰ 1969 ਵਾਲੀ ਤਾਰੀਖ ਤੋਂ ਪਹਿਲੇ ਦੇ ਦਿੱਤੀਆਂ ਹਨ ਅਤੇ ਪੈਸੇ ਜਮ੍ਹਾਂ ਕਰਵਾਏ ਹਨ ਉਨ੍ਹਾਂ ਨੂੰ ਪਲਾਟ ਪਹਿਲੇ ਮਿਲਣਗੇ ਅਤੇ ਸਰਮਾਏਦਾਰ, ਸਨਅਤਕਾਰ, ਐੱਮ. ਐਲ. ਏਜ਼ ਅਤੇ ਐਮ. ਪੀਜ਼ ਨੂੰ ਪਲਾਟ ਦੇਣੇ ਬੰਦ ਕਰ ਦਿੱਤੇ ਜਾਣਗੇ ?

ਮੰਤਰੀ: ਇਸ ਦਾ ਜਵਾਬ ਮੈਂ ਕਲ ਹੀ ਦੇ ਦਿੱਤਾ ਸੀ।

C.A. to Government Employees in the Kandi Area of the State

***.2208. Master Dalip Chand** : Will the Minister for Finance be pleased to state whether the Government propose to grant special Compensatory Allowance(C.A.) to Government employees in the whole of Kandi Area of the State as given in the Kandi area of Nurpur Bedi Block; if not, the reasons therefor ?

Shri Hans Raj Sharma : No Sir. The conditions in whole of Kandi area are not as difficult as in the Kandi area of Nurpur Bedi Block.

[ਨਹੀਂ ਜੀ। ਸਾਰੇ ਕੰਢੀ ਦੇ ਇਲਾਕੇ ਵਿਚ ਜੀਵਨ ਦੇ ਸਾਧਨ ਇਨੇ ਕਠਿਨ ਨਹੀਂ ਹਨ ਜਿੰਨੇ ਨੂਰਪੁਰ ਬੇਦੀ ਬਲਾਕ ਦੇ ਕੰਢੀ ਇਲਾਕੇ ਵਿਚ।]

ਮਾਸਟਰ ਦਲੀਪ ਚੰਦ: ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਡਿਸਟ ਰਿਕਟ ਰੋਪੜ ਅਤੇ ਹੁਸ਼ਿਆਰਪੁਰ ਨੂੰ ਕੰਡੀ ਦਾ ਏਰੀਆ ਕਰਾਰ ਦਿੱਤਾ ਹੈ, ਨੂਰਪੁਰ ਬੇਦੀ ਦੇ ਬਲਾਕ ਦੇ

ਇੰਪਲਾਈਜ਼ ਨੂੰ ਸਪੈਸ਼ਲ ਕੰਪਨਸੇਟਰੀ ਅਲਾਊਂਸ ਦਿੱਤਾ ਜਾਂਦਾ ਹੈ। ਬਲਾਚੌਰ ਔਰ ਨੂਰਪੁਰ ਬੇਦੀ ਦੇ ਬਲਾਕ ਵਿਚ ਕੋਈ ਫਰਕ ਨਹੀਂ, ਦੋਨੋਂ ਇਕੋ ਤਰ੍ਹਾਂ ਦੇ ਬੈਕਵਰਡ ਹਨ। ਕੀ ਸਰਕਾਰ ਇਸ ਵਿਤਕਰੇ ਨੂੰ ਦੂਰ ਕਰਕੇ ਬਲਾਚੌਰ ਦੇ ਇਲਾਕੇ ਨੂੰ ਵੀ ਕੰਪਨਸੇਟਰੀ ਅਲਾਊਂਸ ਦੇਣ ਲਈ ਵਿਚਾਰ ਕਰੇਗੀ ?

ਵਿੱਤ ਮੰਤਰੀ: ਮੈਂ ਤਾਂ ਇਸ ਦਾ ਜਵਾਬ ਦੇ ਚੁੱਕਾ ਹਾਂ। ਹਾਲੇ ਤਕ ਨੂਰਪੁਰ ਬੇਦੀ ਤੋਂ ਰਿਪੋਰਟ ਆਈ ਸੀ, ਅਗਰ ਹੁਣ ਕੋਈ ਹੋਰ ਰਿਪੋਰਟ ਦੂਸਰੇ ਬਲਾਕ ਤੋਂ ਆ ਜਾਵੇਗੀ ਤਾਂ ਗੌਰ ਕਰਾਂਗੇ। ਜਿਹੜੀ ਸਾਡੀ ਯੂਨਿਟ ਹੈ ਉਹ ਸਰਵੇ ਕਰ ਲਵੇਗੀ।

ਡਾਕਟਰ ਅਮੀਰ ਸਿੰਘ ਕਲਕਟ : ਕੀ ਮੰਤਰੀ ਮਹੋਦਯ ਇਹ ਦਸਣ ਦੀ ਖੇਚਲ ਕਰਨਗੇ ਕਿ ਭੂੰਗ ਬਲਾਕ ਜਿਹੜਾ ਕਿ ਕੰਡੀ ਦਾ ਏਰੀਆ ਹੈ ਅਤੇ ਸਭ ਤੋਂ ਜ਼ਿਆਦਾ ਬੈਕਵਰਡ ਹੈ ਇਸ ਨੂੰ ਸਰਕਾਰ ਅਤੇ ਡੀ. ਸੀ. ਦੀ ਰਿਪੋਰਟ ਨੇ ਵੀ ਬੈਕਵਰਡ ਕਰਾਰ ਦਿੱਤਾ ਹੈ ਅਤੇ ਇਹ ਸਰਕਾਰ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਵੀ ਸਟੈਪ ਮਦਰਲੀ ਟਰੀਟਮੈਂਟ ਕਰਦੀ ਰਹੀ ਹੈ। ਕੀ ਇਹ ਸੁਵਿਧਾ ਇਨ੍ਹਾਂ ਇਲਾਕਿਆਂ ਵਿਚ ਵੀ ਦੇਣ ਲਈ ਤਿਆਰ ਹੈ?

ਮੰਤਰੀ: ਸਪੀਕਰ ਸਾਹਿਬ, ਹੁਣ ਤੱਕ ਅਸੀਂ ਧਾਰ ਬਲਾਕ ਅਤੇ ਗੁਰਦਾਸਪੁਰ ਨੂੰ ਹਿੱਲੀ ਕੰਪਨ-ਸੇਟਰੀ ਅਲਾਊਂਸ ਦੇ ਰਹੇ ਹਾਂ। ਹਾਜੀਪੁਰ ਬਲਾਕ, ਅਨੰਦਪੁਰ ਬਲਾਕ ਅਤੇ ਰੋਪੜ ਵਿਚ ਵੀ ਅਸੀਂ ਇਹ ਇੰਟਰੋਡਿਊਸ ਕਰ ਦਿੱਤਾ ਹੈ ਅਤੇ ਜੇ ਹੋਰ ਵੀ ਕੋਈ ਐਸਾ ਬਲਾਕ ਹੋਵੇਗਾ ਜਿਹੜਾ ਕਿ ਕੰਡੀਸ਼ਨਜ਼ ਫੁਲਫਿਲ ਕਰਦਾ ਹੋਵੇਗਾ ਉਸ ਤੇ ਵਿਚਾਰ ਕੀਤਾ ਜਾਵੇਗਾ।

ਸਰਦਾਰ ਅਜਾਇਬ ਸਿੰਘ ਸੰਧੂ: ਮੇਰੀ ਸਪਲੀਮੈਂਟਰੀ ਇਹ ਹੈ ਕਿ ਅਨੰਦਪੁਰ ਅਤੇ ਨੂਰਪੁਰ ਦੇ ਬਲਾਕਸ ਜਿਹੜੇ ਕਿ ਚੀਫ ਮਨਿਸਟਰ ਦੇ ਹਲਕੇ ਵਿਚ ਪੈਂਦੇ ਹਨ ਉਥੇ ਤਾਂ ਕੰਪਨਸੇਟਰੀ ਅਲਾਊਂਸ ਇੰਟਰੋ-ਡਿਊਸ ਕਰ ਦਿੱਤਾ ਹੈ ਪਰ ਜਿਹੜਾ ਉਨਾਂ ਦੇ ਕੋਠੇ ਦੇ ਨਾਲ ਲਗਦਾ ਇਲਾਕਾ ਮਾਜਰੀ ਬਲਾਕ ਹੈ ਉਥੇ ਕਿਉਂ ਨਹੀਂ ਇਟਰੋਡਿਊਸ ਕੀਤਾ; ਜੇ ਨਹੀਂ ਕੀਤਾ ਤਾਂ ਕਦੋਂ ਕਰੋਗੇ ? ਇਹ ਡਿਸਕਰਿਮੇਨੇਸ਼ਨ ਨਹੀਂ ਹੋਣੀ ਚਾਹੀਦੀ।

ਮੰਤਰੀ : ਸਪੀਕਰ ਸਾਹਿਬ, ਇਹ ਤਾਂ ਸਮਝਦੇ ਹਨ ਕਿ ਇਹ ਸੜਕਾਂ ਜਾਂ ਪੀਣ ਵਾਲਾ ਪਾਣੀ ਦਿੱਤਾ ਜਾ ਰਿਹਾ ਹੈ। ਇਹ ਤਾਂ ਜਿਥੇ ਇਮਪਲਾਈਜ਼ ਨੂੰ ਜ਼ਿਆਦਾ ਜ਼ਰੂਰਤ ਹੁੰਦੀ ਹੈ ਜਾਂ ਹਾਰਡਸ਼ਿਪ ਹੁੰਦੀ ਹੈ ਉਥੇ ਅਲਾਊਂਸ ਦਿੱਤਾ ਜਾਂਦਾ ਹੈ।

(ਇਸ ਵੇਲੇ ਚੌਧਰੀ ਰਾਮ ਸਿੰਘ ਸਵਾਲ ਕਰਨ ਲਈ ਉਠੇ)

ਸ਼੍ਰੀ ਸਪੀਕਰ: ਉਨਾਂ ਨੇ ਜਵਾਬ ਦੇ ਦਿੱਤਾ ਹੈ ਕਿ ਅਸੀਂ ਕਨਸਿਡਰ ਕਰ ਲਵਾਂਗੇ। (He has already replied that it will be considered.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ: ਜੋ ਉਨ੍ਹਾਂ ਨੇ ਕਿਹਾ ਹੈ ਇਸ ਨਾਲ ਮੇਰੇ ਸਵਾਲ ਦਾ ਜਵਾਬ ਨਹੀਂ ਆਇਆ। ਮੇਰਾ ਸਵਾਲ ਤਾਂ ਇਹ ਹੈ ਕਿ ਕੀ ਵਜ਼ੀਰ ਸਾਹਿਬ ਇਹ ਵਿਸ਼ਵਾਸ ਦਿਲਾਉਣਗੇ ਕਿ ਜਿਤਨਾ ਵੀ ਕੰਡੀ ਏਰੀਆ ਹੈ, ਉਸ ਦਾ ਇਕਨਾਮਿਕ ਅਤੇ ਸੋਸ਼ਲ ਸਰਵੇ ਕਰਾਉਣ ਲਈ ਤਿਆਰ ਹਨ ਤਾਂ ਜੋ ਕਿਸੇ ਵੀ ਇਲਾਕੇ ਨਾਲ ਬੇਇਨਸਾਫੀ ਨਾ ਹੋਵੇ ?

ਮੰਤਰੀ: ਮੈਂ ਅਰਜ਼ ਕੀਤੀ ਸੀ ਕਿ ਅਸੀਂ ਜੋ ਟਰਮਜ਼ ਅਤੇ ਕੰਡੀਸ਼ਨਜ਼ ਆਲਰੇਡੀ ਲਾਈਆਂ ਹੋਈਆਂ ਹਨ ਉਸ ਦੇ ਆਧਾਰ ਤੇ ਹਰ ਕੰਡੀ ਦੇ ਇਲਾਕੇ ਨੂੰ ਐਗਜ਼ਾਮਿਨ ਕਰ ਲਵਾਂਗੇ। ਜੋ ਕੰਡੀਸ਼ਨਜ਼ ਫੁਲਫਿਲ ਕਰਦਾ ਹੋਵੇਗਾ ਉਸ ਨੂੰ ਲੈ ਲਵਾਂਗੇ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ: ਕੀ ਵਜ਼ੀਰ ਸਾਹਿਬ ਉਨ੍ਹਾਂ ਲੋਕਾਂ ਨੂੰ ਇਕ ਸਾਲ ਦਾ ਅਲਾਊਂਸ ਦੇਣਗੇ ਜਿਸ ਇਲਾਕੇ ਨੂੰ ਕੰਡੀ ਦਾ ਇਲਾਕਾ ਕਰਾਰ ਦੇਣਗੇ ?

ਮੰਤਰੀ: ਜਿਹੜੀਆਂ ਕੰਡੀਸ਼ਨਜ਼ ਆਲਰੈਡੀ ਲਾਈਆਂ ਹੋਈਆਂ ਹਨ, ਜੇ ਉਹ ਫੁਲਫਿਲ ਕਰਦੇ ਹੋਣਗੇ ਤਾਂ ਜ਼ਰੂਰ ਇਨਕਲੂਡ ਕਰ ਲਵਾਂਗੇ ।

ਚੌਧਰੀ ਰਾਮ ਸਿੰਘ: ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਿਹੜੀ ਸਰਵੇ ਕਮੇਟੀ ਬਣੇਗੀ ਕੀ ਉਹ ਸਾਰੇ ਸਬ-ਮਾਊਨਟੇਨਸ ਏਰੀਏ ਨੂੰ , ਜਿਹੜਾ ਰੋਪੜ, ਦਸੂਹਾ ਅਤੇ ਪਠਾਨਕੋਟ ਅਤੇ ਧਾਰ ਬਲਾਕ ਦਾ ਜਿਤਨਾ ਵੀ ਏਰੀਆ ਹੈ ਉਸ ਨੂੰ ਕੰਡੀ ਏਰੀਆ ਵਿਚ ਸ਼ਾਮਲ ਕਰ ਲੈਣਗੇ ?

ਮੰਤਰੀ: ਉਨ੍ਹਾਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਧਾਰ ਬਲਾਕ ਦਾ ਏਰੀਆ ਕੰਪਨਸੇਟਰੀ ਅਲਾਊਂਸ ਲੈਣ ਵਾਲਿਆਂ ਵਿਚ ਆਉਂਦਾ ਹੈ ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ: ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਕੀ ਨੂਰਪੁਰ ਅਤੇ ਅਨੰਦਪੁਰ ਦੇ ਹਲਕੇ ਵਿਚ ਇਹੋ ਫਰਕ ਹੈ ਕਿ ਉਥੇ ਦੇ ਇਲਾਕੇ ਵਿਚੋਂ ਚੀਫ ਮਨਿਸਟਰ ਲਈ ਵੋਟਾਂ ਹਾਸਲ ਕਰਨ ਦੀ ਔਖ ਹੈ ਨਹੀਂ ਤਾਂ ਦੋਹਾਂ ਇਲਾਕਿਆਂ ਵਿਚ ਪਹਾੜੀਆਂ ਹਨ, ਉਥੇ ਵੀ ਸੜਕਾਂ ਘੱਟ ਹਨ । ਕਿਤੇ ਹੋਰ ਕੋਈ ਗਲ ਤਾਂ ਨਹੀਂ ਜਿਥੋਂ ਵੋਟਾਂ ਲੈਣੀਆਂ ਹਨ ਉਨ੍ਹਾਂ ਇਲਾਕਿਆਂ ਨੂੰ ਹੀ ਰਿਆਇਤਾਂ ਦੇਣੀਆਂ ਹਨ, ਹੋਰ ਭਾਵੇਂ ਮਰਦੇ ਰਹਿਣ? (ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਸ੍ਰੀ ਸਪੀਕਰ: ਇਹ ਕੋਈ ਸਪਲੀਮੈਂਟਰੀ ਨਹੀਂ । Please resume your seat. (This is no supplementary question. Please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਸਰਕਾਰ ਤਾਂ ਸਾਡੇ ਨਾਲ ਬਾਹਰ ਕੋਈ ਇਨਸਾਫ ਨਹੀਂ ਕਰਦੀ ਘਟੋ ਘਟ ਤੁਸੀਂ ਤਾਂ ਇਨਸਾਫ ਕਰੋ । (ਵਿਘਨ) (ਸ਼ੋਰ)

Mr. Speaker : Please resume your seat. No aspersion on the Chair.

ਕੈਪਟਨ ਰਤਨ ਸਿੰਘ: ਕੀ ਵਜ਼ੀਰ ਸਾਹਿਬ ਇਹ ਜਵਾਬ ਦੇਣਗੇ ਕਿ ਜਦੋਂ ਇਕ ਏਰੀਆ ਕੰਡੀ ਦਾ ਡੀਮਾਰਕੇਟ ਕੀਤਾ ਗਿਆ ਹੈ ਤਾਂ ਇਕ ਇਲਾਕੇ ਤੇ ਦੂਸਰੇ ਇਲਾਕੇ ਦੇ ਮੁਲਾਜ਼ਮਾਂ ਵਿਚ ਫਰਕ ਕਿਉਂ ਰਖਿਆ ਜਾਂਦਾ ਹੈ ? ਕੀ ਵਜ਼ੀਰ ਸਾਹਿਬ ਇਕੋ ਜਿਹਾ ਸਲੂਕ ਕਰਨ ਦਾ ਯਤਨ ਕਰਨਗੇ ?

ਮੰਤਰੀ: ਮੈਂ ਵਜ਼ੀਰਾਂ ਵਾਲਾ ਜਵਾਬ ਤਾਂ ਦੇ ਦਿੱਤਾ ਹੈ (ਹਾਸਾ) ਕਪਤਾਨ ਸਾਹਿਬ ਇਤਨੇ ਪੁਰਾਣੇ ਪਾਰਲੀਮੈਂਟੇਰੀਅਨ ਹਨ (ਆਵਾਜ਼ਾਂ : ਜਵਾਬ ਨਹੀਂ ਆਇਆ) ਮੈਂ ਇਹ ਕਹਿ ਚੁੱਕਾ ਹਾਂ ਕਿ ਜੇ ਕੋਈ ਇਲਾਕਾ ਕੰਡੀਸ਼ਨਜ਼ ਫੁਲਫਿਲ ਕਰਦਾ ਹੋਵੇਗਾ, ਦੁਬਾਰਾ ਸਰਵੇ ਕਰਾ ਲਵਾਂਗੇ, ਕਿਸੇ ਵੀ ਏਰੀਏ ਦੇ ਨਾਲ ਵਿਤਕਰਾ ਨਹੀਂ ਕੀਤਾ ਜਾਵੇਗਾ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਪੀਕਰ ਸਾਹਿਬ, ਕੰਡੀ ਦਾ ਇਲਾਕਾ ਸਾਡੀ ਕੰਸਟੀਚੂਐਂਸੀ ਨੂੰ ਵੀ ਕਵਰ ਕਰਦਾ ਹੈ । ਪਰ ਸਾਨੂੰ ਪੁਛਿਆ ਤੱਕ ਨਹੀਂ ਜਾਂਦਾ ਇਸ ਦਾ ਕੀ ਕਾਰਨ ਹੈ?

ਮੰਤਰੀ: ਮੈਂ ਇਕ ਸਪੈਸੇਫਿਕ ਸਵਾਲ ਦਾ ਜਵਾਬ ਦਿੱਤਾ ਹੈ। ਜੇਕਰ ਖ਼ਰੜ ਕੰਡੀ ਇਲਾਕੇ ਵਿਚ ਆਉਂਦਾ ਹੈ ਉਹ ਵੀ ਵੇਖ ਲਵਾਂਗੇ।

Scheme to cover the Storm Water Drain of Patiala City

***2119. Shri Prem Gupta** : Will the Minister for Finance be pleased to state whether it is a fact that the Punjab Government has recently sanctioned a scheme to cover the storm water drain of Patiala City; if so, the details of the said scheme and the time by which the same is likely to be completed ?

Shri Hans Raj Sharma : Some amount has been given to Municipal Committee, Patiala, to undertake the scheme to cover the storm water drain of Patiala city. The Public Health Department has not yet submitted a scheme in this regard to the Government through the municipal committee. Government will consider the scheme when it is submitted for further action and make a phased programme to implement the scheme.

[ਨਗਰ ਪਾਲਕਾ ਪਟਿਆਲਾ ਨੂੰ ਪਟਿਆਲਾ ਸ਼ਹਿਰ ਦੇ ਹੜ੍ਹ ਦੇ ਪਾਣੀ ਤੇ ਨਾਲੇ ਨੂੰ ਢਕਣ ਲਈ ਸਕੀਮ ਸਬੰਧੀ ਕੁਝ ਰਕਮ ਦਿੱਤੀ ਗਈ ਹੈ। ਪਬਲਿਕ ਹੈਲਥ ਵਿਭਾਗ ਨੇ ਇਸ ਸਬੰਧ ਵਿੱਚ ਕੋਈ ਸਕੀਮ ਤਿਆਰ ਕਰਕੇ ਕਮੇਟੀ ਰਾਹੀਂ ਸਰਕਾਰ ਨੂੰ ਨਹੀਂ ਦਿੱਤੀ। ਸਰਕਾਰ ਇਸ ਮੰਤਵ ਲਈ ਬਣਾਈ ਗਈ ਸਕੀਮ ਤੇ ਵਿਚਾਰ ਕਰੇਗੀ ਜਦੋਂ ਵੀ ਅਜਿਹੀ ਸਕੀਮ ਇਸ ਨੂੰ ਅਗਲੇਰੀ ਕਾਰਵਾਈ ਲਈ ਉਪਲਭਧ ਕੀਤੀ ਜਾਵੇਗੀ ਅਤੇ ਇਸ ਸਕੀਮ ਨੂੰ ਫੇਜ਼ਡ ਪ੍ਰੋਗਰਾਮ (phased programme) ਦੀ ਸ਼ਕਲ ਵਿੱਚ ਨੇਪਰੇ ਚਾੜ੍ਹਿਆ ਜਾਵੇਗਾ]

ਸ੍ਰੀ ਪ੍ਰੇਮ ਗੁਪਤਾ: ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਨਣੀ ਚਾਹੁੰਦਾ ਹਾਂ ਕਿ ਇਸ ਸਕੀਮ ਦੀ ਇਮਪਲੀਮੈਂਟੇਸ਼ਨ ਕਦੋਂ ਤੱਕ ਹੋ ਜਾਵੇਗੀ ?

ਵਿੱਤ ਮੰਤਰੀ : ਇਸ ਸਕੀਮ ਲਈ 87 ਲੱਖ ਰੁਪਏ ਦੀ ਪ੍ਰੋਵੀਜ਼ਨ ਕੀਤੀ ਗਈ ਹੈ। ਇਸ ਸਕੀਮ ਦੀ 2-3 ਸਾਲਾਂ ਦੇ ਵਿਚ ਇੰਪਲੀਮੈਂਟੇਸ਼ਨ ਹੋ ਜਾਵੇਗੀ।

ਸਰਦਾਰ ਜਸਦੇਵ ਸਿੰਘ ਸੰਧੂ : ਮੈਂ ਵਜ਼ੀਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਜੇ ਸਕੀਮ ਅਜੇ ਤੱਕ ਸ਼ੁਰੂ ਹੀ ਨਹੀਂ ਕੀਤੀ, ਪ੍ਰਾਜੈਕਟ ਅਪਰੂਵ ਨਹੀਂ ਹੋਇਆ ਕਿਉਂਕਿ ਸਕੀਮ ਸਬਮਿਟ ਨਹੀਂ ਹੋਈ, ਤਾਂ ਫੇਰ ਚੀਫ਼ ਮਨਿਸਟਰ ਸਾਹਿਬ ਉਦਘਾਟਨ ਕਿਸ ਗੱਲ ਦਾ ਕਰਕੇ ਆਏ ਹਨ;—

Minister: ਮੈਂ ਕਿਹਾ ਹੈ ਕਿ Some amount has been given to the Municipal Committee.

ਸਰਦਾਰ ਹਰਚੰਦ ਸਿੰਘ: ਵਜ਼ੀਰ ਸਾਹਿਬ ਨੇ ਫੁਰਮਾਇਆ ਹੈ ਕਿ ਅਜੇ ਕੰਮ ਚਾਲੂ ਨਹੀਂ ਹੋਇਆ, ਮੈਂ ਤਾਂ ਕਹਿੰਦਾ ਹਾਂ ਕਿ ਉਥੇ ਕੰਮ ਹੋ ਰਿਹਾ ਹੈ। (ਹਾਸਾ) ਮੈਂ ਤਾਂ ਵਜ਼ੀਰ ਸਾਹਿਬ ਤੋਂ ਇਹ ਹੀ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਸਕੀਮ ਦੇ ਚਲਣ ਨਾਲ ਸਾਰਾ ਸ਼ਹਿਰ ਪਾਣੀ ਦੇ ਵਿਚ ਡੁੱਬ ਜਾਏਗਾ ਜਾਂ ਨਹੀਂ ? ਕੀ ਇਸ ਗੱਲ ਦਾ ਵੀ ਧਿਆਨ ਰਖਿਆ ਜਾਵੇਗਾ ? (ਹਾਸਾ)

ਮੰਤਰੀ: ਐਸੀ ਕੋਈ ਗੱਲ ਨਹੀਂ ਕਿ ਸ਼ਹਿਰ ਪਾਣੀ ਵਿਚ ਡੁੱਬ ਜਾਏਗਾ ਜਾਂ ਕੁਝ ਹੋਰ ਹੋ ਜਾਵੇਗਾ। ਮੈਂ ਅਰਜ਼ ਕੀਤੀ ਹੈ ਕਿ ਅਸੀਂ ਕੁਝ ਰਕਮ ਮਿਉਂਸੀਪਲ ਕਮੇਟੀ ਨੂੰ ਐਲੋਕੇਟ ਕੀਤੀ ਹੈ। ਜਦੋਂ ਪਬਲਿਕ ਹੈਲਥ ਦਾ ਮਹਿਕਮਾ ਸਕੀਮ ਦੇ ਦੇਵੇਗਾ ਅਸੀਂ ਕਲੀਅਰੈਂਸ ਦੇ ਦੇਵਾਂਗੇ।

ਸ਼੍ਰੀ ਪ੍ਰਤਾਪ ਚੰਦ ਭੰਡਾਰੀ: ਕੀ ਸਰਕਾਰ ਦੇ ਇਹ ਗੱਲ ਨੋਟਿਸ ਵਿਚ ਆਈ ਹੈ ਕਿ ਪਟਿਆਲਾ ਸ਼ਹਿਰ ਵਿਚੋਂ ਅਜੇ ਤਾਈਂ ਪਾਣੀ ਕੱਢਣ ਦਾ ਕਿਸੇ ਨੇ ਕੋਈ ਇੰਤਜ਼ਾਮ ਨਹੀਂ ਕੀਤਾ ?

Mr. Speaker : Question does not arise.

Accommodation in the Government Higher Secondary School for Boys, Daim Ganj, Amritsar

***2168. (1) Comrade Mehtab Singh**
(2) Comrade Satya Pal Dang : Will the Minister for Education be pleased to state —

(a) the details of the accommodation available in the Government Higher Secondary School for Boys, Daim Ganj, Amritsar, as also the total number of classes, students and teachers in the said school as on 1st December, 1973;

(b) whether it is a fact that the total accommodation available in the said school is inadequate and portions of the building of the said school are in dangerous condition ;

(c) the name(s) of the owner(s) of the school building and the dates since when each one of them have not carried out any repairs;

(d) the steps taken by the Government to remedy the situation?

Shri Gurmail Singh :

(a) (i) Accommodation	..	13 rooms
(ii) Cassses	..	1 to 11th
(iii) Students	..	1883
(iv) Teachers	..	65

(b) Yes.

(c) One building is owned by Government, the repairs of which were carried out during 1970-71. The other building owned by Shrimati Sumitra Devi which was acquired is being transferred in the name of Government. The special repairs will be carried out after the possession is taken by Government.

(d) More land is being acquired for the construction of additional accommodation.

[(ੳ) (1) ਕਮਰੇ	..	13
(2) ਸ਼੍ਰੇਣੀਆਂ	..	1 ਤੋਂ 11
(3) ਵਿਦਿਆਰਥੀ	..	1,883
(4) ਅਧਿਆਪਕ	..	65

(ਬੀ) ਹਾਂ ਜੀ।

(ਸੀ) ਇਕ ਇਮਾਰਤ ਸਰਕਾਰ ਦੀ ਮਲਕੀਅਤ ਹੈ, ਜਿਸ ਦੀ ਮੁਰੰਮਤ ਸਾਲ 1970-71 ਵਿਚ ਕਰਵਾਈ ਗਈ ਸੀ। ਦੂਸਰੀ ਇਮਾਰਤ ਜਿਹੜੀ ਕਿ ਸ੍ਰੀਮਤੀ ਸੁਮਿਤਰਾ ਦੇਵੀ ਦੀ ਸੀ ਅਤੇ ਜੋ ਐਕੁਆਇਰ ਕੀਤੀ ਗਈ ਸੀ, ਸਰਕਾਰ ਦੇ ਨਾਂ ਤਬਦੀਲ ਕਰਵਾਈ ਜਾ ਰਹੀ ਹੈ। ਸਰਕਾਰ ਨੂੰ ਕਬਜ਼ਾ ਮਿਲਣ ਤੇ ਇਮਾਰਤ ਦੀ ਵਿਸ਼ੇਸ਼ ਮੁਰੰਮਤ ਕਰਵਾਈ ਜਾਵੇਗੀ।

(ਡੀ) ਹੋਰ ਉਸਾਰੀ ਲਈ ਜ਼ਮੀਨ ਪ੍ਰਾਪਤ ਕੀਤੀ ਜਾ ਰਹੀ ਹੈ।]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਮੰਨਿਆ ਹੈ ਕਿ ਬਿਲਡਿੰਗ ਦੀ ਹਾਲਤ ਬੜੀ ਖਰਾਬ ਹੈ, ਬੱਚਿਆਂ ਨੂੰ ਬੜਾ ਖਤਰਾ ਹੈ। ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਇਸ ਸਕੂਲ ਦਾ ਆਕੂਪੇਸ਼ਨ ਲੈ ਕੇ ਮੁਰੰਮਤ ਕਰਵਾ ਦੇਣਗੇ ਤਾਂਕਿ ਐਸਾ ਨਾ ਹੋਵੇ ਕਿ ਛੱਤ ਦੇ ਗਿਰਨ ਕਾਰਨ ਬੱਚਿਆਂ ਦਾ ਜਾਨੀ ਨੁਕਸਾਨ ਹੋ ਜਾਵੇ।

ਵਿਦਿਆ ਮੰਤਰੀ : ਸਪੀਕਰ ਸਾਹਿਬ, ਮੈਂ ਇਕ ਤਾਂ ਖਤਰਨਾਕ ਲਫਜ਼ ਨਹੀਂ ਕਿਹਾ ਹੈ। ਇਹ ਉਹਨੇ ਆਪਣੇ ਵਲੋਂ ਲਗਾਇਆ ਹੈ।

Comrade Satya Pal Dang : Part (b) of the question reads as under—

> "Whether it is a fact that the total accommodation available in the said school is inadequate and portions of the building of the said school are in dangerous condition"

and the reply given by the Minister is—

"Yes."

ਮੰਤਰੀ : ਜਿਹੜੀ ਸੁਮਿਤਰਾ ਦੇਵੀ ਦੀ ਜ਼ਮੀਨ ਸੀ ਜਿਹੜੀ ਕਿ ਸਕੂਲ ਦੇ ਨਾਂ ਹੋ ਰਹੀ ਹੈ ਉਸ ਸਬੰਧੀ ਮੈਂ ਦੱਸ ਦੇਣਾ ਚਾਹੁੰਦਾ ਹਾਂ ਕਿ ਜਦੋਂ ਤਕ ਕੋਈ ਜ਼ਮੀਨ ਪੀ. ਡਬਲਿਊ. ਡੀ. ਦੇ ਨਾਂ ਨਾ ਹੋ ਜਾਵੇ ਉਨਾ ਚਿਰ ਉਥੇ ਉਸਾਰੀ ਦਾ ਕੰਮ ਨਹੀਂ ਹੋ ਸਕਦਾ ਹੈ। (ਵਿਘਨ) ਇਮਾਰਤ ਘਟ ਹੈ ਉਹਦੇ ਲਈ ਜ਼ਮੀਨ ਅਕੁਆਇਰ ਕਰਦੇ ਪਏ ਹਾਂ।

ਕਾਮਰੇਡ ਸੱਤ ਪਾਲ ਡਾਂਗ: ਜੇ ਇਨ੍ਹਾਂ ਦੇ ਸਾਰੇ ਲੰਮੇ ਚੌੜੇ ਪ੍ਰੋਸੀਜਰ ਮੁਕੰਮਲ ਹੋਣ ਤੋਂ ਪਹਿਲਾਂ ਹੀ ਖਤਰਨਾਕ ਬਿਲਡਿੰਗ ਗਿਰ ਗਈ ਅਤੇ ਬੱਚੇ ਮਰ ਗਏ ਤਾਂ ਕੀ ਚੌਧਰੀ ਗੁਰਮੇਲ ਸਿੰਘ ਜ਼ਿਮੇਂਵਾਰ ਹੋਣਗੇ, ਬੈਂਸ ਸਾਹਿਬ ਜ਼ਿੰਮੇਵਾਰ ਹੋਣਗੇ ਜਾਂ ਪੀ. ਡਬਲਿਊ. ਡੀ. ਵਾਲੇ ਜ਼ਿਮੇਂਵਾਰ ਹੋਣਗੇ।

ਮੰਤਰੀ: ਇਹ ਵੀ ਯਤਨ ਕਰਨ ਅਤੇ ਮੈਂ ਵੀ ਯਤਨ ਕਰਾਂਗਾ ?

Upgrading of Primary Schools to Middle Schools in the State

***2118. Shri Prem Gupta** : Will the Minister for Education be pleased to lay on the Table of the House a list showing the details of the Primary Schools upgraded to Middle Schools in the State from 1st April, 1973 to 31st December, 1973?

Shri Gurmail Singh : A list of schools upgraded form Primary to Middle standard in the State is laid on the Table of the House.

[ਰਾਜ ਵਿਚ ਪ੍ਰਾਇਮਰੀ ਤੋਂ ਮਿਡਲ ਕੀਤੇ ਸਕੂਲਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।]

[Minister for Education]

List of Primary Schools upgraded to Middle Standard in the State during the period from 1st April, 1973 to 31st December, 1973

(I) DISTRICT AMRITSAR

1. Makhi Kalan
2. Thathgarh
3. Narli
4. Fatehgarh Sukarchak
5. Karyal
6. Ghasitpur
7. Jattan Pashia
8. Kathanian
9. Bagga
10. Shahabpur

(II) BHATINDA DISTRICT

1. Dharampura
2. Dayalpur Bhaike
3. Dhaliwan
4. Rajgharh Kubbe

(III) FEROZEPUR DISTRICT

1. Chugatewala
2. Chanankhera
3. Kabu Shah Khuban
4. Bhure Khurd Khullarva (Block Ferozepur)
5. Behak Khas (Tehsil Fazilka)
6. Wara Bhai
7. Shahzada Sant Singhwala

(IV) FARIDKOT DISTRICT

1. Khudian Gulab Singh
2. Katianwali
3. Machi (Block Nihal Singh Wala)
4. Bhim Nagar Refugee Camp Moga
5. Chotian
6. Mehro
7. Nangal (Block Nihal Singh wala)
8. Udhe Karan
9. Mehna (Tehsil Muktsar)

(V) DISTRICT GURDASPUR

1. Sherpur Giddarpur
2. Hyhayat Nagar
3. Sarti
4. Janial
5. Gujjarpura
6. Bhattiwal

(VI) DISTRICT HOSHIARPUR

1. Jaura Bhaghyari
2. Railmajra
3. Denowal Kalan
4. Lalwan
5. Sarhala Kalan
6. Dhamian
7. Bassi Wazid
8. Kamalpur, Hoshiarpur
9. Dhamohi

(VII) DISTRICT JULLUNDUR

1. Dakoha
2. Wadiana
3. Talwandi Bharo
4. Uppal Khalsa Uppal Jagir
5. Littron
6. Raipur (Tehsil Jullundur)
7. Mujjaffarpur
8. Manguwal
9. Dhogri
10. Gandhi Nagar Camp, Jullundur (Boys)
11. Rajpur (Block Bhogpur)
12. Behram

13. Kharkuwal
14. Rurka Khurd
15. Paddi Jagir
16. Wadala 17, Mehsumpur

(VIII) DISTRICT KAPURTHALA

1. Dham
2. Bhagana
3. Talwandi Bhain
4. Khanowal

(IX) DISTRICT LUDHIANA

1. Bhaini Darera
2 Ghudani Khurd
3. Andlu
4. Seh
5. Ghugrali Sikhan (Block Samrala)
6. Bhagpur
7. Jonnewal
8. Amargarh Kaler
9. Leelan

(X) DISTRICT PATIALA

1. Mardanpur
2. Kheri Gandhian
3. Ramgarh (Nabha)
4. Karkaur
5. Mukandpur (Dera Bassi)
6. Fazulapur
7. Ramgarh (tehsil Patiala) (Dakala)
8. Asarpur
9. Kulwanoo
10. Chirwa (Raipur) (Block Patiala)
11. Saddo Majra

(XI) DISTRICT ROPAR

1. Mianpur Changar
2. Makrona Kalan
3. Brahmna di Bassian
4. Duggari
5. Hyatpur

(XIII) DISTRICT SANGRUR

1. Niamatpur (in the name of Shahid Pritam Singh)
2. Gagga
3. Sullar Gharat
4. Majhi
5. Himtana
6. Bhodan
7. Namol
8. Chatha Sekhon
9. Gobindgarh

[ਸੂਚੀ (1 ਅਪਰੈਲ, 1973 ਤੋਂ 31 ਦਸੰਬਰ, 1973 ਤੱਕ ਦੇ ਸਮੇਂ ਵਿਚ ਰਾਜ ਵਿਚੋਂ ਪ੍ਰਾਇਮਰੀ ਤੋਂ ਮਿਡਲ ਅਪ-ਗਰੇਡ ਕੀਤੇ ਸਕੂਲ

(1) ਅੰਮ੍ਰਿਤਸਰ ਜ਼ਿਲ੍ਹਾ—

1. ਮੱਖੀ ਕਲਾਂ
2. ਥਾਂਬਗੜ੍ਹ
3. ਨਾਰਲੀ
4 ਫਤਿਹਗੜ੍ਹ ਸੁਕਰ ਚੱਕ
5. ਕਰਿਆਲ
6. ਘਸੀਟਪੁਰ
7. ਜੱਟਾਂ ਪਾਸੀਆਂ
8. ਬਠਾਣੀਆਂ
9. ਬੱਗਾ
10. ਸਹਾਬਪੁਰ

(2) ਜ਼ਿਲ੍ਹਾ ਬਠਿੰਡਾ—

1. ਧਰਮਪੁਰਾ
2. ਦਿਆਲਪੁਰ ਭਾਈਕਾ
3. ਧਾਲੀਵਾਂ
4. ਰਾਜਗੜ੍ਹ ਕਬੇ

[ਵਿਦਿਆ ਮੰਤਰੀ]

(3) ਜ਼ਿਲ੍ਹਾ ਫੀਰੋਜ਼ਪੁਰ

1. ਚੁਗਾਤੇ ਵਾਲਾ
2. ਚਾਨਣ ਖੇੜਾ
3. ਕਬੂਲ ਸ਼ਾਹ ਖੂਬਨ
4. ਭੂਰੇ ਖੁਰਦ ਖੁਲਾਰਵਾ (ਬਲਾਕ ਫਿਰੋਜ਼ਪੁਰ)
5. ਬੈਹਰ ਖਾਸ (ਤਹਿ:ਫਾਜ਼ਿਲਕਾ)
6. ਵਾੜਾ ਭਾਈ
7. ਸ਼ਹਿਜ਼ਾਦਾ ਸੰਤ ਸਿੰਘ ਵਾਲਾ

(4) ਜ਼ਿਲ੍ਹਾ ਫਰੀਦਕੋਟ

1. ਖੁੱਡੀਆਂ ਗੁਲਾਬ ਸਿੰਘ
2. ਕਟਿਆਂ ਵਾਲੀ
3. ਮਾਚੀ (ਬਲਾਕ ਨਿਹਾਲ ਸਿੰਘ ਵਾਲਾ)
4. ਭੀਮ ਨਗਰ ਰਿਫੂਜੀ ਕੈਂਪ, ਮੋਗਾ
5. ਚੋਟੀਆਂ
6. ਮੇਹਰੋ
7. ਨੰਗਲ (ਬਲਾਕ ਨਿਹਾਲ ਸਿੰਘ ਵਾਲਾ)
8. ਉਧੇ ਕਰਨ
9. ਮਹਿਣਾ (ਤਹਿ: ਮੁਕਤਸਰ)

(5) ਜ਼ਿਲ੍ਹਾ ਗੁਰਦਾਸਪੁਰ

1. ਸ਼ੇਰਪੁਰ ਗਿਦੜਪੁਰ
2. ਹੈਆਤ ਨਗਰ
3. ਸ਼ਾਰਟੀ
4. ਜਨਿਆਲ
5. ਗੁਜ਼ਰਪੁਰਾ
6. ਭੱਟੀ ਵਾਲ

(6) ਜ਼ਿਲ੍ਹਾ ਹੁਸ਼ਿਆਰਪੁਰ

1. ਜੌੜਾ ਭਗਿਆਰੀ
2. ਰੈਲ ਮਾਜਰਾ
3. ਡੈਨਵਾਲ ਕਲਾਂ
4. ਲ਼ਲਵਾਨ
5. ਸਰਹਾਲਾ ਕਲਾਂ
6. ਧਾਮੀਆਂ
7. ਬੱਸੀ ਵਜ਼ੀਦ
8. ਕਮਾਲਪੁਰ, ਹੁਸ਼ਿਆਰਪੁਰ
9. ਚਮੋਹੀ

(7) ਜ਼ਿਲ੍ਹਾ ਜਲੰਧਰ

1. ਦਕੋਹਾ
2. ਵਡਿਆਨਾ
3. ਤਲਵੰਡੀ ਭਰੋ
4. ਉਪਲ ਖਾਲਸਾ ਉਪਲ ਜਗੀਰ
5. ਲਿਤਰਾਂ
6. ਰਾਏਪੁਰ (ਤਹਿ: ਜਲੰਧਰ)
7. ਮੁਜ਼ੱਫਰਪੁਰ
8. ਮੰਗੂਵਾਲ
9. ਧੋਗੜੀ
10. ਗਾਂਧੀ ਨਗਰ ਕੈਂਪ (ਜਲੰਧਰ ਮੁੰਡਿਆਂ ਦਾ)
11. ਰਾਜੂਪਰ (ਬਲਾਕ ਭੋਗਪੁਰ)
12. ਬਹਿਰਾਮ
13. ਖੜਕੂਵਾਲ
14. ਰੁੜਕਾ ਖੁਰਦ
15. ਪੱਦੀ ਜਗੀਰ
16. ਵਡਾਲਾ
17. ਮਹਿਸੂਮਪੁਰ

(8) ਜ਼ਿਲ੍ਹਾ ਕਪੂਰਥਲਾ

1. ਧਾਮ
2. ਭੰਗਾਨਾ
3. ਤਲਵੰਡੀ ਭਾਈਆਨ
4. ਖਾਨੋਵਾਲ

(9) ਜ਼ਿਲ੍ਹਾ ਲੁਧਿਆਣਾ

1. ਭੈਣੀ ਦਰੇੜਾ
2. ਗੁਡਣੀ ਖੁਰਦ
3. ਆਂਡਲ

4. ਸੇਹ
5. ਘੁੰਗਰਾਲੀ ਸਿੱਖਾਂ (ਬਲਾਕ ਸਮਰਾਲਾ)
6. ਭਾਗਪੁਰ
7. ਜੋਨੇਵਾਲ
8. ਅਮਰਗੜ੍ਹ ਕਲੇਰ
9. ਲੀਲਾਂ

(10) ਜ਼ਿਲ੍ਹਾ ਪਟਿਆਲਾ

1. ਮਰਦਾਪੁਰ
2. ਖੇੜੀ ਗੰਡਿਆਂ
3. ਰਾਮਗੜ੍ਹ (ਨਾਭਾ)
4. ਕਰਕੌਰ
5. ਮੁਕੰਦਪੁਰ (ਡੇਰਾ ਬੱਸੀ)
6. ਫ਼ਜ਼ੂਲਪੁਰ
7. ਰਾਮਗੜ੍ਹ (ਤਹਿ: ਪਟਿਆਲਾ) (ਡਕਾਲਾ)
8. ਅਮਰਪੁਰ
9. ਕੁਲਵਾਨੂੰ
10. ਚਿੜਵਾ (ਬਲਾਕ ਪਟਿਆਲਾ) (ਰਾਇਪੁਰ)
11. ਸੱਦੋ ਮਾਜਰਾ

(11) ਜ਼ਿਲ੍ਹਾ ਰੋਪੜ

1. ਮੀਆਂਪੁਰ ਚੰਗਰ
2. ਮਕੜੌਨਾਂ ਕਲਾਂ
3. ਬਰਾਹਮਣਾ ਦੀ ਬੱਸੀਆਂ
4. ਡੁੱਗਰੀ
5. ਹਿਆਤਪੁਰ

(12) ਜ਼ਿਲ੍ਹਾ ਸੰਗਰੂਰ

1 ਨਿਆਮਤਪੁਰ (ਸ਼ਹੀਦ ਪ੍ਰੀਤਮ ਸਿੰਘ ਦੇ ਨਾਂ ਤੇ)
2. ਗੱਗਾ
3. ਸੂਲਰ ਘਾਸਟ
4. ਮਾਜਰੀ
5. ਹਿਮਤਾਨਾ
6. ਭੋਡਨ
7. ਨਮੋਲ
8. ਚੱਪਾ ਸੋਪੋ
9. ਗੋਬਿੰਦਗੜ੍ਹ]

ਸ੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਜਾਨਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮੈਂਟ ਨੇ ਇਹ ਸਕੂਲ ਪ੍ਰਾਇਮਰੀ ਤੋਂ ਮਿਡਲ ਬਣਾਏ ਹਨ। ਪਰ ਜਿਹੜੇ ਸਕੂਲ ਕ੍ਰੈਸ਼ ਪ੍ਰੋਗਰਾਮ ਹੇਠ ਬਣਨੇ ਸਨ ਕੀ ਉਹ ਬਣ ਗਏ ਹਨ ਜਾਂ ਕਿ ਨਹੀਂ ?

ਵਿਦਿਆ ਮੰਤਰੀ: ਸਵਾਲ ਵਿਚੋਂ ਇਹ ਚੀਜ਼ ਉਠਦੀ ਹੀ ਨਹੀਂ ਹੈ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਐਲਾਨੀਆ ਪਾਲਿਸੀ ਇਹ ਹੈ ਕਿ ਪਛੜੇ ਹੋਏ ਜਿਹੜੇ ਇਲਾਕੇ ਹਨ ਉਨ੍ਹਾਂ ਨੂੰ ਵਧੇਰੇ ਤੋਂ ਵਧੇਰੇ ਤਾਲੀਮ ਦੀਆਂ ਸਹੂਲਤਾਂ ਦਿਤੀਆਂ ਜਾਣ। ਬਠਿੰਡਾਂ ਐਜੂਕੇਸ਼ਨ ਦੇ ਲਿਹਾਜ਼ ਨਾਲ ਪਛੜਿਆ ਹੋਇਆ ਜ਼ਿਲ੍ਹਾ ਹੈ ਪਰ ਉਥੇ ਚਾਰ ਸਕੂਲ ਅਪਗਰੇਡ ਕੀਤੇ ਗਏ ਹਨ। ਇਸ ਦੇ ਮੁਕਾਬਲੇ ਜਾਲੰਧਰ ਜ਼ਿਲ੍ਹੇ ਵਿਚ, ਜੋ ਕਿ ਸਭ ਤੋਂ ਜ਼ਿਆਦਾ ਵਿਕਸਿਤ ਜ਼ਿਲ੍ਹਾ ਹੈ, ਉਥੇ 17 ਅਪਗਰੇਡ ਕੀਤੇ ਗਏ ਹਨ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਪਿਛਲੇ ਮੰਤਰੀ ਸਨ, ਸਰਦਾਰ ਉਮਰਾਓ ਸਿੰਘ ਜੀ, ਉਨ੍ਹਾਂ ਨੇ ਤਾਂ ਉਹੀ ਨੀਤੀ ਅਪਣਾਈ ਜਿਵੇਂ ਕਿ 'ਅੰਨ੍ਹਾ ਵੰਡੇ ਰਿਉੜੀਆਂ ਮੁੜ ਮੁੜ ਆਪਣਿਆਂ ਨੂੰ ਦੇ'। ਉਨ੍ਹਾਂ ਨੇ ਇਸ ਪਾਲਿਸੀ ਤੇ ਅਮਲ ਕੀਤਾ। ਇਹ ਪਾਲਿਸੀ ਕਦ ਤਕ ਖ਼ਤਮ ਹੋਵੇਗੀ ?

ਮੰਤਰੀ: ਸਪੀਕਰ ਸਾਹਿਬ, ਸਕੂਲ ਨੂੰ ਅਪਗਰੇਡ ਕਰਨ ਵਾਸਤੇ ਛੇ ਸਤ ਸ਼ਰਤਾਂ ਹਨ ਜਦ ਕਿ ਕੈਨੇਡੀਅਨ ਸਾਹਿਬ ਨੇ ਸਿਰਫ਼ ਇਕ ਸ਼ਰਤ ਦਾ ਹੀ ਜ਼ਿਕਰ ਕੀਤਾ ਹੈ। (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ: ਪਿਛਲੇ ਸੈਸ਼ਨ ਵਿਚ ਵੀ, ਸਪੀਕਰ ਸਾਹਿਬ, ਮੈਂ ਤਾਲੀਮ ਦੇ ਵਜ਼ੀਰ ਤੋਂ ਇਹ ਪੁੱਛਿਆ ਸੀ ਕਿ ਜਿੱਥੇ ਅਕਾਲੀ ਜਿੱਤੇ ਹਨ ਕੀ ਅਪਗਰੇਡਿੰਗ ਆਫ ਸਕੂਲਜ਼ ਵਿਚ ਉਨ੍ਹਾਂ ਨਾਲ ਵਿਤਕਰਾ ਨਹੀਂ ਕੀਤਾ ਗਿਆ ਹੈ। ਮੈਂ ਹੁਣ ਵੀ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜ਼ਿਲ੍ਹਾ ਫਰੀਦਕੋਟ ਅਤੇ ਜ਼ਿਲ੍ਹਾ ਬਠਿੰਡਾ ਦੋਵੇਂ ਜ਼ਿਲ੍ਹੇ ਹੀ ਤਾਲੀਮ ਦੇ ਸਿਲਸਿਲੇ ਵਿਚ ਪਛੜੇ ਹੋਏ ਹਨ ਅਤੇ ਕੀ ਹੁਣ ਫੇਰ ਅਪਗਰੇਡੇਸ਼ਨ ਆਫ ਸਕੂਲਜ਼ ਵਿਚ ਇਨ੍ਹਾਂ ਇਲਾਕਿਆਂ ਨਾਲ ਵਿਤਕਰਾ ਨਹੀਂ ਕੀਤਾ ਗਿਆ ?

ਮੰਤਰੀ: ਇਹ ਦਰੁਸਤ ਹੈ ਕਿ ਇਨ੍ਹਾਂ ਨੇ ਆਪਣੇ ਵੇਲੇ ਵਿਤਕਰੇ ਕੀਤੇ ਹਨ ਪਰ ਸਾਡੀ ਸਰਕਾਰ ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਦੀ। ਕਿਸੇ ਸਕੂਲ ਨੂੰ ਅਪਗਰੇਡ ਕਰਨ ਵਾਸਤੇ ਛੇ ਸਤ ਸ਼ਰਤਾਂ ਹੁੰਦੀਆਂ ਹਨ ਪਰ ਇਨ੍ਹਾਂ ਨੇ ਸਿਰਫ ਇਕ ਹੀ ਸ਼ਰਤ ਦਾ ਜ਼ਿਕਰ ਕੀਤਾ ਹੈ। ਇਸ ਗੱਲ ਦਾ ਵੀ ਧਿਆਨ ਰੱਖਿਆ ਜਾਂਦਾ ਹੈ।

ਸਰਦਾਰ ਬਸੰਤ ਸਿੰਘ ਖਾਲਸਾ: ਕੀ ਵਜ਼ੀਰ ਸਾਹਿਬ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਨੇ ਕਈ ਵੇਰੀ ਅਖਬਾਰਾਂ ਵਿਚ ਖ਼ਬਰ ਕਢਾਈ ਹੈ ਕਿ ਸੈਪਰੇਟ ਪ੍ਰਾਇਮਰੀ ਐਜੂਕੇਸ਼ਨ ਡਾਇਰਕਟੋਰੇਟ ਖੋਲ੍ਹਿਆ ਜਾ ਰਿਹਾ ਹੈ, ਕੀ ਇਹ ਚੀਜ਼ ਠੀਕ ਹੈ ਜਾਂ ਹਾਲੇ ਤੱਕ ਇਹ ਕਾਗਜ਼ਾਂ ਵਿਚ ਹੀ ਹੈ ?

ਮੰਤਰੀ: ਇਹ ਸਵਾਲ ਇਹਦੇ ਵਿਚੋਂ ਉਠਦਾ ਹੀ ਨਹੀਂ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਮੈਂ, ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਪਿੱਛੇ ਜਿਹੇ ਝੁਨੀਰ ਬਲਾਕ ਵਿਚ ਕਰਾਂਜੀਆ ਵਿਖੇ ਸਕੂਲ ਅਪਗਰੇਡ ਕਰਨ ਲਈ ਵਜ਼ੀਰ ਸਾਹਿਬ ਨੀਂਹ ਪੱਥਰ ਰੱਖ ਕੇ ਆਏ ਸੀ। ਉਹ ਸਕੂਲ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਕੀ ਉਸ ਸਕੂਲ ਨੂੰ ਅਪਗਰੇਡ ਕਰਾਇਆ ਜਾਏਗਾ?

ਮੰਤਰੀ: ਜੋ ਮੈਂਬਰ ਸਾਹਿਬ ਨੇ ਕਿਹਾ ਹੈ ਉਸ ਬਾਰੇ ਪਤਾ ਕਰ ਲਵਾਂਗੇ ਅਤੇ ਜੇ ਕਿਸੇ ਸਾਡੇ ਵਜ਼ੀਰ ਸਾਹਿਬ ਨੇ ਵਾਇਦਾ ਕੀਤਾ ਹੋਇਆ ਤਾਂ ਉਹ ਪੂਰਾ ਕੀਤਾ ਜਾਏਗਾ। ਸਾਡੀ ਗੌਰਮਿੰਟ ਕਾਇਮ ਹੈ।

ਕਾਮਰੇਡ ਜੰਗੀਰ ਸਿੰਘ ਜੋਗਾ : ਬਠਿੰਡੇ ਜ਼ਿਲ੍ਹੇ ਦੀਆਂ ਜਿੰਨੀਆਂ ਅਸੀਂ ਸਿਫਾਰਸ਼ਾਂ ਕੀਤੀਆਂ ਹਨ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਅਤੇ ਚਾਰ ਪੰਜ ਹਜ਼ਾਰ ਆਬਾਦੀ ਦੇ ਪਿੰਡ ਹਨ, ਬਾਵਜੂਦ ਇਸ ਗੱਲ ਦੇ ਦੋ ਸਾਲ ਹੋ ਗਏ ਹਨ ਪਰ ਜ਼ਿਲ੍ਹਾ ਬਠਿੰਡਾ ਵਿਚ ਇਕ ਸਕੂਲ ਨਹੀਂ ਬਣਿਆ ਹੈ। ਅੱਜ ਵੀ 26 ਸਕੂਲ ਬਿਨਾਂ ਹੈਡਮਾਸਟਰਾਂ ਤੋਂ ਉਥੇ ਹਨ।

ਸ੍ਰੀ ਸਪੀਕਰ: No question (ਵਿਘਨ) ਆਨਰੇਬਲ ਮੈਂਬਰ ਸਾਹਿਬਾਨ ਦੀ ਐਂਗਜ਼ਾਇਟੀ ਮੈਂ ਮਹਿਸੂਸ ਕਰ ਰਿਹਾ ਹਾਂ ਕਿ ਸਕੂਲ ਜ਼ਿਆਦਾ ਅਪਗਰੇਡ ਹੋਣੇ ਚਾਹੀਦੇ ਹਨ (ਵਿਘਨ) ਮੈਂ ਸਾਰੇ ਮੈਂਬਰ ਸਾਹਿਬਾਨ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਜੇ ਬਾਕੀ ਦੇ ਕੁਐਸਚਨਜ਼ ਉਹ ਨਹੀਂ ਪੁੱਛਣਾ ਚਾਹੁੰਦੇ ਤਾਂ ਸਾਰਾ ਸਮਾਂ ਇਸ ਸਵਾਲ ਤੇ ਹੀ ਲਗਾ ਦਿਤਾ ਜਾਵੇ। ਵਜ਼ੀਰ ਸਾਹਿਬ ਨੇ ਐਸ਼ੋਰੈਂਸ ਦਿੱਤੀ ਹੈ ਕਿ ਜਿਹੜਾ ਸਕੂਲ ਸਾਰੀਆਂ ਸ਼ਰਤਾਂ ਪੂਰੀਆਂ ਕਰੇਗਾ ਉਹ ਅਪਗਰੇਡ ਕੀਤਾ ਜਾਏਗਾ। (ਵਿਘਨ) (No question. (*Interruption*) I understand the anxiety of the hon. Members that more schools should be upgraded (*Interruption*) I may point out that in case they do not want to put other questions then the remaining time of the

question hour can be devoted solely to this question. The hon. Minister has assured that any school which fulfils all the conditions, will be upgraded).

ਸਰਦਾਰ ਧੰਨਾ ਸਿੰਘ ਗੁਲਸ਼ਨ : ** **

ਸ੍ਰੀ ਸਪੀਕਰ : ਜੋ ਕੁਝ ਇਹ ਮੈਂਬਰਜ਼ ਬਿਨਾਂ ਚੇਅਰ ਦੀ ਇਜਾਜ਼ਤ ਤੋਂ ਬਗੈਰ ਬੋਲ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying without the permission of the Chair, should not be recorded)

ਕੈਪਟਨ ਰਤਨ ਸਿੰਘ : ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਸਰਕਾਰ ਨੇ ਪ੍ਰਾਇਮਰੀ ਐਜੂਕੇਸ਼ਨ ਲਈ ਸ਼ਾਨਦਾਰ ਕੰਮ ਕੀਤੇ ਹਨ ਕੀ ਉਹ ਮਹਿਸੂਸ ਕਰਦੀ ਹੈ ਕਿ ਇਸ ਨਾਲ ਪ੍ਰਾਇਮਰੀ ਐਜੂਕੇਸ਼ਨ ਨੂੰ ਬਿਹਤਰ ਬਣਾਇਆ ਜਾ ਸਕਦਾ ਹੈ ? ਜੇ ਪ੍ਰਾਇਮਰੀ ਐਜੂਕੇਸ਼ਨ ਦਾ ਸੈਪਰੇਟ ਡਾਇਰੈਕਟੋਰੇਟ ਬਣਾਉਣ ਨਾਲ ਇਹਦੀ ਹਾਲਤ ਸੁਧਰ ਸਕਦੀ ਹੈ ਤਾਂ ਕੀ ਸਰਕਾਰ ਇਸ ਵਲ ਕਦਮ ਉਠਾਉਣ ਨੂੰ ਤਿਆਰ ਹੈ?

ਸ੍ਰੀ ਸਪੀਕਰ : ਇਹਦੇ ਵਿਚੋਂ ਇਹ ਸਵਾਲ ਉਠਦਾ ਹੀ ਨਹੀਂ ਹੈ। (It does no arise out of question)

ਸ੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਜਿਹੜੀ ਲਿਸਟ ਇਥੇ ਮਨਿਸਟਰ ਸਾਹਿਬ ਨੇ ਪਿੰਡਾਂ ਵਿਚ ਮਿਡਲ ਸਕੂਲ ਖੋਲ੍ਹਣ ਦੀ ਦਿਤੀ ਹੈ ਇਹ ਬੜੀ ਚੰਗੀ ਗੱਲ ਹੈ। ਐਜੂਕੇਸ਼ਨ ਫੈਸਿਲਿਟੀਜ਼ ਪਰੋਵਾਈਡ ਕਰਨੀਆਂ ਚਾਹੀਦੀਆਂ ਹਨ, ਪਰ ਅਰਬਨ ਏਰੀਆ ਵਾਸਤੇ ਵੀ ਵਿਚਾਰ ਕਰਨਾ ਚਾਹੀਦਾ ਹੈ। ਇਸ ਏਰੀਆ ਵਿਚ ਵੀ ਇਹ ਹੋਰ ਫੈਸਿਲਿਟੀਜ਼ ਦੇਣੀਆਂ ਚਾਹੀਦੀਆਂ ਹਨ। ਕੀ ਅਗਲੇ ਸਾਲ ਕੋਈ ਇਹੋ ਜਿਹਾ ਪਰਬੰਧ ਕਰਨਗੇ ਕਿ ਸ਼ਹਿਰਾਂ ਵਿਚ ਓਵਰਕਰਾਊਡਿੰਗ ਰਿਮੂਵ ਕਰਨ ਵਾਸਤੇ ਅਰਬਨ ਏਰੀਆ ਵਿਚ ਵੀ ਸਕੂਲ ਅਪਗਰੇਡ ਕੀਤੇ ਜਾਣ ?

(ਕੋਈ ਉੱਤਰ ਨਹੀਂ ਦਿੱਤਾ ਗਿਆ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤਿਨ੍ਹਾਂ ਤੋਂ ਇਹ ਗੱਲ ਜਾਣਨੀ ਚਾਹਾਂਗਾ ਕਿ ਕੀ ਇਹ ਹਕੀਕਤ ਹੈ ਕਿ ਪਿਛਲੇ ਮਨਿਸਟਰ ਸਾਹਿਬ ਨੇ ਆਪਣੇ ਪਿੰਡ ਵਿਚ ਸਕੂਲ ਨੂੰ ਜਿੱਥੇ ਕਿ ਸਿਰਫ 50 ਬੱਚੇ ਸਨ, ਉਸ ਨੂੰ ਅਪਗਰੇਡ ਕੀਤਾ ਜਦ ਕਿ ਸਾਡੇ ਸਿਫਾਰਿਸ਼ ਕੀਤੇ ਸਕੂਲ, ਜਿਥੇ ਕਿ 500 ਬੱਚੇ ਸਨ, ਉਸ ਨੂੰ ਅਪਗਰੇਡ ਨਹੀਂ ਕੀਤਾ ਗਿਆ ?

ਆਵਾਜ਼ਾਂ : ਸ਼ੇਮ, ਸ਼ੇਮ। (ਕੋਈ ਉਤਰ ਨਹੀਂ ਦਿੱਤਾ ਗਿਆ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਪਿੰਡ ਸੇਧਵਾਂ, ਥਾਣਾ ਕੋਟਕਪੂਰਾ ਬੜਾ ਪਛੜਿਆ ਹੋਇਆ ਪਿੰਡ ਹੈ। ਮੇਰੀ ਇਹ ਖੁਸ਼ਕਿਸਮਤੀ ਸਮਝ ਲਵੋ ਜਾਂ ਬਦਕਿਸਮਤੀ ਸਮਝ ਲਵੋ ਕਿ ਮੈਂ ਅਤੇ ਚੀਫ ਮਨਿਸਟਰ ਸਾਹਿਬ ਉਸ ਹਲਕੇ ਨਾਲ ਤੁਅੱਲਕ ਰੱਖਦੇ ਹਾਂ ਚੀਫ ਮਨਿਸਟਰ ਸਾਹਿਬ ਉਥੇ ਕਹਿ ਕੇ ਆਏ ਸਨ ਕਿ ਇਸ ਵਾਸਤੇ ਅਸੀਂ ਉਪਰਾਲਾ ਕਰਾਂਗੇ। (ਵਿਘਨ)

ਸ੍ਰੀ ਸਪੀਕਰ : ਤੁਸੀਂ ਸਵਾਲ ਪੁੱਛੋ। (Please put a supplementary question.)

**Not recorded as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਇਹ ਬੜਾ ਸਪੈਸਫਿਕ ਸਵਾਲ ਹੈ । ਚੀਫ ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਉਨ੍ਹਾਂ ਵਾਸਤੇ ਕੋਈ ਉਪਰਾਲਾ ਕਰਾਂਗੇ । ਇਹ ਉਸ ਪਿੰਡ ਨੂੰ ਮਾਡਲ ਗਰਾਮ ਬਣਾਉਣ ਵਾਸਤੇ ਕੀ ਕਰ ਰਹੇ ਹਨ ? (ਵਿਘਨ) ਕੀ ਇਹ ਉਥੇ ਸਕੂਲ ਨੂੰ ਅੱਪਗਰੇਡ ਕਰਨਗੇ ਜਦ ਉਹ ਸਰਕਾਰ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ ? ਜੇ ਸ਼ਰਦਾਰ ਉਮਰਾਓ ਸਿੰਘ ਦੇ ਹਲਕੇ ਵਿਚ ਅਜਿਹੇ ਸਕੂਲ ਅੱਪਗਰੇਡ ਹੋ ਸਕਦੇ ਹਨ ਤਾਂ ਫਿਰ ਉਥੇ ਸਕੂਲ ਅੱਪਗਰੇਡ ਕਿਉਂ ਨਹੀਂ ਹੋ ਸਕਦਾ ?

Mr. Speaker : This is no question.

Sardar Gurdev Singh Badal : Supplementary, Sir. (ਵਿਘਨ) (ਸ਼ੋਰ)

(ਇਸ ਸਮੇਂ ਬਹੁਤ ਸਾਰੇ ਮੈਂਬਰ ਸਾਹਿਬਾਨ ਬੋਲਣ ਵਾਸਤੇ ਖੜੇ ਹੋਏ ।)

ਸ੍ਰੀ ਸਪੀਕਰ : ਮੈਂ ਬੇਨਤੀ ਕਰਾਂਗਾ ਕਿ ਹਾਊਸ ਦੇ ਰੂਲਜ਼ ਨੂੰ ਅਬਜ਼ਰਬ ਕੀਤਾ ਜਾਵੇ । ਜਿਨ੍ਹਾਂ ਨੂੰ ਕਾਲ ਅਪਾਨ ਕੀਤਾ ਜਾਵੇ ਉਹ ਹੀ ਬੋਲਣ । (I would request that rules of this House may be observed and only that hon. Member may speak who is called upon by the Chair.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰਾ ਸਪੈਸੇਫਿਕ ਕੁਐਸਚਨ ਹੈ । ਇਹ ਉਸ ਦਾ ਜਵਾਬ ਦੇਣ । (ਵਿਘਨ)

Mr. Speaker : This is no question.

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ 1972-73 ਵਿਚ ਫਰੀਦਕੋਟ ਹਲਕੇ ਵਿਚ ਇਕ ਵੀ ਸਕੂਲ ਅੱਪਗਰੇਡ ਨਹੀਂ ਹੋਇਆ । ਕੀ ਵਜ਼ੀਰ ਸਾਹਿਬ ਇਸ ਦਾ ਕਾਰਣ ਦੱਸਣਗੇ ਕਿ ਉਥੇ ਕਿਉਂ ਕੋਈ ਸਕੂਲ ਅੱਪਗਰੇਡ ਨਹੀਂ ਹੋਇਆ ?

ਮੰਤਰੀ : ਸਪੀਕਰ ਸਾਹਿਬ, ਇਹ ਜੋ ਸਵਾਲ ਇਨ੍ਹਾਂ ਨੇ ਕੀਤਾ ਹੈ, ਮੈਂ ਉਸ ਦਾ ਜਵਾਬ ਦੇ ਦਿੱਤਾ ਹੈ । (ਵਿਘਨ) ਇਹ ਜਿਹੜਾ ਸਪਲੀਮੈਂਟਰੀ ਇਨ੍ਹਾਂ ਨੇ ਕੀਤਾ ਹੈ ਇਹ ਉਸ ਵਿਚੋਂ ਉਠਦਾ ਨਹੀਂ ਹੈ । (ਵਿਘਨ) ਜਿਸ ਇਲਾਕੇ ਦੀ ਗੱਲ ਕੀਤੀ ਗਈ ਹੈ ਮੇਰੀ ਜੋ ਇਤਲਾਹ ਹੈ ਉਹ ਇਹ ਹੈ ਕਿ ਉਸ ਇਲਾਕੇ ਵਿਚ ਇਨ੍ਹਾਂ ਨੇ (ਅਕਾਲੀ ਪਾਰਟੀ ਵੱਲ ਇਸ਼ਾਰਾ) ਕੋਈ ਸਕੂਲ ਨਹੀਂ ਖੋਲ੍ਹਿਆ । ਉਥੇ ਪਿਛਲੇ ਸਾਲ ਪ੍ਰਾਇਮਰੀ ਸਕੂਲ ਖੋਲ੍ਹੇ ਹਨ ਹੁਣ ਉਨ੍ਹਾਂ ਨੂੰ ਅੱਪਗਰੇਡ ਵੀ ਕਰਾਂਗੇ । (ਵਿਘਨ) (ਸ਼ੋਰ)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਨੂੰ ਬੋਲਣ ਵਾਸਤੇ ਕੋਈ ਟਾਈਮ ਨਹੀਂ ਦਿੱਤਾ ਗਿਆ । (ਵਿਘਨ) (ਸ਼ੋਰ)

(ਇਸ ਸਮੇਂ ਕਾਮਰੇਡ ਮਹਿਤਾਬ ਸਿੰਘ ਆਪਣੀ ਮੇਜ਼ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਹਾਊਸ ਵਿਚ ਸ਼ੋਰ ਹੋਣ ਕਰਕੇ ਕੁਝ ਸੁਣਾਈ ਨਹੀਂ ਦਿੱਤਾ ।)

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਦੇ ਬਗੈਰ ਕਹਿ ਰਹੇ ਹਨ that should not be recorded (Whatever the hon. Members are

---

**Not recorded as ordered by the Chair.

saying without the permission of the Chair, should not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying that should not be recorded.)

ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ : ਸਪੀਕਰ ਸਾਹਿਬ, ਪਹਿਲਾਂ ਫਿਰੋਜ਼ਪੁਰ ਅਤੇ ਮੁਕਤਸਰ ਇਕੱਠੇ ਹੁੰਦੇ ਸਨ ਅਤੇ ਹੁਣ ਮੁਕਤਸਰ ਵਿਚੋਂ ਕੱਢ ਲਿਆ ਗਿਆ ਹੈ (ਵਿਘਨ) (ਸ਼ੋਰ) ਫਿਰੋਜ਼ਪੁਰ ਵੱਖ ਜ਼ਿਲ੍ਹਾ ਹੋ ਗਿਆ ਅਤੇ ਫਰੀਦਕੋਟ ਵੱਖ ਜ਼ਿਲ੍ਹਾ ਬਣ ਗਿਆ ਹੈ । (ਵਿਘਨ) ਸਾਡੇ ਗਿੱਦੜਬਾਹਾ ਅਤੇ ਜਲਾਲਾਬਾਦ ਵਿਚ ਕੋਈ ਸਕੂਲ ਅੱਪਗਰੇਡ ਨਹੀਂ ਹੋਇਆ । (ਵਿਘਨ)

ਸ੍ਰੀ ਸਪੀਕਰ : ਇਹ ਕੋਈ ਕੁਐਸਚਨ ਨਹੀਂ ਹੈ । (This is no question).

ਕਾਮਰੇਡ ਮਹਿਤਾਬ ਸਿੰਘ ਨੋਕੇਰੀਆਂ : ਪਛੜੇ ਹੋਏ ਇਲਾਕੇ ਰਹਿ ਜਾਂਦੇ ਹਨ । (ਵਿਘਨ)

ਸ੍ਰੀ ਸਪੀਕਰ : ਇਹ ਕੋਈ ਕੁਐਸਚਨ ਨਹੀਂ ਹੈ । It is disallowed. ਮੈਂ ਬੇਨਤੀ ਕਰਾਂਗਾ ਕਿ ਹੁਣ ਤਾਂ ਪ੍ਰਾਇਮਰੀ ਸਕੂਲਾਂ ਨੂੰ ਅੱਪਗਰੇਡ ਕਰਨ ਦੇ ਮਾਮਲੇ ਤੇ ਡਿਸਕਸ਼ਨ ਹੋਣੀ ਸ਼ੁਰੂ ਹੋ ਗਈ ਹੈ ਅਤੇ ਮੈਂਬਰ ਸਾਹਿਬਾਨ ਦੇ ਜੋ ਵੀ ਕੁਐਸਚਨ ਹਨ ਉਹ ਸਿਵਾਏ ਡਿਸਕਸ਼ਨ ਦੇ ਹੋਰ ਕੁਝ ਨਹੀਂ ਹਨ । ਅਗਲਾ ਸਵਾਲ । . . . . (ਵਿਘਨ) ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ । (ਵਿਘਨ) (ਸ਼ੋਰ) (This is no question. It is disallowed. I would request that regular discussion has started on the matter of upgrading of primaty schools and the questions raised by the hon. Members are in the form of a discussion. Next question please.(*interruption*) I have called for the next question. (*Interruption*) (*Noise*)

ਮਾਸਟਰ ਚੰਦ ਸਿੰਘ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਦੇ ਬਗੈਰ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair, should not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair, should not be recorded.)

**Not recorded as ordered by the Chair.

Scheme for Scholarships to talented students of the Lower Income Population

***2203. Sardar Basant Singh Khalsa** : Will the Minister for Education be pleased to state—

(a) whether there is any scheme at present under the consideration of the Government to give scholarships to talented students of the lower income population of the State; if so, the details of the said scheme;

(b) if answer to part (a) above be in the affirmative, whether scholarships according to the said scheme are proposed to be given purely on the basis of the income of the parents, or on the basis of examination to be held by the Education Department or on the basis of the both income and examination?

Shri Gurmail Singh : (a) Yes. The details of the scheme are yet to be worked out.

(b) Scholarships will be awarded on the basis of both income and merit.

[(ੳ) ਜੀ ਹਾਂ । ਇਸ ਸਕੀਮ ਦਾ ਵੇਰਵਾ ਤਿਆਰ ਕੀਤਾ ਜਾ ਰਿਹਾ ਹੈ ।

(ਅ) ਵਜ਼ੀਫ਼ਾ ਆਮਦਨ ਅਤੇ ਮੈਰਿਟ ਦੇ ਆਧਾਰ ਤੇ ਦਿੱਤਾ ਜਾਵੇਗਾ ।]

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਇਹ ਜਿਹੜਾ ਵੇਰਵਾ ਤਿਆਰ ਕੀਤਾ ਜਾਵੇਗਾ ਇਹ ਕਦੋਂ ਤੱਕ ਤਿਆਰ ਹੋ ਜਾਵੇਗਾ ਅਤੇ ਕੀ ਇਹ ਤੁਹਾਡੇ ਕੋਲ ਆਵੇਗਾ ਜਾਂ ਨਹੀਂ ?

ਵਿਦਿਆ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਜਵਾਬ ਦੇ ਦਿਤਾ ਹੈ ਕਿ ਵੇਰਵਾ ਤਿਆਰ ਕੀਤਾ ਜਾ ਰਿਹਾ ਹੈ ਅਤੇ ਸਾਡੇ ਤੱਕ ਤਿਆਰ ਹੋ ਕੇ ਆਵੇਗਾ ਤਾਂ ਹੀ ਇਹ ਲਾਗੂ ਹੋਵੇਗਾ ਪਰ ਇਹ ਪਤਾ ਨਹੀਂ ਕਦ ਦੀਆਂ ਗੱਲਾਂ ਕਰਦੇ ਹਨ । (ਵਿਘਨ)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਬੜਾ ਸਪੈਸਿਫਿਕ ਕੁਐਸਚਨ ਸੀ ਕਿ ਵੇਰਵਾ ਕਦੋਂ ਤੱਕ ਤੁਹਾਡੇ ਕੋਲ ਤਿਆਰ ਹੋ ਕੇ ਆ ਜਾਵੇਗਾ ਪਰ ਮਨਿਸਟਰ ਸਾਹਿਬ ਨੇ ਉਸ ਨੂੰ ਇਵੇਡ ਕੀਤਾ ਹੈ । (ਵਿਘਨ) ਕੀ ਇੰਸਟਰੱਕਸ਼ਨਜ਼ ਕੀਤੀਆਂ ਹਨ ਕਿ ਤੁਹਾਨੂੰ ਵੇਰਵਾ ਕਦੋਂ ਤੱਕ ਪਹੁੰਚ ਜਾਵੇ ?

ਮੰਤਰੀ : ਅਸੀਂ ਉਨ੍ਹਾਂ ਨੂੰ ਕਹਿ ਕੇ ਜਲਦੀ ਮੰਗਵਾ ਲਵਾਂਗੇ । (ਵਿਘਨ)

आचार्य पृथ्वी सिंह आज़ाद : क्या वज़ीर साहिब बतायेंगे कि पीछे वज़ीफों की जो स्कीम थी कि जो लड़के यूनिवर्सिटी के कम्पीटीशन में मैरिट पर आते थे के मुकाबला में मैरिट पर आते थे मगर उस समय सरकार उन्हें वज़ीफा नहीं देती थी और कहती थी कि इनके पेरेंटस की तनखाह ज़्यादा है लेकिन यहां पर मैरिट का सवाल है और ओपन कम्पीटीशन का सवाल है । इस लिए क्या सरकार

गौर करेगी कि मैरिट पर जो विद्यार्थी आते हैं उन्हें अलग वज़ीफा दिया जाए और दूसरों को अलग दिया जाए ?

ਮੰਤਰੀ: ਇਹ ਵੀ ਸੋਚ ਲਵਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਵੇਰਵਾ ਮੰਗਵਾਇਆ ਜਾਵੇਗਾ ਅਤੇ ਫਿਰ ਕਰਾਂਗੇ । ਮੈਂ ਪੁਛਣਾ ਚਾਹੁੰਦਾ ਹਾਂ ਕਿ ਜਦ ਤੱਕ ਉਨ੍ਹਾਂ ਨੇ ਐਜ਼ ਐਨ ਐਜੂਕੇਸ਼ਨ ਮਨਿਸਟਰ ਰਹਿਣਾ ਹੈ ਕੀ ਉਸ ਤੋਂ ਪਹਿਲਾਂ ਇਹ ਕਰ ਦੇਣਗੇ ?

Mr. Speaker : This is no question.

ਸਰਦਾਰ ਅਜਾਇਬ ਸਿੰਘ ਸੰਧੂ : ਇਹ ਕਹਿ ਦੇਣ ਕਿ ਛੇਤੀ ਕਰ ਦਿਆਂਗੇ । (ਵਿਘਨ)

ਸਰਦਾਰ ਦਰਬਾਰਾ ਸਿੰਘ : ਮੈਂ ਪੁਛੱਣਾ ਚਾਹੁੰਦਾ ਹਾਂ ਕਿ ਜਦੋਂ ਅਜੀਂ ਸਮਾਜਵਾਦ ਲਿਆਉਣਾ ਹੈ ਅਤੇ ਜਿਹੜੇ ਲੋਕ ਅੱਗੇ ਹੀ ਅਮੀਰ ਹਨ ਉਨ੍ਹਾਂ ਨੂੰ ਸਕਾਲਰਸ਼ਿਪਸ ਦੇ ਕੇ ਉਨ੍ਹਾਂ ਦੀ ਅਮੀਰੀ ਵਿਚ ਵਾਧਾ ਕਰਨ ਨਾਲ ਕੀ ਸਮਾਜਵਾਦ ਛੇਤੀ ਆਵੇਗਾ ? (ਹਾਸਾ) (ਵਿਘਨ)

Mr. Speaker : This is no question.

Starred Question No. 2205**

Mr. Speaker : Extension has been asked for in respect of starred question No. 2205. Its reply will come in the current Budget Session. *(Interruption)*

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਹ ਬੜਾ ਜ਼ਰੂਰੀ ਸਵਾਲ ਹੈ । (ਵਿਘਨ) ਇਸ ਦੇ ਵਾਸਤੇ ਜਿਹੜੀਆਂ ਸਰਵਿਸ ਬੁਕਾਂ ਗੁੰਮ ਹੋਈਆਂ ਹਨ ਕੀ ਉਸ ਵਾਸਤੇ ਇਹ ਕੋਈ ਸਪੈਸ਼ਲ ਸੈਲ ਬਣਾਉਣ ਵਾਸਤੇ ਕੋਸ਼ਿਸ਼ ਕਰਨਗੇ ? (ਵਿਘਨ)

ਸ਼੍ਰੀ ਸਪੀਕਰ : ਇਸ ਦੇ ਵਾਸਤੇ ਐਕਸਟੈਨਸ਼ਨ ਮੰਗੀ ਗਈ ਹੈ । ਮੈਂ ਕਹਾਂਗਾ ਕਿ ਮਨਿਸਟਰ ਸਾਹਿਬ ਇਸ ਬਜਟ ਸੈਸ਼ਨ ਵਿਚ ਇਸ ਦਾ ਜਵਾਬ ਦੇ ਦੇਣ । (Extension has been asked for in this respect. I would request the hon. Minister to give the reply in the current Budget Session).

Nomination of Candidates for Admission to Medical Colleges

***2240. Shri Brish Bhan** : Will the Minister for Education be pleased to state—

(a) whether candidates for admission to medical colleges in the State are nominated from within or out side the State; if so, the names of the medical colleges and the number of seats to which nominations are being made ;

(b) the criteria being adopted for nominations ;

**Starred Question No. 2205 and reply thereto appear in Appendix to this Debate.

[Shri Brish Bhan]

(c) lay on the Table of the House the list of candidates so nominated during the last 3 years along with their addresses and marks obtained by each said candidate ?

Shri Gurmail Singh : (a) Yes Sir. Names of Medical Colleges and the number of seats therein to which nominations are being made are :—

(i) Dayanand Medical College, Ludhiana	2 nominations
(ii) Medical Colleges at Srinagar and Jammu	7 nominations
(iii) Medical College, Patiala Medical College, Amritsar	Central Government nominees including those from Jammu and Kashmir. 6%

(b) Nominations by the State Government are made only on the merit of each individual case, subject to the requirements laid down by the concerned University. Nominations from Central Government including Jammu and Kashmir are accepted subject to requirement laid down by the concerned University.

(c) List of candidates along with addresses for the last 3 years are placed on the Table of the House. The marks obtained by each candidate are not readily available.

[(ੳ) ਜੀ ਹਾਂ । ਮੈਡੀਕਲ ਕਾਲਜਾਂ ਜਿਨ੍ਹਾਂ ਵਿਚ ਨੌਮੀਨੇਸ਼ਨ ਕੀਤੀ ਜਾਂਦੀ ਹੈ ਅਤੇ ਸੀਟਾਂ ਦਾ ਨੰਬਰ, ਨਿਮਨ ਲਿਖਤ ਹਨ :—

(i) ਦਿਆਨੰਦ ਮੈਡੀਕਲ ਕਾਲਜ, ਲੁਧਿਆਣਾ	... ਦੋ ਨੌਮੀਨੇਸ਼ਨਾਂ
(ii) ਮੈਡੀਕਲ ਕਾਲਜ, ਸ੍ਰੀਨਗਰ ਅਤੇ ਜੰਮੂ	... ਸੱਤ ਨੌਮੀਨੇਸ਼ਨਾਂ
(iii) ਮੈਡੀਕਲ ਕਾਲਜ, ਪਟਿਆਲਾ ਮੈਡੀਕਲ ਕਾਲਜ, ਅੰਮ੍ਰਿਤਸਰ	ਕੇਂਦਰੀ ਸਰਕਾਰ ਦੇ ਨੌਮੀਨੀ ਅਤੇ ਜੰਮੂ ਕਸ਼ਮੀਰ ਦੇ ਨੌਮੀਨੀ 6 ਫ਼ੀ ਸਦੀ ।

(ਅ) ਪੰਜਾਬ ਸਰਕਾਰ ਦੀਆਂ ਨੌਮੀਨੇਸ਼ਨਾਂ ਵਿਅਕਤੀਗਤ ਯੋਗਤਾ ਦੇ ਅਧਾਰ ਤੇ ਕੀਤੀਆਂ ਜਾਂਦੀਆਂ ਹਨ ਜਿਹੜੇ ਕਿ ਸਬੰਧਤ ਯੂਨੀਵਰਸਿਟੀਆਂ ਦੀਆਂ ਲੋੜਾਂ ਅਨੁਸਾਰ ਹੁੰਦੀਆਂ ਹਨ । ਕੇਂਦਰੀ ਸਰਕਾਰ ਅਤੇ ਜੰਮੂ ਕਸ਼ਮੀਰ ਦੇ ਨੌਮੀਨੀ ਸਬੰਧਤ ਯੂਨੀਵਰਸਿਟੀ ਦੀ ਲੋੜ ਅਨੁਸਾਰ ਰੱਖੇ ਜਾਂਦੇ ਹਨ ।

(ੲ) ਉਮੀਦਵਾਰ ਅਤੇ ਉਨ੍ਹਾਂ ਦੇ ਐਡਰੈਸ ਪਿਛਲੇ ਤਿੰਨ ਸਾਲਾਂ ਦੀ ਸੂਚੀ ਹਾਊਸ ਦੀ ਟੇਬਲ ਤੇ ਰੱਖੀ ਜਾਂਦੀ ਹੈ । ਹਰ ਇਕ ਉਮੀਦਵਾਰ ਦੇ ਨੰਬਰ ਤਰਤ ਉਪਲਬਧ ਨਹੀਂ ਹਨ ।]

Statement showing the names of the Candidates/Addresses nominated to Daya Nand Medical College, Ludhiana during the last three years for M.B.B.S. Course

Year	Name and address of the candidate	Name of Medical College
1971	1. Shri Ashok Kumar Nanda, son of Shri Jogindar Lal, Nanda Bhawan, Near Sacred Heart High School, Majitha Road, Amritsar.	Daya Nand Medical College, Ludhiana
	2. Shri Mukesh Kumar Jain, son of Shri B.K. Jain, House No. 80, Sector 10-A, Chandigarh.	Ditto
1972	1. Miss Gobind Sharan Kang, daughter of Shri Rajbir Singh Kang C/o Shri Niranjan Singh Talib, President, Punjab Pradesh Congress Committee, Chandigarh.	Ditto
	2. Miss Chanchal Kumari, daughter of Ch. Ram Sarup, Arms Dealer, Barnala.	Ditto
1973	1. Miss Nilam Mahajan, daughter of Ch. Boota Mal Mahajan, Ex-President, Municipal Committee, Pathankot, district Gurdaspur.	Ditto
	2. Shri Prem Lal, son of Shri Thakur Dass, village Bhanopli, tehsil Anandpur Sahib, district Rupar.	Ditto

Statement showing the names and addresses of Candidates nominated to Medical College Srinagar (J/K) during the year 1971 to 1973

Year	Names and Addresses of the candidates	Name of the Medical College
1971	1. Shri Satish Kumar Shukla son of Shri Om Parkash, K-58, West Patel Nagar, New Delhi.	Government Medical College, Srinagar (J&K)
	2. Shri Jaswinder Singh son of Shri Fateh Singh, C/o Jaspal Singh, 30-B, Hostel, Medical College, Amritsar.	
	3. Shri Tejbir Singh Chadha, son of Lt. Col R.S. Chadha, 545, Model Town, Ludhiana.	
	4. Vinod Kumar Jain, son of Charan Dass Jain C/o M/s Sat Pal Sarwan Kumar, Karyana Merchant, Upper Bazar, Kharar (Ropar).	
	5. Sh. Harish Kumar, son of Shri Dilbagh Rai, 74-A Block, Gandhi Nagar, Jammu.	
	6. Shri Pritam Singh, son of Kishan Singh, V. Sorhala, P.O. Gardhiwala (Hoshiarpur).	
	7. Shri Banta Singh, son of Shri Waryam Singh C/o Sarban Singh, 2423/4 Behera Road, Patiala.	
1972	1. Shri Raj Kumar, son of Bhagat Ram Singh, MLA, C/o Sadhu Ram MP, Phagwara.	Govt. Medical College, Srinagar (J&K)

[Minister for Education]

Year	Name and Address of the candidate	Name of Medical College
	2. Bhag Singh, son of Lachhman Singh, MLA, Village Jhotianwali P.O. Jandwala Bhemeshah, tehsil Fazilka, (Ferozepur).	
	3. Roshan Lal, son of Phool Chand (Amritsar) C/o General Secretary, Dhobi Maha Sabha, Punjab Mandi Road, Jullundur.	
	4. Charan Singh, son of Sarwal Singh, village Khelan, tehsil Rajpura (Patiala).	
	5. Jaswant Singh, 611-L, Model Town, Ludhiana.	
	6. Ashwani Kumar, son of Rajinder Singh, village Moquimpur, P.O. Faridenagar, tehsil Pathankot.	
	7. Anil Kumar, son of Dewan Chand Gupta, Faridkot.	

Note—For three Vacancies that accused due to non joining of three. The following persons were nominated.

(1) Miss Neelakshi Kapoor, daughter of Late M.L. Kapoor, Chandigarh.

(2) Rajinder Singh Gill, son of Arjan Singh, Faridkot.

(3) Harjit Singh, son of Narinder Singh, Dera Bassi, district. Patiala.

1973	1. Shri Harjit Singh Seikhon, son of Shri Brindar Singh, Narain Cottage, Circular Road, Sangrur.	
	2. Shri Ashok Kumar, son of Shri Som Dutt, 68, Lajpat Rai Nagar, Jullundur City	
	3. Shri Rajbrindar Singh, son of Major Sital Singh, Hq-XVI Corps C/o 56 APO.	
	4. Miss Neelakshi Kapoor, daughter of Late M.L. Kapur, 92, Sector 11-A, Chandigarh.	
	5. Shri Inderjeet Shekhon, son of Dr. G.S. Shekhon, Prof. of Soils, Punjab Agriculture University, Ludhiana	
	6. Shri Anjeel Kumar Adya, C/o Rishi Hospital, Solan	
	7. Shri Kamal Nain Singh Dhillon, son of Shri Jagjit Singh Dhillon, Village and P.O. Ghungrana, district Ludhiana	

ਸ੍ਰੀ ਬ੍ਰਿਸ਼ ਭਾਨ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਹਰ ਇਕ ਯੂਨੀਵਰਸਿਟੀ ਦਾ ਦਾਖਲੇ ਵਾਸਤੇ ਕੀ ਕਰਾਈਟੇਰੀਆ ਹੈ ?

ਵਿਦਿਆ ਮੰਤਰੀ : ਸਪੀਕਰ ਸਾਹਿਬ, ਵੱਖ ਵੱਖ ਯੂਨੀਵਰਸਿਟੀਆਂ ਦਾ ਵੱਖ ਵੱਖ ਕਰਾਈਟੇਰੀਆ ਹੈ ।

ਸ੍ਰੀ ਬ੍ਰਿਸ਼ ਭਾਨ : ਸਪੀਕਰ ਸਾਹਿਬ, ਇਹ ਵੱਖ ਵੱਖ ਯੂਨੀਵਰਸਿਟੀਆਂ, ਦਾ ਦਸ ਦੇਣ ਜੇ ਇਨ੍ਹਾਂ ਨੂੰ ਪਤਾ ਹੈ ?

ਮੰਤਰੀ : ਸਪੀਕਰ ਸਾਹਿਬ, ਇਸ ਵੇਲੇ ਪੰਜਾਬ ਯੂਨੀਵਰਸਟੀ ਦਾ ਮੈਨੂੰ ਪਤਾ ਹੈ ਅਤੇ ਉਹ ਮੈਂ ਦੱਸ ਦਿੰਦਾ ਹਾਂ ਕਿ ਉਨ੍ਹਾਂ ਦਾ ਮਿਨੀਮਮ ਨੰਬਰ ਜਿਹੜਾ ਹੈ ਉਹ 50 ਫ਼ੀ ਸਦੀ ਹੈ । ਜਿਥੋਂ ਤੱਕ ਜੰਮੂ ਐਂਡ ਕਸ਼ਮੀਰ ਯੂਨੀਵਰਸਟੀ ਦਾ ਤੱਲਕ ਹੈ, ਇਨ੍ਹਾਂ ਦਾ ਸਵਾਲ 13 ਤਾਰੀਖ ਨੂੰ ਆਇਆ ਸੀ ਅਤੇ ਉਸ ਯੂਨੀਵਰਸਟੀ ਨੂੰ ਲਿਖ ਕੇ ਪੁਛਿਆ ਹੈ ਪਰ ਹਾਲੀਂ ਤੱਕ ਇਨਫ਼ਰਮੇਸ਼ਨ ਆਈ ਨਹੀਂ । ਜਦੋਂ ਇਹ ਇਨਫਰਮੇਸ਼ਨ ਆ ਜਾਵੇਗੀ ਤਾਂ ਇਨ੍ਹਾਂ ਨੂੰ ਅਸੀਂ ਦੱਸ ਦਿਆਂਗੇ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਦਨ ਵਿਚ ਵੀ ਅਤੇ ਬਾਹਰ ਵੀ ਸਮਾਜਵਾਦ ਦਾ ਢੰਡੋਰਾ ਪਿਟਿਆ ਜਾਂਦਾ ਹੈ (ਵਿਘਨ) ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਜਿਹੜੀਆਂ ਨਾਮਜ਼ਦਗੀਆਂ ਕੀਤੀਆਂ ਹਨ ਇਨ੍ਹਾਂ ਵਿਚੋਂ ਪਛੜੀਆਂ ਸ਼ਰੇਣੀਆਂ ਦੇ ਸਟੂਡੈਂਟਸ ਦੀਆਂ ਸੀਟਾਂ ਕਿੰਨੀਆਂ ਕੀਤੀਆਂ ਹਨ ?

ਮੰਤਰੀ : ਸਪੀਕਰ ਸਾਹਿਬ, ਇਹ ਸਵਾਲ ਵਿਚੋਂ ਨਹੀਂ ਉਠਦਾ । ਜੋ ਸਵਾਲ ਇਨ੍ਹਾਂ ਨੇ ਕੀਤਾ ਹੈ ਉਸ ਦਾ ਜਵਾਬ ਅਸੀਂ ਦੇ ਦਿਤਾ ਹੈ ।

ਸ੍ਰੀ ਬ੍ਰਿਸ਼ ਭਾਨ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਲਿਸਟ ਤਾਂ ਦੇ ਦਿਤੀ ਪਰ ਇਨ੍ਹਾਂ ਨੂੰ ਕੀ ਕਿਸੇ ਦੇ ਨੰਬਰਾਂ ਦਾ ਨਹੀਂ ਸੀ ਪਤਾ ? ਨੰਬਰ ਕਿਸੇ ਦੇ ਨਹੀਂ ਦਿਤੇ । (ਵਿਘਨ) ਇਹ ਜਾਣ ਕੇ ਛੁਪਾਉਣਾ ਚਾਹੁੰਦੇ ਹਨ ਅਤੇ ਦੱਸਣਾ ਨਹੀਂ ਚਾਹੁੰਦੇ ਕਿਉਂਕਿ ਇਨ੍ਹਾਂ ਨੇ ਇਸ ਦੇ ਵਿਚ ਰਿਆਇਤ ਕੀਤੀ ਹੈ ।

ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਬਾਬੂ ਜੀ ਦਾ ਬੜਾ ਸਤਿਕਾਰ ਕਰਦਾ ਹਾਂ ਪਰ ਇਨ੍ਹਾਂ ਨੇ ਇਹ ਜਿਹੜੀ ਗੱਲ ਕਹੀ ਹੈ ਇਹ ਬਿਲਕੁਲ ਗਲਤ ਕਹੀ ਹੈ । ਪੰਜਾਬ ਯੂਨੀਵਰਸਟੀ ਦਾ ਮੈਨੂੰ ਪਤਾ ਹੈ ਕਿ ਉਥੇ 50 ਫ਼ੀ ਸਦੀ ਜਿਨ੍ਹਾਂ ਸਟੂਡੈਂਟਸ ਦੇ ਨੰਬਰ ਸਨ ਉਨ੍ਹਾਂ ਨੂੰ ਐਡਮਿਸ਼ਨ ਦਿਤੀ ਗਈ ਹੈ । ਜਿਥੋਂ ਤੱਕ ਜੰਮੂ ਅਤੇ ਕਸ਼ਮੀਰ ਯੂਨੀਵਰਸਟੀ ਦੀ ਗੱਲ ਹੈ ਉਸ ਯੂਨੀਵਰਸਿਟੀ ਦੇ ਜੋ ਰੂਲਜ਼ ਹਨ ਉਸ ਦੇ ਮੁਤਾਬਿਕ ਹੀ ਉਨ੍ਹਾਂ ਨੇ ਕੀਤਾ ਹੋਵੇਗਾ ।

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕੀ ਵਜ਼ੀਰ ਸਾਹਿਬ ਇਹ ਦੱਸਣ ਦੀ ਕਿਰਪਾ ਕਰਨਗੇ ਕਿ ਪਿਛਲੇ ਸਾਲ ਇਕ ਹਰੀਜਨ ਲੜਕੀ ਇਕ ਹਰੀਜਨ ਲੜਕਾ ਅਤੇ ਇਕ ਨਾਨ-ਹਰੀਜਨ ਲੜਕੇ ਦਾ ਨਾਮ ਰਿਕੁਮੈਂਡ ਕਰਕੇ ਭੇਜਿਆ ਔਰ ਉਨ੍ਹਾਂ ਦੇ ਨੰਬਰ ਇਨ੍ਹਾਂ ਸਟੂਡੈਂਟਸ—ਅਸ਼ੋਕ ਕੁਮਾਰ ਨੰਦਾ, ਮੁਕੇਸ਼ ਕੁਮਾਰ ਜੈਨ, ਮਿਸ ਗੋਬਿੰਦ ਸ਼ਰਨ ਕੰਗ, ਮਿਸ ਚੰਚਲ ਕੁਮਾਰੀ, ਮਿਸ ਨੀਲਮ ਮਹਾਜਨ ਅਤੇ ਸ੍ਰੀ ਪ੍ਰੇਮ ਲਾਲ ਤੋਂ ਵੱਧ ਸਨ । ਕੀ ਕਾਰਨ ਹਨ ਕਿ ਨਾ ਉਨ੍ਹਾਂ ਨੂੰ ਵੱਧ ਨੰਬਰਾਂ ਕਰਕੇ ਰੱਖਿਆ ਅਤੇ ਨਾ ਹੀ ਹਰੀਜਨ ਹੋਣ ਕਰਕੇ ਰੱਖਿਆ ਗਿਆ ?

ਮੰਤਰੀ : ਸਪੀਕਰ ਸਾਹਿਬ, ਨਾਮੀਨੇਸ਼ਨ ਦੇ ਲਈ ਇੰਡੀਵਿਜੁਅਲ ਕੇਸਿਜ਼ ਦੇ ਮੈਰਿਟ ਦਾ ਫੈਸਲਾ ਕੀਤਾ ਜਾਂਦਾ ਹੈ ।

Acharya Prithvi Singh Azad: What are these merits ? (*Interruption*)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ, ਫ਼ਰੀਦਕੋਟ ਵਿਚ ਵੀ ਕੋਈ ਨਾਮੀਨੇਸ਼ਨ ਕਰਦੇ ਹਨ ਜਾਂ ਨਹੀਂ ?

ਮੰਤਰੀ : ਇਸ ਦੇ ਬਾਰੇ ਵੱਖਰਾ ਨੋਟਿਸ ਦੇ ਦਿਓ, ਦੱਸ ਦਿਆਂਗੇ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਿਖਿਆ ਮੰਤਰੀ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਹਰੀਜਨ ਸਟੂਡੈਂਟਸ 50 ਫ਼ੀਸਦੀ ਮਾਰਕਸ ਲੈ ਨਹੀਂ ਸਕਦੇ ਕਿਉਂਕਿ ਇਹ ਬੜੀਆਂ ਪਛੜੀਆਂ ਥਾਵਾਂ ਤੇ ਪੜ੍ਹਦੇ ਹਨ, ਇਸ ਲਈ ਕੀ ਉਨ੍ਹਾਂ ਦੇ ਕੇਸਿਜ਼ ਵਿਚ ਰਿਜ਼ਰਵੇਸ਼ਨ ਪੂਰੀ ਕਰਨ ਲਈ ਇਹ ਜਿਹੜੀ 50 ਫ਼ੀਸਦੀ ਮਿਨੀਮਮ ਮਾਰਕਸ ਦੀ ਸ਼ਰਤ ਹੈ ਇਹ ਹਟਾਉਣਗੇ ?

ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਸਵਾਲ ਹੈ ਇਹ ਕਾਫੀ ਦੇਰ ਤੋਂ ਚਲਿਆ ਆ ਰਿਹਾ ਹੈ । ਇਸ ਦੇ ਲਈ ਸਰਕਾਰ ਇਹ ਯਤਨ ਕਰ ਰਹੀ ਹੈ ਕਿਉਂਕਿ ਕਈ ਵਾਰੀ 50 ਫ਼ੀ ਸਦੀ ਮਾਰਕਸ ਦੇ ਸਟੂਡੈਂਟਸ ਲੱਭਦੇ ਨਹੀਂ ਇਸ ਲਈ ਇਹ 50 ਫੀਸਦੀ ਮਾਰਕਸ ਤੋਂ ਘਟਾ ਕੇ ਉਨ੍ਹਾਂ ਲਈ 45 ਫੀ ਸਦੀ ਮਿਨੀਮਮ ਮਾਰਕਸ ਕਰ ਦਿਤੇ ਜਾਣ । ਇਸ ਦੇ ਲਈ ਅਸੀਂ ਯੂਨੀਵਰਸਿਟੀਆਂ ਨੂੰ ਕਹਾਂਗੇ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਕੋਈ ਹਾਊਸ ਦੇ ਮੈਂਬਰਾਂ ਦੀ ਕਮੇਟੀ, ਇਨਕੁਆਇਰੀ ਕਰਵਾਉਣ ਵਾਸਤੇ, ਐਪੁਆਇੰਟ ਕਰਨ ਵਾਸਤੇ ਤਿਆਰ ਹੋਣਗੇ ਜੇ ਮੈਂ ਇਹ ਇਲਜ਼ਾਮ ਲਗਾਵਾਂ ਕਿ 60 ਫੀ ਸਦੀ ਮਾਰਕਸ ਵਾਲੇ ਲੜਕੇ ਲੜਕੀਆਂ ਦੀ ਨਾਮੀਨੇਸ਼ਨ ਨਹੀਂ ਕੀਤੀ ਗਈ ਔਰ ਇਹ ਇਸ ਕਰਕੇ ਨਹੀਂ ਕੀਤੀ ਗਈ ਕਿ ਗਵਰਨਰ ਸਾਹਿਬ ਦੇ, ਚੀਫ ਮਨਿਸਟਰ ਸਾਹਿਬ ਦੇ ਅਤੇ ਮਨਿਸਟਰ ਸਾਹਿਬਾਨ ਦੇ ਬੰਦਿਆਂ ਦੇ ਲੜਕੇ ਲੜਕੀਆਂ ਦੀ ਫੇਵਰੇਟਿਜ਼ਮ ਕਰਕੇ ਦਾਖਲਾ ਦੇਣ ਵਾਸਤੇ ਨਾਮੀਨੇਸ਼ਨ ਕੀਤੀ ਗਈ ਹੈ ? ਕੀ ਇਹ ਇਨਕੁਆਇਰੀ ਕਰਾਉਣ ਵਾਸਤੇ ਕੋਈ ਕਮੇਟੀ ਐਪੁਆਇੰਟ ਕਰਨਗੇ?

ਮੁੱਖ ਮੰਤਰੀ : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਮੈਂਬਰਾਂ ਦੀ ਕਮੇਟੀ ਬਣਾਉਣ ਦੀ ਗੱਲ ਕਹੀ ਹੈ ਉਹ ਬਿਲਕੁਲ ਨਹੀਂ ਮੰਨੀ ਜਾ ਸਕਦੀ । ਮੈਂ ਇਥੇ ਇਹ ਸਪੱਸ਼ਟ ਦੱਸਣਾ ਚਾਹੁੰਦਾ ਹਾਂ ਕਿ ਇਹ ਇਕ ਡਿਸਕਰੀਸ਼ਨਰੀ ਪਾਵਰ ਹੈ ਜਿਸ ਦੇ ਵਿਚ ਇਹ ਵੇਖਣਾ ਹੁੰਦਾ ਹੈ ਕਿ ਕੌਣ ਜ਼ਿਆਦਾ ਪਛੜਿਆ ਹੋਇਆ ਹੈ, ਕੋਈ ਕਿਸੇ ਸ਼ਹੀਦ ਦਾ ਬੇਟਾ ਤਾਂ ਨਹੀਂ ਜਾਂ ਕਿਸੇ ਫੌਜੀ ਦਾ ਬੇਟਾ ਬੇਟੀ ਤਾਂ ਨਹੀਂ, ਜੇ ਕਿਸੇ ਦਾ ਕੋਈ ਨੁਕਸਾਨ ਹੋਇਆ ਹੈ ਤਾਂ ਕਿੰਨ੍ਹਾ ਸਰਕਮਸਟਾਂਸਿਜ਼ ਕਰਕੇ ਨੁਕਸਾਨ ਹੋਇਆ, ਇਹ ਸਾਰੀਆਂ ਗੱਲਾਂ ਵੀ ਦੇਖੀਆਂ ਜਾਂਦੀਆਂ ਹਨ ਕਿਉਂਕਿ ਨਾਮੀਨੇਸ਼ਨ ਰੱਖੀ ਹੀ ਇਸ ਵਾਸਤੇ ਜਾਂਦੀ ਹੈ । ਵੇਖਣਾ ਇਹ ਹੁੰਦਾ ਹੈ ਕਿ ਜੋ ਮਿਨੀਮਮ ਨੰਬਰ ਫਿਕਸ ਕੀਤੇ ਹਨ ਉਸ ਤੋਂ ਨੰਬਰ ਕਿਸੇ ਦੇ ਘੱਟ ਨਾ ਹੋਣ । ਜੇ ਕਿਸੇ ਕੇਸ ਵਿਚ ਕੋਈ ਲਿਹਾਜ਼ਦਾਰੀ ਕੀਤੀ ਗਈ ਹੈ ਤਾਂ ਗੌਰਮਿੰਟ ਇਹ ਦੇਖ ਸਕਦੀ ਹੈ ਪਰ ਮਹਿਜ਼ ਇਨ੍ਹਾਂ ਗੱਲਾਂ ਤੇ ਕੋਈ ਕਮੇਟੀ ਬਣਾਉਣ ਦਾ ਸਵਾਲ ਹੀ ਨਹੀਂ (ਵਿਘਨ) (ਤਾੜੀਆਂ)

(ਇਸ ਵਕਤ ਕਈ ਆਨਰੇਬਲ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜੇ ਹੋ ਗਏ)

ਸ੍ਰੀ ਸਪੀਕਰ : ਚੀਫ ਮਨਿਸਟਰ ਸਾਹਿਬ ਦੇ ਕਹਿਣ ਨਾਲ ਮਾਮਲਾ ਹੁਣ ਸਾਫ ਹੋ ਗਿਆ ਹੈ । ਉਨ੍ਹਾਂ ਨੇ ਕਹਿ ਦਿਤਾ ਹੈ ਕਿ ਜੇ ਕੋਈ ਇਹੋ ਜਿਹਾ ਕੇਸ ਹੋਵੇਗਾ ਤਾਂ ਉਹ ਦੇਖ ਲੈਣਗੇ । (ਵਿਘਨ)

(The hon. Chief Minister's reply clears the position. He has stated that if there is any such case, that will be examined.) ***(Interruption)***

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਸ ਦੇ ਲਈ ਤਾਂ ਬੇਸ਼ਕ ਇਨਕੁਆਇਰੀ ਕਮੇਟੀ ਨਾ ਬਣਾਉਣ ਲੇਕਿਨ ਮੈਂ ਮਨਿਸਟਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਉਹ ਉਨ੍ਹਾਂ ਕੇਸਾਂ ਵਿਚ ਜਿਥੇ ਦਾਖਲੇ ਵਾਸਤੇ ਕੁਰੱਪਸ਼ਨ ਹੋਈ ਹੈ ਉਨ੍ਹਾਂ ਦੀ ਇਨਕੁਆਇਰੀ ਵਾਸਤੇ ਕੋਈ ਇਨਕੁਆਇਰੀ ਕਮੇਟੀ ਬਣਾਉਣਗੇ ? (ਅਪੋਜ਼ੀਸ਼ਨ ਬੈਂਚਾਂ ਵੱਲੋਂ ਤਾੜੀਆਂ)

ਮੁੱਖ ਮੰਤਰੀ : ਇਹ ਬਿਲਕੁਲ ਬੇਬੁਨਿਆਦ ਗੱਲ ਹੈ । ਕੋਈ ਕੁਰੱਪਸ਼ਨ ਨਹੀਂ ਹੋਈ ।

ਆਵਾਜ਼ਾਂ : ਹੋਈ ਹੈ । ਹੋਈ ਹੈ । (ਵਿਘਨ) (ਸ਼ੋਰ)

(ਇਸ ਵਕਤ ਕਈ ਆਨਰੇਬਲ ਮੈਂਬਰ ਸਾਹਿਬਾਨ ਬੋਲ ਰਹੇ ਸਨ ** ** **)

ਸ਼੍ਰੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰਜ਼ ਬਗੈਰ ਪ੍ਰਮਿਸ਼ਨ ਬੋਲ ਰਹੇ ਹਨ that should not be recorded. (Whatever the hon. Members are saying without the permission of the Chair that should not be recorded.)

ਡਾਕਟਰ ਅਮੀਰ ਸਿੰਘ ਕਲਕਟ : ਮੈਂ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਇਨਕੁਆਇਰੀ ਕਮੇਟੀ ਬਣਾਉਣ ਅਤੇ ਮੈਂ ਇਹ ਇਲਜ਼ਾਮ ਲਗਾਉਂਦਾ ਹਾਂ ਕਿ ਜਿਸ ਵੇਲੇ ਅਕਾਲੀਆਂ ਦੀ ਸਰਕਾਰ ਸੀ ਉਸ ਵੇਲੇ 40—40 ਹਜ਼ਾਰ ਰੁਪਿਆ ਲਿਆ ਜਾਂਦਾ ਸੀ । ਮੈਂ ਇਹ ਇਲਜ਼ਾਮ ਲਗਾਉਂਦਾ ਹਾਂ ਅਤੇ ਮੈਂ ਇਹ ਸਾਬਤ ਕਰਾਂਗਾ । (ਵਿਘਨ)

Mr. Speaker: This is no question.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਡਾਕਟਰ ਸਾਹਿਬ ਦੀ ਗੱਲ ਮੰਨਦਾ ਹਾਂ ਅਤੇ ਕਹਿੰਦਾ ਹਾਂ ਕਿ ਅਕਾਲੀ ਸਰਕਾਰ ਦੇ ਵੇਲੇ, ਗਵਰਨਰੀ ਰਾਜ ਦੇ ਵੇਲੇ ਅਤੇ ਕਾਂਗਰਸ ਸਰਕਾਰ ਦੇ ਵੇਲੇ ਜਿੰਨੀਆਂ ਨਾਮੀਨੇਸ਼ਨਜ਼ ਹੋਈਆਂ ਹਨ ਸਭ ਦੀ ਇੰਨਕੁਆਇਰੀ ਕਰਵਾਈ ਜਾਏ ? (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਠੀਕ ਹੈ ਜੀ, ਕਰਵਾ ਲਈ ਜਾਵੇ ਅਸੀਂ ਬਿਲਕੁਲ ਤਿਆਰ ਹਾਂ । ਅਸੀਂ ਇਹ ਸਾਬਤ ਕਰਾਂਗੇ ਕਿ ਇਨ੍ਹਾਂ ਨੇ (ਟਰੇਜ਼ਰੀ ਬੈਂਚਾਂ ਵੱਲ ਇਸ਼ਾਰਾ ਕਰਦੇ ਹੋਏ) ਹਜ਼ਾਰਾਂ ਰੁਪਏ ਲੈ ਕੇ ਨਾਮੀਨੇਸ਼ਨਜ਼ ਕੀਤੀਆਂ ਹਨ । (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਸੀ)

ਮੁੱਖ ਮੰਤਰੀ : ਇਹ ਬਿਲਕੁਲ ਬੇਬੁਨਿਆਦ ਗੱਲ ਕਰ ਰਹੇ ਹਨ । (ਵਿਘਨ) (ਸ਼ੋਰ)

(ਇਸ ਵਕਤ ਕਈ ਆਨਰੇਬਲ ਮੈਂਬਰ ਸਾਹਿਬਾਨ ਬਗੈਰ ਪ੍ਰਮਿਸ਼ਨ ਦੇ ਬੋਲ ਰਹੇ ਸਨ ** **)

ਸ਼੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਬਗੈਰ ਪ੍ਰਮਿਸ਼ਨ ਦੇ ਕਹਿ ਰਹੇ ਹਨ that should not be recorded. Next Question No 2174. (Whatever the hon. Members are saying without the permission of the Chair, should not be recorded. Next question No. 2174)

(ਇਸ ਵਕਤ ਮਾਲ ਅਤੇ ਚੋਣ ਮੰਤਰੀ ਨੇ *2174 ਦਾ ਜਵਾਬ ਪੜ੍ਹਨਾ ਸ਼ੁਰੂ ਕੀਤਾ ।)

**Not recorded as ordered by the Chair.

ਸਰਦਾਰ ਹਰਚੰਦ ਸਿੰਘ : ਇਕ ਹਜ਼ਾਰ ਦੇ ਕਰੀਬ, ਸਪੀਕਰ ਸਾਹਿਬ, ਹਰੀਜਨ ਸਟੂਡੈਂਟਸ ਪੜ੍ਹਦੇ ਹਨ। 27 ਸਾਲਾਂ ਵਿਚ ਇਕ ਵੀ ਹਰੀਜਨ ਡਾਕਟਰ ਨਹੀਂ ਬਣਿਆ। ਕੀ ਵਜ੍ਹਾ ਹੈ ਕਿ ਹਾਲੀ ਤੱਕ ਕੋਈ ਹਰੀਜਨ ਡਾਕਟਰ ਕਿਉਂ ਨਹੀਂ ਬਣਿਆ ? (ਵਿਘਨ)

(ਕੋਈ ਉਤਰ ਨਹੀਂ ਆਇਆ)

Acharya Prithvi Singh Azad : I may kindly be heard. Being a senior Member of this House and very responsible Member of this House, I am going to lay a serious charge against some friends who belong to Akali Party and against some friends who belong to my party also. Will you give me chance ? *(Interruption)*.

(No reply)

New Mandi in Sunam

***2174. Shri Vishwa Mittar Sekhri** : Will the Minister for Agriculture and Forest be pleased to state—

(a) whether there is any proposal at present under the consideration of the Government to set up a New Mandi in Sunam: if so, the date by which the said Mandi is likely to be set up;

(b) the reasons for not setting up the Mandi so far?

Sardar Umrao Singh (Revenue Minister) : (a) and (b) Yes, Sir. A site was selected for the new Mandi at Sunam in 1961 but had to be abandoned due to some legal references and representations from the public. Another site for the new Mandi is being selected shortly and the new Mandi is likely to be set up in the year 1974-75.

[(ੳ) ਤੇ (ਅ) ਹਾਂ ਜੀ, ਨਵੀਂ ਮੰਡੀ ਸੁਨਾਮ ਲਈ ਸਾਇਟ 1961 ਵਿੱਚ ਚੁਣੀ ਸੀ, ਮਗਰ ਕੁੱਝ ਕਾਨੂੰਨੀ ਕਾਰਵਾਈ ਤੇ ਲੋਕਾਂ ਵਲੋਂ ਪ੍ਰਤਿਬੇਨਤੀਆਂ ਤੇ ਉਹ ਛੱਡਣੀ ਪਈ। ਹੋਰ ਸਾਇਟ ਚੁਣੀ ਜਾ ਰਹੀ ਹੈ ਅਤੇ ਨਵੀਂ ਮੰਡੀ ਦੀ ਸਥਾਪਨਾ ਦੀ ਸੰਭਾਵਨਾ 1974-75 ਵਿੱਚ ਹੈ।]

ਸ਼੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ site is being selected ਮੈਂ ਪੁਛਣਾ ਚਾਹੁੰਦਾ ਹਾਂ ਕਿ ਕਿਨਾ ਟਾਈਮ ਇਸ ਕੰਮ ਲਈ ਲੱਗੇਗਾ? ਇਹ 11 ਸਾਲ ਤੋਂ ਇਸ ਤਰ੍ਹਾਂ ਮੰਡੀ ਚੱਲਦੀ ਆ ਰਹੀ ਹੈ। ਦੂਸਰੇ ਇਸ ਤਰ੍ਹਾਂ ਦੀਆਂ ਪੰਜਾਬ ਵਿਚ ਕਿੰਨੀਆਂ ਮੰਡੀਆਂ ਹਨ ?

ਮਾਲ ਮੰਤਰੀ : ਸਪੀਕਰ ਸਾਹਿਬ, ਇਹ ਆਪਣੀ ਨਵੀਂ ਕਿਸਮ ਦਾ ਕੇਸ ਹੈ। ਮੈਂ ਤਾਂ ਆਪ ਹੈਰਾਨ ਹਾਂ ਕਿ ਸਾਈਟ ਸਿਲੈਕਟ ਹੋ ਗਈ ਪਰ ਕਬਜ਼ਾ ਹਾਲੇ ਤੱਕ ਕਿਉਂ ਨਹੀਂ ਲਿਆ ਗਿਆ। ਉਥੇ ਪਬਲਿਕ ਨੂੰ ਮਕਾਨ ਬਨਾਉਣ ਦੀ ਅਤੇ ਪੈਟਰੋਲ ਪੰਪ ਬਨਾਉਣ ਦੀ ਛੋਟ ਦੇ ਦਿਤੀ ਗਈ। ਪਤਾ ਨਹੀਂ ਉਸ ਵੇਲੇ ਦੀ ਸਰਕਾਰ ਨੇ ਕੀ ਗੱਲ ਸਮਝੀ ਸੀ ਕਿ ਉਸ ਵਕਤ ਕਬਜ਼ਾ ਨਹੀਂ ਸੀ

ਲਿਆ ਅਤੇ ਸੁਨਾਮ ਸ਼ਹਿਰ ਨੂੰ ਮੰਡੀ ਤੋਂ ਵਾਂਝਿਆ ਰੱਖਿਆ ਗਿਆ । ਅਸੀਂ ਇਸ ਗੱਲ ਦੀ ਇੰਨਕੁਆਇਰੀ ਕਰਾਵਾਂਗੇ ।

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਗੱਲ ਦੀ ਅਕਾਲੀ ਵਜ਼ੀਰ ਸਾਹਿਬਾਨ ਨੇ ਛੋਟ ਦੇ ਰੱਖੀ ਸੀ ਲੋਕਾਂ ਨੂੰ ਕਿ ਕਬਜ਼ੇ ਕਰ ਲਵੋ?

ਮੰਤਰੀ : ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਉਸ ਵੇਲੇ ਦੀ ਸਰਕਾਰ ਦੀ ਛੋਟ ਜ਼ਰੂਰ ਸੀ ਨਹੀਂ ਤਾਂ ਕਿਸੇ ਦੀ ਕੀ ਮਜਾਲ ਹੈ ਕਿ ਸਰਕਾਰ ਦੀ ਜ਼ਮੀਨ ਤੇ ਕਬਜ਼ਾ ਕਰਕੇ ਮਕਾਨ ਜਾਂ ਪੈਟਰੋਲ ਪੰਪ ਬਣਾ ਲਵੇ । ਇਸ ਗੱਲ ਬਾਰੇ ਇਨਕੁਆਇਰੀ ਕਰਾਵਾਂਗੇ ਅਤੇ ਜਿਹੜਾ ਕੋਈ ਅਫਸਰ ਜ਼ਿੰਮੇਵਾਰ ਹੋਵੇਗਾ ਕਾਰਵਾਈ ਕੀਤੀ ਜਾਵੇਗੀ ।

ਸਰਦਾਰ ਦਰਸ਼ਨ ਸਿੰਘ ਕੇ. ਪੀ. : ਮੈਂ ਸਰਕਾਰ ਤੋਂ ਪੁਛਣਾ ਚਾਹੁੰਦਾ ਹਾਂ ਕਿ ਵੱਡੇ ਸ਼ਹਿਰਾਂ ਵਿਚ ਸਰਕਾਰ ਨੇ ਨਵੀਆਂ ਮੰਡੀਆਂ ਬਣਾਈਆਂ ਹੋਈਆਂ ਹਨ ਅਤੇ ਇਹ ਮੰਡੀਆਂ ਇਸ ਕਰਕੇ ਬਣਾਈਆਂ ਹਨ ਕਿਉਂਕਿ ਪੁਰਾਣੀਆਂ ਮੰਡੀਆਂ ਵਿਚ ਥਾਂ ਘੱਟ ਸੀ ਅਤੇ ਗੱਡਿਆਂ ਅਤੇ ਟਰੈਕਟਰਾਂ ਲਈ ਰਸਤਾ ਨਹੀਂ ਸੀ ਹੁੰਦਾ ਅਤੇ ਆਉਣ ਜਾਣ ਵਿਚ ਔਕੜ ਪੇਸ਼ ਆਉਂਦੀ ਸੀ, ਪਰ ਹੁਣ ਤੱਕ ਕਈ ਥਾਵਾਂ ਤੇ ਪੁਰਾਣੀਆਂ ਮੰਡੀਆਂ ਅਤੇ ਨਵੀਆਂ ਮੰਡੀਆਂ ਦੋਵੇਂ ਚੱਲ ਰਹੀਆਂ ਹਨ । ਕੀ ਸਰਕਾਰ ਪੁਰਾਣੀਆਂ ਮੰਡੀਆਂ ਬੰਦ ਕਰਾਏਗੀ ?

ਮੰਤਰੀ : ਸਪੀਕਰ ਸਾਹਿਬ, ਜਿਥੋਂ ਤੱਕ ਕਾਲੋਨਾਈਜ਼ੇਸ਼ਨ ਦੇ ਮਹਿਕਮੇ ਦਾ ਤੁਅੱਲਕ ਹੈ ਅਸੀਂ ਤਾਂ ਨਵੀਆਂ ਮੰਡੀਆਂ ਬਣਾਉਂਦੇ ਹਾਂ । ਜੇ ਕੋਈ ਐਸੀ ਜਗ੍ਹਾ ਹੈ ਤਾਂ ਉਸ ਦੇ ਵਾਸਤੇ ਮੰਡੀ ਬੋਰਡ ਹੈ । ਇਹ ਸਾਡੇ ਨੋਟਿਸ ਵਿਚ ਲੈ ਆਉਣ ਮੈਂ ਸਬੰਧਤ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਲੈ ਆਵਾਂਗਾ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ ਸੁਨਾਮ ਦੀ ਇਸ ਮੰਡੀ ਵਾਸਤੇ ਇਹ ਜ਼ਮੀਨ 1955-56 ਵਿਚ ਐਕੁਆਇਰ ਕੀਤੀ ਗਈ ਸੀ । ਇਸ ਜ਼ਮੀਨ ਦੇ ਥੋੜੇ ਹਿੱਸੇ ਤੇ ਨਾਜਾਇਜ਼ ਕਬਜ਼ੇ ਕੀਤੇ ਹੋਏ ਹਨ ਅਤੇ ਬਾਕੀ ਜਿਹੜੀ ਜ਼ਮੀਨ ਹੈ ਉਸ ਵਿਚ ਮੰਡੀ ਬਣ ਸਕਦੀ ਹੈ ਪਰ ਰਾਜਸੀ ਕਾਰਨਾਂ ਕਰਕੇ ਇਹ ਬਾਕੀ ਦੀ ਜ਼ਮੀਨ ਰਿਲੀਜ਼ ਕਰ ਰਹੇ ਹਨ......... (ਵਿਘਨ)

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁਕਾ ਹਾਂ ਕਿ ਇਸ ਜ਼ਮੀਨ ਲਈ 1965-66 ਵਿਚ ਨੋਟੀਫਿਕੇਸ਼ਨ ਕੀਤਾ ਗਿਆ ਸੀ ਅਤੇ 5 ਸਾਲ ਤੱਕ ਉਸ ਜ਼ਮੀਨ ਦਾ ਕਬਜ਼ਾ ਨਹੀਂ ਲਿਆ ਗਿਆ । ਜਿਥੋਂ ਤੱਕ ਰਾਜਸੀ ਦਬਾਅ ਦਾ ਤੁਅੱਲਕ ਹੈ ਇਸ ਬਾਰੇ ਇਨਕੁਆਇਰੀ ਕਰਨੀ ਹੈ । (ਵਿਘਨ)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਹ ਜਿਹੜਾ ਨਾਜਾਇਜ਼ ਕਬਜ਼ਾ ਸੁਨਾਮ ਦੀ ਮੰਡੀ ਦੀ ਜ਼ਮੀਨ ਤੇ ਕੀਤਾ ਹੈ ਉਥੇ ਇਕ ਐਡਵੋਕੇਟ ਸਾਹਿਬ ਹਨ ਅਤੇ ਉਹ ਵਜ਼ੀਰ ਸਾਹਿਬ ਦੇ ਦੋਸਤ ਹਨ ਕੀ ਉਥੇ ਉਨ੍ਹਾਂ ਨੇ ਵੀ ਕੋਈ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ ?

ਮੰਤਰੀ : ਸਪੀਕਰ ਸਾਹਿਬ, ਨਾ ਤਾਂ ਮੈਨੂੰ ਪਤਾ ਹੈ ਕਿ ਕਿਹੜੇ ਐਡਵੋਕੇਟ ਸਾਹਿਬ ਹਨ ਜਿਨ੍ਹਾਂ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਮਗਰ ਮੈਂ ਇਹ ਕਹਿ ਸਕਦਾ ਹਾਂ ਕਿ ਜਿਹੜਾ ਵੀ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ, ਇਹ ਅਕਾਲੀ ਰਿਜੀਮ ਵਿਚ ਕੀਤਾ ਗਿਆ ਹੈ । (ਵਿਘਨ) ਔਰ ਸਰਦਾਰ ਦਰਬਾਰਾ ਸਿੰਘ ਉਸ ਵੇਲੇ ਸਪੀਕਰ ਸਨ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਦੱਸਿਆ ਹੈ ਕਿ ਨਾਜਾਇਜ਼ ਕਬਜ਼ੇ ਹੋਏ ਹਨ । ਮੈਂ ਇਹ ਗੱਲ ਜਾਣਨਾ ਚਾਹੁੰਦਾ ਹਾਂ ਕਿ ਜਿਨ੍ਹਾਂ ਨੇ ਨਾਜਾਇਜ਼ ਕਬਜ਼ੇ ਕੀਤੇ ਹਨ ਜਾਂ ਜਿਨ੍ਹਾਂ ਨੇ ਕਰਵਾਏ ਹਨ ਉਨ੍ਹਾਂ ਦੇ ਖਿਲਾਫ ਸਰਕਾਰ ਕੀ ਕਾਰਵਾਈ ਕਰ ਰਹੀ ਹੈ ?

ਮੰਤਰੀ : ਇਸ ਬਾਰੇ ਇਹ ਹੈ ਕਿ ਜਿਹੜੇ ਅਫ਼ਸਰਾਂ ਨੇ ਅਨਗਹਿਲੀ ਕੀਤੀ ਹੈ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾ ਸਕਦਾ ਹੈ ਕਿਉਂਕਿ ਗੌਰਮੈਂਟ ਦੀਆਂ ਇੰਸਟਰਕਸ਼ਨਜ਼ ਦੇ ਮੁਤਾਬਕ ਉਨ੍ਹਾਂ ਨੇ ਜ਼ਮੀਨ ਦਾ ਕਬਜ਼ਾ ਨਹੀਂ ਲਿਆ । ਹੁਣ ਜਿਹੜੀ ਕੰਸਟਰਕਸ਼ਨ ਹੋਈ ਹੈ ਉਸ ਨੂੰ ਉਠਾਉਣਾ ਮੁਸ਼ਕਲ ਨਜ਼ਰ ਆਉਂਦਾ ਹੈ । ਇਸ ਬਾਰੇ ਇਨਕੁਆਇਰੀ ਕਰਨੀ ਹੈ ।

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ਸਪੀਕਰ ਸਾਹਿਬ, ਸਰਦਾਰ ਦਰਬਾਰਾ ਸਿੰਘ ਹੋਰਾਂ ਨੇ ਕਿਹਾ ਹੈ ਕਿ ਜਿਹੜੇ ਐਡਵੋਕੇਟ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ ਉਹ ਵਜ਼ੀਰ ਸਾਹਿਬ ਦੇ ਮਿੱਤਰ ਹਨ । ਹੁਣ ਦੇ ਮਿਤਰਾਂ ਦਾ ਤਾਂ ਇਹ ਲਿਹਾਜ਼ ਨਹੀਂ ਕਰਦੇ ਕੀ ਇਹ ਉਸ ਵੇਲੇ ਦੇ ਮਿੱਤਰ ਹਨ ਜਦੋਂ ਇਹ ਅਕਾਲੀ ਹੁੰਦੇ ਸਨ ? (ਵਿਘਨ)

ਸ੍ਰੀ ਸਪੀਕਰ : ਇਹ ਕੋਈ ਸੁਆਲ ਨਹੀਂ । (This is no supplementary.)

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਅਜਿਹੀਆਂ ਕਿੰਨੀਆਂ ਮੰਡੀਆਂ ਹਨ ਜਿਹੜੀਆਂ ਇਸ ਤਰ੍ਹਾਂ ਦੀਆਂ ਹਨ ? (ਵਿਘਨ)

ਸ੍ਰੀ ਸਪੀਕਰ : ਇਹ ਵੀ ਕੋਈ ਸੁਆਲ ਨਹੀਂ ਹੈ। (This too is not a supplementary.)

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੋ ਜ਼ਮੀਨ ਮੰਡੀ ਲਈ ਐਕੁਆਇਰ ਕੀਤੀ ਗਈ ਹੈ ਉਸ ਦਾ ਕਾਫ਼ੀ ਹਿੱਸਾ ਹਾਲੇ ਤਕ ਖ਼ਾਲੀ ਪਿਆ ਹੈ ਅਤੇ ਉਸ ਤੇ ਮੰਡੀ ਬਣ ਸਕਦੀ ਹੈ। ਉਸ ਥਾਂ ਤੇ ਕੋਈ ਕੰਸਟਰਕਸ਼ਨ ਨਹੀਂ ਹੋਈ। ਉਸ ਨੂੰ ਕਿਨ੍ਹਾਂ ਕਾਰਨਾਂ ਕਰਕੇ ਖ਼ਾਲੀ ਛੱਡਿਆ ਹੋਇਆ ਹੈ ? (ਵਿਘਨ)

ਮੰਤਰੀ : ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਇਹ ਕਬਜ਼ੇ ਅਕਾਲੀ ਰਿਜੀਮ ਵੇਲੇ ਹੋਏ ਹਨ। ਉਥੇ ਜਿਹੜੇ ਕਬਜ਼ੇ ਕੀਤੇ ਗਏ ਉਸ ਵਕਤ ਸਰਦਾਰ ਜਸਦੇਵ ਸਿੰਘ ਸੰਧੂ ਅਤੇ ਇਨ੍ਹਾਂ ਦੇ ਹੋਰ ਸਾਥੀ ਇਸ ਤਰਫ਼ ਬੈਠੇ ਸਨ ਅਤੇ ਉਨ੍ਹਾਂ ਨੇ ਕਰਵਾਏ । ਜਿਹੜੀ ਜ਼ਮੀਨ ਖ਼ਾਲੀ ਪਈ ਹੈ ਅਗਰ ਉਹ ਮੰਡੀ ਦੇ ਯੋਗ ਹੋਈ ਤਾਂ ਉਥੇ ਮੰਡੀ ਬਣਾਵਾਂਗੇ ।

ਸਰਦਾਰ ਹਰਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਲੰਧਰ ਦੀ ਮਿੱਟੀ ਨੇ ਤਾਂ ਅਗੇ ਹੀ ਉਤਲੀ ਹੇਠ ਕਰ ਦਿੱਤੀ ਹੈ ਅਤੇ ਅਜੇ ਵੀ ਇਹ ਝਗੜਾ ਹਲ ਨਹੀਂ ਹੋਇਆ ....

ਸ੍ਰੀ ਸਪੀਕਰ: ਇਹ ਕੋਈ ਸੁਆਲ ਨਹੀਂ ਹੈ। (This is no supplementary).

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਵਜ਼ੀਰ ਸਾਹਿਬ ਨੂੰ ਇਹ ਪੁਛਣਾ ਚਾਹੁੰਦਾ ਹਾਂ ਕਿ ਕੀ ਸੁਨਾਮ ਦੇ ਪ੍ਰੈਜ਼ੀਡੈਂਟ ਨੇ ਸਰਕਾਰ ਕੋਲ ਕੋਈ ਇਹੋ ਜਿਹੀ ਰਿਪ੍ਰੈਜ਼ੈਂਟੇਸ਼ਨ ਭੇਜੀ ਹੈ ਜਿਸ ਵਿਚ ਇਹ ਮੰਗ ਕੀਤੀ ਗਈ ਹੋਵੇ ਕਿ ਜਿਹੜੇ ਸ਼ਹਿਰਾਂ ਵਿਚ ਮਿਉਂਸਪਿਲ ਲਿਮਿਟ ਦੇ ਵਿਚ ਜਗ੍ਹਾ ਹੋਵੇ ਉਥੇ ਮੰਡੀਆਂ ਬਣਾਈਆਂ ਜਾਣ ਅਤੇ ਮੰਡੀਆਂ ਨੂੰ ਸਟੇਸ਼ਨਜ਼ ਦੇ ਨੇੜੇ ਰਖਿਆ ਜਾਵੇ ?

ਮੰਤਰੀ: ਇਹ ਸੁਝਾਓ ਹੈ ਇਸ ਤੇ ਵਿਚਾਰ ਕਰ ਲਵਾਂਗੇ। ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਜਗ੍ਹਾ ਤੇ ਸੁਨਾਮ ਦੀ ਮੰਡੀ ਬਣਨੀ ਸੀ ਉਹ ਜਗ੍ਹਾ ਮੇਰੇ ਸਾਥੀਆਂ ਨੇ ਰੋਕ ਰਖੀ ਸੀ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਸਰਦਾਰ ਉਮਰਾਓ ਸਿੰਘ ਨੂੰ ਤਾਂ ਅਕਾਲੀਆਂ ਦਾ ਫੋਬੀਆ ਹੋ ਗਿਆ ਹੈ। (ਵਿਘਨ) ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮੈਨੂੰ ਇੰਨੀਂ ਗਲ ਦਸੀ ਜਾਵੇ ਕਿ ਉਸ ਮੰਡੀ ਵਾਸਤੇ ਇਕ ਵਕੀਲ ਦੇ ਬਾਪੂ ਦੀ ਜ਼ਮੀਨ ਅਕੁਆਇਰ ਹੋਈ ਹੋਈ ਸੀ ਔਰ ਸਰਦਾਰ ਉਮਰਾਓ ਸਿੰਘ ਨੇ ਇਹ ਜ਼ਮੀਨ ਰਿਲੀਜ਼ ਕੀਤੀ ਹੈ (ਵਿਘਨ)

ਮੰਤਰੀ: ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਕੰਨਸਟਰਕਸ਼ਨ ਤਾਂ 1970 ਵਿਚ ਹੋ ਗਈ ਸੀ (ਵਿਘਨ)

ਚੌਧਰੀ ਜਗਤ ਰਾਮ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਤੋਂ ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਦਾਰ ਹਰਚੰਦ ਸਿੰਘ ਨੇ ਹੁਣੇ ਕਿਹਾ ਹੈ ਕਿ ਜਲੰਧਰ ਵਿਚ ਮਿੱਟੀ ਹੇਠਾਂ ਉਪਰ ਕਰ ਦਿਤੀ ਹੈ, ਉਹ ਮਿੱਟੀ ਹੇਠਾਂ ਉਪਰ ਕਰਨ ਵਿਚ ਕਿਸ ਦਾ ਹੱਥ ਸੀ ?

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

Setting up of Sheep Breeding Farms and High Milk Yielding Cattle Farms

***2173. Shri Vishwa Mitter Sekhri :** Will the Minister of State for Development be pleased to state—

(a) whether the Government has at present any proposal under its consideration for the setting up of sheep-breeding farms at different places in Shivalik Hills of Punjab; if so, the details thereof;

(b) whether the Government has also under consideration any proposal for the setting up of high-milk yielding-cattle farms in the sub-mountain areas of Kandi area of Hoshiarpur District; if so, the details thereof ?

Sardar Santokh Singh Randhawa : (a) One Government Sheep Breeding Farm is being established at Dhar (District Gurdaspur).

(b) No Sir.

[(ੳ) ਇਕ ਸਰਕਾਰੀ ਸ਼ੀਪ ਬਰੀਡਿੰਗ ਫਾਰਮ, ਧਾਰ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਸਥਾਪਤ ਕੀਤਾ ਜਾ ਰਿਹਾ ਹੈ।

(ਅ) ਨਹੀਂ ਜੀ।]

Proposal for local buses between Samrala and Morinda and between Canal Bridge Nilon and Morinda

***2123. Sardar Prehlad Singh :** Will the Minister of State for Transport be pleased to state whether there is any proposal to start local buses between Samrala and Morinda and between Canal Bridge Nilon and Morinda has been received by the Government from the Deputy Commissioner, Ludhiana; if so, the reasons for not starting such local buses so far ?

Sardar Dilbagh Singh Daleke : No, Sir.

[ਨਹੀਂ ਜੀ ।]

Panel Doctors-IMPs at Chheharta, district Amritsar

***2169. (1) Comrade Mehtab Singh**
(2) Comrade Satya Pal Dang } Will the Minister of State for Health and Family Planning be pleased to state—

(a) whether any of the Panel Doctors /IMPs have since resigned/ retired or shifted from Chheharta to Amritsar; if so, their names with exact designations;

(b) the maximum number of workers along with their dependents permissible for registration with one panel doctor;

(c) the names of IMPs doctors in Chheharta with whom more than the permissible limit of persons referred to in part (b) above is registered and the reasons therefor;

(d) whether any proposal to appoint more IMPs for Chheharta has been under the consideration of the Government; if so, since when;

(e) whether any new IMPs have since been appointed ?

Sardar Balbir Singh : (a) Yes, Sir. Dr. Dwarka Dass Khanna, Insurance Medical Practitioner, has retired with effect from 4th December, 1973 Dr. Joginder Singh, Insurance Medical Practitioner has shifted his clinic from Chheharta to Amritsar;

(b) An Insurance Medical Practitioner can register upto 750 insured persons/family units.

(c) Dr. Ram Kishore Sharma has at present 751 Insured persons/ family units on his list and Dr. Mehar Chand Abbi 836. The registration with an Insurance Medical Practitioner is a matter of choice of the insured persons and the Insurance Medical Practitioner himself, but they are paid for only 750 family units.

(d) Yes, Sir. Since October, 1973.

(e) Yes, Sir, Dr. Subash Marwah and Dr. Yogi Raj Khanna, IMPs. have been appointed at Chhehrata since 8-1-1974.

[(ੳ) ਹਾਂ ਜੀ। ਡਾ: ਦਵਾਰਕਾ ਦਾਸ ਖੰਨਾ, ਇਨਸ਼ੋਰੈਂਸ ਮੈਡੀਕਲ ਪਰੈਕਟੀਸ਼ਨਰ, 4 ਦਸੰਬਰ, 1973 ਤੋਂ ਸਰਵਿਸ ਤੋਂ ਰਿਟਾਇਰ ਹੋ ਗਏ ਹਨ। ਡਾ: ਜੁਗਿੰਦਰ ਸਿੰਘ, ਇਨਸ਼ੋਰੈਂਸ ਮੈਡੀਕਲ ਪਰੈਕਟੀਸ਼ਨਰ, ਛੇਹਰਟੇ ਤੋਂ ਅਪਣਾ ਕਲਿਨਿਕ ਅੰਮ੍ਰਿਤਸਰ ਲੈ ਗਏ ਹਨ।

(ਅ) ਇਕ ਇਨਸ਼ੋਰੈਂਸ ਮੈਡੀਕਲ ਪਰੈਕਟੀਸ਼ਨਰ 750 ਬੀਮਾ-ਸ਼ੁਦਾ ਵਿਅਕਤੀ ਪਰਿਵਾਰ ਯੂਨਿਟਾਂ ਨੂੰ ਰਜਿਸਟਰ ਕਰ ਸਕਦਾ ਹੈ।

(ੲ) ਡਾ: ਰਾਮ ਕਿਸ਼ੋਰ ਸ਼ਰਮਾ ਪਾਸ ਇਸ ਸਮੇਂ 751 ਬੀਮਾ-ਸ਼ੁਦਾ ਪਰਿਵਾਰ ਯੂਨਿਟ ਉਸਦੀ ਲਿਸਟ ਤੇ ਹਨ ਅਤੇ ਡਾ: ਮੇਹਰ ਚੰਦ ਅਬੀ ਕੋਲ 836 ਹਨ। ਇਹ ਰਜਿਸਟਰੇਸ਼ਨ ਬੀਮਾ ਸ਼ੁਦਾ ਵਿਅਕਤੀ ਦੀ ਅਤੇ ਇਨਸ਼ੋਰੈਂਸ ਮੈਡੀਕਲ ਪਰੈਕਟੀਸ਼ਨਰ ਦੀ ਪਸੰਦ ਦੀ ਗਲ ਹੈ। ਪਰੰਤੂ ਅਦਾਇਗੀ ਕੇਵਲ 750 ਪਰਿਵਾਰ ਯੂਨਿਟਸ ਦੇ ਆਧਾਰ ਤੇ ਹੀ ਕੀਤੀ ਜਾਂਦੀ ਹੈ।

(ਸ) ਹਾਂ ਜੀ। ਅਕਤੂਬਰ, 1975 ਤੋਂ।

(ਹ) ਹਾਂ ਜੀ। ਡਾ: ਸੁਭਾਸ਼ ਮਰਵਾਹਾ ਅਤੇ ਡਾ: ਜੋਗੀ ਰਾਜ ਖੰਨਾ, ਆਈ. ਐਮ. ਪੀਜ਼. ਛੇਹਰਟੇ 8-1-1974 ਤੋਂ ਨਿਯੁਕਤ ਹੋ ਗਏ ਹਨ।]

Proposal for big Hospital at tehsil level

***2207. Master Dalip Chand :** Will the Minister of State for Health and Family Planning be pleased to state—

(a) whether there is any proposal at present under the consideration of the Government to open big hospitals at tehsil level in the State;

(b) if the answer to part (a) above be in the affirmative whether there is a proposal to open hospital on the land selected for the purpose at Balachaur, during this year ?

Sardar Balbir Singh : (a) Yes, Sir. All Tehsil Hospitals are being upgraded to 50-bed hospitals in a phased manner.

(b) Not during the year i.e. (1973-74). However during the 5th Plan period it is proposed to establish 50 bed hospital at Balachaur.

[(ੳ) ਜੀ ਹਾਂ। ਸਾਰੇ ਤਹਿਸੀਲ ਹਸਪਤਾਲ ਹੌਲੀ ਹੌਲੀ 50 ਬਿਸਤਰਿਆਂ ਦੇ ਹਸਪਤਾਲਾਂ ਵਿੱਚ ਅਪਗ੍ਰੇਡ ਕੀਤੇ ਜਾ ਰਹੇ ਹਨ।

(ਅ) ਇਸ ਸਾਲ (1973-74) ਵਿੱਚ ਨਹੀਂ ਸੀ। ਐਪਰ ਪੰਜਵੀਂ ਪੰਜ ਸਾਲਾ ਯੋਜਨਾ ਦੇ ਦੌਰਾਨ ਬਲਾਚੌਰ ਵਿਖੇ 50 ਬਿਸਤਰਿਆਂ ਦਾ ਹਸਪਤਾਲ ਸਥਾਪਤ ਕਰਨ ਦੀ ਤਜਵੀਜ਼ ਹੈ।]

Starred Question No. 2242**

(Extension has been asked for in respect of Starred Question No. 2242)

Starred Question No. 2233

ਅ.ਸ.ਪ. ਨੰ: 21-ਏ ਕਿਉ.ਸਿ.ਬਿ(7)-74/1

ਰਾਜ ਮੰਤਰੀ,
ਸਿੰਜਾਈ ਅਤੇ ਬਿਜਲੀ ਵਿਭਾਗ, ਪੰਜਾਬ,
ਚੰਡੀਗੜ੍ਹ ।
ਮਿਤੀ ਫਰਵਰੀ 18, 1974 ।

ਗੁਰਬਖਸ਼ ਸਿੰਘ ਸਿਬੀਆ

ਪਿਆਰੇ ਡਾਕਟਰ ਜੀ,

ਵਿਧਾਨ ਸਭਾ ਦੇ ਸਵਾਲ ਨੰ: 2233, ਜੋ ਕਿ ਮਿਤੀ 19 ਫਰਵਰੀ, 1974 ਲਈ ਸਵਾਲਾਂ ਦੀ ਸੂਚੀ ਵਿਚ ਸ੍ਰੀ ਪ੍ਰਹਿਲਾਦ ਸਿੰਘ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ। ਲੋੜੀਂਦੀ ਸੂਚਨਾ ਸੰਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 1 ਮਾਰਚ, 1974, ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ।

ਵਿਸ਼ਵਾਸਪਾਤਰ,
ਸਹੀ/- . . . ,
(ਗੁਰਬਖਸ਼ ਸਿੰਘ ਸਿਬੀਆ)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ ।

Procurement of Paddy and Maize during the season 1973

***2124 Sardar Prehlad Singh :** Will the Minister of State for Food and Supplies be pleased to state—

(a) the total procurement of Paddy and Maize by the State Government during the season, 1973 ;

(b) the quantity purchased below the procurement prices, i.e. at Rs 70./-;

(c) the reasons of this cut in the procurement price?

Sardar Gurdarshan Singh : (a) A total quantity of 13,586 tonnes of Paddy and 10,166 tonnes of Maize has been procured by the State Government during the year 1973-74 (upto 14th February, 1974).

**Starred Question No. 2242 and reply thereto appear in Appendix to this Debate.

(b) the entire quantity was purchased at the procurement price subject to quality cuts as per specifications prescribed for the year 1973-74.

(c) Question does not arise.

[(ੳ) ਸਾਲ 1973-74 ਦੇ ਦੌਰਾਨ (14 ਫਰਵਰੀ, 1974 ਤਕ) ਰਾਜ ਸਰਕਾਰ ਨੇ ਕੁਲ ਪੈਡੀ 13,586 ਟਨ ਅਤੇ ਮੱਕੀ 10,166 ਟਨ ਖ਼ਰੀਦੀ ਹੈ।

(ਅ) ਇਹ ਸਾਰੀ ਦੀ ਸਾਰੀ ਮਿਕਦਾਰ ਵਸੂਲੀ ਭਾਅ ਤੇ, ਜਿਸ ਤੇ ਸਾਲ 1973-74 ਲਈ ਨਿਯਤ ਸਪੈਸੀਫ਼ੀਕੇਸ਼ਨਾਂ ਅਨੁਸਾਰ ਕੁਆਲਟੀ ਕੱਟ ਲਗਦਾ ਹੈ, ਖਰੀਦੀ ਗਈ।

(ੲ) ਸਵਾਲ ਪੈਦਾ ਨਹੀਂ ਹੁੰਦਾ।]

Retirement Age of Punjab Government Staff

***2117. Shri Prem Gupta :** Will the Chief Minister be pleased to state whether it is a fact that the Punjab Government has recently decided to fix the retirement age of its employees at fifty-five(55) instead of 58 as at present; if so, the date from which the said decision is likely to be implemented ?

Giani Zail Singh : The matter is under consideration for the present. A final decision has not been taken.

[ਅਜੇ ਇਹ ਮਸਲਾ ਵਿਚਾਰ ਅਧੀਨ ਹੈ। ਕੋਈ ਅੰਤਮ ਫੈਸਲਾ ਨਹੀਂ ਹੋਇਆ।

Strictures Against Police Officers, Gazetted and Non Gazetted, by different Courts

***2171. Shri Brish Bhan :** Will the Chief Minister be pleased to state—

(a) the number of police officers, gazetted and non-gazetted, separately, district-wise, in the State, against whom strictures had been passed in judgements of the courts from 15th March, 1972 up-to-date ;

(b) the action taken by the Government against the Police Officers referred to in part (a) above ;

(c) the number of Police Officers, referred to in (a) above, against whom the Government has not taken any action so far, alongwith the reasons therefor ?

ਗਿਆਨੀ ਜ਼ੈਲ ਸਿੰਘ: ਗਜ਼ਟੀ ਤੇ ਅਗਜ਼ਟੀ ਅਫਸਰਾਂ ਵਿਰੁੱਧ ਅਦਾਲਤਾਂ ਵਲੋਂ ਪਾਸ ਹੋਏ ਸਟ੍ਰਿਕਚਰਾਂ ਬਾਰੇ ਜ਼ਿਲ੍ਹੇ-ਵਾਰ ਸੂਚਨਾ ਇਸ ਪ੍ਰਕਾਰ ਹੈ :—

(ੳ) ਜ਼ਿਲ੍ਹਾ		ਗਜ਼ਟੀ	ਅਗਜ਼ਟੀ
ਹੁਸ਼ਿਆਰਪੁਰ	..	..	2
ਲੁਧਿਆਣਾ	..	..	18

[ਮੁੱਖ ਮੰਤਰੀ]

(ੲ) ਜ਼ਿਲ੍ਹਾ		ਗਜ਼ਟੀ	ਅਗਜ਼ਟੀ
ਪਟਿਆਲਾ	..	..	5
ਅੰਮ੍ਰਿਤਸਰ	..	..	11
ਫਿਰੋਜ਼ਪੁਰ	..	..	9
ਬਠਿੰਡਾ	..	..	2
ਰੋਪੜ	..	..	..
ਸੰਗਰੂਰ	..	..	..
ਕਪੂਰਥਲਾ	..	..	..
ਗੁਰਦਾਸਪੁਰ	..	..	..
ਫਰੀਦਕੋਟ	..	..	..
ਜਲੰਧਰ	..	..	..
ਜੋੜ	..		47

(ਬੀ) ਇਸ ਸਬੰਧ ਵਿੱਚ ਕੁਲ 47 ਅਗਜ਼ਟੀ ਅਫਸਰਾਂ ਵਿਰੁੱਧ ਅਦਾਲਤਾਂ ਵਲੋਂ ਸਟਿਕਚਰ ਪਾਸ ਕੀਤੇ ਗਏ ਜਿਨ੍ਹਾਂ ਵਿਚੋਂ 11 ਵਿਰੁੱਧ ਮੈਜਿਸਟ੍ਰੇਟਾਂ ਵਲੋਂ ਜਾਂਚ ਕੀਤੀ ਜਾ ਰਹੀ ਹੈ ਤੇ 32 ਵਿਰੁੱਧ ਵਿਭਾਗੀ ਪੜਤਾਲ ਕੀਤੀ ਜਾ ਰਹੀ ਹੈ । ਕੇਵਲ 2 ਅਗਜ਼ਟੀ ਕਰਮਚਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਸਕੀ ਕਿਉਂਕਿ ਦੋਹਾਂ ਕੇਸਾਂ ਵਿੱਚ ਅਦਾਲਤ ਦੇ ਫੈਸਲੇ ਵਿਰੁੱਧ ਉੱਚ ਅਦਾਲਤ ਵਿੱਚ ਅਪੀਲ ਚਲ ਰਹੀ ਹੈ । 2 ਵਿਰੁੱਧ ਦੁਸ਼ਨਸਾਬਤ ਨਾ ਹੋਣ ਕਾਰਣ ਪੜਤਾਲ ਦਾਖਲ ਦਫਤਰ ਕੀਤੀ ਜਾ ਚੁਕੀ ਹੈ ।

(ਸੀ) ਕੋਈ ਨਹੀਂ । ਉਪ੍ਰੋਕਤ (ਬੀ) ਵਿੱਚ ਦੱਸੇ ਕਾਰਨਾਂ ਵਜੋਂ ਕੇਵਲ 2 ਕਰਮਚਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾ ਸਕੀ । ਮਾਮਲਾ ਸਬ-ਜੁਡਿਸ ਹੋਣ ਕਾਰਨ ਉੱਚ-ਅਦਾਲਤ ਦੇ ਫੈਸਲੇ ਮਗਰੋਂ ਹੀ ਕੋਈ ਕਾਰਵਾਈ ਕੀਤੀ ਜਾਵੇਗੀ ।

Cancellation of Fire Arms Licences given to Sadhus and Mahatmas in the State

***2187. Comrade Shamsher Singh Josh** : Will the Chief Minister be pleased to state whether the State Government has ordered for the cancellation of Fire Arms Licences given to various Sadhus or Mahatmas in the State; if so, the names of those whose licences have been cancelled?

Giani Zail Singh : No.

[ਨਹੀਂ ਜੀ ।]

Confiscated Properties of Freedom-Fighters

***2188. Comrade Shamsher Singh Josh** : Will the Chief Minister be pleased to state whether the State Government has taken any steps to

return the properties of the Freedom-Fighters of the State, confiscated by the British Government, during their Rule over India ; if so, the details of the steps taken so far ?

ਗਿਆਨੀ ਜ਼ੈਲ ਸਿੰਘ: ਪੰਜਾਬ ਸਰਕਾਰ ਨੇ ਅਗਸਤ, 1973, ਵਿੱਚ ਸੁਤੰਤਰਤਾ ਸੰਗਰਾਮੀਆਂ ਜਾਂ ਉਨ੍ਹਾਂ ਦੇ ਪਰਵਾਰਾਂ ਨੂੰ ਜ਼ਬਤਸ਼ੁਦਾ ਜਾਇਦਾਦਾਂ ਦੀ ਬਹਾਲੀ ਜਾਂ ਮੁਆਵਜ਼ੇ ਲਈ ਅਰਜ਼ੀਆਂ ਦੇਣ ਲਈ ਇਕ ਹੋਰ ਮੌਕਾ ਦੇਣ ਦਾ ਫੈਸਲਾ ਕੀਤਾ ਸੀ ਅਤੇ ਇਕ ਪ੍ਰੈਸ ਨੋਟ ਰਾਹੀਂ ਇਸ ਮੰਤਵ ਲਈ ਮਿਤੀ 15 ਦਸੰਬਰ, 1973 ਤੱਕ ਅਰਜ਼ੀਆਂ ਮੰਗੀਆਂ ਗਈਆਂ ਸਨ। ਪ੍ਰਾਪਤ ਹੋਈਆਂ ਅਰਜ਼ੀਆਂ ਉਤੇ ਗੌਰ ਕੀਤੀ ਜਾ ਰਹੀ ਹੈ।

[The State Government decided in August, 1973, to allow another opportunity to the freedom-fighters in the State to apply for restoration or compensation for the properties forfeited by the British Government for their participation in the various National Movements for the freedom of the country. For this purpose a press note was issued and the freedom-fighters were requested to submit their applications by 15th December, 1973. The applications received in response to the said press note are being processed.]

—

Cases against Officers instituted by the Vigilance Department

***2313. 1. Sardar Sukhdev Singh Dhillon**
2. Sardar Dhanna Singh Gulshan : Will the Chief Minister be pleased to state—

(a) the number of officers in the State against whom cases were instituted by the Vigilance Department on charge of collecting money from illegal sources during the year 1972-73;

(b) the nature of punishments awarded to the officers against whom cases on this account were instituted ;

(c) the details of the said cases in which punishment was awarded as well as of those in which the officers were acquitted separately ?

Giani Zail Singh : (a) Total 16 (Gazetted 6, non-gazetted 10) from 1st January, 1972 to 31st December, 1973.

(b) Nil.

(c) Nil.

[(ੳ) ਕੁਲ 16 (ਗਜ਼ਟੀ 6, ਅਗਜ਼ਟੀ 10) ਮਿਤੀ 1 ਜਨਵਰੀ, 1972 ਤੋਂ 31 ਦਸੰਬਰ, 1973 ਤੱਕ।

(ਅ) ਕੋਈ ਨਹੀਂ।

(ੲ) ਕੋਈ ਨਹੀਂ।]

—

Two Mills of Chheharta, District Amritsar, which are lying closed

***2167. 1. Comrade Mehtab Singh :**
2. Comrade Satya Pal Dang : Will the Chief Minister be pleased to state —

(a) whether the following two mills of Chheharta, District Amritsar, have been lying closed since long; if so; the dates of closure in each case:—

(i) M/s Hindustan Embroidery Mills, Pvt. Ltd. ;

(ii) M/s Amritsar Sugar Mills, Ltd. ;

[Comrade Mehtab Singh, Comrade Satya Pal Dang]

(b) whether any relief has been given by the Government to the workers of the said Mills by way of loans/grants ; if so, the total amount so distributed in case of each of the said Mills and the terms and conditions of the loans, if any, advanced?

Shri Hans Raj Sharma : (a) Yes, sir, since 15th February, 1972 and 23rd April, 1973, respectively.

(b) A sum of Rs 50,000 has been disbursed as loan to the workers of Amritsar Sugar Mills Ltd., Amritsar (Vanaspati Units). A copy of the terms and conditions is placed on the Table of the House. No grant/loan was given to the workers of the other Mill.

[(ੳ) ਹਾਂ ਜੀ, ਮਿਤੀ 15 ਫਰਵਰੀ, 1972 ਅਤੇ ਮਿਤੀ 23 ਅਪ੍ਰੈਲ, 1973 ਤੋਂ ।

(ਅ) ਅੰਮ੍ਰਿਤਸਰ ਸ਼ੂਗਰ ਮਿਲਜ਼ ਦੇ ਕਿਰਤੀਆਂ ਨੂੰ 50,000 ਰੁਪਏ ਕਰਜ਼ੇ ਦੀ ਸੂਰਤ ਵਿਚ ਦਿੱਤੇ ਗਏ ਸਨ । ਸ਼ਰਤਾਂ ਦੇ ਵੇਰਵੇ ਦੀ ਕਾਪੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ । ਦੂਸਰੀ ਮਿਲ ਦੇ ਕਿਰਤੀਆਂ ਨੂੰ ਕੋਈ ਕਰਜ਼ਾ ਜਾਂ ਗ੍ਰਾਂਟ ਨਹੀਂ ਦਿੱਤੀ ਗਈ ।]

Terms and Conditions regarding grant of loan amounting to Rs. 50,000 to the workers of Amritsar Sugar Mills Co., Limited, Amritsar (Vanaspati Unit)

(i) The loan will be admissible to the workers who were on the roll of the Mills on 1st April, 1973. Each worker will be given an amount of Rs 200 or an amount equal to his un-paid earned wages for the period 1st April, 1973 to 23rd April, 1973 and lay-off compensation whichever is less. The loan will be interest-free and will be advanced on the surety of two persons of which in addition to the bond of the worker (loanee) one may be co-worker and the other either be a Sarpanch or Municipal Commissioner or an M.L.A. or any man of status and property.

(ii) Recovery of the loan will start after three months or as soon as the worker gets employment whichever is earlier. Recovery will be effected in five equal monthly instalments. Not more than one default will be allowed to the workers. In case of second default in the payment of instalment, the whole amount will be liable to be recovered in lump sum through the Collector of the District as arrears of land revenue.

(iii) The loan will be interest-free only if it is re-paid within six months of the start of recovery. Each worker will give an undertaking that the loan shall be deductable from his wage-bill.

(iv) The loanee shall also give his consent and authority to the Labour Commissioner that the whole or part of the loan shall be made good and deducted from his Provident Fund accumulations, if need be.

(v) An agreement shall be executed between the borrower and the creditor in a suitable form. Stamp duty in respect of agreement will be borne by the Government.

Setting up of Heavy Industrial units in the State

***2172. Shri Vishwa Mitter Sekhri** : Will the Chief Minister be pleased to state —

(a) whether there is any proposal, at present, under the cosideration of the Government for setting up Heavy Industrial Units of Iron and Steel in the State; if so, at what places ;

(b) If answer to part (a) is in the affirmative, whether the Government proposes to set up the said Heavy Industrial Units in the private sector in collaboration with private parties, or like to in the Public Sector ?

Giani Zail Singh : (a) Punjab State Industrial Development Corporation Ltd., has already set up a Mini Steel Plant, at Ludhiana, in the Joint Sector. The Corporation has also received a letter of intent for setting up a High Duty Alloy Castings unit in the State, with a capacity of 15,000 tonnes per year. The Project is to be located in a backward district of the State. Further, the Corporation has applied for the issue of letter of intent for a Cold Rolled Strip Project.

(b) The Corporation proposes to set up the above units in the Joint Sector in collaboration with private parties.

[(ੲ) ਪੰਜਾਬ ਰਾਜ ਉਦਯੋਗਿਕ ਵਿਕਾਸ ਨਿਗਮ ਨੇ ਸਾਂਝੇ ਖੇਤਰ ਵਿੱਚ ਲੁਧਿਆਣਾ ਵਿਖੇ ਮਿਨੀ ਸਟੀਲ ਪਲਾਂਟ ਸਥਾਪਤ ਕੀਤਾ ਹੋਇਆ ਹੈ। ਨਿਗਮ ਨੇ ਰਾਜ ਵਿੱਚ 15,000 ਟਨ ਪ੍ਰਤੀ ਸਾਲ ਦੀ ਸਮਰਥਾ ਵਾਲਾ ਹਾਈ ਡਿਊਟੀ ਅਲੌਏ ਕਾਸਟਿੰਗਜ਼ ਯੂਨਿਟ ਸਥਾਪਤ ਕਰਨ ਲਈ ਮਨੋਰਥ-ਪੱਤਰ ਪ੍ਰਾਪਤ ਵੀ ਕਰ ਲਿਆ ਹੈ। ਇਹ ਪ੍ਰਾਜੈਕਟ ਰਾਜ ਦੇ ਪਿਛੜੇ ਹੋਏ ਜ਼ਿਲ੍ਹੇ ਵਿੱਚ ਸਥਾਪਤ ਕਰਨਾ ਹੈ। ਇਸ ਤੋਂ ਇਲਾਵਾ ਨਿਗਮ ਨੇ ਕੋਲਡ ਰੋਲਡ ਸਟ੍ਰਿਪ ਪ੍ਰਾਜੈਕਟ ਲਈ ਮਨੋਰਥ-ਪੱਤਰ ਜਾਰੀ ਕਰਨ ਲਈ ਅਰਜ਼ੀ ਦਿੱਤੀ ਹੈ।

(ਬੀ) ਨਿਗਮ ਦੀ ਉਪਰੋਕਤ ਯੂਨਿਟ ਸਾਂਝੇ ਖੇਤਰ ਵਿੱਚ ਪ੍ਰਾਈਵੇਟ ਪਾਰਟੀਆਂ ਦੇ ਸਹਿਯੋਗ ਨਾਲ ਸਥਾਪਤ ਕਰਨ ਦੀ ਤਜਵੀਜ਼ ਹੈ।]

Assistant Directors in the Industries Department

*2204. **Sardar Basant Singh Khalsa :** Will the Chief Minister be pleased to state —

(a) the number of Assistant Directors working at present in the Industries Department ;

(b) whether their appointment is on regular basis or on *adhoc* basis;

(c) whether the services of the officers mentioned in part (a) above have been got approved from the Public Service Commission, Punjab ; if so, the dates thereof ;

(d) if answer to part (c) above be in the negative the reasons therefor ?

Giani Zail Singh : (a) 7

(b) Regular ..6
On *adhoc* basis ..1

(c) Out of the regularly appointed, three had been recruited through the Punjab Public Service Commission. The other three were promoted from amongst the departmental employees. Approval of the Commission was conveyed to the Department on 30th January, 1965, 26th October,

[Chief Minister]

1966 and 4th December, 1967. The Commission has not approved the appointment of one Assistant Director who is still on adhoc basis.

(d) The question whether the services of the Assistant Director whose appointment has not been approved by the Commission, should or should not be retained, is under consideration of the Government.

[(ੳ) 7

(ਅ) ਰੇਗੂਲਰ .. 6

ਤਦਅਰਥ ਆਧਾਰ ਤੇ .. 1

(ੲ) ਰੇਗੂਲਰ ਤੌਰ ਤੇ ਨਿਯੁਕਤ ਕੀਤੇ ਸਹਾਇਕ ਡਾਇਰੈਕਟਰਾਂ ਵਿੱਚੋਂ ਤਿੰਨ ਪੰਜਾਬ ਲੋਕ ਸੇਵਾ ਕਮਿਸ਼ਨਰ ਰਾਹੀਂ ਨਿਯੁਕਤ ਕੀਤੇ ਗਏ ਸਨ। ਦੂਜੇ ਤਿੰਨਾਂ ਨੂੰ ਵਿਭਾਗੀ ਪ੍ਰਮੋਸ਼ਨ ਨਾਲ ਲਗਾਇਆ ਸੀ। ਕਮਿਸ਼ਨ ਦੀ ਪਰਵਾਨਗੀ ਵਿਭਾਗ ਨੂੰ 30 ਜਨਵਰੀ, 1965, 26 ਅਕਤੂਬਰ, 1966 ਅਤੇ 4 ਦਸੰਬਰ, 1967 ਨੂੰ ਭੇਜੀ ਗਈ। ਕਮਿਸ਼ਨ ਨੇ ਇੱਕ ਸਹਾਇਕ ਡਾਇਰੈਕਟਰ ਦੀ ਪਰਵਾਨਗੀ ਨਹੀਂ ਦਿੱਤੀ ਅਤੇ ਉਹ ਤਦਅਰਥ ਆਧਾਰ ਤੇ ਲੱਗਿਆ ਹੈ।

(ਸ) ਜਿਸ ਸਹਾਇਕ ਡਾਇਰੈਕਟਰ ਦੀ ਨਿਯੁਕਤੀ ਕਮਿਸ਼ਨ ਨੇ ਪਰਵਾਨ ਨਹੀਂ ਕੀਤੀ ਉਸ ਬਾਰੇ ਸਵਾਲ ਸਰਕਾਰ ਦੇ ਵਿਚਾਰ ਅਧੀਨ ਹੈ ਕਿ ਕੀ ਉਸ ਦੀਆਂ ਸੇਵਾਵਾਂ ਰਿਟੇਨ ਕੀਤੀਆਂ ਜਾਣ ਜਾਂ ਨਾ।]

ਸਟਾਰਡ ਸਵਾਲ ਨੰ: 2189**

(ਇਸ ਸਵਾਲ ਦੇ ਕੇਸ ਵਿਚ ਹੋਰ ਸਮੇਂ ਦੀ ਮੰਗ ਕੀਤੀ ਗਈ ਹੈ।)

ਡੀ. ਓ. ਨੰ: 1421-ਸੀ-5-74/85

ਜ਼ੈਲ ਸਿੰਘ

ਮੁੱਖ ਮੰਤਰੀ, ਪੰਜਾਬ,
ਚੰਡੀਗੜ੍ਹ।

ਅ.ਸ.ਪ.ਨੰ: 1421-ਸੀ-5-74/2887,
ਮਿਤੀ, ਚੰਡੀਗੜ੍ਹ, 18 ਫਰਵਰੀ, 1974

ਵਿਸ਼ਾ:—ਸਟਾਰਡ ਵਿਧਾਨ ਸਭਾ ਪ੍ਰਸ਼ਨ ਨੰ: 2189, ਵਲੋਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼, ਐਮ. ਐਲ. ਏ., ਬਾਬਤ ਰਾਜ ਵਿਚ ਅਧਿਕਾਰੀ ਅਹੁਦਿਆਂ ਦਾ ਨਾਂ ਤੇ ਨੰਬਰ ਜਿਨ੍ਹਾਂ ਵਿਚ ਪਿਛਲੇ ਇਕ ਸਾਲ ਤੋਂ ਅਲੈਕਸ਼ਨ ਨਹੀਂ ਹੋਏ ਅਤੇ ਨਾ ਹੋਣ ਦੇ ਕਾਰਨ।

ਪਿਆਰੇ

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2189, ਜੋ ਮਿਤੀ 19 ਫਰਵਰੀ, 1974 ਲਈ ਸਆਲਾਂ ਦੀ ਸੂਚੀ ਵਿਚ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼, ਐਮ. ਐਲ. ਏ., ਦੇ ਨਾਂ ਹੇਠ ਦਰਜ ਹੈ, ਦਾ ਜੁਆਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਂ ਤੋਂ ਇਕਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜਵਾਬ ਦੇਣ ਦੀ ਮਿਆਦ ਵਿਚ 10 ਦਿਨ ਦਾ ਵਾਧਾ ਕੀਤਾ ਜਾਵੇ ਅਤੇ

**ਨਿਸ਼ਾਨ ਵਾਲਾ ਪ੍ਰਸ਼ਨ ਨੰ: 2189 ਅਤੇ ਉਸ ਦਾ ਜਵਾਬ ਇਸੇ ਡਿਬੇਟ ਦੇ ਅੰਤ ਤੇ ਅਪੈਂਡਿਕਸ ਵਿਚ ਲਗੇ ਹਨ

ਇਹ ਸੁਆਲ ਇਸ ਸਮੇਂ ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਧੰਨਵਾਦ ਸਹਿਤ,

ਆਪ ਦਾ ਸ਼ੁਭਚਿੰਤਕ ,
ਸਹੀ/- . . .,
(ਜ਼ੈਲ ਸਿੰਘ)

ਸ੍ਰੀ ਕੇਵਲ ਕ੍ਰਿਸ਼ਨ,
ਸਪੀਕਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

UNSTARRED QUESTIONS AND ANSWERS

Stipends /Scholarships for poor students other than those belonging to Scheduled Castes and Backward Classes

730. Comrade Satya Pal Dang : Will the Minister for Education be pleased to state—

(a) whether there are any schemes at present under the consideration of the Government for giving stipends/scholarships to poor students other than those belonging to Scheduled Castes and Backward Classes for higher studies/training; if so, the details of the said scheme may be laid on the Table of the House ?

Shri Gurmail Singh : (a) Yes, a scheme is under consideration of the Government. Details of the scheme can be made available only after it has been finally approved.

[(ੲ) ਜੀ ਹਾਂ, ਇੱਕ ਅਜਿਹੀ ਸਕੀਮ ਸਰਕਾਰ ਦੇ ਵਿਚਾਰ ਅਧੀਨ ਹੈ। ਸਕੀਮ ਦਾ ਵੇਰਵਾ ਸਰਕਾਰ ਤੋਂ ਅੰਤਮਰੂਪ ਵਿਚ ਮੰਨਜ਼ੂਰੀ ਹੋਣ ਤੇ ਦਿੱਤਾ ਜਾ ਸਕਦਾ ਹੈ।

ਬਿਨਾ ਨਿਸ਼ਾਨ ਸੁਆਲ ਨੰ : 731

ਵਿਧਾਨ ਸਭਾ ਦੇ ਸਵਾਲ ਨੰ: 731 ਜੋ ਮਿਤੀ 19 ਫਰਵਰੀ, 1974 ਲਈ ਬਿਨਾਂ ਨਿਸ਼ਾਨ ਸੁਆਲਾਂ ਦੀ ਸੂਚੀ ਵਿਚ ਮਾਸਟਰ ਦਲੀਪ ਚੰਦ, ਅਮ. ਐਲ. ਏ. ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ਕਿਉਂਕਿ ਵਿਧਾਨ ਸਭਾ ਸਕੱਤਰੇਤ ਵਲੋਂ ਇਸ ਦਾ ਨੋਟਿਸ ਬਹੁਤ ਦੇਰੀ ਨਾਲ ਮਿਤੀ 14 ਫਰਵਰੀ, 1974 ਨੂੰ ਪ੍ਰਾਪਤ ਹੋਇਆ ਹੈ।

ਸਬੰਧਤ ਸੂਚਨਾ ਜੋ ਇਕੱਤਰ ਕੀਤੀ ਜਾ ਰਹੀ ਹੈ ਦੇ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ/- . . .,
(ਮੰਤਰੀ ਲੋਕ ਨਿਰਮਾਣ) ਪੰਜਾਬ।

[ਮੰਤਰੀ ਲੋਕ ਨਿਰਮਾਣ]

ਸੇਵਾ ਵਿਖੇ,

ਸਕੱਤਰ, ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ:ਸ:ਪ: ਨੰ: 20 ਐਸ 2 (ਵਿ.ਸ.)-74, ਮਿਤੀ ਚੰਡੀਗੜ੍ਹ ।

ਬਿਨਾ ਨਿਸ਼ਾਨ ਸਵਾਲ ਨੰ: 732

(ਇਸ ਸਵਾਲ ਦਾ ਜਵਾਬ ਸਰਕਾਰ ਪਾਸੋਂ ਪਰਾਪਤ ਨਹੀਂ ਹੋਇਆ ।)

ਅਨਸਟਾਰਡ ਸਵਾਲ ਨੰ: 733

ਵਿਸ਼ਾ:—ਅਨਸਟਾਰਡ ਸਵਾਲ ਨੰਬਰ 733 ਵਲੋਂ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਬਾਬਤ ਰਾਜ ਸਰਕਾਰ ਪਾਸ ਨਿਕਾਸੀ ਜ਼ਮੀਨ ।

ਸਭਾ ਦੇ ਸੁਆਲ ਨੰਬਰ 733, ਜੋ ਮਿਤੀ 19 ਫਰਵਰੀ, 1974 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ , ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ ।

(ਸਹੀ) . . .,

ਮਾਲ ਅਤੇ ਚੋਣ ਮੰਤਰੀ, ਪੰਜਾਬ ।

ਸੇਵਾ ਵਿਖੇ,

ਸਕੱਤਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਗ:ਸ: ਨੰ: 717-ਆਰ-1-74/4081, ਚੰਡੀਗੜ੍ਹ, ਮਿਤੀ 18 ਫਰਵਰੀ, 1974.

ਅਨਸਟਾਰਡ ਸਵਾਲ ਨੰ: 734

ਵਿਸ਼ਾ:—ਅਨਸਟਾਰਡ ਸਵਾਲ ਨੰ: 734

ਵਿਧਾਨ ਸਭਾ ਦੇ ਅਨਸਟਾਰਡ ਸਵਾਲ ਨੰ: 734 ਜੋ ਮਿਤੀ 19 ਫਰਵਰੀ, 1974 ਲਈ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ, ਐਮ. ਐਲ. ਏ ਦੇ ਨਾਂ ਵਲੋਂ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਇਹ ਸੂਚਨਾ ਸਪੀਕਰ ਸਾਹਿਬ ਦੀ ਸੇਵਾ ਵਿਚ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਪੰਜਾਬ ਵਿਧਾਨ ਸਭਾ ਵਿਚ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮ 41 ਦੇ ਉਪਬੰਧ (ii) ਅਧੀਨ ਇਸ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਦੀ ਕਿਰਪਾ ਕੀਤੀ ਜਾਵੇ। ਇਸ ਸਵਾਲ ਨੂੰ

ਮਿਤੀ 1 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

(ਸਹੀ) .. ..

ਰਾਜ ਮੰਤਰੀ, ਸਿੰਜਾਈ ਤੇ ਬਿਜਲੀ, ਪੰਜਾਬ ।

ਸੇਵਾ ਵਿਖੇ,

ਸਪੀਕਰ, ਪੰਜਾਬ ਵਿਧਾਨ ਸਭਾ ।

ਗ.ਸ.ਨੰ: 64-ਏ-ਕਿਉਸਿ.ਬਿ(1)-74/ ਮਿਤੀ ਚੰਡੀਗੜ੍ਹ-18 ਫਰਵਰੀ, 1974.

ਅਨਸਟਾਰਡ ਸਵਾਲ ਨੰ: 735

ਵਿਸ਼ਾ : ਅਨਸਟਾਰਡ ਸਵਾਲ ਨੰ: 735

ਵਿਧਾਨ ਸਭਾ ਦੇ ਸਵਾਲ ਨੰ: 735, ਜੋ ਮਿਤੀ 19 ਫਰਵਰੀ, 1974 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਕਾਮਰੇਡ ਸੱਤ ਪਾਲ ਡਾਂਗ ਦੇ ਨਾਂ ਹੇਠ ਦਰਜ ਹੈ ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

ਸਬੰਧਤ ਸੂਚਨਾ ਇਕੱਤਰ ਹੋ ਜਾਣ ਤੇ ਜੁਆਬ ਤੁਰੰਤ ਭੇਜ ਦਿਤਾ ਜਾਵੇਗਾ ।

ਸਹੀ......................,
ਰਾਜ ਮੰਤਰੀ, ਸਿੰਜਾਈ ਤੇ ਬਿਜਲੀ,
ਪੰਜਾਬ ।

ਸੇਵਾ ਵਿਖੇ,

ਸਕੱਤਰ, ਪੰਜਾਬ ਵਿਧਾਨ ਸਭਾ ।

ਗ.ਸ.ਨੰ: 43-ਏ.ਕਿਉ.ਸਿ.ਬਿ(5)-74, ਮਿਤੀ ਚੰਡੀਗੜ੍ਹ, 18 ਫਰਵਰੀ 1974

Tractors and Harvestor Combines in use for Agricultural purposes

736. Comrade Satya Pal Dang : Will the Minister for Agriculture and Forests be pleased to state the total number of Tractors and Harvestor Combines in use for Agriculture purposes in the State at present ?

Master Gurbanta Singh : Tractors 32968 }
Harvestor Combines 350 } Approximately.

[ਟਰੈਕਟਰ 32968) }
ਹਾਰਵੈਸਟਰ ਕਮਬਾਈਨ 350) } ਲਗਭਗ]

Industries to be set up in Hoshiarpur District

737. **Comrade Satya Pal Dang** : Will the Chief Minister be pleased to state the number of Industries proposed to be set up in the backward district of Hoshiarpur in Fifth Plan period ?

Giani Zail Singh : It is not possible to indicate the number of Industries proposed to be set up in Hoshiarpur District in the Fifth Plan period. However, as per the present indications, following large and medium scale projects are proposed to be set up in Hoshiarpur District:—

Public Sector : Punjab State Industrial Development Corporation proposes to set up a Craft Paper Project at Hoshiarpur with a capital cost of Rs. 200 lakhs.

Private Sector: Private parties have taken effective steps to set up two Mini Steel Plants, one Sophisticated Alloy Iron Foundry Project, a Nylon Filament Yarn Plant, Pressure Cooker and Appliances Unit, Cotton Spinning and Weaving Mills etc. These units are likely to be commissioned in the Fifth Plan period.

[ਪੰਜਵੀਂ ਪੰਜ ਸਾਲਾ ਪਲਾਨ ਦੇ ਸਮੇਂ ਵਿਚ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲਗਾਏ ਜਾਣ ਵਾਲੇ ਉਦਯੋਗਾਂ ਦਾ ਨੰਬਰ ਦੱਸਣਾ ਸੰਭਵ ਨਹੀਂ ਹੈ। ਹੁਣ ਦੇ ਹਾਲਾਤ ਅਨੁਸਾਰ ਨਿਮਨ ਲਿਖਤ ਵੱਡੇ ਅਤੇ ਦਰਮਿਆਨ ਦਰਜ਼ੇ ਦੇ ਪ੍ਰਾਜੈਕਟਸ ਹੁਸ਼ਿਆਰਪੁਰ ਜ਼ਿਲ੍ਹੇ ਵਿਚ ਲਗਾਉਣ ਦਾ ਵਿਚਾਰ ਹੈ:—

ਪਬਲਿਕ ਸੈਕਟਰ:—ਹੁਸ਼ਿਆਰਪੁਰ ਵਿਚ ਇੱਕ ਕਰਾਫਟਸ ਪੇਪਰ ਪ੍ਰਾਜੈਕਟਸ 200 ਲੱਖ ਰੁਪਏ ਦੇ ਸਰਮਾਏ ਤੋਂ ਲਗਾਉਣ ਦਾ ਵਿਚਾਰ ਰੱਖਦੀ ਹੈ।

ਪ੍ਰਾਈਵੇਟ ਸੈਕਟਰ:—ਪ੍ਰਾਈਵੇਟ ਪਾਰਟੀਆਂ ਨੇ ਦੋ ਛੋਟੇ ਸਟੀਲ ਪਲਾਂਟਾਂ, ਇੱਕ ਅਲਾਏ ਆਇਰਨ ਫਾਊਂਡਰੀ ਪ੍ਰਾਜੈਕਟ, ਇੱਕ ਨਾਇਲਨ ਫਿਲਾਮੈਂਟ ਆਇਰਨ ਪਲਾਂਟ, ਇਕ ਪ੍ਰੈਸ਼ਰ ਕੁਕਰ ਅਤੇ ਕਾਟਨ ਸਪਿਨਿੰਗ ਅਤੇ ਵੀਵਿੰਗ ਮਿਲਜ਼, ਲਗਾਉਣ ਬਾਰੇ ਜ਼ਰੂਰੀ ਕਾਰਵਾਈਆਂ ਕਰ ਰਹੀਆਂ ਹਨ। ਇਨ੍ਹਾਂ ਯੂਨਿਟਾਂ ਦੇ ਪੰਜਵੀਂ ਪੰਜ-ਸਾਲਾ ਪਲਾਨ ਵਿਚ ਚਾਲੂ ਹੋਣ ਦੀ ਸੰਭਾਵਨਾ ਹੈ।]

ਅਨਸਟਾਰਡ ਸਵਾਲ ਨੰ: 738

ਵਿਸ਼ਾ: ਅਨਸਟਾਰਡ ਸਵਾਲ ਨੰ: 733 ਵਲੋਂ ਸਰਦਾਰ ਗੁਰਦੇਵ ਸਿੰਘ ਬਾਦਲ, ਐਮ. ਐਲ. ਏ.

ਸਭਾ ਦੇ ਸਵਾਲ ਨੰ: 738 ਜੋ ਮਿਤੀ 19 ਫਰਵਰੀ, 1974 ਲਈ ਅਨਸਟਾਰਡ ਸਵਾਲਾਂ ਦੀ ਸੂਚੀ ਵਿਚ ਸਰਦਾਰ ਗੁਰਦੇਵ ਸਿੰਘ ਬਾਦਲ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ।

ਸਬੰਧਤ ਸੂਚਨਾ ਇਕੱਤਰ ਹੋਣ ਤੇ ਜਵਾਬ ਤੁਰੰਤ ਭੇਜ ਦਿਤਾ ਜਾਵੇਗਾ।

ਸਹੀ ....,
ਖੇਤੀਬਾੜੀ ਮੰਤਰੀ,
ਪੰਜਾਬ।

ਸੇਵਾ ਵਿਖੇ,
ਸਕੱਤਰ, ਪੰਜਾਬ ਵਿਧਾਨ ਸਭਾ।

ਗ.ਸ.ਪ. ਨੰ: 1327-ਖਬ-12-74/2956, ਚੰਡੀਗੜ੍ਹ ਮਿਤੀ 18 ਫਰਵਰੀ, 1974।

Schools upgraded in Faridkot District

739. **Sardar Gurdev Singh Badal** : Will the Minister for Education be pleased to state the number of schools upgraded in District Faridkot and in Faridkot Assembly constituency seperately during the last year ?

Shri Gurmail Singh : Eleven schools from Primary to Middle and four schools from Middle to High had been upgraded in Faridkot District in last year.

The schools are not upgraded Assembly constituency-wise.

[ਪਿਛਲੇ ਸਾਲ ਫਰੀਦਕੋਟ ਜ਼ਿਲੇ ਵਿਚ 11 ਪ੍ਰਾਇਮਰੀ ਅਤੇ 4 ਮਿਡਲ ਸਕੂਲਾਂ ਦਾ ਪੱਧਰ ਉਚਾ ਕੀਤਾ ਗਿਆ। ਸਕੂਲਾਂ ਦਾ ਪੱਧਰ ਵਿਧਾਨ ਸਭਾ ਚੋਣ ਹਲਕਿਆਂ ਅਨੁਸਾਰ ਉਚਾ ਨਹੀਂ ਕੀਤਾ ਜਾਂਦਾ।]

Dharamshalas constructed in Faridkot District

740. **Sardar Gurdev Singh Badal** : Will the Minister of State for Social Welfare be pleased to state the total number of Dharamshalas so a constructed in district Faridkot as well as in the Faridkot Assembly Constituency separately ?

Miss Sarla Prasher (Minister of State for Social Welfare) : Part (i) 634.

Part (ii) Assembly Constituency -wise record is not maintained.

[ਭਾਗ (1) 634

ਭਾਗ (2) ਵਿਧਾਨ ਸਭਾ ਚੋਣ ਹਲਕੇ ਵਾਰ ਰੀਕਾਰਡ ਨਹੀਂ ਰਖਿਆ ਗਿਆ।]

Government Tubewells installed in Faridkot Assembly Constituency

741. **Sardar Gurdev Singh Badal** : Will the Minister of State for Irrigation and Power be pleased to state the number of Government Tubewells installed in Faridkot Assembly Constituency out of those which were installed during the last year in the whole of the State ?

Sardar Gurbaksh Singh Sibia : None. However, one trial bore drilled in village Pakhi Kalan by Punjab State Tubewell Corporation has been found successful and will be converted into a regular Tubewell.

[ਕੋਈ ਨਹੀਂ। ਪਰ ਪੰਜਾਬ ਸਟੇਟ ਟਿਊਬਵੈਲ ਕਾਰਪੋਰੇਸ਼ਨ ਦੁਆਰਾ ਪਿੰਡ ਪੱਖੀ ਕਲਾਂ ਵਿਚ ਇਕ ਅਜ਼ਮਾਇੱਸ਼ੀ ਬੋਰ ਕੀਤਾ ਗਿਆ ਹੈ ਜਿਹੜਾ ਕਿ ਕਾਮਯਾਬ ਰਿਹਾ। ਇਸ ਬੋਰ ਨੂੰ ਟਿਊਬਵੈਲ ਵਿਚ ਬਦਲ ਦਿਤਾ ਜਾਵੇਗਾ।

Plots allotted to Homeless persons in Faridkot Assembly Constituency

742. **Sardar Gurdev Singh Badal** : Will the Minister of State for Housing be pleased to state the number of homeless persons in Faridkot Assembly Constituency who have been allotted new plots and the built-up

[Sardar Gurdev Singh Badal]

houses so far together with the names of the villages in which these are situated?

Mrs. Gurbrinder Kaur Brar : The number of homeless persons in Faridkot Assembly Constituency who have been allotted plots, is 1401. Village-wise list is attached. Under the scheme there is no provision to allot built up houses.

[ਫਰੀਦਕੋਟ ਵਿਧਾਨ ਸਭਾ ਚੋਣ ਹਲਕੇ ਵਿਚ ਬੇਘਰੇ ਵਿਅਕਤੀਆਂ ਦੀ ਗਿਣਤੀ ਜਿਨ੍ਹਾਂ ਨੂੰ ਪਲਾਟ ਅਲਾਟ ਕੀਤੇ ਜਾ ਚੁਕੇ ਹਨ, 1401 ਹੈ। ਪਿੰਡ ਵਾਰ ਸੂਚੀ ਨਾਲ ਨੱਥੀ ਹੈ। ਸਕੀਮ ਅਧੀਨ ਬਣੇ ਬਣਾਏ ਮਕਾਨ ਦੇਣ ਸਬੰਧੀ ਕੋਈ ਉਪਬੰਧ ਨਹੀਂ ਹੈ।

ਪੇਂਡੂ ਭੂਮੀ/ਮਕਾਨ ਰਹਿਤ ਕਾਮਿਆਂ ਨੂੰ ਪਿੰਡਾਂ ਵਿਚ ਘਰਾਂ ਲਈ ਪਲਾਟ ਦੇਣ ਬਾਰੇ ਫਰੀਦਕੋਟ ਵਿਧਾਨ ਸਭਾ ਚੋਣ ਹਲਕੇ ਦੀ ਲਿਸਟ

ਲੜੀ ਨੰ:	ਪਿੰਡ ਦਾ ਨਾਮ		ਹੱਕਦਾਰ ਟੱਬਰ, ਜਿਨ੍ਹਾਂ ਨੂੰ ਪਲਾਟ ਅਲਾਟ ਕੀਤੇ ਗਏ
1	ਨੱਥੂਲ ਵਾਲਾ	...	21
2	ਸੈਦੇ ਕੇ	...	51
3	ਝੋਟੀ ਵਾਲਾ	...	34
4	ਧੂੜ ਕੋਟ	...	31
5	ਹਥੀਏ ਵਾਲਾ	...	25
6	ਦਾਨਾ ਰੁਮਾਨਾ	...	14
7	ਰੱਤੀ ਰੋੜੀ	...	29
8	ਹਦਿਆਲੇ ਆਣਾ	...	32
9	ਮਲੇਵਾਲਾ	...	3
10	ਪੱਖੀ ਕਲਾਂ	...	53
11	ਭਾਗਥਲਾ ਖੁਰਦ	...	19
12	ਕਮੇਆਣਾ	...	33
13	ਕਿਲਾਨੌ	...	66
14	ਦੀਪ ਸਿੰਘ ਵਾਲਾ	...	19
15	ਝੋਕ ਸਰਕਾਰੀ	...	18
16	ਮੁਸਾਰਾ	...	18
17	ਗੋਲੇਵਾਲਾ	...	65
18	ਡੱਲੇਵਾਲਾ	...	13
19	ਪੱਖੀ ਖੁਰਦ	...	9
20	ਸਾਧਾ ਵਾਲਾ	...	45

ਲੜੀ ਨੰ:	ਪਿੰਡ ਦਾ ਨਾਮ		ਹੱਕਦਾਰ ਟੱਬਰ, ਜਿਨ੍ਹਾਂ ਨੂੰ ਪਲਾਟ ਅਲਾਟ ਕੀਤੇ ਗਏ
21	ਭਾਣਾ	...	18
22	ਚੰਬੇਲੀ	...	4
23	ਮਿਸਰੀ ਵਾਲਾ	...	12
24	ਘੁਮਿਆਰਾ	...	9
25	ਟਹਿਨਾਂ	...	5
26	ਪਿੰਡੀ ਬਲੋਚਾਂ	...	14
27	ਸੰਗਤਪੁਰਾ	...	22
28	ਝਾੜੀ ਵਾਲਾ	...	30
29	ਹਸਟਭੱਟੀ	...	22
30	ਅਹਿਲ	...	42
31	ਵੀਰੇਵਾਲਾ	...	16
32	ਘੁੱਦੂ ਵਾਲਾ	...	28
33	ਭੋਲੂ ਵਾਲਾ	...	18
34	ਸਿੱਖਾਂ ਵਾਲਾ	...	58
35	ਬੀੜ ਚਹਿਲ	...	9
36	ਢਿਲਵਾਂ ਖੁਰਦ	...	70
37	ਚੱਕ ਸਾਹੂ	...	11
38	ਸਿਸਰੇ ਵਾਲਾ	...	23
39	ਚੁੰਨੀਆਂ	...	71
40	ਗੁਜਰ	...	39
41	ਕਾਉਣੀ	...	9
42	ਕਿੰਗਰੇ	...	51
43	ਮਾਨੀ ਸਿੰਘ ਵਾਲਾ	...	3
44	ਸਾਧੂ ਵਾਲਾ	...	8
45	ਬੀਹਲੇ ਵਾਲਾ	...	25
46	ਮਿਡ ਮਾਨ	...	16
47	ਚੈਤੀ ਸਿੰਘ ਵਾਲਾ	...	15
48	ਮੁਚਾਕੀ ਖੁਰਦ	...	13
49	ਸੂਖਨ ਵਾਲਾ	...	71
50	ਬੁਟਰ	...	24
51	ਮੰਡਵਾਲਾ	...	11
52	ਡੀਮਾਵਾਲੀ	...	15
53	ਜਲਾ ਲੇਆਣਾ	...	12
	ਜੋੜ	...	1401

Old Age Pensions given in Faridkot District

743. Sardar Gurdev Singh Badal : Will the Minister of State for Social Welfare be pleased to state the number and names of persons who have been given old age pensions in district Faridkot so far?

Miss Sarla Prasher : 2031 persons. The list indicating their names cannot be supplied as time and labour invloved will not be commensurate with the objective to be achieved.

[2031 ਵਿਅੱਕਤੀ। ਇਨ੍ਹਾਂ ਦੇ ਨਾਂ ਦੀ ਲਿਸਟ ਇਸ ਲਈ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਜਿਹੜਾ ਸਮਾਂ ਤੇ ਮਿਹਨਤ ਲਗੇਗੀ ਉਹ ਪਰਾਪਤ ਹੋਣ ਵਾਲੇ ਮੰਤਵ ਨਾਲ ਮੇਲ ਨਹੀਂ ਖਾਂਦੀ।]

Children Creches, Sewing Centres, etc.

746. Shri Sardari Lal Kapur
Sardar Beant Singh } Will the Minister for Social Welfare be pleased to.—

(a) lay on the Table of the House, the list of Children's Creches, Sewing Centres, Bal Baries situated in the localities of Safai Mazdoors in the State ;

(b) state whether there is any proposal under the consideration of the Government to give free Books, Boarding, Lodging and Uniforms for the children of Safai Mazdoors ?

Miss Sarla Parasher : (a) & (b) The reply is in the negative.

[(ੳ ਤੇ ਅ) ਜਵਾਬ ਨਫੀ ਵਿਚ ਹੈ ਜੀ।]

Fee Concession and Stipends for Scheduled Caste Students

744. Shri Sardari Lal Kapur
Sardar Beant Singh } Will the Minister for Education be pleased to state whether there is any proposal under consideration of the Government to enhance the limit of income to 6000/-rupees per annum from 3,600/-rupees per annum of the parents of Scheduled Caste students for educational facilities i.e. fee concession and stipends; if so, the time by which a decision in the matter is likely to be taken/implemented ?

Shri Gurmail Singh : The income limit of the parents of Scheduled Caste students has since been enhanced to Rs 6,000/-per annum from Rs 3600/-per annum.

[ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਮਾਪਿਆਂ ਦੀ ਆਮਦਨ ਸੀਮਾ 3,600/-ਰੁਪਏ ਤੋਂ ਵਧਾ ਕੇ 6000/-ਰੁਪਏ ਕਰ ਦਿੱਤੀ ਗਈ ਹੈ।]

Benefit of Gratuity etc. for Class IV Employees of Privately-Managed Recognised Schools in the State.

745. 1. **Shri Sardari Lal Kapur**
2. **Sardar Beant Singh**
Will the Minister for Education be pleased to state—

(a) whether Class IV employees working in privately managed recognised schools in the State are given the benefit of any gratuity, pension, provident fund or other facilities like Government Offices and Institutions ; if so, the list of such schools with various types of facilities provided to the said employees be laid on the Table of the House ;

(b) if the answer to part (a) above be in the negative, the steps the Government intends to take for providing service benefits for Class IV employees of privately-managed recognised schools mentioned above ?

Shri Gurmail Singh : (a) No.

(b) The matter is under consideration of the Government.

[(ੲ) ਨਹੀਂ ਜੀ ।

(ਬੀ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।]

QUESTIONS OF PRIVILEGE

Mr. Speaker : I have received notice of a Privilege Motion from Sardar Ajaib Singh Sandhu, M.L.A., and Sardar Surjit Singh (Barnala), M.L.A. alleging that some Members of the Akali Party were not allowed by some C.I.D. men to enter the Vidhan Sabha Chamber yesterday when the Governor came to address the House.

In this connection I have to say that the allegations made in the motion are not correct . There is no C.I.D. man in the Vidhan Bhawan. The staff on duty in the Vidhan Sabha Bhawan is the Watch & Ward staff of Vidhan Sabha Secretariat. Some of them, as usual, have been engaged temporarily for the duration of the Session and are working under my direct control and are on the roll of the Vidhan Sabha Secretariat.

Now coming to the allegation that some members of the Akali party were pushed and man-handled by the Watch and Ward staff of the Vidhan Sabha Secretariat, I can only say that the allegations are not based on facts. From the time the Governor arrived at the Ceremonial Gate, till he entered the Chamber, I was all along with him. All members of the Akali Party entered the Vidhan Sabha Chamber shouting slogans and carrying placards and there was no attempt or occasion on the part of any one to obstruct entry of any member into the Vidhan Chamber. I, therefore, rule the motion out of order and do not give my consent.

[Mr. Speaker]

In the end I must say that I am deeply concerned at the conduct of the Members of the Opposition (shame, shame from the Treasury Benches). The tendency to show disrespect to the Head of the State on a solemn occasion when he comes to address the Members of the House in the performance of his constitutional requirements is not praiseworthy and would appeal to all sections of the House to think over this matter seriously.

We have all taken oath by the Constitution of India and it is our duty to show all respect to the Constitution and the Head of the State. Any attempt on the part of a member to disturb the solemnity of the occasion or behaving in a manner which is not consistent with the dignity and status of the House and its members is unbecoming of him and I hope that all sections of the House will agree with me that on such occasions solemnity and dignity should be maintained.

Sardar Ajaib Singh Sandhu : ** **

Mr. Speaker : This is an aspersion on the Chair. This should not be recorded.

Sardar Ajaib Singh Sandhu : ** **

Mr. Speaker : This should not be recorded.

Sardar Parkash Singh Badal : ** **

Mr. Speaker : This is an aspersion on the Chair. This should not be recorded.

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਐਸ਼ੋਰੈਂਸ ਦਿਵਾ ਕੇ ਆਇਆ ਸੀ ਕਿ ਸਾਡੀ ਪਾਰਟੀ ਗਵਰਨਰ ਸਾਹਿਬ ਦਾ ਪੂਰਾ ਇਹਤਰਾਮ ਕਰਦੀ ਹੈ । ਲੇਕਿਨ ਇਸ ਦੇ ਬਾਵਜੂਦ ਵੀ ਸੀ. ਆਈ. ਡੀ. ਦੇ ਬੰਦੇ ਹਾਊਸ ਵਿਚ ਲਾਏ ਗਏ।

ਸ੍ਰੀ ਸਪੀਕਰ : ਕੋਈ ਸੀ. ਆਈ. ਡੀ. ਦਾ ਬੰਦਾ ਨਹੀਂ ਹੈ । ਸਾਰੇ ਹੀ ਡੈਪੂਟੇਸ਼ਨ ਤੇ ਆਏ ਹੋਏ ਹਨ ਅਤੇ ਹੁਣ ਵਿਧਾਨ ਸਭਾ ਦੇ ਕਰਮਚਾਰੀ ਹਨ (There is no C. I. D. man here. All of them are on deputation and are the employees of the Vidhan Sabha now.)

ਸਰਦਾਰ ਪਰਕਾਸ਼ ਸਿੰਘ ਬਾਦਲ : ਜੇ ਤੁਸੀਂ ਮੰਨਦੇ ਹੋ ਕਿ ਸੀ. ਆਈ. ਡੀ. ਦੇ ਬੰਦੇ ਆਨ ਡੈਪੂ-ਟੇਸ਼ਨ ਤੇ ਹਨ ਤਾਂ ਠੀਕ ਹੈ । ਤੁਹਾਡੇ ਸਟਾਫ ਦੇ ਆਦਮੀਆਂ ਨੇ ਹੁਣੇ ਹੀ ਸ਼ੀ. ਆਈ. ਡੀ. ਦੇ ਆਦਮੀਆਂ ਨੂੰ ਪੁਸ਼ ਕਰ ਕੇ ਕਿਹਾ ਕਿ ਤੁਸੀਂ ਬਾਹਰ ਜਾਉ । (ਸ਼ੋਰ) (ਵਿਘਨ) ਸਾਡੀ ਪਾਰਟੀ ਦੇ ਐਮ. ਐਲ. ਏਜ਼ ਨੂੰ, ਜਦੋਂ ਤੁਸੀਂ ਗਵਰਨਰ ਸਾਹਿਬ ਨੂੰ ਪਰੋਸੈਸ਼ਨ ਵਿਚ ਲੈ ਕੇ ਗਏ, ਤਾਂ ਸੀ ਆਈ. ਡੀ. ਦੇ ਬੰਦਿਆਂ ਨੇ ਧੱਕੇ ਮਾਰੇ ।

ਸ੍ਰੀ ਸਪੀਕਰ : ਇਹ ਬਿਲਕੁਲ ਗਲਤ ਗੱਲ ਹੈ । (This is incorrect)

ਸਰਦਾਰ ਪਰਕਾਸ਼ ਸਿੰਘ ਬਾਦਲ : ** **

**Not recorded as ordered by the Chair.

ਸ੍ਰੀ ਸਪੀਕਰ : ਇਹ ਜੋ ਕੁਝ ਬਾਦਲ ਸਾਹਿਬ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever Sardar Parkash Singh Badal is saying that should not be recorded.)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਤੁਸੀਂ ਪਹਿਲਾਂ ਕਿਹਾ ਕਿ ਨਵੀਂ ਭਰਤੀ ਕੀਤੀ ਹੈ। ਹੁਣ ਤੁਸੀਂ ਆਪ ਮੰਨ ਰਹੇ ਹੋ ਕਿ ਗੌਰਮਿੰਟ ਦੇ ਇੰਪਲਾਈਜ਼ ਆਨ ਡੇਪੂਟੇਸ਼ਨ ਲਏ ਹਨ। ਇਹ ਸਾਰੇ ਸੀ. ਆਈ. ਡੀ. ਦੇ ਬੰਦੇ ਹਨ। (ਆਪੋਜ਼ੀਸ਼ਨ ਬੈਂਚਾਂ ਵਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਇਹ ਸਾਰੇ ਹਾਊਸ ਦੀ ਬੇਇਜ਼ਤੀ ਹੈ। ਇਸ ਚੀਜ਼ ਨੂੰ ਪ੍ਰਿਵਿਲਜ ਕਮੇਟੀ ਨੂੰ ਰੈਫਰ ਕੀਤਾ ਜਾਵੇ ਜਾਂ ਫਿਰ ਕੋਈ ਸਪੈਸ਼ਲ ਕਮੇਟੀ ਹਾਊਸ ਦੀ ਬਣਾ ਕੇ ਇਸ ਚੀਜ਼ ਦੀ ਇਨਕੁਆਇਰੀ ਕੀਤੀ ਜਾਵੇ ਕਿ ਸੀ. ਆਈ. ਡੀ. ਦਾ ਸਟਾਫ ਇਥੇ ਆਨਰੇਬਲ ਮੈਂਬਰਜ਼ ਤੇ ਵਾਚ ਕਰਨ ਲਈ ਅਤੇ ਮੈਨ ਹੈਂਡਲਿੰਗ ਕਰਨ ਲਈ ਰਖਿਆ ਗਿਆ।

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਐਸਪਰਸ਼ਨ ਕੀਤਾ ਹੈ ਮੈਂ ਸਮਝਦਾ ਹਾਂ ਕਿ ਉਹ ਹਾਊਸ ਦੀ ਡਿਗਨਿਟੀ ਦੇ ਬਿਲਕੁਲ ਵਿਰੁਧ ਹੈ। ਮੈਂ ਕਹਿ ਰਿਹਾ ਸੀ ਕਿ ਇਥੋਂ ਵਾਚ ਐਂਡ ਵਾਰਡ ਅਸਿਸਟੈਂਟ ਡੈਪੂਟੇਸ਼ਨ ਤੇ ਆਏ ਸੀ। ਇਹ ਕਰਮਚਾਰੀ ਸੀ. ਆਈ. ਡੀ. ਦੇ ਵੀ ਹੋ ਸਕਦੇ ਹਨ ਤੇ ਹੋਰ ਵੀ ਕਿਸੇ ਡਿਪਾਰਟਮੈਂਟ ਦੇ ਹੋ ਸਕਦੇ ਹਨ। ਪਰ ਪਤਾ ਨਹੀਂ ਇਨ੍ਹਾਂ ਨੂੰ ਸੀ. ਆਈ. ਡੀ. ਤੋਂ ਕਿਉਂ ਅਲਰਜੀ ਹੈ। ਵਾਚ ਐਂਡ ਵਾਰਡ ਲਈ ਤਾਂ ਕਿਸੇ ਵੀ ਮਹਿਕਮੇਂ ਤੋਂ ਬੰਦੇ ਲਾਏ ਜਾ ਸਕਦੇ ਹਨ।

Sardar Ajaib Singh Sandhu : You accept that there was no C. I. D. man, we will prove.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਸ ਹਾਊਸ ਦੀ ਕਾਰਵਾਈ ਬਿਲਕੁਲ ਓਪਨ ਹੈ। ਪਬਲਿਕ ਲਈ ਵੀ ਓਪਨ ਹੈ ਅਤੇ ਪਰੈਸ ਵਾਲਿਆਂ ਲਈ ਵੀ ਓਪਨ ਹੈ। ਇਸ ਲਈ ਇਹ ਸਮਝਣਾ ਕਿ ਜੇ ਕਿਸੇ ਆਦਮੀ ਨੇ ਪਹਿਲੇ ਕਿਸੇ ਹੋਰ ਡਿਪਾਰਟਮੈਂਟ ਵਿਚ ਕੰਮ ਕੀਤਾ ਹੈ ਤਾਂ ਉਹ ਇਥੇ ਐਂਟਰ ਨਹੀਂ ਹੋ ਸਕਦਾ ਪਤਾ ਨਹੀਂ ਇਨ੍ਹਾਂ ਨੂੰ ਕੀ ਤੌਖਲਾ ਹੈ। ਕਲ ਦੇ ਇਨਸੀਡੈਂਟ ਦੇ ਮੁਤੱਲਕ ਮੈਂ ਅਰਜ਼ ਕਰਾਂਗਾ ਕਿ ਜੋ ਇਥੇ ਘਟਨਾ ਹੋਈ, ਜੋ ਇਥੇ ਮਿਸਕੰਡਕਟ ਕੀਤਾ ਗਿਆ ਉਸ ਨੂੰ ਕੰਡਮ ਕੀਤਾ ਜਾਵੇ। ਮੈਂ ਤੁਹਾਡਾ ਬੜਾ ਮਸ਼ਕੂਰ ਹਾਂ ਕਿ ਤੁਸੀਂ ਆਪਣੀ ਰੂਲਿੰਗ ਦੇ ਕੇ ਹਾਊਸ ਦੀ ਇਜ਼ਤ ਨੂੰ ਬਰਕਰਾਰ ਰਖਿਆ ਹੈ।

ਸਪੀਕਰ ਸਾਹਿਬ, ਮੇਰੇ ਪਾਸ ਕੌਲ ਐਂਡ ਸ਼ੱਕਧਰ ਦੀ ਕਿਤਾਬ ਹੈ, ਮੈਂ ਸਾਰੇ ਵਰਲਡ ਦੇ ਪਾਰਲੀਮੈਂਟਸ ਦੀਆਂ ਮਿਸਾਲਾਂ ਇਥੇ ਦੇ ਸਕਦਾ ਹਾਂ। ਜਦੋਂ ਹੈਡ ਆਫ਼ ਦੀ ਸਟੇਟ ਆਉਂਦਾ ਹੈ ਉਸ ਵੇਲੇ ਸਾਰੇ ਮੈਂਬਰਜ਼ ਦਾ ਫਰਜ਼ ਹੁੰਦਾ ਹੈ ਕਿ ਉਹ ਹਾਊਸ ਵਿਚ ਆ ਕੇ ਬੈਠਣ। (ਸ਼ੋਰ) (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਵੀ ਇਥੇ ਨਹੀਂ ਬੈਠੇ ਸੀ। ਸਪੀਕਰ ਸਾਹਿਬ, ਇਹ ਆਪ ਵੀ ਬਾਹਰ ਖੜੇ ਸਨ। (ਸ਼ੋਰ) (ਵਿਘਨ)

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਿਸ ਤਰੀਕੇ ਨਾਲ ਕਲ ਸਾਡੇ ਸਾਥੀਆਂ ਨੇ ਹੈਡ ਆਫ ਦੀ ਸਟੇਟ ਦੀ ਡਿਸਰੈਸਪੈਕਟ ਕੀਤੀ ਹੈ ਮੇਰਾ ਖਿਆਲ ਹੈ ਕਿ ਕਮ-ਅਜ਼-ਕਮ ਇਸ ਪੰਜਾਬ ਅਸੈਂਬਲੀ ਦੀ ਹਿਸਟਰੀ ਵਿਚ ਇਸ ਤਰ੍ਹਾਂ ਦੀ ਕੋਈ ਮਿਸਾਲ ਨਹੀਂ ਮਿਲਦੀ। (ਸ਼ੋਰ)

[ਮਾਲ ਅਤੇ ਚੋਣ ਮੰਤਰੀ]

ਸਪੀਕਰ ਸਾਹਿਬ, ਜਿਹੜੇ ਸਿਆਣੇ ਮੈਂਬਰਜ਼ ਜਿਨ੍ਹਾਂ ਨੂੰ ਕਿ ਲੋਕਾਂ ਨੇ ਚੁਣ ਕੇ ਇਥੇ ਭੇਜਿਆ ਹੈ ਤਾਂ ਕਿ ਉਹ ਉਨ੍ਹਾਂ ਦੇ ਜਜ਼ਬਾਤ ਇਸ ਹਾਊਸ ਵਿਚ ਜ਼ਾਹਰ ਕਰ ਸਕਣ ਪਰ ਉਹ ਉਸ ਦੇ ਉਲਟ ਚਲਣ... (ਇਸ ਵੇਲੇ ਆਪੋਜ਼ੀਸ਼ਨ ਮੈਂਬਰਜ਼ ਦੀ ਤਰਫੋਂ ਬਹੁਤ ਸ਼ੋਰ ਪੈ ਰਿਹਾ ਸੀ ਅਤੇ ਕਈ ਅਕਾਲੀ ਮੈਂਬਰਜ਼ ਬੋਲਣ ਲਈ ਖੜੇ ਹੋਏ) ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਗੁੰਡੇ ਜਿਨ੍ਹਾਂ ਦੀ ਮੂੰਹ ਵਿਚ ਜਬਾਨ ਨਹੀਂ ਸੀ ਇਥੇ ਗੱਲ ਨਹੀਂ ਕਰ ਸਕਦੇ ਸੀ ਉਹ ਗੱਤੇ ਤੇ ਲਿਖ ਕੇ ਲੈ ਆਏ ਸਨ । (ਸ਼ੋਰ) (ਵਿਘਨ) ਸਪੀਕਰ ਸਾਹਿਬ, ਇਸ ਤਰ੍ਹਾਂ ਕਰ ਕੇ ਇਨ੍ਹਾਂ ਨੇ ਅਸੈਂਬਲੀ ਦੀ ਡਿਸਰੈਸਪੈਕਟ ਕੀਤੀ ਹੈ । (ਸ਼ੋਰ)

ਸ਼੍ਰੀ ਸਪੀਕਰ : ਵਜ਼ੀਰ ਸਾਹਿਬ, ਤੁਹਾਨੂੰ ਗੁੰਡੇ ਦਾ ਲਫਜ਼ ਵਿਦਡਰਾ ਕਰਨਾ ਚਾਹੀਦਾ ਹੈ । (*Addressing the Revenue and Election Minister* : You should withdraw the word 'Gunda')

ਮਾਲ ਅਤੇ ਚੋਣ ਮੰਤਰੀ : ਠੀਕ ਹੈ ਜੀ ਮੈਂ ਵਿਦਡਰਾ ਕਰਦਾ ਹਾਂ ।

ਸਪੀਕਰ ਸਾਹਿਬ, ਮੈਂ ਮਿਸ-ਕੰਡਕਟ ਦੇ ਬਾਰੇ ਅਰਜ਼ ਕਰ ਰਿਹਾ ਸੀ । 'ਕੋਲ ਐਂਡ ਸ਼ੱਖਦਰ ਦੀ ਕਿਤਾਬ ਦੇ ਪੰਨਾ 234 ਤੇ ਮਿਸਕੰਡਕਟ ਦੇ ਬਾਰੇ ਬੜਾ ਕਲੀਅਰਲੀ ਲਿਖਿਆ ਹੈ ਅਤੇ ਇਸ ਤੋਂ ਪਤਾ ਲਗਦਾ ਹੈ ਕਿ ਜੋ ਇਥੇ ਕਲ ਐਕਸ਼ਨ ਕੀਤਾ ਗਿਆ ਜਿਸ ਢੰਗ ਨਾਲ ਮੁਜ਼ਾਹਰਾ ਕੀਤਾ ਗਿਆ ਉਹ ਮਿਸਕੰਡਕਟ ਦੇ ਵਿਚ ਆਉਂਦਾ ਹੈ । ਪਰ ਕਿਉਂਕਿ ਲੀਡਰ ਆਫ ਦੀ ਆਪੋਜ਼ੀਸ਼ਨ ਅਤੇ ਹੋਰ ਕਈ ਸੀਨੀਅਰ ਮੈਂਬਰਜ਼ ਇਸ ਵਿਚ ਇਨਵਾਲਵਤ ਸਨ ਇਸ ਕਰ ਕੇ ਅਸੀਂ ਕੋਈ ਪ੍ਰੀਵਿਲਿਜ ਮੋਸ਼ਨ ਹਾਊਸ ਵਿਚ ਨਹੀਂ ਲੈ ਆਏ । ਇਨ੍ਹਾਂ ਨੂੰ ਇਹ ਚਾਹੀਦਾ ਸੀ ਕਿ ਜੋ ਗਲਤੀ ਕੀਤੀ ਹੈ ਉਸ ਦਾ ਇਹਤਰਾਮ ਕਰਦੇ ਪਰ ਇਹ ਆਪਣੀ ਗਲਤੀ ਨੂੰ ਹੋਰ ਗਲਤ ਤਰੀਕੇ ਨਾਲ ਪੁਟ ਕਰ ਕੇ ਆਪਣੀ ਪੁਜ਼ੀਸ਼ਨ ਨੂੰ ਆਕਵਰਡ ਕਰ ਰਹੇ ਹਨ ।

(ਆਪੋਜ਼ੀਸ਼ਨ ਵਲੋਂ ਵਿਘਨ, ਸ਼ੋਰ)

ਇਨ੍ਹਾਂ ਦੇ ਜੋ ਮਿਸਕੰਡਕਟ ਦੇ ਬਾਰੇ ਇਤਰਾਜ਼ ਹਨ, ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਵਲੋਂ ਤੁਹਾਨੂੰ ਇਹ ਅਖਤਿਆਰ ਦਿੰਦਾ ਹਾਂ ਕਿ ਕਲ ਦਾ ਜੋ ਇਨ੍ਹਾਂ ਦਾ ਐਕਸ਼ਨ ਹੈ, ਸਾਨੂੰ ਕੋਈ ਇਤਰਾਜ਼ ਨਹੀਂ ਜੇ ਇਹ ਮੰਨਦੇ ਹਨ ਤਾਂ ਤੁਸੀਂ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾ ਦਿਉ ਜਿਹੜੀ ਕਿ ਇਹ ਚੀਜ਼ ਵੇਖੇ ਕਿ ਕਿਸ ਪਾਰਟੀ ਦੇ ਮੈਂਬਰਾਂ ਵਲੋਂ ਇਮਪਰੋਪਰਾਇਟੀ ਜਾਂ ਮਿਸਕੰਡਕਟ ਕੀਤਾ ਗਿਆ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਇਹ ਬਹੁਤ ਹੀ ਸੀਰੀਅਸ ਮਸਲਾ ਹੈ ਇਸ ਲਈ ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਤੁਸੀਂ ਇਸ ਮਸਲੇ ਨੂੰ ਪ੍ਰੀਵਿਲਿਜ ਕਮੇਟੀ ਦੇ ਸਪੁਰਦ ਕਰ ਦਿਉ ਜਿਹੜੀ ਕਿ ਇਸ ਮਾਮਲੇ ਦੀ ਪੂਰੀ ਜਾਣਕਾਰੀ ਕਰੇ ਅਤੇ ਆਪਣੀ ਰਿਪੋਰਟ ਦੇਵੇ ।

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਸ ਗੱਲ ਦੀ ਇਨਕੁਆਇਰੀ ਹੋ ਜਾਣੀ ਚਾਹੀਦੀ ਹੈ ਕਿ ਇਥੇ ਸੀ. ਆਈ. ਡੀ. ਦੇ ਬੰਦੇ ਆਏ, ਮੈਂਬਰਾਂ ਨੂੰ ਧੱਕੇ ਮਾਰੇ ਗਏ, ਹਾਊਸ ਦੀ ਬੇਇਜ਼ਤੀ ਕੀਤੀ ਗਈ ਅਤੇ ਮੈਂਬਰਾਂ ਦੀ ਬੇਇਜ਼ਤੀ ਹੋਈ ।

ਸ਼੍ਰੀ ਸਪੀਕਰ : ਮੈਂ ਬਹੁਤ ਨਿਮਰਤਾ ਪੂਰਵਕ ਹਾਊਸ ਦੇ ਮੈਂਬਰਾਂ ਅੱਗੇ ਬੇਨਤੀ ਕਰਾਂਗਾ ਕਿ ਤੁਸੀਂ ਸਾਰਿਆਂ ਨੇ ਮੈਨੂੰ ਇਕ ਸੇਵਾ ਦਿੱਤੀ ਹੈ ਕਿ ਮੈਂ ਇਸ ਹਾਊਸ ਦੇ ਕੰਮ ਨੂੰ ਚਲਾਵਾਂ

ਔਰ ਇਸ ਹਾਊਸ ਦੀ ਰਖਿਆ ਕਰਾਂ ਔਰ ਮੈਂਬਰਾਂ ਦਾ ਜੋ ਮਾਣ ਹੈ ਉਹ ਵੀ ਬਣਿਆ ਰਹੇ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਕੁਝ ਐਸੇ ਹਾਲਾਤ ਸੀ ਜਿਨ੍ਹਾਂ ਨਾਲ ਖਤਰਾ ਸੀ ਕਿ ਹਾਊਸ ਦੇ ਕਿਸੇ ਮੈਂਬਰ ਦੀ ਕੋਈ ਡਿਸਰੈਸਪੈਕਟ ਨਾ ਹੋਵੇ ਔਰ ਗਵਰਨਰ ਸਾਹਿਬ ਦਾ ਵੀ ਪੂਰਾ ਮਾਣ ਹੋਵੇ। ਇਸ ਲਈ ਮੈਂ ਆਪਣੇ ਇਖਤਿਆਰ ਦੇ ਮੁਤਾਬਕ ਕੁਝ ਮੁਲਾਜ਼ਮ ਬਤੌਰ ਵਾਚ ਐਂਡ ਵਾਰਡ ਅਸਿਸਟੈਂਟਸ ਦੇ ਆਨ ਡੈਪੂਟੈਸ਼ਨ ਤੇ ਰਖੇ ਸੀ। ਇਹ ਸਰਕਾਰੀ ਕਰਮਚਾਰੀ ਪੁਲਿਸ ਦੇ ਵੀ ਹੋ ਸਕਦੇ ਹਨ, ਸੀ. ਆਈ. ਡੀ. ਦੇ ਵੀ ਹੋ ਸਕਦੇ ਹਨ ਅਤੇ ਕਿਸੇ ਹੋਰ ਡਿਪਾਰਟਮੈਂਟ ਦੇ ਵੀ ਹੋ ਸਕਦੇ ਹਨ । ਮੈਂ ਤਾਂ ਸਰਕਾਰ ਨੂੰ ਮੁਲਾਜ਼ਮ ਭੇਜਣ ਲਈ ਬੇਨਤੀ ਕੀਤੀ ਸੀ।

ਜਿਥੋਂ ਤਕ ਮੈਨਹੈਂਡਲਿੰਗ ਦਾ ਸਵਾਲ ਹੈ ਮੈਂ ਇਸ ਦੀ ਇਨਕੁਆਇਰੀ ਕੀਤੀ ਹੈ। ਮੈਂਬਰ ਸਾਹਿਬਾਨ ਤੋਂ ਵੀ ਪੁੱਛਿਆ ਹੈ ਪਰ ਕੋਈ ਐਸੀ ਗੱਲ ਨਹੀਂ ਹੋਈ । ਬਲਕਿ ਕਲ ਅਕਾਲੀ ਪਾਰਟੀ ਦੇ ਕੁਝ ਮੈਂਬਰ ਮੈਨੂੰ ਚੈਂਬਰ ਵਿਚ ਮਿਲੇ ਸਨ ਅਤੇ ਉਨ੍ਹਾਂ ਨੇ ਵੀ ਇਹ ਗੱਲ ਮੰਨ ਲਈ ਸੀ ਕਿ ਕੋਈ ਵੀ ਮੈਨਹੈਂਡਲਿੰਗ ਨਹੀਂ ਹੋਈ ।

ਗਵਰਨਰ ਸਾਹਿਬ ਠੀਕ ਢੰਗ ਨਾਲ ਆ ਗਏ ਔਰ ਠੀਕ ਢੰਗ ਨਾਲ ਚਲੇ ਗਏ। ਇਸ ਲਈ ਮੈਂ ਪ੍ਰਾਰਥਨਾ ਕਰਾਂਗਾ ਕਿ ਇਸ ਇਸ਼ੂ ਨੂੰ ਹੁਣ ਖਤਮ ਕੀਤਾ ਜਾਵੇ, ਕਿਉਂਕਿ ਰੂਲਿੰਗ ਹੋ ਚੁਕੀ ਹੈ ਅਤੇ ਰੂਲਿੰਗ ਤੇ ਡਿਸਕਸ਼ਨ ਕਰਨਾ ਚੰਗਾ ਨਹੀਂ ਲਗਦਾ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਹਾਊਸ ਦਾ ਧਿਆਨ ਹੁਣ ਗਵਰਨਰ ਐਡਰੈਸ ਤੇ ਹੋਣਾ ਚਾਹੀਦਾ ਹੈ ਤਾਂ ਕਿ ਸਾਰੇ ਮੈਂਬਰਜ਼ ਆਪਣੀ ਕੰਟਰੀਬਿਊਸ਼ਨ ਪੰਜਾਬ ਨੂੰ ਦੇ ਸਕਣ ।

(I would like to submit that all of you have given me the duty that I should conduct the proceedings of the House in a proper way and while protecting the privileges of the hon. Members may also maintain the dignity of the House. I may inform the House that due to certain circumstances, it was feared that some disrespect might be shown to any hon. Member. Moreover, I wanted to ensure that due courtesy be extended to the Governor. So, under my authority I arranged to appoint some Watch and Ward Assistants on deputation. These Government servants may belong to the Police, C.I.D. or any other Government Department. I had requested the Government to depute some employees.

So far as the question of man-handling of Members is concerned, I have enquired into the matter. I have also enquired from the hon. Members. No such thing has happened. Some hon. Members of the Akali Party had met me yesterday in my Chamber. They had admitted that no case of man-handling had taken place.

The Governor came to address the House, and went back without any undesirable incident. I would, therefore, request that this issue be now closed, because I have already given my ruling and it is not proper to discuss the same. Now the House should start discussion on the Governor's Address so that all the hon. Members may be able to make their contribution in the Debate).

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜੇ ਮੈਨਹੈਂਡਲਿੰਗ ਹੋ ਵੀ ਗਈ ਹੈ ਤਾਂ ਕੋਈ ਡਰ ਨਹੀਂ, ਅਸੀਂ ਸਹਿਨ ਕਰ ਲਵਾਂਗੇ। ਪਰ ਮੈਂ ਤਾਂ ਇਕ ਹੋਰ ਪੁਆਇੰਟ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ। ਸਰਦਾਰ ਉਮਰਾਓ ਸਿੰਘ ਜੀ ਨੇ ਬੜਾ ਲੰਬਾ ਚੌੜਾ ਭਾਸ਼ਣ ਦਿੱਤਾ ਹੈ।

[ਕਾਮਰੇਡ ਸੱਤ ਪਾਲ ਡਾਂਗ]

ਉਸ ਭਾਸ਼ਣ ਵਿਚ ਉਨ੍ਹਾਂ ਨੇ ਇਹ ਸਾਰੀ ਗਲ ਮੰਨ ਲਈ ਹੈ ਪਰ ਇਹ ਸਿੱਧੇ ਤਰੀਕੇ ਨਾਲ ਨਹੀਂ, ਮੰਨਦੇ ਵਿੰਗੇ ਟੇਢੇ ਤਰੀਕੇ ਨਾਲ ਮੰਨਦੇ ਹਨ, ਪਤਾ ਨਹੀਂ ਇਹ ਇਸ ਤੋਂ ਕਿਉਂ ਸ਼ਰਮਾਉਂਦੇ ਹਨ।

ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਹਾਲਾਤ ਨਾਰਮਲ ਹੋਣ ਦੇ ਬਾਵਜੂਦ ਵੀ ਇਥੇ ਸੀ. ਆਈ. ਡੀ. ਦੇ ਬੰਦੇ ਭਰਤੀ ਕੀਤੇ ਗਏ। ਸਪੀਕਰ ਸਾਹਿਬ, ਸਰਦਾਰ ਲਛਮਣ ਸਿੰਘ ਗਿੱਲ ਦੇ ਵੇਲੇ ਤਾਂ ਹਾਊਸ ਵਿਚ ਪੁਲਿਸ ਆਈ ਸੀ ਪਰ ਪਤਾ ਨਹੀਂ ਇਹ ਇੰਦਰਾ ਗਾਂਧੀ ਦੇ ਚੇਲੇ ਵੀ ਉਨ੍ਹਾਂ ਕਦਮਾਂ ਤੇ ਕਿਉਂ ਚਲੇ ਜਾ ਰਹੇ ਹਨ। (ਸ਼ੇਮ, ਸ਼ੇਮ, ਦੀਆਂ ਅਵਾਜ਼ਾਂ)

ਵਿੱਤ ਮੰਤਰੀ : ਸਪੀਕਰ ਸਾਹਿਬ, ਕਲ ਡਾਂਗ ਸਾਹਿਬ ਇਥੇ ਮੌਜੂਦ ਨਹੀਂ ਸੀ ਪਰ ਫਿਰ ਵੀ ਇਹ ਬੜੇ ਵਿੰਗੇ ਟੇਢੇ ਤਰੀਕੇ ਨਾਲ ਇਨ੍ਹਾਂ ਨੂੰ ਡਿਫੈਂਡ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਪੀਕਰ ਸਾਹਿਬ, ਸਵਾਲ ਤਾਂ ਇਹ ਹੈ ਕਿ ਸੀ. ਆਈ. ਡੀ. ਕੋਈ ਟੈਕਨੀਕਲ ਸਰਵਿਸ ਤਾਂ ਹੈ ਨਹੀਂ। ਕਿਸੇ ਡਿਪਾਰਟ-ਮੈਂਟ ਦੇ ਮੁਲਾਜ਼ਮ ਡੈਪੂਟੇਸ਼ਨ ਤੇ ਇਥੇ ਭੇਜੇ ਜਾ ਸਕਦੇ ਹਨ। ਮੈਂ ਸਮਝਦਾ ਹਾਂ ਕਿ ਇਸ ਵਿਚ ਕੋਈ ਬੁਰੀ ਗੱਲ ਨਹੀਂ ਹੈ। ਪਾਰਲੀਮੈਂਟਰੀ ਡੈਮੋਕਰੇਸੀ ਦੀ ਪਰੰਪਰਾ ਦੇ ਮੁਤਾਬਿਕ ਅਤੇ ਕਾਂਸਟੀਚਿਊਸ਼ਨ ਦੇ ਮੁਤਾਬਿਕ ਗਵਰਨਰ ਸਾਹਿਬ ਇਥੇ ਆਉਂਦੇ ਹਨ ਔਰ ਉਨ੍ਹਾਂ ਦਾ ਮਾਣ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ।

ਸਪੀਕਰ ਸਾਹਿਬ, ਇਹ ਆਪਣੇ ਮਨ ਵਿਚ ਵੀ ਮਹਿਸੂਸ ਕਰਦੇ ਹੋਣਗੇ ਕਿ ਇਨ੍ਹਾਂ ਨੇ ਕੋਈ ਸ਼ੋਭਾ ਨਹੀਂ ਬਣਾਈ। ਹਾਊਸ ਦਾ ਡੈਕੋਰਮ ਔਰ ਪ੍ਰੋਪਰਾਇਟੀ ਕਾਇਮ ਨਹੀਂ ਰੱਖੀ। ਹੁਣ ਇਹ ਉਸ ਚੀਜ਼ ਨੂੰ ਸਾਈਡ-ਟਰੈਕ ਕਰਨਾ ਚਾਹੁੰਦੇ ਹਨ। ਜੇਕਰ ਇਲੈਕਟਿਡ ਨੁਮਾਇੰਦਿਆਂ ਨੇ ਹਾਊਸ ਦਾ ਡੈਕੋਰਮ ਨਹੀਂ ਰਖਣਾ ਤਾਂ ਹੋਰ ਕੀ ਸੀ. ਆਈ. ਡੀ. ਨੇ ਰਖਣਾ ਹੈ। They are becoming instrument in demolishing the Constitution. ਇਹ ਵਿਧਾਨ ਦੇ ਖ਼ਿਲਾਫ ਗੱਲ ਹੈ। ਇਹ ਉਨ੍ਹਾਂ ਲੋਕਾਂ ਦਾ ਹੱਥ ਠੋਕਾ ਬਣਦੇ ਪਏ ਹਨ ਜਿਨ੍ਹਾਂ ਨੂੰ ਪੀਸਫੁਲ ਲਿਵਿੰਗ ਵਿਚ ਵਿਸ਼ਵਾਸ ਨਹੀਂ ਹੈ, ਜਿਨ੍ਹਾਂ ਨੂੰ ਪਾਰਲੀਮੈਂਟਰੀ ਡੈਮੋਕਰੇਸੀ ਤੇ ਵਿਸ਼ਵਾਸ਼ ਨਹੀਂ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਬਿਲਕੁਲ ਗਲਤ ਗੱਲ ਹੈ। ਸਪੀਕਰ ਸਾਹਿਬ, ਗੱਲ ਬੜੀ ਸਿੰਪਲ ਸੀ। ਜਨਾਬ ਨੇ ਫਰਮਾਇਆ ਕਿ ਮੈਨ-ਹੈਂਡਲਿੰਗ ਨਹੀਂ ਹੋਈ। ਤੁਸੀਂ ਗਵਰਨਰ ਸਾਹਿਬ ਦੇ ਅਗੇ ਅਗੇ ਜਾ ਰਹੇ ਸੀ ਔਰ ਤੁਸੀਂ ਪਿੱਛੇ ਮੁੜ ਕੇ ਨਹੀਂ ਵੇਖਿਆ। ਇਹ ਗੱਲ ਮੈਂ ਬੜੇ ਵਸੂਕ ਨਾਲ ਕਹਿ ਸਕਦਾ ਹਾਂ ਕਿ ਤੁਸੀਂ ਪਿੱਛੇ ਮੁੜ ਕੇ ਨਹੀਂ ਵੇਖਿਆ। ਮੈਂ ਵੇਖਿਆ ਹੈ ਕਿ ਜਿਹੜੇ ਵਾਚ ਐਂਡ ਵਾਰਡ ਦੇ ਬੰਦੇ ਤੁਸੀਂ ਕਹਿੰਦੇ ਹੋ ਉਹ ਸੀ. ਆਈ. ਡੀ. ਦੇ ਬੰਦੇ ਹਨ। ਇਸ ਸਬੰਧ ਵਿਚ ਮੈਂ ਸਰਦਾਰ ਜਸਵਿੰਦਰ ਸਿੰਘ ਬਰਾੜ, ਸਰਦਾਰ ਜਸਦੇਵ ਸਿੰਘ ਸੰਧੂ, ਸਰਦਾਰ ਬਸੰਤ ਸਿੰਘ ਖਾਲਸਾ, ਸਰਦਾਰ ਗੁਰਦੇਵ ਸਿੰਘ ਸਿੱਧੂ ਔਰ ਗਿਆਨੀ ਅਰਜਨ ਸਿੰਘ ਲਿੱਟ ਦੇ ਨਾਉਂ ਲਿਖ ਕੇ ਭੇਜੇ ਹਨ। ਇਸ ਦਾ ਮੁਤਲਬ ਇਹ ਹੈ ਕਿ ਅਸੀਂ ਝੂਠ ਬੋਲਦੇ ਹਾਂ।

(**ਆਵਾਜ਼ਾਂ** : ਹਾਂ, ਹਾਂ ਤੁਸੀਂ ਝੂਠ ਬੋਲਦੇ ਹੋ।)

ਸਪੀਕਰ ਸਾਹਿਬ, ਅਗਰ ਅਸੀਂ ਕਲ ਮਾਟੋ ਲਿਆਂਦੇ ਸਨ ਤਾਂ ਇਸ ਕਰ ਕੇ ਲਿਆਂਦੇ ਸਨ ਕਿ ਇਹ ਅਨਪੜ੍ਹ ਹਨ, ਇਹ ਕਿਸੇ ਪਾਸੋਂ ਪੜ੍ਹਾ ਲੈਣਗੇ। ਇਹ ਬੋਲੇ ਹਨ ਇਨ੍ਹਾਂ ਨੂੰ ਨਾਂ ਤਾਂ ਸੁਣਦਾ ਹੈ ਔਰ ਨਾ ਇਨ੍ਹਾਂ ਨੂੰ ਪੜ੍ਹਨਾ ਆਉਂਦਾ ਹੈ। ਇਸ ਲਈ ਇਨ੍ਹਾਂ ਨੂੰ ਕਿਹਾ ਸੀ ਕਿ ਤੁਸੀਂ ਕਿਸੇ ਪਾਸੋਂ ਪੜ੍ਹਾ ਲਉ ਜੇਕਰ ਤੁਸੀਂ ਆਪ ਨਹੀਂ ਪੜ੍ਹ ਸਕਦੇ।

ਸ਼੍ਰੀ ਸਪੀਕਰ : ਸੰਧੂ ਸਾਹਿਬ, ਆਨਰੇਬਲ ਮੈਂਬਰਜ਼ ਤਾਂ ਸਾਰੇ ਹੀ ਪੜ੍ਹੇ ਲਿਖੇ ਹਨ । (Sandhu Sahib, all the hon'ble Members are educated.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅਸੀਂ ਕਿਸੇ ਦੇ ਹੱਥ ਠੋਕੇ ਨਹੀਂ ਹਾਂ। ਅਸੀਂ ਪੰਜਾਬ ਦੇ ਨੁਮਾਇੰਦੇ ਹਾਂ। ਪੰਜਾਬ ਦੀ ਜਨਤਾ ਨੇ ਸਾਨੂੰ ਚੁਣ ਕੇ ਇਥੇ ਭੇਜਿਆ ਹੈ। ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੈ ਕਿ ਗੁਜਰਾਤ ਔਰ ਯੂ.ਪੀ. ਵਿਚ ਕੀ ਹੋ ਰਿਹਾ ਹੈ। ਅਸੀਂ ਪੰਜਾਬ ਦੇ ਲੋਕਾਂ ਦੀ ਤਰਜਮਾਨੀ ਕਰ ਰਹੇ ਹਾਂ। ਇਸ ਕਰ ਕੇ ਤੁਸੀਂ ਇਨਸਾਫ ਕਰੋ ਔਰ ਇਹ ਮਸਲਾ ਪ੍ਰੀਵਿਲੇਜ ਕਮੇਟੀ ਵਿਚ ਭੇਜੋ। (ਸਰਕਾਰੀ ਬੈਂਚਾਂ ਵਲੋਂ ਵਿਘਨ) ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਉਹ ਵੀ ਦੱਸ ਦਿਆਂਗਾ ਕਿ ਬਾਰਡਰ, ਤੇ ਕਿਸ ਤਰ੍ਹਾਂ ਨੋਟ ਬਣਦੇ ਹਨ। ਨਿਪਾਲ ਗੱਡੀ ਜਾ ਕੇ ਆਈ ਹੈ ਮੈਂ ਉਹ ਵੀ ਦੱਸ ਦਿਆਂਗਾ । ਮੈਂ ਜਾਣਦਾ ਹਾਂ, ਸਪੀਕਰ ਸਾਹਿਬ, ਕਿ ਇਹ ਕਿਸ ਤਰ੍ਹਾਂ ਸਮੱਗਲਿੰਗ ਕਰ ਰਹੇ ਹਨ । (ਵਿਘਨ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਡਾਂਗ ਸਾਹਿਬ ਦੇ ਲਫਜ਼ਾਂ ਦੀ ਸਮਝ ਨਹੀਂ ਆਈ। ਕੋਈ ਵੀ ਮੈਂਬਰ ਅਗਰ ਹਾਊਸ ਵਿਚ ਆਫੀਸ਼ੀਅਲ ਡਿਊਟੀ ਦੇਣ ਆ ਰਿਹਾ ਹੋਵੇ, ਜੇਕਰ ਉਸ ਨੂੰ ਕੋਈ ਬੰਦਾ ਰੋਕਦਾ ਹੈ, ਉਹ ਭਾਵੇਂ ਵਾਚ ਐਂਡ ਵਾਰਡ ਦਾ ਬੰਦਾ ਹੋਵੇ, ਭਾਵੇਂ ਉਹ ਸਿਵਿਲੀਅਨ ਹੋਵੇ ਔਰ ਭਾਵੇਂ ਉਹ ਸੀ. ਲਾਈ. ਡੀ. ਦਾ ਬੰਦਾ ਹੋਵੇ ਉਸ ਨਾਲ ਕੋਈ ਫਰਕ ਨਹੀਂ ਪੈਂਦਾ।

Any body who stands in the way of the hon. Members, any body who obstructs the hon. Members, any body who man-handles the hon. Members whether he belongs to C.I.D., whether he is from Watch and Ward staff or whether he is a civilian he is liable for action, once the Chair comes to conclusion that he has man-handled any Hon. Member or has obstructed any hon. Member while coming to attend the House. But once the Chair comes to the conclusion that no such incident has taken place then he is not liable whether he belongs to C.I.D., whether he is from Watch and Ward staff or whether he is a civilian. So the point raised by the hon. Member, Comrade Satya Pal Dang, that these persons are from C.I.D. carries no weight when the Chair has come to the conclusion that no such incident has taken place.

ਆਬਕਾਰੀ ਅਤੇ ਕਰ ਮੰਤਰੀ : ਸਪੀਕਰ ਸਾਹਿਬ, ਮੈਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਹਾਊਸ ਵਿਚ ਡਿਫਰੈਂਟ ਸੈਕਸ਼ਨਜ਼ ਵਲੋਂ ਇਸ ਗੱਲ ਤੇ ਬੜੀ ਐਂਗਜ਼ਾਇਟੀ ਪ੍ਰਗਟ ਕੀਤੀ ਗਈ ਹੈ ਕਿ ਮੈਂਬਰਜ਼ ਦੇ ਰਾਈਟਸ ਦੀ ਪੂਰੀ ਤਰ੍ਹਾਂ ਨਾਲ ਹਿਫਾਜ਼ਤ ਹੋਣੀ ਚਾਹੀਦੀ ਹੈ। ਇਹ ਹੀ ਜਜ਼ਬਾ ਹੈ ਜਿਸ ਨਾਲ ਅਸੀਂ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਹੱਕ ਰਖਦੇ ਹਾਂ। ਪਰ ਆਇਆ ਅਸੀਂ ਸਹੀ ਮਾਇਨਿਆਂ ਵਿਚ ਪਰਜਾ ਤੰਤਰ ਦੀ ਰਕਸ਼ਾ ਕਰ ਰਹੇ ਹਾਂ ? ਸਪੀਕਰ ਸਾਹਿਬ, ਤਾੜੀ ਇਕ ਹੱਥ ਨਾਲ ਨਹੀਂ ਵੱਜਦੀ, ਦੋਹਾਂ ਹੱਥਾਂ ਨਾਲ ਵੱਜਦੀ ਹੈ। ਆਪੋਜ਼ੀਸ਼ਨ ਨੂੰ ਪੂਰਾ ਹੱਕ ਹੈ ਹਰ ਗੱਲ ਕਹਿਣ ਦਾ ਲੇਕਿਨ ਜਿਸ ਢੰਗ ਨਾਲ, ਸਪੀਕਰ ਸਾਹਿਬ, ਆਪੋਜ਼ੀਸ਼ਨ ਬੀਹੇਵ ਕਰ ਰਹੀ ਹੈ ਉਸ ਤੋਂ ਮੈਨੂੰ ਤਾਂ ਇੰਜ ਜਾਪਦਾ ਹੈ ਕਿ ਉਸ ਦੇ ਪਿੱਛੇ ਇਕ ਪਲੈਂਡ ਸਾਜ਼ਿਸ਼ ਹੈ ਜਿਸ ਨਾਲ ਕਿ ਉਹ ਚਾਹੁੰਦੇ ਹਨ ਕਿ ਜਮਹੂਰੀਅਤ ਨੂੰ ਖਤਮ ਕਰਕੇ ਅਗੇ ਚਲੀਏ। (ਵਿਘਨ) ਮੇਰੀ ਬੇਨਤੀ ਤਾਂ ਸੁਣ ਲਓ, ਧੀਰਜ ਰਖੋ।

(ਇਸ ਸਮੇਂ ਸਰਦਾਰ ਕਰਨੈਲ ਸਿੰਘ ਮਰੜ੍ਹੀ ਖੜ੍ਹੇ ਹੋ ਕੇ ਬੋਲ ਰਹੇ ਸਨ)

ਆਬਕਾਰੀ ਅਤੇ ਕਰ ਮੰਤਰੀ : ਮਰੜ੍ਹੀ ਜੀ, ਬੈਠ ਜਾਉ। (ਹਾਸਾ) ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਆਪੋਜ਼ੀਸ਼ਨ ਵਾਲੇ ਸਿਵਾਏ ਮਾਰਕਸੀ [illegible] ਤੋਂ [illegible] ਕਿ ਇਸ ਗੱਲ ਨਾਲ ਇਹ ਸਰਕਾਰ ਨਾਲ ਸਹਿਮਤ ਨਹੀਂ ਹੁੰਦੇ।

ਸਰਦਾਰ ਅਜਾਇਬ ਸਿੰਘ ਸੰਧੂ : ਜੇਕਰ ਸਰਕਾਰ ਆਪਣਾ ਮਾਤਮੀ ਰੈਜ਼ੋਲਿਊਸ਼ਨ ਲਿਆਉਣਾ ਚਾਹੁੰਦੀ ਹੈ ਤਾਂ ਅਸੀਂ ਸਹਿਮਤ ਹਾਂ । (ਹਾਸਾ)

ਆਬਕਾਰੀ ਅਤੇ ਕਰ ਮੰਤਰੀ : ਸਪੀਕਰ ਸਾਹਿਬ, ਸਰਦਾਰ ਅਜਾਇਬ ਸਿੰਘ ਸੰਧੂ ਜੀ ਨੇ ਕਿਹਾ ਹੈ ਕਿ ਕੀ ਅਸੀਂ ਝੂਠ ਬੋਲਦੇ ਹਾਂ ? ਜਦੋਂ ਸਪੀਕਰ ਸਾਹਿਬ ਕਹਿੰਦੇ ਹਨ ਕਿ ਮੈਨ-ਹੈਂਡਲਿੰਗ ਨਹੀਂ ਹੋਈ..................(ਵਿਘਨ) ਮੇਰੀ ਬੇਨਤੀ ਤਾਂ ਸੁਣ ਲਉ। ਇਹ ਜਿਹੜੇ ਲੋਕ, ਸਪੀਕਰ ਸਾਹਿਬ ਤੇ ਇਤਬਾਰ ਨਹੀਂ ਕਰਦੇ ਇਹ ਜਮਹੂਰੀਅਤ ਤੇ ਕਿਵੇਂ ਇਤਬਾਰ ਕਰਦੇ ਹੋਣਗੇ।

ਜਦੋਂ ਸਪੀਕਰ ਸਾਹਿਬ ਦੀ ਰੂਲਿੰਗ ਆ ਗਈ ਉਸ ਤੋਂ ਬਾਅਦ ਕੋਈ ਡਿਸਕਸ਼ਨ ਉਸ ਰੂਲਿੰਗ ਤੇ ਨਹੀਂ ਹੋਣੀ ਚਾਹੀਦੀ। ਪਰ ਇਹ ਕਿਸੇ ਨਾ ਕਿਸੇ ਢੰਗ ਨਾਲ ਡਿਸਕਸ਼ਨ ਕਰਨੀ ਸ਼ੁਰੂ ਕਰ ਦਿੰਦੇ ਹਨ। ਇਹ ਚਾਹੁੰਦੇ ਹਨ ਕਿ ਜੋ ਕੁਝ ਇਹ ਕਹਿੰਦੇ ਹਨ ਭਾਵੇਂ ਉਹ ਗਲਤ ਹੀ ਹੋਵੇ ਉਹ ਹੀ ਸੱਚ ਹੋ ਸਕਦਾ ਹੈ। ਅਤੇ ਬਾਕੀ ਗਲਤ ਹੈ। ਇਹ ਤਰੀਕਾ ਨਹੀਂ ਹੈ ਕਿ ਇਨਕੁਆਇਰੀ ਬਿਠਾ ਦਿਉ। ਮੈਂ ਕਹਿੰਦਾ ਹਾਂ ਕਿ ਇਨਕੁਆਇਰੀ ਕਿਸ ਦੇ ਮੁਤੱਲਿਕ ਬਠਾਉਣ ਲਈ ਇਹ ਕਹਿ ਰਹੇ ਹਨ ? ਇਹ ਉਦੋਂ ਦੀ ਇਥੇ ਖੱਪ ਪਾ ਰਹੇ ਹਨ ਜਿਸ ਤਰ੍ਹਾਂ ਕਿ ਕਿਸੇ ਮਦਾਰੀ ਨੇ ਤਮਾਸ਼ਾ ਕਰਨਾ ਹੁੰਦਾ ਹੈ। ਇਹ ਸੇਕਰਡ ਜਗ੍ਹਾ ਹੈ। ਇਨ੍ਹਾਂ ਨੂੰ ਅਤੇ ਸਾਨੂੰ ਇਥੇ ਜਨਤਾ ਨੇ ਚੁਣ ਕੇ ਭੇਜਿਆ ਹੈ ਤਾਂ ਕਿ ਅਸੀਂ ਉਨ੍ਹਾਂ ਦੀ ਸਹੀ ਨੁਮਾਇੰਦਗੀ ਕਰੀਏ। ਪਰ ਇਹ ਇਥੇ ਆਉਂਦੇ ਹਨ ਔਰ ਡੰਬਰੂ ਵਜਾਉਂਦੇ ਹਨ। (ਵਿਘਨ) ਕੋਈ ਕਾਲੇ ਬਿੱਲੇ ਲਾ ਕੇ ਆ ਜਾਂਦਾ ਹੈ। ਮੇਰੀ ਬੇਨਤੀ ਹੈ ਕਿ ਅਸੀਂ ਆਪਸ ਵਿਚ ਬੈਠ ਜਾਈਏ। ਡੈਮੋਕਰੇਸ਼ੀ ਨੂੰ ਬਚਾਉਣ ਵਾਸਤੇ, ਉਸ ਸਾਜ਼ਿਸ਼ ਨੂੰ ਫੇਲ੍ਹ ਕਰਨ ਵਾਸਤੇ ਜਿਹੜੀ ਕਿ ਡੈਮੋਕਰੇਸੀ ਨੂੰ ਫੇਲ੍ਹ ਕਰਨ ਵਾਸਤੇ ਰਚੀ ਜਾ ਰਹੀ ਹੈ, ਤੁਸੀਂ ਆਪੋਜ਼ੀਸ਼ਨ ਨੂੰ ਬੁਲਾ ਲਉ, ਅਸੀਂ ਵੀ ਆ ਜਾਂਦੇ ਹਾਂ, ਜਿਹੜੀ ਪੁਰਾਣੀ ਟ੍ਰੇਡੀਸ਼ਨ ਹੈ ਉਸ ਦੇ ਮੁਤਾਬਿਕ ਹੀ ਚਲਣ ਦੀ ਲੋੜ ਹੈ। ਇਸ ਲਈ ਮੇਰੀ ਬੇਨਤੀ ਹੈ ਕਿ, ਸਪੀਕਰ ਸਾਹਿਬ, ਤੁਸੀਂ ਇਨ੍ਹਾਂ ਨੂੰ ਬੁਲਾ ਲਓ। ਇਨ੍ਹਾਂ ਨੂੰ ਕਹੋ ਕਿ ਇਹ ਸਿਰਫ ਮਾਤਮੀ ਰੈਜ਼ੋਲਿਊਸ਼ਨਾਂ ਤੇ ਹੀ ਸਰਕਾਰ ਨਾਲ ਸਹਿਮਤੀ ਪ੍ਰਗਟ ਨਾ ਕਰਿਆ ਕਰਨ ਸਗੋਂ ਜਿਹੜੇ ਵਿਕਾਸ ਦੇ ਕੰਮ ਇਹ ਸਰਕਾਰ ਕਰ ਰਹੀ ਹੈ ਉਨ੍ਹਾਂ ਦੀ ਸ਼ਲਾਘਾ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਬਾਰੇ ਵੀ ਕੋਈ ਗਲ ਕਰਨੀ ਚਾਹੀਦੀ ਹੈ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਹ ਤਰੱਕੀ ਦੇ ਕੰਮਾਂ ਵਿਚ ਆਪਣਾ ਹਿੱਸਾ ਪਾਇਆ ਕਰਨ।

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਤਰੱਕੀ ਦੇ ਕੰਮਾਂ ਵਿਚ ਹਮੇਸ਼ਾਂ ਹਿੱਸਾ ਪਾਉਂਦੇ ਹਾਂ ਪਰ ਜੇਕਰ ਕੋਈ ਕੀਤਾ ਹੋਵੇ ਤਾਂ। ਪਰ ਅਸੀਂ ਲੁੱਟ ਵਿਚ ਹਿੱਸਾ ਨਹੀਂ ਪਾਉਂਦੇ। (ਵਿਘਨ)

PERSONAL EXPLANATION BY COMRADE RAJ KUMAR

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ। ਆਨਰੇਬਲ ਯੱਸ਼ ਜੀ ਨੇ ਮੇਰਾ ਨਾਮ ਲਿਆ ਹੈ ਕਿ ਮੈਂ ਕਾਲਾ ਬਿੱਲਾ ਲਾਇਆ ਹੋਇਆ ਸੀ।

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਉਨ੍ਹਾਂ ਨੇ ਇਨ੍ਹਾਂ ਦਾ ਨਾਉਂ ਨਹੀਂ ਲਿਆ,ਇਸ ਲਈ ਪਰਸਨਲ ਐਕਸਪਲੇਨੇਸ਼ਨ ਨਹੀਂ ਬਣਦੀ। (ਵਿਘਨ)

ਸ਼੍ਰੀ ਸਪੀਕਰ : ਰਾਜ ਕੁਮਾਰ ਜੀ, ਉਨ੍ਹਾਂ ਨੇ ਤੁਹਾਡਾ ਨਾਉਂ ਨਹੀਂ ਲਿਆ। (Raj Kumar ji, the hon. Minister has not mentioned your name.)

Comrade Raj Kumar : He has made reference to my dress. I am very touchy on this point. I am still wearing black clothes. (*Interruption*)

ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣ ਲਉ।

ਆਬਕਾਰੀ ਅਤੇ ਕਰ ਮੰਤਰੀ : ਸਪੀਕਰ ਸਾਹਿਬ, ਮੇਰੇ ਹਿਸਾਬ ਨਾਲ ਤਾਂ ਇਹ ਸਾਰੇ ਹੀ ਕਾਣੇ ਹਨ। (ਹਾਸਾ) (ਵਿਘਨ)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਨ੍ਹਾਂ ਨੇ 80 ਪੰਚਾਇਤਾਂ ਤੋਂ ਪੁੱਛੇ ਬਗੈਰ, ਉਥੋਂ ਦਾ ਐਮ. ਐਲ. ਏ. ਤੋਂ ਪੁੱਛੇ ਬਗੈਰ ਉਥੋਂ ਦਾ ਕਮਿਊਨਿਟੀ ਡੀਵੈਲਪਮੈਂਟ ਬਲਾਕ ਤੋੜ ਦਿੱਤਾ ਹੈ। ਅਗਰ ਮੈਂ ਉਸ ਦੇ ਬਾਰੇ ਕਾਲੇ ਕਪੜੇ ਪਾ ਕੇ ਮਾਈਲਡ ਪ੍ਰੋਟੈਸਟ ਕਲ ਕੀਤਾ ਹੈ ਤਾਂ ਉਸ ਨਾਲ ਜਮਹੂਰੀਅਤ ਨੂੰ ਕੀ ਖਤਰਾ ਹੋ ਸਕਦਾ ਹੈ।

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ : ਹੁਣ ਕਾਲ ਅਟੇਨਸ਼ਨ ਮੋਸ਼ਨਜ਼ ਸ਼ੁਰੂ ਕਰੋ ਜੀ। (Now we may take up Call Attention Motions).

ਕਾਮਰੇਡ ਰਾਜ ਕੁਮਾਰ : ਆਨ ਏ ਪੁਆਇੰਟ ਆਫ਼ ਆਰਡਰ, ਸਰ।

ਮਾਸਟਰ ਚੰਦ ਸਿੰਘ: ਆਨ ਏ ਪੁਆਇੰਟ ਆਫ਼ ਆਰਡਰ ਸਰ।

ਸ੍ਰੀ ਸਪੀਕਰ : ਰੂਲਿੰਗ ਤੇ ਡਿਸਕਸ਼ਨ ਨਹੀਂ ਹੋ ਸਕਦੀ। ਕਾਲ ਅਟੈਨਸ਼ਨ ਮੋਸ਼ਨਜ਼ ਸ਼ੁਰੂ ਕਰੋ ਜੀ। (The ruling cannot be discussed. Now, we may take up Call Attention Motions.)

ਕਾਮਰੇਡ ਰਾਜ ਕੁਮਾਰ : ਆਨ ਏ ਪੁਆਇੰਟ ਆਫ ਆਰਡਰ, ਸਰ।

ਸ੍ਰੀ ਸਪੀਕਰ : ਰਾਜ ਕੁਮਾਰ ਜੀ, ਤੁਹਾਡਾ ਕੀ ਪੁਆਇੰਟ ਆਫ਼ ਆਰਡਰ ਹੈ ? (*Addressing Comrade Raj Kumar* : What is your point of order?)

ADJOURNMENT MOTION

ਕਾਮਰੇਡ ਰਾਜ ਕੁਮਾਰ : ਮੇਰੀ ਐਡਜਰਨਮੈਂਟ ਮੋਸ਼ਨ ਨੰਬਰ 3 ਤੁਸੀਂ ਰਿਜੈਕਟ ਕਰ ਦਿੱਤੀ ਹੈ। ......

ਸ੍ਰੀ ਸਪੀਕਰ : ਜਿਹੜੀ ਐਡਜਰਨਮੈਂਟ ਮੋਸ਼ਨ ਰਿਜੈਕਟ ਹੋਈ ਹੋਵੇ, ਉਸ ਦੀ ਇਤਲਾਹ ਤੁਹਾਨੂੰ ਭੇਜ ਦਿੱਤੀ ਜਾਂਦੀ ਹੈ। ਜੇ ਤੁਸੀਂ ਇਸ ਬਾਰੇ ਹੋਰ ਗੱਲ ਕਰਨੀ ਹੈ ਤਾਂ ਮੇਰੇ ਚੈਂਬਰ ਵਿਚ ਆ ਜਾਣਾ। (If any adjournment motion is disallowed, the hon. Member concerned is informed about the same. If the hon. Member wants to bring to my notice something else, he may come to my Chamber.)

ਕਾਮਰੇਡ ਰਾਜ ਕੁਮਾਰ : ** **

Mr. Speaker ; Whatever Comrade Raj Kumar has said, should not be recorded. (ਵਿਘਨ)

**Not recorded as ordered by the Chair.

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਅਥਰੂ ਗੈਸ ਦੇ ਗੋਲੇ ਛੱਡੇ ਗਏ। ਮੈਂ ਇਹ ਅਥਰੂ ਗੈਸ ਦੇ ਗੋਲੇ ਤੁਹਾਡੇ ਸਾਹਮਣੇ ਪੇਸ਼ ਕਰਦਾ ਹਾਂ, ਮੈਂ ਇਨ੍ਹਾਂ ਨੂੰ ਟੇਬਲ ਤੇ ਰਖਦਾ ਹਾਂ। (ਇਸ ਸਮੇਂ ਮਾਸਟਰ ਚੰਦ ਸਿੰਘ ਨੇ 3 ਅਥਰੂ ਗੈਸ ਦੇ ਗੋਲੇ ਹਾਊਸ ਦੇ ਟੇਬਲ ਤੇ ਰਖੇ।)

ਸ੍ਰੀ ਸਪੀਕਰ : ਜੋ ਕੁਝ ਮਾਸਟਰ ਚੰਦ ਸਿੰਘ ਜੀ ਨੇ ਮੇਜ਼ ਤੇ ਰਖਿਆ ਹੈ, ਉਹ ਮੇਰੇ ਪਾਸ ਭੇਜ ਦਿੱਤਾ ਜਾਵੇ । (Whatever has been laid on the Table of the House by Master Chand Singh, should be sent to me.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਹੈ।

Mr. Speaker : Please resume your seat.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਸੁਣ ਲਉ ਜੀ।

ਸ੍ਰੀ ਸਪੀਕਰ : ਤੁਹਾਡਾ ਕੀ ਪੁਆਇੰਟ ਆਫ਼ ਆਰਡਰ ਹੈ ? (What is your point of order ?) (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਅਸੀਂ ਤੁਹਾਡਾ ਵੀ ਸਨਮਾਨ ਕਰਦੇ ਹਾਂ ਅਤੇ ਗਵਰਨਰ ਸਾਹਿਬ ਦਾ ਵੀ ਸਨਮਾਨ ਕਰਦੇ ਹਾਂ। ਕਨਸਟੀਚਿਊਸ਼ਨ ਨੂੰ ਵੀ ਸਿਰ ਮੱਥੇ ਤੇ ਰਖਦੇ ਹਾਂ। ਤੁਸੀਂ ਇਸ ਕੁਰਸੀ ਤੇ ਬੈਠੇ ਹੋ। ਜਿਨ੍ਹਾਂ ਮੈਂਬਰਾਂ ਨੂੰ ਮੈਨ-ਹੈਂਡਲ ਕੀਤਾ ਗਿਆ, ਉਸ ਬਾਰੇ ਤੁਹਾਡੇ ਕੋਲ ਬੇਨਤੀ ਕੀਤੀ ਪਰ ਤੁਸੀਂ ਰੂਲਿੰਗ ਦੇ ਦਿੱਤੀ ਕਿ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੋਈ............. (ਵਿਘਨ)

ਸ੍ਰੀ ਸਪੀਕਰ : ਜੋ ਕੁਝ ਮੈਂ ਇਨਕੁਆਇਰੀ ਕਰ ਸਕਿਆ ਹਾਂ, ਉਸ ਦੇ ਮੁਤਾਬਿਕ ਮੈਂ ਰੂਲਿੰਗ ਦੇ ਦਿੱਤੀ ਹੈ। ਤੁਹਾਡੀ ਪ੍ਰਿਵਿਲੇਜ ਮੋਸ਼ਨ ਕਲ ਸ਼ਾਮ ਦੇ 7-30 ਵਜੇ ਆਈ ਹੈ। ਜੇ ਤੁਸੀਂ ਇਹ ਜਾਣਦੇ ਸੀ ਕਿ ਮੈਨ-ਹੈਂਡਲਿੰਗ ਹੋਈ ਹੈ ਤਾਂ ਜਿਸ ਵੇਲੇ ਗਵਰਨਰ ਐਡਰੈਸ ਡਲਿਵਰ ਹੋਇਆ ਸੀ, ਉਸ ਤੋਂ ਬਾਅਦ ਕਹਿ ਦੇਣਾ ਸੀ। (I have given my ruling on the basis of my enquiry. Your privilege motion was received at 7.30 p. m. yesterday. If you knew that some hon. Members had been manhandled, then you should have given this Privilege Motion immediately after the Governor's Address.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਤੁਹਾਨੂੰ ਇਹ ਚਾਹੀਦਾ ਸੀ ਕਿ ਇਸ ਮਾਮਲੇ ਨੂੰ ਪ੍ਰਿਵਿਲੇਜ਼ ਕਮੇਟੀ ਦੇ ਸਪੁਰਦ ਕਰ ਦਿੰਦੇ।

Mr. Speaker : Please resume your seat.

CALL ATTENTION NOTICES UNDER RULE 66

(Serial No. 7)

Comrade Darshan Singh Canadian : Sir, I beg to draw the attention of the Government towards a matter of urgent public importance, namely,

under the scheme to give plots free of charge for building houses to landless unskilled labourers residing in rural areas, the Punjab Government had originally decided to carve out 25 plots of 4 Marlas each out of every acre of land to be acquired for the purpose, leaving the rest for streets, open, spaces, etc.

Recently the Government have sent instructions to the Deputy Commissioners to carve out 40 plots of 4 Marlas each out of every acre instead of 25. This would not leave any thing for streets, open spaces, etc. The latest instructions, if implemented, would result in construction of worst type of slums. This has resulted in much discontentment amongst the Harijans and other landless labourers in rural areas.

In view of the obvious and urgent importance of the matter, the Government may please be asked to make a statement in the House.

Mr Speaker : Admitted. The hon. Minister concerned may please make a statement.

(Serial-No. 8)

Comrade Satya Pal Dang : Sir, I beg to draw the attention of the Government towards a matter of urgent public importance namely, that there is an acute shortage of essential commodities such as Atta, food grains, Vanaspati, Cement and Diesel throughout the State. In this situation, acute distress prevails in the entire State which is creating conditions of widespread discontentment and agitation among the mass of the people. In view of the obvious and urgent public importance of the matter the Government may be asked to make a statement in the House.

Mr. Speaker : Admitted. The hon. Minister concerned may please make a statement.

(ਕ੍ਰਮ ਨੰ: 13)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਅਰਥਾਤ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਪੰਜਾਬ ਭੂਮੀ ਸੁਧਾਰ ਐਕਟ, 1972 ਦੀਆਂ ਕੁਝ ਧਾਰਾਵਾਂ ਵਿਰੁਧ ਕੀਤੇ ਗਏ ਫੈਸਲੇ ਨਾਲ ਪੈਦਾ ਹੋਈ ਸਥਿਤੀ ਵਲ ਦਿਵਾਉਂਦਾ ਹਾਂ, ਚੂੰਕਿ ਹਾਈਕੋਰਟ ਦੇ ਉਪ੍ਰੋਕਤ ਫੈਸਲੇ ਨਾਲ ਭੂਮੀ ਕਾਨੂੰਨ, 1972 ਦਾ ਬਿੱਲ ਕੱਢ ਲਿਆ ਗਿਆ ਹੈ ਅਤੇ ਇਸ ਨੂੰ ਵਿਅਰਥ ਬਣਾ ਦਿਤਾ ਗਿਆ ਹੈ। ਪੰਜਾਬ ਦੇ ਲਖਾਂ ਗਰੀਬ ਬੇ-ਜ਼ਮੀਨੇ ਲੋਕਾਂ ਵਿਚ ਤਕੜੀ ਬੇਚੈਨੀ ਫੈਲ ਗਈ ਹੈ ਜਿਨ੍ਹਾਂ ਨੂੰ ਇਸ ਕਾਨੂੰਨ ਅਧੀਨ ਜ਼ਮੀਨ ਪ੍ਰਾਪਤ ਹੋਣ ਦੀ ਆਸ ਸੀ। ਇਸ ਲਈ ਪੰਜਾਬ ਸਰਕਾਰ ਨੂੰ ਇਸ ਨਵੀਂ ਸਥਿਤੀ ਬਾਰੇ ਬਿਆਨ ਦੇਣ ਲਈ ਕਿਹਾ ਜਾਵੇ।

ਸ੍ਰੀ ਸਪੀਕਰ: ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

(ਕ੍ਰਮ ਨੰ: 15)

ਮਾਸਟਰ ਚੰਦ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਰਾਜਪੁਰਾ, ਜ਼ਿਲ੍ਹਾ ਪਟਿਆਲਾ ਦੇ ਧਾਗਾ ਮਿੱਲ ਮਜ਼ਦੂਰਾਂ ਨੇ ਅਨਿਸ਼ਚਤ

[ਮਾਸਟਰ ਚੰਦ ਸਿੰਘ]

ਸਮੇਂ ਦੀ ਹੜਤਾਲ ਕਰਕੇ ਪੁਰਅਮਨ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ ਜਿਸ ਵਿਚ ਸੈਂਕੜੇ ਮਜ਼ਦੂਰਾਂ ਨੂੰ ਕੰਮ ਤੋਂ ਵਿਹਲੇ ਕਰਕੇ ਜੇਲ੍ਹਾਂ ਵਿਚ ਸੁਟਿਆ ਜਾ ਰਿਹਾ ਹੈ ਅਤੇ ਬਹੁਤ ਸਾਰੇ ਟ੍ਰੇਡ ਯੂਨੀਅਨ ਵਰਕਰਾਂ ਨੂੰ ਵੀ ਗ੍ਰਿਫਤਾਰ ਕਰਕੇ ਜੇਲ੍ਹਾਂ ਵਿਚ ਪਾਇਆ ਗਿਆ ਹੈ। ਇਸ ਨਾਲ ਮਜ਼ਦੂਰਾਂ ਅਤੇ ਮੁਲਾਜ਼ਮਾਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਇਹ ਬਹੁਤ ਹੀ ਅਹਿਮ ਮਸਲਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਫੜੇ ਹੋਏ ਮਜ਼ਦੂਰਾਂ ਤੇ ਹੋਰ ਆਗੂਆਂ ਨੂੰ ਤੁਰੰਤ ਰਿਹਾ ਕਰੇ ਅਤੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਕਰੇ ਤਾਂ ਕਿ ਸ਼ਾਂਤੀ ਕਾਇਮ ਰਹਿ ਸਕੇ। ਸਰਕਾਰ ਨੂੰ ਬੇਨਤੀ ਹੈ ਕਿ ਇਸ ਬਾਰੇ ਹਾਊਸ ਵਿਚ ਬਿਆਨ ਦੇਵੇ।

ਸ੍ਰੀ ਸਪੀਕਰ: ਪ੍ਰਵਾਨ ਕੀਤਾ ਜਾਂਦਾ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

(Serial No. 19)

Comrade Raj Kumar : Sir, I beg to draw the attention of the Government towards a matter of urgent public importanee, namely, the reorganisation of community development blocks in Gurdaspur District and the resultant abolition of Dhariwal Block. Eighty Gram Panchayats within six miles radius of Dhariwal have been lumped in a District and District Administrative Block of Kalanaur. People are undergoing great hardship on this score.

There is widespread resentment among the people and protest meetings are being held daily where resolutions of protest are passed.

In view of obvious importance of the matter, the Government may please be asked to make a statement in the House.

Mr. Speaker : Admitted. The hon. Minister concerned may please make a statement.

ANNOUNCEMENT BY THE SECRETARY

Mr. Speaker : Now the Secretary will make an announcement

Secretary : Sir, I lay on the Table of the House a statement showing the bills which were passed by the Punjab Vidhan Sabha during its Fifth Session, 1973, and which have since been assented to by the Governor/President.

6th Session Statement showing the Bills which were passed by the Punjab Vidhan Sabha, during its Fifth Session, 1973, and which have since been assented to by the Governor/President

1. The Public Wakfs (Extension of Limitation) (Punjab Amendment) Bill, 1973.
2. The Punjab Municipal (Second Amendment) Bill, 1973.
3. The Punjab Land Reforms (Amendment) Bill, 1973.
4. The Northern India Canal and Drainage (Punjab Amendment), Bill, 1973.
5. The Punjab Excise (Amendment) Bill, 1973.

6. The Punjab General Sales Tax (Third Amendment) Bill, 1973.

7. The Punjab Land Revenue (Amendment) Bill, 1973.

8. The Punjab Appropriation (No. 3) Bill, 1973.

9. The Punjab Panchayat Samitis and Zila Parishads (Amendment) Bill, 1973.

10. The Punjab Contingency Fund (Amendment) Bill, 1973.

[ਛੇਵਾਂ ਸਮਾਗਮ

ਉਨ੍ਹਾਂ ਬਿਲਾਂ ਦਾ ਵਿਵਰਣ ਜੋ ਪੰਜਾਬ ਵਿਧਾਨ ਸਭਾ ਦੁਆਰਾ ਆਪਣੇ ਪੰਜਵੇਂ ਸਮਾਗਮ, 1973 ਦੇ ਦੌਰਾਨ ਪਾਸ ਕੀਤੇ ਗਏ ਅਤੇ ਜਿਨ੍ਹਾਂ ਤੇ ਰਾਜਪਾਲ/ਰਾਸ਼ਟਰਪਤੀ ਦੁਆਰਾ ਸਹਿਮਤੀ ਦੇ ਦਿੱਤੀ ਗਈ ਹੈ।

1. ਲੋਕ ਵਕਫ਼ (ਸੀਮਾਂ ਦਾ ਵਧਾਉਣਾ) (ਪੰਜਾਬ ਸੋਧਨਾ) ਬਿੱਲ, 1973

2. ਪੰਜਾਬ ਮਿਉਨਿਸਪਲ (ਦੂਜੀ ਸੋਧਨਾ) ਬਿੱਲ, 1973

3. ਪੰਜਾਬ ਜ਼ਮੀਨ ਸੁਧਾਰ (ਸੋਧਨਾ) ਬਿੱਲ, 1973

4. ਉਤਰੀ ਭਾਰਤ ਨਹਿਰ ਅਤੇ ਨਿਕਾਸ ਨਾਲੀਆਂ (ਪੰਜਾਬ ਸੋਧਨਾ) ਬਿੱਲ, 1973

5. ਪੰਜਾਬ ਆਬਕਾਰੀ (ਸੋਧਨਾ) ਬਿੱਲ, 1973

6. ਪੰਜਾਬ ਆਮ ਵਿਕਰੀ ਕਰ (ਤੀਜੀ ਸੋਧਨਾ) ਬਿੱਲ, 1973

7. ਪੰਜਾਬ ਮਾਲੀਆ ਜ਼ਮੀਨ (ਸੋਧਨਾ) ਬਿੱਲ, 1973

8. ਪੰਜਾਬ ਨਮਿਤਣ (ਨੰ: 3) ਬਿੱਲ, 1973

9. ਪੰਜਾਬ ਪੰਚਾਇਤ ਸੰਮਤੀਆਂ ਅਤੇ ਜ਼ਿਲ੍ਹਾ ਪਰਿਸ਼ਦ (ਸੋਧਨਾ) ਬਿੱਲ, 1973

10. ਪੰਜਾਬ ਅਚੇਤ ਫੰਡ (ਸੋਧਨਾ) ਬਿੱਲ, 1973] ।

PAPERS LAID ON THE TABLE OF THE HOUSE.

Revenue and Election Minister (Sardar Umrao Singh) : Sir, I beg to lay on the Table Chapter II of the Annual Report of Local Audit Department, Punjab, for the year 1970-71.

Sir, I also beg to lay on the Table the Administrative Reports of the Pepsu Road Transport Corporation for the years 1964-65, 1965-66 and 1966-67 as required under section 35(3) of the Road Transport Corporation Act, 1950.

Sir I lay on the Table the Financial Review on the working of the Pepsu Road Transport Corporation for the years 1967-68, 1968-69 and 1969-70 as required under section 33(4) of the Road Transport Corporation Act, 1950.

Sir, I also lay on the Table Notifications Nos. G.S.R. 100/Const./Art. 320/Amd(25)73, dated the 30th October, 1973 and G.S.R. 113/Const./Art. 320/Amd(26)/73, dated the 28th November, 1973, regarding additions made by the Governor in the Punjab Public Service Commission (Limita-

[Revenue and Election Minister]

tion of Functions) Regulations, 1955, as required under Article 320 (5) of the Constitution.

MOTION UNDER RULE 16

Sir, I also move that the Assembly at its rising this day shall adjourn to meet again at 2.00 P.M. on Monday, the 25th February, 1974.

PRESENTATION OF THE THIRD REPORT OF THE COMMITTEE ON PUBLIC UNDERTAKINGS ON THE GENERAL WORKING OF THE UNDERTAKINGS

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੇਰੀ ਇਹ ਗੁਜ਼ਾਰਿਸ਼ ਹੈ ਕਿ ਪੇਸ਼ਤਰ ਇਸ ਦੇ ਕਿ ਐਡਜਰਨਮੈਂਟ ਬਾਰੇ ਮੋਸ਼ਨ ਟੇਕ-ਅਪ ਕੀਤੀ ਜਾਵੇ ਮੈਂ ਅਡੈਂਡਮ ਵਾਲਾ ਆਈਟਮ ਮੂਵ ਕਰਦਾ ਹਾਂ। ਇਹ ਇਕ ਨਵਾਂ ਆਈਟਮ ਹੈ ਇਸ ਤੋਂ ਬਾਅਦ ਦੂਸਰੀ ਮੋਸ਼ਨ ਆਵੇ।

Sir, I beg to present the Third Report of the Committee on Public Undertakings on the general working of the undertakings.

MOTION UNDER RULE 16 (*Resumption of Discussion*)

Mr. Speaker : Motion moved—

that the Assembly at its rising this day shall adjourn to meet again at 2.00 P.M. on Monday, the 25th February, 1974.

ਕਾਮਰੇਡ ਸੱਤ ਪਾਲ ਡਾਂਗ : (ਅੰਮ੍ਰਿਤਸਰ, ਪੱਛਮ) ਸਪੀਕਰ ਸਾਹਿਬ, ਮੈਂ ਇਸ ਮੋਸ਼ਨ ਦੀ ਵਿਰੋਧਤਾ ਕਰਨ ਲਈ ਖੜਾ ਹੋਇਆ ਹਾਂ। ਅਜ 19 ਤਾਰੀਖ ਹੈ ਅਤੇ 20 ਤਾਰੀਖ ਦੀ ਛੁੱਟੀ ਹੈ। 21 ਅਤੇ 22 ਤਾਰੀਖ ਦੋਨੋਂ ਵਰਕਿੰਗ ਡੇ ਹਨ ਪਰ ਮੇਰੀ ਇਹ ਗੱਲ ਸਮਝ ਵਿਚ ਨਹੀਂ ਆਈ ਕਿ ਵਿਚੋਂ ਦੀ ਅਸੈਂਬਲੀ ਮੁਲਤਵੀ ਕਰਕੇ 25 ਤਾਰੀਖ ਨੂੰ ਫਿਰ ਮੀਟ ਕੀਤਾ ਜਾਵੇ। ਕਿਉਂਕਿ ਯੂ. ਪੀ. ਦੀਆਂ ਅਲੈਕਸ਼ਨਾਂ ਹਨ ਮਨਿਸਟ੍ਰਰ ਸਾਹਿਬਾਨ ਨੇ ਉਥੇ ਜਾਣਾ ਹੈ ਇਸ ਲਈ ਇਸੇ ਤਰ੍ਹਾਂ ਕੀਤਾ ਜਾ ਰਿਹਾ ਹੈ, ਜਿਵੇਂ ਇਹ ਪੰਜਾਬ ਦੇ ਹਿੱਤ ਨੂੰ ਬਿਲਕੁਲ ਹੀ ਭੁਲ ਗਏ ਹੋਣ। ਇਸ ਵਕਤ ਪੰਜਾਬ ਦੇ ਮਸਲਿਆਂ ਤੇ ਵਿਚਾਰ ਕਰਨ ਦੀ ਫੌਰੀ ਲੋੜ ਹੈ, ਇਤਨੇ ਅਹਿਮ ਅਤੇ ਗੰਭੀਰ ਮਸਲੇ ਹਨ ਕਿ ਇਨ੍ਹਾਂ ਨੂੰ ਇਕ ਦਿਨ ਲਈ ਵੀ ਟਾਲਨਾ ਨਹੀਂ ਸੀ ਚਾਹੀਦਾ ਪਰ ਇਹ ਤਾਂ ਛੁੱਟੀਆਂ ਕਰਕੇ ਯੂ. ਪੀ. ਜਾ ਰਹੇ ਹਨ। ਲੁਧਿਆਣੇ ਵਿਚ ਦਿਆਨੰਦ ਮੈਡੀਕਲ ਕਾਲਜ ਦੀ ਬੜੀ ਬੁਰੀ ਹਾਲਤ ਹੈ, ਇਤਨੀ ਦੇਰ ਤੋਂ ਬੰਦ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਮੈਡੀਕਲ ਕਾਲਜ ਦਾ ਹਾਲ ਹੈ, ਜੂਨੀਅਰ ਡਾਕਟਰਜ਼ ਦੀ ਹੜਤਾਲ ਇਤਨੇ ਦਿਨਾਂ ਤੋਂ ਚਲੀ ਆ ਰਹੀ ਹੈ ਉਨ੍ਹਾਂ ਦੀ ਗੱਲ ਨਾ ਸੈਂਟਰ ਹੀ ਸੁਣਦਾ ਹੈ ਅਤੇ ਨਾ ਹੀ ਪੰਜਾਬ ਵਾਲੇ ਕੁਝ ਕਰਦੇ ਹਨ। ਹਸਪਤਾਲਾਂ ਦੀ ਇਹ ਹਾਲਤ ਹੈ ਕਿ ਪੇਸ਼ੈਂਟਸ ਬਾਹਰ ਖੜੇ ਤੜਫਦੇ ਫਿਰਦੇ ਹਨ, ਹਸਪਤਾਲ ਬੰਦ ਹਨ। ਇਨ੍ਹਾਂ ਦੀਆਂ ਵਾਜਬੀ ਮੰਗਾਂ ਹਨ ਪਰ ਕੋਈ ਸੁਣਦਾ ਹੀ ਨਹੀਂ। ਇਸੇ ਤਰ੍ਹਾਂ ਇਹ ਸਰਕਾਰ ਇਕ ਪ੍ਰਾਈਵੇਟ ਕਾਲਜ ਨੂੰ ਚਲਾਉਣ ਦੀ ਖਾਤਰ ਧੱਕੇਸ਼ਾਹੀ ਵਰਤ ਰਹੀ ਹੈ ਅਤੇ ਇਨ੍ਹਾਂ ਨੇ ਡਿਸਟ੍ਰਿਕਟ ਅਥਾਰਟੀ ਨੂੰ ਆਪਣੇ ਹੋਛੇ ਹਥਿਆਰ ਵਰਤਣ ਦਾ ਇਸ਼ਾਰਾ ਕੀਤਾ ਹੋਇਆ ਹੈ। ਇਸ ਦਾ ਨਤੀਜਾ ਇਹੋ ਨਿਕਲਦਾ ਹੈ ਕਿ ਰੋਜ਼ ਮੁੰਡਿਆਂ ਦੀ ਕੁਟਾਈ ਹੁੰਦੀ ਹੈ, ਉਸ ਦੀ ਕੋਈ ਸੁਣਵਾਈ ਨਹੀਂ।

ਦਿਆਨੰਦ ਮੈਡੀਕਲ ਕਾਲਜ ਦਾ ਪੈਰਾ ਮੈਡੀਕਲ ਸਟਾਫ ਇਤਨਾ ਤੰਗ ਹੈ ਕਿ ਉਨ੍ਹਾਂ ਨੂੰ ਕੋਈ ਰਸਤਾ ਨਹੀਂ ਸੁਝਦਾ। ਇਕ ਪਾਸੇ ਮੈਨੇਜਮੈਂਟ ਕਹਿ ਰਹੀ ਹੈ ਕਿ ਅਸੀਂ ਕਾਲਜ ਨਹੀਂ ਚਲਾ ਸਕਦੇ। ਦੂਸਰੇ ਪਾਸੇ ਜਨਤਾ ਦੀ ਇਤਨੀ ਬੁਰੀ ਹਾਲਤ ਹੈ ਕਿ ਜ਼ਿਮੀਦਾਰ ਨੂੰ ਖਾਦ ਨਹੀਂ ਮਿਲਦੀ, ਉਸ ਨੂੰ ਤੇਲ ਨਹੀਂ ਮਿਲਦਾ ਉਹ ਖੇਤੀ ਕਿਵੇਂ ਕਰੇ। ਲੋਕਾਂ ਨੂੰ ਖਾਣ ਲਈ ਚੀਜ਼ਾਂ ਤੱਕ ਨਹੀਂ ਲਭਦੀਆਂ, ਬਨਾਸਪਤੀ ਘੀ ਮਿਲਦਾ ਹੈ ਤਾਂ ਗਰੀਜ਼ ਮਿਲੀ ਹੋਈ ਹੁੰਦੀ ਹੈ, ਹਰ ਚੀਜ਼ ਵਿਚ ਮਿਲਾਵਟ ਹੈ, ਸਕੂਲਾਂ ਦੇ ਮੁੰਡਿਆਂ ਤੇ ਕੁਟਾਪਾ ਚਾੜ੍ਹਿਆ ਜਾ ਰਿਹਾ ਹੈ, 5 ਸਾਲ ਹੋ ਗਏ ਹਨ ਟੈਕਸਟਾਈਲ ਵਰਕਰਜ਼ ਦੀਆਂ ਵੇਜਿਜ਼ ਵਧੀਆਂ ਨੂੰ ਪਰ ਕਿਸੇ ਨੇ ਅਜੇ ਤੱਕ ਉਨ੍ਹਾਂ ਦੀਆਂ ਮੰਗਾਂ ਦੀ ਪਰਵਾਹ ਹੀ ਨਹੀਂ ਕੀਤੀ। ਇਸ ਤਰ੍ਹਾਂ ਦੇ ਕੇਸਿਜ਼ ਹਨ ਜਿਹੜੇ ਫੌਰੀ ਮੰਗ ਦੀ ਪੂਰਤੀ ਲਈ ਇਸ ਹਾਊਸ ਵਿਚ ਡਿਸਕਸ ਹੋਣੇ ਚਾਹੀਦੇ ਹਨ। ਅਲੈਕਸ਼ਨਾਂ ਯੂ. ਪੀ. ਦੀਆਂ ਹਨ ਪਰ ਪੰਜਾਬ ਦੇ ਹਿਤਾਂ ਨੂੰ ਕੁਰਬਾਨ ਕਰਕੇ ਇਹ ਹਾਊਸ ਬੰਦ ਕਰਕੇ ਜਾ ਰਹੇ ਹਨ, ਪੰਜਾਬ ਸਰਕਾਰ ਲਈ ਇਸ ਤਰ੍ਹਾਂ ਦਾ ਰਵੱਈਆ ਸ਼ੋਭਦਾ ਨਹੀਂ। ਇਸ ਲਈ ਮੈਂ ਇਸ ਐਡਜਰਨਮੈਂਟ ਮੋਸ਼ਨ ਦੀ ਵਿਰੋਧਤਾ ਕਰਦਾ ਹਾਂ। ਹਾਊਸ ਚਾਲੂ ਰਹਿਣਾ ਚਾਹੀਦਾ ਹੈ, ਅਤੇ ਜ਼ਰੂਰੀ ਮਸਲਿਆਂ ਤੇ ਬਹਿਸ ਹੋਣੀ ਚਾਹੀਦੀ ਹੈ ਬਜਾਏ ਇਸ ਦੇ ਕਿ ਅਜ ਹਾਊਸ ਨੂੰ ਐਡਜਰਨ ਕਰਕੇ 25 ਤਾਰੀਖ ਨੂੰ ਮੀਟ ਕੀਤਾ ਜਾਵੇ।

ਸਰਦਾਰ ਅਜਾਇਬ ਸਿੰਘ ਸੰਧੂ : (ਮੋਰਿੰਡਾ, ਐਸ. ਸੀ.) ਸਪੀਕਰ ਸਾਹਿਬ, ਮੈਂ ਇਸ ਮੋਸ਼ਨ ਦੀ ਮੁਖਾਲਫਤ ਕਰਦਾ ਹਾਂ। ਇਸ ਦਾ ਕਾਰਨ ਇਹ ਹੈ ਕਿ ਜੇ ਦੋ ਦਿਨ ਸੈਸ਼ਨ ਲਾ ਕੇ ਛੁੱਟੀਆਂ ਕਰਨੀਆਂ ਸਨ ਤਾਂ 25 ਤਾਰੀਖ ਤੋਂ ਹੀ ਸ਼ੁਰੂ ਕਰ ਲੈਂਦੇ ਐਡੀ ਕਾਹਲੀ ਕੀ ਸੀ। ਇਹ ਕੀ ਮੰਤਵ ਸੀ ਕਿ 18, 19 ਨੂੰ ਸੈਸ਼ਨ ਸ਼ੁਰੂ ਹੋਵੇ। ਸਰਕਾਰ ਨੂੰ ਇਹ ਟਾਈਮ ਵੇਸਟ ਨਹੀਂ ਕਰਨਾ ਚਾਹੀਦਾ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਸ ਸਰਕਾਰ ਨੂੰ ਜਨਤਾ ਦੀਆਂ ਤਕਲੀਫਾਂ ਦੀ ਕੋਈ ਪਰਵਾਹ ਨਹੀਂ ਅਤੇ ਇਹ ਮਨਮਾਨੀ ਕਰਨਾ ਚਾਹੁੰਦੇ ਹਨ। ਆਪ ਨੂੰ ਇਸ ਤਰ੍ਹਾਂ ਦੀ ਗੱਲ ਕਰਨ ਵਾਸਤੇ ਕੋਈ ਇਜਾਜ਼ਤ ਨਹੀਂ ਦੇਣੀ ਚਾਹੀਦੀ। ਪੰਜਾਬ ਦੀ ਇਹ ਹਾਲਤ ਹੈ ਕਿ ਵੇਖੀ ਨਹੀਂ ਜਾਂਦੀ। ਜਿਵੇਂ ਅਖਬਾਰਾਂ ਦੇ ਵਿਚ ਖਬਰਾਂ ਆ ਰਹੀਆਂ ਹਨ ਇਨ੍ਹਾਂ ਦੇ ਪਾਰਲੀਮੈਂਟਰੀ ਸੈਕਟਰੀ ਤੋਂ ਲੈ ਕੇ ਸਾਰੇ ਵਜ਼ੀਰ ਪਿਛਲੇ ਦੋ ਮਹੀਨਿਆਂ ਤੋਂ ਪੰਜਾਬ ਵਿਚ ਨਹੀਂ ਵੜੇ। ਜੋ ਕੁਝ ਯੂ.ਪੀ. ਵਿਚ ਹੋਣਾ ਹੈ ਉਹ ਤਾਂ ਉਥੇ ਦੇ ਲੋਕਾਂ ਨੇ ਫੈਸਲਾ ਕਰਨਾ ਹੈ ਉਨ੍ਹਾਂ ਨੇ ਪੰਜਾਬ ਵਾਲਿਆਂ ਨੂੰ ਪੁਛ ਕੇ ਤਾਂ ਨਹੀਂ ਕਰਨਾ। ਜੇ ਕੋਈ ਜਾਣਾ ਵੀ ਚਾਹੇ ਤਾਂ ਉਹ ਜਾ ਸਕਦਾ ਹੈ ਰੋਕ ਤਾਂ ਨਹੀਂ ਪਰ ਇਸ ਹਾਊਸ ਦਾ ਕੀਮਤੀ ਸਮਾਂ ਖਰਾਬ ਨਹੀਂ ਕਰਨਾ ਚਾਹੀਦਾ ਕਿਸੇ ਦੂਸਰੀ ਸਟੇਟ ਦੇ ਹਿੱਤਾਂ ਦੀ ਖਾਤਰ। ਇਹੋ ਨਹੀਂ ਇਨ੍ਹਾਂ ਨੇ ਸਾਡੀ ਬਿਜਲੀ, ਸਾਡੀ ਖਾਦ ਅਤੇ ਸਾਡਾ ਅਨਾਜ ਉਨ੍ਹਾਂ ਨੂੰ ਦੇ ਛੱਡਿਆ ਹੈ ਅਜੇ ਪਤਾ ਨਹੀਂ ਹੋਰ ਕੀ ਕੁਝ ਦੇਣਾ ਹੈ। ਜਿਹੜੇ ਇਨ੍ਹਾਂ ਦੇ ਖਿਲਾਫ ਗੱਲ ਕਰਦੇ ਹਨ ਉਨ੍ਹਾਂ ਨੂੰ ਜੇਲ੍ਹਾਂ ਵਿਚ ਡਕਦੇ ਹਨ, ਲਾਠੀ ਚਾਰਜ ਕਰਾਉਂਦੇ ਹਨ। 300 ਐਗਰੀਕਲਚਰ ਇਨਸਪੈਕਟਰ ਅਜ ਜੇਲ੍ਹ ਦੇ ਵਿਚ ਬੈਠਾ ਹੈ। ਗਰੀਬ ਇਨ੍ਹਾਂ ਤੋਂ ਤੰਗ, ਮੁਲਾਜ਼ਮ ਇਨ੍ਹਾਂ ਤੋਂ ਦੁਖੀ, ਇਨ੍ਹਾਂ ਨੇ ਸਾਰੀ ਕਣਕ ਇਧਰ ਉਧਰ ਕੱਢ ਮਾਰੀ। ਹੁਣ ਬੀਬੀ ਇੰਦਰਾ ਵਿਚਾਰੀ ਕਹਿੰਦੀ ਹੈ ਕਿ ਮੇਰੇ ਕੋਲ ਕਣਕ ਹੈ ਹੀ ਨਹੀਂ। ਇਨ੍ਹਾਂ ਨੂੰ ਹਿੰਦੁਸਤਾਨ ਦੀ ਜਨਤਾ ਨਾਲ ਧਕਾ ਨਹੀਂ ਕਰਨਾ ਚਾਹੀਦਾ ਅਤੇ ਇਸ ਤਰ੍ਹਾਂ ਹਾਊਸ ਮੁਲਤਵੀ ਕਰਨ ਦੀ ਇਨ੍ਹਾਂ ਨੂੰ ਗਲਤੀ ਹਰਗਿਜ਼ ਨਹੀਂ ਕਰਨੀ ਚਾਹੀਦੀ।

ਮਾਲ ਅਤੇ ਚੋਣ ਮੰਤਰੀ : (ਸਰਦਾਰ ਉਮਰਾਓ ਸਿੰਘ) ਸਪੀਕਰ ਸਾਹਿਬ ਮੈਂ ਤਾਂ ਇਤਨੀ ਹੀ ਅਰਜ਼ ਕਰਨੀ ਹੈ ਕਿ ਇਸ ਪੁਆਇੰਟ ਤੇ ਦੋ ਸਪੀਕਰ ਬੋਲੇ ਹਨ ਇਕ ਨੇ ਤਾਂ ਇਹ ਦਲੀਲ ਦਿੱਤੀ ਕਿ ਹਾਊਸ ਐਡਜਰਨ ਨਹੀਂ ਹੋਣਾ ਚਾਹੀਦਾ, ਦੂਸਰਾ ਇਹ ਕਹਿੰਦਾ ਹੈ ਕਿ ਸ਼ੁਰੂ ਹੀ 25 ਤਾਰੀਖ ਤੋਂ ਕਰ ਲੈਣਾ ਚਾਹੀਦਾ ਸੀ। ਇਨ੍ਹਾਂ ਨੂੰ ਮੈਂ ਕਹਾਂਗਾ ਕਿ ਜੇ ਕੋਈ ਗੱਲ ਕਰਨੀ ਹੋਵੇ ਤਾਂ

[ਮਾਲ ਅਤੇ ਚੋਣ ਮੰਤਰੀ]

ਇਨ੍ਹਾਂ ਨੂੰ ਆਪਸ ਵਿਚ ਮਿਲ ਕੇ ਹੀ ਕਰਨੀ ਚਾਹੀਦੀ ਹੈ। (ਹਾਸਾ) ਹਾਊਸ ਜਦੋਂ ਸਮਨ ਕੀਤਾ ਜਾਂਦਾ ਹੈ ਤਾਂ ਉਹ ਗਵਰਨਰ ਸਾਹਿਬ ਦੀ ਸਲਾਹ ਦੇ ਨਾਲ ਸਮਨ ਕੀਤਾ ਜਾਂਦਾ ਹੈ, ਇਸ ਤੋਂ ਬਾਅਦ ਜਦੋਂ ਵੀ ਕਦੇ ਐਡਜਰਨ ਕਰਨਾ ਹੋਵੇ ਤਾਂ ਮੈਂਬਰਜ਼ ਦੀ ਕਨਵੀਨੀਐਂਸ ਵੀ ਵੇਖੀ ਜਾਂਦੀ ਹੈ। ਬਹੁਤ ਸਾਰੇ ਮੈਂਬਰ ਸਾਹਿਬਾਨ ਨੇ ਰਿਪ੍ਰੈਜ਼ੈਂਟ ਕੀਤਾ ਹੈ ਕਿ ਅੱਜ ਐਡਜਰਨ ਕਰ ਦਿੱਤਾ ਜਾਵੇ। ਕਲ੍ਹ ਦੀ ਛੁੱਟੀ ਹੈ ਇਸ ਤੋਂ ਬਾਅਦ ਦੋ ਦਿਨ ਠਹਿਰ ਕੇ ਜੇ ਹੋ ਜਾਵੇ ਤਾਂ ਕੀ ਫਰਕ ਪੈ ਜਾਣਾ ਹੈ। ਅਜ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਹੋਣੀ ਹੈ, ਇਸ ਤਰ੍ਹਾਂ ਦੀਆਂ ਗੱਲਾਂ ਤਾਂ ਇਹ ਉਸ ਵਿਚ ਵੀ ਕਰ ਸਕਦੇ ਹਨ, ਇਹ ਆਪਣਾ ਘੁਬ-ਗੁਬਾਹਟ ਉਥੇ ਹੀ ਕਢ ਸਕਦੇ ਹਨ। ਯੂ.ਪੀ. ਦੀਆਂ ਅਲੈਕਸ਼ਨਾਂ ਵਿਚ ਸਾਡੀ ਪਾਰਟੀ ਦੇ ਕੈਂਡੀਡੇਟ ਹਨ ਉਥੇ ਤਾਂ ਬਾਦਲ ਸਾਹਿਬ ਵਰਗੇ ਮਹੀਨਾ ਮਹੀਨਾ ਲਾ ਆਏ ਹਨ, ਜਿਨ੍ਹਾਂ ਦੀ ਕੋਈ ਪਾਰਟੀ ਦਾ ਕੈਂਡੀਡੇਟ ਵੀ ਨਹੀਂ ਖੜਾ ਹੋਇਆ। ਇਸ ਲਈ 18 ਤਾਰੀਖ ਨੂੰ ਸੈਸ਼ਨ ਕਾਲ ਕਰਕੇ 25 ਤਾਰੀਖ ਨੂੰ ਪਹਿਲਾਂ ਹੀ ਪ੍ਰੋਗਰਾਮ ਵਿਚ ਪਾਇਆ ਗਿਆ ਤਾਂ ਜੋ ਕਿਸੇ ਨੂੰ ਯੂ.ਪੀ. ਜਾਣ ਵਿਚ ਇਨਕਨਵੀਨੀਐਂਸ ਨਾ ਹੋਵੇ। ਇਹੋ ਬਹੁਤ ਸਾਰੇ ਮੈਂਬਰਾਂ ਦੀ ਖਾਹਿਸ਼ ਸੀ। ਸੋ ਉਨ੍ਹਾਂ ਨੂੰ ਸਾਡਾ ਧੰਨਵਾਦੀ ਹੋਣਾ ਚਾਹੀਦਾ ਸੀ। ਮੇਰੀ ਗੁਜ਼ਾਰਿਸ਼ ਹੈ ਕਿ ਇਹ ਮੈਂਬਰਾਂ ਦੀ ਖਾਹਿਸ਼ ਹੈ (ਵਿਘਨ) ਇਹ ਹੋਣਾ ਚਾਹੀਦਾ ਹੈ।

Mr. Speaker : Question is—

That the Assembly at its rising this day shall adjourn to meet again at 2.00 P.M. on Monday, the 25th February, 1974.

The motion was carried.

DISCUSSION ON GOVERNOR'S ADDRESS

Mr. Speaker : Now the House will take up discussion on Governor's Address.

Chaudhri Darshan Singh (Nurmahal) : Sir, I beg to move—

That the Members of this House assembled in this Session are deeply grateful to the Governor for the Address which he has been pleased to deliver to the House on the 18th February, 1974.

ਆਵਾਜ਼ : ਝੋਲੀ ਚੁਕਣ ਨੂੰ ਤੈਨੂੰ ਅਗੇ ਰਖ ਲੈਂਦੇ ਹਨ ਅਤੇ ਹੋਰ ਕੰਮ ਲਈ ਹੋਰ ਅਗੇ ਆ ਜਾਂਦੇ ਹਨ (ਵਿਘਨ)।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਕੋਈ ਨਹੀਂ, ਮੈਨੂੰ ਝੋਲੀ ਚੁਕਣ ਤੇ ਇਤਰਾਜ਼ ਨਹੀਂ ਪਰ ਲੋਕਾਂ ਦੇ ਮੈਂ ਕਛੇ ਤਾਂ ਨਹੀਂ ਧੋਂਦਾ ਫਿਰਦਾ। (ਵਿਘਨ) ਸਪੀਕਰ ਸਾਹਿਬ, ਮੈਂ ਇਹ ਧੰਨਵਾਦ ਦਾ ਮਤਾ ਪੇਸ਼ ਕਰਦਾ ਹਾਂ।

10.52 a.m. (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਇਹ ਮਤਾ, ਡਿਪਟੀ ਸਪੀਕਰ ਸਾਹਿਬ, ਆਈਨ ਦੀ ਧਾਰਾ ਹੇਠ ਹਰ ਸੂਬੇ ਦੇ ਗਵਰਨਰ ਉਸ ਵੇਲੇ ਦੀ ਸਰਕਾਰ ਦੀ ਪਿਛਲੀ ਕਾਰਗੁਜ਼ਾਰੀ ਦੇ ਕਿੰਨੇ ਟੀਚੇ ਪੂਰੇ ਹੋਏ, ਕਿੰਨਿਆਂ ਟੀਚਿਆਂ ਵਿਚ ਕਮੀ ਰਹਿ ਗਈ, ਆਉਣ ਵਾਲੇ ਸਾਲ ਵਿਚ ਉਸ ਰਾਜ ਸਰਕਾਰ ਨੇ ਜਨਤਾ ਵਾਸਤੇ ਕੀ ਕਰਨਾ ਹੈ, ਇਹ ਮੁਖਤਸਰ ਜਿਹਾ ਇਸ ਗਵਰਨਰ ਐਡਰੈਸ ਵਿਚ ਕਹਿ ਦਿੰਦੇ ਹਨ। ਰਾਜਪਾਲ ਆਪਣੇ ਐਡਰੈ

ਵਿਚ ਦਸਿਆ ਕਿ ਲੋਕਾਂ ਦੀ ਸਰਕਾਰ ਨੇ ਪਿਛਲੇ ਗੁਜ਼ਰੇ ਹੋਏ ਸਾਲ ਵਿਚ ਕਿੰਨੇ ਟੀਚੇ ਪੂਰੇ ਕੀਤੇ ਅਤੇ ਆਉਣ ਵਾਲੇ ਸਾਲ ਵਿਚ ਲੋਕਾਂ ਵਾਸਤੇ, ਖੇਤੀ ਬਾੜੀ ਦੇ ਕੇਂਦਰ ਵਿਚ, ਇੰਡਸਟਰੀਜ਼ ਦੇ ਮੈਦਾਨ ਵਿਚ ਜਾਂ ਪੰਚਾਇਤੀ ਰਾਜ ਵਿਚ, ਵਿਦਿਆ ਦੇ ਖੇਤਰ ਵਿਚ ਤੇਸ ਸਰਕਾਰ ਨੇ ਕੀ ਕੁਝ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਪਰੰਪਰਾਵਾਂ ਤੁਰਦੀਆਂ ਆਉਂਦੀਆਂ ਹਨ। ਪਿਛੇ ਵੀ ਅਕਾਲੀ ਵੀਰਾਂ ਨੇ ਵੀ ਗਵਰਨਰ ਐਡਰੈਸ ਵਿਚ ਇੰਟਰਪਸ਼ਨਜ਼ ਕੀਤੀ ਸੀ, ਇਹ ਕੋਈ ਗੱਲ ਨਹੀਂ ਹੈ ਮੌਜੂਦਾ ਗਵਰਨਰ ਨੂੰ ਪਤਾ ਨਹੀਂ ਕਿਸ ਨੇ ਗੱਲ ਪੜ੍ਹਾਈ ਕਿ ਜੇ ਐਡਰੈਸ ਪੰਜਾਬੀ ਵਿਚ ਨਾ ਪੜ੍ਹਿਆ ਗਿਆ ਤਾਂ ਅਕਾਲੀ ਇਸ ਨੂੰ ਸੁਣਨ ਤੋਂ ਇਨਕਾਰ ਕਰ ਦੇਣਗੇ। ਇਸ ਲਈ ਸ਼ਾਰਟੈਸਟ ਪੀਰੀਅਡ ਵਿਚ ਗਵਰਨਰ ਸਾਹਿਬ ਨੇ ਪੰਜਾਬੀ ਸਿਖੀ ਔਰ ਪੰਜਾਬੀ ਵਿਚ ਐਡਰੈਸ ਬਣਵਾਇਆ ਅਤੇ ਇਸ ਨੂੰ ਪੜ੍ਹਨਾ ਸ਼ੁਰੂ ਕੀਤਾ। ਜਿਨ੍ਹਾਂ ਲੋਕਾਂ ਤੋਂ ਆਸ ਸੀ ਕਿ ਪੰਜਾਬੀ ਲਿਖਿਆ ਹੋਇਆ ਐਡਰੈਸ ਸੁਣਨਗੇ ਕਿਉਂਕਿ ਉਹ ਪੰਜਾਬੀ ਦੇ ਆਪਣੇ ਆਪ ਨੂੰ ਆਗੂ ਵੀ ਕਹਿੰਦੇ ਹਨ, ਉਹੀ ਲੋਕ ਰੌਲਾ ਰੱਪਾ ਪਾਕੇ ਹਾਊਸ ਵਿਚੋਂ ਵਾਕ ਆਊਟ ਕਰ ਗਏ। ਡਿਪਟੀ ਸਪੀਕਰ ਸਾਹਿਬ, ਇਹ ਦਰੁੱਸਤ ਹੈ ਕਿ 1973 ਦਾ ਸਾਲ ਬੜਾ ਸਟ੍ਰੇਨ ਔਰ ਮੁਸ਼ਕਲਾਤ ਦਾ ਸਾਲ ਸੀ। ਇਹ ਨਿਰਾ ਪੰਜਾਬ ਵਿਚ ਹੀ ਨਹੀਂ ਬਲਕਿ ਸਾਰੇ ਹਿੰਦੁਸਤਾਨ ਵਿਚ ਹੀ ਮੁਸ਼ਕਲਾਤ ਦਾ ਸਾਲ ਸੀ ਲੇਕਿਨ ਇਨ੍ਹਾਂ ਮੁਸ਼ਕਲਾਤ ਦੇ ਬਾਵਜੂਦ ਵੀ ਪੰਜਾਬ ਰਾਜ ਨੇ ਡਿਵੈਲਪਮੈਂਟ ਕੀਤੀ। ਇਥੇ ਇਕਾਨੌਮਿਕ ਡਿਵੈਲਪਮੈਂਟ ਉਭਰੀ ਹੈ ਅਤੇ ਜੋ ਕੁਝ ਇਸ ਸੂਬੇ ਵਾਸਤੇ ਕਰਨਾ ਚਾਹੀਦਾ ਸੀ ਉਹ ਕੀਤਾ। ਤੁਸੀਂ ਅੰਕੜਿਆਂ ਵਲ ਜੇ ਧਿਆਨ ਮਾਰੋ ਤਾਂ ਪਤਾ ਲਗੇਗਾ ਕਿ ਚੌਥੀ ਪੰਜ-ਸਾਲਾ ਯੋਜਨਾ, ਜੋ ਅਖੀਰੀ ਸਾਲ ਵਿਚ ਜਾ ਰਹੀ ਹੈ, ਇਸ ਵਿੱਚ 293 ਕਰੋੜ ਰੁਪਏ ਪੰਜਾਬ ਦੇ ਹਿੱਸੇ ਆਉਂਦੇ ਸੀ ਪਰ ਆਏ ਕਿੰਨੇ 425 ਕਰੋੜ ਰੁਪਏ। ਪੰਜਾਬ ਨੇ ਐਨੀ ਰਕਮ ਆਪਣੇ ਰਿਸੋਰਸਿਜ਼ ਤੋਂ ਇਕੱਠੀ ਕਰਕੇ ਖਰਚ ਕੀਤੀ। ਹੁਣ ਪੰਜ-ਸਾਲਾ ਯੋਜਨਾ ਦਾ ਨਵਾਂ ਸਾਲ ਸ਼ੁਰੂ ਹੋਣਾ ਹੈ। ਇਹ ਪੰਜ-ਸਾਲਾ ਯੋਜਨਾ ਦੇ ਪਹਿਲੇ ਸਾਲ ਦੀ ਰਕਮ 119 ਕਰੋੜ ਰੁਪਏ ਤੋਂ ਵਧਾ ਕੇ 126.58 ਕਰੋੜ ਰੁਪਏ ਹੋ ਗਈ ਹੈ। ਪੰਜਾਬ ਸਰਕਾਰ ਨੇ ਕੋਈ ਟੈਕਸ ਨਹੀਂ ਲਗਾਏ ਹਨ। ਪੰਜਾਬ ਸਰਕਾਰ ਨੇ ਆਪਣੇ ਰਿਸੋਰਸਿਜ਼ ਨੂੰ ਮੋਬੇਲਾਈਜ਼ ਕਰਕੇ ਇਸ ਨੂੰ ਵਧਾ ਕੇ 126 ਕਰੋੜ ਕਰ ਦਿੱਤਾ ਹੈ। ਇਸ ਤਰ੍ਹਾਂ ਕਰਕੇ ਇਸ ਵਿਚ ਸਾਢੇ ਸਤ ਕਰੋੜ ਦਾ ਵਾਧਾ ਹੋਇਆ ਹੈ। ਇਹ ਰਕਮ ਵਧ ਜਾਣੀ ਅਤੇ ਕੋਈ ਟੈਕਸਿਜ਼ ਨਾ ਲਾਉਣੇ, ਇਹ ਬੜੀ ਖੁਸ਼ੀ ਦੀ ਗੱਲ ਹੈ। ਪੰਜਾਬ ਸਰਕਾਰ ਨੇ ਆਉਣ ਵਾਲੇ ਸਾਲ ਵਿਚ 69.40 ਕਰੋੜ ਰੁਪਏ ਮਤਲਬ 50 ਫੀ ਸਦੀ ਹਿੱਸਾ ਸਾਰੇ ਖਰਚ ਦਾ ਇਰੀਗੇਸ਼ਨ ਅਤੇ ਪਾਵਰ ਤੇ ਖਰਚ ਕਰਨ ਵਾਸਤੇ ਰਖਿਆ ਹੈ। ਇਹ ਦੋਵੇਂ ਗੱਲਾਂ ਹੀ ਸੂਬੇ ਦੀ ਤਰੱਕੀ ਲਈ ਬੜੇ ਅਹਿਮ ਸ਼ੋਭੇ ਹਨ। ਇਨ੍ਹਾਂ ਦੋਵਾਂ ਬਗੈਰ ਨਾ ਸੂਬੇ ਦੀ ਇੰਡਸਟਰੀ ਚਲ ਸਕਦੀ ਹੈ ਅਤੇ ਨਾ ਹੀ ਖੇਤੀ ਬਾੜੀ ਵਿਚ ਸਫਲਤਾ ਹਾਸਲ ਕਰ ਸਕਦੇ ਹਾਂ। ਉਸ ਤੋਂ ਬਾਅਦ 26.91 ਕਰੋੜ ਰੁਪਏ ਸੈਕਿੰਡ ਪ੍ਰੈਫਰੈਂਸ ਹਰੀਜਨਾਂ ਦੀ ਵੈਲਫੇਅਰ ਵਾਸਤੇ ਰਖੇ ਹਨ। ਪਛੜੇ ਇਲਾਕੇ ਨੂੰ ਪਾਣੀ ਦੇ ਸਾਧਨ ਪਹੁੰਚਾਉਣ ਵਾਸਤੇ, ਐਜੂਕੇਸ਼ਨ, ਖੇਤੀ ਬਾੜੀ ਵਾਸਤੇ ਤਕਰੀਬਨ 14 ਕਰੋੜ ਰੁਪਏ ਪੰਜ-ਸਾਲਾ ਯੋਜਨਾ ਦੇ ਪਹਿਲੇ ਸਾਲ ਵਿਚ ਪ੍ਰੋਵਾਈਡ ਕੀਤੇ ਗਏ ਹਨ। ਇੱਕ ਗੱਲ ਮੈਂ ਇਥੇ ਗਿਆਨੀ ਜੀ ਅਤੇ ਸ਼ਰਮਾ ਜੀ ਨੂੰ ਕਹਿਣੀ ਚਾਹੁੰਦਾ ਹਾਂ ਇਹ ਠੀਕ ਹੈ ਕਿ ਤਕਰੀਬਨ 624 ਕਰੋੜ ਰੁਪਏ ਤੁਸੀਂ ਪੰਜ ਸਾਲਾਂ ਵਿਚ ਖਰਚਣੇ ਹਨ। ਇਹ ਠੀਕ ਹੈ ਕਿ ਇਸ ਲਈ ਕੁਝ ਨਾ ਕੁਝ ਰਿਸੋਰਸਿਜ਼ ਮੋਬੇਲਾਈਜ਼ ਕਰੋਗੇ, ਬੱਚਤਾਂ ਕਰੋਗੇ ਲੇਕਿਨ ਐਡੀ ਵੱਡੀ ਰਕਮ ਪੰਜਾਬ ਦੀ ਜਨਤਾ ਵਾਸਤੇ ਬਰਦਾਸ਼ਤ ਕਰਨੀ ਸੌਖੀ ਨਹੀਂ ਹੈ। ਪੰਜਾਬ ਦੀ ਜਨਤਾ ਚਾਹੁੰਦੀ ਹੈ ਕਿ ਇਥੇ ਡਿਵੈਲਪਮੈਂਟ ਹੋਵੇ ਲੇਕਿਨ ਇਥੇ ਦਾ ਕਿਸਾਨ ਅਤੇ ਹੋਰ ਗਰੀਬ ਵਰਗ ਹੋਰ ਟੈਕਸਿਜ਼ ਦਾ ਬੋਝ ਬਰਦਾਸ਼ਤ ਨਹੀਂ ਕਰ ਸਕਦੇ। ਮੈਂ ਕਹਿਣਾ ਚਾਹੁੰਦਾ ਹਾਂ ਕਿ ਸੈਂਟਰ ਵਾਲੇ ਜੋ ਇਨਕਮ ਟੈਕਸ ਰਾਹੀਂ ਇਥੋਂ ਕਰੋੜਾਂ ਰੁਪਏ ਲੈ ਕੇ ਜਾਂਦੇ ਹਨ ਉਨ੍ਹਾਂ ਤੋਂ ਸਾਨੂੰ

[ਚੌਧਰੀ ਦਰਸ਼ਨ ਸਿੰਘ]

ਰਕਮ ਲੈਣੀ ਚਾਹੀਦੀ ਹੈ। ਸੈਂਟਰ ਵਾਲਿਆਂ ਨੂੰ ਦਸਣਾ ਚਾਹੀਦਾ ਹੈ ਕਿ ਪੰਜਾਬ ਸਾਰੇ ਦੇਸ਼ ਨੂੰ ਅੰਨ ਪੈਦਾ ਕਰਕੇ ਦਿੰਦਾ ਹੈ, ਦੇਸ਼ ਦੀ ਸਰਹੱਦਾਂ ਦੀ ਰਖਿਆ ਕਰਦਾ ਹੈ, ਬਾਰਡਰ ਤੇ ਆਪਣੇ ਜਵਾਨਾਂ ਨੂੰ ਭੇਜਦਾ ਹੈ। ਇਸ ਸਟੇਟ ਤੇ ਇਕ ਦਫਾ ਨਹੀਂ ਬਲਕਿ ਦੋ ਦਫਾ ਵਾਰ ਨੇ ਆਪਣੇ ਤਾਸਰਾਤ ਛੱਡੇ ਹਨ। ਸੈਂਟਰ ਨੇ ਪੀ.ਐਲ. 480 ਥਲੇ ਹਾਲੇ ਕਲ ਹੀ ਸਾਈਨ ਕੀਤੇ ਹਨ।

ਪੀ.ਐਲ. 480 ਵਿਚ ਕੰਟਰੀਬਿਊਟ ਕੌਣ ਕਰਦਾ ਹੈ ? ਉਸ ਵਿਚ ਸਾਡੀ ਸਟੇਟ ਕੰਟਰੀਬਿਊਟ ਕਰਦੀ ਹੈ। ਨੈਸ਼ਨਲ ਪੂਲ ਵਿਚ 60% ਹਿੱਸਾ ਕੌਣ ਪਾਉਂਦਾ ਹੈ, ਉਸ ਵਿਚ ਪੰਜਾਬ ਹਿੱਸਾ ਪਾਉਂਦਾ ਹੈ। 17 ਕਰੋੜ ਰੁਪਿਆ ਜਿਹੜਾ ਪੀ.ਐਲ. 480 ਦੇ ਅਧੀਨ ਸੈਂਟਰ ਨੇ ਯੂ.ਐਸ.ਏ. ਕੋਲੋਂ ਲਿਆ ਹੈ, ਉਸ ਨੂੰ ਵੱਖ ਵੱਖ ਮੱਦਾਂ ਤੇ ਖਰਚ ਕਰਨਾ ਹੈ । (ਵਿਘਨ) ਮੈਂ ਗਿਆਨੀ ਜੀ ਨੂੰ ਅਤੇ ਸ਼ਰਮਾ ਜੀ ਨੂੰ ਬੇਨਤੀ ਕਰਾਂਗਾ ਕਿ ਆਉਣ ਵਾਲੀ ਯੋਜਨਾ ਨੂੰ ਪੂਰੀ ਤਰ੍ਹਾਂ ਕਾਮਯਾਬ ਬਣਾਇਆ ਜਾਵੇ। ਇਸ ਦੇ ਲਈ ਇਹ ਵੀ ਜ਼ਰੂਰੀ ਹੈ ਇਹ ਜਿਹੜੀ ਸੇਲਜ਼ ਟੈਕਸ ਦੀ ਚੋਰੀ ਹੈ ਇਸ ਨੂੰ ਰੋਕਣਾ ਪਵੇਗਾ। ਲੱਖਾਂ ਕਰੋੜਾਂ ਰੁਪਏ ਦੀ ਸੇਲਜ਼ ਟੈਕਸ ਰਾਹੀਂ ਚੋਰੀ ਹੁੰਦੀ ਹੈ। ਇਸ ਨੂੰ ਕਰਿਮੀਨਲ ਓਫੈਂਸ ਬਣਾਇਆ ਜਾਵੇ ਅਤੇ ਉਨ੍ਹਾਂ ਨੂੰ ਐਗਜ਼ੈਪਲਰੀ ਪਨਿਸ਼ਮੈਂਟਸ ਦਿਉ। The trader is at liberty not to give the sales-tax return to the Department before three months under the Act. 3 ਮਹੀਨੇ ਪਹਿਲਾਂ ਅਤੇ 3 ਮਹੀਨੇ ਬਾਅਦ ਫਿਰ ਉਹ ਰਿਟਰਨ ਦੇ ਸਕਦਾ ਹੈ। ਲੱਖਾਂ ਰੁਪਏ ਇਸਤੇਮਾਲ ਕਰਨ ਦੇ ਬਾਵਜੂਦ ਵੀ ਉਹ ਪੈਸਾ ਰਿਟਰਨ ਨਹੀਂ ਕਰਦਾ ਹੈ ? (ਵਿਘਨ)

11.00 a.m.

ਮੈਂ ਗਿਆਨੀ ਜੀ ਨੂੰ ਅਤੇ ਸ਼ਰਮਾ ਜੀ ਨੂੰ ਅਰਜ਼ ਕਰਾਂਗਾ ਕਿ ਆਪਣੇ ਰਿਸੋਰਸਿਜ਼ ਨੂੰ ਮੋਬੇ-ਲਾਈਜ਼ ਕਰਨ ਵਾਸਤੇ ਤੁਸੀਂ ਇਹ ਜਿਹੜਾ ਇੰਟਰਟੇਨਮੈਂਟ ਟੈਕਸ ਮੁਆਫ ਕਰਦੇ ਰਹੋ, ਇਹ ਮੁਆਫ ਨਾ ਕਰੋ। ਕਿਸੇ ਵੀ ਫਿਲਮ ਦਾ ਇੰਟਰਟੇਨਮੈਂਟ ਟੈਕਸ ਮੁਆਫ ਨਾ ਕਰੋ। ਇਹ ਵੱਡੇ ਵੱਡੇ ਸਰਮਾਇਦਾਰਾਂ ਦੀਆਂ ਜੇਬਾਂ ਵਿਚ ਜਾਂਦਾ ਹੈ। (ਵਿਘਨ) 63% of the total amount which comes to crores sometimes (ਵਿਘਨ) ਜਿਸ ਤਰ੍ਹਾਂ ਕੱਲ ਇਕ ਸਵਾਲ ਵੀ ਆਇਆ ਸੀ ਕਿ ਸੋਸ਼ਲ ਵਰਕਰਾਂ ਨੂੰ ਪਲਾਟ ਦਿੱਤੇ ਗਏ ਹਨ ਸੋਸ਼ਲ ਵਰਕਰ ਮੇਰਾ ਰਿਸ਼ਤੇਦਾਰ ਵੀ ਹੋ ਸਕਦਾ ਹੈ, ਸੋਸ਼ਲ ਵਰਕਰ ਮੇਰਾ ਦੋਸਤ ਵੀ ਹੋ ਸਕਦਾ ਹੈ। ਇਸ ਲਈ ਇਹ ਜਿਹੜਾ ਤੁਸੀਂ ਕਰਾਈਟੇਰੀਆ ਬਣਾਇਆ ਹੈ ਕਿ ਇਹ ਫਿਲਮ ਕਲਚਰਲਡ ਹੈ ਜਾਂ ਐਜੂਕੇਟਿਵ ਹੈ ਅਤੇ ਜਾਂ ਇਹ ਸਮਾਜ ਦੇ ਸੁਧਾਰ ਵਾਸਤੇ ਫਿਲਮ ਹੈ ਅਤੇ ਇਸ ਤਰ੍ਹਾਂ ਕਹਿਕੇ ਉਨ੍ਹਾਂ ਦਾ ਇੰਟਰਟੇਨਮੈਂਟ ਟੈਕਸ ਮੁਆਫ ਕਰ ਦਿੰਦੇ ਹੋ, ਇਸ ਤਰ੍ਹਾਂ ਉਹ ਮੁਆਫ ਨਹੀਂ ਕਰਨਾ ਚਾਹੀਦਾ। ਇਹ ਟੈਕਸ ਮੁਆਫ ਕਰਨਾ ਬੰਦ ਕਰ ਦਿਉ।

ਸਰਦਾਰ ਦਰਬਾਰਾ ਸਿੰਘ : ਕੀ ਇਹ ਤੁਸੀਂ ਧੰਨਵਾਦ ਦਾ ਮਤਾ ਪੇਸ਼ ਕਰ ਰਹੇ ਹੋ ?

ਚੌਧਰੀ ਦਰਸ਼ਨ ਸਿੰਘ: ਇਹ ਕੰਸਟਰੱਕਟਿਵ ਸੁਜੈਸ਼ਨਜ਼ ਹਨ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਆਉਣ ਵਾਲੀ ਪੰਜ ਸਾਲਾ ਯੋਜਨਾ ਵਿਚ 624 ਕਰੋੜ ਰੁਪਿਆ ਪੰਜਾਬ ਦੇ ਹਿੱਸੇ ਵਿਚ ਆਉਣਾ ਹੈ। (ਵਿਘਨ) 624 ਕਰੋੜ ਦੇ ਅੰਕੜੇ ਮੈਂ ਠੀਕ ਹੀ ਦਿੱਤੇ ਹਨ। 624 ਕਰੋੜ 75 ਲੱਖ ਰੁਪਿਆ ਪੰਜਾਬ ਦਾ ਹਿੱਸਾ ਸੀ ਅਗਲੀ ਪੰਜ ਸਾਲਾ ਪਲਾਨ ਵਿਚ ਪਰ ਪੰਜਾਬ ਸਰਕਾਰ ਦਾ ਐਸਟੀਮੇਟ 477 ਕਰੋੜ 26 ਲੱਖ ਰੁਪਏ ਦਾ ਸੀ। ਇਸ ਤਰ੍ਹਾਂ 167 ਕਰੋੜ 49 ਲੱਖ ਰੁਪਿਆ ਇਨ੍ਹਾਂ ਤੇ ਹੋਰ ਭਾਰ ਪੈ ਗਿਆ ਹੈ। You are to meet this

expenditure within five years. You are to mobilize the resources. ਇਸ ਲਈ ਤੁਸੀਂ ਚੈਕ ਅੱਪ ਕਰੋ ਅਤੇ ਇਹ ਜਿਹੜੀ ਸੇਲਜ਼ ਟੈਕਸ ਦੀ ਚੋਰੀ ਹੈ ਇਸ ਨੂੰ ਰੋਕਿਆ ਜਾਵੇ। ਤੁਹਾਨੂੰ ਆਪਣੇ ਰਿਸੋਰਸਿਜ਼ ਇਕੱਠੇ ਕਰਨੇ ਪੈਣਗੇ। ਇਹ ਜਿਹੜੀ ਅਨਾਜ ਦੇ ਭੰਡਾਰ ਦੀ ਗੱਲ ਹੈ, ਪੀ.ਐਲ. 480 ਦੇ ਅਧੀਨ ਯੂ.ਐਸ.ਏ. ਨੇ ਕਿਹਾ ਹੈ ਕਿ ਅਸੀਂ ਹੋਰ ਇਮਦਾਦ ਨਹੀਂ ਦੇਣੀ। (ਵਿਘਨ) ਅਸੀਂ ਰਸ਼ੀਆ ਕੋਲੋਂ 20 ਲੱਖ ਟਨ ਮੰਗਿਆ ਹੈ ਅਤੇ 40 ਲੱਖ ਟਨ ਅਮਰੀਕਾ ਦੇ ਚੁੱਕਾ ਹੈ। ਅਸੀਂ ਨੈਸ਼ਨਲ ਪੂਲ ਦੇ ਵਿਚ ਤਕਰੀਬਨ 60% ਹਿੱਸਾ ਕੰਟਰੀਬਿਊਟ ਕਰਦੇ ਹਾਂ ਧਾਨ ਅਤੇ ਹੋਰ ਫੂਡਗਰੇਨਜ਼ ਦੇ ਮਾਮਲੇ ਆਦਿ ਵਿਚ। ਬਾਹਰੋਂ ਜਿਹੜੀ ਅਮਰੀਕਾ ਤੋਂ ਇਮਦਾਦ ਆਉਂਦੀ ਸੀ ਉਸ ਨੂੰ ਰੋਕਣ ਵਾਸਤੇ ਤੁਸੀਂ ਕੋਸ਼ਿਸ਼ ਕੀਤੀ ਹੈ। ਧਾਨ ਦਾ ਭਾਅ ਵਧਾਇਆ ਹੈ ਅਤੇ ਇਹ ਭਾਅ 53 ਰੁਪਏ ਤੋਂ 70 ਰੁਪਏ ਕੀਤਾ ਹੈ। ਇਸ ਦਾ ਕਰੈਡਿਟ ਪੰਜਾਬ ਗੌਰਮਿੰਟ ਨੂੰ ਜਾਂਦਾ ਹੈ। (ਤਾੜੀਆਂ)

ਗਿਆਨੀ ਅਰਜਨ ਸਿੰਘ ਲਿੱਟ : ਪਰ ਇਸ ਦਾ ਖਰਚਾ ਕਿੰਨਾਂ ਵਧਿਆ ਹੈ ?

ਚੌਧਰੀ ਦਰਸ਼ਨ ਸਿੰਘ : ਜਿਹੜੇ ਸਰਕਾਰ ਨੇ ਚੰਗੇ ਕੰਮ ਕੀਤੇ ਹਨ ਉਨ੍ਹਾਂ ਦੀ ਪਰਸ਼ੰਸਾ ਕਰਨੀ ਚਾਹੀਦੀ ਹੈ। 14 ਕਰੋੜ ਰੁਪਿਆ ਬੋਨਸ ਦੀ ਸ਼ਕਲ ਵਿਚ ਪੰਜਾਬ ਦੇ ਜ਼ਿਮੀਂਦਾਰਾਂ ਨੂੰ ਦਿੱਤਾ ਹੈ, ਤੁਸੀਂ ਕਹਿੰਦੇ ਹੋ ਕਿ ਕੁਝ ਨਹੀਂ ਕੀਤਾ। (ਵਿਘਨ) ਤੁਸੀਂ ਕਹਿੰਦੇ ਹੋ ਕਿ ਥੋੜ੍ਹਾ ਲੈ ਕੇ ਦਿੱਤਾ ਹੈ।

Mr. Deputy Speaker: Chaudhri Sahib, please address the Chair.

ਚੌਧਰੀ ਦਰਸ਼ਨ ਸਿੰਘ : I shall address the House through the Chair. ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਹਾਊਸ ਨੂੰ ਕਹਿਣਾ ਚਾਹੁੰਦਾ ਹਾਂ ਕਿ 14 ਕਰੋੜ ਰੁਪਿਆ ਬੋਨਸ ਦੀ ਸ਼ਕਲ ਵਿਚ ਇਸ ਗਿਆਨੀ ਜੀ ਦੀ ਸਰਕਾਰ ਨੇ ਸੈਂਟਰ ਦੀ ਸਰਕਾਰ ਕੋਲੋਂ ਲੈਕੇ ਦਿੱਤਾ ਹੈ। 53 ਰੁਪਏ ਤੋਂ 70 ਰੁਪਏ ਧਾਨ ਦੀ ਕੀਮਤ ਵਧਾਈ ਹੈ ਅਤੇ ਗੰਦਮ ਦੀ ਕੀਮਤ 76 ਰੁਪਏ ਤੋਂ 85 ਰੁਪਏ ਕਰ ਚੁੱਕੇ ਹਾਂ। (ਵਿਘਨ) ਗੰਦਮ ਦਾ ਭਾਅ 76 ਰੁਪਏ ਤੋਂ 85 ਰੁਪਏ ਕੀਤਾ, ਇਹ ਇਨ੍ਹਾਂ ਨੇ ਹੀ ਜ਼ੋਰ ਲਾਕੇ ਕਰਵਾਇਆ ਸੀ ਪਰ ਉਸ ਦੇ ਵਿਚ ਕੁਝ ਖਾਮੀ ਰਹਿ ਗਈ।

There is a reason behind it because the rice growing States are nine in number. There are only three wheat growing States, that is, Haryana, part of Rajasthan and part of U.P. and Punjab.

ਸਰਦਾਰ ਰਣਧੀਰ ਸਿੰਘ ਚੀਮਾ : 85 ਰੁਪਏ ਭਾਅ ਕਰਨ ਨਾਲ ਤੁਹਾਨੂੰ ਫਿਰ ਕਿਸੇ ਨੇ ਕਣਕ ਨਹੀਂ ਦੇਣੀ।

Mr. Deputy Speaker: No interruption please.

ਚੌਧਰੀ ਦਰਸ਼ਨ ਸਿੰਘ : ਮੈਂ ਕਹਾਂਗਾ ਕਿ ਕਣਕ ਦੀ ਪਰਾਈਸ ਇਨ ਐਡਵਾਂਸ ਅਨਾਊਂਸ ਹੋਣੀ ਚਾਹੀਦੀ ਹੈ ਤਾਂਕਿ ਜ਼ਿਮੀਂਦਾਰ ਦੇਖੇ ਕਿ ਮੈਨੂੰ ਇਸ ਦੇ ਵਿਚੋਂ ਐਨੀ ਪੈਦਾਵਾਰ ਮਿਲੇਗੀ ਅਤੇ ਮੈਨੂੰ ਐਨਾ ਪੈਸਾ ਆਵੇਗਾ।

Sardar Randhir Singh Cheema : ** **

Mr. Deputy Speaker : This should not be recorded. This is not tolerable. I would request the Leader of the Opposition to check his Members.

**Not recorded as ordered by the Chair.

ਚੌਧਰੀ ਦਰਸ਼ਨ ਸਿੰਘ : ਤੁਸੀਂ ਪਤਾ ਨਹੀਂ ਕਿਥੇ ਕਿਥੇ ਦੌੜੇ। (ਵਿਘਨ) ਇਹ ਦੌੜਨ ਵਾਲੇ ਪਾਸੇ ਨਾ ਜਾਣ ਅਤੇ ਜੁਆਇੰਟਲੀ ਐਫਰਟਸ ਕਰਨੀਆਂ ਚਾਹੀਦੀਆਂ ਹਨ। (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਸਿੱਧਾ 125 ਰੁਪਏ ਭਾਅ ਕਿਉਂ ਨਹੀਂ ਕਰ ਦਿੰਦੇ। (ਵਿਘਨ)

Mr. Deputy Speaker : I will have to ask the Member to withdraw from the House, in case he interferes in future.

ਚੌਧਰੀ ਦਰਸ਼ਨ ਸਿੰਘ : ਇਹ ਭਾਅ ਅਸੀਂ ਮੁੱਕਰਰ ਨਹੀਂ ਕਰਨਾ ਇਹ ਤਾਂ ਸੈਂਟਰ ਨੇ ਜਿਹੜਾ ਪਰਾਈਸ ਕਮਿਸ਼ਨ ਬਣਾਇਆ ਹੈ ਉਸ ਨੇ ਮੁੱਕਰਰ ਕਰਨਾ ਹੈ। (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ** ** ** (ਵਿਘਨ)

Mr. Deputy Speaker: This is no point of order. This should not form part of the record.

ਸਰਦਾਰ ਰਣਧੀਰ ਸਿੰਘ ਚੀਮਾ : ** ** **

ਸ੍ਰੀ ਡਿਪਟੀ ਸਪੀਕਰ : ਇਹ ਪਰੋਸੀਡਿੰਗਜ਼ ਦਾ ਹਿੱਸਾ ਨਾ ਬਣੇ। ਜਦ ਤੁਹਾਡੀ ਵਾਰੀ ਆਵੇਗੀ ਤਾਂ ਤੁਹਾਨੂੰ ਟਾਈਮ ਮਿਲੇਗਾ। (It should not form part of the proceedings. You will get the time at your turn.)

Chaudhri Darshan Singh : This is the problem of 55 crore people. ** ** ** ** ** **

Mr. Deputy Speaker : No personal remarks. This should not be recorded.

ਚੌਧਰੀ ਦਰਸ਼ਨ ਸਿੰਘ : ਪਰਾਈਸ ਕਮਿਸ਼ਨ ਨੇ ਇਸ ਦਾ ਭਾਅ ਮੁਕੱਰਰ ਕਰਨਾ ਹੈ। ਸਾਰਾ ਹਾਊਸ ਰਲ ਕੇ ਸੀ. ਐਮ. ਸਾਹਿਬ ਦੇ ਹੱਥ ਮਜ਼ਬੂਤ ਕਰੋ। ਸਾਨੂੰ ਪਰਾਈਸ ਕਮਿਸ਼ਨ ਕੋਲੋਂ ਮੰਗ ਕਰਨੀ ਚਾਹੀਦੀ ਹੈ ਕਿ ਆਉਣ ਵਾਲੀ ਫਸਲ ਵਾਸਤੇ ਇਸ ਦਾ ਭਾਅ ਘੱਟੋ ਘੱਟ 105 ਰੁਪਏ ਫਿਕਸ ਕੀਤਾ ਜਾਵੇ (ਤਾੜੀਆਂ) ਇਸ ਦੇ ਨਾਲ ਹੀ ਸਾਨੂੰ ਕਨਜ਼ਿਊਮਰ ਦਾ ਵੀ ਖਿਆਲ ਕਰਨਾ ਪਵੇਗਾ। (ਵਿਘਨ)

Mr. Deputy Speaker: Please address the Chair.

ਚੌਧਰੀ ਦਰਸ਼ਨ ਸਿੰਘ : ਮੈਂ ਸੀ.ਐਮ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਹ ਪੰਜਾਬ ਦੇ ਕਿਸਾਨ ਦੀਆਂ ਲੋੜਾਂ ਦਾ ਖਿਆਲ ਰੱਖਣ। ਅੱਜ ਪੰਜਾਬ ਦਾ ਕਿਸਾਨ ਯੂਰੀਆ ਖਾਦ ਲੈਣ ਵਾਸਤੇ ਬੜੀਆਂ ਐਫਰਟਸ ਕਰ ਰਿਹਾ ਹੈ। ਉਹ ਕੋਸ਼ਿਸ਼ ਕਰ ਰਿਹਾ ਹੈ ਕਿ ਕਿਤਿਉਂ ਮੈਨੂੰ ਇਹ ਖਾਦ ਮਿਲ ਜਾਵੇ ਤਾਂ ਕਿ ਮੈਂ ਆਪਣੀ ਫਸਲ ਨੂੰ ਪਾਵਾਂ ਅਤੇ ਆਪਣੀ ਪੈਦਾਵਾਰ ਵਧਾਵਾਂ। ਇਹ ਮੇਰੇ ਦੋਸਤ ਜਾਣਦੇ ਹਨ ਕਿ ਉਹ ਖਾਦ ਵਾਸਤੇ ਕਿੰਨੀ ਕੋਸ਼ਿਸ਼ ਕਰ ਰਿਹਾ ਹੈ। ਪੰਜਾਬ ਦਾ ਕਿਸਾਨ ਡਰੱਮ ਲੈ ਕੇ ਪਟਰੋਲ ਪੰਪਾਂ ਤੇ ਡੀਜ਼ਲ ਆਪਣੇ ਟਰੈਕਟਰ ਅਤੇ ਇੰਜਣ ਵਾਸਤੇ ਲੈਣ ਲਈ ਕਿਸ ਤਰ੍ਹਾਂ ਚੱਕਰ ਮਾਰਦਾ ਹੈ। ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਉਹ ਇਸ ਦਾ ਜ਼ਰੂਰ ਇੰਤਜ਼ਾਮ ਕਰਨ। ਜਿਸ ਵੇਲੇ ਪਿਛੇ ਜਿਹੇ ਇਕ ਸੀ.ਐਮਜ਼. ਦੀ ਮੀਟਿੰਗ ਹੋਈ ਸੀ ਤਾਂ ਉਥੇ ਸਾਡੇ ਐਗਰੀਕਲਚਰ

**Expunged/Not recorded as ordered by the Chair.

ਮਨਿਸਟਰ ਸਾਹਿਬ ਨੇ ਇਨ੍ਹਾਂ ਨੂੰ (ਸੀ.ਐਮ.) ਨੂੰ ਆਪਣੀ ਜੱਫੀ ਵਿਚ ਲਿਆ ਸੀ ਅਤੇ 53 ਕਰੋੜ ਲੋਕਾਂ ਵਲੋਂ ਵਧਾਈ ਦਿੱਤੀ ਸੀ। ਉਹ ਵਧਾਈ ਸੀ.ਐਮ. ਨੂੰ ਹੀ ਨਹੀਂ ਸੀ ਬਲਕਿ ਪੰਜਾਬ ਦੇ ਕਿਸਾਨ ਨੂੰ ਦਿੱਤੀ ਸੀ ਜਿਸ ਨੇ ਚੰਗਾ ਕੰਮ ਕਰਕੇ ਐਨਾ ਅਨਾਜ਼ ਪੈਦਾ ਕੀਤਾ ਹੈ ਅਤੇ ਪੂਲ ਦੇ ਵਿਚ ਭੇਜਿਆ। ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਜਿਥੇ ਸੈਂਟਰ ਦੇ ਆਗੂ ਤੁਹਾਨੂੰ ਜਫੀਆਂ ਪਾਉਂਦੇ ਹਨ ਉਥੇ ਤੁਸੀਂ ਵੀ ਉਨ੍ਹਾਂ ਨੂੰ ਐਤਕੀਂ ਜਫਾ ਪਾ ਲਉ ਅਤੇ ਕਣਕ ਦੀ ਕੀਮਤ ਐਤਕੀ ਵਧਾ ਕੇ ਮੁੜਿਉ । (ਵਿਘਨ)

ਦੂਸਰੀ ਅਰਜ਼, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਰਨਾ ਚਾਹੁੰਦਾ ਹਾਂ ਕਿ ਇਹ ਸਰਕਾਰ ਇਸ ਗੱਲ ਲਈ ਵੀ ਵਧਾਈ ਦੀ ਪਾਤਰ ਹੈ ਕਿ ਇੰਡਸਟਰੀਜ਼ ਵਲ ਇਸ ਸਰਕਾਰ ਨੇ ਬਹੁਤ ਧਿਆਨ ਦਿੱਤਾ ਹੈ । 1967 ਤੋਂ ਲੈ ਕੇ 1971 ਤੱਕ ਜੋ ਇਹ ਮੇਰੇ ਵੀਰ ਹੁਣ ਮਰਜ਼ੀ ਪਏ ਕਹਿਣ ਜੇ ਇੰਡਸਟਰੀਜ਼ ਦੇ ਅੰਕੜੇ ਦੇਖੀਏ ਤਾਂ There is no development on Industrial side since 1967. ਪਹਿਲਾਂ ਜੇ ਕੋਈ ਪ੍ਰਾਜੈਕਟ ਮਨਜ਼ੂਰ ਵੀ ਹੋਏ ਸੀ ਤਾਂ ਉਹ ਵੀ ਚਾਲੂ ਨਹੀਂ ਹੋ ਸਕੇ, ਲੈਪਸ ਹੋਏ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕੋਈ ਵੀ ਸੂਬਾ ਤਰੱਕੀ ਨਹੀਂ ਕਰ ਸਕਦਾ ਜਦੋਂ ਤਕ ਕਿ ਉਸ ਦੀ ਇੰਡਸਟਰੀ ਤਰੱਕੀ ਨਹੀਂ ਕਰਦੀ। ਇਸ ਵੇਲੇ ਪੰਜਾਬ ਦੀ ਪਾਪੂਲੇਸ਼ਨ 70% ਜਿਹੜੀ ਹੈ ਉਹ ਐਗਰੀਕਲਚਰ ਤੇ ਨਿਰਭਰ ਕਰਦੀ ਹੈ। ਜਿੰਨਾਂ ਚਿਰ ਪਾਪੂ-ਲੇਸ਼ਨ ਨੂੰ ਐਗਰੀਕਲਚਰ ਵਲੋਂ ਕੱਢ ਕੇ ਇੰਡਸਟਰੀਜ਼ ਵਲ ਡਾਈਵਰਟ ਨਹੀਂ ਕੀਤਾ ਜਾਵੇਗਾ ਉਨ੍ਹਾਂ ਚਿਰ ਪੰਜਾਬ ਤਰੱਕੀ ਨਹੀਂ ਕਰ ਸਕਦਾ। ਰਸ਼ੀਆ ਦੇਖ ਲਓ ਜਾਂ ਜਾਪਾਨ ਦੇਖ ਲਓ ਜਿਤਨੇ ਵੀ ਐਡਵਾਂਸ ਕੰਟਰੀਜ਼ ਹਨ ਸਭ ਇੰਡਸਟਰੀਜ਼ ਵਿਚ ਸਭ ਤੋਂ ਅਗੇ ਹਨ। ਹੁਣ ਦੀ ਇਸ ਪੰਜਾਬ ਦੀ ਸਰਕਾਰ ਨੇ ਇਸ ਇੰਡਸਟਰੀ ਵਾਲੇ ਪਾਸੇ ਕਾਫ਼ੀ ਧਿਆਨ ਦਿੱਤਾ ਹੈ । 6-7 ਯੂਨਿਟ ਪੰਜਾਬ ਵਿਚ ਚਾਲੂ ਕੀਤੇ ਹਨ, ਜਿਸ ਤਰ੍ਹਾਂ ਟੈਲੀਵੀਜ਼ਨ ਚਾਲੂ ਕੀਤਾ ਹੈ, ਟਰੈਕਟਰਾਂ ਦਾ ਯੂਨਿਟ ਚਾਲੂ ਕੀਤਾ ਹੈ ਅਤੇ ਇਸੇ ਤਰ੍ਹਾਂ 6-7 ਯੂਨਿਟ ਹੋਰ ਲਿਆਂਦੇ ਹਨ ਅਤੇ ਉਨ੍ਹਾਂ ਵਿਚੋਂ ਇਕ ਬਹੁਤ ਹੀ ਇੰਮਪਾਰਟੈਂਟ ਅਤੇ ਬਹੁਤ ਵੱਡਾ ਪ੍ਰਾਜੈਕਟ ਹੈ। ਉਹ ਹੈ ਖਾਦ ਦਾ ਪ੍ਰਾਜੈਕਟ ਜਿਹੜਾ ਕਿ ਬਠਿੰਡੇ ਵਿਚ ਸ਼ੁਰੂ ਕਰਨਾ ਹੈ। ਇਸ ਯੂਨਿਟ ਦੇ ਬਣਨ ਨਾਲ ਖਾਦ ਦੀ ਜਿਹੜੀ ਦਿੱਕਤ ਹੈ ਉਹ ਪੂਰੀ ਹੋ ਜਾਵੇਗੀ । ਇਸ ਵੇਲੇ ਜਿੰਨੀ ਖਾਦ ਦੀ ਜ਼ਰੂਰਤ ਹੈ ਉਸ ਹਿਸਾਬ ਨਾਲ ਖਾਦ ਸਾਨੂੰ ਮਿਲਦੀ ਨਹੀਂ। ਪੰਜਾਬ ਦਾ ਕਿਸਾਨ ਖਾਦ ਦੇ ਲਈ ਤਰਲੇ ਲੈਂਦਾ ਫਿਰਦਾ ਹੈ। ਮੈਂ ਡਿਪਟੀ ਸਪੀਕਰ ਸਾਹਿਬ, ਇਹ ਦਸਣਾ ਚਾਹੁੰਦਾ ਹਾਂ ਕਿ ਜਦੋਂ ਬਠਿੰਡੇ ਵਿਚ ਫਰਟੇਲਾਈਜ਼ਰ ਪਲਾਂਟ ਚਾਲੂ ਹੋ ਜਾਵੇਗਾ ਤਾਂ ਇਹ ਜਿਹੜਾ ਖਾਦ ਦਾ ਮਸਲਾ ਹੈ ਇਹ ਹੱਲ ਹੋ ਜਾਵੇਗਾ।

Captain Rattan Singh: Will the hon'ble Member tell us as to what is the quantum of fertilizer produced at Nangal and what is the consumption of Punjab?

ਸ਼੍ਰੀ ਡਿਪਟੀ ਸਪੀਕਰ: ਜੇ ਤੁਹਾਨੂੰ ਪਤਾ ਹੈ ਤਾਂ ਦਸ ਦਿਉ। (ਵਿਘਨ) (If you know please tell the House.)

ਚੌਧਰੀ ਦਰਸ਼ਨ ਸਿੰਘ: ਇਹ ਸ਼ਾਰਟੇਜ ਦੇ ਅੰਕੜੇ ਪੁਛਦੇ ਹਨ ਇਹ ਮੈਂ ਨਹੀਂ ਦੱਸ ਸਕਦਾ (ਵਿਘਨ) ਡਿਪਟੀ ਸਪੀਕਰ ਸਾਹਿਬ, ਡੀਮਾਂਡ ਐਂਡ ਸਪਲਾਈ ਦਾ ਸਵਾਲ ਹੈ। ਡਿਪੂਆਂ ਤੇ ਕਤਾਰਾਂ ਲਗੀਆਂ ਹੁੰਦੀਆਂ ਹਨ ਇਸ ਗੱਲ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿੰਨੀ ਸ਼ਾਰਟੇਜ ਹੈ। ਇਹ ਤਾਂ ਮੰਨਣਾ ਪਵੇਗਾ ਕਿ ਇਸ ਵੇਲੇ ਖਾਦ ਦੀ ਬਹੁਤ ਸ਼ਾਰਟੇਜ ਹੈ। ਖਾਦ ਵਿਚ

[ਚੌਧਰੀ ਦਰਸ਼ਨ ਸਿੰਘ]

ਅਡੱਲਟਰੇਸ਼ਨ ਵੀ ਹੁੰਦੀ ਹੈ। ਮੈਂ ਕਿਸੇ ਤੇ ਕੋਈ ਇਲਜ਼ਾਮ ਨਹੀਂ ਲਗਾਉਂਦਾ ਕੈਪਟਨ ਸਾਹਿਬ ਦੇ ਵੇਲੇ ਖਾਦ ਵਿਚ ਅਡੱਲਟਰੇਸ਼ਨ ਹੁੰਦੀ ਰਹੀ ਹੈ। ਬੋਰੀਆਂ ਵਿਚ ਖਾਦ ਦੀ ਥਾਂ ਤੇ ਰੇਤਾ ਅਤੇ ਪੱਥਰ ਭਰਿਆ ਹੋਇਆ ਸੀ। (ਵਿਘਨ) (ਚੀਮਾਂ ਸਾਹਿਬ ਵਲੋਂ ਬੈਠੇ ਬੈਠੇ ਵਿਘਨ)

ਸ੍ਰੀ ਡਿਪਟੀ ਸਪੀਕਰ: ਚੀਮਾਂ ਸਾਹਿਬ ਬੈਠ ਕੇ ਕੋਈ ਗੱਲ ਨਾ ਕਰੋ। (ਵਿਘਨ) (Cheema Sahib, please don't speak while seated.)

ਚੌਧਰੀ ਦਰਸ਼ਨ ਸਿੰਘ: ਡਿਪਟੀ ਸਪੀਕਰ ਸ਼ਾਹਿਬ, ਪੰਜਾਬ ਸਰਕਾਰ ਨੇ ਇਕ ਹੋਰ ਬੜਾ ਚੰਗਾ ਕੰਮ ਕੀਤਾ ਹੈ। ਪੰਜਾਬ ਦੇ ਪਹਿਲਾਂ ਤਿੰਨ ਫੋਕਲ ਪੁਆਇੰਟ ਢੰਡਾਰੀ ਕਲਾਂ, ਰਾਜਪੁਰਾ ਅਤੇ ਮੁਹਾਲੀ ਵਿਚ ਸਨ। ਪੰਜਾਬ ਦੀ ਸਰਕਾਰ ਨੇ ਹੁਣ ਇਹ ਸੋਚਿਆ ਹੈ ਕਿ ਪੰਜਾਬ ਦੇ ਵਿਚ 20 ਹੋਰ ਫੋਕਲ ਪੁਆਇੰਟ ਖੋਲ੍ਹੇ ਜਾਣ ਅਤੇ ਇਸ ਦੇ ਲਈ ਕਾਫੀ ਯਤਨ ਕਰ ਰਹੀ ਹੈ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਦੁਆਬੇ ਦੇ ਵਿਚੋਂ ਸੈਂਕੜੇ ਨਹੀਂ ਹਜ਼ਾਰਾਂ ਲੋਕੀਂ ਯੂ.ਕੇ. ਗਏ ਹਨ ਅਤੇ ਉਥੇ ਉਨ੍ਹਾਂ ਨੇ ਕਾਫੀ ਧੰਨ ਕਮਾਇਆ ਹੈ। ਉਹ ਲੋਕ ਪੰਜਾਬ ਵਿਚ ਇੰਡਸਟਰੀਜ਼ ਲਗਾਉਣ ਦੇ ਅਤੇ ਪੰਜਾਬ ਦੀ ਤਰੱਕੀ ਕਰਨ ਵਾਸਤੇ ਬੜੇ ਕੀਨ ਹਨ। ਉਹ ਲੋਕ ਚਾਹੁੰਦੇ ਹਨ ਕਿ ਅਸੀਂ ਪੰਜਾਬ ਦੇ ਵਿਚ ਕਿਸੇ ਰੂਪ ਵਿਚ ਇੰਡਸਟਰੀ ਵਗੈਰਾ ਲਗਾਈਏ। ਮੈਂ ਗਿਆਨੀ ਜੀ ਨੂੰ ਬੇਨਤੀ ਕਰਾਂਗਾ ਕਿ ਜੇ ਉਨ੍ਹਾਂ ਲੋਕਾਂ ਨਾਲ ਡੈਪੂਟੇਸ਼ਨਾਂ ਦੇ ਰੂਪ ਵਿਚ ਜਾਂ ਕਿਸੇ ਹੋਰ ਰੂਪ ਵਿਚ ਇਹ ਇਨਸਿਸਟ ਕਰ ਕੇ ਪੰਜਾਬ ਸਰਕਾਰ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਰਿਆਇਤ ਦੇਵੇਗੀ ਅਤੇ ਉਹ ਆਪਣਾ ਕਮਾਇਆ ਧੰਨ ਇਸ ਸੂਬੇ ਵਿਚ ਲਗਾਉਣ ਜਿਸ ਨਾਲ ਕਿ ਇਸ ਸੂਬੇ ਦੀ, ਇਸ ਦੇਸ਼ ਦੀ ਤਰੱਕੀ ਹੋ ਸਕੇ, ਇਸ ਤਰ੍ਹਾਂ ਦੀਆਂ ਗਿਆਨੀ ਜੀ ਨੂੰ ਕੋਈ ਐਫਰਟਸ ਕਰਨੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਇਕ ਹੋਰ ਮੋਸਟ ਇਮਪਾਰਟੈਂਟ ਆਈਟਮ ਹੈ ਜਿਹੜੀ ਗਿਆਨੀ ਜੀ ਨੇ ਨੰਬਰ 1 ਤੇ ਦਿੱਤੀ ਹੈ। 69 ਕਰੋੜ ਰੁਪਿਆ ਪਾਵਰ ਲਈ ਰਖਿਆ ਹੈ। ਪਿਛਲੇ ਸਾਲ ਪਾਵਰ ਕਰਾਈਸਿਜ਼ ਬਹੁਤ ਰਹੇ। ਪੰਜਾਬ ਸਰਕਾਰ ਨੇ ਇਸ ਗੱਲ ਲਈ ਬਹੁਤ ਯਤਨ ਕੀਤਾ ਅਤੇ ਮੱਧ ਪ੍ਰਦੇਸ਼ ਤੋਂ ਬਿਜਲੀ ਲਿਆਂਦੀ। ਪਰ ਇਹ ਤਾਂ ਲਾਲੇ ਵਾਲੀ ਗੱਲ ਹੋਈ ਕਿ ਉਹ ਕਹਿੰਦਾ ਹੈ ਕਿ ਪਹੁੰਚ ਗਿਆ ਜੀ ਅਤੇ ਉਹ ਕਹਿੰਦਾ ਹੈ ਕਿ ਹਾਲੀ ਨਹੀਂ ਪਹੁੰਚਿਆ ਜੀ। ਜਿਹੜੀ ਇਥੇ ਬਿਜਲੀ ਦੀ ਸ਼ਾਰਟੇਜ ਸੀ ਉਹ ਅਸੀਂ ਮੇਕ ਅੱਪ ਨਹੀਂ ਕਰ ਸਕੇ। ਗਿਆਨੀ ਜੀ ਨੇ ਇਸ ਪਾਸੇ ਵਲ ਆਪਣਾ ਪੂਰਾ ਧਿਆਨ ਦਿੱਤਾ ਅਤੇ ਅਨੰਦਪੁਰ ਹਾਈਡਲ ਪ੍ਰੋਜੈਕਟ ਅਤੇ ਸ਼ਾਨਣ ਹਾਈਡਲ ਪ੍ਰੋਜੈਕਟ ਦੀ ਕਲੀਅਰੈਂਸ ਲਈ। (ਤਾੜੀਆਂ) ਇਹ ਸਾਡੇ ਵੇਲੇ ਦੀ ਗੱਲ ਨਹੀਂ ਇਹ ਤਾਂ ਅਕਾਲੀਆਂ ਦੇ ਵੇਲੇ ਦੇ ਪ੍ਰਾਜੈਕਟ ਸਨ ਜਿਸ ਦੀ ਕਿ ਉਹ ਕਲੀਅਰੈਂਸ ਨਹੀਂ ਲੈ ਸਕੇ। (ਚੀਮਾਂ ਸਾਹਿਬ ਵਲੋਂ ਵਿਘਨ) ਡਿਪਟੀ ਸਪੀਕਰ ਸਾਹਿਬ, ਜੋ ਬਿਜਲੀ ਮੰਤਰੀ ਸਾਹਿਬ ਇਥੇ ਬੈਠੇ ਹਨ ਉਹ ਸੁਣ ਲੈਣ ਕਿ ਇਸ ਵੇਲੇ 871 ਮੈਗਾਵਾਟ ਬਿਜਲੀ ਦੀ ਸਾਨੂੰ ਲੋੜ ਹੈ। 40% ਬਿਜਲੀ ਐਗਰੀਕਲਚਰ ਵਾਸਤੇ ਲੋੜ ਹੈ, 34% ਇੰਡਸਟਰੀ ਵਾਸਤੇ ਲੋੜ ਹੈ ਅਤੇ ਬਾਕੀ ਕੁਝ ਚੋਰੀ ਹੋ ਜਾਂਦੀ ਹੈ ਅਤੇ ਕੁਝ ਵੇਚ ਦਿਤੀ ਜਾਂਦੀ ਹੈ। ਇਸ ਵੇਲੇ ਬਿਜਲੀ ਦੀ ਜਿਹੜੀ ਜ਼ਰੂਰਤ ਹੈ ਉਹ 871 ਮੈਗਾਵਾਟ ਹੈ ਪਰ 533 ਮੈਗਾਵਾਟ ਬਿਜਲੀ ਇਸ ਵੇਲੇ ਪੈਦਾ ਹੁੰਦੀ ਹੈ। ਇਹ ਜਿਹੜੀ ਸ਼ਾਰਟੇਜ ਹੈ ਇਹ 1975 ਤਕ ਪੂਰੀ ਹੋਣੀ ਚਾਹੀਦੀ ਹੈ। ਜੇ ਇਸ ਨੂੰ ਹੁਣੇ ਤੋਂ ਪਲੱਗ ਨਾ ਕੀਤਾ ਗਿਆ ਤਾਂ ਸਾਡੀ ਜਿਹੜੀ ਇੰਡਸਟਰੀ ਹੈ ਉਹ ਚਲ ਨਹੀਂ ਸਕੇਗੀ ਅਤੇ ਨਾ ਹੀ ਐਗਰੀਕਲਚਰ ਚਲ ਸਕੇਗੀ। (ਵਿਘਨ) ਇਸ ਵੇਲੇ ਇਹ ਬੜਾ ਰੌਲਾ ਪਾਉਂਦੇ ਹਨ ਕਿ ਸਾਰੀ ਬਿਜਲੀ ਯੂ.ਪੀ. ਵਿਚ

ਜਾ ਰਹੀ ਹੈ । ਮੈਂ ਦਸਣਾ ਚਾਹੁੰਦਾ ਹਾਂ ਕਿ ਕੱਲ ਹੀ ਵੀ.ਐਮ.ਪੀਜ਼ ਦੀ ਇਕ ਮੀਟਿੰਗ ਹੋਈ just to see the state of affairs 14.8 ਮਿਲੀਅਨ ਯੂਨਿਟ ਬਿਜਲੀ ਪੈਦਾ ਹੁੰਦੀ ਹੈ ਅਤੇ ਉਸ ਦੇ ਵਿਚ 40% ਸਾਡਾ ਹਿਸਾ ਬਣਦਾ ਹੈ। We are getting it regularly. ਇਸ ਵੇਲੇ 1594 ਫੁਟ ਪਾਣੀ ਭਾਖੜਾ ਡੈਮ ਵਿਚ ਹੈ ਅਤੇ 14 ਮਿਲੀਅਨ ਯੂਨਿਟ ਬਿਜਲੀ ਪੈਦਾ ਕਰਨ ਵਾਸਤੇ 6 ਫੁਟ ਪਾਣੀ ਹੋਰ ਚਾਹੀਦਾ ਹੈ। ਇਰੀਗੇਸ਼ਨ ਵਾਸਤੇ ਅਸੀਂ ਪਾਣੀ ਸਟਾਪ ਨਹੀਂ ਕਰ ਸਕਦੇ। 16-17 ਕਿਊਸਿਕ ਪਾਣੀ ਇਰੀਗੇਸ਼ਨ ਪਰਪਜ਼ਿਜ਼ ਵਾਸਤੇ ਡੇਲੀ ਨਿਕਲਦਾ ਹੈ ਪਰ ਇਨਫਲੋ 4 ਹਜ਼ਾਰ ਹੈ। ਬਿਜਲੀ ਕਿਥੋਂ ਆ ਜਾਵੇਗੀ ? ਇਸ ਲਈ ਮੈਂ ਗਿਆਨੀ ਜੀ ਨੂੰ ਬੇਨਤੀ ਕਰਨਾ ਚਾਹੁੰਦਾ ਹੈ ਕਿ ਜਿਸ ਤਰ੍ਹਾਂ ਦੂਸਰੇ ਥਰਮਲ ਪਲਾਂਟ ਚਾਲੂ ਕੀਤੇ ਗਏ ਹਨ ਜਿਵੇਂ ਗੁਰੂ ਨਾਨਕ ਥਰਮਲ ਪਲਾਂਟ ਜਾਂ ਕੋਈ ਹੋਰ, then again the decision was arrived at ਕਿ ਦਸੰਬਰ ਦੇ ਅੰਤ ਤੱਕ ਇਹ 110 ਮੈਗਾਵਾਟ ਬਿਜਲੀ ਪੈਦਾ ਕਰਨੀ ਸ਼ੁਰੂ ਕਰ ਦੇਵੇਗਾ । (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਆਨ ਏ ਪੁਆਇੰਟ ਆਫ ਇਨਫਰਮੇਸ਼ਨ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਭਾਖੜਾ ਦਾ ਯੂਨਿਟ ਹੈ ਉਹ ਪੂਰਾ ਕੰਮ ਕਰ ਰਿਹਾ ਹੈ ਅਤੇ ਬਿਜਲੀ ਪੂਰੀ ਜੈਨਰੇਟ ਕਰ ਰਿਹਾ ਹੈ ਅਤੇ ਜਿਹੜੀ ਪੰਜਾਬ ਵਿਚ 40% ਬਿਜਲੀ ਤੇ ਕੱਟ ਲਗਾਈ ਹੋਈ ਹੈ ਉਹ ਕਿਉਂ ਲਾਈ ਗਈ ਹੈ ਅਤੇ ਜਿਹੜੀ ਬਿਜਲੀ ਦਿੱਲੀ ਔਰ ਯੂ.ਪੀ. ਨੂੰ ਜਾ ਰਹੀ ਹੈ ਉਹ ਕਿਉਂ ਜਾ ਰਹੀ ਹੈ ? (ਵਿਘਨ)

ਸ੍ਰੀ ਡਿਪਟੀ ਸਪੀਕਰ : ਚੀਮਾ ਸਾਹਿਬ, ਇਹ ਤੁਸੀਂ ਆਪਣੀ ਸਪੀਚ ਵਿਚ ਜ਼ਿਕਰ ਕਰ ਲੈਣਾ ਅਤੇ ਮਨਿਸਟਰ ਸਾਹਿਬ ਤੋਂ ਪੁੱਛ ਲੈਣਾ। (Cheema Sahib, you may please refer to it in your speech.)

ਚੌਧਰੀ ਦਰਸ਼ਨ ਸਿੰਘ : ** ** ** **

ਸ੍ਰੀ ਡਿਪਟੀ ਸਪੀਕਰ : ਇਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ। (It should not form part of the proceedings.)

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਫੈਕਟਸ ਦੇ ਰਿਹਾ ਹਾਂ ਕਿ 14.8 ਮਿਲੀਅਨ ਯੂਨਿਟਸ ਡੇਲੀ ਬਿਜਲੀ ਪੈਦਾ ਹੋ ਰਹੀ ਹੈ, ਉਸ ਦੇ ਵਿਚੋਂ ਪੰਜਾਬ ਦਾ ਹਿੱਸਾ 40% ਹੈ । ਅਸੀਂ ਆਪਣਾ ਹਿੱਸਾ ਪੂਰਾ ਲੈ ਰਹੇ ਹਾਂ। ਮੈਂ ਗਿਆਨੀ ਜੀ ਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਗੁਰੂ ਨਾਨਕ ਥਰਮਲ ਪਲਾਂਟ ਨੂੰ ਜਲਦੀ ਚਾਲੂ ਕਰੋ ਅਤੇ ਇਸ ਵਲ ਪਰਸਨਲ ਤਵੱਜੋ ਦਿਤੀ ਜਾਵੇ।

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਵਿਦਿਆ ਦੇ ਬਾਰੇ ਵਿਚ ਅਰਜ਼ ਕਰਨੀ ਚਾਹੁੰਦਾ ਹਾਂ। ਵਿਦਿਆ ਦੇ ਖੇਤਰ ਵਿਚ ਦੋ ਬੜੇ ਇੰਪਾਰਟੈਂਟ ਮਸਲੇ ਹਨ। ਵਿਦਿਆ ਦੇ ਖੇਤਰ ਵਿਚ ਪੰਜਾਬ ਸਰਕਾਰ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ ਹੈ। ਕੋਈ ਐਸਾ ਮੀਲ ਨਹੀਂ ਜਿਥੇ ਪ੍ਰਾਇਮਰੀ ਸਕੂਲ ਨਾ ਹੋਵੇ, ਕੋਈ ਐਸਾ ਤਿੰਨ ਮੀਲ ਦਾ ਫ਼ਾਸਲਾ ਨਹੀਂ ਜਿਥੇ ਮਿਡਲ ਸਕੂਲ ਨਾ ਹੋਵੇ ਅਤੇ ਕੋਈ 5 ਮੀਲ ਦਾ ਫ਼ਾਸਲਾ ਨਹੀਂ ਜਿਥੇ ਹਾਈ ਸਕੂਲ ਨਾ ਹੋਵੇ। ਤਕਰੀਬਨ 95 ਪ੍ਰਤੀਸ਼ਤ ਪਾਪੂਲੇਸ਼ਨ ਕਵਰ ਹੋ ਜਾਂਦੀ ਹੈ। (ਵਿਘਨ) ਇਤਨੇ ਸ਼ਲਾਘਾਯੋਗ ਕੰਮ ਦੇ ਬਾਵਜੂਦ ਵੀ ਸਟੂਡੈਂਟਸ ਵਿਚ ਅੱਨਰੈਸਟ ਪਾਈ ਜਾਂਦੀ ਹੈ।

**Expunged as ordered by the Chair.

[ਚੌਧਰੀ ਦਰਸ਼ਨ ਸਿੰਘ]
ਇਹ ਸਟੂਡੈਂਟ ਅੱਨ੍ਰੈਸਟ ਕੇਵਲ ਸਾਡੇ ਦੇਸ਼ ਵਿਚ ਹੀ ਨਹੀਂ ਬਲਕਿ ਸਾਰੇ ਵਰਲਡ ਵਿਚ ਹੈ। ਕੀ ਥਾਈਲੈਂਡ ਅਤੇ ਕੀ ਯੂ. ਐਸ. ਏ. ਸਾਰੇ ਮੁਲਕਾਂ ਵਿਚ ਹੈ। (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ: ਜਿਹੜੇ ਪੈਸੇ ਇਕਠੇ ਕਰਕੇ ਯੂ. ਪੀ. ਭੇਜੇ ਹਨ ਉਨ੍ਹਾਂ ਦਾ ਵੀ ਜ਼ਿਕਰ ਇਥੇ ਕਰ ਦਿਉ (ਵਿਘਨ)

Mr. Deputy Speaker. No interruption please.

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਇਕ ਤਜਵੀਜ਼ ਦੇਣਾ ਚਾਹੁੰਦਾ ਹਾਂ ਸਟੂਡੈਂਟਸ ਅੱਨਰੈਸਟ ਬਾਰੇ। They are our children. They are our sons. They are our daughters. ਸਾਨੂੰ ਉਨ੍ਹਾਂ ਦੇ ਅਨਰੈਸਟ ਨੂੰ ਦੂਰ ਕਰਨ ਵਾਸਤੇ ਕੋਈ ਨਾ ਕੋਈ ਹਲ ਲਭਣਾ ਚਾਹੀਦਾ ਹੈ। ਕਿਉਂਕਿ ਸਾਡੇ ਸਟੂਡੈਂਟਸ ਵਾਇਓਲੇਟ ਹੁੰਦੇ ਜਾ ਰਹੇ ਹਨ ਅਤੇ ਇੰਡਿਸਪਲਿਨ ਪੈਦਾ ਹੋ ਰਿਹਾ ਹੈ। ਸਟੂਡੈਂਟਸ ਨੂੰ ਪੁਲਿਟੀਕਲ ਪਾਰਟੀਆਂ ਐਕਸਪਲਾਇਟ ਕਰ ਰਹੀਆਂ ਹਨ। ਗਵਰਨਰ ਸਾਹਿਬ ਨੇ ਦਰੁਸਤ ਆਖਿਆ ਸੀ ਕਿ ਪੁਲਿਟੀਕਲ ਪਾਰਟੀਆਂ ਨੂੰ ਕਹਿਣਾ ਚਾਹੀਦਾ ਹੈ ਕਿ Let them labour for two years. Then they shall feel easy during the whole of their lives. If they do not labour for two years then they shall have to labour during the whole of their lives. Do not drag them into politics. ਇਸ ਗਲ ਦੇ ਬਾਵਜੂਦ ਮੈਂ ਪੰਜਾਬ ਸਰਕਾਰ ਨੂੰ ਕਹਾਂਗਾ ਕਿ ਉਹ ਇਸ ਅੱਨਰੈਸਟ ਦੇ ਕਾਜ਼ ਨੂੰ ਵੇਖੇ (ਵਿਘਨ) ਅਤੇ ਇਸ ਨੂੰ ਰੋਕੇ। ਸਟੂਡੈਂਟਸ ਵਿਚ ਅਨਐਮਪਲਾਇਮੈਂਟ ਜ਼ਰੂਰ ਹੈ। ਇਕ ਕਿਸਾਨ ਆਪਣੇ ਬਚੇ ਨੂੰ 14 ਸਾਲ ਪੜ੍ਹਾਉਂਦਾ ਹੈ। ਉਹ ਪੈਰੀਂ ਜੁਤੀ ਨਹੀਂ ਪਾਉਂਦਾ, ਪਾਟੇ ਕਪੜੇ ਪਾਈ ਰੱਖਦਾ ਹੈ। 14 ਸਾਲ ਦੀ ਪੜ੍ਹਾਈ ਦੇ ਬਾਅਦ ਬੱਚੇ ਨੂੰ ਡਿਗਰੀ ਮਿਲਦੀ ਹੈ ਉਹ ਬਚਾ ਕਹਿੰਦਾ ਹੈ ਕਿ ਉਸ ਨੂੰ ਡਿਗਰੀ ਦੀ ਕੋਈ ਲੋੜ ਨਹੀਂ ਉਹ ਡਿਗਰੀ ਪਾੜ ਦਿੰਦਾ ਹੈ। ਉਹ ਕਹਿੰਦਾ ਹੈ ਕਿ ਮੈਨੂੰ ਨੌਕਰੀ ਦੀ ਲੋੜ ਹੈ ਮੈਨੂੰ ਨੌਕਰੀ ਦਿਉ। ਇਹ ਇਕੱਲੀ ਸਾਡੇ ਸੂਬੇ ਦੀ ਗੱਲ ਨਹੀਂ ਇਹ ਮਸਲਾ ਸਾਰੇ ਸੂਬਿਆਂ ਦਾ ਹੈ। ਪਿਛੇ ਜਿਹੇ ਅੰਕੜੇ ਆਏ ਸਨ ਮੈਂ ਅਖਬਾਰ ਵਿਚ ਪੜ੍ਹੇ ਸਨ। ਹੈਡਿੰਗ ਸੀ 'ਬਰੇਨ ਡਰੇਨ' ਉਸ ਦੇ ਵਿਚ ਦਸਿਆ ਗਿਆ ਸੀ ਕਿ 7,500 ਡਾਕਟਰਜ਼ ਅਤੇ ਇੰਜੀਨੀਅਰਜ਼ ਯੂ. ਐਸ. ਏ. ਨੂੰ ਮੂਵ ਕਰ ਗਏ। (ਵਿਘਨ) ਜਿਹੜੇ ਸਟੂਡੈਂਟਸ ਬੀ. ਏ. ਹਨ ਅਤੇ ਅੱਨਐਮਪਲਾਇਡ ਹਨ ਉਨ੍ਹਾਂ ਨੂੰ ਕੰਮ-ਅਜ਼-ਕੰਮ 70 ਰੁਪਏ ਅਨਐਮਪਲਾਇਮੈਂਟ ਅਲਾਊਂਸ ਅਤੇ ਜਿਹੜੇ ਮੈਟਰਿਕ ਹਨ ਉਨ੍ਹਾਂ ਨੂੰ 40-50 ਰੁਪਏ ਜ਼ਰੂਰ ਦੇਣੇ ਚਾਹੀਦੇ ਹਨ। ਇਹ ਕਹਿਣਾ ਕਿ ਉਹ ਨੈਕਸੇਲਾਈਟ ਹਨ ਇਹ ਕੋਈ ਅੱਛੀ ਗਲ ਨਹੀਂ। ਇਕਬਾਲ ਦੇ ਟਾਈਮ ਤਾਂ ਨੈਕਸੇਲਾਈਟ ਦਾ ਲਫ਼ਜ਼ ਹੀ ਨਹੀਂ ਸੀ ਬਣਿਆ ਪਰ ਉਸ ਨੇ ਵੀ ਲਿਖਿਆ ਹੈ:

ਜਿਸ ਖੇਤ ਸੇ ਦਹਿਕਾਂ ਕੋ ਮੁਯੱਸਰ ਨਾ ਹੋ ਰੋਟੀ
ਉਸ ਖੇਤ ਕੇ ਹਰ ਖੋਸ਼ਾਏ ਗੰਦਮ ਕੋ ਜਲਾ ਦੋ।

ਇਸ ਲਈ ਇਸ ਵੱਧ ਰਹੀ ਅੱਨਰੈਸਟ ਨੂੰ ਅਸੀਂ ਖ਼ਤਮ ਕਰਨਾ ਹੈ।

ਡਾਂਗ ਸਾਹਿਬ ਨੇ ਕਿਹਾ ਹੈ ਕਿ ਦਯਾਨੰਦ ਮੈਡੀਕਲ ਕਾਲਜ ਨੂੰ ਟੇਕ ਓਵਰ ਕੀਤਾ ਜਾਏ। ਮੈਂ ਇਸ ਗੱਲ ਦੀ ਤਾਈਦ ਕਰਦਾ ਹਾਂ। ਜਿਹੜੇ ਉਥੇ ਦੇ ਸਟੂਡੈਂਟਸ ਹਨ ਉਨ੍ਹਾਂ ਵਿਚ ਬੜਾ ਅੱਨਰੈਸਟ ਹੈ ਕਿਉਂਕਿ ਮੈਡੀਕਲ ਐਸੋਸੀਏਸ਼ਨ ਨੇ ਕਹਿ ਦਿੱਤਾ ਹੈ ਕਿ ਉਥੇ ਦੀ ਐਮ. ਬੀ. ਬੀ. ਐਸ. ਦੀ ਡਿਗਰੀ

ਨੂੰ ਰੈਕਗਨਾਈਜ਼ ਨਾ ਕੀਤਾ ਜਾਵੇ। ਪੰਜਾਬ ਸਰਕਾਰ ਨੇ ਉਸ ਕਾਲਜ ਨੂੰ 6 ਲੱਖ ਰੁਪਏ ਦੇਣ ਦਾ ਵਾਇਦਾ ਕੀਤਾ ਹੈ ਅਤੇ 6 ਲੱਖ ਰੁਪਏ ਅਸੀਂ ਆਲਰੇਡੀ ਦੇ ਚੁਕੇ ਹਾਂ। ਇਸ ਲਈ ਪੰਜਾਬ ਸਰਕਾਰ ਨੂੰ ਇਸ ਬਾਰੇ ਸੋਚ ਕੇ ਉਸ ਕਾਲਜ ਨੂੰ ਟੇਕ ਓਵਰ ਕਰ ਲੈਣਾ ਚਾਹੀਦਾ ਹੈ।

ਇਕ ਗਲ ਮੈਂ ਪ੍ਰਾਇਮਰੀ ਟੀਚਰਜ਼ ਬਾਰੇ ਕਹਿਣੀ ਹੈ। ਉਹ ਕਹਿੰਦੇ ਹਨ ਕਿ ਪ੍ਰਾਇਮਰੀ ਟੀਚਰਜ਼ ਡਾਇਰੈਕਟੋਰੇਟ ਸੈਪਰੇਟ ਹੋਣਾ ਚਾਹੀਦਾ ਹੈ। ਇਹ ਉਨ੍ਹਾਂ ਦੀ ਪੁਰਾਣੀ ਮੰਗ ਹੈ। ਹਾਇਰ ਸੈਕੰਡਰੀ ਦੇ ਟੀਚਰਜ਼ ਦਾ ਡਾਇਰੈਕਟੋਰੇਟ ਸੈਪਰੇਟ ਹੈ ਇਸ ਲਈ ਉਨ੍ਹਾਂ ਦੀ ਇਹ ਮੰਗ ਠੀਕ ਹੈ।

ਡਿਪਟੀ ਸਪੀਕਰ ਸਾਹਿਬ, ਜਿਹੜਾ ਲਾਸਟ ਬਰੈਂਟ ਹੈ ਗੌਰਮੈਂਟ ਨੂੰ ਉਹ ਹੈ ਮੁਲਾਜ਼ਮਾਂ ਵਲੋਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਕੋਈ ਸਾਡੇ ਨਾਲੋਂ ਵਖਰੇ ਨਹੀਂ ਉਹ ਸਾਡੇ ਭਾਈ ਭਰਾ ਹਨ ਅਤੇ ਅਸੀਂ ਆਪਣੀਆਂ ਪਾਲਿਸੀਆਂ ਉਨ੍ਹਾਂ ਰਾਹੀਂ ਇੰਪਲੀਮੈਂਟ ਕਰਾਉਂਦੇ ਹਾਂ। ਉਹ ਇਕ ਬੜਾ ਸਟਰਾਂਗ ਆਰਗਨ ਹੈ ਗੌਰਮੈਂਟ ਦਾ। ਲੇਕਿਨ ਇਸ ਤੋਂ ਇਲਾਵਾ ਸਾਨੂੰ ਮਨ ਵਿਚ ਇਹ ਜ਼ਰੂਰ ਰੱਖਣਾ ਚਾਹੀਦਾ ਹੈ ਕਿ ਸਾਡੀ 42 ਪ੍ਰਤੀਸ਼ਤ ਪਾਪੂਲੇਸ਼ਨ ਐਸੀ ਹੈ ਜਿਹੜੀ ਅੰਡਰ-ਫ਼ੈਡ ਹੈ। ਉਨ੍ਹਾਂ ਵਾਸਤੇ ਵੀ ਅਸੀਂ ਕੁਝ ਕਰਨਾ ਹੈ। ਉਨ੍ਹਾਂ ਦੀ ਆਮਦਨ 21 ਰੁਪਏ ਮਾਹਵਾਰ ਬੈਠਦੀ ਹੈ। ਉਨ੍ਹਾਂ ਦੇ ਬਚੇ ਭੁਖੇ ਹਨ ਉਨ੍ਹਾਂ ਕੋਲ ਕੋਈ ਮਕਾਨ ਨਹੀਂ, ਉਨ੍ਹਾਂ ਨੂੰ ਵੀ ਚਾਹ ਲਈ ਦੁਧ ਚਾਹੀਦਾ ਹੈ, ਖੰਡ ਚਾਹੀਦੀ ਹੈ। ਦਿਵਾਲੀ ਵਾਲੇ ਦਿਨ ਉਨ੍ਹਾਂ ਦੇ ਬੱਚੇ ਭੁਖੇ ਰਹਿੰਦੇ ਹਨ ਉਨ੍ਹਾਂ ਵਾਸਤੇ ਵੀ ਸਾਨੂੰ ਕੁਝ ਕਰਨਾ ਚਾਹੀਦਾ ਹੈ। ਜਿਹੜੇ ਐਮਪਲਾਈਜ਼ ਹਨ ਉਨ੍ਹਾਂ ਨੂੰ ਇਹ ਕਹਿਣਾ ਚਾਹੀਦਾ ਹੈ ਕਿ ਉਹ ਪੁਲੀਟੀਕਲ ਪਾਰਟੀਆਂ ਤੋਂ ਦੂਰ ਰਹਿਣ। ਉਨ੍ਹਾਂ ਦੀ ਮੰਗ ਹੈ ਕਿ ਪ੍ਰਾਈਸ ਇੰਡੈਕਸ ਨਾਲ ਉਨ੍ਹਾਂ ਦੀ ਤਨਖਾਹ ਵਿਚ ਵਾਧਾ ਹੋਣਾ ਚਾਹੀਦਾ ਹੈ। ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਪੁਲੀਟੀਕਲ ਪਾਰਟੀਆਂ ਨੂੰ ਤਾਂ ਮਿਟੀ ਪਾਓ ਉਹ ਤਾਂ ਪ੍ਰਿਵੀ ਪਰਸਿਜ਼ ਨੂੰ ਵੀ ਸਪੋਰਟ ਕਰਦੀਆਂ ਸਨ, ਉਹ ਤਾਂ ਬੈਂਕਾਂ ਦੇ ਨੈਸ਼ਨੇਲਾਈਜ਼ੇਸ਼ਨ ਦੇ ਵਿਰੁੱਧ ਸਨ, ਉਹ ਤਾਂ ਏਅਰ ਇੰਡੀਅਨ ਲਾਈਨਜ਼ ਦੇ ਚਪੜਾਸੀ ਜਿਸ ਦੀ ਤਨਖਾਹ 400 ਰੁਪਏ ਮਹੀਨਾ ਹੈ ਉਸ ਦੀ ਐਜੀਟੇਸ਼ਨ ਦੀ ਵੀ ਸਪੋਰਟ ਕਰਦੀਆਂ ਰਹੀਆਂ ਹਨ। ਮੈਂ ਕਹਾਂਗਾ ਕਿ ਪੁਲੀਟੀਕਲ ਪਾਰਟੀਆਂ ਤੋਂ ਉਪਰ ਉਠ ਕੇ ਪ੍ਰਾਈਸ ਇੰਡੈਕਸ ਨੂੰ ਮੱਦੇਨਜ਼ਰ ਰਖ ਕੇ ਸੋਚਣਾ ਚਾਹੀਦਾ ਹੈ। ਪਿਛੇ ਜਿਹੇ ਡਾਕਟਰ ਮੁਕਰ ਜੀ, ਜੋ ਕਿ ਗੌਰਮੈਂਟ ਆਫ਼ ਇੰਡੀਆ ਦੇ ਸਟੈਟਿਸਟੀਕਲ ਡਿਪਾਰਟਮੈਂਟ ਦੇ ਇੰਚਾਰਜ ਹਨ, ਉਨ੍ਹਾਂ ਨੇ ਅੰਕੜੇ ਦਿੰਦੇ ਹੋਏ ਦਸਿਆ ਸੀ ਕਿ ਪਿਛਲੇ ਦਸ ਸਾਲਾਂ ਵਿਚ ਸਾਰੇ ਸੰਸਾਰ ਨਾਲੋਂ ਹਿੰਦੁਸਤਾਨ ਵਿਚ ਪ੍ਰਾਈਸ ਇੰਡੈਕਸ ਅਗੇ ਗਿਆ ਹੈ। ਇਸ ਪ੍ਰਾਈਸ ਇੰਡੈਕਸ ਨੂੰ ਮੁੱਖ ਰਖ ਕੇ ਜਿਹੜੇ ਐਮਪਲਾਈਜ਼ ਹਨ ਉਨ੍ਹਾਂ ਨੂੰ ਕੁਝ ਸੋਚਣਾ ਚਾਹੀਦਾ ਹੈ। ਮਾਰਚ 1972 ਤੋਂ ਲੈ ਕੇ ਹੁਣ ਤਕ ਗਿਆਨੀ ਜੀ ਦੀ ਸਰਕਾਰ ਨੇ ਐਮਪਲਾਈਜ਼ ਨੂੰ 17 ਕਰੋੜ ਦੇ ਕਰੀਬ ਰੁਪਿਆ ਦਿਤਾ ਹੈ। ਇਹ ਪੈਸਾ ਕਿਥੋਂ ਆਇਆ? ਇਹ ਪਬਲਿਕ ਸੈਕਟਰ ਤੋਂ ਹੀ ਆਇਆ ਹੈ। ਇਸ ਦਾ ਉਨ੍ਹਾਂ 42 ਪ੍ਰਤੀਸ਼ਤ ਤੇ ਵੀ ਬੋਝ ਪਿਆ ਹੈ ਜਿਹੜੇ ਕਿ ਅੰਡਰ-ਫੈਡ ਹਨ। ਸਰਕਾਰ ਨੂੰ ਬਗੈਰ ਕਿਸੇ ਪੁਲੀਟੀਕਲ ਪਾਰਟੀਆਂ ਦੇ ਇੰਟਰਫੀਅਰੈਂਸ ਦੇ ਸਰਕਾਰੀ ਕਰਮਚਾਰੀਆਂ ਦੇ ਆਗੂਆਂ ਨਾਲ ਇਕੱਠੇ ਬੈਠ ਕੇ ਇਸ ਬਾਰੇ ਫੈਸਲਾ ਕਰਨਾ ਚਾਹੀਦਾ ਹੈ। ਇੰਪਲਾਈਜ਼ ਦਾ ਕੋਈ ਕਸੂਰ ਨਹੀਂ ਕਿਉਂਕਿ ਪ੍ਰਾਈਸ ਇੰਡੈਕਸ ਇਸ ਢੰਗ ਨਾਲ ਸ਼ੂਟ ਕਰ ਰਿਹਾ ਹੈ ਕਿ ਉਹ ਆਪਣੇ ਫੈਮਿਲੀ ਬਜਟ ਨੂੰ ਪਲਾਨ ਨਹੀਂ ਕਰ ਸਕਦੇ। ਗਿਆਨੀ ਜੀ ਨੇ ਦਰੁਸਤ ਕਿਹਾ ਹੈ ਕਿ ਸੌ ਰੁਪਏ ਦੇ ਨੋਟ ਬੰਦ ਹੋਣੇ ਚਾਹੀਦੇ ਹਨ ਅਤੇ ਬਲੈਕ ਮਨੀ ਨੂੰ ਅਨਅਰਥ ਕਰਨਾ ਚਾਹੀਦਾ ਹੈ। The Wanchoo Committee has stated that the black money is 7,000 crores but it is 20,000 crores. There is a parallel economy. We should hold the price line. ਪ੍ਰਾਈਸ ਲਾਈਨ ਤੇ ਕੰਟਰੋਲ ਕਰਨਾ ਚਾਹੀਦਾ ਹੈ। ਜਿਤਨਾ ਚਿਰ ਇਹ ਨਹੀਂ ਹੁੰਦਾ ਉਨ੍ਹਾ ਚਿਰ ਜੇ ਇੰਪਲਾਈਜ਼ ਪ੍ਰਾਈਸ ਦੇ ਵੱਧਣ ਨਾਲ ਵੱਧ ਤਨਖਾਹ ਮੰਗਣਗੇ ਤਾਂ ਇਹ ਉਨ੍ਹਾਂ ਦੀ ਮੰਗ ਮੰਨਣੀ ਹੀ ਪਵੇਗੀ।

[ਚੌਧਰੀ ਦਰਸ਼ਨ ਸਿੰਘ]

ਗਿਆਨੀ ਜੀ ਦੀ ਸਰਕਾਰ ਨੇ ਜਿਹੜੀ ਫੂਡ ਕਾਰਪੋਰੇਸ਼ਨ ਸੈਟ ਅੱਪ ਕੀਤੀ ਹੈ ਇਹ ਇਕ ਬਹੁਤ ਚੰਗਾ ਕਦਮ ਹੈ। ਜਿਨ੍ਹਾਂ ਮੁਲਾਜ਼ਮਾਂ ਅਤੇ ਲੋਕਾਂ ਦੀ ਆਮਦਨ 500 ਰੁਪਏ ਤੋਂ ਥੱਲੇ ਹੋਵੇਗੀ ਉਨ੍ਹਾਂ ਨੂੰ ਸਬਸੀਡਾਈਜ਼ਡ ਪ੍ਰਾਈਸ ਤੇ ਰਾਸ਼ਨ ਡਿਪੂਆਂ ਰਾਹੀਂ ਪੰਜਾਬ ਵਿਚ ਦਿੱਤਾ ਜਾਵੇਗਾ। ਮੈਂ ਤੁਹਾਡੇ ਰਾਹੀਂ ਗਿਆਨੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਣਕ ਅਤੇ ਚਾਵਲ ਜੇ ਕੰਟਰੋਲ ਰੇਟ ਤੇ ਲੋਕਾਂ ਨੂੰ ਦਿੱਤੇ ਜਾ ਸਕਦੇ ਹਨ ਤਾਂ ਫਿਰ ਕਾਰਖਾਨਿਆਂ ਵਿਚ ਬਣਨ ਵਾਲੀਆਂ ਦੂਸਰੀਆਂ ਜ਼ਿੰਦਗੀ ਦੀਆਂ ਜ਼ਰੂਰੀਆਤ, ਜਿਹੜੀਆਂ ਕਿ ਕੁਲ 14 ਜਾਂ 15 ਹਨ, ਉਨ੍ਹਾਂ ਤੇ ਸਰਕਾਰ ਕਿਉਂ ਨਹੀਂ ਕੰਟਰੋਲ ਕਰਦੀ। ਉਨ੍ਹਾਂ ਦੀ ਡਿਸਟਰੀਬਿਊਸ਼ਨ ਫੇਅਰ ਹੋਣੀ ਚਾਹੀਦੀ ਹੈ। ਅੱਜ ਸੀਮਿੰਟ ਦੀ ਬੋਰੀ 32 ਰੁਪਏ ਵਿਚ ਜਿੰਨੀਆਂ ਮਰਜ਼ੀ ਬਲੈਕ ਤੇ ਲੈ ਲਵੋ ਪਰ ਕੰਟਰੋਲ ਰੇਟ ਤੇ 11 ਰੁਪਏ ਬੋਰੀ ਨਹੀਂ ਮਿਲਦੀ। ਗਵਰਨਮੈਂਟ ਦੀ ਗੱਲ ਨਹੀਂ ਚਲਦੀ। We are to decide who is to run the Government. The people of Britain will go to Polls. They will elect their representatives who will run the Government. ਇਸੇ ਤਰ੍ਹਾਂ ਸਾਨੂੰ ਵੀ ਲੋਕਾਂ ਦੀਆਂ ਤਕਲੀਫ਼ਾਂ ਦੂਰ ਕਰਨ ਲਈ ਚੀਜ਼ਾਂ ਦੀ ਵੰਡ ਸਬੰਧੀ ਜ਼ਰੂਰੀ ਕਦਮ ਚੁੱਕਣੇ ਪੈਣਗੇ। Oil is international problem. Fertilizer is also international problem. There should be fair distribution. Strong hands are needed for it. These are all drastic problems, and drastic remedies are to be adopted. ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਚੀਜ਼ਾਂ ਦੀ ਡਿਸਟਰੀਬਿਊਸ਼ਨ ਤੇ ਕੰਟਰੋਲ ਕਰਨਾ ਚਾਹੀਦਾ ਹੈ। ਕੱਲ, ਡਿਪਟੀ ਸਪੀਕਰ ਸਾਹਿਬ, ਇਹ ਗਵਰਨਰ ਸਾਹਿਬ ਦੇ ਐਡਰੈਸ ਵੇਲੇ ਗੱਤਿਆਂ ਦੇ ਬੋਰਡ ਲੈ ਕੇ ਹਾਊਸ ਵਿਚ ਆਏ। ਇੱਕ ਗੱਤੇ ਤੇ ਲਿਖਿਆ ਹੋਇਆ ਸੀ ਕਿ ਹਿੰਦੂ ਸਿੱਖ ਏਕਤਾ—ਜ਼ਿੰਦਾਬਾਦ। ਇਨ੍ਹਾਂ ਦਾ ਡੈਮੋਕਰੇਟਿਕ ਰਾਈਟ ਹੈ ਜੋ ਮਰਜ਼ੀ ਕਰਨ ਪਰ ਥੋੜ੍ਹਾ ਜਿਹਾ ਦਿਮਾਗ ਤੋਂ ਇਨ੍ਹਾਂ ਨੂੰ ਕੰਮ ਲੈਣਾ ਚਾਹੀਦਾ ਹੈ। (ਵਿਘਨ)

Mr. Deputy Speaker: No interruption please.

ਚੌਧਰੀ ਦਰਸ਼ਨ ਸਿੰਘ : ਜੇ ਇਹ ਕੋਈ ਹਿੰਦੂ ਲੈ ਆਉਂਦੇ ਅਤੇ ਉਸਦੇ ਹੱਥ ਵਿਚ ਗੱਤੇ ਦਾ ਬੋਰਡ ਫੜਾ ਦਿੰਦੇ ਤਾਂ ਤੇ ਠੀਕ ਸੀ। ਇਹ ਕਹਿੰਦੇ ਹਨ ਹਿੰਦੂ ਸਿੱਖ ਏਕਤਾ-ਜ਼ਿੰਦਾਬਾਦ ਅਤੇ ਬੰਨ੍ਹੀ ਫਿਰਦੇ ਹਨ ਸਾਰੇ ਨੀਲੀਆਂ ਪੱਗਾਂ ਅਤੇ ਹਿੰਦੂ ਇੱਕ ਵੀ ਨਾ ਹੋਵੇ। (ਤਾੜੀਆਂ) ਮੈਂ ਤਾਂ ਕਿਹਾ ਸੀ ਕਿ ਕੋਈ ਬੰਦਾ ਸਾਡੇ ਤੋਂ ਲੈ ਜਾਵੇ।

ਸਰਦਾਰ ਸਤਨਾਮ ਸਿੰਘ ਬਾਜਵਾ ** ** **

ਸ਼੍ਰੀ ਡਿਪਟੀ ਸਪੀਕਰ: ਇਹ ਜੋ ਕੁਝ ਬਾਜਵਾ ਸਾਹਿਬ ਨੇ ਕਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ। (Whatever Sardar Satnam Singh Bajwa has said, should not be recorded.)

ਚੌਧਰੀ ਦਰਸ਼ਨ ਸਿੰਘ : ਅਸੀਂ ਤਾਂ ਹਰ ਪੰਜਾਬੀ ਦੀ ਏਕਤਾ ਚਾਹੁੰਦੇ ਹਾਂ ਚਾਹੇ ਉਹ ਹਰੀਜਨ ਹੈ, ਇਸਾਈ ਹੈ, ਸਿੱਖ ਹੈ ਜਾਂ ਹਿੰਦੂ ਹੈ। ਪੰਜਾਬ ਨੂੰ ਅੱਗੇ ਵਧਾਉਣ ਵਾਸਤੇ ਇਹ ਜ਼ਰੂਰੀ ਹੈ ਕਿ ਸਾਰੇ ਪੰਜਾਬੀਆਂ ਵਿਚ ਏਕਤਾ ਹੋਵੇ। ਦੇਸ਼ ਦਾ ਮਾਹੌਲ ਅਤੇ ਸੂਬੇ ਦਾ ਮਾਹੌਲ ਠੀਕ ਰੱਖਣ ਵਾਸਤੇ ਗਵਰਨਰ ਸਾਹਿਬ ਨੇ ਪ੍ਰੇਰਨਾ ਕੀਤੀ ਹੈ।

**Not recorded as ordered by the Chair.

ਪੰਜਾਬ ਵਿਚ ਲਾਅ ਐਂਡ ਆਰਡਰ ਕਾਇਮ ਕਰਨ ਵਾਸਤੇ, ਸਾਰੇ ਪੰਜਾਬ ਨੂੰ ਇੱਕ ਮੁੱਠ ਕਰਨ ਵਾਸਤੇ ਅਸੀਂ ਇੱਕ ਹਾਂ। ਲੇਕਿਨ ਜੇ ਸੂਬੇ ਦੇ ਕਿਸੇ ਖੂੰਜੇ ਵਿਚੋਂ ਨਾਹਰੇ ਲੱਗਣਗੇ ਕਿ ਸਿਖਸਤਾਨ ਬਣ ਕੇ ਰਹੇਗਾ, ਇਹ ਠੀਕ ਨਹੀਂ। ਪੰਜਾਬ ਬਹੁਤ ਵਾਰੀ ਤਕਸੀਮ ਹੋਇਆ ਹੈ। ਸਿੱਖਾਂ ਦੀ ਐਡੀ ਵੱਡੀ ਹਿਸਟਰੀ ਹੋਵੇ, ਕੁਰਬਾਨੀਆਂ ਦੀ ਇੱਕ ਲੜੀ ਹੋਵੇ, ਪਰ ਇਨ੍ਹਾਂ ਦੀ ਪਾਰਟੀ ਦੀ ਮੀਟਿੰਗ ਵਿਚ ਇੱਕ ਉੱਘੇ ਮੈਂਬਰ ਨੇ ਇਹੋ ਜਿਹਾ ਬਿਆਨ ਦਿੱਤਾ ਹੋਵੇ, ਮੈਂ ਇਨ੍ਹਾਂ ਨੂੰ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਕਹਿਣਾ ਚਾਹੁੰਦਾ ਹਾਂ ਕਿ ਜੇ ਉਸਦਾ ਬਿਆਨ ਨਹੀਂ ਸੀ ਤਾਂ ਡਿਨਾਈ ਕਿਉਂ ਨਹੀਂ ਕੀਤਾ। 1962 ਦੀ ਲੜਾਈ ਵੇਲੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਕੰਧਾਂ ਤੇ ਇਹ ਲਿਖਵਾਇਆ ਕਿ 'ਸ਼ਹੀਦੋਂ ਕੀ ਕਸਮ, ਖੂਨ ਦੇਂਗੇ, ਦੇਸ਼ ਕੀ ਮਿੱਟੀ ਨਹੀਂ ਦੇਂਗੇ। 118 ਪਿੰਡ ਦੇ ਕੇ ਇਹ ਰੁਕੇ ਨਹੀਂ। ਇਹ ਕਹਿੰਦੇ ਹਨ ਅਸੀਂ ਨੱਠੇ ਨਹੀਂ। ਇਨ੍ਹਾਂ ਨੇ ਇਸ ਸੂਬੇ ਦਾ ਕਿੰਨਾ ਕੁ ਨੁਕਸਾਨ ਕੀਤਾ। ਹੁਣ ਫਿਰ ਇਹੋ ਜਿਹਾ ਮਾਹੌਲ ਇਹ ਪੈਦਾ ਕਰਨਾ ਚਾਹੁੰਦੇ ਹਨ। ਗਿਆਨੀ ਜੀ ਨੇ ਠੀਕ ਕੀਤਾ ਹੈ ਕਿ ਡੀ. ਆਈ. ਆਰ. ਦੇ ਥੱਲੇ ਉਸ ਨੂੰ ਬੰਦ ਕੀਤਾ ਹੈ। ਅੱਜ ਇਹ ਕਹਿੰਦੇ ਹਨ ਕਿ ਵੈਦ ਕਰਤਾਰ ਸਿੰਘ ਨੂੰ ਛੱਡ ਦਿੱਤਾ ਜਾਵੇ। ਉਨ੍ਹਾਂ ਬਿਆਨਾਂ ਦੀ ਤਾਂ ਅਜੇ ਸਿਆਹੀ ਵੀ ਨਹੀਂ ਸੁੱਕੀ ਜਦੋਂ ਇਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਵਿਚ ਰਾਮ, ਦਾਸ ਅਤੇ ਚੰਦ ਨਹੀਂ ਰਹਿਣਗੇ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਨੂੰ ਮੇਨਟੇਨ ਕੀਤਾ ਗਿਆ ਹੈ। ਇਹ ਇਨ੍ਹਾਂ ਦਾ ਭੁਲੇਖਾ ਹੈ ਕਿ ਪੰਜਾਬ ਵਿਚ ਹਿੰਦੂ ਸਿੱਖ ਏਕਤਾ ਨਹੀਂ। ਇਹ ਕਹਿੰਦੇ ਹਨ ਕਿ ਹਿੰਦੂ ਸਿੱਖ ਵੱਖ ਵੱਖ ਹਨ। ਪਰ ਮੈਂ ਕਹਿੰਦਾ ਹਾਂ ਕਿ ਪੰਜਾਬ ਵਿਚ ਹਿੰਦੂ ਸਿੱਖ ਵਿਚ ਕੋਈ ਫ਼ਰਕ ਨਹੀਂ ਹੈ, ਹਿੰਦੂ ਸਿੱਖ ਦੀ ਪੂਰੀ ਏਕਤਾ ਹੈ। ਪੰਜਾਬ ਨੇ ਲਾਅ ਐਂਡ ਆਰਡਰ ਮੇਨਟੇਨ ਕੀਤਾ ਹੈ ਅਤੇ ਇਹ ਪੰਜਾਬ ਸਰਕਾਰ ਦਾ ਇਹ ਦਰੁੱਸਤ ਕਦਮ ਹੈ ਕਿ ਉਹ ਲੋਕ ਜਿਹੜੇ ਸੈਪਰੇਟ ਟੈਂਡੈਂਸੀ ਦੇ ਮਾਲਕ ਹਨ ਉਨ੍ਹਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। (ਆਪੋਜ਼ੀਸ਼ਨ ਵਲੋਂ ਵਿਘਨ, ਸ਼ੋਰ।)

Mr. Deputy Speaker : Please wind up.

ਚੌਧਰੀ ਦਰਸ਼ਨ ਸਿੰਘ: ਡਿਪਟੀ ਸਪੀਕਰ ਸਾਹਿਬ, ਤੁਸੀਂ ਤਾਂ ਕਹਿੰਦੇ ਹੋ ਕਿ ਵਾਇੰਡ ਅੱਪ ਕਰ ਦਿਉ ਪਰ ਇਸ ਨਾਲ ਪਬਲਿਕ ਦਾ ਸਬੰਧ ਹੈ ਇਸ ਦਾ ਲਾਅ ਐਂਡ ਆਰਡਰ ਨਾਲ ਸਬੰਧ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਪੰਜਾਬ ਸਰਕਾਰ ਨੇ ਨਵੇਂ ਕਦਮ ਚੁੱਕੇ ਹਨ ਉਹ ਚੰਗੇ ਹਨ ਉਨ੍ਹਾਂ ਦੀ ਸਾਨੂੰ ਵੱਧ ਤੋਂ ਵੱਧ ਸਪੋਰਟ ਕਰਨੀ ਚਾਹੀਦੀ ਹੈ। ਇਨ੍ਹਾਂ ਅਖਰਾਂ ਨਾਲ ਮੈਂ ਇਹ ਧੰਨਵਾਦ ਦਾ ਮਤਾ ਪੇਸ਼ ਕਰਦਾ ਹਾਂ ਅਤੇ ਹਾਊਸ ਅੱਗੇ ਦਰਖ਼ਾਸਤ ਕਰਦਾ ਹਾਂ ਕਿ ਇਸ ਮਤੇ ਨੂੰ ਪਰਵਾਨ ਕੀਤਾ ਜਾਵੇ।

ਡਾਕਟਰ ਅਮੀਰ ਸਿੰਘ ਕਲਕਟ (ਟਾਂਡਾ) : ਡਿਪਟੀ ਸਪੀਕਰ ਸਾਹਿਬ, ਇਕ ਸੁਲਝੇ ਹੋਏ ਪਾਲਿਟੀਸ਼ੀਅਨ ਗਵਰਨਰ ਸਾਹਿਬ ਨੇ ਬਹੁਤ ਸੁੰਦਰ ਅਤੇ ਅੱਛਾ ਐਡਰੈੱਸ ਹਾਊਸ ਵਿਚ ਪੇਸ਼ ਕੀਤਾ ਹੈ ਜਿਸ ਦੀ ਸਾਨੂੰ ਸਾਰਿਆਂ ਨੂੰ ਸ਼ਲਾਘਾ ਕਰਨੀ ਚਾਹੀਦੀ ਹੈ। ਮੈਂ ਤਾਂ ਇਥੋਂ ਤਕ ਕਹਾਂਗਾ ਕਿ ਇਹ ਜਿਹੜਾ ਐਡਰੈੱਸ ਹੈ, it is worth its weight in gold.

ਡਿਪਟੀ ਸਪੀਕਰ ਸਾਹਿਬ, ਇਹ ਜੋ ਐਡਰੈੱਸ ਗਵਰਨਰ ਸਾਹਿਬ ਨੇ ਪੇਸ਼ ਕੀਤਾ ਹੈ ਉਸ ਦਾ ਕਰੈਡਿਟ ਫ਼ਸਟ ਸਟੇਜ ਤੇ ਇਸ ਸਰਕਾਰ ਨੂੰ ਜਾਂਦਾ ਹੈ। ਮੈਂ ਇਸ ਸਰਕਾਰ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਕਿ ਪਿਛਲੇ 2 ਸਾਲਾਂ ਵਿਚ ਬਹੁਤ ਸੋਹਣਾ ਅਤੇ ਅੱਛਾ ਕੰਮ ਕੀਤਾ ਹੈ। ਜੇ ਮੈਂ ਇਹ ਕਹਿ ਦੇਵਾਂ ਤਾਂ ਗ਼ਲਤ ਗੱਲ ਨਹੀਂ

[ਡਾਕਟਰ ਅਮੀਰ ਸਿੰਘ ਕਲਕਟ]

ਹੋਵੇਗੀ ਕਿ ਗਰੀਨ ਰੈਵੋਲਿਊਸ਼ਨ ਦਾ ਸਿਹਰਾ ਪੰਜਾਬ ਸਰਕਾਰ ਦੇ ਸਿਰ ਤੇ ਹੈ । ਸਾਡੇ ਹਿੰਦੁਸਤਾਨ ਵਿਚ ਸਭ ਤੋਂ ਜ਼ਿਆਦਾ ਵ੍ਹਾਈਟ ਰੈਵੋਲਿਊਸ਼ਨ ਦਾ ਕਰੈਡਿਟ ਵੀ ਇਸ ਸਰਕਾਰ ਨੂੰ ਜਾਂਦਾ ਹੈ।

ਇਸ ਸਰਕਾਰ ਨੇ ਓਪਰੇਸ਼ਨ ਫਲੱਡ ਲਿਆ ਕੇ ਸਾਰੇ ਪੰਜਾਬ ਵਿਚ ਪਰ ਕੈਪਿਟਾ ਮਿਲਕ ਪਰੋਡਕਸ਼ਨ ਵੀ ਕਾਫ਼ੀ ਵਧਾਈ ਹੈ । ਪੰਜਾਬ ਦੇ ਹਰ ਪਿੰਡ ਨੂੰ ਸੜਕ ਨਾਲ ਲਿੰਕ ਕਰ ਦਿੱਤਾ ਹੈ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਦਸਦਾ ਹਾਂ ਕਿ ਜਦੋਂ ਮੈਂ ਬਤੌਰ ਚੇਅਰਮੈਨ, ਅਨੁਮਾਨ ਕਮੇਟੀ ਦੇ ਬਾਹਰ ਦੂਜਿਆਂ ਸੂਬਿਆਂ ਵਿਚ ਗਿਆ ਤਾਂ ਉਥੋਂ ਦੇ ਚੀਫ਼ ਇੰਜੀਨਿਅਰਜ਼ ਅਤੇ ਹੋਰ ਅਫ਼ਸਰਾਂ ਨਾਲ ਡਿਸਕਸ਼ਨ ਕੀਤੀ । ਉਨ੍ਹਾਂ ਨੇ ਦਸਿਆ ਕਿ ਪੰਜਾਬ ਸਰਕਾਰ ਵਾਕਿਆ ਹੀ ਵਧਾਈ ਦੀ ਪਾਤਰ ਹੈ ਜਿਸ ਨੇ ਕਿ ਹਰ ਪਿੰਡ ਨੂੰ ਸੜਕ ਦਿੱਤੀ ਹੈ ਅਤੇ ਹਰ ਪਿੰਡ ਨੂੰ ਅਲੈਕਟਰੀਫ਼ਾਈ ਕਰਨ ਦਾ ਯਤਨ ਕੀਤਾ ਹੈ ।

ਡਿਪਟੀ ਸਪੀਕਰ ਸਾਹਿਬ, ਸਾਡੀ ਸਰਕਾਰ ਸਪੋਰਟਸ ਵਲ ਵੀ ਵਿਸ਼ੇਸ਼ ਧਿਆਨ ਦੇ ਰਹੀ ਹੈ ਅਤੇ ਇਸ ਤੇ ਕਾਫ਼ੀ ਖਰਚ ਕਰ ਕੇ ਯੁਵਕਾਂ ਵਿਚ ਉਤਸ਼ਾਹ ਪੈਦਾ ਕਰ ਰਹੀ ਹੈ। ਪੰਜਾਬ ਵਿਚ ਸਪੋਰਟਸ ਦੀ ਤਰੱਕੀ ਹੋਣ ਨਾਲ ਜਿਹੜੇ ਸਾਡੇ ਦੇਸ਼ ਦੇ ਯੁਵਕ ਹਨ ਉਨ੍ਹਾਂ ਵਿਚ ਯੂਥ ਅਨਰੈਸਟ ਨਹੀਂ ਹੋਵੇਗੀ ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਜਿਸ ਵਲੇ ਪਾਰਟੀਸ਼ਨ ਹੋਈ ਉਦੋਂ ਮੈਂ ਮਿੰਟਗੁਮਰੀ ਜ਼ਿਲ੍ਹੇ ਵਿਚੋਂ ਉਜੜਿਆ ਸੀ । ਪੰਜਾਬ ਵਿਚ ਅਨਾਜ ਦੀ ਬਹੁਤ ਕਮੀ ਸੀ । ਪੰਜਾਬ ਨੂੰ ਕਣਕ ਬਾਹਰੋਂ ਮੰਗਵਾਉਣੀ ਪੈਂਦੀ ਸੀ । ਕਾਂਗਰਸ ਸਰਕਾਰ 1947 ਤੋਂ ਹੀ ਪੰਜਾਬ ਨੂੰ ਅੱਗੇ ਤਰੱਕੀ ਵੱਲ ਲੈ ਜਾਣ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਅੱਜ ਅਸੀਂ ਬੜੇ ਫ਼ਖ਼ਰ ਨਾਲ ਕਹਿ ਸਕਦੇ ਹਾਂ ਕਿ ਸਾਡਾ ਪੰਜਾਬ ਇਕ ਰਿੱਚੈਸਟ ਸਟੇਟ ਹੈ । ਪੰਜਾਬ ਵਿਚ ਜੋ ਸਹੂਲਤਾਂ ਅੱਜ ਕਿਸਾਨਾਂ ਨੂੰ ਦਿੱਤੀਆਂ ਜਾ ਰਹੀਆਂ ਹਨ ਉਹ ਹੋਰ ਸਟੇਟਸ ਦੇ ਕਿਸਾਨਾਂ ਨੂੰ ਹੁਣ ਤੱਕ ਨਹੀਂ ਮਿਲ ਸਕੀਆਂ । ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਦੱਸਦਾ ਹਾਂ ਕਿ ਦੂਜਿਆਂ ਸੂਬਿਆਂ ਵਿਚ ਕਣਕ ਦੀ ਕਿੰਨੀ ਕਮੀ ਹੈ । ਮੈਂ ਜਦੋਂ ਬਤੌਰ ਚੇਅਰਮੈਨ, ਅਨੁਮਾਨ ਕਮੇਟੀ ਦੇ ਗੋਆ ਵਿਚ ਗਿਆ ਤਾਂ ਉਥੇ ਸਾਨੂੰ ਖਾਣ ਲਈ ਇਕ ਕੌਲੀ ਚਾਵਲਾਂ ਦੀ ਮਿਲੀ । ਮੈਂ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਖਾਣ ਲਈ ਚਪਾਤੀ ਚਾਹੀਦੀ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਹਮਾਰੇ ਪਾਸ ਤੋ ਕਣਕ ਹੀ ਨਹੀਂ, ਚੀਫ਼ ਮਨਿਸਟਰ ਸਾਹਿਬ ਐਸੇ ਹੀ ਕਹਿਤੇ ਹੈਂ । ਉਨ੍ਹਾਂ ਹਲਕਿਆਂ ਵਿਚ ਜਾ ਕੇ ਪਤਾ ਲਗਦਾ ਹੈ ਕਿ ਪੰਜਾਬ ਵਿਚ ਖਾਣ ਪੀਣ ਦੀਆਂ ਕਿੰਨੀਆਂ ਸਹੂਲਤਾਂ ਹਨ । ਇਥੇ ਕਿਸੇ ਚੀਜ਼ ਦੀ ਕੋਈ ਕਮੀ ਨਹੀਂ । ਮੈਂ, ਡਿਪਟੀ ਸਪੀਕਰ ਸਾਹਿਬ, ਅੰਕੜੇ ਦੱਸ ਕੇ ਇਹ ਸਾਬਤ ਕਰਾਂਗਾ ਕਿ ਪੰਜਾਬ ਨੇ ਹੋਰ ਮਹਿਕਮਿਆਂ ਵਿਚ, ਅਦਾਰਿਆਂ ਵਿਚ, ਸੂਬਿਆਂ ਵਿਚ ਅੱਗੇ ਨਾਲੋਂ ਕਿੰਨੀ ਤਰੱਕੀ ਕੀਤੀ ਹੈ ।

ਮੈਂ, ਡਿਪਟੀ ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਐਜੂਕੇਸ਼ਨ ਦੀ ਗੱਲ ਕਰਦਾ ਹਾਂ । ਸਾਡੇ ਪੰਜਾਬ ਨੇ ਵਿਦਿਆ ਦੇ ਪਸਾਰ ਵਿਚ ਬਹੁਤ ਤਰੱਕੀ ਕੀਤੀ ਹੈ । ਪਿਛਲੇ ਸਾਲ ਪੰਜਾਬ ਵਿਚ 200 ਮਿਡਲ ਸਕੂਲ ਅਤੇ 1,000 ਪ੍ਰਾਇਮਰੀ ਸਕੂਲ ਖੋਲ੍ਹੇ ਗਏ ਜਿਹੜੇ ਕਿ ਅੱਛੀ ਤਰ੍ਹਾਂ ਲੋਕਾਂ ਨੇ ਰਸੀਵ ਕੀਤੇ । ਡਿਪਟੀ ਸਪੀਕਰ ਸਾਹਿਬ, ਇਸ ਦੀ ਬਿਨਾਂ ਤੇ ਮੈਂ ਕਹਿ ਸਕਦਾ ਹਾਂ ਕਿ ਉਹ ਦਿਨ ਦੂਰ ਨਹੀਂ ਜਦੋਂ ਕਿ ਸਾਡਾ ਸੂਬਾ ਵਿਦਿਆ ਦੇ ਮਾਮਲੇ ਵਿਚ ਕੇਰਲਾ ਸਟੇਟ ਨਾਲੋਂ ਵੀ ਅੱਗੇ ਨਿਕਲ ਜਾਵੇਗਾ ।

ਪਹਿਲੇ ਜ਼ਿਮੀਦਾਰ 7, 8 ਸਾਲ ਤੋਂ ਛੋਟੀ ਉਮਰ ਦੇ ਬੱਚੇ ਨੂੰ 2-3 ਮੀਲ ਦੀ ਦੂਰੀ ਤੇ ਪੜ੍ਹਨ ਲਈ ਭੇਜਣਾ ਇਨਸਿਕਿਓਰ ਸਮਝਦਾ ਸੀ ਕਿਉਂਕਿ ਪਿੰਡਾਂ ਵਿਚ ਟਰੈਕਟਰ ਵਗੈਰਾ ਚਲਣ

ਕਾਰਨ ਐਕਸੀਡੈਂਟ ਆਮ ਤੌਰ ਤੇ ਹੋ ਜਾਂਦੇ ਹਨ । ਫਿਰ, ਡਿਪਟੀ ਸਪੀਕਰ ਸਾਹਿਬ, 3 ਕਿਲੋ ਮੀਟਰ ਤਾਂ ਕਹਿਣ ਵਾਲੀ ਗੱਲ ਹੈ 2, 2 ਕਿਲੋ ਮੀਟਰ ਤੇ ਹੀ ਮਿਡਲ ਸਕੂਲ ਬਣਾਏ ਗਏ ਹਨ । ਫਿਰ ਮੇਰੇ ਜ਼ਿਲ੍ਹੇ ਹੁਸ਼ਿਆਰਪੁਰ ਵਿਚ ਤਾਂ 5, 5 ਕਿਲੋ ਮੀਟਰ ਤੇ ਹੀ ਹਾਈ ਸਕੂਲ ਖੁਲ੍ਹ ਗਏ ਹਨ । ਸਭ ਤੋਂ ਪ੍ਰਸ਼ੰਸਾ ਯੋਗ ਗੱਲ ਤਾਂ ਇਹ ਹੈ ਕਿ ਸਪੋਰਟਸ ਕੰਪਲੈਕਸ ਜਿਹੜੇ ਜ਼ਿਲ੍ਹਿਆਂ ਵਿਚ ਬਣ ਰਹੇ ਹਨ ਉਸ ਲਈ ਸਰਕਾਰ ਵਧਾਈ ਦੀ ਪਾਤਰ ਹੈ । ਜਿਥੇ ਸਾਡਾ ਪੰਜਾਬ ਮਜ਼ਬੂਤ ਹੈ ਅਤੇ ਇੰਡਸਟਰੀਅਸ ਕਿਸਾਨ ਪੈਦਾ ਕਰਦਾ ਹੈ ਜਿਥੇ ਕਿ ਪੰਜਾਬ ਇਕ ਦਲੇਰ ਅਤੇ ਬਹਾਦਰ ਸੂਬਾ ਹੈ ਉਥੇ ਸਾਡੇ ਸਪੋਰਟਸਮੈਨ ਵੀ ਐਸੇ ਹੋਣੇ ਚਾਹੀਦੇ ਹਨ ਜਿਹੜੇ ਕਿ ਪੰਜਾਬ ਦਾ ਨਾਂ ਰੌਸ਼ਨ ਕਰਨ ਅਤੇ ਬਾਕੀ ਦੇ ਦੇਸ਼ਾਂ ਨੂੰ ਮਾਤ ਪਾਉਣ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਪਰ ਕੈਪਿਟਾ ਇਨਕਮ 1970-71 ਵਿਚ 995 ਰੁਪਏ ਸੀ, ਹਰਿਆਣੇ ਵਿਚ 829 ਰੁਪਏ ਸੀ ਅਤੇ ਗੁਜਰਾਤ ਵਿਚ 728 ਰੁਪਏ ਸੀ । ਹਰਿਆਣੇ ਵਾਲੇ ਬਹੁਤ ਡੀਗਾਂ ਮਾਰਦੇ ਹਨ ਕਿ ਅਸੀਂ ਬਹੁਤ ਤਰੱਕੀ ਕੀਤੀ ਹੈ ਪਰ ਫਿਰ ਵੀ ਸਾਡੇ ਪੰਜਾਬ ਦੀ ਪਰ ਕੈਪਿਟਾ ਇਨਕਮ ਸਭ ਤੋਂ ਜ਼ਿਆਦਾ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਐਗਰੀਕਲਚਰ ਦੇ ਮੁਤੱਲਕ ਵੀ ਥੋੜ੍ਹਾ ਜਿਹਾ ਜ਼ਿਕਰ ਕਰਨਾ ਚਾਹੁੰਦਾ ਹਾਂ । ਜਿਥੇ ਸਾਡੇ ਦੇਸ਼ ਦੀ ਇਕਾਨੋਮੀ ਵਿਚ ਡਿਪਰੈਸ਼ਨ ਹੈ ਉਥੇ ਪੰਜਾਬ ਦੀ ਇਕਾਨੋਮੀ ਬੁਆਇੰਸੀ ਵਿਚ ਹੈ । ਇਸ ਦੀ ਮੇਨ ਵਜ੍ਹਾ ਇਹ ਹੈ ਕਿ ਪੰਜਾਬ ਨੂੰ 55 ਫੀ ਸਦੀ ਇਨਕਮ ਐਗਰੀਕਲਚਰ, ਐਨੀਮਲ ਹਸਬੈਂਡਰੀ ਅਤੇ ਫਿਸ਼ਰੀਜ਼ ਤੋਂ ਹੀ ਹੁੰਦੀ ਹੈ । ਮੈਂ ਤਾਂ ਇਹ ਕਹਾਂਗਾ ਕਿ ਪੰਜਾਬ ਨੇ ਐਗਰੀਕਲਚਰ ਵਿਚ ਬਾਕੀ ਸਾਰਿਆਂ ਸੂਬਿਆਂ ਨਾਲੋਂ ਜ਼ਿਆਦਾ ਤਰੱਕੀ ਕੀਤੀ ਹੈ । ਮੈਂ ਜਦੋਂ ਬਾਹਰ ਦੂਜਿਆਂ ਸੂਬਿਆਂ ਵਿਚ ਗਿਆ ਤਾਂ ਉਨ੍ਹਾਂ ਸਟੇਟਸ ਵਾਲਿਆਂ ਨੇ ਕਿਹਾ ਕਿ ਅਸੀਂ ਤਾਂ ਪੰਜਾਬ ਦੇ ਬਹੁਤ ਮਸ਼ਕੂਰ ਹਾਂ ਜਿਸ ਨੇ ਕਿ ਖੇਤੀਬਾੜੀ ਵਿਚ ਇਤਨੀ ਤਰੱਕੀ ਕਰਕੇ ਦੂਜੇ ਸੂਬਿਆਂ ਨੂੰ ਵੀ ਅੰਨ ਸੰਕਟ ਤੋਂ ਬਚਾਇਆ ਹੈ ਨਹੀਂ ਤਾਂ ਅੱਧਾ ਹਿੰਦੁਸਤਾਨ ਭੁੱਖਾ ਮਰ ਜਾਂਦਾ ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਅੱਗੇ ਮੈਂ ਇੰਡਸਟਰੀ ਵੱਲ ਆਉਂਦਾ ਹਾਂ । ਪੰਜਾਬ ਦਾ ਬਾਰਡਰ ਇਨਸਿਕਓਰ ਹੋਣ ਕਰਕੇ ਅੱਜ ਤਾਈਂ ਇੰਡਸਟਰੀ ਦੀ ਡਿਵੈਲਪਮੈਂਟ ਨਹੀਂ ਹੋ ਸਕੀ । ਮੈਂ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਅੱਜ ਪੰਜਾਬ ਇੰਡਸਟਰੀਅਲ ਮੈਪ ਤੇ ਆ ਰਿਹਾ ਹੈ । ਜੇ ਸਾਡੀ ਸਰਕਾਰ ਇੰਡਸਟਰੀ ਵੱਲ ਖਾਸ ਤਵੱਜੋ ਨਾ ਦਿੰਦੀ ਤਾਂ ਸਾਡੇ ਪੰਜਾਬ ਵਿਚ ਇੰਡਸਟਰੀ ਪ੍ਰਫੁਲਤ ਨਹੀਂ ਸੀ ਹੋਣੀ । ਪੰਜਾਬ ਵਿਚ ਬਹੁਤ ਸਾਰੇ ਪਰੋਜੈਕਟ ਸੈਟ ਅੱਪ ਕੀਤੇ ਗਏ ਹਨ ਅਤੇ ਹੋਰ ਵੀ ਲੈਟਰ ਆਫ ਇਨਟੈਂਟਸ ਦਿਵਾ ਰਹੇ ਹਨ । ਮੈਂ ਸਮਝਦਾ ਹਾਂ ਕਿ 10 ਹੋਰ ਫੋਕਲ ਪੁਆਇੰਟਸ ਪੰਜਾਬ ਵਿਚ ਲੱਗ ਜਾਣਗੇ ਉਨ੍ਹਾਂ ਨਾਲ ਇੰਡਸਟਰੀ ਨੂੰ ਬਹੁਤ ਫਰੋਗ ਮਿਲੇਗਾ ।

ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਲੈਂਡ ਲਿਮਟਿਡ ਹੋਣ ਕਰਕੇ ਅਤੇ ਫ੍ਰੈਗਮੈਂਟੇਸ਼ਨ ਹੋਣ ਕਰਕੇ ਅੱਜ ਜ਼ਿਮੀਦਾਰ ਇੰਡਸਟਰੀ ਵੱਲ ਆਪਣਾ ਧਿਆਨ ਰੱਖਣਾ ਚਾਹੁੰਦਾ ਹੈ । ਜਿਹੜੀ ਗਰੀਬੀ ਦੂਰ ਕਰਨ ਦਾ ਅਸੀਂ ਵਾਇਦਾ ਕੀਤਾ ਸੀ ਉਹ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਸਮਾਲ ਸਕੇਲ ਇੰਡਸਟਰੀ ਨੂੰ ਫਰੋਗ ਦਿਤੀ ਜਾਵੇ । ਵੱਡੇ ਪਲਾਂਟਸ ਨਾਲ ਸਾਡੀ ਗਰੀਬੀ ਦੂਰ ਨਹੀਂ ਹੋ ਸਕਦੀ । ਪੰਜਾਬ ਵਿਚ ਅੱਜ ਗਰੀਬੀ ਦੂਜੀਆਂ ਸਟੇਟਸ ਦੇ ਮੁਕਾਬਲੇ ਵਿਚ ਬਹੁਤ ਥੋੜ੍ਹੀ ਹੈ । ਪਾਵਰ ਦੀ ਇਥੇ ਬਹੁਤ ਸ਼ਾਰਟੇਜ ਰਹੀ ਹੈ । ਅੱਜ ਗਿਆਨੀ ਜੀ ਦੀ ਸਰਕਾਰ ਦੀ ਕ੍ਰਿਪਾ ਨਾਲ ਥੀਨ ਡੈਮ ਦੀ ਕਲੀਅਰੈਂਸ ਮਿਲ ਗਈ ਹੈ ਇਸ ਨੂੰ ਜਲਦੀ ਬਣਾ ਲੈਣਾ ਚਾਹੀਦਾ ਹੈ । ਜਿਥੇ ਥਰਮਲ ਪਲਾਂਟ

[ਡਾਕਟਰ ਅਮੀਰ ਸਿੰਘ ਕਲਕਟ]

ਹਨ ਉਸ ਤੇ ਸਾਨੂੰ ਬਹੁਤ ਇਤਬਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਕੋਲੇ ਦੀ ਸ਼ਾਰਟੇਜ ਕਰਕੇ ਰੇਲਵੇ ਨੂੰ ਆਪਣੀਆਂ ਗੱਡੀਆਂ ਕੈਂਸਲ ਕਰਨੀਆਂ ਪੈਂਦੀਆਂ ਹਨ । ਥਰਮਲ ਪਲਾਂਟ ਜਿਸ ਨੂੰ ਕਿ 60-70 ਵੈਗਨਾਂ ਕੋਇਲੇ ਦੀ ਲੋੜ ਪੈਣੀ ਹੈ ਮੇਰਾ ਖਿਆਲ ਹੈ ਕਿ ਅਸੀਂ ਉਸ ਦੀ ਲੋੜ ਨੂੰ ਪੂਰਾ ਨਹੀਂ ਕਰ ਸਕਾਂਗੇ । ਮੈਂ ਵੇਖਿਆ ਹੈ ਕਿ ਜਿਥੇ ਕੋਲ-ਮਾਈਨਜ਼ ਹਨ ਉਨ੍ਹਾਂ ਦੇ ਨਜ਼ਦੀਕ ਜਿਹੜੇ ਯੂਨਿਟਸ ਲੱਗੇ ਹੋਏ ਹਨ ਉਹ ਵੀ ਪੂਰੀ ਪ੍ਰੋਡਕਸ਼ਨ ਨਹੀਂ ਦੇ ਰਹੇ । ਸਾਡੇ ਤੋਂ ਤਾਂ ਕੋਲ-ਮਾਇਨਜ਼ ਬਹੁਤ ਦੂਰ ਹਨ ਔਰ ਅਸੀਂ ਆਪਣੀ ਕੋਇਲੇ ਦੀ ਮੰਗ ਨੂੰ ਕਿਸ ਤਰ੍ਹਾਂ ਪੂਰਾ ਕਰਾਂਗੇ। ਸਰਕਾਰ ਨੂੰ ਇਸ ਚੀਜ਼ ਵੱਲ ਵੇਖਣਾ ਚਾਹੀਦਾ ਹੈ । ਆਦਮੀ ਪਾਸ ਦੋ ਹੀ ਵੱਡੀਆਂ ਤਾਕਤਾਂ ਹਨ । ਇਕ ਪਾਣੀ ਹੈ ਔਰ ਦੂਜੀ ਬਿਜਲੀ ਹੈ । ਜੇਕਰ ਇਕ ਮਹੀਨਾ ਬਿਜਲੀ ਬੰਦ ਹੋ ਜਾਵੇ ਤਾਂ ਮੇਰਾ ਖ਼ਿਆਲ ਹੈ ਕਿ ਪੰਜਾਬ ਨੂੰ ਬਾਹਰੋਂ ਅਨਾਜ ਮੰਗਵਾ ਕੇ ਗੁਜ਼ਾਰਾ ਕਰਨਾ ਪਵੇ । ਇਸ ਲਈ ਸਰਕਾਰ ਨੂੰ ਬਿਜਲੀ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ । ਅੱਜ ਤੱਕ ਜੋ ਪੰਜਾਬ ਸਰਕਾਰ ਨੇ ਬਿਜਲੀ ਲਈ ਕੀਤਾ ਹੈ ਮੈਂ ਸਮਝਦਾ ਹਾਂ ਕਿ ਉਹ ਸ਼ਲਾਘਾਯੋਗ ਹੈ ।

ਡਿਪਟੀ ਸਪੀਕਰ ਸਾਹਿਬ, ਮੈਂ ਰੋਡਜ਼ ਦੇ ਬਾਰੇ ਕਹਿ ਹੀ ਬੈਠਾ ਹਾਂ । ਪਰ ਮੈਂ ਇਸ ਸਰਕਾਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਇਨ੍ਹਾਂ ਨੇ ਜਿਹੜੇ ਸਾਡੇ ਮਹਾਨ ਸ਼ਹੀਦ ਹੋਏ ਹਨ, ਮਹਾਨ ਗੁਰੂ ਹੋਏ ਹਨ, ਗੁਰੂ ਗੋਬਿੰਦ ਸਿੰਘ ਮਾਰਗ ਬਣਾ ਕੇ ਇਕ ਮਹਾਨ ਕੰਮ ਕੀਤਾ ਹੈ । ਉਨ੍ਹਾਂ ਦੀ ਯਾਦ ਤਾਜ਼ਾ ਕੀਤੀ ਹੈ । ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸ ਦਿੰਦਾ ਹਾਂ ਕਿ ਜਿਹੜੇ ਟ੍ਰੀਬਿਊਟਸ ਅੰਗਰੇਜ਼ੀ ਲਾਰਡ ਨੇ 13 ਅਗਸਤ, 1947 ਨੂੰ ਦੇਸ਼ ਭਗਤਾਂ ਨੂੰ ਪੇ ਕੀਤੇ ਸਨ ਮੈਂ ਸਮਝਦਾ ਹਾਂ ਕਿ ਉਹ ਮਹਾਨ ਸ਼ਹੀਦਾਂ ਕਰਕੇ ਹੀ ਪੇ ਕੀਤੇ ਗਏ ਸਨ । ਸਾਡੀ ਸਰਕਾਰ ਨੇ ਦੇਸ਼ ਭਗਤਾਂ ਦੀ ਕਦਰ ਕਰਕੇ, ਉਨ੍ਹਾਂ ਨੂੰ ਪੈਨਸ਼ਨ ਦੇ ਕੇ ਮੈਂ ਸਮਝਦਾ ਹਾਂ ਕਿ ਸਾਨੂੰ ਮਜ਼ਬੂਤ ਕੀਤਾ ਹੈ । ਉਨ੍ਹਾਂ ਸ਼ਹੀਦਾਂ ਨੇ ਸਾਡੇ ਲਈ ਆਪਣਾ ਖ਼ੂਨ ਦਿੱਤਾ । ਦੇਸ਼ ਦੀ ਆਜ਼ਾਦੀ ਲਈ ਆਪਣੀ ਸ਼ਹਾਦਤ ਦਿੱਤੀ । ਸਰਕਾਰ ਨੇ ਜਿਹੜਾ ਉਨ੍ਹਾਂ ਦਾ ਸਨਮਾਨ ਕੀਤਾ ਹੈ ਉਹ ਉਸ ਵਾਸਤੇ ਸ਼ਲਾਘਾ ਦੀ ਪਾਤਰ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਟਰਾਂਸਪੋਰਟ ਦਾ ਮਸਲਾ ਹੈ । ਦਸ ਪੰਦਰਾਂ ਦਿਨ ਹੋਏ ਸਾਡੇ ਮਨਿਸਟਰ ਸਾਹਿਬ ਨੇ ਇਹ ਬਿਆਨ ਦਿੱਤਾ ਹੈ ਕਿ ਟਰਾਂਸਪੋਰਟ ਡੀ-ਨੈਸ਼ਨੇਲਾਈਜ਼ ਕਰ ਦੇਣੀ ਹੈ । ਮੈਂ ਸਮਝਦਾ ਹਾਂ ਕਿ ਜੇਕਰ ਅਸੀਂ ਮੁਨਾਫ਼ਾ ਨਹੀਂ ਕਮਾ ਰਹੇ ਤਾਂ ਵੀ ਕੋਈ ਗੱਲ ਨਹੀਂ ਹੈ। ਟਰਾਂਸਪੋਰਟ ਦਾ ਮਹਿਕਮਾ ਸੇਵਾਦਾਰੀ ਵਾਲਾ ਮਹਿਕਮਾ ਹੈ ਜਿਸ ਨੇ ਲੋਕਾਂ ਨੂੰ ਸਸਤੇ ਰੇਟ ਤੇ ਆਵਾਜਾਈ ਦੇ ਸਾਧਨ ਮੁਹੱਈਆ ਕੀਤੇ ਹਨ । ਇਹ ਉਨ੍ਹਾਂ ਦਾ ਫ਼ਰਜ਼ ਹੈ । ਸਾਨੂੰ ਇਸ ਪਾਸੇ ਤਾਂ ਸੋਚਣਾ ਹੀ ਨਹੀਂ ਚਾਹੀਦਾ ਕਿ ਟਰਾਂਸਪੋਰਟ ਨੂੰ ਡੀਨੈਸ਼ਨੇਲਾਈਜ਼ ਕਰ ਦਿੱਤਾ ਜਾਵੇ । ਸਾਨੂੰ ਤਾਂ ਸਾਰੀ ਦੀ ਸਾਰੀ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰ ਦੇਣਾ ਚਾਹੀਦਾ ਹੈ । ਜੇਕਰ ਕੋਈ ਡਿਫੀਕਲਟੀ ਹੈ ਤਾਂ ਉਹ ਸਾਰੀ ਟਰਾਂਸਪੋਰਟ ਨੈਸ਼ਨੇਲਾਈਜ਼ ਨਾ ਕਰਨ ਕਰਕੇ ਹੀ ਹੈ । ਇਹ ਪ੍ਰਾਈਵੇਟ ਓਪਰੇਟਰ ਹੀ ਹਨ ਜਿਹੜੇ ਕਿ ਸਰਕਾਰੀ ਡਰਾਈਵਰ ਔਰ ਕੰਡਕਟਰ ਦੀ ਪਾਸ ਗਹੀਜ਼ ਕਰਕੇ ਫ਼ਾਇਦਾ ਉਠਾ ਰਹੇ ਹਨ ।

ਡਿਪਟੀ ਸਪੀਕਰ ਸਾਹਿਬ, ਮੈਂ ਮਹਾਂਰਾਸ਼ਟਰ ਦਾ ਟਰਾਂਸਪੋਰਟ ਦਾ ਸਿਸਟਮ ਵੇਖਿਆ ਹੈ । ਉਨ੍ਹਾਂ ਪਾਸ ਸੱਤ ਹਜ਼ਾਰ ਬੱਸਾਂ ਦੀ ਫਲੀਟ ਹੈ । 65 ਕਰੋੜ ਰੁਪਏ ਸਾਲਾਨਾ ਉਨ੍ਹਾਂ ਨੂੰ ਆਮਦਨੀ ਹੈ । ਉਨ੍ਹਾਂ ਦੀਆਂ ਡੇ ਐਂਡ ਨਾਈਟ ਬੱਸਾਂ ਚਲਦੀਆਂ ਹਨ । ਉਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਸੜਕਾਂ ਹਨ ਮੈਂ ਸਮਝਦਾ ਹਾਂ ਕਿ ਉਸ ਤਰ੍ਹਾਂ ਦੀ ਪੰਜਾਬ ਵਿਚ ਕੋਈ ਵੀ ਸੜਕ ਨਹੀਂ ਹੈ । ਅਸੀਂ ਬੰਬਈ ਤੋਂ

ਗੰਆ ਤੱਕ ਬਾਈ ਰੋਡ ਗਏ ਸੀ ਸਿਰਫ ਇਹ ਵੇਖਣ ਵਾਸਤੇ ਕਿ ਉਨ੍ਹਾਂ ਦਾ ਟਰਾਂਸਪੋਰਟ ਦਾ ਸਿਸਟਮ ਕਿਸ ਤਰ੍ਹਾਂ ਦਾ ਹੈ । ਮੈਂ ਉਨ੍ਹਾਂ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਨ੍ਹਾਂ ਦਾ ਟਰਾਂਸਪੋਰਟ ਸਿਸਟਮ ਰੇਲਵੇ ਨਾਲੋਂ ਵੀ ਚੰਗਾ ਹੈ । ਉਹ ਆਪਣੀਆਂ ਬੱਸਾਂ ਆਪਣੀ ਵਰਕਸ਼ਾਪ ਵਿਚ ਹੀ ਬਣਾਉਂਦੇ ਹਨ । ਮੈਂ ਇਹ ਜ਼ਰੂਰ ਕਹਾਂਗਾ ਕਿ ਉਨ੍ਹਾਂ ਦਾ ਟਰਾਂਸਪੋਰਟ ਸਿਸਟਮ ਬੜਾ ਹੀ ਚੰਗਾ ਹੈ ਔਰ ਸਾਨੂੰ ਉਸ ਸਿਸਟਮ ਤੋਂ ਫ਼ਾਇਦਾ ਉਠਾਉਣਾ ਚਾਹੀਦਾ ਹੈ । ਉਸ ਨੂੰ ਅਪਨਾਉਣ ਦਾ ਯਤਨ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਸੋਸ਼ਲ ਵੈਲਫ਼ੇਅਰ ਬਾਰੇ ਜੋ ਕੁਝ ਪੰਜਾਬ ਸਰਕਾਰ ਨੇ ਕੀਤਾ ਹੈ ਉਹ ਵੀ ਸ਼ਲਾਘਾਯੋਗ ਹੈ । ਜਿਹੜੀਆਂ ਯੂਥ ਵੈਲਫ਼ੇਅਰ ਕੌਂਸਲਜ਼ ਬਣਾਈਆਂ ਹਨ, ਉਹ ਵੀ ਸ਼ਲਾਘਾਯੋਗ ਕੰਮ ਕੀਤਾ ਹੈ । ਜੇਕਰ ਅਸੀਂ ਆਪਣੇ ਸਟੂਡੈਂਟਸ ਦਾ ਧਿਆਨ ਕਿਸੇ ਗ਼ਲਤ ਪਾਸੇ ਵੱਲ ਖਿਚ ਲਈਏ ਤਾਂ ਮੈਂ ਸਮਝਦਾ ਹਾਂ ਕਿ ਉਹ ਠੀਕ ਕੰਮ ਨਹੀਂ ਹੈ ਜਿਸ ਤਰ੍ਹਾਂ ਕਿ ਪੁਲਿਟੀਕਲ ਪਾਰਟੀਆਂ ਕਰ ਰਹੀਆਂ ਹਨ । ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਕੜਵੀ ਦਵਾਈ ਦੇਣ ਵਿਚ ਬਿਲੀਵ ਕਰਦਾ ਹਾਂ, ਸ਼ੂਗਰ ਕੋਟਿਡ ਗੋਲੀਆਂ ਵਿਚ ਬਿਲੀਵ ਨਹੀਂ ਕਰਦਾ । ਜੇਕਰ ਕੋਈ ਪੰਜਾਬ ਵਿਚ ਲਾਅ-ਐਂਡ-ਆਰਡਰ ਵਿਚ ਗੜਬੜ ਹੋਈ ਹੈ ਤਾਂ ਉਹ ਜਿਹੜੇ ਸਾਡੇ ਪੁਲੀਟੀਕਲ ਪਾਰਟੀਜ਼ ਵਾਲੇ ਹਨ, ਉਨ੍ਹਾਂ ਕਰਕੇ ਹੋਈ ਹੈ । ਉਹ ਸਮਝਦੇ ਹਨ ਕਿ ਜੇਕਰ ਯੂਥ ਨੂੰ ਇਸ ਤਰ੍ਹਾਂ ਭੜਕਾਇਆ ਜਾਵੇਗਾ ਤਾਂ ਹਿੰਦੁਸਤਾਨ ਦੀ ਤੇ ਪੰਜਾਬ ਦੀ ਸਰਕਾਰ ਟੁੱਟ ਸਕਦੀ ਹੈ । ਮੈਂ ਇਨ੍ਹਾਂ ਨੂੰ, ਡਿਪਟੀ ਸਪੀਕਰ ਸਾਹਿਬ, ਤੁਹਾਡੀ ਰਾਹੀਂ ਇਹ ਦੱਸ ਦਿੰਦਾ ਹਾਂ ਕਿ ਜਿਹੜੇ ਪੁਰਾਣੇ ਕਾਬਲ ਅਫ਼ਸਰ ਹਨ, ਚੰਗੇ ਅਫਸਰ ਹਨ ਉਹ ਹਾਲਾਤ ਨੂੰ ਵਿਗੜਨ ਨਹੀਂ ਦੇਣਗੇ । ਉਹ ਬਹੁਤ ਤਕੜੇ ਹਨ, ਹਿੰਦੁਸਤਾਨ ਦੀ ਆਰਮੀ ਬਹੁਤ ਤਕੜੀ ਹੈ । ਹਿੰਦੁਸਤਾਨ ਦੀ ਆਰਮੀ ਇਤਨੀ ਤਕੜੀ ਹੈ ਕਿ ਉਹ ਪੰਜਾਬ ਵਿਚ ਰੈਵੋਲਿਊਸ਼ਨ ਨਹੀਂ ਆਉਣ ਦੇਵੇਗੀ । ਮੈਂ ਪੁਲਿਟੀਕਲ ਪਾਰਟੀਆਂ ਨੂੰ ਦੱਸ ਦਿੰਦਾ ਹਾਂ ਕਿ ਉਹ ਇਸ ਤਰ੍ਹਾਂ ਨਾ ਕਰਨ । ਜੇਕਰ ਸਾਡੇ ਵਿਚ ਕੋਈ ਕਮੀਆਂ ਹਨ ਤਾਂ ਉਹ ਸਾਨੂੰ ਦੱਸਣ ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

Mr. Deputy Speaker : This is no point of order.

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਹੈਲਥ ਤੇ ਫ਼ੈਮਿਲੀ ਪਲੈਨਿੰਗ ਵਲ ਆਉਂਦਾ ਹਾਂ। ਮੈਂ ਆਪਣੀ ਵਲੋਂ ਡਾਇਰੈਕਟਰ ਹੈਲਥ ਸਰਵਿਸਿਜ਼ ਨੂੰ ਟ੍ਰਿਬਿਊਟ ਦਿੱਤੇ ਬਗੈਰ ਨਹੀਂ ਰਹਿ ਸਕਦਾ । ਉਨ੍ਹਾਂ ਨੇ ਬਹੁਤ ਹੀ ਸ਼ਲਾਘਾ ਯੋਗ ਕੰਮ ਕੀਤਾ ਹੈ। ਉਨ੍ਹਾਂ ਨੇ ਮੈਡੀਕਲ ਮੰਨਥਨ ਕਰ ਕੇ ਬੜਾ ਸ਼ਲਾਘਾ ਯੋਗ ਕੰਮ ਕੀਤਾ ਹੈ। ਜੇਕਰ ਅਸੀਂ ਹੈਲਥ ਡਿਪਾਰਟਮੈਂਟ ਦਾ ਪਰ ਕੈਪੀਟਾ ਐਕਸਪੈਂਡੀਚਰ ਲਈਏ ਤਾਂ ਪਤਾ ਲਗਦਾ ਹੈ ਕਿ ਇਹ ਸੰਨ 1971-72 ਵਿਚ 8.28 ਰੁਪਏ ਸੀ, ਸੰਨ 1972-73 ਵਿਚ ਇਹ 10.52 ਰੁਪਏ ਹੋ ਗਿਆ ਔਰ ਸੰਨ 1973-74 ਵਿਚ 14.55 ਹੋਇਆ ਹੈ।

ਇਥੇ ਮੈਂ ਗਿਆਨੀ ਜੀ ਦੀ ਸਰਕਾਰ ਨੂੰ ਇਸ ਗੱਲ ਦੀ ਵੀ ਵਧਾਈ ਦਿੰਦਾ ਹੈ ਕਿ ਇਸਨੇ ਇਕ ਮੈਡੀਕਲ ਕਾਲਜ ਖੋਲ੍ਹਿਆ ਹੈ । ਰੂਲ ਦੇ ਮੁਤਾਬਿਕ ਪੰਜ ਲੱਖ ਦੀ ਆਬਾਦੀ ਦੇ ਪਿੱਛੇ ਇਕ ਮੈਡੀਕਲ ਕਾਲਜ ਖੋਲ੍ਹਿਆ ਜਾਂਦਾ ਹੈ ਪਰ ਪੰਜਾਬ ਵਿਚ ਇਹ ਸਾਢੇ ਤਿੰਨ ਲੱਖ ਦੇ ਪਿੱਛੇ ਹੀ ਖੋਲ੍ਹ ਦਿੱਤਾ ਗਿਆ ਹੈ । ਜੇਕਰ ਅਸੀਂ ਕਿਸੇ ਮੁਲਕ ਦੀਆਂ ਜਾਂ ਕਿਸੇ ਸਟੇਟ ਦੀਆਂ ਹੈਲਥ ਸਰਵਿਸਿਜ਼

**Expunged as ordered by the Chair.

[ਡਾਕਟਰ ਅਮੀਰ ਸਿੰਘ ਕਲਕਟ]

ਵੇਖਣੀਆਂ ਹੋਣ ਤਾਂ ਉਹ ਮੈਡੀਕਲ ਇਨਸਟੀਚਿਊਸ਼ਨ ਔਰ ਬੈਡਜ਼ ਇਨ ਦੀ ਹਾਸਪੀਟਲਜ਼ ਤੋਂ ਵੇਖ ਸਕਦੇ ਹਾਂ । ਮੈਂ ਸਮਝਦਾ ਹਾਂ ਕਿ ਜਿਥੇ 100 ਬੈਡੱਜ਼ ਹਨ ਉਥੇ ਸਾਡੀ ਸਰਕਾਰ 200 ਬੈਡਜ਼ ਪਰੋਵਾਈਡ ਕਰ ਰਹੀ ਹੈ। ਮੈਂ ਲੁਧਿਆਣੇ ਵਿਚ ਇਕ ਹਸਪਤਾਲ ਵੇਖਿਆ । ਉਸ ਦੀ ਬਹੁਤ ਭੈੜੀ ਹਾਲਤ ਸੀ ਪਰ ਅੱਜ ਮੈਂ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਉਥੇ 200 ਬੈਡੱਜ਼ ਦਾ ਨਵਾਂ ਹਸਪਤਾਲ ਬਣ ਰਿਹਾ ਹੈ, ਜਿਸ ਵਿਚ ਸਪੈਸ਼ੇਲਾਈਜ਼ਡ ਡਾਕਟਰ ਹੋਣਗੇ । ਇਸ ਤਰ੍ਹਾਂ ਹੀ ਦਸੂਹੇ ਦਾ ਕਸਬਾ ਹੈ । ਉਥੇ ਵੀ ਰੀਸੈਂਟਲੀ ਸੀ. ਐਮ. ਸਾਹਿਬ ਨੇ ਬਹੁਤ ਸ਼ਾਨਦਾਰ ਹਸਪਤਾਲ ਦਾ ਉਦਘਾਟਨ ਕੀਤਾ ਹੈ। ਇਸ ਗੱਲ ਲਈ ਮੈਂ ਉਨ੍ਹਾਂ ਨੂੰ ਵਧਾਈ ਦਿੰਦਾ ਹਾਂ ਕਿਉਂਕਿ ਉਥੇ ਪਹਿਲੇ ਕੋਈ ਹਸਪਤਾਲ ਨਹੀਂ ਹੈ । ਇਸ ਤਰ੍ਹਾਂ ਮੈਂ ਸਮਝਦਾ ਹਾਂ ਕਿ ਉਸ ਕੰਡੀ ਦੇ ਇਲਾਕੇ ਦੀ ਮੱਦਦ ਕਰਨ ਨਾਲ ਲੋਕ ਖੁਸ਼ ਹਨ ।

12.00 noon

ਸਰਦਾਰ ਹਰਚੰਦ ਸਿੰਘ : ਤੁਸੀਂ ਤਾਂ ਖੁਸ਼ ਹੋ ?

ਡਾਕਟਰ ਅਮੀਰ ਸਿੰਘ ਕਲਕਟ : ਮੈਂ ਤਾਂ ਖੁਸ਼ ਹਾਂ ।

ਇਕ ਹੋਰ ਮਸਲਾ, ਡਿਪਟੀ ਸਪੀਕਰ ਸਾਹਿਬ, ਸਾਡੇ ਹਿੰਦੁਸਤਾਨ ਵਿਚ ਬਹੁਤ ਵੱਡਾ ਹੈ ਅਤੇ ਉਹ ਹੈ ਪਾਪੂਲੇਸ਼ਨ ਦਾ। ਤੁਸੀਂ ਵੇਖੋ ਕਿ ਜੁਆਇੰਟ ਪੰਜਾਬ ਦੀ ਕਿੰਨੀ ਆਬਾਦੀ ਸੀ ਅਤੇ ਜਦੋਂ ਇਸ ਦੀ ਵੰਡ ਹੋ ਗਈ ਤਾਂ ਉਸ ਤੋਂ ਬਾਅਦ ਹੁਣ ਕਿੰਨੀ ਆਬਾਦੀ ਹੈ। ਪਾਪੂਲੇਸ਼ਨ ਬਹੁਤ ਵੱਧ ਗਈ ਹੈ ਪਰ ਫਿਰ ਵੀ ਹੈਲਥ ਸਰਵਿਸਿਜ਼ ਵਲ ਕਾਫ਼ੀ ਧਿਆਨ ਦਿੱਤਾ ਗਿਆ ਹੈ । ਮੈਂ ਤੁਹਾਨੂੰ ਦਸਦਾ ਹਾਂ ਕਿ 1972 ਵਿਚ ਲੂਪ ਇੰਨਸਰਸ਼ਨਜ਼ 2,68,637 ਸੀ ਅਤੇ 1973 ਵਿਚ ਇਹ ਵੱਧ ਕੇ 496,567 ਹੋ ਗਈ। ਇਸ ਲਈ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਨੂੰ ਮੇਜਰ ਪਰਾਬਲਮ ਪਾਪੂਲੇਸ਼ਨ ਦੀ ਹੀ ਹੈ। ਇਸ ਪਾਸੇ ਸਰਕਾਰ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ । ਸਾਡੇ ਪੰਜਾਬ ਵਿਚ ਇਸ ਵੇਲੇ ਸਰਕਾਰ ਦਾ ਲੋਕਾਂ ਤੇ ਪਰ ਕੈਪੀਟਾ ਖਰਚ 14 ਰੁਪਏ ਹੈ । ਜੇ ਇਸ ਨੂੰ ਵਧਾ ਕੇ 20 ਰੁਪਏ ਕਰ ਦਿੱਤਾ ਜਾਵੇ ਅਤੇ ਇਸ ਪੈਸੇ ਨੂੰ ਫ਼ੈਮਿਲੀ ਪਲੈਨਿੰਗ ਅਤੇ ਐਜੂਕੇਸ਼ਨ ਤੇ ਖਰਚ ਕੀਤਾ ਜਾਵੇ ਤਾਂ ਸਾਡੀਆਂ ਕਾਫ਼ੀ ਪਰਾਬਲਮਜ਼ ਹੱਲ ਹੋ ਜਾਣਗੀਆਂ ।

ਫਿਰ ਇੱਥੇ ਇਹ ਕਿਹਾ ਜਾਂਦਾ ਹੈ ਕਿ ਅਸੀਂ ਇੱਥੇ ਸੋਸ਼ਲਿਜ਼ਮ ਨਹੀਂ ਲਿਆ ਸਕੇ ਅਤੇ ਜਿਹੜੇ ਵਾਅਦੇ ਕੀਤੇ ਸਨ, ਉਹ ਪੂਰੇ ਨਹੀਂ ਕਰ ਸਕੇ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਵਾਅਦਿਆਂ ਨੂੰ ਪੂਰਾ ਨਾ ਹੋਣ ਦੇਣ ਵਿਚ ਉਹੀ ਆਦਮੀ ਰੁਕਾਵਟ ਬਣਦੇ ਹਨ ਜਿਹੜੇ ਇਹ ਚਾਹੁੰਦੇ ਹਨ ਕਿ ਇਸ ਮੁਲਕ ਵਿਚ ਸੋਸ਼ਲਿਜ਼ਮ ਨਾ ਆਵੇ ਅਤੇ ਉਹ ਆਪਣੀ ਮਨ ਮਰਜ਼ੀ ਕਰਦੇ ਰਹਿਣ। ਸੋਸ਼ਲਿਜ਼ਮ ਦੇ ਬਾਰੇ ਜਿਹੜੇ ਲੋਕ ਇਹ ਕਹਿੰਦੇ ਹਨ ਕਿ ਮੁਲਕ ਵਿਚ ਇਹ ਨਹੀਂ ਲਿਆਇਆ ਜਾ ਰਿਹਾ ਇਸ ਦਾ ਜਵਾਬ ਇਹ ਹੈ ਕਿ ਜਿਹੜੇ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਹਨ, ਜਿਹੜੀ ਮਹਾਨ ਦੇਵੀ ਇੰਦਰਾ ਗਾਂਧੀ ਹੈ, ਜਿਨ੍ਹਾਂ ਨੂੰ ਲੋਕਾਂ ਨੇ ਪਿਛਲੀ ਵਾਰੀ ਇੰਨਾ ਵੱਡਾ ਮੈਂਡੇਟ ਦਿੱਤਾ, ਜਿਹੜਾ ਕਿ ਦੁਨੀਆਂ ਵਿਚ ਹੋਰ ਕਿਸੇ ਨੂੰ ਨਹੀਂ ਮਿਲਿਆ ਹੋਵੇਗਾ, ਉਨ੍ਹਾਂ ਨੇ ਹਿੰਦੁਸਤਾਨ ਵਿਚ ਸੋਸ਼ਲਿਜ਼ਮ ਲਿਆਉਣ ਦਾ ਵਾਅਦਾ ਪੂਰਾ ਕਰਨ ਦਾ ਯਤਨ ਕੀਤਾ ਹੈ ਅਤੇ ਕਰ ਰਹੇ ਹਨ। ਗੱਲ ਇਹ ਹੈ ਕਿ ਜਿਹੜੇ ਸਾਡੇ ਮੁਖਾਲਫ਼ ਦੇਸ਼ ਹਨ, ਉਹ ਨਹੀਂ ਚਾਹੁੰਦੇ ਕਿ ਸਾਡਾ ਮੁਲਕ ਤਰੱਕੀ ਕਰ ਸਕੇ, ਉਹ ਨਹੀਂ ਚਾਹੁੰਦੇ ਸਨ ਕਿ ਅਸੀਂ ਰੂਸ ਨਾਲ ਸੰਧੀ ਕਰੀਏ । ਕਿਉਂਕਿ ਜੇ ਇਸ ਤਰ੍ਹਾਂ ਹੋਵੇ ਤਾਂ ਉਨ੍ਹਾਂ ਦਾ ਇੰਪੀਰੀਅਲਿਜ਼ਮ ਖ਼ਤਮ ਹੋ ਜਾਂਦਾ ਹੈ । ਇਸ ਕਾਰਨ ਕਰ ਕੇ ਇਹ ਜੋ ਇਸ ਵੇਲੇ ਹਿੰਦੁਸਤਾਨ ਵਿਚ ਖਲਬਲੀ ਮਚੀ ਹੋਈ ਹੈ, ਇਹ ਸਾਡੇ ਮੁਖਾਲਫ਼ਾਂ ਕਰ ਕੇ ਹੀ ਹੈ । ਸਾਡੇ ਜਿਹੜੇ ਅਮੀਰ ਲੋਕ ਹਨ, ਉਹ ਨਹੀਂ ਚਾਹੁੰਦੇ ਸਨ ਕਿ ਕਣਕ ਦੀ ਟਰੇਡ ਸਰਕਾਰ ਆਪਣੇ ਹੱਥ ਵਿਚ ਲਵੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ

ਨੂੰ ਬਲੈਕ ਕਰਨ ਦਾ ਮੌਕਾ ਨਹੀਂ ਮਿਲਦਾ ਅਤੇ ਉਹ ਲੱਖਾਂ ਰੁਪਏ ਨਹੀਂ ਕਮਾ ਸਕਦੇ। ਸਾਡੀ ਸਰਕਾਰ ਨੇ ਕਣਕ ਦੀ ਸਟੇਟ ਟਰੇਡਿੰਗ ਕਰਕੇ ਲੱਖਾਂ ਲੋਕਾਂ ਦਾ ਭਲਾ ਕੀਤਾ ਹੈ ਅਤੇ ਲੱਖਾਂ ਲੋਕਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾਇਆ ਹੈ। ਮੈਂ ਇਥੇ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਹਿੰਦੁਸਤਾਨ ਦੀ ਸਰਕਾਰ ਨੂੰ ਇਰੀਗੇਸ਼ਨ, ਖਾਦ ਅਤੇ ਹੋਰ ਐਗਰੀਕਲਚਰ ਦੀ ਪੈਦਾਵਾਰ ਵਧਾਉਣ ਲਈ ਹੋਰ ਯਤਨ ਕਰਨੇ ਚਾਹੀਦੇ ਹਨ। ਮੈਂ ਬੰਬਈ ਗਿਆ ਸੀ ਅਤੇ ਹਵਾਈ ਜਹਾਜ਼ ਰਾਹੀਂ ਸਫ਼ਰ ਕੀਤਾ ਸੀ। ਮੈਂ ਸਾਰੇ ਰਸਤੇ ਵਿਚ ਇਕ ਵੀ ਗਰੀਨ ਟ੍ਰੈਕਟ ਨਹੀਂ ਵੇਖਿਆ। ਇਸ ਕਰਕੇ ਇਸ ਪਾਸੇ ਪੂਰਾ ਧਿਆਨ ਦੇਣਾ ਚਾਹੀਦਾ ਹੈ। ਵੈਸੇ ਸਾਡੀ ਸਰਕਾਰ ਬੜੀ ਵਿਜੀਲੈਂਟ ਹੈ ਅਤੇ ਰੂਸ ਤੋਂ ਕਣਕ ਮੰਗਵਾ ਲਈ ਹੈ। ਅਸੀਂ ਰੂਸ ਦੇ ਬੜੇ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਸਾਡੀ ਮਦਦ ਕੀਤੀ ਅਤੇ ਲੱਖਾਂ ਲੋਕਾਂ ਨੂੰ ਮੌਤ ਦੇ ਮੂੰਹ ਵਿਚੋਂ ਬਚਾ ਲਿਆ। ਮੁਖਾਲਫ਼ ਲੋਕ ਤਾਂ ਇੰਦਰਾ ਗਾਂਧੀ ਨੂੰ ਡਾਊਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਹੋਰ ਕੋਈ ਪ੍ਰੋਗਰਾਮ ਨਹੀਂ। ਉਹ ਤਾਂ ਸਿਰਫ਼ ਇਥੇ ਕੁਰੱਪਸ਼ਨ ਦੇ ਇਲਜ਼ਾਮ ਹੀ ਲਗਾ ਸਕਦੇ ਹਨ ਹੋਰ ਕੁਝ ਨਹੀਂ ਕਰ ਸਕਦੇ। ਮੈਂ ਚੈਲੰਜ ਕਰਦਾ ਹਾਂ ਕਿ ਮੇਰੇ ਖਿਲਾਫ਼ ਕੋਈ ਚਾਰ ਆਨੇ ਦੀ ਵੀ ਕੁਰੱਪਸ਼ਨ ਸਾਬਤ ਕਰ ਦੇਵੇ ਤਾਂ ਮੈਂ ਸਿਆਸਤ ਵਿਚੋਂ ਰਿਟਾਇਰ ਹੋਣ ਨੂੰ ਤਿਆਰ ਹਾਂ। ਬਲਕਿ ਮੈਂ ਇਹ ਵੀ ਕਹਾਂਗਾ ਕਿ ਹੁਸ਼ਿਆਰਪੁਰ ਦੇ ਕਿਸੇ ਵੀ ਐਮ. ਐਲ. ਏ. ਤੇ ਇਹ ਇਲਜ਼ਾਮ ਨਹੀਂ ਲਗਾਇਆ ਜਾ ਸਕਦਾ।

ਸਰਦਾਰ ਜਗਦੇਵ ਸਿੰਘ ਤਲਵੰਡੀ: ਬਾਕੀ ਤੇ ਵਜ਼ੀਰ ਬਣ ਗਏ, ਤੁਹਾਨੂੰ ਕੀ ਮਿਲਿਆ?

ਡਾਕਟਰ ਅਮੀਰ ਸਿੰਘ ਕਲਕਟ: ਮੈਂ ਆਪਣੀ ਪਾਰਟੀ ਦਾ ਗੁਲਾਮ ਹਾਂ। ਜੇ ਮੈਨੂੰ ਬਾਹਰ ਖੜ੍ਹੇ ਹੋ ਕੇ ਚਪੜਾਸੀ ਦਾ ਕੰਮ ਕਰਨ ਵਾਸਤੇ ਵੀ ਕਿਹਾ ਜਾਵੇ ਤਾਂ ਵੀ ਮੈਂ ਤਿਆਰ ਹਾਂ। (ਪ੍ਰਸ਼ੰਸਾ)

ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿ ਰਿਹਾ ਸੀ ਕਿ ਅਸੀਂ ਬੜੀ ਤਿਆਰੀ ਨਾਲ ਕੰਮ ਸ਼ੁਰੂ ਕੀਤਾ ਸੀ। ** ** **

ਸ੍ਰੀ ਡਿਪਟੀ ਸਪੀਕਰ: ਇਹ ਜਿਹੜੀ ਆਖਰੀ ਗੱਲ ਕਹੀ ਗਈ ਹੈ, ਇਹ ਪਰੋਸੀਡਿੰਗਜ਼ ਦਾ ਹਿੱਸਾ ਨਾ ਬਣੇ। (This last reference by the hon. Member, should not form part of the proceedings.)

ਡਾਕਟਰ ਅਮੀਰ ਸਿੰਘ ਕਲਕਟ: ਗਵਰਨਰਜ਼ ਐਡਰੈਸ ਤੇ ਡਿਸਕਸ਼ਨ ਵੇਲੇ ਅਸੀਂ ਕਹਿ ਸਕਦੇ ਹਾਂ। (ਵਿਘਨ)

ਸ੍ਰੀ ਡਿਪਟੀ ਸਪੀਕਰ: ਨਹੀਂ ਜੀ। (No please.)

ਡਾਕਟਰ ਅਮੀਰ ਸਿੰਘ ਕਲਕਟ: ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 1.70 ਲੱਖ ਗਰੀਬ ਹਰੀਜਨ ਲੋਕਾਂ ਨੂੰ, ਜਿਹੜੇ ਕਿ ਬੇਘਰ ਸਨ ਅਤੇ ਬੇ ਸਹਾਰਾ ਸਨ ਅਤੇ ਜਿਹੜੇ ਬੜੇ ਦੁਖੀ ਰਹਿੰਦੇ ਸਨ, ਇਸ ਸਰਕਾਰ ਨੇ ਪਲਾਟਸ ਦਿੱਤੇ ਹਨ। ਮੈਂ ਸਰਕਾਰ ਨੂੰ ਇਹ ਵੀ ਕਹਾਂਗਾ ਕਿ ਇਸ ਕੰਮ ਨੂੰ ਹੋਰ ਵੀ ਤੇਜ਼ ਕੀਤਾ ਜਾਣਾ ਚਾਹੀਦਾ ਹੈ ਰਸਤੇ ਵਿਚ ਹੀ ਨਹੀਂ ਛੱਡ ਦੇਣਾ ਚਾਹੀਦਾ। ਇਸ ਮੰਤਵ ਨੂੰ ਪੂਰਾ ਕਰਨ ਵਾਸਤੇ ਭਾਵੇਂ ਕੋਈ ਟੈਕਸ ਹੀ ਲਗਾ ਦਿੱਤਾ ਜਾਵੇ ਪਰ ਗਰੀਬਾਂ ਨੂੰ ਮਕਾਨ ਬਣਾ ਕੇ ਜ਼ਰੂਰ ਦੇਵੋ ਤਾਂ ਜੋ ਉਹ ਚੰਗੀ ਜ਼ਿੰਦਗੀ ਬਸਰ ਕਰ ਸਕਣ। ਮੈਂ ਯੂ. ਪੀ. ਵਿਚ ਵੇਖਿਆ ਹੈ, ਉਥੇ ਹਰੀਜਨ ਬਸਤੀਆਂ ਹਨ ਅਤੇ ਉਨ੍ਹਾਂ ਵਿਚ ਰਹਿਣ ਵਾਲੇ ਲੋਕਾਂ ਨੂੰ ਬਿਜਲੀ ਫ਼ਰੀ ਦਿੱਤੀ ਜਾਂਦੀ ਹੈ। ਮੈਂ ਸਰਕਾਰ ਨੂੰ ਇਹ ਅਰਜ਼ ਕਰਾਂਗਾ ਕਿ ਪੰਜਾਬ ਵਿਚ ਵੀ ਇਸੇ ਤਰਾਂ ਹੀ ਕਰਨਾ ਚਾਹੀਦਾ ਹੈ। ਸਾਡੀ

**Expunged as ordered by the Chair.

[ਡਾਕਟਰ ਅਮੀਰ ਸਿੰਘ ਕਲਕਟ]

ਸਰਕਾਰ ਨੂੰ ਚਾਹੀਦਾ ਹੈ ਕਿ ਗਰੀਬਾਂ ਵਾਸਤੇ ਹਰ ਸਹੂਲਤ ਮੁਹੱਈਆ ਹੋਣੀ ਚਾਹੀਦੀ ਹੈ, ਕਾਲਜ ਹੋਣੇ ਚਾਹੀਦੇ ਹਨ, ਬਿਜਲੀ ਦਿੱਤੀ ਜਾਣੀ ਚਾਹੀਦੀ ਹੈ । ਪੰਜਾਬ ਨੂੰ ਹਿੰਦੁਸਤਾਨ ਵਿਚ ਫਸਟ ਨੰਬਰ ਤੇ ਰਖਿਆ ਜਾਂਦਾ ਹੈ, ਪਰ ਮੈਂ ਕਹਿੰਦਾ ਹਾਂ ਕਿ ਜੇ ਅਸੀਂ ਪੰਜਾਬ ਨੂੰ ਸੈਕਿੰਡ ਨੰਬਰ ਤੇ ਵੀ ਕਰ ਲਇਏ ਤਾਂ ਵੀ ਚੰਗਾ ਹੈ । ਸਾਨੂੰ ਚਾਹੀਦਾ ਹੈ ਕਿ ਜਿਹੜੀ ਨਾ ਬਰਾਬਰੀ ਹੈ ਇਹ ਦੂਰ ਹੋਵੇ, ਗਰੀਬਾਂ ਤੇ ਹਰੀਜਨਾਂ ਨੂੰ ਉੱਚਾ ਚੁਕਿਆ ਜਾਵੇ। ਜੇ ਇਸ ਤਰ੍ਹਾਂ ਨਹੀਂ ਕੀਤਾ ਗਿਆ ਤਾਂ ਅਸੀਂ ਤਕੜੇ ਅਤੇ ਚੰਗੇ ਨਹੀਂ ਬਣ ਸਕਦੇ ।

ਹੁਣ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਜਿਥੇ 1968-69 ਵਿਚ ਗਰੀਬਾਂ ਦੀ ਪੈਨਸ਼ਨ ਤੇ 13 ਲੱਖ ਰੁਪਿਆ ਖ਼ਰਚ ਕੀਤਾ ਗਿਆ ਪਰ ਹੁਣ ਇਹ ਰਕਮ 15 ਲੱਖ ਹੋ ਗਈ ਹੈ । ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਚੌਧਰੀ ਦਰਸ਼ਨ ਸਿੰਘ ਜੀ ਨੇ ਸੁਝਾਉ ਦਿੱਤਾ ਹੈ, ਉਸ ਨੂੰ ਮੈਂ ਸਪੋਰਟ ਕਰਦਾ ਹਾਂ। ਜਿਹੜੇ ਪੜ੍ਹੇ ਲਿਖੇ ਬੇਕਾਰ ਨੌਜਵਾਨ ਹਨ, ਉਨ੍ਹਾਂ ਨੂੰ ਪੈਨਸ਼ਨ ਦਿਉ, ਪਰ ਜਿਸ ਤਰ੍ਹਾਂ ਇੰਗਲੈਂਡ ਵਿਚ ਹੈ, ਉਸ ਤਰ੍ਹਾਂ ਦਿੱਤੀ ਜਾਵੇ, ਉਥੇ ਖਾਣ ਪੀਣ ਦੀਆਂ ਸਾਰੀਆਂ ਚੀਜ਼ਾਂ ਦਿੱਤੀਆਂ ਜਾਂਦੀਆਂ ਹਨ। ਪਰ ਨਾਲ ਇਹ ਗੱਲ ਵੀ ਹੈ ਜਿਸ ਦਾ ਧਿਆਨ ਰਖਣਾ ਹੈ ਇਹ ਕਿ ਨਾ ਹੋਵੇ ਕਿ ਨੌਜਵਾਨਾਂ ਨੂੰ ਪੈਨਸ਼ਨਾਂ ਵੀ ਦਿਤੀਆਂ ਜਾਣ ਅਤੇ ਹੋਰ ਸਹੂਲਤਾਂ ਵੀ ਦਿਤੀਆਂ ਜਾਣ, ਪਰ ਉਹ ਕੰਮ ਹੀ ਕੋਈ ਨਾ ਕਰਨਾ ਪਸੰਦ ਕਰਨ ਅਤੇ ਬੈਠ ਕੇ ਹੀ ਖਾਣਾ ਸ਼ੁਰੂ ਕਰ ਦੇਣ।

ਡਿਪਟੀ ਸਪੀਕਰ ਸਾਹਿਬ, ਮੈਂ ਪਿਛਲੇ ਬਜਟ ਸੈਸ਼ਨ ਵਿਚ ਸੁਝਾਉ ਦਿੱਤਾ ਸੀ ਅਤੇ ਹੁਣ ਕੁਝ ਹੋਰ ਸੁਝਾਉ ਦੇਣਾ ਚਾਹੁੰਦਾ ਹਾਂ । ਮੈਂ ਸਰਕਾਰ ਦਾ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਹੁਸ਼ਿਆਰਪੁਰ ਵਿਚ ਇੰਮਪਰੂਵਮੈਂਟ ਟਰਸਟ ਬਣਾ ਦਿੱਤਾ ਹੈ । ਪਰ ਟਾਂਡਾ ਅਤੇ ਗੜ੍ਹਦੀਵਾਲਾ ਵਿਚ ਇਹ ਚੀਜ਼ ਨਹੀਂ ਕੀਤੀ ਗਈ। ਇਸ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਇਨ੍ਹਾਂ ਦੋਨੋਂ ਜਗ੍ਹਾ ਵਿਚ ਇੰਪਰੂਵਮੈਂਟ ਟਰਸਟ ਅਜੇ ਨਹੀਂ ਬਣਾਏ ਜਾ ਸਕਦੇ ਤਾਂ ਟਾਂਡਾ ਅਤੇ ਗੜ੍ਹਦੀਵਾਲਾ ਨੂੰ ਹੁਸ਼ਿਆਰਪੁਰ ਨਾਲ ਹੀ ਜੋੜ ਦਿਤਾ ਜਾਵੇ । ਇਸ ਤਰ੍ਹਾਂ ਕਰਨ ਨਾਲ ਵੀ ਸਿਚੂਏਸ਼ਨ ਇੰਪਰੂਵ ਹੋ ਸਕਦੀ ਹੈ ਅਤੇ ਲੋਕਾਂ ਨੂੰ ਸਹੂਲਤ ਮਿਲ ਸਕਦੀ ਹੈ ।

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਕੱਲ ਆਪੋਜ਼ੀਸ਼ਨ ਦੇ ਮੈਂਬਰਾਂ ਨੇ ਇਥੇ ਸ਼ੋ ਦਿੱਤਾ, ਉਹ ਚੰਗਾ ਨਹੀਂ ਸੀ। ਇਹ ਚੀਜ਼ ਉਨ੍ਹਾਂ ਨੂੰ ਸ਼ੋਭਾ ਨਹੀਂ ਦਿੰਦੀ ਜਦੋਂ ਕਿ ਇਕ ਹੈੱਡ ਆਫ ਦੀ ਸਟੇਟ, ਇਕ ਸੁਲਝਿਆ ਹੋਇਆ ਸਿਆਸਤਦਾਨ ਇਥੇ ਹਾਊਸ ਨੂੰ ਐਡਰੈੱਸ ਕਰਨ ਆਵੇ । ਇਸ ਦੇ ਨਾਲ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਅਸੀਂ ਕੋਈ ਠਠਿਆਰਿਆਂ ਦੇ ਕਬੂਤਰ ਨਹੀਂ ਸੀ ਜਿਹੜੇ ਕਿ ਡਰ ਕੇ ਉੜ ਜਾਂਦੇ। ਇਥੇ ਕਾਂਗਰਸ ਪਾਰਟੀ ਮਜ਼ਬੂਤ ਹੈ, ਇਥੇ ਉਨ੍ਹਾਂ ਦੀ ਮਨਿਸਟਰੀ ਹੈ ਅਤੇ ਪੂਰੀ ਮਜ਼ਬੂਤੀ ਨਾਲ ਕਾਇਮ ਹੈ । ਸਾਡੀ ਸਰਕਾਰ ਨੇ ਜੋ ਪ੍ਰੋਗਰਾਮ ਬਣਾਇਆ ਹੈ ਉਸ ਨੂੰ ਪੂਰਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ । ਸਾਡੀ ਪਾਰਟੀ ਵਿਚ ਕਿਸੇ ਕਿਸਮ ਦੀ ਫੁੱਟ ਨਹੀਂ ਹੈ । ਜੇ ਮੇਰੇ ਆਪੋਜ਼ੀਸ਼ਨ ਦੇ ਭਾਈ ਇਹ ਸਮਝਦੇ ਹੋਣ ਕਿ ਸਾਡੇ ਵਿਚ ਕੋਈ ਇਸ ਤਰ੍ਹਾਂ ਦੀ ਗੱਲ ਹੈ ਤਾਂ ਉਹ ਗਲਤ ਫ਼ਹਿਮੀ ਵਿਚ ਹਨ। ਸਾਡੇ ਵਿਚ ਜੇ ਕੋਈ ਊਣਤਾਈਆਂ ਹੋਣ, ਜਾਂ ਕੋਈ ਕਮੀਆਂ ਹੋਣ ਜਾਂ ਹੋਰ ਕਿਸੇ ਗੱਲ ਤੇ ਭੇਦ ਭਾਵ ਹੋਵੇ ਤਾਂ ਅਸੀਂ ਆਪੋ ਵਿਚ ਬੈਠ ਕੇ ਸੋਚ ਵਿਚਾਰ ਕੇ ਫੈਸਲਾ ਕਰ ਲੈਂਦੇ ਹਾਂ। ਆਪੋ ਵਿਚ ਬੈਠ ਕੇ ਗੱਲ ਕਰਦਿਆਂ ਕੋਈ ਵੱਧ ਘੱਟ ਗੱਲਾਂ ਵੀ ਹੋ ਜਾਂਦੀਆਂ ਹਨ, ਪਰ ਸਾਡੀ ਪਾਰਟੀ ਵਿਚ ਕੋਈ ਇਖ਼ਤਿਲਾਫ਼ ਨਹੀਂ ਅਤੇ ਅਸੀਂ ਪੂਰੀ ਤਰ੍ਹਾਂ ਮਜ਼ਬੂਤੀ ਨਾਲ ਖੜੇ ਹਾਂ। ਇਸ ਕਰ ਕੇ ਮੈਂ ਸਮਝਦਾ ਹਾਂ ਕਿ ਇਹ ਜਿਹੜਾ ਆਪੋਜ਼ੀਸ਼ਨ ਵਾਲੇ ਸੋਚਦੇ ਹਨ ਕਿ ਸਾਡੇ ਵਿਚ

ਕਿਸੇ ਕਿਸਮ ਦੇ ਭੇਦ ਭਾਵ ਹਨ, ਇਹ ਉਨ੍ਹਾਂ ਦੀ ਬੇਵਕੂਫ਼ੀ ਹੈ। ਇਸ ਦੇ ਨਾਲ ਮੈਂ ਆਪੋਜ਼ੀਸ਼ਨ ਵਾਲਿਆਂ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਉਹ ਕੋਈ ਕਨਕਰੀਟ ਚੀਜ਼ ਪੇਸ਼ ਕਰਿਆ ਕਰਨ, ਸਿਰਫ ਨਾਅਰੇ-ਬਾਜ਼ੀ ਦਾ ਤਾਂ ਕੋਈ ਫਾਇਦਾ ਨਹੀਂ। ਜੇ ਸਾਡੀ ਪਾਰਟੀ ਵਿਚ ਕਿਸੇ ਆਦਮੀ ਵਿਚ ਕੋਈ ਊਣਤਾਈ ਹੈ ਤਾਂ ਸਾਨੂੰ ਦਸੋ, ਜੇ ਸਾਡੇ ਕਿਸੇ ਆਦਮੀ ਵਿਚ ਕੋਈ ਖਾਮੀ ਹੈ ਤਾਂ ਦਸੋ, ਅਸੀਂ ਆਪ ਉਸ ਗੰਦੇ ਅੰਡੇ ਨੂੰ ਬਾਹਰ ਲੋਕਾਂ ਵਿਚ ਐਕਸਪੋਜ਼ ਕਰਾਂਗੇ। ਬਗੈਰ ਕਿਸੇ ਠੋਸ ਗੱਲ ਦੇ ਹੀ ਰੌਲਾ ਪਾਈ ਜਾਣਾ ਕੋਈ ਚੰਗੀ ਗੱਲ ਨਹੀਂ ਹੈ।

ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਵਾਲਿਆਂ ਨੂੰ ਇਸ ਕਿਸਮ ਦਾ ਮੁਜ਼ਾਹਰਾ ਕਰਨਾ ਕੋਈ ਸ਼ੋਭਾ ਨਹੀਂ ਦੇਂਦਾ। ਇਕ ਗੱਲ ਦੀ ਮੈਨੂੰ ਹੋਰ ਵੀ ਹੈਰਾਨੀ ਹੁੰਦੀ ਹੈ, ਵੈਸੇ ਇਹ ਮੈਂਬਰ ਠੀਕ ਹਨ, ਚੰਗੇ ਹਨ। ਮੇਰੇ ਨਾਲ ਦੋ ਮੈਂਬਰ ਇਨ੍ਹਾਂ ਦੇ ਐਸਟੀਮੇਟਸ ਕਮੇਟੀ ਨਾਲ ਬਾਹਰ ਵੀ ਗਏ ਸਨ। ਉਥੇ ਇਹ ਬੜੇ ਚੰਗੇ ਸੁਝਾਉ ਦੇਂਦੇ ਸਨ। ਇੱਥੇ ਵੀ ਕਮੇਟੀਆਂ ਵਿਚ ਬੜਾ ਚੰਗਾ ਕੰਮ ਕਰਦੇ ਹਨ। ਪਰ ਪਤਾ ਨਹੀਂ ਇਨ੍ਹਾਂ ਨੂੰ ਇਕੱਠੇ ਹੋ ਕੇ ਕੀ ਹੋ ਜਾਂਦਾ ਹੈ ਕਿ ਇਨ੍ਹਾਂ ਨੇ ਟਾਊਨਸਟੋਨ ਲੈ ਕੇ ਅਤੇ ਰੌਲਾ ਪਾ ਕੇ ਇਥੇ ਮੁਜ਼ਾਹਰਾ ਕੀਤਾ। ਇਸ ਤਰ੍ਹਾਂ ਦੀ ਚੀਜ਼ ਨਹੀਂ ਹੋਣੀ ਚਾਹੀਦੀ।

ਇਸ ਲਈ ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਓ ਪੰਜਾਬੀਓ, ਸਾਰੇ ਰਲ ਮਿਲ ਕੇ ਅਸੀਂ ਪੰਜਾਬ ਦੀ ਤਰੱਕੀ ਕਰੀਏ। ਸਾਨੂੰ ਇਕ ਬੜੇ ਦੇਸ਼ ਭਗਤ ਚੀਫ ਮਨਿਸਟਰ ਮਿਲੇ ਹੋਏ ਹਨ ਜਿਹੜੇ ਕਿ ਪੰਜਾਬ ਨੂੰ ਬਹੁਤ ਉੱਚਾ ਚੁੱਕ ਦੇਣਗੇ ਅਤੇ ਇੱਥੇ ਬਹੁਤ ਤਰੱਕੀ ਹੋਵੇਗੀ।

THROWING OF LEAFLETS IN THE HOUSE BY A STRANGER FROM THE VISITOR'S GALLERY

(ਇਸ ਸਮੇਂ ਗੈਲਰੀ ਵਿਚੋਂ ਕਿਸੇ ਨੇ ਸਦਨ ਵਿਚ ਇਸ਼ਤਿਹਾਰ ਸੁੱਟੇ ਅਤੇ ਨਾਹਰਾ ਲਗਾਇਆ ਜੋ ਕਿ ਪੂਰੀ ਤਰ੍ਹਾਂ ਨਾਲ ਸੁਣਾਈ ਨਹੀਂ ਦਿੱਤਾ।)

DISCUSSION ON GOVERNOR'S ADDRESS
(*Resumption*)

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਡਾਕਟਰ ਅਮੀਰ ਸਿੰਘ ਕਲਕਟ : ਜੇ ਇਹੋ ਜਿਹੀ ਗੱਲ ਨਾ ਹੁੰਦੀ ਤਾਂ ਅਜ ਕਪਤਾਨ ਸਾਹਿਬ ਮੇਰੇ ਕੋਲ ਇਥੇ ਬੈਠੇ ਹੋਏ ਨਾ ਹੁੰਦੇ। ਡਿਪਟੀ ਸਪੀਕਰ ਸਾਹਿਬ, ਸਾਨੂੰ ਇਹੋ ਜਿਹੇ ਲੋਕਾਂ ਦਾ ਧਿਆਨ ਰਖਣਾ ਚਾਹੀਦਾ ਹੈ ਜਿਹੜੇ ਇਸ ਮੁਲਕ ਨੂੰ ਖ਼ਤਰਾ ਬਣੇ ਹੋਏ ਹਨ, ਇਸ ਤਰ੍ਹਾਂ ਦੇ ਲੋਕ ਖਾਣ ਵਾਲੀਆਂ ਚੀਜ਼ਾਂ ਦੇ ਵਿਚ ਅਡਲਟਰੇਸ਼ਨ ਕਰਦੇ ਹਨ। ਇਸ ਤਰ੍ਹਾਂ ਦੇ ਲੋਕਾਂ ਨੂੰ ਕੜੀ ਤੋਂ ਕੜੀ ਸਜ਼ਾ ਦੇਣੀ ਚਾਹੀਦੀ ਹੈ। ਮੈਂ ਤਾਂ ਕਹਿੰਦਾ ਹਾਂ ਕਿ ਜੇ ਕੋਈ ਮਿਲਾਵਟ ਕਰਦਾ ਲਭ ਜਾਵੇ ਤਾਂ ਉਸ ਨੂੰ ਕੈਪੀਟਲ ਪਨਿਸ਼ਮੈਂਟ ਹੋਣੀ ਚਾਹੀਦੀ ਹੈ, ਉਸ ਨੂੰ ਗੋਲੀ ਦਾ ਹੁਕਮ ਹੋਣਾ ਚਾਹੀਦਾ ਹੈ। ਇਹ ਮੁਲਕ ਦੀ, ਜਨਤਾ ਦੀ ਸਿਹਤ ਖ਼ਰਾਬ ਕਰਦੇ ਹਨ, ਮੁਲਕ ਦੀ ਤਾਕਤ ਨੂੰ ਕਮਜ਼ੋਰ ਕਰਦੇ ਹਨ। ਜਿਹੜੇ ਲੋਕ ਜ਼ਿਆਦਾ ਮੁਨਾਫ਼ਾ ਲੈਂਦੇ ਹਨ ਉਨ੍ਹਾਂ ਨੂੰ ਵੀ ਚੈੱਕ ਕਰਨਾ ਚਾਹੀਦਾ ਹੈ। ਇੰਦਰਾ ਜੀ ਜੋ ਕੁਝ ਵੀ ਕਰ ਰਹੇ ਹਨ ਉਹ ਇਕ ਬੇਮਿਸਾਲ ਨੀਤੀ ਹੈ, ਜਿਹੜੇ ਲੋਕ ਇਸ ਤਰ੍ਹਾਂ ਦੀ ਲੀਡਰਸ਼ਿਪ ਨੂੰ ਖ਼ਤਮ ਕਰਨ ਤੇ ਤੁਲੇ ਹੋਏ ਹਨ ਉਨ੍ਹਾਂ ਨੂੰ ਪਤਾ ਨਹੀਂ ਕਿ ਉਹ ਇਥੇ ਡਿਕਟੇਟਰਸ਼ਿਪ ਕਾਇਮ ਕਰਨਾ ਚਾਹੁੰਦੇ ਹਨ।

**Expunged as ordered by the Chair

[ਡਾਕਟਰ ਅਮੀਰ ਸਿੰਘ ਕਲਕਟ]

ਜੇ ਡਿਕਟੇਟਰਸ਼ਿਪ ਆ ਗਈ ਤਾਂ ਫੇਰ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਕਿਸੇ ਨੂੰ ਵੀ ਫ਼ਰੀਡਮ ਆਫ਼ ਸਪੀਚ ਨਹੀਂ ਹੋਣਾ, ਗੁਲਾਮਾਂ ਦੀ ਤਰ੍ਹਾਂ ਹੀ ਕੰਮ ਕਰਨਾ ਪੈਣਾ ਹੈ। ਸਾਡੀ ਪਾਰਟੀ ਨੇ ਜੋ 12 ਪੁਆਇੰਟਸ ਦਾ ਚੋਣ ਮੈਨੀਫ਼ੈਸਟੋ ਦਿੱਤਾ ਸੀ ਉਸ ਦੇ ਵਿਚੋਂ ਬਹੁਤ ਸਾਰੇ ਨੁਕਤੇ ਪੂਰੇ ਕਰ ਵਿਖਾਏ ਹਨ। ਮੈਂ ਆਪਣੀ ਸਰਕਾਰ ਨੂੰ ਕਹਾਂਗਾ ਕਿ ਉਹ ਬਾਕੀ ਦੇ ਨੁਕਤੇ ਵੀ ਪੂਰੇ ਕਰ ਦੇਣ ਤਾਂ ਮੈਂ ਅਗਲੀ ਵਾਰ ਇਸ ਸਰਕਾਰ ਦੇ ਸਿਰ ਤੋਂ ਫੁੱਲ ਬਰਸਾਵਾਂਗਾ। ਇਨ੍ਹਾਂ ਲਫ਼ਜ਼ਾਂ ਨਾਲ ਮੈਂ ਚੌਧਰੀ ਦਰਸ਼ਨ ਸਿੰਘ ਦੇ ਮਤੇ ਦੀ ਪੁਰਜ਼ੋਰ ਤਾਈਦ ਕਰਦਾ ਹਾਂ।

Mr Deputy Speaker : Motion moved by Chaudhri Darshan Singh, M.L.A. and seconded by Doctor Amir Singh Kalkat, M.L.A., reads :—

"That an address be presented to the Governor in the following terms :—

"That the Members of this House assembled in this session are deeply grateful to the Governor for the address which he has been pleased to deliver to the House on the 18th February, 1974."

So far no amendment has been received. In case any amendment is received during discussion, that shall be deemed to have been read and moved.

ਸਰਦਾਰ ਪਰਕਾਸ਼ ਸਿੰਘ ਬਾਦਲ (ਗਿੱਦੜਬਾਹਾ): ਡਿਪਟੀ ਸਪੀਕਰ ਸਾਹਿਬ, ਜਦੋਂ ਗਵਰਨਰ ਸਾਹਿਬ ਹਾਊਸ ਵਿਚ ਐਡਰੈੱਸ ਪੜ੍ਹਨ ਵਾਸਤੇ ਤਸ਼ਰੀਫ਼ ਲਿਆਏ ਸੀ, ਉਨ੍ਹਾਂ ਦੇ ਐਡਰੈੱਸ ਪੜ੍ਹਨ ਤੋਂ ਬਾਅਦ ਟਰੈਜ਼ਰੀ ਬੈਂਚਿਜ਼ ਵਲੋਂ ਧੰਨਵਾਦ ਦਾ ਮਤਾ ਪੇਸ਼ ਹੋਇਆ ਹੈ, ਮੈਂ ਇਸ ਮਤੇ ਦੀ ਮੁਖ਼ਾਲਫ਼ਤ ਕਰਨ ਵਾਸਤੇ ਖੜ੍ਹਾ ਹੋਇਆ ਹਾਂ। ਜਿਸ ਵੇਲੇ ਗਵਰਨਰ ਸਾਹਿਬ ਐਡਰੈੱਸ ਪੜ੍ਹਨ ਲਗੇ ਸੀ, ਮੈਂ ਉਨ੍ਹਾਂ ਨੂੰ ਕੁਝ ਬੇਨਤੀਆਂ ਕੀਤੀਆਂ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਨੂੰ ਐਡਰੈੱਸ ਨਹੀਂ ਪੜ੍ਹਨਾ ਚਾਹੀਦਾ ਕਿਉਂਕਿ ਜਦੋਂ ਦੀ ਇਹ ਸਰਕਾਰ ਆਈ ਹੈ ਪੰਜਾਬ ਦੀ ਹਾਲਤ ਬਹੁਤ ਭੈੜੀ ਹੋ ਗਈ ਹੈ। ਉਨ੍ਹਾਂ ਨੂੰ ਇਸ ਤਰ੍ਹਾਂ ਦੀ ਸਰਕਾਰ ਦੀ ਵਕਾਲਤ ਨਹੀਂ ਕਰਨੀ ਚਾਹੀਦੀ ਪਰ ਉਨ੍ਹਾਂ ਨੇ ਸਾਡੀ ਦਰਖ਼ਾਸਤ ਨਹੀਂ ਮੰਨੀ। ਬਤੌਰ ਪ੍ਰੋਟੈਸਟ ਦੇ ਅਸੀਂ ਵਾਕ ਆਊਟ ਕੀਤਾ। ਅਸੀਂ ਇਸ ਤਰ੍ਹਾਂ ਦਾ ਵਤੀਰਾ ਨਹੀਂ ਸੀ ਇਖ਼ਤਿਆਰ ਕਰਨਾ ਪਰ ਇਹ ਸਾਡੀ ਮਜਬੂਰੀ ਸੀ, ਕਿਉਂਕਿ ਪੰਜਾਬ ਦੀ ਜਨਤਾ ਦੀ ਆਵਾਜ਼ ਪਹੁੰਚਾਉਣੀ ਸਾਡਾ ਫ਼ਰਜ਼ ਸੀ। ਅਸੀਂ ਰੋਜ਼ ਨਵੇਂ ਤੋਂ ਨਵੇਂ ਵਾਕਿਆਤ ਪੜ੍ਹਦੇ ਹਾਂ ਅਤੇ ਸਾਨੂੰ ਦੁੱਖ ਹੁੰਦਾ ਹੈ ਕਿ ਪੰਜਾਬ ਦੀ ਲਾਅ ਐਂਡ ਆਰਡਰ ਦੀ ਹਾਲਤ ਦਿਨ ਬਦਿਨ ਖ਼ਰਾਬ ਹੁੰਦੀ ਜਾ ਰਹੀ ਹੈ। ਜੋ ਐਡਰੈੱਸ ਪੜ੍ਹਿਆ ਗਿਆ ਉਸ ਵਿਚ ਇਕ ਵੀ ਗੱਲ ਨਹੀਂ ਸੀ ਜਿਸ ਵਿਚ ਪੰਜਾਬ ਦੀ ਹਾਲਤ ਦਾ ਜ਼ਿਕਰ ਕੀਤਾ ਗਿਆ ਹੋਵੇ। ਅਜ ਪੰਜਾਬ ਵਿਚ ਲਾਅ ਆਫ਼ ਜੰਗਲ ਹੈ, ਜੇ ਮੈਂ ਇਹ ਗੱਲ ਕਹਾਂ ਤਾਂ ਇਸ ਵਿਚ ਕੋਈ ਗ਼ਲਤੀ ਨਹੀਂ ਹੈ। ਹਰ ਸ਼ਹਿਰ ਦੇ ਵਿਚ ਕਿਤੇ ਨਾ ਕਿਤੇ ਗੋਲੀ ਚਲਦੀ ਹੈ, ਥਾਂ ਥਾਂ 144 ਦਫ਼ਾ ਲਗੀ ਹੋਈ ਹੈ। ਕਿਤੇ ਲੋਕਾਂ ਤੇ ਲਾਠੀ ਚਾਰਜ ਹੁੰਦਾ ਹੈ, ਕਿਤੇ ਮੰਗਾਂ ਕਰਨ ਵਾਲਿਆਂ ਨੂੰ ਨਜ਼ਰਬੰਦ ਕੀਤਾ ਜਾਂਦਾ ਹੈ। ਹਰ ਸ਼ਹਿਰ ਵਿਚ ਕਿਸੇ ਧੀ ਭੈਣ ਦੀ ਇੱਜ਼ਤ ਮਹਿਫ਼ੂਜ਼ ਨਹੀਂ। ਦਿਨ ਦਿਹਾੜੇ ਕਤਲ ਹੁੰਦੇ ਹਨ, ਡਾਕੇ ਪੈਂਦੇ ਹਨ। ਜੇ ਮੈਂ ਪਿਛਲੇ ਸਾਲ ਤੋਂ ਹੁਣ ਤੱਕ ਦੇ ਕਿੱਸੇ ਸੁਣਾਵਾਂ ਤਾਂ ਹਾਊਸ ਦਾ ਕਾਫ਼ੀ ਸਮਾ ਲਗ ਜਾਵੇਗਾ। ਮੈਂ ਤੁਹਾਡੇ ਸਾਹਮਣੇ ਪਿਛਲੇ 2-3 ਮਹੀਨਿਆਂ ਦੇ ਵਾਕਿਆਤ ਹੀ ਪੇਸ਼ ਕਰਦਾ ਹਾਂ ਤਾਂ ਜੋ ਲਾਅ ਐਂਡ ਆਰਡਰ ਦੀ ਸਹੀ ਸ਼ਕਲ ਸਾਹਮਣੇ ਆ ਜਾਵੇ। ਜੇ ਕਿਸੇ ਸੂਬੇ ਦੀ ਲਾਅ ਐਂਡ ਆਰਡਰ ਦੀ ਪੁਜ਼ੀਸ਼ਨ ਵੇਖਣੀ ਹੋਵੇ ਤਾਂ ਇਸ ਤਰ੍ਹਾਂ ਨਹੀਂ ਕਿ ਗਿਣਤੀ ਲਈ ਜਾਵੇ ਕਿ ਪਹਿਲਾਂ ਨਾਲੋਂ ਦੋ ਕੇਸ ਘੱਟ ਹਨ ਜਾਂ ਵੱਧ। ਮੈਂ ਸਮਝਦਾ ਹਾਂ ਲਾਅ ਐਂਡ ਆਰਡਰ ਦੀ ਸਹੀ ਪੁਜ਼ੀਸ਼ਨ ਦਾ ਉਦੋਂ ਪਤਾ ਲਗਦਾ ਹੈ ਜਦੋਂ ਬਦਮਾਸ਼ਾਂ

ਨੂੰ ਜਾਂ ਲੁਟੇਰਿਆਂ ਨੂੰ ਕਿਸੇ ਤਰ੍ਹਾਂ ਦਾ ਵੀ ਡਰ ਨਾ ਰਹੇ। ਮੈਂ ਸਮਝਦਾ ਹਾਂ ਅੱਜ ਗੁੰਡਿਆਂ ਨੂੰ ਕਿਸੇ ਵੀ ਕਿਸਮ ਦਾ ਡਰ ਨਹੀਂ। ਇਸ਼ ਤਰ੍ਹਾਂ ਦੀਆਂ ਗੱਲਾਂ ਦਿਨ ਦਿਹਾੜੇ ਹੁੰਦੀਆਂ ਹਨ ਜਿਸ ਤਰ੍ਹਾਂ ਕੋਈ ਮਾਮੂਲੀ ਗੱਲ ਹੁੰਦੀ ਹੋਵੇ। ਸ਼ਹਿਰਾਂ ਦੀ ਹੋਰ ਵੀ ਬੁਰੀ ਹਾਲਤ ਹੈ। ਸਗੋਂ ਅੱਗੇ ਹਿਫ਼ਾਜ਼ਤ ਵਾਸਤੇ ਪੇਂਡੂ ਸ਼ਹਿਰਾਂ ਨੂੰ ਆਉਂਦੇ ਸਨ, ਹੁਣ ਸ਼ਹਿਰੀ ਜ਼ਿੰਦਗੀ ਖ਼ਤਰਿਆਂ ਦੀ ਭਰਪੂਰ ਹੋ ਗਈ ਹੈ। ਇਹੋ ਜਿਹੀ ਹਾਲਤ ਅੰਮ੍ਰਿਤਸਰ ਦੀ ਹੈ ਕਿ ਸਵੇਰੇ ਸ਼ਾਮ ਗੁੰਡਿਆਂ ਤੋਂ ਡਰਦੀ ਕੋਈ ਔਰਤ ਬਾਹਰ ਨਹੀਂ ਨਿਕਲਦੀ। ਮੈਂ 30 ਜਨਵਰੀ ਦਾ ਵਾਕਿਆ ਦਸਦਾ ਹਾਂ ਕਿ ਇਕ ਜੋੜੀ ਸਿਨੇਮਾ ਵੇਖ ਕੇ ਆਪਣੇ ਘਰ ਜਾ ਰਹੀ ਸੀ, ਜਿਨ੍ਹਾਂ ਨੂੰ ਸ਼ਹਿਰ ਦੇ ਦਰਮਿਆਨ ਬਦਮਾਸ਼ਾਂ ਨੇ ਘੇਰ ਲਿਆ। ਔਰਤ ਨੂੰ ਬਦਮਾਸ਼ ਖੋਹ ਕੇ ਲੈ ਗਏ, ਖਾਵੰਦ ਭਜ ਕੇ ਥਾਣੇ ਵਿਚ ਗਿਆ ਪਰ ਜਦੋਂ ਤੱਕ ਪੁਲੀਸ ਆਈ ਉਸ ਦੀ ਬੁਰੀ ਤਰ੍ਹਾਂ ਇੱਜ਼ਤ ਖਰਾਬ ਕੀਤੀ ਗਈ ਸੀ। ਫੇਰ 21 ਜਨਵਰੀ ਦੀ ਮੈਂ ਤੁਹਾਨੂੰ ਗੱਲ ਸੁਣਾਉਂਦਾ ਹਾਂ। ਨੌਜਵਾਨ ਕੁੜੀਆਂ ਨੂੰ ਰਾਹ ਜਾਂਦੀਆਂ ਨੂੰ ਘੇਰ ਲਿਆ ਜਾਂਦਾ ਹੈ। ਇਹ ਕਿੱਸਾ ਇਸ ਤਰ੍ਹਾਂ ਹੈ ਕਿ 8-9 ਵਜੇ ਦੇ ਵਕਤ ਪੜ੍ਹਨ ਜਾ ਰਹੀਆਂ ਕੁੜੀਆਂ ਨੂੰ 3-4 ਬਦਮਾਸ਼ਾਂ ਨੇ ਘੇਰ ਲਿਆ। ਜਦੋਂ ਉਨ੍ਹਾਂ ਲੜਕੀਆਂ ਨੇ ਰੌਲਾ ਪਾਇਆ ਤਾਂ ਇਕ ਨੌਜਵਾਨ ਡਾਕਟਰ ਉਨ੍ਹਾਂ ਦੀ ਇਮਦਾਦ ਲਈ ਅਗੇ ਵਧਿਆ ਪਰ ਗੁੰਡਿਆਂ ਨੇ ਉਸ ਡਾਕਟਰ ਤੇ ਚਾਕੂਆਂ ਦੇ ਨਾਲ ਹਮਲਾ ਕੀਤਾ ਅਤੇ ਉਸ ਨੂੰ ਜ਼ਖਮੀ ਕਰ ਦਿੱਤਾ। ਇਸੇ ਤਰ੍ਹਾਂ ਦਾ ਕਿੱਸਾ ਅਬੋਹਰ ਦਾ ਹੈ ਜਿਥੇ ਰਾਹ ਵਿਚ ਪੜ੍ਹਨ ਜਾਂਦੀਆਂ ਕੁੜੀਆਂ ਨੂੰ ਗੁੰਡੇ ਤੰਗ ਕਰਦੇ ਸਨ। ਜਦੋਂ ਸਰਕਾਰ ਤਕ ਵੀ ਕੋਈ ਸੁਣਵਾਈ ਨਾ ਹੋਈ ਤਾਂ ਤੰਗ ਆ ਕੇ ਉਨ੍ਹਾਂ ਲੜਕੀਆਂ ਨੇ ਪ੍ਰੋਸੈਸ਼ਨ ਕਢਣੇ ਸ਼ੁਰੂ ਕਰ ਦਿੱਤੇ ਹਨ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਅਜ ਕਿਸੇ ਧੀ ਭੈਣ ਦੀ ਇੱਜ਼ਤ ਮਹਿਫ਼ੂਜ਼ ਨਹੀਂ ਹੈ। ਵੀਕ ਐਡਮਨਿਸਟ੍ਰੇਸ਼ਨ ਕਰਕੇ, ਲਾਅ ਐਂਡ ਆਰਡਰ ਵੀਕ ਹੋਣ ਕਰਕੇ ਦਿਨ ਦਿਹਾੜੇ ਹੀ ਡਾਕੇ ਪੈਣ ਲਗ ਗਏ ਹਨ। ਸ੍ਰੀ ਹਰਗੋਬਿੰਦਪੁਰ ਦੇ ਕੇਸ ਵਿਚ ਤੁਹਾਨੂੰ ਪਤਾ ਹੀ ਹੈ। ਬਟਾਲਾ ਸ਼ੂਗਰ ਮਿੱਲ ਦਾ ਕਲਰਕ ਕਿਸਾਨਾਂ ਨੂੰ ਪੈਸੇ ਦੇਣ ਵਾਸਤੇ ਜਾ ਰਿਹਾ ਸੀ ਅਤੇ ਜਿਸ ਵੇਲੇ ਉਹ ਬਸ ਤੋਂ ਉਤਰਿਆ ਤਾਂ ਮੋਟਰ ਸਾਈਕਲ ਸਵਾਰਾਂ ਨੇ ਆਰਮਜ਼ ਨਾਲ ਉਸ ਤੇ ਹਮਲਾ ਕਰ ਦਿੱਤਾ ਅਤੇ ਉਹਦੇ ਕੋਲੋਂ ਰੁਪਿਆ ਖੋਹ ਕੇ ਭੱਜ ਗਏ। ਤੁਸੀਂ ਹੈਰਾਨ ਹੋਵੋਗੇ ਕਿ ਜਲੰਧਰ ਵਿਖੇ ਸਟੇਟ ਬੈਂਕ ਵਿਚ, ਜੋ ਕਿ ਸ਼ਹਿਰ ਦੇ ਹਾਰਟ ਵਿਚ ਹੈ, ਦਿਨ ਦੇ 1.00 ਵਜੇ ਇਕ ਫ਼ਰਮ ਦਾ ਮੁਲਾਜ਼ਮ ਚੈਕ ਕੈਸ਼ ਕਰਾਉਣ ਵਾਸਤੇ ਪਹੁੰਚਿਆ ਤਾਂ ਡਾਕੂਆਂ ਨੇ ਉਹਦੇ ਮੂੰਹ ਤੇ ਪੱਟੀ ਬੰਨ੍ਹ ਕੇ ਉਹਨੂੰ ਬਾਥਰੂਮ ਵਿਚ ਲੈ ਗਏ ਅਤੇ ਉਹਦੇ ਕੋਲੋਂ, ਜੋ ਕਿ ਉਹਨੇ 20-25 ਹਜ਼ਾਰ ਰੁਪਏ ਦਾ ਚੈੱਕ ਕੈਸ਼ ਕਰਾਇਆ ਸੀ, ਉਹ ਲੁੱਟ ਕੇ ਲੈ ਗਏ। ਮੈਨੂੰ ਖੁਸ਼ੀ ਹੁੰਦੀ ਜੇ ਇਸ ਵੇਲੇ ਚੀਫ਼ ਮਨਿਸਟਰ ਸਾਹਿਬ ਇਥੇ ਬੈਠੇ ਹੁੰਦੇ (ਵਿਘਨ)

ਸ੍ਰੀ ਗੁਰਦਿਆਲ ਸੈਣੀ : ** ** **

Mr. Deputy Speaker : This is no point of order. It should not form part of the proceedings.

All such incidents referred to by Sardar Parkash Singh Badal which are pending in the Court, shall not form part of the proceedings and this matter is subject to verification.

ਸਰਦਾਰ ਪਰਕਾਸ਼ ਸਿੰਘ ਬਾਦਲ : ਐਡਮਨਿਸਟਰੇਸ਼ਨ ਦੀ ਇਹ ਹਾਲਤ ਹੋ ਗਈ ਹੈ ਕਿ ਗਵਰਨਰ ਐਡਰੈੱਸ ਵੇਲੇ ਅੱਗੇ ਅਫ਼ਸਰਾਂ ਦੇ ਬੈਠਣ ਲਈ ਥਾਂ ਨਹੀਂ ਮਿਲਦੀ ਹੁੰਦੀ ਸੀ ਪਰ ਹੁਣ ਇਹ

**Expunged as ordered by the Chair.

[ਸਰਦਾਰ ਪ੍ਰਕਾਸ਼ ਸਿੰਘ ਬਾਦਲ]

ਕੁਰਸੀਆਂ ਖਾਲੀ ਪਈਆਂ ਹੋਈਆਂ ਹਨ। ਇਥੇ ਕੋਈ ਹੈੱਡਜ਼ ਆਫ ਦੀ ਡਿਪਾਰਟਮੈਂਟ ਅਤੇ ਸੀਨੀਅਰ ਸੈਕਟਰੀਜ਼ ਬੈਠੇ ਹੋਏ ਨਹੀਂ ਹਨ। ਚੀਫ ਮਨਿਸਟਰ ਸਾਹਿਬ ਨੂੰ ਗਿਲਾ ਕੀ ਕਰਨਾ ਹੈ (ਸ਼ੇਮ, ਸ਼ੇਮ)। ਹੁਣ ਤਾਂ ਇਹ ਪੁਜ਼ੀਸ਼ਨ ਹੋ ਗਈ ਹੈ ਕਿ ਸਟੇਟ ਟਰਾਂਸਪੋਰਟ ਵਿਚ ਕੰਮ ਕਰਨ ਵਾਲਿਆਂ ਕੰਡਕਟਰਜ਼ ਦੀਆਂ ਜ਼ਿੰਦਗੀਆਂ ਵੀ ਮਹਿਫੂਜ਼ ਨਹੀਂ ਹਨ। ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਂਦਾ ਹੈ। ਇਕ ਕੰਡਕਟਰ ਟਾਂਡਾ-ਹੁਸ਼ਿਆਰਪੁਰ ਨੂੰ ਆ ਰਿਹਾ ਸੀ ਅਤੇ ਉਸ ਦੇ ਕੋਲ ਕੋਈ ਚਾਰ ਪੰਜ ਸੌ ਰੁਪਏ ਸੀ ਕਿ ਰਸਤੇ ਵਿਚ ਡਾਕੂਆਂ ਨੇ ਉਹਦੀ ਥੈਲੀ ਖੋਹ ਲਈ ਅਤੇ ਉਹਨੂੰ ਜ਼ਖਮੀ ਕਰ ਦਿੱਤਾ ਗਿਆ ਅਤੇ ਉਹਨੂੰ ਮਾਰ ਦਿੱਤਾ ਗਿਆ। ਡਿਪਟੀ ਸਪੀਕਰ ਸਾਹਿਬ, ਇਥੇ ਹੀ ਬਸ ਨਹੀਂ ਅੱਜ ਕਲ ਰੇਲ ਦਾ ਸਫ਼ਰ ਵੀ ਮਹਿਫੂਜ਼ ਨਹੀਂ ਹੈ। ਇਕ ਸਟੇਸ਼ਨ ਮਾਸਟਰ 16 ਜਨਵਰੀ ਨੂੰ ਫ਼ਿਰੋਜ਼ਪੁਰ ਤੋਂ ਕਾਸੂਬੇਗੂ ਵਲ ਜਾ ਰਿਹਾ ਸੀ ਕਿ ਰਸਤੇ ਵਿਚ ਡੱਬੇ ਵਿਚ ਹੀ ਉਸਨੂੰ ਜ਼ਖਮੀ ਕੀਤਾ ਗਿਆ ਅਤੇ ਉਹਦਾ ਮਾਲ ਲੁਟ ਲਿਆ ਗਿਆ। ਕੇਸ ਦੀ ਤਫਤੀਸ਼ ਤੋਂ ਬਾਅਦ ਜੋ ਸੈਰੀ-ਨਾਲਿਜ ਹੈ ਪਤਾ ਲਗਿਆ ਕਿ ਦੋ ਪੁਲਿਸ ਦੇ ਸਿਪਾਹੀ ਹੀ ਸਨ ਜਿਨ੍ਹਾਂ ਨੇ ਵਾਰਦਾਤ ਕੀਤੀ। ਇਥੋਂ ਤਕ ਗੱਲ ਪਹੁੰਚ ਗਈ ਹੈ। ਇਸ ਸੂਬੇ ਵਿਚ ਮਜ਼ਦੂਰ ਵੀ ਲੁਟਿਆ ਜਾ ਰਿਹਾ ਹੈ। ਜੰਡਿਆਲਾ-ਬੇਗੋਵਾਲ ਰੋਡ ਬਣ ਰਹੀ ਸੀ। ਉਥੇ ਟਰਕ ਵਾਲੇ ਬਜਰੀ ਸੁਟੱਣ ਲਈ ਆ ਗਏ। ਡਰਾਇਵਰ ਕੋਲ 700 ਜਾਂ 800 ਰੁਪਏ ਦੇ ਕਰੀਬ ਪੈਸੇ ਸਨ, ਉਹ ਉਸ ਤੋਂ ਉਥੇ ਲੁੱਟ ਲਏ ਗਏ। ਮਰਡਰਜ਼ ਦੀ ਇਥੇ ਐਨੀ ਹਾਲਤ ਬੁਰੀ ਹੈ ਕਿ ਪੁਲਿਸ ਹੀ, ਜੋ ਕਿ ਸਾਡੇ ਰਖਵਾਲੇ ਹਨ, ਉਨ੍ਹਾਂ ਦਾ ਹੀ ਅੱਜ ਕਲ ਮਰਡਰ ਹੋ ਰਿਹਾ ਹੈ। 9 ਦਸੰਬਰ ਨੂੰ ਅਜਾਇਬ ਸਿੰਘ ਕੰਸਟੇਬਲ ਕਿਸੇ ਸਮਨ ਦੀ ਤਾਮੀਲ ਕਰਾਉਣ ਲਈ ਤਰਨ ਤਾਰਨ ਜਾ ਰਿਹਾ ਸੀ ਕਿ ਉਥੇ ਹੀ ਮਾਰ ਦਿੱਤਾ ਗਿਆ। ਅੰਮ੍ਰਿਤਸਰ ਦਾ ਐਸ. ਐਚ. ਓ. ਡੀ ਡਿਵੀਜ਼ਨ ਵੀ ਗੁੰਡਿਆਂ ਕੋਲੋਂ ਜ਼ਖਮੀ ਹੋਇਆ। ਮਾਲ ਮੰਡੀ ਦੇ ਨੇੜੇ ਤਿੰਨ ਬਦਮਾਸ਼ਾਂ ਨੇ ਇਕ ਸਿਪਾਹੀ ਦਾ ਕਤਲ ਕਰ ਦਿੱਤਾ। ਆਲਮਗੜ੍ਹ ਦਾ ਕਿੱਸਾ ਵੀ ਇਸੇ ਸਾਲ ਵਿਚ ਹੋਇਆ। ਇਸ ਸੂਬੇ ਵਿਚ ਐਡਮਨਿਸਟ੍ਰੇਸ਼ਨ ਦੀ ਅਤੇ ਲਾਅ ਐਂਡ ਆਰਡਰ ਦੀ ਐਨੀ ਬੁਰੀ ਹਾਲਤ ਹੋਵੇ ਅਤੇ ਜੇ ਅਸੀਂ ਗਵਰਨਰ ਸਾਹਿਬ ਦੇ ਐਡਰੈੱਸ ਦਾ ਬਾਇਕਾਟ ਕਰੀਏ ਤਾਂ ਫਿਰ ਸਾਡਾ ਇਸ ਵਿਚ ਕੀ ਦੋਸ਼ ਹੈ। ਆਲਮਗੜ੍ਹ ਦਾ ਕਿੱਸਾ ਇਨ੍ਹਾਂ ਦੇ ਮੱਥੇ ਤੇ ਕਲੰਕ ਵਾਲੀ ਗੱਲ ਹੈ। ਮੈਂ ਉਸ ਪਿੰਡ ਵਿਚ ਆਪ ਜਾ ਕੇ ਆਇਆ ਹਾਂ। ਉਥੇ ਹਥਿਆਰਾਂ ਨਾਲ ਇਕ ਕਮਰਾ ਭਰਿਆ ਪਿਆ ਸੀ। ਉਨ੍ਹਾਂ ਹਥਿਆਰਾਂ ਨਾਲ ਮਾਸੂਮ ਲੋਕਾਂ ਨੂੰ ਕਤਲ ਕੀਤਾ ਗਿਆ। ਉਸ ਅੱਡੇ ਵਿਚ ਪੁਲਿਸ ਅਫਸਰ ਜਾਇਆ ਕਰਦੇ ਸਨ। ਔਰ ਸੰਤ ਮਹਾਰਾਜ ਜੀ ਨਾਲ ਜ਼ਿਆਫਤਾਂ ਖਾਇਆ ਕਰਦੇ ਸਨ। (ਵਿਘਨ) ਸਰਦਾਰ ਬਸੰਤ ਸਿੰਘ ਦੇ ਲੜਕੇ ਦਾ ਕਤਲ ਕਰ ਦਿੱਤਾ ਗਿਆ। ਪੁਲਿਸ ਵਰਸ਼ਨ ਆਈ ਕਿ ਉਸ ਨੇ ਸੂਆਸਾਈਡ ਕਮਿਟ ਕੀਤਾ ਹੈ। ਜਿਨ੍ਹਾਂ ਤੇ ਸ਼ੱਕ ਕੀਤਾ ਜਾਂਦਾ ਹੈ ਉਨ੍ਹਾਂ ਵਿਚ ਬੜੇ ਬੜੇ ਅਫਸਰ ਆ ਰਹੇ ਹਨ। ਉਨ੍ਹਾਂ ਨੂੰ ਬਚਾਉਣ ਲਈ ਇਸ ਮਾਸੂਮ ਦਾ ਕਤਲ ਜ਼ਾਇਆ ਕੀਤਾ ਜਾ ਰਿਹਾ ਹੈ। ਤੁਸੀਂ ਹੈਰਾਨ ਹੋਵੋਗੇ ਕਿ ਫਾਇਰ ਹੋਣ ਨਾਲ ਡੈੱਡ ਬਾਡੀ ਕੋਲ ਖੂਨ ਦਾ ਇਕ ਕਤਰਾ ਵੀ ਨਾ ਹੋਵੇ। (ਵਿਘਨ) ਤਿੰਨ ਗੋਲਿਆਂ ਨਿਕਲੀਆਂ, ਇਕ ਮਿੱਸ ਹੋਈ, ਦੂਜੀ ਚੱਲੀ ਹੈ ਅਤੇ ਤੀਜੀ ਲਗੀ ਹੈ। ਇਹ ਤਫਤੀਸ਼ ਦਾ ਕੇਸ ਹੈ, ਇਸ ਲਈ ਮੈਂ ਜ਼ਿਆਦਾ ਇਸ ਬਾਰੇ ਨਹੀਂ ਕਹਿਣਾ ਚਾਹੁੰਦਾ ਹਾਂ। ਮੈਂ ਤਾਂ ਇਹ ਅਰਜ਼ ਕਰਦਾ ਹਾਂ ਕਿ ਇਨ੍ਹਾਂ ਦੇ ਲਾਅ ਐਂਡ ਆਰਡਰ ਦੀ ਇਹ ਹਾਲਤ ਹੈ। ਅਜਿਹੀਆਂ ਗੱਲਾਂ ਅੱਜ ਦੇ ਬਹੁਤ ਸਾਰੇ ਅਖਬਾਰਾਂ ਵਿਚ ਆਈਆਂ ਹਨ।

Mr. Deputy Speaker: Reference to Newspapers is not allowed.

Sardar Jasdev Singh Sandhu: It is allowed.

ਸਰਦਾਰ ਪਰਕਾਸ਼ ਸਿੰਘ ਬਾਦਲ : 'ਅਜੀਤ' ਅਖ਼ਬਾਰ ਪਰੋ-ਗੌਰਮੈਂਟ ਅਖ਼ਬਾਰ ਹੈ। ਇਸ ਦੇ ਪਹਿਲੇ ਸਫ਼ੇ ਤੇ ਸੱਤ ਖਬਰਾਂ ਲਾਅ ਐਂਡ ਆਰਡਰ ਦੀਆਂ ਨਿਕਲੀਆਂ ਹਨ—ਪੁਲਿਸ ਸਿਪਾਹੀ ਦਾ ਕਤਲ, ਤਰਨ ਤਾਰਨ ਦੇ ਨੇੜੇ ਰਾਹ-ਜ਼ਨੀ; ਕਿਸਾਨਾਂ ਦੇ ਡੀਜ਼ਲ ਦੇ ਤਿੰਨ ਟਰੈਕੱਟਰ ਰੋਕ

ਲਏ; ਸੁਨਾਮ ਵਿਚ ਕਿਸਾਨਾਂ ਤੇ ਅੰਨ੍ਹੇਵਾਹ ਲਾਠੀ ਚਾਰਜ; ਪੁਲਿਸ ਨੇ ਅਥਰੂ ਗੈਸ ਦੀ ਵਰਤੋਂ ਕੀਤੀ; ਕਾਂਗਰਸ ਵਰਕਰਾਂ ਨੂੰ ਬੇਲਦਾਰਾਂ ਨੇ ਕੁੱਟਿਆ। (ਵਿਘਨ) ਐਸੀ ਹਾਲਤ ਹੋ ਗਈ ਹੈ ਕਿ ਕਾਂਗਰਸ ਵਰਕਰਾਂ ਨੂੰ ਕੁੱਟ ਪੈਣ ਲਗ ਗਈ ਹੈ। ਅੱਗੇ ਖਬਰ ਹੈ ਕਿ ਪੁਲਿਸ ਸਿਪਾਹੀ ਨੂੰ ਕਿਸੇ ਨੇ ਗੋਲੀ ਨਾਲ ਉੜਾ ਦਿੱਤਾ। ਬੜਾ ਪਿੰਡ ਵਿਚ ਗੋਲੀ ਚੱਲੀ ਇਕ ਵਿਅਕਤੀ ਜ਼ਖਮੀ। ਇੱਕ ਹੋਰ ਖਬਰ ਹੈ ਕਿ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਇਕ ਮੈਂਬਰ ਔਰ ਸਰਪੰਚ, ਮੈਂਬਰ ਤੇ ਇਕ ਦਰਜਨ ਮਸੱਲਾ ਬੰਦਿਆਂ ਦਾ ਹਮਲਾ, ਲਾਠੀਆਂ ਅਤੇ ਕੁਲਹਾੜੀਆਂ ਚਲੀਆਂ। ਇਹ ਮੈਂਬਰ ਸਾਹਿਬ ਚੀਫ ਮਨਿਸਟਰ ਸਾਹਿਬ ਨੂੰ ਮਿਲੇ ਔਰ ਉਨ੍ਹਾਂ ਨੂੰ ਦਸਿਆ ਕਿ ਉਥੋਂ ਦੇ ਡੀ. ਐਸ. ਪੀ. ਦੇ ਹੁੰਦਿਆਂ ਉਨ੍ਹਾਂ ਦੀ ਜਿੰਦਗੀ ਮਹਿਫੂਜ਼ ਨਹੀਂ ਹੈ। ਜਦੋਂ ਇਹ ਸ਼ਿਕਾਇਤ ਕਰਕੇ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਹੀ ਉਨ੍ਹਾਂ ਦੀ ਇਹ ਹਾਲਤ ਹੋਈ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਤੁਹਾਡੇ ਸਾਹਮਣੇ ਇਸ ਲਈ ਰਖਣਾ ਚਾਹੁੰਦਾ ਹਾਂ ਕਿ ਸਾਨੂੰ ਇਹ ਸੋਚਣਾ ਪਏਗਾ ਕਿ ਇਹ ਸਭ ਕੁਝ ਕਿਉਂ ਹੋ ਰਿਹਾ ਹੈ? ਇਹਦੀ ਵਜਾਹ ਕੀ ਹੈ? ਇਹ ਗੱਲ ਸਮਝਣੀ ਚਾਹੀਦੀ ਹੈ ਕਿ ਸਰਕਾਰ ਅਤੇ ਪੁਲਿਸ ਦਾ ਆਪਸ ਵਿਚ ਕੀ ਸਬੰਧ ਹੈ? ਮੈਂ ਜੋ ਕਾਜ਼ ਸਮਝਦਾ ਹਾਂ ਉਹ ਇਹ ਹੈ ਕਿ ਸਰਕਾਰ ਵਲੋਂ ਐਡਮਨਿਸਟਰੇਸ਼ਨ ਵਿਚ ਐਨੀ ਵੱਡੀ ਇੰਟਰਫੀਅਰੈਂਸ ਹੈ ਕਿ ਕੋਈ ਪੁਲਿਸ ਅਫਸਰ ਇੰਡੀਪੈਂਡੈਂਟਲੀ ਕੰਮ ਨਹੀਂ ਕਰ ਸਕਦਾ। ਕੋਈ ਵੀ ਕੇਸ ਹੋਵੇ ਉਸ ਨੂੰ ਐਕਸ਼ਨ ਲੈਣ ਤੋਂ ਪਹਿਲਾਂ ਇਹ ਦੇਖਣਾ ਪੈਂਦਾ ਹੈ ਕਿ ਇਸ ਕੇਸ ਪਿਛੇ ਐਮ. ਐਲ. ਏ. ਕੌਣ ਹੈ, ਗੌਰਮੈਂਟ ਦਾ ਕੀ ਇਸ਼ਾਰਾ ਹੈ, ਤਾਂ ਕਿਤੇ ਜਾ ਕੇ ਉਸ ਕੇਸ ਤੇ ਐਕਸ਼ਨ ਲਿਆ ਜਾਂਦਾ ਹੈ। ਇਸ ਬਾਰੇ, ਡਿਪਟੀ ਸਪੀਕਰ ਸਾਹਿਬ, ਮੈਂ ਸਿਰਫ ਦੋ ਮਿਟ ਲੈ ਕੇ ਕੁਝ ਪੜ੍ਹਾਂਗਾ ਕਿ ਗੌਰਮੈਂਟ ਅਤੇ ਪੁਲਿਸ ਦਾ ਕੀ ਰਿਸ਼ਤਾ ਹੈ।

> "So long in vogue has been the practice of governments interfering with the police in the discharge of its duties that the impression has gained ground that the police is but a limb of the Government. In truth, however, the police force is a creature of the law which also defines its powers, functions and duties.

ਡਿਪਟੀ ਸਪੀਕਰ ਸਾਹਿਬ, ਪੁਲਿਸ ਦੇ ਕੇਸ ਦੇ ਸਿਲਸਿਲੇ ਵਿਚ ਕੋਈ ਜੱਜ ਮੁਕੱਰਰ ਹੋਏ ਸਨ ਇਹ ਉਨ੍ਹਾਂ ਦੇ ਰਿਮਾਰਕਸ ਹਨ। ਇਹ ਕਮੇਟੀ, ਹੈਡਿੱਡ ਬਾਈ ਏ ਜੱਜ, ਦੀ ਰਿਪੋਰਟ ਹੈ......

The Committee was constrained to observe :

> "It must be emphasised that the police are not the servants of the State Government in the sense that the Government can order the method and the manner of the performance of the various acts committed to the police by law. The Police are under a statutory duty to function in accordance with the mandate of the Legislature ; and it would be a gross violation of the statute for the State Government to alter the code of conduct contrary to the provisions of the law. The moment an offence is committed or intended to be committed, the law takes its own course ; and it is not open either to the police officer or the Chief Minister to change the course of law, much less to prohibit the policeman from doing his legal duty in accordance with the provisions of the various Acts.

ਡਿਪਟੀ ਸਪੀਕਰ ਸਾਹਿਬ, ਮੇਰੇ ਕਹਿਣ ਦਾ ਭਾਵ ਇਹ ਹੈ ਕਿ ਅੱਜ ਕਿੰਨਾਂ ਵੀ ਕੋਈ ਭਾਰੀ ਜੁਰਮ ਹੋ ਜਾਵੇ ਉਪਰਲੇ ਇਸ਼ਾਰੇ ਤੋਂ ਬਿਨਾਂ ਅਗੇ ਨੂੰ ਕੋਈ ਗੱਲ ਨਹੀਂ ਤੁਰਦੀ। ਫਰੀਦਕੋਟ ਦੇ ਵਿਚ ਜੋ ਕੁਝ ਪੁਲਿਸ ਨਾਲ ਹੋਇਆ ਹੈ ਉਹ ਵੀ ਮੈਂ ਆਪ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਭਾਵੇਂ ਇਸ ਦੇ ਵਿਚ ਕਾਫੀ ਲੇਪ ਚੇਪ ਕੀਤੀ ਗਈ ਹੈ। ਮੈਂ ਸਮਝਦਾ ਹਾਂ ਕਿ ਸਾਰੀ ਜਿਹੜੀ ਗੱਲ ਹੋਈ ਹੈ ਉਹ ਕਿਸੇ ਪੋਲਿਟੀਕਲ ਇੰਟਰਫੀਅਰੈਂਸ ਨਾਲ ਹੋਈ ਹੈ। ਜਿਹੜਾ ਸੀ.ਆਈ.ਏ. ਦਾ ਇਨਸਪੈਕਟਰ, ਸਰਦਾਰ ਦਰਸ਼ਨ ਸਿੰਘ ਹੈ ਉਸ ਨਾਲ ਜੋ ਬੀਤੀ ਹੈ ਉਹ ਤੁਹਾਡੇ ਸਾਹਮਣੇ ਹੀ ਹੈ। ਮੈਂ ਇਸ ਗੱਲ ਵਿਚ ਨਹੀਂ ਜਾਣਾ ਚਾਹੁੰਦਾ ਕਿ ਉਹ ਮੁਅੱਤਲ ਹਨ ਜਾਂ ਨਹੀਂ ਲੇਕਿਨ ਮੈਂ ਦਸਣਾ

[ਸਰਦਾਰ ਪਰਕਾਸ਼ ਸਿੰਘ ਬਾਦਲ]

ਚਾਹੁੰਦਾ ਹਾਂ ਕਿ ਮੈਨੂੰ ਜ਼ਾਤੀ ਤੌਰ ਤੇ ਪਤਾ ਹੈ ਕਿ ਤਿੰਨ ਚਾਰ ਸਾਡੇ ਜ਼ਿਲ੍ਹੇ ਵਿਚ ਚੋਰੀਆਂ ਦੇ ਕੇਸ ਐਸੇ ਸਨ ਜਿਹੜੇ ਕਿ ਪਕੜੇ ਨਹੀਂ ਸੀ ਜਾ ਸਕੇ ਪਰ ਉਸ ਇਨਸਪੈਕਟਰ ਨੇ ਇਹ ਕੇਸ ਪਕੜੇ। ਫਿਰ ਗਿੱਦੜਬਾਹਾ ਮੇਰੇ ਹਲਕੇ ਵਿਚ ਜਿਹੜੀ ਚੋਰੀ ਹੋਈ ਉਸ ਚੋਰੀ ਨੂੰ 2—3 ਮਹੀਨਿਆਂ ਵਿਚ ਕੋਈ ਨਹੀਂ ਪਕੜ ਸਕਿਆ। ਪਰ ਉਸ ਆਦਮੀ ਨੇ ਉਸ ਚੋਰੀ ਦੇ ਕੇਸ ਨੂੰ ਪਕੜਿਆ। ਉਸ ਦੇ ਬਾਅਦ ਉਨ੍ਹਾਂ ਨੂੰ ਕਹਿਣ ਲਗੇ ਕਿ ਜੋ ਚੋਰੀ ਦਾ ਮਾਲ ਹੈ ਉਹ ਉਸ ਬੰਦੇ ਨੂੰ ਵਾਪਸ ਕਰ ਦਿੱਤਾ ਜਾਵੇ। ਤੁਸੀਂ ਤਾਂ, ਡਿਪਟੀ ਸਪੀਕਰ ਸਾਹਿਬ, ਆਪ ਲਾਅ ਗਰੈਜੂਏਟ ਹੋ ਅਤੇ ਤੁਹਾਨੂੰ ਪਤਾ ਹੈ ਕਿ ਜਦੋਂ ਕੋਈ ਚੀਜ਼ ਬਰਾਮਦ ਹੋ ਗਈ ਹੋਵੇ ਤਾਂ ਉਹ ਕਿਸੇ ਤਰ੍ਹਾਂ ਵੀ ਮੋੜੀ ਨਹੀਂ ਜਾ ਸਕਦੀ ਜਦੋਂ ਤਕ ਕਿ ਉਸ ਦੇ ਬਾਰੇ ਕੋਈ ਕੋਰਟ ਦਾ ਫ਼ੈਸਲਾ ਨਾ ਹੋ ਜਾਵੇ। ਜਿਹੜੀ ਸਚਾਈ ਸੀ ਉਹ ਇਨਸਪੈਕਟਰ ਉਸ ਤੇ ਚਲਿਆ ਜਿਸ ਦੇ ਲਈ ਕਿ ਉਸ ਨੂੰ ਇਤਨੀ ਤਕਲੀਫ਼ ਪਹੁੰਚੀ। ਇਸ ਗੱਲ ਦਾ ਦੁੱਖ ਸਾਰੇ ਪੁਲਿਸ ਦੇ ਅਫ਼ਸਰਾਂ ਨੂੰ ਹੈ ਚਾਹੇ ਉਹ ਮੂੰਹੋਂ ਕੁਝ ਨਹੀਂ ਬੋਲ ਸਕਦੇ ਪਰ ਸਾਰੇ ਦੁੱਖ ਮਹਿਸੂਸ ਕਰ ਰਹੇ ਹਨ ਕਿ ਜਿਹੜੇ ਸਾਡੇ ਲੀਗਲ ਰਾਈਟਸ ਹਨ ਲਾਅ ਐਂਡ ਆਰਡਰ ਨੂੰ ਕਾਇਮ ਰਖਣ ਲਈ ਉਨ੍ਹਾਂ ਦੀ ਵਰਤੋਂ ਅਸੀਂ ਸਹੀ ਮਾਅਨਿਆਂ ਵਿਚ ਨਹੀਂ ਕਰ ਸਕਦੇ। (ਵਿਘਨ) ਡਿਪਟੀ ਸਪੀਕਰ ਸਾਹਿਬ, ਸਾਡੇ ਮਨਿਸਟਰ ਸਾਹਿਬਾਨ ਦਾ ਬਹੁਤ ਸਾਰਾ ਵਕਤ ਤਾਂ ਟਰਾਂਸਫ਼ਰਜ਼ ਵਿਚ ਹੀ ਖ਼ਰਾਬ ਹੋ ਜਾਂਦਾ ਹੈ। ਮੈਨੂੰ ਖੁਸ਼ੀ ਹੈ ਕਿ ਸਾਡੇ ਇਕ ਮਨਿਸਟਰ ਸਾਹਿਬ, ਸਰਦਾਰ ਬਲਬੀਰ ਸਿੰਘ ਜੀ ਨੇ ਪ੍ਰੈਸ ਵਿਚ ਸਟੇਟਮੈਂਟ ਦਿੱਤੀ ਹੈ ਕਿ ਸਾਡਾ 90% ਪਬਲਿਕ ਵਰਕਰਜ਼ ਦਾ ਟਾਈਮ ਤਬਾਦਲਿਆਂ ਵਿਚ ਜਾਂਦਾ ਹੈ ਅਤੇ 10% ਬਾਕੀ ਦੇ ਕੰਮਾਂ ਵਾਸਤੇ ਰਹਿ ਜਾਂਦਾ ਹੈ। ਮੈਂ ਇਨ੍ਹਾਂ ਦੇ ਸਹੀ ਗੱਲ ਦਸਣ ਤੇ ਇਨ੍ਹਾਂ ਨੂੰ ਵਧਾਈ ਦਿੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਪੋਲਿਟੀਕਲ ਇੰਟਰਫ਼ੀਅਰੈਂਸ ਨਾਲ ਕੋਈ ਗਲ ਵੀ ਸਿਰੇ ਨਹੀਂ ਚੜ੍ਹਦੀ। ਪੁਲਿਸ ਵੀ ਕਿਸੇ ਕੇਸ ਨੂੰ ਹੱਥ ਪਾਉਣ ਤੇ ਮਜਬੂਰ ਹੈ। ਮੈਂ ਤੁਹਾਨੂੰ ਸਰਹਿੰਦ ਪੁਲਿਸ ਸਟੇਸ਼ਨ ਦਾ ਇਕ ਵਾਕਿਆ ਦਸਣਾ ਚਾਹੁੰਦਾ ਹਾਂ। ਉਥੇ ਇਕ ਭਮਾਰਸੀ ਪਿੰਡ ਹੈ ਉਥੇ 12 ਫਰਵਰੀ ਨੂੰ ਸਵੇਰੇ 11.00 ਵਜੇ ਤੋਂ ਲੈ ਕੇ ਸ਼ਾਮ ਦੇ 5.00 ਵਜੇ ਤਕ ਲਗਾਤਾਰ ਫ਼ਾਇਰਿੰਗ ਹੁੰਦੀ ਰਹੀ। ਇਥੋਂ ਤਕ ਕਿ ਇਹ ਫ਼ਾਇਰਿੰਗ ਕਰਨ ਵਾਲਾ ਇਕ ਮਨੇਜਰ, ਦਿਹਾਤੀ ਕੋਆਪਰੇਟਿਵ ਸੋਸਾਇਟੀ ਦਾ ਸੀ ਅਤੇ ਜਿਸ ਨੇ 5 ਲੱਖ ਰੁਪਏ ਦਾ ਗਬਨ ਕੀਤਾ ਹੈ। ਉਹ ਸਿਰਫ ਦਹਿਸ਼ਤ ਫ਼ੈਲਾਉਣ ਲਈ ਕਿ ਪਿੰਡ ਵਾਲੇ ਕੁਝ ਕਹਿ ਨਾ ਦੇਣ, ਫ਼ਾਇਰਿੰਗ ਕਰਦਾ ਰਿਹਾ ਪਰ ਪੁਲਿਸ ਨੇ ਉਸ ਕੇਸ ਵਿਚ ਕੁਝ ਵੀ ਨਹੀਂ ਕੀਤਾ। ਉਹ ਆਦਮੀ ਫ਼ਾਇਰਿੰਗ ਕਰਦਾ ਕਰਦਾ ਇਕ ਫ਼ੌਜੀ ਦੇ ਘਰ ਆਇਆ ਅਤੇ ਉਸ ਨੇ ਉਥੋਂ ਟੈਲੀਫ਼ੋਨ ਕੀਤਾ। ਉਸ ਫ਼ੌਜੀ ਦੀ ਪਤਨੀ ਨੇ ਸਰਹਿੰਦ ਥਾਣੇ ਵਿਚ ਟੈਲੀਫ਼ੋਨ ਕਰਕੇ ਕੁਝ ਇਮਦਾਦ ਮੰਗੀ ਪਰ ਕੋਈ ਗੱਲ ਨਹੀਂ ਬਣੀ। ਫਿਰ ਉਹ ਫ਼ੌਜੀ ਆਪ ਸਰਹਿੰਦ ਥਾਣੇ ਵਿਚ ਗਿਆ ਅਤੇ ਉਥੇ ਉਸ ਨੇ ਜਾ ਕੇ ਦਸਿਆ ਪਰ ਉਸ ਦੀ ਗੱਲ ਤੇ ਕੋਈ ਗੌਰ ਨਹੀਂ ਹੋਇਆ ਕਿਉਂਕਿ ਇਸ ਸਾਰੇ ਵਾਕਿਆ ਵਿਚ ਕਿਸੇ ਪੋਲਿਟੀਕਲ ਆਦਮੀ ਦਾ ਹੱਥ ਸੀ। ਮੈਂ ਉਸ ਆਦਮੀ ਦਾ ਇਥੇ ਨਾਮ ਨਹੀਂ ਲੈਣਾ ਚਾਹੁੰਦਾ ਪਰ, ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਹੀ ਇਸ ਗੱਲ ਦਾ ਅੰਦਾਜ਼ਾ ਲਗਾਓ ਕਿ ਜੇ ਇਸ ਤਰ੍ਹਾਂ ਦੇ ਹਾਲਾਤ ਹੋਣ ਤਾਂ ਪੰਜਾਬ ਦਾ ਕੀ ਬਣੇਗਾ ?

ਮੈਂ ਤੁਹਾਨੂੰ ਮੋੜ ਥਾਣੇ ਘੁੰਮਣਕਲਾਂ ਦੀ ਵੀ ਇਕ ਦਰਦਨਾਕ ਕਹਾਣੀ ਦਸਣਾ ਚਾਹੁੰਦਾ ਹਾਂ। ਉਹ ਬੰਦੇ ਮੈਨੂੰ ਪਰਸਨਲੀ ਆ ਕੇ ਵੀ ਮਿਲੇ ਅਤੇ ਸਾਰੀ ਗੱਲ ਬਾਤ ਦੱਸੀ ਹੈ। ਇਸ ਦੇ ਬਾਰੇ ਮੈਂ ਗਿਆਨੀ ਜੀ ਨੂੰ ਵੀ ਪਰਸਨਲੀ ਮਿਲਿਆ ਅਤੇ ਉਨ੍ਹਾਂ ਨੂੰ ਸਾਰੀ ਦਰਦਨਾਕ ਕਹਾਣੀ ਦੱਸੀ ਹੈ। ਚਾਰ ਸਾਲ ਦੀ ਇਕ ਮਾਸੂਮ ਲੜਕੀ ਦਾ ਕਤਲ ਕਰ ਦਿੱਤਾ ਗਿਆ। ਉਨ੍ਹਾਂ ਲੋਕਾਂ ਨੇ ਪੁਲਿਸ ਨੂੰ ਇਤਲਾਹ

ਦਿਤੀ ਪਰ ਬਦਕਿਸਮਤੀ ਨਾਲ ਉਸ ਪਿੰਡ ਦਾ ਇਕ ਕਾਂਗਰਸੀ ਲੀਡਰ ਸੀ ਉਸ ਨੇ ਪੁਲਿਸ ਨੂੰ ਕਾਰਵਾਈ ਕਰਨ ਤੋਂ ਰੋਕ ਦਿਤਾ ਅਤੇ ਪੁਲਿਸ ਕੇਸ ਦਰਜ ਕਰਨ ਲਈ ਵੀ ਮਜ਼ਬੂਰ ਹੋ ਗਈ। ਉਲਟਾ ਇਸ ਦਾ ਅਸਰ ਇਹ ਹੋਇਆ ਕਿ ਉਸ ਲੜਕੀ ਦੀ ਮਾਂ ਜਾਂ ਚਾਚੇ ਨੂੰ ਪੁਲਿਸ ਨੇ ਫੜ ਲਿਆ ਅਤੇ 15 ਦਿਨ ਹਵਾਲਾਤ ਵਿਚ ਰਖਿਆ। ਆਖਿਰ ਕੋਰਟ ਤੋਂ ਵਾਰੰਟ ਲੈ ਕੇ 15 ਦਿਨ ਦੇ ਬਾਅਦ ਉਸ ਨੂੰ ਬਰਾਮਦ ਕੀਤਾ ਗਿਆ। ਉਸ ਦੀ ਸ਼ਿਕਾਇਤ ਮੈਂ ਐਸ.ਐਸ.ਪੀ. ਨੂੰ ਕੀਤੀ। ਇਸ ਤਰ੍ਹਾਂ ਦੀ ਇਥੇ ਦੀ ਐਡਮਨਿਸਟਰੇਸ਼ਨ ਹੈ ਕਿ ਉਹ ਕੁਝ ਸੁਣਨ ਨੂੰ ਹੀ ਤਿਆਰ ਨਹੀਂ। ਐਸ.ਐਸ.ਪੀ. ਨੇ ਵਾਇਦਾ ਕੀਤਾ ਪਰ ਹਾਲੀ ਤਕ ਕੁਝ ਨਹੀਂ ਹੋਇਆ। ਮੈਂ ਇਸ ਦੇ ਬਾਰੇ ਚੀਫ ਮਨਿਸਟਰ ਸਾਹਿਬ ਨੂੰ ਚਿਠੀ ਵੀ ਲਿਖੀ ਅਤੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਵੀ ਚਿਠੀ ਲਿਖੀ ਪਰ ਕੋਈ ਗਲ ਸਿਰੇ ਨਹੀਂ ਚੜ੍ਹੀ।

ਡਿਪਟੀ ਸਪੀਕਰ ਸਾਹਿਬ, ਸਿਵਿਲ ਲਿਬਿਰਟੀ ਦਾ ਜਿਹੜਾ ਮਸਲਾ ਹੈ ਉਹ ਸਾਡੇ ਸਾਹਮਣੇ ਬਹੁਤ ਵਡਾ ਮਸਲਾ ਹੈ। ਅੱਜ ਸਾਡੇ ਸੂਬੇ ਵਿੱਚ ਸਿਵਲ ਲਿਬਿਰਟੀ, ਜਿਸ ਦੇ ਵਾਸਤੇ ਕਿ ਇਤਨੀਆਂ ਵਡੀਆਂ ਲੜਾਈਆਂ ਲੜੀਆਂ ਗਈਆਂ, ਕਰੱਸ਼ ਕੀਤੀ ਜਾ ਰਹੀ ਹੈ। ਤੁਸੀਂ ਦੇਖੋ, ਡਿਪਟੀ ਸਪੀਕਰ ਸਾਹਿਬ, ਕਿ ਸੁਨਾਮ ਦੇ ਵਿਚ ਕੀ ਕੁਝ ਹੋਇਆ ਹੈ। ਇਥੇ ਕਿਸਾਨਾਂ ਦੀ ਇਸ ਐਡਰੈਸ ਵਿਚ ਬੜੀ ਤਾਰੀਫ਼ ਕੀਤੀ ਗਈ ਹੈ ਕਿ ਕਿਸਾਨ ਨੇ ਹਿੰਦੁਸਤਾਨ ਦਾ ਅਨਾਜ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਹੈ ਲੇਕਿਨ ਉਹ ਕਿਸਾਨ, ਜਿਨ੍ਹਾਂ ਨੇ ਹਿੰਦੁਸਤਾਨ ਦੇ ਅਨਾਜ ਦੇ ਭੰਡਾਰ ਭਰੇ ਅਤੇ ਬਾਰਡਰ ਦੇ ਲੋਕਾਂ ਦੀ ਮਦਦ ਕੀਤੀ, ਜਦੋਂ ਉਨ੍ਹਾਂ ਨੇ ਕੋਈ ਜਲੂਸ ਕਢਿਆ ਤਾਂ ਉਨ੍ਹਾਂ ਦੇ ਉਤੇ ਸ਼ੈਲ ਮਾਰੇ ਗਏ ਅਤੇ ਉਨ੍ਹਾਂ ਲੋਕਾਂ ਤੇ ਇਤਨਾ ਤਸ਼ੱਦਦ ਕੀਤਾ ਗਿਆ। 5–7 ਲੀਡਰਾਂ ਨੂੰ, ਭਾਵੇਂ ਉਹ ਕਿਸੇ ਵੀ ਪਾਰਟੀ ਨਾਲ ਤੁਅੱਲਕ ਰਖਦੇ ਹਨ, ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਉਨ੍ਹਾਂ ਤੇ 307 ਦੇ ਕੇਸ ਬਣਾ ਦਿਤੇ। ਉਨ੍ਹਾਂ ਲੋਕਾਂ ਤੇ ਨਾਜਾਇਜ਼ ਲਾਠੀਆਂ ਚਲਾਈਆਂ ਗਈਆਂ। ਇਹ ਹੈ ਇਥੋਂ ਦੀ ਸਿਵਲ ਲਿਬਿਰਟੀ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਪੁਆਇੰਟ ਦਸਣਾ ਚਾਹੁੰਦਾ ਹਾਂ। ਬੜੇ ਅਫਸੋਸ ਦੀ ਗੱਲ ਹੈ ਕਿ ਬਿਨਾ ਕਿਸੇ ਵਜ੍ਹਾ ਦੇ ਸਾਡੇ ਬੰਦੇ ਮੇਨਟੇਨੰਸ ਆਫ਼ ਇਨਟਰਨਲ ਸਿਕਿਓਰਿਟੀ ਐਕਟ ਅਧੀਨ ਬੰਦ ਕਰ ਦਿਤੇ। ਮੈਂ ਸਮਝਦਾ ਹਾਂ ਕਿ ਇਹ ਨਹੀਂ ਹੋਣੇ ਚਾਹੀਦੇ। ਮੈਂ ਇਸ ਮੈਰਿਟ ਵਿਚ ਨਹੀਂ ਜਾਣਾ ਚਾਹੁੰਦਾ ਕਿ ਉਨ੍ਹਾਂ ਨੇ ਕੋਈ ਗਲ ਕੀਤੀ ਹੈ ਜਾਂ ਨਹੀਂ ਓਪਨ ਕੋਰਟ ਵਿਚ ਕੇਸ ਜਾਵੇ ਜੇ ਉਨ੍ਹਾਂ ਨੇ ਕੋਈ ਗਲ ਕੀਤੀ ਹੋਵੇ ਤਾਂ ਸਖਤੀ ਨਾਲ ਕਾਰਵਾਈ ਕੀਤੀ ਜਾਵੇ ਲੇਕਿਨ ਹੋ ਕੀ ਰਿਹਾ ਹੈ? ਅਵੇਂ ਮਨ ਘੜਤ ਗੱਲਾਂ ਕਰਕੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਤਿੰਨ ਅਕਾਲੀ ਪਾਰਟੀ ਦੇ ਮੈਂਬਰ ਵੀ ਗ੍ਰਿਫਤਾਰ ਕੀਤੇ ਗਏ ਹਨ। ਮੈਂ ਪੂਰੀ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਨੇ ਨਾ ਕੋਈ ਸਿੱਖ ਸਟੇਟ ਦਾ ਨਾਹਰਾ ਲਗਾਇਆ ਹੈ ਅਤੇ ਨਾ ਹੀ ਕੋਈ ਐਸੀ ਗਲ ਕੀਤੀ ਹੈ। ਲੇਕਿਨ ਕਾਂਗਰਸ ਪਾਰਟੀ ਦੇ ਇਹ ਜਿਹੜੇ ਭਰਾ ਹਨ, ਸਾਡੇ ਸੂਬੇ ਵਿਚ ਜਿਹੜੇ ਦੋ ਕਮਿਊਨਿਟੀ ਦੇ ਲੋਕ ਰਹਿੰਦੇ ਹਨ, ਉਨ੍ਹਾਂ ਨੂੰ ਆਪਸ ਵਿਚ ਲੜਾਉਣਾ ਚਾਹੁੰਦੇ ਹਨ। ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ, ਜੋ ਇਨ੍ਹਾਂ ਲੋਕਾਂ ਦੇ ਮਨਸੂਬੇ ਹਨ, ਉਹ ਕਦੇ ਵੀ ਸਿਰੇ ਨਹੀਂ ਚੜ੍ਹਨ ਦੇਵੇਗੀ। ਪੰਜਾਬ ਦੀ ਜਨਤਾ ਇਸ ਗੱਲ ਨੂੰ ਚੰਗੀ ਤਰ੍ਹਾਂ ਜਾਣਦੀ ਹੈ ਅਤੇ ਉਸ ਨੂੰ ਸਭ ਪਤਾ ਹੈ ਕਿ ਇਹ ਗ੍ਰਿਫਤਾਰੀਆਂ ਕਿਸ ਕਰਕੇ ਹੋਈਆਂ ਹਨ। ਇਹ ਇਤਨਾ ਹੇਠਾਂ ਨੂੰ ਹੁਣ ਚਲੇ ਗਏ ਹਨ ਕਿ ਅੰਮ੍ਰਿਤਸਰ ਵਿਚ ਕਿਸ ਤਰ੍ਹਾਂ ਜਿੱਤੀਏ। (ਵਿਘਨ) ਇਹ ਚਾਹੁੰਦੇ ਹਨ ਕਿ ਹਿੰਦੂ-ਸਿੱਖਾਂ ਨੂੰ ਲੜਾਇਆ ਜਾਵੇ ਪਰ ਮੈਂ ਸਮਝਦਾ ਹਾਂ ਕਿ ਇਹ ਇਨ੍ਹਾਂ ਦੀ ਆਸ ਪੂਰੀ ਨਹੀਂ ਹੋਣੀ। ਅਕਾਲੀ ਪਾਰਟੀ ਇਨ੍ਹਾਂ ਦੇ ਬਣਾਏ ਹੋਏ ਇਹ ਮਨਸੂਬੇ ਪੂਰੇ ਨਹੀਂ ਹੋਣ ਦੇਵੇਗੀ। ਮੈਂ ਅੱਜ ਵੀ ਖੁਲ੍ਹੇ ਤੌਰ ਤੇ ਕਹਿੰਦਾ ਹਾਂ ਕਿ ਜੇ ਉਨ੍ਹਾਂ ਦੇ ਖਿਲਾਫ ਕੋਈ ਕੇਸ ਹੈ ਤਾਂ ਖੁਲ੍ਹੇ ਤੌਰ ਤੇ ਅਦਾਲਤ ਵਿਚ ਆਉਣਾ ਚਾਹੀਦਾ ਹੈ। ਸਿੱਖ ਹੋਮ ਲੈਂਡ ਦਾ ਨਾਹਰਾ ਲਗਾਉਣ ਵਾਸਤੇ ਜੋ ਫਾਈਨੈਂਸ ਕਰਦੇ ਹਨ ਉਹ ** ** । ਮੈਂ ਉਨ੍ਹਾਂ ਦਾ ਨਾਮ ਨਹੀਂ ਲੈਣਾ ਚਾਹੁੰਦਾ।

**Expunged as ordered by the Chair.

ਸ਼੍ਰੀ ਡਿਪਟੀ ਸਪੀਕਰ : ਇਹ ਲਫਜ਼ ਰਿਕਾਰਡ ਵਿਚੋਂ ਕੱਢ ਦਿਓ। (These words should be expunged.)

ਸਰਦਾਰ ਪਰਕਾਸ਼ ਸਿੰਘ ਬਾਦਲ : ** ** ** **

Mr. Deputy Speaker : This should not be recorded because it has no relevance with the Governor's Address.

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਥਰੂ ਹਾਊਸ ਨੂੰ ਅਤੇ ਪੰਜਾਬ ਦੀ ਜਨਤਾ ਨੂੰ ਵਿਸ਼ਵਾਸ ਦਿਲਾਉਂਦਾ ਹਾਂ ਕਿ ਇਨ੍ਹਾਂ ਦੇ ਹੱਥਕੰਡੇ ਅਸੀਂ ਨਹੀਂ ਚਲਣ ਦਿਆਂਗੇ।

ਹੁਣ ਇਸ ਤੋਂ ਬਾਅਦ ਜੋ ਗੰਭੀਰ ਮਸਲਾ ਹੈ ਉਹ ਹੈ ਪ੍ਰਾਈਸ ਰਾਈਜ਼ ਦਾ ਅਤੇ ਲੋੜਵੰਦ ਲੋਕਾਂ ਲਈ ਸਕੇਅਰਸਿਟੀ ਆਫ਼ ਗੁਡਜ਼ ਦਾ। ਡਿਪਟੀ ਸਪੀਕਰ ਸਾਹਿਬ, ਕਲਕਟ ਸਾਹਿਬ ਨੇ ਕਾਫੀ ਸਮਾਂ ਲਾਇਆ ਪਰ ਕਾਫੀ ਗੱਲਾਂ ਤਾਂ ਉਨ੍ਹਾਂ ਦੀਆਂ ਸਮਝ ਵਿਚ ਨਹੀਂ ਆਈਆਂ (ਵਿਘਨ) ਪਰ ਉਨ੍ਹਾਂ ਨੇ ਕਿਹਾ ਹੈ ਕਿ ਪੰਜਾਬ ਪਹਿਲੇ ਨੰਬਰ ਤੇ ਹੈ। ਇਥੇ ਉਨ੍ਹਾਂ ਦੀ ਗਲ ਬਹੁਤ ਕੁਝ ਠੀਕ ਹੈ। ਕਿਉਂਕਿ ਪ੍ਰਾਈਸ ਰਾਈਜ਼ ਵਿਚ ਪੰਜਾਬ ਦੁਨੀਆਂ ਦੇ ਸਾਰੇ ਸੂਬਿਆਂ ਤੋਂ ਅੱਗੇ ਹੈ। ਇਥੇ ਬਹੁਤ ਜ਼ਿਆਦਾ ਪ੍ਰਾਈਸਿਜ਼ ਵਧੀਆਂ ਹਨ। ਪਿਛਲੇ 10 ਸਾਲਾਂ ਵਿਚ ਇਥੇ 26 ਪ੍ਰਤੀਸ਼ਤ ਪ੍ਰਾਈਸਿਜ਼ ਜ਼ਿਆਦਾ ਹੋਈਆਂ ਹਨ। ਸਾਰੇ ਵਰਲਡ ਦਾ ਇਥੇ ਰਿਕਾਰਡ ਮਾਤ ਹੋ ਗਿਆ ਹੈ। ਇਹ ਕਹਿ ਦਿੰਦੇ ਹਨ ਕਿ ਵਰਲਡ ਫਿਨੌਮੀਨੱਨ ਹੈ। ਮੈਂ ਇਨ੍ਹਾਂ ਦੀ ਇਸ ਗਲ ਨਾਲ ਸਹਿਮਤ ਨਹੀਂ ਹਾਂ। ਮੈਂ ਸਮਝਦਾ ਹਾਂ ਕਿ ਸਾਡੇ ਦੇਸ਼ ਵਿਚ ਜੋ ਫਿਨੌਮੀਨੱਨ ਹੋਇਆ ਹੈ ਉਹ ਪੁਲੀਟੀਕਲ ਤੌਰ ਤੇ ਪੈਦਾ ਕੀਤਾ ਗਿਆ ਹੈ। ਤੁਸੀਂ ਆਪ ਅੰਦਾਜ਼ਾ ਲਾਓ ਅਗਰ 2-4 ਪ੍ਰਤੀਸ਼ਤ ਹੋਵੇ ਤਾਂ ਤੇ ਕੁਝ ਠੀਕ ਹੋ ਸਕਦਾ ਹੈ। ਇਹ ਚੀਜ਼ ਅਮਰੀਕਾ ਵਿਚ ਵੀ ਹੋਈ ਪਰ ਉਥੇ 6-7 ਪ੍ਰਤੀਸ਼ਤ ਹੋਈ, ਇੰਗਲੈਂਡ ਵਿਚ 5-6 ਪ੍ਰਤੀਸ਼ਤ ਹੋਈ, ਪਰ ਇਥੇ ਕਿਹਾ ਜਾਂਦਾ ਹੈ ਕਿ ਵਰਲਡ ਫਿਨੌਮੀਨੱਨ ਹੈ। ਤੁਸੀਂ ਆਪਣਾ ਉਨ੍ਹਾਂ ਮੁਲਕਾਂ ਨਾਲ ਇਸ ਖੇਤਰ ਵਿਚ ਜ਼ਰਾ ਕੰਪੈਰੀਜ਼ਨ ਤਾਂ ਕਰੋ। ਜੇ ਕੋਈ ਚੰਗਾ ਐਡਮਨਿਸਟਰੇਟਰ ਹੋਵੇ ਤਾਂ ਇਹ ਚੀਜ਼ ਪੈਦਾ ਹੀ ਨਹੀਂ ਹੋ ਸਕਦੀ। ਇਸ ਦਾ ਵੱਡਾ ਕਾਰਣ ਹੈ ਡੈਫ਼ਿਸਿਟ ਫ਼ਾਈਨਾਂਸਿੰਗ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਕੌਣ ਕਹਿ ਗਿਆ ਹੈ ਕਿ ਡੈਫ਼ਿਸਿਟ ਫ਼ਾਈਨਾਂਸਿੰਗ ਕਰੋ। ਇਕ ਹਜ਼ਾਰ ਕਰੋੜ ਦੀ ਸਾਡੇ ਦੇਸ਼ ਵਿਚ ਪਿਛਲੇ ਸਾਲ ਵਿਚ ਡੈਫ਼ਿਸਿਟ ਫਾਈਨਾਂਸਿੰਗ ਹੋਈ। ਜੇ ਕਰ ਇਹ ਡੈਫ਼ਿਸਿਟ ਫਾਈਨਾਂਸਿੰਗ ਨਾ ਹੋਵੇ ਤਾਂ ਸਾਡਾ ਢਾਂਚਾ ਠੀਕ ਤਰ੍ਹਾਂ ਚਲ ਸਕਦਾ ਹੈ। ਜੇ ਕਰ ਇਸ ਤਰ੍ਹਾਂ ਡੈਫ਼ਿਸਿਟ ਫ਼ਾਈਨਾਂਸਿੰਗ ਹੁੰਦੀ ਰਹੀ ਤਾਂ ਸਾਡੀ ਅਕੌਨਮੀ ਕਿਸ ਤਰ੍ਹਾਂ ਠੀਕ ਚਲ ਸਕਦੀ ਹੈ। ਇਨ੍ਹਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿਤਾ। ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨਕਮ ਟੈਕਸ ਅਤੇ ਸੇਲਜ਼ ਟੈਕਸ 2 ਮੱਦਾਂ ਐਸੀਆਂ ਹਨ ਅਗਰ ਇਨ੍ਹਾਂ ਦੀ ਪੂਰੀ ਨਿਗਰਾਨੀ ਕੀਤੀ ਜਾਵੇ ਅਤੇ ਪੂਰਾ ਟੈਕਸ ਵਸੂਲ ਕੀਤਾ ਜਾਵੇ ਤਾਂ ਡੈਫ਼ਿਸਿਟ ਬਜਟ ਹੋ ਹੀ ਨਹੀਂ ਸਕਦਾ। ਇਹ ਜਿਹੜੇ ਇੰਡਾਇਰੈਕਟ ਟੈਕਸ ਲਗਦੇ ਹਨ ਇਨ੍ਹਾਂ ਦਾ ਅਮੀਰ ਤੇ ਕੋਈ ਅਸਰ ਨਹੀਂ ਪੈਂਦਾ ਅਤੇ ਗਰੀਬ ਮਾਰਿਆ ਜਾਂਦਾ ਹੈ। ਇਸ ਕਰਕੇ ਸਾਡੇ ਦੇਸ਼ ਵਿਚ ਅਮੀਰ ਅਤੇ ਗਰੀਬ ਦਾ ਪਾੜਾ ਵਧਦਾ ਜਾ ਰਿਹਾ ਹੈ।

ਇਕ ਗੱਲ ਮੈਂ ਬਲੈਕ ਮਨੀ ਬਾਰੇ ਕਰਨਾ ਚਾਹੁੰਦਾ ਹਾਂ। ਕੀ ਇਹ ਇਨ੍ਹਾਂ ਨੂੰ ਅਮਰੀਕਾ ਵਾਲੇ ਜਾਂ ਰਸ਼ੀਆ ਵਾਲੇ ਕਹਿ ਗਏ ਹਨ ਕਿ ਬਲੈਕ-ਮਨੀ ਵਾਲਿਆਂ ਦੇ ਖਿਲਾਫ ਐਕਸ਼ਨ ਨਾ ਲਵੋ। ਅਸੀਂ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਕਿਹੜਾ ਬਲੈਕ-ਮਾਰਕੀਟਰ, ਜਾਂ ਸਟੌਰ ਹੋਲਡਰ ਪਕੜਿਆ ਹੈ। ਪਰ ਸਾਡੇ ਪੰਜਾਬ ਵਿਚ ਕਦੇ ਨਹੀਂ ਕੋਈ ਫੜਿਆ ਗਿਆ। ਜਿਹੜੇ ਬਲੈਕ-ਮਾਰਕੀਟਰਜ਼ ਹਨ ਉਹ ਬੈਂਕਾਂ ਤੋਂ ਪੈਸੇ ਲੈ ਲੈਂਦੇ ਹਨ ਅਤੇ ਚੀਜ਼ਾਂ ਸਟਾਕ ਕਰ ਲੈਂਦੇ ਹਨ ਫਿਰ ਥੋੜ੍ਹੇ ਚਿਰ ਤੋਂ ਬਾਅਦ ਉਹ ਚੀਜ਼ਾਂ ਮਹਿੰਗੇ ਭਾਅ ਤੇ ਵੇਚ ਦਿੰਦੇ

**Not recorded as ordered by the Chair.

ਹੋਨ। ਮੈਂ ਸਮਝਦਾ ਹਾਂ ਕਿ ਅਗਰ ਬਲੈਕ-ਮਨੀ ਬੰਦ ਕਰਨੀ ਹੈ ਤਾਂ ਜਿੰਨੇ ਵੀ ਵੱਡੇ ਨੋਟ ਹਨ ਉਹ ਇਕ ਦਮ ਬਦ ਕਰ ਦਿਤੇ ਜਾਣ ਅਤੇ ਸਾਰੀ ਚੀਜ਼ ਠੀਕ ਹੋ ਜਾਵੇਗੀ। ਪ੍ਰਾਈਸਿਜ਼ ਘੱਟ ਜਾਣਗੀਆਂ ਲੇਕਿਨ ਇਹ ਉਨ੍ਹਾਂ ਨੇ ਬੰਦ ਨਹੀਂ ਕਰਨੇ ਕਿਉਂਕਿ ਉਹ ਲੋਕ ਇਨ੍ਹਾਂ ਨੂੰ ਫੰਡਜ਼ ਦਿੰਦੇ ਹਨ ** **

ਸ੍ਰੀ ਡਿਪਟੀ ਸਪੀਕਰ : ਇਹ ਸ਼ਬਦ ਰਿਕਾਰਡ ਨਾ ਕੀਤੇ ਜਾਣ। (ਵਿਘਨ) (These words should not be recorded.) (*Interruption*)

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮਨੀ ਸਪਲਾਈ ਜਿਹੜੀ ਮਾਰਕਿਟ ਵਿਚ ਆਈ ਹੈ ਉਹ 38 ਪ੍ਰਤੀਸ਼ਤ ਤੋਂ ਵੱਧ ਗਈ ਹੈ। 1972 ਵਿਚ ਟੋਟਲ ਮਨੀ ਸਪਲਾਈ 8,831 ਕਰੋੜ ਸੀ ਜਿਹੜੀ ਕਿ ਅੱਜ 9,428 ਕਰੋੜ ਹੋ ਗਈ ਹੈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਅੱਨਪ੍ਰੋਡਕਟਿਵ ਚੀਜ਼ਾਂ ਤੇ ਜ਼ਿਆਦਾ ਖਰਚ ਕੀਤੇ ਜਾਂਦੇ ਹਨ, ਲਗਜ਼ਰੀ ਵਾਲੀਆਂ ਚੀਜ਼ਾਂ ਵੱਲ ਜ਼ਿਆਦਾ ਧਿਆਨ ਦਿਤਾ ਜਾਂਦਾ ਹੈ ਅਤੇ ਲੋੜ ਦੀਆਂ ਚੀਜ਼ਾਂ ਨੂੰ ਮੁੱਖ ਨਹੀਂ ਰਖਿਆ ਜਾਂਦਾ ਅਤੇ ਉਨ੍ਹਾਂ ਤੇ ਬਹੁਤ ਘੱਟ ਪੈਸਾ ਖਰਚ ਕੀਤਾ ਜਾਂਦਾ ਹੈ। ਅਸੀਂ ਕਹਿੰਦੇ ਹਾਂ ਕਿ ਲੋੜ ਦੀਆਂ ਚੀਜ਼ਾਂ ਤੇ ਜ਼ਿਆਦਾ ਖਰਚ ਕੀਤਾ ਜਾਵੇ। ਡਿਪਟੀ ਸਪੀਕਰ ਸਾਹਿਬ, ਇਥੇ ਪਲਾਨ ਦੀ ਬੜੀ ਤਾਰੀਫ਼ ਕੀਤੀ ਗਈ ਹੈ। ਉਸ ਦੇ ਵਿਚ 280 ਕਰੋੜ ਰੁਪਏ ਅਫ਼ਸਰਾਂ ਨੂੰ ਕਾਰਾਂ ਦੇਣ ਵਾਸਤੇ ਰਖੇ ਗਏ ਹਨ। ਜੇਕਰ ਮੁਲਕ ਨਾਲ ਕੋਈ ਹਮਦਰਦੀ ਹੁੰਦੀ ਤਾਂ ਇਹ ਪੈਸਾ ਪੰਜਾਬ ਨੂੰ ਦੇ ਦਿੰਦੇ ਤਾਂ ਪੰਜਾਬ ਨੇ ਦੁਗਣੀ ਤਿਗਣੀ ਪੈਦਾਵਾਰ ਕਰ ਦੇਣੀ ਸੀ। ਲੇਕਿਨ ਇਨ੍ਹਾਂ ਨੇ ਤਾਂ ਕਾਰਾਂ ਜ਼ਰੂਰ ਦੇਣੀਆਂ ਹਨ ਇਸ ਲਈ ਪੰਜਾਬ ਨੂੰ ਕਿਸ ਤਰ੍ਹਾਂ ਦਿੰਦੇ। (ਵਿਘਨ)

ਇਸ ਤੋਂ ਇਲਾਵਾ ਜਿਹੜਾ ਡਿਸਟਰੀਬਿਊਸ਼ਨ ਦਾ ਸਿਸਟਮ ਜੋ ਹੈ ਉਹ ਫ਼ਾਲਟੀ ਹੈ। ਖੰਡ ਨਹੀਂ; ਘੀ ਨਹੀਂ, ਸੀਮਿੰਟ ਨਹੀਂ ਹੈ। ਇਹ ਚੀਜ਼ਾਂ ਗਰੀਬ ਆਦਮੀ ਤਕ ਬਿਲਕੁਲ ਨਹੀਂ ਪਹੁੰਚਦੀਆਂ। ਖੰਡ ਦੀ ਸਾਡੇ ਦੇਸ਼ ਵਿਚ ਪ੍ਰੋਡਕਸ਼ਨ ਘਟੀ ਨਹੀਂ ਬਲਕਿ ਪਿਛਲੇ ਸਾਲਾਂ ਨਾਲੋਂ ਤਕਰੀਬਨ 7-8 ਲੱਖ ਟਨ ਵਧ ਹੀ ਹੋਈ ਹੈ ਲੇਕਿਨ ਖੰਡ ਦੇ ਭਾਅ ਕਿਤੇ ਤੋਂ ਕਿਤੇ ਪਹੁੰਚ ਗਏ ਹਨ। ਕਿਸੇ ਕਿਸਾਨ ਨੂੰ ਅਗਰ 4 ਥੈਲੇ ਸੀਮਿੰਟ ਦੇ ਚਾਹੀਦੇ ਹੋਣ ਤਾਂ ਨਹੀਂ ਮਿਲਦੇ, ਪਰ ਬਲੈਕ ਵਿਚ ਚਾਹੇ 10 ਗੱਡੀਆਂ ਲੈ ਲਵੋ। ਮੈਂ ਕਹਿੰਦਾ ਹਾਂ ਕਿ ਜੇਕਰ ਕਮੀ ਹੋਵੇ ਤਾਂ ਬਲੈਕ ਵਿਚ ਵੀ ਨਾ ਮਿਲੇ। ਇਹ ਸਰਕਾਰ ਦੀ ਆਪਣੀ ਗਲਤੀ ਹੈ ਅਤੇ ਇਹ ਵਰਲਡ ਫਿਨੋਮਿਨੱਨ ਕਹੀ ਜਾਂਦੇ ਹਨ।

ਅਸੀਂ ਆਪਣੀ ਕਣਕ ਦੀ ਗਲ ਲੈਂਦੇ ਹਾਂ। ਇਥੋਂ ਸਾਡੇ ਪੰਜਾਬ ਵਿਚੋਂ ਕਣਕ ਬਾਹਰ ਜਾਂਦੀ ਹੈ ਅਤੇ ਅਸੀਂ ਆਪ ਸਫਰ ਕਰ ਰਹੇ ਹਾਂ। ਇਸ ਤੋਂ ਵੱਧ ਨਾਲਾਇਕੀ ਕੀ ਹੋਵੇਗੀ ਕਿ ਕਿਸਾਨਾਂ ਤੋਂ ਕਣਕ 76 ਰੁਪਏ ਕੁਐਂਟਲ ਦੇ ਭਾਅ ਤੇ ਲਈ ਗਈ ਅਤੇ ਉਹ ਕਣਕ ਦਾ ਆਟਾ ਅੱਜ 1.50 ਰੁਪਏ ਕਿਲੋਂ ਮਿਲਦਾ ਹੈ। ਸਾਨੂੰ ਇਹ ਚੀਜ਼ਾਂ ਦੇਖ ਕੇ ਬੜਾ ਦੁੱਖ ਹੁੰਦਾ ਹੈ। ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਥੋੜ੍ਹੀ ਬਹੁਤੀ ਜ਼ਿਮੇਵਾਰੀ ਜਰੂਰ ਸਮਝਣੀ ਚਾਹੀਦੀ ਹੈ। 2-4 ਰੁਪਏ ਦਾ ਫ਼ਰਕ ਤਾਂ ਠੀਕ ਮੰਨਿਆ ਜਾ ਸਕਦਾ ਹੈ। 76 ਰੁਪਏ ਲੈ ਕੇ 80 ਰੁਪਏ ਵੇਚੀ ਜਾਵੇ ਤਾਂ ਚਲੋ ਗਲ ਮੰਨੀ ਜਾ ਸਕਦੀ ਹੈ। ਪਰ ਇਸ ਪਾਸੇ ਕੋਈ ਧਿਆਨ ਨਹੀਂ ਦਿਤਾ ਗਿਆ। ਡਿਪਟੀ ਸਪੀਕਰ ਸਾਹਿਬ, ਸਾਨੂੰ ਖੁਸ਼ੀ ਹੋਈ ਹੈ ਜਦ ਇਥੇ ਕਿਹਾ ਗਿਆ ਕਿ ਪੰਜਾਬ ਦਾ ਸੂਬਾ ਸਾਰੇ ਹਿੰਦੁਸਤਾਨ ਦੇ ਸੂਬਿਆਂ ਨਾਲੋਂ ਗਰੋਥ ਰੇਟ ਵਿਚ ਉਚਾ ਹੈ। ਮੈਂ ਸਮਝਦਾ ਹਾਂ ਕਿ ਇਹ ਐਗਰੀਕਲਚਰ ਦੇ ਕਾਰਣ ਹੀ ਹੈ ਪਰ ਇੰਡਸਟਰੀ ਦੇ ਤੌਰ ਤੇ ਬਹੁਤ ਪਿਛੇ ਹੈ। ਜਦ ਤਕ ਕਿਸੇ ਮੁਲਕ ਦੀ, ਕਿਸੇ ਸੂਬੇ ਦੀ ਇੰਡਸਟਰੀ ਦੇ ਖੇਤਰ ਵਿਚ ਤਰਕੀ ਨਾ ਹੋਵੇ ਉਹ ਮੁਲਕ, ਉਹ ਸੂਬਾ ਤਰੱਕੀ ਨਹੀਂ ਕਰ ਸਕਦਾ। ਅੱਜ ਅਸੀਂ ਸਾਰੇ ਐਗਰੀਕਲਚਰ ਦੇ ਸਿਰ ਤੇ ਛਾਲਾਂ ਮਾਰਦੇ ਹਾਂ। ਪਿਛੇ 2 ਸਾਲਾਂ ਵਿਚ ਐਗਰੀਕਲਚਰਲ ਕਿਸਾਨ ਦੀ ਹਾਲਤ

**Not recorded as ordered by the Chair.

[ਸਰਦਾਰ ਪਰਕਾਸ਼ ਸਿੰਘ ਬਾਦਲ]

ਬੜੀ ਮਾੜੀ ਹੋ ਗਈ ਸੀ। ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਇਸ ਪਾਸੇ ਧਿਆਨ ਦੇਣ। ਹੋ ਸਕਦਾ ਹੈ ਕਿ ਆਉਣ ਵਾਲੇ 3-4 ਸਾਲਾਂ ਵਿਚ ਸਾਡੀ ਐਗਰੀਕਲਚਰਲ ਪ੍ਰੋਡਕਸ਼ਨ ਵੱਧ ਜਾਏ, ਇਸ ਲਈ ਸਾਡੀ ਸਟੇਟ ਦੀ ਅਕੋਨਮੀ ਨੂੰ ਇੰਡਸਟਰੀ ਵੱਲ ਮੋੜਨ। ਡਿਪਟੀ ਸਪੀਕਰ ਸਾਹਿਬ, ਜਦ ਤਕ ਇਹ ਨਹੀਂ ਕੀਤਾ ਜਾਏਗਾ ਸਾਡੀ ਖੁਸ਼ਹਾਲੀ ਨਹੀਂ ਹੋ ਸਕਦੀ। ਸਾਡੀ ਆਬਾਦੀ ਵੇਖ ਲਵੋ। ਜੋ ਸਾਡੇ ਐਗਰੀਕਲਚਰ ਦੇ ਵਰਕਰ 10 ਸਾਲ ਪਹਿਲਾਂ ਸੀ ਉਹ ਅੱਜ ਬਹੁਤ ਵੱਧ ਗਏ ਹਨ। ਇਸ ਦਾ ਕਾਰਣ ਇਹ ਹੈ ਕਿ ਉਹ ਐਗਰੀ-ਕਲਚਰ ਤੇ ਹੀ ਸਟਿਕ ਕਰ ਰਹੇ ਹਨ। ਐਗਰੀਕਲਚਰਲ ਵਰਕਰ ਨੂੰ ਇੰਡਸਟਰੀ ਦੇ ਵਰਕਰ ਨਾਲੋਂ 1/3 ਹਿੱਸਾ ਘੱਟ ਆਮਦਨ ਹੁੰਦੀ ਹੈ। ਇਹ ਚੀਜ਼ ਉਦੋਂ ਤਕ ਸੈਟ ਨਹੀਂ ਹੋਣੀ ਜਦ ਤਕ ਅਸੀਂ ਐਗਰੀਕਲਚਰ ਤੋਂ ਇੰਡਸਟਰੀ ਵੱਲ ਵਧ ਧਿਆਨ ਨਹੀਂ ਕਰਾਂਗੇ। ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਸਾਡੇ ਤੇ ਇਲਜ਼ਾਮ ਲਾਇਆ ਹੈ ਕਿ ਇਥੇ ਅਕਾਲੀਆਂ ਦੀ ਸਰਕਾਰ ਸੀ ਅਤੇ ਸੈਂਟਰ ਵਿਚ ਕਾਂਗਰਸ ਦੀ ਸਰਕਾਰ ਸੀ, ਜਿਸ ਕਰਕੇ ਪੰਜਾਬ ਵਾਸਤੇ ਅਸੀਂ ਕੁਝ ਸੈਂਟਰ ਤੋਂ ਨਹੀਂ ਲਿਆ ਸਕੇ। ਮੈਂ ਦਸਣਾ ਚਾਹੁੰਦਾ ਹਾਂ ਕਿ ਸਾਡੇ ਸੂਬੇ ਨਾਲ ਹੁਣੇ ਹੀ ਇਨ੍ਹਾਂ ਦੇ ਰਾਜ ਵਿਚ ਕਿਤਨਾ ਵੱਡਾ ਧੱਕਾ ਹੋਇਆ ਹੈ। ਸਾਡਾ ਸੂਬਾ ਕਿਸਾਨ ਅਤੇ ਜਵਾਨ ਲਈ ਮਸ਼ਹੂਰ ਹੈ। ਅੰਗਰੇਜ਼ਾਂ ਵੇਲੇ ਸਾਡੇ ਸੂਬੇ ਦੀ ਫੌਜ ਵਿਚ ਭਰਤੀ 50 ਪ੍ਰਤੀਸ਼ਤ ਦੇ ਲੱਗ ਭੱਗ ਸੀ। ਲੇਕਿਨ ਅਜ਼ਾਦੀ ਮਿਲਣ ਤੋਂ ਬਾਅਦ ਸਾਡਾ ਸ਼ੇਅਰ ਸਿਰਫ 14 ਪ੍ਰਤੀਸ਼ਤ ਰਹਿ ਗਿਆ ਹੈ। ਪਿਛਲੇ ਚਾਰ ਮਹੀਨੇ ਹੋਏ ਮੈਨੂੰ ਪਤਾ ਲੱਗਿਆ ਹੈ ਕਿ ** **

(ਆਪੋਜ਼ੀਸ਼ਨ ਬੈਂਚਾਂ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਸ੍ਰੀ ਪ੍ਰੇਮ ਗੁਪਤਾ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। ਬਾਦਲ ਸਾਹਿਬ ਨੇ ਜੋ ਇਹ ਸੈਂਟਰ ਗੌਰਮਿੰਟ ਦੇ ਬਾਰੇ ਕਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ ਕਿਉਂਕਿ ਉਹ ਰੈਲੇਵੈਂਟ ਨਹੀਂ ਹੈ। ਇਹ ਚੀਜ਼ ਸੈਂਟਰ ਨਾਲ ਰਿਲੇਟ ਕਰਦੀ ਹੈ। (This is no point of order. Whatever Sardar Parkash Singh Badal has said about Central Government, should not be recorded as it is not relevant. This relates to Central Government.)

ਸਰਦਾਰ ਪਰਕਾਸ਼ ਸਿੰਘ ਬਾਦਲ : ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਥਰੂ ਇਹ ਕਹਾਂਗਾ ਕਿ ਇਸ ਚੀਜ਼ ਲਈ ਸਾਡੀ ਪਾਰਟੀ ਸਮੁਚੇ ਪੰਜਾਬੀਆਂ ਨੂੰ ਨਾਲ ਲੈ ਕੇ ਇਸ ਧੱਕੇ ਦੇ ਵਿਰੁੱਧ ਵੱਡੀ ਤੋਂ ਵੱਡੀ ਲੜਾਈ ਲੜੇਗੀ (ਆਪੋਜ਼ੀਸ਼ਨ ਬੈਂਚਾਂ ਵੱਲੋਂ ਤਾੜੀਆਂ) ਅਸੀਂ ਇਹ ਬਰਦਾਸ਼ਤ ਨਹੀਂ ਕਰ ਸਕਦੇ ਕਿ ਸਾਨੂੰ ਫੌਜੀਆਂ ਦੀ ਰਿਕਰੂਟਮੈਂਟ ਵਿਚ ਪੂਰਾ ਹਿੱਸਾ ਨਾ ਮਿਲੇ। ਸਾਡੇ ਕੁਝ ਫੌਜੀਆਂ ਦੀਆਂ ਕੈਟੇਗਰੀਆਂ ਹਨ ਜਿਵੇਂ ਪੰਜਾਬ ਫੋਰਸ ਹੈ, ਸਿੱਖ ਲਾਈਟ ਇਨਫੈਂਟਰੀ ਹੈ, ਇਨ੍ਹਾਂ ਕੈਟੇਗਰੀਆਂ ਵਿਚ ਹੀ ਸਾਡੀ ਭਰਤੀ ਪੂਰੀ ਹੋ ਜਾਣੀ ਹੈ। ਜਿਹੜੀਆਂ ਬਾਕੀ ਲਾਈਨਜ਼ ਹਨ, ਜਿਵੇਂ ਡਰਾਈਵਰ, ਸਿਗਨਲਰਜ਼ ਹਨ, ਜਿਹੜੇ ਫੌਜੀ ਆਪਣੀ ਰਿਟਾਇਰਮੈਂਟ ਤੋਂ ਬਾਅਦ ਆਪਣਾ ਰੁਜ਼ਗਾਰ ਕਰ ਸਕਦੇ ਹਨ ਅੱਜ ਤੋਂ ਇਹ ਸਰਕੂਲਰ ਇਸ਼ੂ ਹੋਣ ਨਾਲ ਕੋਈ ਪੰਜਾਬੀ ਫੌਜ ਵਿਚ ਟੈਕਨੀਕਲ ਲਾਈਨ ਵਿਚ ਨਹੀਂ ਜਾ ਸਕੇਗਾ।

**Not recorded Expunged as ordered by the Chair.

ਡਿਪਟੀ ਸਪੀਕਰ ਸਾਹਿਬ, ਅਸੀਂ ਮਿਹਨਤ ਕਰਕੇ ਬੈਂਕਾਂ ਵਿਚ ਪੈਸਾ ਜਮ੍ਹਾਂ ਕਰਾਉਂਦੇ ਹਾਂ ਲੇਕਿਨ ਉਹ ਪੈਸਾ ਪੰਜਾਬ ਦੇ ਸੂਬੇ ਤੇ ਖਰਚ ਨਹੀਂ ਹੁੰਦਾ ਸਗੋਂ ਉਸ ਦਾ ਬਹੁਤ ਸਾਰਾ ਹਿੱਸਾ ਬਾਹਰਲੇ ਸੂਬਿਆਂ ਤੇ ਖਰਚ ਹੁੰਦਾ ਹੈ । ਚੀਫ਼ ਮਨਿਸਟਰ ਸਾਹਿਬ ਨੂੰ ਇਹੋ ਜਿਹੀਆਂ ਚੀਜ਼ਾਂ ਤੇ ਕੰਟਰੋਲ ਕਰਨਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਸਾਡੇ ਪੰਜਾਬ ਦੇ ਦੋ ਚਾਰ ਹੋਰ ਮਸਲੇ ਹਨ । ਜੇ ਕੋਈ ਐਜ਼ੀਟੇਸ਼ਨ ਹੁੰਦੀ ਹੈ, ਭਾਵੇਂ ਉਨ੍ਹਾਂ ਦੀ ਤਾਦਾਦ ਥੋੜ੍ਹੀ ਹੋਵੇ ਤਾਂ ਉਸ ਨੂੰ ਕੁਚਲਣ ਦੀ ਨੀਤੀ ਚੰਗੀ ਨਹੀਂ । ਐਗਰੀਕਲਚਰ ਇੰਸਪੈਕਟਰਜ਼ ਕਿੰਨੀ ਦੇਰ ਤੋਂ ਹੜਤਾਲ ਤੇ ਹਨ । ਇਹ ਸਾਰੇ 800 ਹਨ । ਇਨ੍ਹਾਂ ਵਿਚੋਂ ਚਾਰ ਸੌ ਦੇ ਕਰੀਬ ਤਾਂ ਸਰਕਾਰ ਦੀ ਮਿਹਰਬਾਨੀ ਨਾਲ ਜੇਲ੍ਹਾਂ ਵਿਚ ਬੰਦ ਹਨ । 129 ਦੀਆਂ ਸਰਵਿਸਿਜ਼ ਟਰਮੀਨੇਟ ਕਰ ਦਿਤੀਆਂ ਗਈਆਂ ਹਨ । ਇਨ੍ਹਾਂ ਇਨਸਪੈਕਟਰਾਂ ਨੇ, ਜਿਨ੍ਹਾਂ ਨੇ ਸਾਡੇ ਨਾਲ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਨਾ ਸੀ ਉਹ ਅੱਜ ਇਸ ਲਈ ਜੇਲ੍ਹਾਂ ਵਿਚ ਹਨ ਕਿਉਂਕਿ ਉਹ ਐਜ਼ੀਟੇਸ਼ਨ ਕਰ ਰਹੇ ਹਨ । ਉਨ੍ਹਾਂ ਦੀ ਮੰਗ ਇਹ ਹੈ ਕਿ ਜੋ ਵੈਟਰਨਰੀ ਸਰਜਨਜ਼ ਨੂੰ ਗਰੇਡ ਮਿਲਿਆ ਹੈ ਉਹ ਸਾਨੂੰ ਦਿਓ । ਡਿਪਟੀ ਸਪੀਕਰ ਸਾਹਿਬ, ਤੁਸੀਂ ਸਾਡੇ ਨਾਲ ਮੁਤਫਿਕ ਹੋਵੋਗੇ ਕਿ ਵੈਟਰਨਰੀ ਸਰਜਨਜ਼ ਅਤੇ ਐਗਰੀਕਲਚਰ ਇਨਸਪੈਕਟਰਜ਼ ਦੀਆਂ ਕੁਆਲੀਫਿਕੇਸ਼ਨਜ਼ ਵਿਚ ਕੋਈ ਜ਼ਿਆਦਾ ਫਰਕ ਨਹੀਂ । ਇਹ ਕਿਸਾਨਾਂ ਦੇ ਮੁੰਡੇ ਹਨ ਅਤੇ ਫੀਲਡ ਵਿਚ ਕੰਮ ਕਰਨ ਵਾਲੇ ਹਨ । ਇਨ੍ਹਾਂ ਦੀ ਮੰਗ ਜ਼ਰੂਰ ਮੰਨ ਲੈਣੀ ਚਾਹੀਦੀ ਹੈ ਅਤੇ ਉਨ੍ਹਾਂ ਦੀ ਸਰਵਿਸ ਨੂੰ ਟੈਕਨੀਕਲ ਬਣਾਉਣਾ ਚਾਹੀਦਾ ਹੈ ।

ਇਸੇ ਤਰ੍ਹਾਂ ਹੀ ਜੂਨੀਅਰ ਡਾਕਟਰਜ਼ ਦਾ ਮਸਲਾ ਹੈ । ਸਾਡੇ ਸੂਬੇ ਵਿਚ ਉਹ ਵੀ ਹੜਤਾਲ ਕਰ ਰਹੇ ਹਨ । ਇਸ ਕਾਰਣ ਮਰੀਜ਼ਾਂ ਨੂੰ ਕਾਫ਼ੀ ਤਕਲੀਫ ਹੈ । ਉਨ੍ਹਾਂ ਦੀਆਂ ਮੰਗਾਂ ਬਹੁਤ ਜਾਇਜ਼ ਹਨ । ਜੂਨੀਅਰ ਡਾਕਟਰਜ਼ ਦੀਆਂ ਤਿੰਨ ਕੈਟੇਗਰੀਜ਼ ਹਨ, ਇੱਕ ਇਨਟਰਨਰਜ਼ ਹਨ, ਦੂਜੇ ਹਾਊਸ ਸਰਜਨਜ਼ ਅਤੇ ਤੀਸਰੇ ਪੋਸਟ ਗਰੈਜੂਏਟ ਸਟੂਡੈਂਟਸ ਹਨ । ਇਨਟਰਨਰਜ਼ ਦੀ ਮੰਗ ਹੈ ਕਿ ਉਹ ਸਾਢੇ ਚਾਰ ਸਾਲ ਮਿਹਨਤ ਕਰਦੇ ਹਨ ਇਸ ਤੋਂ ਬਾਅਦ ਉਨ੍ਹਾਂ ਨੂੰ ਸਿਰਫ 250 ਰੁਪਏ ਮਹੀਨਾ ਦਿਤਾ ਜਾਂਦਾ ਹੈ । ਤੁਸੀਂ ਆਪ ਅੰਦਾਜ਼ਾ ਲਗਾਓ ਅੱਜ ਦੀ ਮਹਿੰਗਾਈ ਦੇ ਜ਼ਮਾਨੇ ਵਿਚ 4 ਸਾਲ ਟਰੇਨਿੰਗ ਲੈਣ ਤੋਂ ਬਾਅਦ 250 ਰੁਪਏ ਨਾਲ ਕੀ ਬਣਦਾ ਹੈ । ਉਨ੍ਹਾਂ ਦੀ ਮੰਗ ਹੈ ਕਿ ਇਹ 400 ਰੁਪਏ ਤੱਕ ਕਰ ਦਿਤੀ ਜਾਵੇ । ਇਹ ਬੜੀ ਜਾਇਜ਼ ਮੰਗ ਹੈ ਅਤੇ ਇਸ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ । ਹਾਊਸ ਸਰਜਨਜ਼ ਨੂੰ 325 ਰੁਪਏ ਮਿਲਦੇ ਹਨ । ਉਨ੍ਹਾਂ ਦਾ ਪੀ. ਸੀ. ਐਮ. ਐਸ. ਦਾ ਗਰੇਡ ਹੋਣਾ ਚਾਹੀਦਾ ਹੈ । ਉਹ ਰਾਤ ਦਿਨ ਹਸਪਤਾਲਾਂ ਵਿਚ ਕੰਮ ਕਰਦੇ ਹਨ ਫਿਰ ਉਨ੍ਹਾਂ ਨੂੰ ਛੁੱਟੀ ਵੀ ਕੋਈ ਨਹੀਂ ਦਿਤੀ ਜਾਂਦੀ । ਇਸ ਕਰਕੇ ਉਨ੍ਹਾਂ ਦੀ ਮੰਗ ਮੰਨ ਲੈਣੀ ਚਾਹੀਦੀ ਹੈ ਅਤੇ ਇਸੇ ਤਰ੍ਹਾਂ ਹੀ ਪੋਸਟ ਗਰੈਜੂਏਟ ਸਟੂਡੈਂਟਸ ਦੀ ਮੰਗ ਵੀ ਮੰਨ ਲੈਣੀ ਚਾਹੀਦੀ ਹੈ। ਮੈਂ ਤੁਹਾਡੇ ਦੁਆਰਾ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਇਹ ਮੰਗਾਂ ਜ਼ਰੂਰ ਮੰਨ ਲੈਣੀਆਂ ਚਾਹੀਦੀਆਂ ਹਨ ।

ਡਿਪਟੀ ਸਪੀਕਰ ਸਾਹਿਬ, ਇੱਕ ਮਸਲਾ ਸਾਡੇ ਸੂਬੇ ਦਾ ਜਿਹੜਾ ਕਿ ਬੜੀ ਦੇਰ ਤੋਂ ਲਟਕਦਾ ਆ ਰਿਹਾ ਹੈ ਉਹ ਪ੍ਰਾਈਵੇਟ ਕਾਲਜਾਂ ਦੇ ਟੀਚਰਜ਼ ਦੀ ਸਿਕਿਉਰਿਟੀ ਆਫ ਸਰਵਿਸ ਦੇ ਬਾਰੇ ਹੈ । ਤੁਹਾਨੂੰ ਯਾਦ ਹੋਵੇਗਾ ਕਿ ਉਨ੍ਹਾਂ ਨਾਲ ਇਥੇ ਕਮਿਟਮੈਂਟ ਕੀਤੀ ਗਈ ਸੀ ਕਿ ਉਨ੍ਹਾਂ ਦੀ ਮੰਗ ਮੰਨੀ ਜਾਵੇਗੀ । ਹਾਊਸ ਵੀ ਐਕਸਟੈਂਡ ਕੀਤਾ ਸੀ । ਡਾਂਗ ਸਾਹਿਬ ਨੇ ਵੀ ਬਿਲ ਲਿਆਂਦਾ ਸੀ । ਇਥੇ ਐਸ਼ੋਰੈਂਸ ਦਿਤੀ ਸੀ ਲੇਕਿਨ ਅੱਜ ਦੂਜਾ ਬੱਜਟ ਸੈਸ਼ਨ ਆ ਗਿਆ ਹੈ ਪਰ ਉਨ੍ਹਾਂ ਦੀਆਂ ਮੰਗਾਂ

[ਸਰਦਾਰ ਪਰਕਾਸ਼ ਸਿੰਘ ਬਾਦਲ]

ਪ੍ਰਵਾਨ ਨਹੀਂ ਹੋਈਆਂ । ਉਨ੍ਹਾਂ ਦੇ ਡੈਪੂਟੇਸ਼ਨ ਨੂੰ ਬਿਲਕੁਲ ਯਕੀਨ ਦਿਵਾਇਆ ਗਿਆ ਸੀ ਅਤੇ ਸੈਕਟਰੀ ਐਜੂਕੇਸ਼ਨ ਨਾਲ ਡਿਟੇਲ ਵਿਚ ਡਿਸਕਸ਼ਨ ਵੀ ਹੋਈ ਸੀ । ਉਨ੍ਹਾਂ ਦੀ ਮੰਗ ਨੂੰ ਜ਼ਰੂਰ ਮੰਨ ਲੈਣਾ ਚਾਹੀਦਾ ਹੈ ।

ਡਿਪਟੀ ਸਪੀਕਰ ਸਾਹਿਬ, ਦਯਾਨੰਦ ਮੈਡੀਕਲ ਕਾਲਜ ਦੇ ਵਿਦਿਆਰਥੀ ਸਟਰਾਈਕ ਤੇ ਹਨ। ਉਹ ਇਥੇ ਵੀ ਧਰਨਾ ਮਾਰੀ ਬੈਠੇ ਹਨ । ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਵੱਡੇ ਅਦਾਰੇ ਨੂੰ ਪ੍ਰਾਈਵੇਟ ਆਰਗੇਨਾਈਜੇਸ਼ਨ ਨਹੀਂ ਚਲਾ ਸਕਦੀ । ਮੈਂ ਉਹ ਹਸਪਤਾਲ ਆਪ ਵੇਖਿਆ ਹੈ । ਅੱਜ ਕੱਲ ਲੋਕੀਂ ਕਿਤਨੇ ਕੁ ਰਿਸੋਰਸਜ਼ ਇਕੱਠੇ ਕਰ ਸਕਦੇ ਹਨ ਜਿਸ ਨਾਲ ਕਿ ਉਥੇ ਚੰਗਾ ਸਟਾਫ ਹੋਵੇ ਅਤੇ ਚੰਗੀ ਅਕਾਮੋਡੇਸ਼ਨ ਵੀ ਹੋਵੇ । ਜੇ ਇਹ ਚੀਜ਼ਾਂ ਨਾ ਹੋਣ ਤਾਂ ਰਿਜ਼ਲਟ ਇਹ ਹੋਵੇਗਾ ਕਿ ਸਾਡੇ ਨੌਜਵਾਨ ਚੰਗੇ ਡਾਕਟਰ ਨਹੀਂ ਬਣ ਸਕਣੇ । ਭਾਵੇਂ ਹੋਰ ਕਿਸੇ ਪਾਸੇ ਖਰਚਾ ਘਟਾ ਦਿਓ ਪਰ ਇਸ ਤਰ੍ਹਾਂ ਦੇ ਅਦਾਰੇ ਨੂੰ ਸਰਕਾਰ ਨੂੰ ਆਪਣੇ ਹੱਥ ਵਿਚ ਲੈ ਲੈਣਾ ਚਾਹੀਦਾ ਹੈ ਤਾਂ ਕਿ ਉਹ ਕਾਲਜ ਚੰਗੀ ਤਰ੍ਹਾਂ ਚੱਲ ਸਕੇ ।

ਡਿਪਟੀ ਸਪੀਕਰ ਸਾਹਿਬ, ਸਟੂਡੈਂਟਸ ਅਨਰੈਸਟ ਬਾਰੇ ਵੀ ਗੱਲ ਕਰਨੀ ਹੈ । ਸਾਡੇ ਸੂਬੇ ਵਿਚ ਜਦੋਂ ਦੀ ਇਹ ਸਰਕਾਰ ਆਈ ਹੈ, ਬਹੁਤ ਸਟੂਡੈਂਟਸ ਅਨਰੈਸਟ ਹੈ । ਮੋਗੇ ਕਾਂਡ ਤੋਂ ਇਹ ਗੱਲ ਸ਼ੁਰੂ ਹੋਈ ਅਤੇ ਇਹ ਚੀਜ਼ ਪ੍ਰਾਪਰਲੀ ਟੈਕਲ ਨਾ ਕਰਨ ਕਾਰਣ ਇਹ ਵੱਧ ਗਈ । ਸਟੂਡੈਂਟਸ ਨਾਲ ਜੋ ਧੱਕੇ ਹੋ ਰਹੇ ਹਨ ਉਹ ਦੂਰ ਕਰਨੇ ਚਾਹੀਦੇ ਹਨ । ਉਨ੍ਹਾਂ ਨੇ ਹੀ ਵੱਡੇ ਹੋ ਕੇ ਇਹ ਕੁਰਸੀਆਂ ਸੰਭਾਲਣੀਆਂ ਹਨ । ਪੰਜਾਬ ਦਾ ਵਾਤਾਵਰਣ ਸ਼ਾਂਤ ਰੱਖਣਾ ਹੈ । ਉਨ੍ਹਾਂ ਦੇ ਨਾਲ ਬਹਿ ਕੇ ਸਾਰੀਆਂ ਗੱਲਾਂ ਸੈਟਲ ਕਰਨੀਆਂ ਚਾਹੀਦੀਆਂ ਹਨ ।

ਡਿਪਟੀ ਸਪੀਕਰ ਸਾਹਿਬ, ਠੀਕ ਹੈ ਕਿ ਪੰਜਾਬ ਵਿਚ ਐਗਰੀਕਲਚਰ ਦੀ ਤਰੱਕੀ ਹੋਈ ਹੈ ਪਰ ਐਗਰੀਕਲਚਰ ਨੂੰ ਅੱਗੇ ਲੈ ਜਾਣ ਵਿਚ ਇਸ ਸਰਕਾਰ ਦਾ ਕੋਈ ਲੰਬਾ ਚੌੜਾ ਹੱਥ ਨਹੀਂ ਹੈ। ਇਹ ਤਾਂ ਮਿਹਨਤੀ ਕਿਸਾਨ ਹੀ ਹੈ ਜਿਹੜਾ ਦਿਨ ਰਾਤ ਇਕ ਕਰਕੇ ਆਪਣੇ ਖੇਤ ਵਿਚ ਕੰਮ ਕਰਦਾ ਹੈ । ਭਾਵੇਂ ਇਸ ਤਰੱਕੀ ਦੀ ਸ਼ਾਬਾਸ਼ ਲੈਣ ਲਈ ਇਹ ਜੋ ਪਰੈਜ਼ੈਂਟ ਸਰਕਾਰ ਹੈ ਇਹ ਆਪਣਾ ਹੱਕ ਸਮਝਦੀ ਹੈ ਪਰ ਇਸ ਨੇ ਇਸ ਵਿਚ ਕਿਸੇ ਕਿਸਮ ਦੀ ਕੋਈ ਮੱਦਦ ਨਹੀਂ ਕੀਤੀ । ਇਸ ਲਈ ਇਸ ਤਰੱਕੀ ਦਾ ਕਰੈਡਿਟ ਇਸ ਸਰਕਾਰ ਨੂੰ ਨਹੀਂ ਬਲਕਿ ਕਿਸਾਨਾਂ ਨੂੰ ਜਾਂਦਾ ਹੈ ।

ਫਰਟੇਲਾਇਜ਼ਰ ਲੈਣ ਲਈ ਇਨ੍ਹਾਂ ਨੇ 1000 ਜਾਂ 2000 ਕਾਰਡ ਇਕ ਡਿਪੋ ਤੇ ਰੱਖੇ ਹਨ । ਕਿਸਾਨ ਸਾਰਾ ਦਿਨ ਸਵੇਰ ਤੋਂ ਸ਼ਾਮ ਤੱਕ ਆਪਣੇ ਪਰਿਵਾਰ ਦੇ ਕਈ ਬੰਦਿਆਂ ਨੂੰ ਉਥੇ ਲਾਈਨ ਵਿਚ ਖੜ੍ਹਾ ਕਰਦਾ ਹੈ ਅਤੇ ਸ਼ਾਮ ਨੂੰ ਜਾ ਕੇ ਉਸ ਨੂੰ ਇਕ ਕੱਟਾ ਫਰਟੇਲਾਇਜ਼ਰ ਦਾ ਮਿਲਦਾ ਹੈ। ਇਸ ਤਰ੍ਹਾਂ ਗਰੀਬ ਕਿਸਾਨਾਂ ਨੂੰ ਫਰਟੇਲਾਇਜ਼ਰ ਲੈਣ ਵਾਸਤੇ ਸਾਰਾ ਦਿਨ ਹੀ ਲਾਈਨ ਵਿਚ ਖੜੇ ਹੋਣਾ ਪੈਂਦਾ ਹੈ ਪਰ ਫਿਰ ਵੀ ਉਸ ਨੂੰ ਖਾਦ ਪੂਰੀ ਨਹੀਂ ਮਿਲਦੀ । ਲੇਕਿਨ, ਡਿਪਟੀ ਸਪੀਕਰ ਸਾਹਿਬ, ਬਲੈਕ ਵਿਚ ਟਰੱਕਾਂ ਦੇ ਟਰੱਕ ਫਰਟੇਲਾਇਜ਼ਰ ਦੇ ਸਮੱਗਲ ਹੋ ਕੇ ਬਾਹਰ ਜਾਂਦੇ ਹਨ ।

ਸ੍ਰੀ ਪ੍ਰਤਾਪ ਚੰਦ ਭੰਡਾਰੀ : ਪੁਆਇੰਟ ਆਫ ਆਰਡਰ, ਸਰ । ਮੈਂ ਅਪੋਜੀਸ਼ਨ ਦੇ ਲੀਡਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਇਕ ਡਿਪੋ ਤੇ ਕਾਰਡ ਹੀ 500 ਦਰਜ਼ ਹੁੰਦੇ ਹਨ ਤਾਂ ਉਥੇ ਇਕ ਡਿਪੋ ਤੇ 1000 ਕਾਰਡ ਕਿਸ ਤਰ੍ਹਾਂ ਜਾ ਸਕਦੇ ਹਨ ?

ਸਰਦਾਰ ਪਰਕਾਸ਼ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਪਤਾ ਹੀ ਨਹੀਂ ਕਿ ਮੈਂ ਫਰਟੇਲਾਇਜ਼ਰ ਦੇ ਬਾਰੇ ਅਰਜ਼ ਕਰ ਰਿਹਾ ਹਾਂ। ਇਨ੍ਹਾਂ ਨੇ ਕਦੇ ਖੇਤ ਤਾਂ ਵੇਖੇ ਨਹੀਂ। ਇਸ ਲਈ ਮੈਂ ਮੈਂਬਰ ਸਾਹਿਬ ਤੇ ਕੋਈ ਗਿਲਾ ਨਹੀਂ ਕਰਦਾ।

ਡਿਪਟੀ ਸਪੀਕਰ ਸਾਹਿਬ, ਸੈਂਟਰ ਦੀ ਸਰਕਾਰ ਨੇ ਸਾਡੇ ਸੂਬੇ ਨੂੰ 25 ਫ਼ੀ ਸਦੀ ਸਪਰੇ ਵਾਸਤੇ ਸਬਸਿਡੀ ਦਿਤੀ ਸੀ। ਮੇਰੀ ਜੋ ਇਤਲਾਹ ਹੈ, ਹੋ ਸਕਦਾ ਹੈ ਗਲਤ ਹੋਵੇ, ਜਿਹੜੀ ਕਿ ਹੁਣ ਬੰਦ ਹੋ ਗਈ ਹੈ ਇਸ ਵਾਸਤੇ ਸਾਡੀ ਸਰਕਾਰ ਨੂੰ ਸੈਂਟਰ ਦੀ ਸਰਕਾਰ ਤੇ ਜ਼ੋਰ ਪਾਉਣਾ ਚਾਹੀਦਾ ਹੈ। ਸਾਡੇ ਪਾਸ ਮਾਰਕੀਟ ਕਮੇਟੀਆਂ ਅਤੇ ਕੋਆਪਰੇਟਿਵ ਸੁਸਾਇਟੀਜ਼ ਦੇ ਫੰਡ ਪਏ ਹਨ ਜਿਹੜੇ ਕਿ ਸਪਰੇ ਤੇ ਖਰਚ ਕੀਤੇ ਜਾ ਸਕਦੇ ਹਨ। ਇਸ ਸਪਰੇ ਦਾ ਬੋਝ ਕਿਸਾਨ ਤੇ ਨਹੀਂ ਪਾਉਣਾ ਚਾਹੀਦਾ। ਮੈਂ ਤਾਂ ਸਮਝਦਾ ਹਾਂ ਕਿ ਕਿਸਾਨ ਲਈ ਸਪਰੇ ਮੁਫਤ ਹੋਣੀ ਚਾਹੀਦੀ ਹੈ ਅਤੇ ਇਸ ਸਪਰੇ ਦਾ ਬਿਲ ਉਥੋਂ ਦੀਆਂ ਮਾਰਕੀਟ ਕਮੇਟੀਆਂ ਕੋਲੋਂ ਲੈਣਾ ਚਾਹੀਦਾ ਹੈ।

ਮੈਂ, ਡਿਪਟੀ ਸਪੀਕਰ ਸਾਹਿਬ, ਇਕ ਅਰਜ਼ ਹੋਰ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਦੀ ਗਲਤ ਪਾਲਿਸੀ ਦੀ ਵਜ੍ਹਾ ਨਾਲ ਕਿਸਾਨ ਕਰਜ਼ਾਈ ਹੋ ਗਿਆ ਹੈ। ਕਿਸਾਨਾਂ ਦੇ ਮਗਰ ਕੋਆਪਰੇਟਿਵ ਸੋਸਾਇਟੀਜ਼ ਦੇ ਇਨਸਪੈਕਟਰ ਅਤੇ ਆੜ੍ਹਤੀਆਂ ਦੇ ਬੰਦੇ ਲੱਗੇ ਹੋਏ ਹਨ। ਡਿਪਟੀ ਸਪੀਕਰ ਸਾਹਿਬ, ਇਸ ਦਾ ਕਾਰਣ ਇਕੋ ਹੀ ਹੈ ਕਿ ਕਿਸਾਨ ਜੋ ਕੁਝ ਉਪਜ ਪੈਦਾ ਕਰਦਾ ਹੈ ਉਸ ਦਾ ਉਸ ਨੂੰ ਇਵਜ਼ਾਨਾ ਪੂਰਾ ਨਹੀਂ ਮਿਲਦਾ।

1.01 P.M. | ਇਸ ਵੇਲੇ ਸ੍ਰੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ)

ਸਪੀਕਰ ਸਾਹਿਬ, ਅਸੀਂ ਗਰੀਬੀ ਨੂੰ ਖਤਮ ਕਰਨ ਦੇ ਹਾਮੀ ਹਾਂ। ਭਾਵੇਂ ਕਿਸਾਨ ਹੋਵੇ, ਭਾਵੇਂ ਮਜ਼ਦੂਰ ਹੋਵੇ ਉਸ ਨੂੰ ਜਾਇਜ਼ ਭਾ ਤੇ ਕਣਕ ਮਿਲਣੀ ਚਾਹੀਦੀ ਹੈ। ਜੋ ਕਣਕ ਅਤੇ ਨਰਮੇ ਦੀ ਕਾਸਟ ਆਫ ਪਰੋਡਕਸ਼ਨ ਹੈ ਉਸ ਦੇ ਮੁਤਾਬਕ ਹੀ ਉਸ ਦੇ ਭਾ ਮੁਕਰਰ ਹੋਣੇ ਚਾਹੀਦੇ ਹਨ। ਕਣਕ ਦੀ ਕਾਸਟ ਆਫ ਪਰੋਡਕਸ਼ਨ ਹੁਣ 110 ਰੁਪਏ ਤੋਂ ਘੱਟ ਨਹੀਂ ਹੁੰਦੀ ਇਸ ਵਿਚੋਂ ਹਾਲੇ ਵੀ ਛੋਟੇ ਖਰਚ ਕੱਢ ਦਿਤੇ ਗਏ ਹਨ। ਇਸ ਕਰਕੇ ਮੈਂ ਅਰਜ਼ ਕਰਾਂਗਾ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੂੰ 125 ਰੁਪਏ ਕਣਕ ਦਾ ਭਾ ਜ਼ਰੂਰ ਮੁਕਰਰ ਕਰ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਜੇ ਸਰਕਾਰ ਇਸ ਤਰ੍ਹਾਂ ਦਾ ਕੋਈ ਕਦਮ ਉਠਾਏਗੀ ਤਾਂ ਅਸੀਂ ਉਨ੍ਹਾਂ ਨੂੰ ਪੂਰਾ ਸਪੋਰਟ ਕਰਾਂਗੇ। ਬਾਕੀ ਜੋ ਗਰੀਬ ਕਨਜ਼ਿਊਮਰ ਹਨ ਉਨ੍ਹਾਂ ਨੂੰ ਸਬਸੀ-ਡਾਇਜ਼ਡ ਪ੍ਰਾਇਸ ਤੇ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ। ਬਾਹਰਲੇ ਮੁਲਕਾਂ ਵਿਚ ਵੀ ਇਸੇ ਤਰ੍ਹਾਂ ਹੀ ਹੁੰਦਾ ਹੈ। ਜਿਹੜੇ ਗਰੀਬ ਕਿਸਾਨ ਹੁੰਦੇ ਹਨ ਜਾਂ ਗਰੀਬ ਲੋਕ ਹਨ ਉਨ੍ਹਾਂ ਨੂੰ ਇਸੇ ਤਰ੍ਹਾਂ ਦਾ ਕਨਸੈਸ਼ਨ ਦਿਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਸਾਡੇ ਪੰਜਾਬ ਵਿਚ ਗਰੀਬ ਕਿਸਾਨਾਂ ਅਤੇ ਗਰੀਬ ਲੋਕਾਂ ਲਈ ਕਨਸੈਸ਼ਨਲ ਰੇਟ ਤੇ ਖਾਣ ਵਾਲੀਆਂ ਚੀਜ਼ਾਂ ਮਿਲਣੀਆਂ ਚਾਹੀਦੀਆਂ ਹਨ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਹੁਣ ਯੂ. ਪੀ. ਵਿਚ ਇਲੈਕਸ਼ਨਾਂ ਹੋ ਰਹੀਆਂ ਹਨ। ਮੈਂ ਸਮਝਦਾ ਹਾਂ ਕਿ ਸਾਡੀ ਸਰਕਾਰ ਲੋਕਾਂ ਨਾਲ ਬਹੁਤ ਧੱਕਾ ਕਰ ਰਹੀ ਹੈ। ਯੂ. ਪੀ. ਦੀਆਂ ਇਲੈਕਸ਼ਨਾਂ ਵਾਸਤੇ ਸਾਰੇ ਸੂਬਿਆਂ ਵਿਚੋਂ ਪੈਸਾ ਇਕੱਠਾ ਕੀਤਾ ਜਾ ਰਿਹਾ ਹੈ। ਪੰਜਾਬ ਨੇ ਵੀ ਇਸ ਵਿਚ ਕਾਫੀ ਹਿੱਸਾ ਪਾਇਆ ਹੈ। ਐਕਸਾਈਜ਼ ਐਂਡ ਟੈਕਟੇਸ਼ਨ ਆਫੀਸਰਜ਼, ਡਿਸਟਰਿਕਟ ਟਰਾਂਸਪੋਰਟ ਆਫੀਸਰਜ਼, ਐਕਸ. ਈ. ਐਨ., ਕੰਟਰੈਕਟਰ ਅਤੇ ਠੇਕੇਦਾਰਾਂ ਤੋਂ ਇਨ੍ਹਾਂ ਇਲੈਕਸ਼ਨਾਂ ਵਾਸਤੇ ਪੈਸਾ ਇਕੱਠਾ ਕੀਤਾ ਜਾ ਰਿਹਾ ਹੈ।

[ਸਰਦਾਰ ਪਰਕਾਸ਼ ਸਿੰਘ ਬਾਦਲ]

ਮੇਰਾ ਅੰਦਾਜ਼ਾ ਹੈ ਕਿ 1 ਕਰੋੜ ਤੋਂ ਵੀ ਜ਼ਿਆਦਾ ਰੁਪਿਆ ਯੂ.ਪੀ. ਭੇਜਿਆ ਜਾ ਚੁੱਕਾ ਹੈ। ਸਾਡੀ ਸਰਕਾਰ ਲੋਕਾਂ ਦਾ ਖੂਨ ਚੂਸ ਕੇ ਯੂ. ਪੀ. ਦੀਆਂ ਇਲੈਕਸ਼ਨਾਂ ਤੇ ਖਰਚ ਕਰ ਰਹੀ ਹੈ।

ਦੋ ਸੌ ਰੁਪਏ ਪਰ ਬਸ ਅਤੇ ਦੋ ਸੌ ਰੁਪਏ ਪਰ ਟਰੱਕ ਲਏ ਜਾ ਰਹੇ ਹਨ। ਸਾਡੀ ਸਰਕਾਰ ਪੰਜਾਬ ਦੇ ਗਰੀਬ ਲੋਕਾਂ ਦਾ ਖੂਨ ਚੂਸ ਕੇ ਪੈਸਾ ਯੂ. ਪੀ. ਦੀਆਂ ਇਲੈਕਸ਼ਨਾਂ ਲਈ ਭੇਜ ਰਹੀ ਹੈ। ਮੈਨੂੰ ਇਕ ਆਦਮੀ ਨੇ ਗਲ ਦਸੀ ਕਿ ਇਹ ਕਿਹਾ ਜਾਂਦਾ ਹੈ ਕਿ ਸਰਕਾਰ ਲੋਕਾਂ ਵਾਸਤੇ ਹੈ ਪਰ ਅੱਜ ਕਲ ਤਾਂ ਇਹ ਹਾਲਤ ਹੈ ਕਿ ਲੋਕ ਸਰਕਾਰ ਵਾਸਤੇ ਹਨ ਤਾਕਿ ਸਰਕਾਰ ਦਾ ਕੰਮ ਪੂਰਾ ਹੋ ਸਕੇ।

ਸਪੀਕਰ ਸਾਹਿਬ, ਅੰਤ ਵਿਚ ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ ਅਰਜ ਕਰਾਂਗਾ ਕਿ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਮੱਦੇ ਨਜ਼ਰ ਰਖ ਕੇ ਤੁਸੀਂ ਮੇਰੇ ਨਾਲ ਸਹਿਮਤ ਹੋਵੋਗੇ ਕਿ ਇਹ ਜਿਹੜਾ ਐਡਰੈਸ ਗਵਰਨਰ ਸਾਹਿਬ ਨੇ ਪੇਸ਼ ਕੀਤਾ ਹੈ ਉਸ ਨਾਲ ਅਸੀਂ ਆਪਣੀ ਸਹਿਮਤੀ ਕਿਸ ਤਰ੍ਹਾਂ ਪ੍ਰਗਟ ਕਰ ਸਕਦੇ ਹਾਂ। ਇਸ ਲਈ ਮੈਂ ਆਪਣੀ ਪਾਰਟੀ ਵਲੋਂ ਇਸ ਮਤੇ ਦੀ ਵਿਰੋਧਤਾ ਕਰਦਾ ਹਾਂ।

MOTION REG. PLACING UNDER CUSTODY OF A STRANGER WHO THREW LEAFLETS IN THE HOUSE FROM THE VISITORS' GALLERY

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਅੱਜ ਹਾਊਸ ਦੇ ਵਿਚ ਵਿਜ਼ੇਟਰਜ਼ ਗੈਲਰੀ ਤੋਂ ਕੁਝ ਪੈਂਫਲਟਸ ਸੁੱਟੇ ਗਏ ਹਨ। ਇਹ ਹਾਊਸ ਦੀ ਮਰਿਯਾਦਾ ਦੇ ਖਿਲਾਫ ਹੈ। ਮੈਂ ਆਪੋਜ਼ੀਸ਼ਨ ਦੇ ਡਿਪਟੀ ਲੀਡਰ ਅਤੇ ਡਾਂਗ ਸਾਹਿਬ ਨਾਲ ਮਸ਼ਵਰਾ ਕਰਕੇ ਇਹ ਮਤਾ ਪੇਸ਼ ਕਰਨ ਲਗਾ ਹਾਂ :

Sir, I beg to move—

This House resolves that a person calling himself Piara Lal son of Shri Bant Lal, House Surgeon, Rajindra Hospital, Patiala, who threw some leaflets on the floor of the House from the Visitors' Gallery at 12.10 p.m. to-day and whom the Watch and Ward staff took into custody immediately, has committed a grave offence and is guilty of the contempt of the House.

This House further resolves that he be kept in the custody of the Sergeant-at-Arms till 5.00 p.m. to-day, the 19th February, 1974.

Mr. Speaker : Motion moved—

This House resolves that a person calling himself Piara Lal son of Shri Bant Lal, House Surgeon, Rajindra, Hospital, Patiala, who threw some leaflets on the floor of the House from the Visitors' Gallery at 12·10 p.m. to-day and whom the Watch and Ward staff took into custody immediately, has committed a grave offence and is guilty of the contempt of the House.

This House further resolves that he be kept in the custody of the Sergeant-at-Arms till 5.00 P.M. to-day, the 19th February, 1974.

Mr. Speaker : Question is—

This House resolves that a person calling himself Piara Lal son of Shri Bant Lal, House Surgeon, Rajindra Hospital, Patiala, who threw some leaflets on the floor of the House from the Visitors' Gallery at 12.10 p.m. to-day and whom the Watch and Ward staff took into custody immediately, has committed a grave offence and is guilty of the contempt of the House.

This House further resolves that he be kept in the custody of the Sergeant-at-Arms till 5.00 P.M. to-day, the 19th February, 1974.

The Motion was carried

Acharya Prithvi Singh Azad : Who recommended his name for issuing of the pass ?

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਇਥੇ ਕੋਈ ਜ਼ਰੂਰੀ ਨਹੀਂ ਹੈ ਕਿ ਕਿਸੇ ਐਮ.ਐਲ.ਏ. ਦਾ ਨਾਉਂ ਡਿਸਕਲੋਜ਼ ਕੀਤਾ ਜਾਵੇ ਪਰ ਮੈਂ ਆਜ਼ਾਦ ਜੀ ਨੂੰ ਕਹਿੰਦਾ ਹਾਂ ਕਿ ਜੇਕਰ ਜੂਨੀਅਰ ਡਾਕਟਰਾਂ ਨਾਲ ਬੇਇਨਸਾਫੀ ਹੋਈ ਹੈ ਤਾਂ ਜੇਕਰ ਉਹ ਉਨ੍ਹਾਂ ਨੂੰ ਕਹਿ ਦੇਣ ਕਿ ਪਾਸ ਦਿਵਾ ਦਿਓ ਤਾਂ ਕੀ ਉਹ ਨਾਂਹ ਕਰ ਦੇਣਗੇ?

ਸ੍ਰੀ ਸਪੀਕਰ: ਮੈਂ ਮੈਂਬਰਜ਼ ਦੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਪਾਸ ਲਈ ਨਾਂ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਹਾਊਸ ਦੀ ਡਿਗਨਿਟੀ ਔਰ ਡੈਕੋਰਮ ਮੇਨਟੇਨ ਕਰਨ ਲਈ ਖ਼ਿਆਲ ਕਰ ਲੈਣਾ ਚਾਹੀਦਾ ਹੈ । (I would request the hon'ble Members that they may recommend names for the issue of passes keeping in view the dignity and decorum of the House.)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਤੁਸੀਂ ਪੰਜਾਬ ਦੇ ਲੋਕਾਂ ਨੂੰ ਹੀ ਅਪੀਲ ਕਰ ਦਿਓ ਕਿ ਉਹ ਪਾਸ ਨਾਂ ਲਿਆ ਕਰਨ, ਕਿਸੇ ਦੇ ਮੂੰਹ ਤੇ ਤਾਂ ਨਹੀਂ ਲਿਖਿਆ ਹੋਇਆ ਹੁੰਦਾ । (ਵਿਘਨ)

ਸ੍ਰੀ ਸਪੀਕਰ: ਆਰਡਰ ਪਲੀਜ਼ । ਕੀ ਕੋਈ ਹੋਰ ਮੈਂਬਰ ਡੀਬੇਟ ਵਿਚ ਹਿੱਸਾ ਲੈਣਾ ਚਾਹੁੰਦਾ ਹੈ? (Order please. Does some other member want to take part in the debate ?)

ਅਵਾਜ਼ਾਂ: ਹਾਂ ਜੀ ।

DISCUSSION ON GOVERNOR'S ADDRESS
(Resumption)

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ): ਸਪੀਕਰ ਸਾਹਿਬ, ਜਿਹੜਾ ਐਡਰੈਸ ਇਥੇ ਗਵਰਨਰ ਸਾਹਿਬ ਨੇ ਪੜ੍ਹਿਆ ਹੈ, ਇਹ ਐਡਰੈਸ ਮੇਰਾ ਖਿਆਲ ਹੈ ਕਿ ਇਤਨਾ ਫਿੱਕਾ ਹੈ ਕਿ ਇਸ ਦੇ ਵਿਚ ਜਿਹੜੇ ਮਸਲੇ ਇਸ ਵੇਲੇ ਚਲ ਰਹੇ ਹਨ ਉਨ੍ਹਾਂ ਦੇ ਬਾਰੇ ਕੁਝ ਨਹੀਂ ਦਿਤਾ ਹੋਇਆ । ਜੇਕਰ ਕੁਝ ਦਿਤਾ ਹੋਇਆ ਹੈ ਤਾਂ ਬਿਲਕੁਲ ਫਿੱਕਾ ਹੈ । ਇਸ ਲਈ ਜਿਸ ਮਤੇ ਵਿਚ ਇਸ ਐਡਰੈਸ ਦੀ ਪ੍ਰੋੜ੍ਹਤਾ ਕੀਤੀ ਗਈ ਹੈ ਮੈਂ ਉਸ ਦੇ ਵਿਚ ਸ਼ਾਮਲ ਨਹੀਂ ਹੋ ਸਕਦਾ । ਅੱਜ, ਸਪੀਕਰ ਸਾਹਿਬ, ਪੰਜਾਬ ਦੀ ਕੀ ਦਸ਼ਾ ਹੈ, ਪੰਜਾਬ ਕਿਥੇ ਖੜਾ ਹੈ? ਅੱਜ ਜੋ ਪੰਜਾਬ ਦਾ ਅਸਲ ਨਕਸ਼ਾ ਹੈ ਉਹ ਇਸ ਵਿਚ ਨਹੀਂ ਦਿਤਾ ਹੋਇਆ । ਇਹ ਐਡਰੈਸ ਇਨ੍ਹਾਂ ਸਾਰਿਆਂ ਮਸਲਿਆਂ ਬਾਰੇ ਚੁੱਪ ਹੈ । ਸਾਡੇ ਪੰਜਾਬ ਵਰਗੇ ਦੇਸ਼ ਦੇ ਵਿਚ ਬੇਕਾਰੀ ਵੱਧ ਰਹੀ ਹੈ । ਇਹ ਭੂਤ ਲਗਾਤਾਰ ਤਰੱਕੀ ਕਰਦਾ ਚਲਾ ਜਾ ਰਿਹਾ ਹੈ। ਅੱਜ ਪੜ੍ਹੀ ਲਿਖੀ ਜਿਹੜੀ ਜਮਾਤ ਹੈ ਉਸ ਦੇ ਵਿਚ ਫਿਕਰ ਪੈਦਾ ਹੋ ਰਹੇ ਹਨ, ਉਹ ਬੇਕਾਰ ਬੈਠੇ ਹਨ । ਇਨਜੀਨੀਅਰਜ਼, ਡਾਕਟਰਜ਼ ਔਰ ਹੋਰ ਜਿਹੜੇ ਵਿਗਿਆਨੀ ਲੋਕ ਹਨ ਉਹ ਵੀ ਵਿਹਲੇ ਬੈਠੇ ਹਨ ਅਤੇ ਸੋਚ ਰਹੇ ਹਨ ਕਿ ਦੇਸ਼ ਦਾ ਕੀ ਬਣੇਗਾ । ਜਿਹੜੀ ਪਹਿਲੀ ਪਲਾਨ ਸੀ ਉਸ ਨਾਲੋਂ ਹੁਣ ਦੀ ਪਲਾਨ ਵਿਚ ਬੇਕਾਰੀ ਵਿਚ ਹੋਰ ਅਜ਼ਾਫਾ ਹੋਇਆ ਹੈ। ਗੌਰਮਿੰਟ ਇਸ ਵਿਚ ਫੇਲ੍ਹ ਹੋਈ ਹੈ। ਉਸ ਦਾ ਨਤੀਜਾ ਤੁਹਾਡੇ ਸਾਹਮਣੇ ਹੀ ਹੈ। ਅੱਜ ਪ੍ਰਾਈਵੇਟ ਕਾਲਿਜ ਖੁਲ੍ਹਦੇ ਹਨ । ਉਨ੍ਹਾਂ ਦੀ ਸਾਡੀ ਸਰਕਾਰ ਵਲੋਂ ਹੌਂਸਲਾ ਅਫਜ਼ਾਈ ਕੀਤੀ ਜਾਂਦੀ ਹੈ । (ਵਿਘਨ)

Mr. Speaker : Order please.

ਕਾਮਰੇਡ ਜੰਗੀਰ ਸਿੰਘ ਜੋਗਾ: ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਮੈਡੀਕਲ ਕਾਲਜ, ਲੁਧਿਆਣੇ ਦੀ ਹਾਲਤ ਦਸਦਾ ਹਾਂ। ਉਨ੍ਹਾਂ ਕੋਲ ਪੈਸਾ ਨਹੀਂ ਹੈ। ਮੈਨੇਜਮੈਂਟ ਕਮੇਟੀਆਂ ਕਾਲਜ ਤਾਂ ਜਾਰੀ

[ਕਾਮਰੇਡ ਜੰਗੀਰ ਸਿੰਘ ਜੋਗਾ]

ਕਰ ਦਿੰਦੀਆਂ ਹਨ ਪਰ ਫਿਰ ਚਲਦੇ ਨਹੀਂ ਹਨ। ਗੌਰਮਿੰਟ ਜਿਹੜਾ ਪੈਸਾ ਦਿੰਦੀ ਹੈ, ਮੈਂ ਇਲਜ਼ਾਮ ਤਾਂ ਨਹੀਂ ਲਗਾਉਂਦਾ, ਪਰ ਮੇਰਾ ਵਿਸ਼ਵਾਸ ਹੈ ਕਿ ਉਹ ਪੈਸਾ ਮੈਨੇਜਮੈਂਟ ਕਮੇਟੀਆਂ ਹੀ ਖਾ ਜਾਂਦੀਆਂ ਹਨ ਔਰ ਕਾਲਜ ਦੀ ਉਨਤੀ ਨਹੀਂ ਹੁੰਦੀ। ਇਸ ਵਾਸਤੇ ਇਹ ਜ਼ਰੂਰੀ ਹੈ ਕਿ ਸਾਡੀ ਸਰਕਾਰ ਇਨ੍ਹਾਂ ਕਾਲਜਾਂ ਨੂੰ ਨੈਸ਼ਨੇਲਾਈਜ਼ ਕਰੇ। ਜਦੋਂ ਤਕ ਇਨ੍ਹਾਂ ਨੂੰ ਨੈਸ਼ਨੇਲਾਈਜ਼ ਨਹੀਂ ਕੀਤਾ ਜਾਂਦਾ ਇਨ੍ਹਾਂ ਦੀ ਹਾਲਤ ਨਹੀਂ ਸੁਧਰ ਸਕਦੀ। ਚਾਹੇ ਫਰੀਦਕੋਟ ਨਵਾਂ ਮੈਡੀਕਲ ਕਾਲਜ ਖੁਲ੍ਹਦਾ ਹੈ ਜਾਂ ਲੁਧਿਆਣੇ ਖੁਲ੍ਹਦਾ ਹੈ ਗੌਰਮਿੰਟ ਉਸ ਨੂੰ ਆਪਣੇ ਕਬਜ਼ੇ ਵਿਚ ਲਵੇ ਔਰ ਆਪਣੇ ਕਬਜ਼ੇ ਵਿਚ ਲੈ ਕੇ ਬਜਾਏ ਇਸ ਦੇ ਕਿ ਉਸਨੂੰ ਗਰਾਂਟਾਂ ਆਦਿ ਦੀ ਸ਼ਕਲ ਵਿਚ ਉਸ ਦੀ ਮੱਦਦ ਕਰੇ ਉਸ ਉਪਰ ਸਿੱਧਾ ਆਪਣਾ ਕੰਟਰੋਲ ਕਰੇ। ਇਸ ਲਈ ਸਰਕਾਰ ਵਾਸਤੇ ਇਹ ਕੰਮ ਜ਼ਰੂਰੀ ਕਰਨ ਵਾਲਾ ਹੈ। ਉਨ੍ਹਾਂ ਪ੍ਰਾਈਵੇਟ ਕਾਲਜਾਂ ਵਿਚ ਫਿਰਕਾਪਰਸਤੀ ਫੈਲੀ ਹੋਈ ਹੈ। ਅਸੀਂ ਸੈਕੂਲਰ ਬਣੇ ਬੈਠੇ ਹਾਂ ਔਰ ਜ਼ਾਤ ਪਾਤ ਦੇ ਖਿਲਾਫ ਹਾਂ ਪਰ ਮਾਲ੍ਹਪੁਰ ਕਾਲਜ ਦੇ ਵਿਚ ਕੀ ਹੋ ਰਿਹਾ ਹੈ। ਜਿਹੜੇ ਫਿਰਕੂ ਕਾਲਜ ਹਨ ਉਨ੍ਹਾਂ ਵਿਚ ਲੜਕੇ ਲੜਕੀਆਂ ਦੀ ਸ਼ਾਦੀ ਤੇ ਵੀ ਪਾਬੰਦੀ ਹੈ। ਅਸੀਂ ਹੁਣ ਪਿੱਛੇ ਨੂੰ ਮੁੜ ਰਹੇ ਹਾਂ। ਜਿਵੇਂ ਇਥੇ ਸੁਲਤਾਨ ਪੁਰ ਲੋਧੀ ਦਾ ਜ਼ਿਕਰ ਆਇਆ ਹੈ। ਉਥੇ ਸਰਦਾਰ ਆਤਮਾ ਸਿੰਘ ਉਸ ਕਾਲਜ ਦਾ ਪ੍ਰੈਜ਼ੀਡੈਂਟ ਹੈ ਔਰ ਉਸ ਦਾ ਜਵਾਈ ਕਾਲਜ ਦਾ ਪ੍ਰਿੰਸੀਪਲ ਹੈ। ਇਸ ਵਾਸਤੇ ਅਸ਼ਾਂਤੀ ਫੈਲੀ ਹੋਈ ਹੈ। ਮੈਂ ਸਮਝਦਾ ਹਾਂ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਕਾਲਜਾਂ ਨੂੰ ਨੈਸ਼ਨੇਲਾਈਜ਼ ਕਰੇ। ਜਿਤਨਾ ਰੁਪਿਆ ਸਰਕਾਰ ਇਨ੍ਹਾਂ ਨੂੰ ਦਿੰਦੀ ਹੈ ਉਸ ਤੋਂ ਘੱਟ ਪੈਸੇ ਨਾਲ ਹੀ ਸਰਕਾਰ ਉਨ੍ਹਾਂ ਕਾਲਜਾਂ ਨੂੰ ਚਲਾ ਸਕਦੀ ਹੈ। ਇਸ ਦੇ ਨਾਲ ਫਿਰਕਾਪਰਸਤੀ ਵੀ ਖਤਮ ਹੋ ਜਾਵੇਗੀ।

ਸਪੀਕਰ ਸਾਹਿਬ, ਗੌਰਮਿੰਟ ਕਹਿੰਦੀ ਹੈ ਕਿ ਅਸੀਂ ਕਣਕ ਦਾ ਕੰਟਰੋਲ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਤੋਂ ਕੰਟਰੋਲ ਨਹੀਂ ਹੋਇਆ। ਅੱਜ ਕਣਕ 125-126 ਰੁਪਏ ਵਿਕ ਰਹੀ ਹੈ। ਸਰਦਾਰ ਗੁਰਨਾਮ ਸਿੰਘ ਜੀ ਦੇ ਵੇਲੇ 76 ਰੁਪਏ ਕਣਕ ਲਈ ਸੀ ਔਰ ਉਹ ਸਾਰਾ ਸਾਲ ਮਹਿੰਗੀ ਨਹੀਂ ਸੀ ਹੋਈ (ਵਿਰੋਧੀ ਬੈਂਚਾਂ ਵਲੋਂ ਤਾੜੀਆਂ) ਪਰ ਇਨ੍ਹਾਂ ਨੇ 76 ਰੁਪਏ ਕਣਕ ਲਈ ਹੈ ਔਰ ਹੁਣ 126 ਰੁਪਏ ਵਿਕ ਰਹੀ ਹੈ। ਅਸੀਂ ਉਸ ਵੇਲੇ ਵੀ ਇਨ੍ਹਾਂ ਨੂੰ ਕਿਹਾ ਸੀ ਕਿ ਜਿਹੜੇ ਇਨ੍ਹਾਂ ਨੇ ਚੋਰ ਮਘੋਰੇ ਰਖੇ ਹਨ ਉਨ੍ਹਾਂ ਨੂੰ ਬੰਦ ਕਰ ਦਿਓ, ਉਨ੍ਹਾਂ ਤੇ ਪਾਬੰਦੀ ਲਗਾ ਦਿਓ। ਇਹ ਪਾਬੰਦੀ ਲਗਾ ਦਿਓ ਕਿ ਕੋਈ ਵੀ ਜਾਗੀਰਦਾਰ ਕਣਕ ਨਾ ਰਖ ਸਕੇ। ਪੰਜਾਬ ਦਾ ਜਾਗੀਰਦਾਰ ਅੱਜ ਦੋ ਦੋ ਲੱਖ ਮਣ ਕਣਕ ਘਰ ਰਖ ਲੈਂਦਾ ਹੈ। ਕੋਈ ਉਨ੍ਹਾਂ ਉਪਰ ਪਾਬੰਦੀ ਨਹੀਂ ਹੈ। ਇਨ੍ਹਾਂ ਨੇ ਇਹ ਚੋਰ-ਮਘੋਰੇ ਰਖੇ ਹੋਏ ਹਨ। ਇਸ ਵਾਸਤੇ ਜਿਹੜੇ ਗਰੀਬ ਕਿਸਾਨ ਹਨ ਉਹ ਲੁੱਟੇ ਗਏ ਹਨ ਔਰ ਜਿਹੜੇ ਅਮੀਰ ਕਿਸਾਨ ਹਨ ਉਹ ਖੱਟ ਗਏ ਹਨ। ਅੱਜ ਕਣਕ ਕੀ ਭਾਅ ਵਿਕ ਰਹੀ ਹੈ ਤੁਸੀਂ ਸਾਰੇ ਹੀ ਜਾਣਦੇ ਹੋ। ਸਾਡੇ ਦੇਸ਼ ਦਾ ਕੀ ਬਣੇਗਾ ?

ਫਿਰ, ਸਪੀਕਰ ਸਾਹਿਬ, ਇਨ੍ਹਾਂ ਨੇ ਚੌਲਾਂ ਤੇ ਕੰਟਰੋਲ ਕੀਤਾ ਸੀ। ਇਨ੍ਹਾਂ ਨੇ ਕਿਹਾ ਸੀ ਕਿ ਸਾਡੀ ਸਰਕਾਰ ਚੌਲ ਖਰੀਦੇਗੀ ਪਰ ਨਤੀਜਾ ਇਹ ਨਿਕਲਿਆ ਕਿ ਜਿਸ ਵੇਲੇ ਸ਼ੈਲਰਾਂ ਵਾਲਿਆਂ ਨੇ ਇਨ੍ਹਾਂ ਤੇ ਪ੍ਰੈਸ਼ਰ ਪਾਇਆ ਤਾਂ ਇਨ੍ਹਾਂ ਨੇ ਚੌਲਾਂ ਦਾ ਵਪਾਰ ਛੱਡ ਦਿਤਾ। ਇਹ ਪਿੱਛੇ ਨੂੰ ਬੈਕ ਮਾਰ ਗਏ। (ਥੰਪਿੰਗ) ਇਸ ਵਾਸਤੇ ਸਰਕਾਰ ਨੂੰ ਚਾਹੀਦਾ ਹੈ ਕਿ ਚਾਹੇ ਮੋਟਾ ਅਨਾਜ ਹੈ ਜਾਂ ਦੂਜਾ, ਚਾਹੇ ਜੋ ਵੀ ਪੈਦਾ ਹੁੰਦਾ ਹੈ, ਚਾਹੇ ਕਣਕ ਹੈ ਜਾਂ ਚੌਲ ਹੈ, ਸਾਰੇ ਹੀ ਅਨਾਜ ਦਾ ਵਪਾਰ ਆਪਣੇ ਹੱਥ ਵਿਚ ਲਵੇ ਤਾਕਿ ਗਰੀਬ ਲੋਕਾਂ ਨੂੰ ਅਨਾਜ ਸਸਤੇ ਭਾਅ ਤੇ ਮਿਲ ਸਕੇ। ਉਹ ਘੱਟ ਤੋਂ ਘੱਟ ਰੋਟੀ ਤਾਂ ਖਾ ਸਕਣ।

ਇਸੇ ਤਰ੍ਹਾਂ ਹੀ ਕੁਰੱਪਸ਼ਨ ਵਧੀ ਹੈ। ਇਹ ਹਰ ਖੇਤਰ ਵਿਚ ਵਧੀ ਹੈ। ਅਸੀਂ ਕਿਸੇ ਖੇਤਰ ਵਿਚ ਇਹ ਨਹੀਂ ਕਹਿ ਸਕਦੇ ਕਿ ਕੁਰੱਪਸ਼ਨ ਘਟੀ ਹੈ। ਅੱਜ ਇਨ੍ਹਾਂ ਪਾਸ ਕੁਰੱਪਸ਼ਨ ਦੇ ਕੇਸ ਹਰ ਰੋਜ਼ ਆਉਂਦੇ ਹਨ। ਕਰੱਪਸ਼ਨ ਕਿਉਂ ਵਧੀ ਹੈ, ਇਸ ਦਾ ਕੀ ਕਾਰਣ ਹੈ? ਅੰਮ੍ਰਿਤਸਰ ਵਿਚ ਬਨਾਸਪਤੀ ਘਿਓ ਫੜਿਆ ਗਿਆ।

ਉਥੇ ਗਰੀਸ ਮਿਲਾਉਣ ਦੀ ਮਸ਼ੀਨਰੀ ਫੜੀ ਗਈ ਪਰ ਅੱਜ ਜਿਹੜਾ ਵਪਾਰ ਮੰਡਲ ਦਾ ਪ੍ਰਧਾਨ ਹੈ ਉਹ ਕਿਉਂ ਡੀਗਾਂ ਮਾਰਦਾ ਹੈ, ਉਹ ਕਿਉਂ ਕਹਿੰਦਾ ਹੈ ਕਿ ਜੇਕਰ ਤੁਸੀਂ ਜਿਹੜੇ ਆਦਮੀ ਫੜੇ ਹਨ ਉਹ ਨਾ ਛੱਡੇ ਤਾਂ ਅਸੀਂ ਹੜਤਾਲ ਕਰ ਦਿਆਂਗੇ ? ਇਹ ਇਸ ਤਰ੍ਹਾਂ ਕਿਉਂ ਹੋ ਰਿਹਾ ਹੈ ਕਿਉਂਕਿ ਸਰਕਾਰ ਦਾ ਸਟੈਂਡ ਪੱਕਾ ਨਹੀਂ ਹੈ। ਮੈਂ ਸਮਝਦਾ ਹਾਂ ਕਿ ਉਹ ਲੋਕ ਸਾਡੇ ਦੇਸ਼ ਦੀ ਆਮਦਨ ਤੋਂ ਨਾਜਾਇਜ਼ ਫਾਇਦਾ ਉਠਾਉਣਾ ਚਾਹੁੰਦੇ ਹਨ।

ਹੁਣ ਮੈਂ ਕਾਲੇ ਬਾਜ਼ਾਰ ਦੀ ਗੱਲ ਕਰਨਾ ਚਾਹੁੰਦਾ ਹਾਂ। ਇਸ ਵੇਲੇ ਨੋਟਾਂ ਦਾ ਫੈਲਾਓ ਬਹੁਤ ਵੱਧ ਚੁਕਿਆ ਹੈ। ਇਸ ਬਾਰੇ ਸਾਡੀ ਅਸੈਂਬਲੀ, ਸਾਡੀ ਸਰਕਾਰ ਸੈਂਟਰ ਦੀ ਸਰਕਾਰ ਨੂੰ ਇਹ ਸਿਫਾਰਸ਼ ਕਰੇ ਕਿ 100 ਰੁਪਏ ਤੋਂ ਉਪਰਲੇ ਨੋਟ ਰੱਦ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਇਹ ਕਾਲੇ ਬਾਜ਼ਾਰ ਦਾ ਕੰਮ ਰੁਕ ਸਕੇ। ਇਸ ਦੇ ਨਾਲ ਹੀ ਮੈਂ ਸਰਕਾਰ ਨੂੰ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਇਹ ਘਾਟੇ ਦਾ ਬਜਟ ਹਰ ਵਾਰੀ ਪੇਸ਼ ਕਰਦੀ ਹੈ, ਇਹ ਵੀ ਬੰਦ ਹੋਣਾ ਚਾਹੀਦਾ ਹੈ। ਹਰ ਸਾਲ 10-15 ਕਰੋੜ ਦਾ ਘਾਟਾ ਵਿਖਾਇਆ ਜਾਂਦਾ ਹੈ। ਇਹ ਸਰਕਾਰ ਕੀ ਕਰਦੀ ਹੈ ਕਿ ਇਨਡਾਇਰੈਕਟ ਟੈਕਸ ਗਰੀਬਾਂ ਤੇ ਲਗਾ ਦੇਂਦੀ ਹੈ। ਡਾਇਰੈਕਟ ਟੈਕਸ ਧਨੀ ਲੋਕਾਂ ਤੇ ਕਿਉਂ ਨਹੀਂ ਲਗਾਇਆ ਜਾਂਦਾ ? ਉਨ੍ਹਾਂ ਤੇ ਇਹ ਟੈਕਸ ਲੱਗਣਾ ਚਾਹੀਦਾ ਹੈ, ਉਨ੍ਹਾਂ ਨੂੰ ਸਰਕਾਰ ਕੁਝ ਨਹੀਂ ਕਹਿਣਾ ਚਾਹੁੰਦੀ, ਇਹ ਗੱਲ ਠੀਕ ਨਹੀਂ ਹੈ।

ਮਾਲ ਮੰਤਰੀ: (ਸਰਦਾਰ ਉਮਰਾਓ ਸਿੰਘ)) : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਮੈਂ ਉਸ ਦਿਨ ਕਿਹਾ ਸੀ ਕਿ ਤੁਸੀਂ ਕਿਸੇ ਡਿਪਾਰਟਮੈਂਟ ਤੋਂ ਵੀ ਬੰਦੇ ਡੈਪੂਟੇਸ਼ਨ ਤੇ ਲਿਆ ਸਕਦੇ ਹੋ । ਪੰਜਾਬ ਵਿਚ ਕੋਈ ਸੀ. ਆਈ. ਡੀ. ਦਾ ਕੇਡਰ ਨਹੀਂ ਹੈ । ਸੀ. ਆਈ. ਡੀ. ਵਿਚ ਜਿਹੜੇ ਕੰਮ ਕਰਦੇ ਹਨ, ਉਹ ਪੁਲਿਸ ਜਾਂ ਹੋਰ ਕਿਸੇ ਡਿਪਾਰਟਮੈਂਟ ਵਿਚੋਂ ਲਏ ਜਾਂਦੇ ਹਨ, ਉਹ ਫਰਦਰ ਡੈਪੂਟੇਸ਼ਨ ਤੇ ਨਹੀਂ ਜਾ ਸਕਦੇ ਕਿਉਂਕਿ ਉਹ ਪਹਿਲਾਂ ਹੀ ਪੁਲਿਸ ਜਾਂ ਪੀ. ਏ. ਪੀ. ਵਿਚੋਂ ਡੈਪੂਟੇਸ਼ਨ ਤੇ ਹੁੰਦੇ ਹਨ । ਇਸ ਬਾਰੇ ਅਖਬਾਰਾਂ ਵਿਚ ਖਬਰਾਂ ਛਪੀਆਂ ਜਿਨ੍ਹਾਂ ਨੂੰ ਤੁਸੀਂ ਵੀ ਪਸੰਦ ਨਹੀਂ ਕੀਤਾ ਕਿ ਤੁਸੀਂ ਸੀ. ਆਈ. ਡੀ. ਦੇ ਬੰਦੇ ਮੰਨ ਲਏ ਹਨ । ਸੀ. ਆਈ. ਡੀ. ਵਿਚ ਕੋਈ ਕਰਮਚਾਰੀ ਭਰਤੀ ਨਹੀਂ ਹੁੰਦਾ ਨਾ ਹੀ ਉਨ੍ਹਾਂ ਦਾ ਕੋਈ ਆਪਣਾ ਕੇਡਰ ਹੈ । ਸੀ. ਆਈ. ਡੀ. ਵਿਚ ਪੁਲਿਸ ਜਾਂ ਪੀ. ਏ. ਪੀ. ਵਿਚੋਂ ਡੈਪੂਟੇਸ਼ਨ ਤੇ ਜਾਂਦੇ ਹਨ । ਇਸ ਲਈ ਇਨ੍ਹਾਂ ਦੇ ਡੈਪੂਟੇਸ਼ਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਗਵਰਨਰ ਸਾਹਿਬ ਦੀ ਡਿਗਨਟੀ ਨੂੰ ਮੇਨਟੇਨ ਕਰਨ ਵਾਸਤੇ ਜੇ ਤੁਸੀਂ ਆਈ. ਏ. ਐਸ. ਦੇ ਅਫਸਰਾਂ ਨੂੰ ਵਾਚ ਐਂਡ ਵਾਰਡ ਦੇ ਤੌਰ ਤੇ ਲਾ ਦੇਵੋ, ਤਾਂ ਸਾਨੂੰ ਕੋਈ ਇਤਰਾਜ਼ ਨਹੀਂ । ਇਸ ਗੱਲ ਦਾ ਇਤਰਾਜ਼ ਹੈ ਕਿ ਪੁਲਿਸ ਡਿਪਾਰਟਮੈਂਟ ਵਿਚ ਇਕ ਸੀ. ਆਈ. ਡੀ. ਸੈਕਸ਼ਨ ਹੈ । ਸਾਰਾ ਸੀ. ਆਈ. ਡੀ. ਦਾ ਡਿਪਾਰਟਮੈਂਟ ਡੈਪੂਟੇਸ਼ਨ ਤੇ ਹੈ ਇਹ ਅਸੀਂ ਇਕ ਨਵੀਂ ਗੱਲ ਸੁਣੀ ਹੈ । ਸੀ. ਆਈ. ਡੀ. ਦੇ ਬੰਦੇ ਟਰੇਂਡ ਹੁੰਦੇ ਹਨ, ਉਨ੍ਹਾਂ ਨੂੰ ਪੂਰੀ ਟਰੇਨਿੰਗ ਦਿਤੀ ਜਾਂਦੀ ਹੈ । ਸਪੀਕਰ ਸਾਹਿਬ, ਇਹ ਗੱਲ ਚੰਗੀ ਨਹੀਂ ਹੈ ਕਿ ਸੀ. ਆਈ. ਡੀ. ਵਾਲੇ ਸਾਡਾ ਹਰ ਜਗਾ ਪਿੱਛਾ ਕਰਨ, ਅਸੀਂ ਕਿਤੇ ਵੀ ਚਲੇ ਜਾਈਏ, ਚੰਡੀਗੜ੍ਹ ਹੋਈਏ ਜਾਂ ਅੰਮ੍ਰਿਤਸਰ ਚਲੇ ਜਾਈਏ, ਸੀ. ਆਈ. ਡੀ. ਵਾਲੇ ਹਰ ਜਗ੍ਹਾ ਹੁੰਦੇ ਹਨ । ਇਹ ਤਾਂ ਗੱਲ ਹੋਈ ਬਾਹਰਲੀਆਂ ਜਗ੍ਹਾਂ ਦੀ, ਪਰ ਇਥੇ ਹਾਊਸ ਵਿਚ ਵੀ ਇਹ ਸਾਡੇ ਤੇ ਬਿਠਾ ਦਿਤੇ ਗਏ ਹਨ । ਇਹ ਸੀ. ਆਈ. ਡੀ.

[ਕਾਮਰੇਡ ਸੱਤ ਪਾਲ ਡਾਂਗ]

ਵਾਲੇ ਇਥੇ ਵਿਧਾਨ ਸਭਾ ਵਿਚ ਇਹ ਵੇਖਦੇ ਰਹਿੰਦੇ ਹਨ ਕਿ ਮੈਂਬਰਾਂ ਨੂੰ ਕਿਹੜੇ ਕਿਹੜੇ ਆਦਮੀ ਮਿਲਦੇ ਹਨ ਅਤੇ ਇਨ੍ਹਾਂ ਸਭ ਗੱਲਾਂ ਦੀਆਂ ਡਾਇਰੀਆਂ ਸਰਕਾਰ ਨੂੰ ਭੇਜਦੇ ਰਹਿੰਦੇ ਹਨ ।

ਸ੍ਰੀ ਸਪੀਕਰ : ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਹੈ । (There is nothing of this sort.)

ਕਾਮਰੇਡ ਸੱਤ ਪਾਲ ਡਾਂਗ : ਸਾਡੇ ਮੈਂਬਰਾਂ ਦੇ ਅਨਫੇਟਰਡ ਰਾਈਟ ਹਨ । ਇਥੇ ਸੀ. ਆਈ. ਡੀ. ਦੇ ਬੰਦੇ ਲਗਾ ਕੇ ਸਾਡਾ ਹਾਊਸ ਦਾ ਪ੍ਰਿਵਲੇਜ ਵੀ ਖੋਹ ਲਿਆ ਗਿਆ ਹੈ । ਤੁਸੀਂ ਵੀ ਮੇਰੇ ਪੁਆਇੰਟ ਦਾ ਜਵਾਬ ਨਹੀਂ ਦਿਤਾ ।

ਸ੍ਰੀ ਸਪੀਕਰ : ਆਨਰੇਬਲ ਮੈਂਬਰਜ਼ ਹਾਊਸ ਦੇ ਮਾਲਕ ਹਨ, ਉਨ੍ਹਾਂ ਤੇ ਕੋਈ ਸੀ. ਆਈ. ਡੀ. ਨਹੀਂ ਬਿਠਾਈ ਜਾ ਸਕਦੀ । (Hon. Members are the masters of this House. No C.I.D personnel can be appointed to check them.)

ਸਰਦਾਰ ਦਰਬਾਰਾ ਸਿੰਘ : * * *

ਸ੍ਰੀ ਸਪੀਕਰ : ਤੁਹਾਨੂੰ ਗਲਤ ਫਹਿਮੀ ਹੋਈ ਹੈ, ਤੁਹਾਨੂੰ ਇਹ ਕਿਸ ਤਰ੍ਹਾਂ ਗਲਤ ਫਹਿਮੀ ਹੋ ਗਈ ? (You are mistaken. How did you misunderstand it?)

ਸਰਦਾਰ ਦਰਬਾਰਾ ਸਿੰਘ * * * *

Mr. Speaker : This is an aspersion on the Chair . This should not be recorded. All the remarks of Sardar Darbara Singh should be expunged.

ਸਰਦਾਰ ਦਰਬਾਰਾ ਸਿੰਘ * * * * *

ਸ੍ਰੀ ਸਪੀਕਰ : ਜੋ ਕੁਝ ਸਰਦਾਰ ਦਰਬਾਰਾ ਸਿੰਘ ਕਹਿੰਦੇ ਹਨ, ਉਹ ਰਿਕਾਰਡ ਨਾ ਹੋਵੇ । (ਸ਼ੋਰ) (Whatever is being said by the hon. Member Sardar Darbara Singh should not be recorded.) (Noise)

ਸਰਦਾਰ ਦਰਬਾਰਾ ਸਿੰਘ : * * * *

ਸ੍ਰੀ ਸਪੀਕਰ : (ਸ਼ੋਰ) Please resume your seat. ਤੁਸੀਂ ਸਰਦਾਰ ਜੀ ਸਪੀਕਰ ਰਹੇ ਹੋ । ਬਹੁਤ ਵਾਰ ਤੁਸੀਂ ਕਾਰਵਾਈ ਐਕਸਪੰਜ ਕਰਵਾਈ ਹੈ, ਡੀਬੇਟ ਵਿਚੋਂ ਕਟਵਾਇਆ ਹੈ । ਅੱਜ ਮੈਨੂੰ ਰੂਲ ਪੁਛਦੇ ਹੋ ? (ਸ਼ੋਰ) (Please resume your seat. Sardar ji, you too have been the Speaker. You have got expunged such remarks from the Debate so many times. To-day you ask me the rules under which this is done.) (Noise)

ਸਰਦਾਰ ਸੁਰਜੀਤ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਇਥੇ ਸਰਦਾਰ ਉਮਰਾਓ ਸਿੰਘ ਨੇ ਇਕ ਬੜੀ ਵੱਡੀ ਗੱਲ ਕਲੀਅਰ ਕੀਤੀ ਕਿ ਸੀ. ਆਈ. ਡੀ. ਦਾ ਕੇਡਰ ਪੁਲਿਸ

*Not recorded/Expunged as ordered by the Chair.

ਵਿਚ ਕੋਈ ਵੱਖਰਾ ਨਹੀਂ । ਸੀ. ਆਈ. ਡੀ. ਡੈਪੂਟੇਸ਼ਨ ਤੇ ਬੁਲਾਈ ਗਈ ਹੈ । ਪਰ ਮੈਂ ਉਨ੍ਹਾਂ ਦੀ ਵਾਕਫੀਅਤ ਲਈ ਅਰਜ਼ ਕਰ ਦੇਵਾਂ ਕਿ ਸੀ. ਆਈ. ਡੀ., ਪੁਲਿਸ ਵਿਚੋਂ ਆਨ ਡੈਪੂਟੇਸ਼ਨ ਜਾਂਦੀ ਹੈ ਇਹ ਫਰਦਰ ਡੈਪੂਟੇਸ਼ਨ ਤੇ ਨਹੀਂ ਜਾਂਦੀ, ਹਾਊਸ ਨੂੰ ਉਨ੍ਹਾਂ ਨੇ ਇਸ ਲੀਗੈਲਟੀ ਤੋਂ ਮਿਸਲੀਡ ਕੀਤਾ ਹੈ, ਸੀ. ਆਈ. ਡੀ. ਡੈਪੂਟੇਸ਼ਨ ਤੇ ਆਈ ਹੋਈ ਫਰਦਰ ਡੈਪੂਟੇਸ਼ਨ ਤੇ ਨਹੀਂ ਜਾ ਸਕਦੀ ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਪੁਜੀਸ਼ਨ ਇਹ ਹੈ ਕਿ ਭਾਵੇਂ ਕੋਈ ਵੀ ਗੱਲ ਹੋਵੇ, ਪੁਰ ਅਮਨ ਹੋਵੇ ਜਾਂ ਨਾ ਸਾਨੂੰ ਜ਼ਰੂਰ ਵਿਚ ਲੈ ਲਿਆ ਜਾਂਦਾ ਹੈ ।

ਸ਼੍ਰੀ ਸਪੀਕਰ : ਐਸੀ ਕੋਈ ਗਲ ਨਹੀਂ । ਮੈਂ ਆਪੋਜ਼ੀਸ਼ਨ ਨੂੰ ਜ਼ਿਆਦਾ ਤੋਂ ਜ਼ਿਆਦਾ ਟਾਈਮ ਬੋਲਣ ਲਈ ਵੀ ਦੇਂਦਾ ਹਾਂ ਅਤੇ ਜਿਥੋਂ ਤੱਕ ਜਾਇਜ਼ ਮੰਗ ਦਾ ਸਵਾਲ ਹੁੰਦਾ ਹੈ ਉਹ ਵੀ ਮੰਨਦਾ ਹਾਂ । ਪਰ ਆਪੋਜ਼ੀਸ਼ਨ ਨੂੰ ਵੀ ਚਾਹੀਦਾ ਹੈ ਕਿ ਉਹ ਪ੍ਰਾਪਰਲੀ ਬੀਹੇਵ ਕਰੇ । (This is not the case. I allow maximum time to the opposition members to speak and accept their legitimate demands. It should also be obligatory for the opposition members to behave properly.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਤਾਂ ਇਹ ਹੈ ਕਿ ਪਹਿਲਾਂ ਮੈਨੂੰ ਦੋ ਮਿੰਟ ਕਿਰਪਾ ਕਰਕੇ ਸੁਣ ਲਓ । ਮੈਂ ਹਾਊਸ ਦੀ ਵਾਕਫੀਅਤ ਲਈ ਅਰਜ਼ ਕਰ ਦੇਵਾਂ ਕਿ ਅਕਾਲੀ ਦਲ ਦੇ ਲੀਡਰਜ਼ ਜਿਨ੍ਹਾਂ ਵਿਚ ਇਕ ਮੈਂ ਸੀ, ਸਰਦਾਰ ਸੁਰਜੀਤ ਸਿੰਘ ਅਤੇ ਸਰਦਾਰ ਪ੍ਰਕਾਸ਼ ਸਿੰਘ ਬਾਦਲ ਗਵਰਨਰ ਸਾਹਿਬ ਨੂੰ ਮਿਲੇ ਸੀ ਅਤੇ ਇਹ ਕਹਿ ਕੇ ਆਏ ਸੀ ਕਿ ਕਾਂਗਰਸ ਦੀਆਂ ਕਾਲੀਆਂ ਕਰਤੂਤਾਂ ਕਰਕੇ ਇਸ ਪੰਜਾਬ ਦੇ ਰਾਜ ਵਿਚ ਬਦਅਮਨੀ ਫੈਲ ਰਹੀ ਹੈ ।

ਸ਼੍ਰੀ ਸਪੀਕਰ : ਇਹ ਤਾਂ ਅਖਬਾਰ ਦੇ ਵਿਚ ਖਬਰ ਆ ਗਈ ਸੀ । (This news was published in the newspaper.)

ਸਰਦਾਰ ਅਜਾਇਬ ਸਿੰਘ ਸੰਧੂ : ** **

ਸ਼੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is not a point of order.)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਪਹਿਲਾਂ ਮੇਰੀ ਅਰਜ਼ ਤਾਂ ਸੁਣੋ । ਮੈਂ ਅਰਜ਼ ਕਰਾਂ ਕਿ ਇਹ ਗੱਲ ਮੈਂ ਬੜੇ ਅਦਬ ਨਾਲ ਕਹਿੰਦਾ ਹਾਂ ਕਿ ਅਸੀਂ ਹਾਊਸ ਦੇ ਵਿਚ ਭਰੋਸਾ ਦਿਵਾਇਆ ਹੈ ਕਿ ਤੁਹਾਡੇ ਅਪਮਾਨ ਦੇ ਵਿਚ ਕੋਈ ਗੱਲ ਨਹੀਂ ਕੀਤੀ ਜਾਵੇਗੀ । ਦੂਸਰੇ ਇਹ ਗੱਲ ਮੈਂ ਬੜੇ ਅਦਬ ਦੇ ਨਾਲ ਕਹਾਂਗਾ ਕਿ ਤੁਹਾਡੀ ਸੀ. ਆਈ. ਡੀ. ਤਾਂ ਉਹ ਹੈ ਜੋ ਆਖਰੀ ਵਕਤ ਤੱਕ ਸੰਤ ਬਘੇਲ ਸਿੰਘ ਦੇ ਮੁਤਾਲਿਕ ਕੋਈ ਖਬਰ ਨਹੀਂ ਦੇ ਸਕੀ । ਜੇ ਸਰਕਾਰ ਇਸ ਤਰ੍ਹਾਂ ਦੀ ਸੀ. ਆਈ. ਡੀ. ਰੱਖ ਕੇ ਹੀ ਚੱਲਣੀ ਹੈ ਤਾਂ ਯਕੀਨ ਰੱਖੋ ਇਹ ਸਰਕਾਰ ਨਹੀਂ ਚੱਲਣੀ ।

ਮਾਲ ਮੰਤਰੀ : ਸਪੀਕਰ ਸਾਹਿਬ, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਇਹ ਤਾਂ ਉਹ ਗੱਲਾਂ ਹਾਊਸ ਵਿਚ ਕਰ ਰਹੇ ਹਨ, ਜੋ ਰੋਜ਼ ਅਖਬਾਰਾਂ ਦੇ ਵਿਚ ਛਪਦੀਆਂ ਹਨ ।

**Expunged as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਬਾਹਰ ਤਾਂ ਸਾਡੇ ਤੇ ਡਾਂਗਾਂ ਪੈਂਦੀਆਂ ਹਨ, ਗੋਲੀਆਂ ਚਲਦੀਆਂ ਹਨ ਪਰ ਹਾਊਸ ਵਿਚ ਤਾਂ ਸਾਡੇ ਨਾਲ ਇਸ ਤਰ੍ਹਾਂ ਨਾ ਕਰੋ । ਜੇ ਅਸੀਂ ਕੋਈ ਲਫਜ਼ ਕਹਿ ਦੇਈਏ ਤਾਂ ਤੁਸੀਂ ਕਟਾਉਣੇ ਸ਼ੁਰੂ ਕਰ ਦੇਂਦੇ ਹੋ । ਮੇਰੀ ਇਹ ਅਰਜ਼ ਹੈ, ਸਪੀਕਰ ਸਾਹਿਬ, ਜਿਹੜੀ ਸੀ. ਆਈ. ਡੀ. ਤੁਸੀਂ ਕਹਿੰਦੇ ਹੋ ਕੀ ਉਹ ਵਿਧਾਨ ਸਭਾ ਦੇ ਰੋਲ ਵਿਚ ਦਰਜ ਕੀਤੀ ਹੋਈ ਹੈ ?

ਸ਼੍ਰੀ ਸਪੀਕਰ : ਜੀ ਹਾਂ, ਕੀਤੀ ਹੋਈ ਹੈ । ਉਹ ਸੀ. ਆਈ. ਡੀ. ਕੋਈ ਨਹੀਂ, ਉਹ ਤਾਂ ਗਵਰਨਮੈਂਟ ਤੋਂ ਵਾਚ ਐਂਡ ਵਾਰਡ ਦਾ ਕੰਮ ਕਰਨ ਵਾਲੇ ਬੰਦੇ ਲਏ ਹੋਏ ਹਨ ।
(Yes please. They are on the roll of Punjab Vidhan Sabha. They are Watch and Ward officials on deputation.)

ਸਰਦਾਰ ਅਜਾਇਬ ਸਿੰਘ ਸੰਧੂ : ਤਨਖਾਹ ਤੁਸੀਂ ਦੇਣੀ ਹੈ ਜਾਂ ਪੰਜਾਬ ਸਰਕਾਰ ਨੇ ?

ਸ਼੍ਰੀ ਸਪੀਕਰ : ਇਹ ਵਿਧਾਨ ਸਭਾ ਨੇ ਦੇਣੀ ਹੈ। ਇਹ ਤਾਂ ਤੁਹਾਡੀ ਹਿਫਾਜ਼ਤ ਵਾਸਤੇ ਹਨ ।
(They are to be paid from the Vidhan Sabha Budget and they are for your security.)

Mr. Speaker : There is another notice of a Privilege Motion, which has been given notice of by Comrade Arjan Singh Mastana, M.L.A. allegging that some individual misbehaved with him at the Police Station, Patti, in the presence of the S.H.O. who did not intervene.

I am sorry to note that an officer of the Government did not show due respect and courtesy to an hon. Member of this House. I am sending a copy of the notice as received from the Member, to the Chief Minister to get the Government version on the facts, as stated by the hon. Member. On receipt of a reply from the Chief Minister I will decide the issue and give my ruling later.

Mr. Speaker : Then there is another Privilege Motion. It has been given notice of by Comrade Raj Kumar, M.L.A. wherein he has alleged that in connection with a violent attack made on a certain individual, the hon., Member tried thrice to contact the S.H.O. Kalanaur, Police Station on the telephone, but the latter did not attend to the call though he was allegedly present.

I am sending a copy of the notice as received from the Member to the Chief Minister to get the Government version on the facts. On receipt of a reply from the Chief Minister, I will decide the issue and give my ruling later.

MOTION UNDER RULE 77

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਅੰਡਰ ਰੂਲ 77 ਮੇਰੇ ਵੱਲੋਂ ਅਤੇ ਡਾਂਗ ਸਾਹਿਬ ਵੱਲੋਂ ਕੁਝ ਨੋਟਿਸਿਜ਼ ਸਿੱਖ ਹੋਮ ਲੈਂਡ ਬਾਰੇ ਦਿੱਤੇ ਗਏ ਸਨ ਅਤੇ ਬੇਨਤੀ ਕੀਤੀ ਗਈ ਸੀ ਕਿ ਇਸ ਤਰ੍ਹਾਂ ਦੇ ਪੰਜਾਬ ਦੇ ਹਾਲਾਤ ਤੇ ਬਹਿਸ ਕਰਨ ਲਈ ਹਾਊਸ ਦਾ ਕੋਈ ਸਮਾਂ ਕੱਢਿਆ ਜਾਵੇ । ਇਸ ਤਰ੍ਹਾਂ ਦਾ ਇਕ ਨੋਟਿਸ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਵਲੋਂ ਵੀ ਦਿਤਾ ਗਿਆ ਸੀ, ਹਰਚੰਦ ਸਿੰਘ ਕਮੇਟੀ ਦੀਆਂ ਸਿਫਾਰਸ਼ਾਂ ਦਾ ਫਾਲੋ

ਅੱਪ ਕੀਤਾ ਜਾਏ । ਤੁਸੀਂ ਇਸ ਤਰ੍ਹਾਂ ਦੇ ਮਤੇ ਮੈਂਬਰਾਂ ਨੂੰ ਇਹ ਲਿਖ ਕੇ ਵਾਪਿਸ ਕਰ ਦਿੱਤੇ ਹਨ ਕਿ ਅੱਜ ਗਵਰਨਰ ਸਾਹਿਬ ਦੇ ਐਡਰੈਸ ਤੇ ਹੀ ਬਹਿਸ ਹੋ ਰਹੀ ਹੈ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਦਾ ਸਾਰਿਆਂ ਨੂੰ ਮੌਕਾ ਮਿਲ ਸਕਦਾ ਹੈ । ਪਰ, ਸਪੀਕਰ ਸਾਹਿਬ, ਹੁਣ ਤੱਕ ਦੀ ਇਹ ਰਵਾਇਤ ਰਹੀ ਹੈ ਕਿ ਰੂਲ 77 ਅਧੀਨ ਦਿੱਤੇ ਨੋਟਿਸ ਨੂੰ ਸਪੀਕਰ ਰੱਦ ਨਹੀਂ ਕਰਦਾ । (ਸ਼ੋਰ) ਤੁਸੀਂ ਸੁਣ ਤਾਂ ਲਵੋ । ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਜਾਂਦਾ ਹੈ, ਉਹ ਰਿਜੈਕਟ ਕਰੇ ਜਾਂ ਅਕਸੈਪਟ ਕਰੇ ਫੇਰ ਉਹ ਮਾਮਲਾ ਹਾਊਸ ਅੱਗੇ ਆਏਗਾ (ਵਿਘਨ) ਮੈਂ ਦਸ ਸਾਲਾਂ ਤੋਂ ਇਸ ਹਾਊਸ ਦਾ ਮੈਂਬਰ ਚਲਿਆ ਆ ਰਿਹਾ ਹਾਂ । ਪਹਿਲੇ ਸਪੀਕਰ ਸਾਹਿਬਾਨ ਦੀਆਂ ਰੂਲਿੰਗਜ਼ ਕੱਢਾ ਕੇ ਵੇਖ ਲਵੋ ਅੰਡਰ ਰੂਲ 67 ਰਿਜੈਕਟ ਨਹੀਂ ਕੀਤਾ ਜਾ ਸਕਦਾ ਹੈ । ਜਿਸ ਤਰ੍ਹਾਂ ਤੁਸੀਂ ਕੀਤਾ ਹੈ, ਇਸ ਮਾਮਲੇ ਨੂੰ ਰੀਕੰਸਿਡਰ ਕਰੋ ਅਤੇ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੇ ਹਵਾਲੇ ਕਰੋ ਤਾਂ ਫੇਰ ਉਥੇ ਇਸ ਗੱਲ ਦਾ ਫੈਸਲਾ ਹੋ ਸਕਦਾ ਹੈ ਕਿ ਆਇਆ ਇਹ ਚੀਜ਼ ਰੱਖਣੀ ਹੈ ਜਾਂ ਨਹੀਂ । (ਵਿਘਨ)

ਸ੍ਰੀ ਸਪੀਕਰ : ਤੁਹਾਡੀ ਗੱਲ ਮੰਨ ਲਈ ਜਾਂਦੀ ਹੈ ਔਰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਇਸ ਤੇ ਗੌਰ ਕਰ ਲਵੇਗੀ । (I agree with you and the matter will be considered by the Business Advisory Committee.)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਥਰਮਲ ਪਲਾਂਟ ਵਿਚ ਲਾਠੀ ਚਾਰਜ ਹੋਇਆ ਹੈ । ਉਸ ਬਾਰੇ ਮੈਂ ਮਤਾ ਦਿੱਤਾ ਸੀ । ਉਸ ਦਾ ਕੀ ਹੋਇਆ ਹੈ । (ਵਿਘਨ)

ਸ੍ਰੀ ਸਪੀਕਰ : ਤੁਸੀਂ ਚੈਂਬਰ ਵਿਚ ਆ ਜਾਣਾ ਗੱਲ ਕਰ ਲਵਾਂਗੇ । (Please come to my Chamber; we will discuss the matter there.)

ADJORNMENT MOTIONS

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਐਡਜਰਨਮੈਂਟ ਮੋਸ਼ਨ ਦਿੱਤੀ ਸੀ (ਸ਼ੋਰ) ਹਰਚੰਦ ਸਿੰਘ ਕਮੇਟੀ ਦੀ ਰਿਪੋਟ ਨੂੰ 9 ਮਹੀਨੇ ਹੋ ਗਏ ਹਨ (ਹਾਸਾ) ਕਮੇਟੀ ਨੇ ਬੜੀਆਂ ਸਿਫਾਰਸ਼ਾਂ ਕੀਤੀਆਂ ਸਨ, ਯੂਨੈਨੀਮਸਲੀ ਕੀਤੀਆਂ ਸਨ ਪਰ ਹੁਣ ਤੱਕ ਉਸ ਤੇ ਕੋਈ ਐਕਸ਼ਨ ਨਹੀਂ ਹੋਇਆ ਹੈ । (ਵਿਘਨ)

ਸ੍ਰੀ ਸਪੀਕਰ : ਅਜੇ ਦਸਵਾਂ ਮਹੀਨਾ ਤਾਂ ਹੋ ਲੈਣ ਦਿਓ । (ਵਿਘਨ) (Let the tenth month pass too.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਮੈਂ ਉਸ ਨੂੰ ਮਾਰਨਾ ਨਹੀਂ ਚਾਹੁੰਦਾ ਅਤੇ ਮੈਂ ਉਸ ਨੂੰ ਜੀਉਂਦਾ ਰੱਖਣਾ ਚਾਹੁੰਦਾ ਹਾਂ । ਜਿਹੜੇ ਅਫ਼ਸਰਾਂ ਨੂੰ ਸਜ਼ਾਵਾਂ ਦੇਣੀਆਂ ਸੀ ਉਹ ਸਸਪੈਂਡ ਹੋਏ ਔਰ ਮੁੜ ਕੇ ਬਹਾਲ ਹੋ ਗਏ । ਤੁਸੀਂ ਫਰਮਾਇਆ ਹੈ ਕਿ ਗਵਰਨਰ ਐਡਰੈਸ ਤੇ ਅਤੇ ਬਜੱਟ ਦੇ ਵੇਲੇ ਡਿਸਕਸ਼ਨ ਕਰ ਲਵੋ । (ਵਿਘਨ) ਇਹ ਐਨਾ ਇੰਪਾਰਟੈਂਟ ਮਸਲਾ ਹੈ, ਇਸ ਤੇ ਕਦੋਂ ਵਿਚਾਰ ਹੋਵੇਗਾ ? (ਵਿਘਨ)

ਸ੍ਰੀ ਸਪੀਕਰ : ਤੁਸੀਂ ਬਹੁਤ ਕੁਝ ਕਹਿ ਲਿਆ ਹੈ ਇਕ ਮਹੀਨਾ ਹੋਰ ਇੰਤਜ਼ਾਰ ਕਰ ਲਓ । (You have said enough, please wait for another month.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਇਹਨੂੰ ਕਾਲ ਅਟੈਨਸ਼ਨ ਹੀ ਬਣਾ ਦਿਓ । (ਵਿਘਨ)

ਸ੍ਰੀ ਸਪੀਕਰ : ਮੁੜ ਕੇ ਨੋਟਿਸ ਦੇ ਦਿਓ, ਦੇਖ ਲਵਾਂਗੇ । Please send a fresh notice and I will reconsider it.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਆਨ ਏ ਪੁਆਇੰਟ ਆਫ ਆਰਡਰ, ਸਰ। ਜਗਰਾਓਂ ਫਾਇਰਿੰਗ ਹੋਈ ਜਿਸ ਨਾਲ ਇਕ ਬੰਦਾ ਮਾਰਿਆ ਗਿਆ ਹੈ। ਉਹ ਵਿਚਾਰਾ ਡੀਜ਼ਲ ਲੈਣ ਗਿਆ ਸੀ।

ਸ੍ਰੀ ਸਪੀਕਰ : ਮੈਂ ਉਸ ਵਿਸ਼ੇ ਤੇ ਕਾਲ ਅਟੈਨਸ਼ਨ ਅਜ ਐਡਮਿਟ ਕਰ ਲਈ ਹੈ। ਉਹ ਜਵਾਬ ਚੀਫ ਮਨਿਸਟਰ ਸਾਹਿਬ ਦੇ ਦੇਣਗੇ। (I have admitted a Call Attention Notice on that subject. The Chief Minister will give reply to it.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਤੁਸੀਂ ਕਿਹਾ ਹੈ ਕਿ ਕਾਲ ਅਟੈਨਸ਼ਨ ਨੰ: 51 ਐਡਮਿਟ ਹੋ ਗਈ ਹੈ। ਕਾਨੂੰਨ ਵਿਚ 14 ਐਸੇ ਰੀਜ਼ਨਜ਼ ਦਿੱਤੇ ਹੋਏ ਹਨ ਜਿਨ੍ਹਾਂ ਕਾਰਨ ਇਹ ਐਡਜਰਨਮੈਂਟ ਮੋਸ਼ਨ ਰਿਜੈਕਟ ਹੋ ਸਕਦੀ ਹੈ। ਪਰ ਉਹਦੇ ਵਿਚ ਤਾਂ ਇਹ ਨਹੀਂ ਆਉਂਦਾ (ਵਿਘਨ)

ਸ੍ਰੀ ਸਪੀਕਰ : ਬਜਟ ਸੈਸ਼ਨ ਦੇ ਦੌਰਾਨ ਇਹ ਇਕ ਪਰੈਸੀਡੈਂਟ ਹੈ (ਵਿਘਨ) This is based on precedent relating to the Budget Sessions.)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਰੀਜ਼ਨ ਇਹ ਦਿੱਤਾ ਹੈ। (ਵਿਘਨ)

ਸ੍ਰੀ ਸਪੀਕਰ : ਐਡਜਰਨਮੈਂਟ ਮੋਸ਼ਨ ਬਜਟ ਸੈਸ਼ਨ ਵਿਚ ਐਡਮਿਟ ਨਹੀਂ ਕੀਤੀ ਜਾਂਦੀ ਕਿਉਂਕਿ ਮੈਂਬਰਜ਼ ਕੋਲ ਕਾਫੀ ਟਾਈਮ ਹੁੰਦਾ ਹੈ। ਚੀਫ ਮਨਿਸਟਰ ਸਾਹਿਬ ਇਸ ਬਾਰੇ ਜਵਾਬ ਦੇ ਦੇਣਗੇ। (Adjournment Motions are not admitted during the Budget Session since there is sufficient time with the hon. Members to speak on important matters. The Chief Minister will give a reply to the points so raised.)

ਸਰਦਾਰ ਸੁਰਜੀਤ ਸਿੰਘ (ਬਰਨਾਲਾ): ਤੁਸੀਂ ਰੀਜਨ ਦਿੱਤਾ ਹੈ ਕਿ ਇਹ ਰਿਜੈਕਟ ਹੋ ਗਈ ਹੈ।

ਸ੍ਰੀ ਸਪੀਕਰ : ਇਹ ਮੈਨੂੰ ਭੇਜ ਦੇਣਾ, ਮੈਂ ਦੇਖ ਲਵਾਂਗਾ। (You may send it to me and I shall look into the matter.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਾਡੇ ਵਾਲੀ ਐਡਜਰਨਮੈਂਟ ਮੋਸ਼ਨ ਦਾ ਵਿਸ਼ੇਸ਼ ਮੰਤਵ ਇਹ ਹੈ ਕਿ ਪੰਜਾਬ ਸਰਕਾਰ ਦੇ ਟਰਾਂਸਪੋਰਟ ਮੰਤਰੀ ਸਰਦਾਰ ਦਿਲਬਾਗ ਸਿੰਘ ਡਾਲੇਕੇ, ਜਿਸ ਦਿਨ ਇਹ ਮਨਿਸਟਰ ਬਣੇ ਉਸ ਦਿਨ ਤੋਂ ਹੀ ਇਨ੍ਹਾਂ ਨੇ ਟਰਾਂਸਪੋਰਟ ਦਾ ਡੀ-ਨੈਸ਼ਨੇਲਾਈਜੇਸ਼ਨ ਦਾ ਪਰਾਪੇਗੰਡਾ ਸ਼ੁਰੂ ਕਰ ਦਿੱਤਾ ਹੈ। (ਵਿਘਨ) ਇਕ ਕਮੇਟੀ ਮੁਕੱਰਰ ਕੀਤੀ ਹੋਈ ਹੈ ਜੋ ਇਸ ਬਾਰੇ ਦੇਖ ਭਾਲ ਕਰ ਰਹੀ ਹੈ (ਵਿਘਨ) ਕਿ ਡੀ-ਨੈਸ਼ਨੇਲਾਈਜ਼ੇਸ਼ਨ ਕਰ ਦਿੱਤਾ ਜਾਏ। ਇਹ ਵਿਸ਼ੇਸ਼ ਮਸਲਾ ਹੈ। ਕਾਂਗਰਸ ਪਾਰਟੀ ਨੇ 1972 ਦੇ ਚੁਣਾਓ ਵਿਚ ਜੋ ਨੁਕਤੇ ਰੱਖੇ ਸਨ ਉਨ੍ਹਾਂ ਵਿਚ ਇਹ ਇਕ ਨੁਕਤਾ ਸੀ ਕਿ ਪੰਜਾਬ ਵਿਚ ਟਰਾਂਸਪੋਰਟ ਨੂੰ ਨੈਸ਼ਨੇਲਾਈਜ਼ ਕਰਾਂਗੇ (ਵਿਘਨ)

Mr. Speaker. Please resume your seat.

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਉਸ ਐਡਜਰਨਮੈਂਟ ਮੋਸ਼ਨ ਬਾਰੇ ਇਕ ਬੇਨਤੀ ਕਰਨੀ ਹੈ ਜਿਹੜੀ ਸਰਦਾਰ ਸੁਰਜੀਤ ਸਿੰਘ, ਮੇਰੇ ਵੱਲੋਂ ਅਤੇ ਸਰਦਾਰ ਬਸੰਤ ਸਿੰਘ ਖਾਲਸਾ (ਵਿਘਨ) ਵਲੋਂ ਸੀ ਔਰ ਜਗਰਾਓਂ ਫਾਇਰਿੰਗ ਵਿਚ ਇਕ ਹਰੀਜਨ ਬੰਦੇ ਦੇ ਮਾਰੇ ਜਾਣ ਬਾਰੇ ਸੀ (ਵਿਘਨ) ਇਹ ਇਸ ਕਰਕੇ ਰਿਜੈਕਟ ਕਰ ਦਿੱਤੀ ਕਿਉਂਕਿ ਕਾਲ ਅਟੈਨਸ਼ਨ ਨੰਬਰ 51 ਜਿਹੜੀ ਹੈ ਉਹ ਤੁਸੀਂ ਐਡਮਿਟ ਕਰ ਦਿੱਤੀ ਹੈ । ਲੇਕਿਨ ਜਨਾਬ ਮੈਂ 22 ਤਾਰੀਖ ਨੂੰ ਇਕ ਹੋਰ ਭੇਜੀ ਸੀ ਕਿ ਪੰਜਾਬ ਵਿਚ ਸੈਂਕੜੇ ਟਰੱਕਾਂ ਵਾਲੇ, ਟਰਾਲੀਆਂ ਵਾਲੇ ਜ਼ਿਮੀਂਦਾਰ ਜਾਂ ਕਿਸਾਨ ਸਾਰੇ ਇਕੱਲੇ ਇਕੱਲੇ ਪੈਟ੍ਰੋਲ ਪੰਪਾਂ ਤੇ ਖੜ੍ਹੇ ਹਨ ਪਰ ਉਨ੍ਹਾਂ ਨੂੰ ਡੀਜ਼ਲ ਨਹੀਂ ਮਿਲ ਰਿਹਾ । ਡੀਜ਼ਲ ਦੀ ਬਲੈਕ ਹੋ ਰਹੀ ਹੈ ਅਤੇ ਸਰਕਾਰ ਉਸ ਦਾ ਪ੍ਰਬੰਧ ਨਹੀਂ ਕਰ ਰਹੀ । ਜੇ ਉਹ ਸਰਕਾਰ ਕੋਲੋਂ ਡੀਜ਼ਲ ਮੰਗਦੇ ਹਨ ਤਾਂ ਸਰਕਾਰ ਉਨ੍ਹਾਂ ਨੂੰ ਗੋਲੀਆਂ ਦਿੰਦੀ ਹੈ । ਇਸ ਬਾਰੇ ਹਾਲੇ ਮੈਨੂੰ ਅਗੇਤੀ ਕਾਪੀ ਦਿੱਤੀ ਹੈ । ਅੱਜ ਇਹ ਇਥੇ ਆਉਣੀ ਚਾਹੀਦੀ ਸੀ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਐਡਮਿਟ ਕਰਕੇ ਮੈਨੂੰ ਹੁਕਮ ਹੋਣਾ ਚਾਹੀਦਾ ਸੀ ਕਿ it has been admitted ਪਰ ਹਾਲੇ ਤੱਕ ਅਗੇਤਰੀ ਕਾਪੀ ਆਈ ਹੈ । ਸਰਕਾਰ ਨਾਅਹਿਲੀਅਤ ਦਾ ਸਬੂਤ ਦੇ ਰਹੀ ਹੈ । ਉਸ ਗਰੀਬ ਹਰੀਜਨ ਮੁੰਡੇ ਨੂੰ ਮਾਰਿਆ ਗਿਆ ਹੈ । ਇਹ ਗਾਂਧੀ ਦੇ ਭਗਤਾਂ ਦੀ ਸਰਕਾਰ ਹੈ । ਇਨ੍ਹਾਂ ਦਾ ਕਾਲ ਚਿੱਠਾ ਨੰਗਾ ਹੁੰਦਾ ਸੀ, ਇਸ ਲਈ, ਜਨਾਬ, ਇਹ ਐਡਮਿਟ ਨਾ ਹੋਈ । ਬੜੀ ਮਾੜੀ ਗੱਲ ਹੈ । ਮੈਂ ਅਰਜ਼ ਕਰਨੀ ਚਾਹੁੰਦਾ ਹਾਂ, ਉਨ੍ਹਾਂ ਨੇ ਕਿਹਾ ਹੈ ਡੀਜ਼ਲ ਦਾ ਪਰਬੰਧ ਕਰਨ (ਵਿਘਨ)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਜੋ ਐਡਜਰਨਮੈਂਟ ਮੋਸ਼ਨਜ਼ ਤੇ ਪ੍ਰੈਸ ਕੀਤਾ ਜਾ ਰਿਹਾ ਹੈ, ਇਸ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਵੇਲੇ ਗਵਰਨਰ ਐਡਰੈਸ ਤੇ ਡਿਸਕਸ਼ਨ ਹੋ ਰਹੀ ਹੈ । ਇਸ ਸਮੇਂ ਜੋ ਮੈਂਬਰ ਸਾਹਿਬਾਨ ਚਾਹੁਣ, ਕਹਿ ਸਕਦੇ ਹਨ ਅਤੇ ਉਸ ਦਾ ਚੀਫ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ । ਜੇ ਮੈਂਬਰ ਸਾਹਿਬ ਚਾਹੁਣ ਕਿ ਅਜ ਦਾ ਦਿਨ ਰੌਲੇ ਗੌਲੇ ਵਿਚ ਹੀ ਲਾ ਦਿੱਤਾ ਜਾਵੇ ਤਾਂ ਕਲ੍ਹ ਇਨ੍ਹਾਂ ਨੇ ਹੀ ਕਹਿਣਾ ਹੈ ਕਿ ਵਕਤ ਨਹੀਂ ਮਿਲਦਾ । ਅਜ ਦਾ ਡੀਜ਼ਲ ਦਾ ਮਸਲਾ ਹੋ ਗਿਆ, ਜਗਰਾਓਂ ਦਾ ਕੇਸ ਹੋ ਗਿਆ, ਮੁੱਖ ਮੰਤਰੀ ਜੀ ਕੱਲ੍ਹ ਨੂੰ ਉਸ ਦਾ ਜਵਾਬ ਦੇਣਗੇ ਔਰ ਪੂਰੇ ਤਰੀਕੇ ਨਾਲ ਹਾਊਸ ਵਿਚ ਸਟੇਟਮੈਂਟ ਦਿੱਤੀ ਜਾਏਗੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਇਹ ਅੱਗੇ ਵੀ ਕਹੀ ਸੀ । ਜਿਹੜੀ ਗੱਲ ਤੁਸੀਂ ਫਰਮਾਉਂਦੇ ਹੋ ਕਿ ਬਜਟ ਸੈਸ਼ਨ ਵਿਚ ਐਡਜਰਨਮੈਟ ਮੋਸ਼ਨ ਨਹੀਂ ਆ ਸਕਦੀ, ਇਹ ਰੂਲ ਦੇ ਮੁਤਾਬਿਕ ਠੀਕ ਨਹੀਂ ਹੈ । ਲੋਕ ਸਭਾ ਵਿਚ ਇਹ ਆਉਂਦੀਆਂ ਹਨ, ਦੂਜੇ ਸੂਬਿਆਂ ਦੀਆਂ ਅਸੰਬਲੀਆਂ ਵਿਚ ਵੀ ਇਹ ਆਉਂਦੀਆਂ ਹਨ । ਵਾਕਿਆ ਜਿਹੜਾ ਜਗਰਾਓਂ ਹੋਇਆ ਹੈ ਕਿ ਉਥੇ ਗੋਲੀ ਚੱਲੀ ਹੈ ਇਸ ਗੱਲ ਲਈ ਕਿ ਕਿਸਾਨ ਡੀਜ਼ਲ ਮੰਗਦੇ ਸੀ, ਉਸ ਨਾਲ ਇਕ ਦੀ ਮੌਤ ਹੋਈ ਹੈ । ਜੇ ਨਿਰੇ ਰੂਲਜ਼ ਹੀ ਦੇਖਦੇ ਰਹੇ ਤਾਂ ਇਹ ਹਾਲਾਤ ਕਿਸ ਤਰ੍ਹਾਂ ਬੰਦ ਹੋਣਗੇ । ਜੇ ਗੰਭੀਰਤਾ ਨੂੰ ਦੇਖੋ ਤਾਂ ਗੁਜਰਾਤ ਵਿਚ ਬੜੀ ਠੋਸ ਮੈਜਾਰਿਟੀ ਦੇ ਬਾਵਜੂਦ ਚੀਫ਼ ਮਨਿਸਟਰ ਨੂੰ ਅਸਤੀਫਾ ਦੇਣਾ ਪਿਆ ਹੈ । ਨਿਰੇ ਰੂਲਜ਼ ਨਾ ਦੇਖੋ । ਜੋ ਜਗਰਾਓਂ ਦਾ ਵਾਕਿਆ ਹੈ ਉਹ ਬੜਾ ਸੀਰੀਅਸ ਕੇਸ ਹੈ । ਔਰ ਕੱਲ ਨੂੰ ਸਾਰੇ ਪੰਜਾਬ ਵਿਚ ਇਹ ਡੀਜ਼ਲ ਦੇ ਸਵਾਲ ਤੇ, ਫਰਟੇਲਾਈਜ਼ਰ ਦੇ ਸਵਾਲ ਤੇ, ਬਨਾਸਪਤੀ, ਕਪੜਾ, ਆਟਾ, ਇਨ੍ਹਾਂ ਚੀਜ਼ਾਂ ਦੇ ਸਵਾਲ ਤੇ ਇਹ ਚੀਜ਼ ਫੈਲ ਸਕਦੀ ਹੈ । ਜਗਰਾਓਂ ਦੇ ਵਾਕਿਆ ਤੇ ਅੱਜ ਚੀਫ ਮਨਿਸਟਰ ਸਾਹਿਬ ਬਿਆਨ ਦੇਣ ਕਿ ਜੁਡੀਸ਼ੀਅਲ ਇਨਕੁਆਇਰੀ ਕਰਾਉਣਗੇ ਜਾਂ ਇਸ ਲਈ ਕੋਈ ਸਪੈਸ਼ਲ ਟਾਈਮ ਮੁਕੱਰਰ ਕਰਕੇ ਇਸ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ ।

ਸ਼੍ਰੀ ਸਪੀਕਰ : ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਇਸ ਤੇ ਸੋਚ ਲਵਾਂਗੇ ਅਤੇ ਜੋ ਸਾਰਿਆਂ ਦੀ ਮਰਜ਼ੀ ਹੋਏਗੀ, ਉਸੇ ਤਰ੍ਹਾਂ ਕਰਾਂਗੇ । (The matter will be considered in the meeting of the Business Advisory Committee and we will proceed further according to the decisions of the Committe).

ਮਾਲ ਮੰਤਰੀ : ਜੋ ਡਾਂਗ ਸਾਹਿਬ ਨੇ ਕਿਹਾ ਹੈ ਇਹ ਹਕੀਕਤ ਦੇ ਉਲਟ ਹੈ । ਬਿਲਕੁਲ ਡੀਜ਼ਲ ਦਾ ਮਸਲਾ ਨਹੀਂ ਸੀ । ਪਹਿਲਾਂ ਇਸ਼ਤਿਹਾਰ ਕੱਢੇ ਗਏ । ਦਫਾ 144 ਲੱਗੀ ਹੈ । (ਵਿਘਨ) ਮੇਰੀ ਗੁਜ਼ਾਰਸ਼ ਇਹ ਹੈ ਕਿ ਜੋ ਡਾਂਗ ਸਾਹਿਬ ਕਹਿੰਦੇ ਹਨ ਉਸ ਦਾ ਮੈਂ ਹੁਣੇ ਹੀ ਜਵਾਬ ਦੇ ਸਕਦਾ ਹਾਂ (ਵਿਘਨ) ਇਸ ਦਾ ਕੱਲ੍ਹ ਨੂੰ ਮੁੱਖ ਮੰਤਰੀ ਜੀ ਜਵਾਬ ਦੇਣਗੇ । (ਸ਼ੋਰ) (ਵਿਘਨ)

ਸ਼੍ਰੀ ਸਪੀਕਰ : ਇਹ ਜਗਰਾਓਂ ਵਿਚ ਜੋ ਕੁਝ ਹੋਇਆ ਹੈ ਔਰ ਡੀਜ਼ਲ ਦੀ ਸ਼ਾਰਟੇਜ਼ ਦਾ ਜੋ ਮਸਲਾ ਪੰਜਾਬ ਵਿਚ ਹੈ, ਇਹ ਦੋਵੇਂ ਗੰਭੀਰ ਮਸਲੇ ਹਨ । ਇਸ ਬਾਰੇ ਜੋ ਇਥੇ ਬਹਿਸ ਹੋਵੇਗੀ ਉਸ ਦਾ ਕੱਲ੍ਹ ਨੂੰ ਚੀਫ ਮਨਿਸਟਰ ਸਾਹਿਬ ਜਵਾਬ ਦੇਣਗੇ (ਵਿਘਨ) ਹਾਊਸ ਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ, ਉਹ ਸੁਣ ਰਹੇ ਹਨ । (ਵਿਘਨ) (Whatever has happened at Jagraon and the question of shortage of diesel in the Punjab, both are serious matters. The Chief Minister will give a reply tomorrow to the points which may be raised here (*Interruption*). The House should rest assured in this behalf (*Interruption*). The Chief Minister is listening to all this discussion.)

Sardar Ajaib Singh Sandhu : On a point of order, Sir.

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਬੜੀ ਗੰਭੀਰ ਗੱਲ ਹੈ । (ਵਿਘਨ)

Mr. Speaker : I have called upon Sardar Ajaib Singh Sandhu.

Sardar Ajaib Singh Sandhu : Point of order, Sir (*Interruptions*).

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਪਿਛੇ ਜਿਹੇ ਲੈਜਿਸਲੇਟਰਜ਼ ਹੋਸਟਲ ਵਿਚ ਬੜਾ ਗੰਭੀਰ ਵਾਕਿਆ ਹੋਇਆ । ਉਸ ਦੇ ਵਿਚ ਦੋ ਤਿੰਨ ਪੁਲਿਸ ਦੇ ਅਫਸਰ ਇਨਵਾਲਵਡ ਹਨ । (ਵਿਘਨ) (ਸ਼ੋਰ) ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ** ** (ਵਿਘਨ) (ਸ਼ੋਰ)

Mr. Speaker : This is no point of order.

**Expunged as ordered by the Chair.

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਅਤੇ ਸਰਦਾਰ ਉਮਰਾਓ ਸਿੰਘ ਜੀ ਬੋਲਣ ਵਾਸਤੇ ਖੜ੍ਹੇ ਹੋਏ)

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਸੀਂ ਇਕੱਲੇ ਹੀ ਸਾਰੇ ਹਾਊਸ ਦਾ ਟਾਈਮ ਲਈ ਜਾਂਦੇ ਹੋ । (Sandhu Sahib you are appropriating the full time of the House.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, It is an aspersion on me. ਇਹ ਮੇਰੇ ਤੇ ਐਸਪਰਸ਼ਨ ਹੈ । ਇਸ ਲਈ ਪਹਿਲਾਂ ਇਹ ਲਫਜ਼ ਕਟਵਾਓ । ਜੇ ਤੁਹਾਡੇ ਖਿਲਾਫ ਕੁਝ ਕਿਹਾ ਜਾਵੇ ਤਾਂ ਤੁਸੀਂ ਵੀ ਕਟਵਾ ਦਿੰਦੇ ਹੋ । (ਵਿਘਨ) (ਸ਼ੋਰ)

ਸ੍ਰੀ ਸਪੀਕਰ : ਤੁਸੀਂ ਕਹੋ ਜੋ ਕਹਿਣਾ ਹੈ । (Please say whatever you like.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅੱਜ ਦੀ ਸ਼ਾਮ ਤੱਕ ਤਾਂ ਚੀਫ ਮਨਿਸਟਰ ਸਾਹਿਬ ਸੁਣਦੇ ਰਹਿਣਗੇ ਅਤੇ ਕੱਲ ਦੁਪਹਿਰ ਨੂੰ ਜਾ ਕੇ ਕਿਤੇ ਜਵਾਬ ਦੇਣਗੇ । ਇਸ ਦਾ ਮਤਲਬ ਇਹ ਹੋਇਆ ਕਿ ਇਨ੍ਹਾਂ ਨੂੰ ਕੱਲ ਰਾਤ ਨੂੰ ਪਤਾ ਲੱਗੇਗਾ ਕਿ ਡੀਜ਼ਲ ਦਾ ਕੋਈ ਮਸਲਾ ਸੀਰੀਅਸ ਹੈ । (ਵਿਘਨ) ਇਸ ਲਈ ਤੁਸੀਂ ਕਲ ਤਕ ਇਸ ਗੱਲ ਨੂੰ ਨਾ ਟਾਲੋ । ਚੀਫ ਮਨਿਸਟਰ ਇਥੇ ਬੈਠੇ ਹਨ ਉਹ ਕਿਤੇ ਕਲਕੱਤੇ ਜਾਂ ਜੰਤਰ ਮੰਤਰ ਨਹੀਂ ਬੈਠੇ ਹੋਏ । (ਹਾਸਾ) (ਵਿਘਨ) ਇਨ੍ਹਾਂ ਨੂੰ ਕਹੋ ਕਿ ਹੁਣ ਹੀ ਇਸ ਸਬੰਧੀ ਬਿਆਨ ਦੇਣ ਕਿ ਸਾਡੀ ਸਰਕਾਰ ਡੀਜ਼ਲ ਦੇ ਬਾਰੇ ਕੀ ਕਰ ਰਹੀ ਹੈ। ਡੀਜ਼ਲ ਪੰਪਾਂ ਤੇ ਲਾਈਨਾਂ ਲੱਗ ਰਹੀਆਂ ਹਨ । (ਵਿਘਨ)

** ** **

ਸ੍ਰੀ ਸਭਾਪਤੀ : ਇਹ ਜਿਹੜਾ ਆਖਰੀ ਫਿਕਰਾ ਹੈ ਇਹ ਐਕਸਪੰਜ ਕਰ ਦਿਤਾ ਜਾਵੇ । (The last sentence from the speech of the hon. Member should be expunged.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਤੁਹਾਨੂੰ ਨਹੀਂ ਕਿਹਾ ਮੈਂ ਸਰਕਾਰ ਨੂੰ ਕਿਹਾ ਹੈ ।

ਸਰਦਾਰ ਦਰਬਾਰਾ ਸਿੰਘ ** ** (ਵਿਘਨ)

*

Mr. Speaker : This is no point of order.

ਸਰਦਾਰ ਦਰਬਾਰਾ ਸਿੰਘ ** ** (ਵਿਘਨ)

Mr. Speaker : This is no point of order.

**Expunged as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਵਿਘਨ)

Mr. Speaker : This is no point of order.

ਸਰਦਾਰ ਦਰਬਾਰਾ ਸਿੰਘ : ਤੁਹਾਨੂੰ ਕੋਈ ਹੱਕ ਨਹੀਂ ਹੈ ਕਿ ਤੁਸੀਂ ਉਨ੍ਹਾਂ ਦੀਆਂ ਗੱਲਾਂ ਨੂੰ ਹਜ਼ਫ ਕਰੀ ਜਾਓ ।

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨਜ਼-ਕਾਮਰੇਡ ਰਾਜ ਕੁਮਾਰ ਜੀ । (Now the House will take up Call Attention Motions-Comrade Raj Kumar.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਿਹੜਾ ਵਾਕਿਆ ਲੈਜਿਸਲੇਟਰਜ਼ ਦੇ ਹੋਸਟਲ ਵਿਚ ਹੋਇਆ ਹੈ ਉਸ ਵਿਚ 3 ਪੁਲਿਸ ਅਫਸਰ ਇਨਵਾਲਵਡ ਹਨ ...... (ਵਿਘਨ)

ਸ੍ਰੀ ਸਪੀਕਰ : ਮੈਂ ਸੀ. ਐਮ. ਸਾਹਿਬ ਨੂੰ ਲਿਖ ਕੇ ਭੇਜ ਦਿੱਤਾ ਹੈ । ਇਹ ਉਨ੍ਹਾਂ ਦੇ ਨੋਟਿਸ ਵਿਚ ਹੈ । ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾ ਰਿਹਾ ਹੈ । ਇਸ ਬਾਰੇ ਸੀ. ਐਮ. ਸਾਹਿਬ ਆਪ ਦੱਸਣਗੇ । (I have already written to the Chief Minister. It is in his notice. Action is being taken against the officials concerned and the Chief Minister will give his reply with regard to it.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਦੱਸ ਦਿਓ ਕਿ ਕਿਹੜੇ ਰੂਲ ਦੇ ਹੇਠ ਸੀ. ਐਮ. ਪਾਬੰਦ ਹਨ ਕਿ ਇਹ ਜਿੰਨੇ ਵੀ ਇੰਪਾਰਟੈਂਟ ਮਸਲੇ ਹਨ ਉਨ੍ਹਾਂ ਦੇ ਉਤੇ ਉਹ ਬਿਆਨ ਦੇਣਗੇ ? ਜਿਸ ਦੇ ਬਾਰੇ ਉਨ੍ਹਾਂ ਦਾ ਦਿਲ ਕਰੇਗਾ ਉਹ ਬਿਆਨ ਦੇਣਗੇ ਅਤੇ ਜਿਸ ਬਾਰੇ ਉਨ੍ਹਾਂ ਦਾ ਦਿਲ ਨਹੀਂ ਕਰੇਗਾ ਉਸ ਬਾਰੇ ਉਹ ਬਿਆਨ ਨਹੀਂ ਦੇਣਗੇ । (ਵਿਘਨ) ਮੈਨੂੰ ਸਮਝ ਨਹੀਂ ਆਉਂਦੀ ਕਿ ਆਲਮਗੜ੍ਹ ਦਾ ਵਾਕਿਆ ਹੋਇਆ ਪਰ ਉਨ੍ਹਾਂ ਪੁਲਿਸ ਕਰਮਚਾਰੀਆਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋਇਆ । ਹੁਣ ਐਮ. ਐਲ. ਏਜ਼ ਹੋਸਟਲ ਵਿਚ ਜੋ ਵਾਕਿਆ ਹੋਇਆ ਉਸ ਬਾਰੇ ਵੀ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਨਹੀਂ ਹੋਇਆ । ਕੀ ਉਨ੍ਹਾਂ ਦੀ ਖੁਲ੍ਹੀ ਲਗਾਮ ਹੈ ਕਿ ਉਹ ਜੋ ਮਰਜ਼ੀ ਪਏ ਕਰਨ । (ਵਿਘਨ) ਇਹ ਠੀਕ ਨਹੀਂ ਕਿ ਜਿਸ ਬਾਰੇ ਸੀ. ਐਮ. ਦੀ ਮਰਜ਼ੀ ਹੋਵੇ ਜਵਾਬ ਦੇਣ ਅਤੇ ਜਿਸ ਬਾਰੇ ਮਰਜ਼ੀ ਹੋਵੇ ਨਾ ਜਵਾਬ ਦੇਣ। (ਵਿਘਨ) ਇਥੇ ਕੋਈ ਗੱਲ ਤੁਸੀਂ ਐਡਮਿਟ ਨਹੀਂ ਕਰਦੇ । ਗੋਲੀ ਚਲਦੀ ਹੈ ਅਤੇ ਉਸ ਬਾਰੇ ਕੋਈ ਚੀਜ਼ ਦਿੱਤੀ ਜਾਂਦੀ ਹੈ ਅਤੇ ਜੇ ਐਮ. ਐਲ. ਏਜ਼ ਹੋਸਟਲ ਵਿਚ ਜ਼ਬਰ ਜਨਾਹ ਹੋ ਜਾਵੇ ਤਾਂ ਤੁਸੀਂ ਕੋਈ ਚੀਜ਼ ਐਡਮਿਟ ਨਹੀਂ ਕਰਦੇ । ਤੁਸੀਂ ਕੀ ਕਰੋਗੇ ? (ਅਪੋਜ਼ੀਸ਼ਨ ਵੱਲੋਂ ਸ਼ੇਮ, ਸ਼ੇਮ ਦੇ ਨਾਹਰੇ) ।

ਗਿਆਨੀ ਅਰਜਨ ਸਿੰਘ ਲਿੱਟ : ਸਪੀਕਰ ਸਾਹਿਬ, ਜਗਰਾਓਂ ਵਿਚ ਜੋ ਗੋਲੀ ਚਲੀ ਹੈ ....(ਵਿਘਨ) ਅਤੇ ਉਥੇ ਇਕ ਬੇਗੁਨਾਹ ਵਿਅਕਤੀ ਮਾਰਿਆ ਗਿਆ ਜੋ ਡੀਜ਼ਲ ਲੈਣ ਜਾ ਰਿਹਾ ਸੀ ।

(ਇਸ ਸਮੇਂ ਹਾਊਸ ਵਿਚ ਬਹੁਤ ਸ਼ੋਰ ਸੀ ਜਿਸ ਕਰਕੇ ਕੁਝ ਸੁਣਾਈ ਨਹੀਂ ਦਿਤਾ।)

**Expunged as ordered by the Chair.

CALL ATTENTION NOTICES UNDER RULE 66

ਸ੍ਰੀ ਸਪੀਕਰ : ਕਾਲ ਅਟੈਨਸ਼ਨ ਮੋਸ਼ਨ ਨੰ : 18—ਵੱਲੋਂ ਕਾਮਰੇਡ ਰਾਜ ਕੁਮਾਰ । (Call Attention Motion No. 18 by Comrade Raj Kumar.)

(Serial No. 18)

Comrade Raj Kumar : Sir, I beg to draw the attention of the Government towards a matter of urgent public importance, namely, forcible occupation by certain miscreants of Harijan's Plots given to the Harijans during consolidation of holdings in village Darsopur district Gurdaspur. Resisting Harijan women were physically beaten and injured by these miscreants. Now social boycott of entire Harijan community is in action and they are undergoing untold sufferings such as banning of answer to call of nature etc. in fields by mischievous elements.

There is great resentment in Narot Jaimal Singh Area of Gurdaspur District on this account.

In view of the obvious importance of the matter, the Government may be called upon to make statement in the House.

Mr. Speaker: Admitted. The Minister concerned may please make a statement.

(Serial No. 23).

Shri Sardari Lal Kapur : Sir, I beg to draw the attention of the Government towards a matter of urgent public importance, namely, that the Finance Minister was pleased to declare on the floor of the Punjab Vidhan Sabha last year that the provincialised retired teachers of the State would be given pensions, but no such teacher has been given pension so far because their service books are not forthcoming. The reason stated for not giving pension is that the Service Books of the adversely affected teachers are not forthcoming or traceable.

This is, therefore, a fit matter on which the Government should make a statement on the floor of the House.

Mr. Speaker : Admitted. The Minister concerned may please make a statement.

ਵਿਦਿਆ ਮੰਤਰੀ : ਸਪੀਕਰ ਸਾਹਿਬ, ਇਸ ਦਾ ਮੈਂ ਜਵਾਬ ਹੁਣੇ ਹੀ ਦਿੰਦਾ ਹਾਂ । ਇਸ ਦਾ ਗੌਰਮਿੰਟ ਨੇ ਫੈਸਲਾ ਕੀਤਾ ਹੈ ਕਿ ਜਿਨ੍ਹਾਂ ਦੀਆਂ ਸਰਵਿਸ ਬੁਕਾਂ ਗੁੰਮ ਹਨ ਉਹ ਐਫੀਡਵਿਟ ਦੇ ਸਕਦੇ ਹਨ । ਜਿਨ੍ਹਾਂ ਦੀਆਂ ਕੰਪਲੀਟ ਨਹੀਂ ਹਨ ਉਹ ਵੀ ਐਫੀਡੇਵਿਟ ਦੇ ਕੇ ਆਪਣੀਆਂ ਸਰਵਿਸ ਬੁਕਾਂ ਕੰਪਲੀਟ ਕਰਵਾ ਸਕਦੇ ਹਨ । ਇਹ ਫੈਸਲਾ ਅਸੀਂ ਕਰ ਲਿਆ ਹੈ ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਇਸ ਬਾਰੇ ਮੇਰਾ ਇਕ ਸਵਾਲ ਹੈ । ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਿਨ੍ਹਾਂ ਦੀਆਂ ਸਰਵਿਸ ਬੁਕਾਂ ਗੁੰਮ ਹਨ ਉਹ ਐਫੀਡੇਵਿਟ ਦੇ ਸਕਦੇ ਹਨ ਅਤੇ ਜਿਨ੍ਹਾਂ ਦੀਆਂ ਕੰਪਲੀਟ ਨਹੀਂ ਹਨ ਉਹ ਵੀ ਦੇ ਸਕਦੇ ਹਨ ਅਤੇ ਆਪਣੀਆਂ ਸਰਵਿਸ ਬੁਕਾਂ ਕੰਪਲੀਟ ਕਰਵਾ ਸਕਦੇ ਹਨ । ਇਥੇ ਮੇਰਾ ਸਵਾਲ ਇਹ ਹੈ ਕਿ ਐਫੀਡੇਵਿਟ ਤੋਂ ਪਹਿਲਾਂ ਪਹਿਲਾਂ

[ਸ੍ਰੀ ਸਰਦਾਰੀ ਲਾਲ ਕਪੂਰ]
ਇਕ ਗੱਲ ਕਰ ਲਈ ਜਾਵੇ ਕਿ ਫਿਲਹਾਲ ਉਦੋਂ ਤੱਕ ਉਨ੍ਹਾਂ ਨੂੰ 40 ਰੁਪਏ ਦੇ ਹਿਸਾਬ ਨਾਲ ਪੈਨਸ਼ਨ ਦਿੱਤੀ ਜਾਵੇ ।

ਸ੍ਰੀ ਸਪੀਕਰ : This is a suggestion, not a question. ਕਾਲ ਅਟੈਨਸ਼ਨ ਮੋਸ਼ਨ ਨੰ: 24 ਵੱਲੋਂ ਸ੍ਰੀ ਸਰਦਾਰੀ ਲਾਲ ਕਪੂਰ । (This is a suggestion, not a question. Call Attention Motion No. 24 by Shri Sardari Lal Kapur.)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਇਹ ਜਿਹੜੀ ਮੇਰੀ ਕਰਿਆਨਾ ਮਰਚੈਂਟਸ ਵਾਲੀ ਮੋਸ਼ਨ ਹੈ, ਇਹ ਮੈਂ ਵਾਪਿਸ ਲੈਂਦਾ ਹਾਂ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕਰਿਆਨਾ ਮਰਚੈਂਟਸ ਦੇ ਬਾਰੇ ਵਿਚ ਤੁਸੀਂ ਸਾਡੀ ਕਾਲ ਅਟੇਨਸ਼ਨ ਮੋਸ਼ਨ ਰਿਜੈਕਟ ਕਰ ਦਿਤੀ ਹੈ, ਉਹ ਇਸ ਕਰਕੇ ਕਿ ਇਨ੍ਹਾਂ (ਸ੍ਰੀ ਸਰਦਾਰੀ ਲਾਲ ਕਪੂਰ) ਦੀ ਮੋਸ਼ਨ ਐਂਡਮਿਟ ਹੋ ਰਹੀ ਹੈ । ਇਹ ਤਾਂ ਹੁਣ ਥੋਕ ਵਾਲਿਆਂ ਦੇ ਕਹਿਣ ਤੇ ਨੱਸ ਗਏ ਹਨ ਇਸ ਲਈ ਸਾਡੀ ਮੋਸ਼ਨ ਦਾ ਕੀ ਬਣੇਗਾ ?

ਸ੍ਰੀ ਸਪੀਕਰ : ਤੁਸੀਂ ਨਵਾਂ ਨੋਟਿਸ ਦੇ ਦੇਣਾਂ । ਕਾਲ ਅਟੈਨਸ਼ਨ ਮੋਸ਼ਨ ਨੰ: 25 । (You may give a fresh notice for it. Call Attention Notice No. 25.)

(Serial No. 25).

Shri Sardari Lal Kapur : Sir, I beg to draw the attention of the Government towards a matter of urgent public importance, namely, the strike in the Dayanand Medical College, Ludhiana, is going on for the last more than a month. This Medical College, which was started more than forty years ago as a Medical School in the beginning and thereafter as a Medical College, has done great service to the State. The Medical Council has decided that this important Institution shall be disaffiliated if the hospital attached thereto with capacity for 300 beds, does not increase it to a 500 beds hospital and if this is not done by 1st March, 1974, it will be disaffiliated by the Medical Council. If this unfortunate thing happens, the future of the students studying in this Medical College will be jeopardised. The Managing Body/Governing Council of this Medical College cannot afford to have a 500 bed hospital because it has no money. The Hospital attached to this Medical College serves mostly the people of rural areas around Ludhiana. This is, therefore, a fit matter on which the Government should make a statement on the floor of the House as to whether it is prepared to take over this important medical institution so that the career of students may not suffer any longer.

Mr. Speaker: Admitted. The Minister concerned may please make a statement.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਬੜਾ ਇੰਪਾਰਟੈਂਟ ਮਸਲਾ ਹੈ । ਚੀਫ ਮਨਿਸਟਰ ਸਾਹਿਬ ਬੈਠੇ ਹਨ ਕੋਈ ਫੈਸਲਾ ਦੇ ਦੇਣ ਕਿਉਂਕਿ ਮੁੰਡਿਆਂ ਦਾ ਕੈਰੀਅਰ ਖਰਾਬ ਹੋ ਰਿਹਾ ਹੈ । (ਵਿਘਨ)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਮੈਂ ਚੀਫ ਮਨਿਸਟਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਇਹ ਮੈਟਰ ਬੜਾ ਇਮਪਾਰਟੈਂਟ ਹੈ ਅਤੇ ਇਸ ਦੇ ਉਪਰ ਜਲਦੀ ਤੋਂ ਜਲਦੀ ਜੇ ਹੋ ਸਕੇ ਤਾਂ ਅੱਜ ਨਹੀਂ ਤਾਂ ਕੱਲ੍ਹ ਫੈਸਲਾ ਦੇ ਦੇਣ ਕਿਉਂਕਿ ਸਟੂਡੈਂਟਸ ਦਾ ਫਿਊਚਰ ਖਰਾਬ ਹੋ ਰਿਹਾ ਹੈ ।

(Serial No. 26)

Shri Sardari Lal Kapur : Sir, I beg to draw the attention of the Government towards a matter of urgent public importance, namely, the Government was pleased to raise the grades of private school teachers of the State, but they have, so far, no security of service. The managements of private schools of the State in many cases show vindictiveness towards their teachers. It is, therefore, a fit matter on which the Government should make a statement on the floor of the House, as to what steps it proposes to take so as to ensure security of service to the teachers of private schools of the State.

Mr. Speaker : Admitted. The Minister concerned may please make a statement.

(Serial No. 27)

Acharya Prithvi Singh Azad : Sir, I beg to draw the attention of the Government towards a matter of urgent public importance, namely, the failure of the Government to implement its declared policy of providing reservation for persons belonging to Scheduled Castes in promotions to Class I and II posts, so as to give justice to these Castes. The matter has been hanging fire for quite sometime, but the Government have not done anything in the matter.

The Government is, therefore, requested to make a statement in this behalf.

Mr. Speaker : Admitted. The Minister concerned may please make a statement.

(Serial No. 29)

Acharya Prithvi Singh Azad : Sir, I beg to draw the attention of the Government towards a matter of urgent public importance, namely, the apathy created by the Punjab School Education Board,—*vide* its circular No. 36-SEB-Pb-AP-73/665, dated 28th March, 1973 wherein a new scheme of studies for the Matriculation examinations has been formulated. The Sanskrit has been denied its rightful place in the 9th Class as one of the subjects of study. This has directly affected the study of Sanskrit in the schools on one hand and on the other the students who studied Sanskrit in their Middle Standard. The provision for the choice in the 10th Class to take up one of the elective subjects after leaving one of the two compulsory subjects of the 9th class is very impracticable for obvious reasons. The new Scheme will, therefore, diminish the number of students taking up Sanskrit at collcge level and University level. This is a very serious matter and the Government is requested to make a statement in this behalf.

Mr. Speaker : Admitted. The Minister concerned may please make a statement.

(ਕ੍ਰਮ ਨੰ : 31)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਖੇਮ ਕਰਨ, ਹਲਕਾ ਵਲਟੋਹਾ, ਜ਼ਿਲ੍ਹਾ ਅੰਮ੍ਰਿਤਸਰ, ਦੇ ਬਾਰਡਰ ਤੇ ਵਸਦੇ ਕਿਸਾਨਾਂ ਨੂੰ ਹਿੰਦ-ਪਾਕ ਦੀਆਂ ਦੋ ਜੰਗਾਂ ਕਾਰਨ ਅੱਗੇ ਹੀ ਕਾਫੀ ਨੁਕਸਾਨ ਹੋਇਆ ਸੀ, ਹੁਣ ਮਹਿਕਮਾਂ ਡਰੇਨੇਜ ਦੇ ਅਫਸਰਾਂ ਦੀ ਕੁਤਾਹੀ ਕਾਰਨ ਡਰੇਨ ਤੋਂ ਨਹਿਰੀ ਪਾਣੀ ਸਾਇਫਨ ਤੋਂ ਗੁਜ਼ਰ ਕੇ ਫਸਲਾਂ ਨੂੰ ਦਿਤਾ ਜਾਂਦਾ ਸੀ। ਸਾਇਫਨ ਟੁੱਟ ਜਾਣ ਨਾਲ ਖੜ੍ਹੀਆਂ ਹਜ਼ਾਰਾਂ ਏਕੜ ਫਸਲਾਂ ਬਰਬਾਦ ਹੋ ਗਈਆਂ ਹਨ । ਕਿਸਾਨਾਂ ਵਿਚ ਬੜੀ ਬੇਚੈਨੀ ਹੈ । ਸਰਕਾਰ ਨੂੰ ਬਿਆਨ ਦੇਣ ਲਈ ਕਿਹਾ ਜਾਵੇ ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ । (Admitted. The hon. Minister concerned may please make a statement.)

(ਕ੍ਰਮ ਨੰ : 35)

ਸਰਦਾਰ ਰਣਧੀਰ ਸਿੰਘ ਚੀਮਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਮੋਰਿੰਡੇ ਤੋਂ ਸਰਹੰਦ ਰੂਟ ਤੇ ਜੋ ਅੰਬਾਲਾ ਬੱਸ ਸਿੰਡੀਕੇਟ, ਫਤਹਿਗੜ੍ਹ ਬੱਸ ਸਰਵਿਸ ਅਤੇ ਪੰਜਾਬ ਰੋਡਵੇਜ਼ ਦੀਆਂ ਬੱਸਾਂ ਚਲਦੀਆਂ ਸਨ ਉਹ ਸਨਿਚਰਵਾਰ, 16 ਫਰਵਰੀ, 1974 ਤੋਂ ਚੱਲਣੀਆਂ ਬੰਦ ਹੋ ਗਈਆਂ ਹਨ । ਜਿਸ ਕਾਰਨ ਇਲਾਕੇ ਦੇ ਲੋਕਾਂ ਨੂੰ ਸਰਹੰਦ ਤੋਂ ਮੁਰਿੰਡੇ ਆਉਣ ਵਿਚ ਬੜੀ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਕਿਉਂਕਿ ਆਵਾਜਾਈ ਦਾ ਹੋਰ ਕੋਈ ਸਾਧਨ ਨਹੀਂ ਹੈ । ਇਸ ਕਾਰਨ ਇਲਾਕੇ ਦੇ ਲੋਕਾਂ ਵਿਚ ਬੜੀ ਬੇਚੈਨੀ ਪਾਈ ਜਾਂਦੀ ਹੈ । ਸਰਕਾਰ ਨੇ ਬੱਸਾਂ ਮੁੜ ਚਾਲੂ ਕਰਨ ਲਈ ਕੀ ਕਾਰਵਾਈ ਕੀਤੀ ਹੈ ਇਸ ਬਾਰੇ ਸਦਨ ਵਿਚ ਬਿਆਨ ਦਿੱਤਾ ਜਾਵੇ ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣਦੀ ਖੇਚਲ ਕਰਨ । (Admitted. The hon. Minister concerned may please make a statement.)

(ਕ੍ਰਮ ਨੰ : 51)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਹੁਣੇ ਜਿਹੇ ਜਗਰਾਓਂ ਵਿਖੇ ਕਿਸਾਨਾਂ ਦੇ ਇਕ ਪੁਰਅਮਨ ਇਕੱਠ ਉਤੇ ਪੁਲਿਸ ਵਲੋਂ ਕੀਤੀ ਗਈ ਅੰਧਾ ਧੁੰਦ ਫਾਇਰਿੰਗ, ਜਿਸ ਦੇ ਸਿੱਟੇ ਵੱਜੋਂ ਪਿਆਰਾ ਸਿੰਘ ਨਾਂ ਦੇ ਇਕ ਵਿਅਕਤੀ ਦੀ ਮੌਤ ਹੋ ਗਈ ਹੈ । ਇਸ ਦੁਰਘਟਨਾ ਨਾਲ ਕਿਸਾਨਾਂ ਅਤੇ ਆਮ ਜਨਤਾ ਵਿਚ ਪੁਲਿਸ ਦੀ ਧੱਕਾਸ਼ਾਹੀ ਅਤੇ ਇਸ ਮਨੁਖਤਾਹੀਨ ਕਾਰਵਾਈ ਵਿਰੁੱਧ ਸਖਤ ਰੋਸ਼ ਅਤੇ ਗੁੱਸਾ ਪਾਇਆ ਜਾਂਦਾ ਹੈ । ਸਾਰੇ ਰਾਜ ਵਿਚ ਇਸ ਘਟਨਾ ਦੀ ਜੁਡੀਸ਼ੀਅਲ ਪੜਤਾਲ ਦੀ ਮੰਗ ਕੀਤੀ ਜਾ ਰਹੀ ਹੈ ਇਸ ਲਈ ਜ਼ਰੂਰੀ ਹੈ ਕਿ ਰਾਜ ਸਰਕਾਰ ਇਸ ਸਾਰੇ ਮਾਮਲੇ ਦੀ ਛਾਣ-ਬੀਣ ਕਰਕੇ ਸਦਨ ਵਿਚ ਵਿਸਥਾਰ ਪੂਰਵਕ ਬਿਆਨ ਦੇਵੇ ।

ਸ੍ਰੀ ਸਪੀਕਰ : ਪ੍ਰਵਾਨ ਕੀਤਾ ਜਾਂਦਾ ਹੈ, ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਖੇਚਲ ਕਰਨ। (Admitted. The hon. Minister concerned may please make a statement.)

STATEMENTS LAID ON THE TABLE OF THE HOUSE IN REPLY TO CALL ATTENTION NOTICES

Minister for Revenue and Election (Sardar Umrao Singh) : Sir, I beg to lay on the Table of the House statements in reply to Call Attention Notices Nos. 8, 9, 10 and 15.

(Serial No. 8)

1. Comrade Satya Pal Dang
2. Comrade Darshan Singh Canadian } : To draw the attention of the Government towards a matter of urgent public importance, namely, that there is an acute shortage of essential commodities such as atta, foodgrains, Vanaspati, Cement and Diesel throughout the State. In this situation acute distress prevails in the entire State which is creating conditions of widespread discontentment and agitation among the mass of the people. In view of the obvious and urgent public importance of the matter, the Government may be asked to make a statement in the House.

ਸਰਦਾਰ ਗੁਰਦਰਸ਼ਨ ਸਿੰਘ (ਰਾਜ ਮੰਤਰੀ ਖੁਰਾਕ ਅਤੇ ਸਪਲਾਈ) : ਇਹ ਠੀਕ ਹੈ ਕਿ ਇਸ ਵੇਲੇ ਕੁਝ ਜ਼ਰੂਰੀ ਵਸਤੂਆਂ ਦੀ ਥੁੜ ਹੈ ਪਰ ਪੰਜਾਬ ਵਿਚ ਆਟਾ ਤੇ ਹੋਰ ਫੂਡ ਗਰੇਨਜ਼ ਆਮ ਮਿਲ ਰਹੇ ਹਨ ਅਤੇ ਇਹਨਾਂ ਦੀ ਕੋਈ ਖਾਸ ਥੁੜ ਨਹੀਂ । ਸਰਕਾਰ ਨੇ ਆਟੇ ਦੀ ਸਪਲਾਈ ਵਾਸਤੇ ਲੋੜੀਂਦੇ ਪ੍ਰਬੰਧ ਕੀਤੇ ਹੋਏ ਹਨ ਅਤੇ ਸਾਰੇ ਸ਼ਹਿਰਾਂ ਵਿਚ ਅਤੇ ਲੋੜ ਵੰਦ ਪਿੰਡਾਂ ਵਿਚ ਫੇਅਰ ਪਰਾਈਸ ਸ਼ਾਪਸ/ਕਨਜ਼ਿਊਮਰ ਸਟੋਰ ਅਤੇ ਕੋਆਪਰੇਟਿਵ ਸੋਸਾਇਟੀਆਂ ਖੋਲ੍ਹੀਆਂ ਹਨ ਜਿਨ੍ਹਾਂ ਰਾਹੀਂ ਆਟਾ, ਚਾਵਲ, ਖੰਡ ਬਨਾਸਪਤੀ ਵੰਡਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਮੱਕੀ ਦਾ ਆਟਾ ਵੰਡਣ ਦਾ ਪ੍ਰਬੰਧ ਵੀ ਕਰ ਦਿਤਾ ਗਿਆ ਹੈ।

ਰਾਜ ਵਿਚ ਕਣਕ ਦੇ ਆਟੇ ਦੀ ਵੰਡ ਲਈ ਲੋੜੀਂਦੀ ਕਣਕ ਦੀ ਐਲੋਕੇਸ਼ਨ ਭਾਰਤ ਸਰਕਾਰ ਕਰਦੀ ਹੈ । ਦਸੰਬਰ, 1973 ਤੋਂ ਮਹੀਨਾ ਫਰਵਰੀ 1974 ਤਕ ਸੈਂਟਰਲ ਭੰਡਾਰ ਵਿੱਚੋਂ ਰਾਜ ਨੂੰ ਕਣਕ 12,000 ਟਨ ਪ੍ਰਤੀ ਮਹੀਨਾ ਮਿਲ ਰਹੀ ਹੈ ਜਿਹੜੀ ਕਿ ਸਾਰੀ ਦੀ ਸਾਰੀ ਹੋਲ ਮੀਲ ਆਟਾ ਬਣਾਉਣ ਵਾਸਤੇ ਹੀ ਵਰਤੀ ਜਾ ਰਹੀ ਹੈ । ਕਿਉਂਕਿ ਭਾਰਤ ਸਰਕਾਰ ਨੇ ਇਸ ਅਲਾਟਮੈਂਟ ਨੂੰ ਵਧਾਉਣ ਤੋਂ ਇਨਕਾਰ ਕਰ ਦਿੱਤਾ, ਇਸ ਲਈ ਪੰਜਾਬ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਮਾਰਕਿਟ ਵਿਚੋਂ ਰਾਜ ਭੰਡਾਰ ਵਾਸਤੇ ਕਣਕ ਦੀ ਖਰੀਦ ਕੀਤੀ ਜਾਵੇ ਅਤੇ ਇਸ ਕਣਕ ਤੋਂ ਜੋ ਆਟਾ ਤਿਆਰ ਹੋਵੇ, ਉਹ ਡੀਪੂਆਂ ਰਾਹੀਂ ਉਸ ਭਾਅ ਤੇ ਵੇਚਿਆ ਜਾਵੇ ਜਿਸ ਭਾਅ ਤੇ ਸੈਂਟਰਲ ਭੰਡਾਰ ਤੋਂ ਮਿਲੀ ਕਣਕ ਦਾ ਆਟਾ ਮਿਲਦਾ ਹੈ ਅਤੇ ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਰਾਜ ਸਰਕਾਰ ਇਸ ਮੰਤਵ ਲਈ 50 ਲੱਖ ਰੁਪਏ ਤੱਕ ਦਾ ਵਾਧੂ ਖਰਚਾ ਆਪਣੇ ਖਾਤੇ ਵਿਚੋਂ ਕਰੇ । ਪੰਜਾਬ ਵਿਚ ਜਨਵਰੀ, 1974 ਵਿਚ ਡਿਪੂਆਂ ਰਾਹੀਂ, 14,600 ਟਨ ਆਟਾ ਵੰਡਿਆ ਗਿਆ ਅਤੇ ਮਹੀਨਾ ਫਰਵਰੀ ਵਾਸਤੇ 21 ਹਜ਼ਾਰ ਟਨ ਆਟੇ ਦੇ ਵੰਡਣ ਦਾ ਪ੍ਰਬੰਧ ਕੀਤਾ ਗਿਆ ਹੈ । ਜੇਕਰ ਇਸ ਤੋਂ

[ਰਾਜ ਮੰਤਰੀ, ਖੁਰਾਕ ਅਤੇ ਸਪਲਾਈਜ਼]

ਵੱਧ ਆਟੇ ਦੀ ਲੋੜ ਹੋਵੇਗੀ ਤਾਂ ਉਸ ਦਾ ਵੀ ਪ੍ਰਬੰਧ ਕੀਤਾ ਜਾਵੇਗਾ । ਮਹੀਨਾ ਮਾਰਚ ਵਾਸਤੇ ਵੀ ਲੋੜ ਅਨੁਸਾਰ ਆਟੇ ਦੀ ਸਪਲਾਈ ਦਾ ਪੂਰਾ ਪ੍ਰਬੰਧ ਹੈ । ਆਟੇ ਦੀ ਸਪਲਾਈ ਨੂੰ ਠੀਕ ਤਰ੍ਹਾਂ ਵੰਡਣ ਵਾਸਤੇ ਮਹੀਨਾ ਨਵੰਬਰ ਤੋਂ ਲੈ ਕੇ ਹੁਣ ਤੱਕ 165 ਨਵੇਂ ਡਿਪੂ ਖੋਲ੍ਹੇ ਗਏ ਹਨ । ਸਰਕਾਰ ਨੇ ਇਹ ਵੀ ਫੈਸਲਾ ਕੀਤਾ ਹੈ ਕਿ ਪਿੰਡਾਂ ਤੇ ਸ਼ਹਿਰਾਂ ਵਿਚ ਜਿਥੇ ਹੋਰ ਡਿਪੂ ਖੋਲ੍ਹਣ ਦੀ ਲੋੜ ਹੋਵੇਗੀ ਖੋਲ੍ਹੇ ਜਾਣਗੇ । ਡਿਪੂਆਂ ਤੇ ਜੋ ਆਟਾ ਵੇਚਿਆ ਜਾ ਰਿਹਾ ਹੈ, ਉਸ ਦੀ ਕੁਆਲਿਟੀ ਬਿਲਕੁਲ ਠੀਕ ਹੈ । ਇਹ ਆਟਾ ਆਮ ਸ਼ਹਿਰਾਂ ਵਿਚ ਫਲੋਰ ਮਿਲਾਂ ਤੋਂ ਤਿਆਰ ਕੀਤਾ ਗਿਆ ਹੈ ਅਤੇ ਜਿਥੇ ਫਲੋਰ ਮਿਲਾਂ ਨਹੀਂ ਹਨ ਉਥੇ, ਉਥੋਂ ਦੀਆਂ ਲੋਕਲ ਚੱਕੀਆਂ ਤੋਂ ਤਿਆਰ ਕੀਤਾ ਹੋਇਆ ਆਟਾ ਸਪਲਾਈ ਕੀਤਾ ਜਾਂਦਾ ਹੈ । ਆਟੇ ਦੀ ਕੁਆਲਿਟੀ ਠੀਕ ਰੱਖਣ ਵਾਸਤੇ ਸਾਰੇ ਪ੍ਰਬੰਧ ਕੀਤੇ ਹੋਏ ਹਨ ਅਤੇ ਵੇਲੇ-ਕੁ-ਵੇਲੇ ਸੈਂਪਲ ਵੀ ਭਰੇ ਜਾਂਦੇ ਹਨ । ਆਟੇ ਦੀ ਵੰਡ ਲਈ ਸਕੇਲ ਨਿਯਤ ਕੀਤਾ ਗਿਆ ਹੈ ਜੋ ਕਿ ਯੋਗ ਮਾਤਰਾ ਵਿਚ ਹੈ । ਇਹ ਸਕੇਲ ਪ੍ਰਤੀ ਜੀਅ ਪ੍ਰਤੀ ਮਹੀਨਾ 10 ਕਿਲੋ ਅਤੇ ਕਿਸੇ ਕਾਰਡ ਤੇ ਵੱਧ ਤੋਂ ਵੱਧ ਪ੍ਰਤੀ ਮਹੀਨਾ 80 ਕਿਲੋ ਹੈ ।

ਚਾਵਲਾਂ ਦੀ ਵੰਡ ਦਾ ਪ੍ਰਬੰਧ ਤਸੱਲੀ ਬਖਸ਼ ਹੈ ਅਤੇ ਵੱਖੋ ਵੱਖਰੇ ਜ਼ਿਲ੍ਹਿਆਂ ਦੀ ਲੋੜ ਲਈ ਚਾਵਲਾਂ ਦੀ ਐਲੋਕੇਸ਼ਨ ਸਟੇਟ ਰੀਜ਼ਰਵ ਵਿਚੋਂ ਕੀਤੀ ਜਾਂਦੀ ਹੈ । ਇਸ ਮੰਤਵ ਲਈ ਸਰਕਾਰ ਨੇ ਬਾਸਮਤੀ ਅਤੇ ਮੋਟਾ ਚਾਵਲ ਸਰਕਾਰੀ ਭੰਡਾਰ ਵਿਚ ਖਰੀਦਣ ਦਾ ਫੈਸਲਾ ਕੀਤਾ ਹੈ ।

ਬਨਾਸਪਤੀ ਦੀ ਉਪਜ ਤੇ ਸਪਲਾਈ ਦੀ ਪੋਜ਼ੀਸ਼ਨ ਦਸੰਬਰ ਤੋਂ ਪਹਿਲਾਂ ਕੁਝ ਦੇਰ ਲਈ ਕਾਫੀ ਤਸੱਲੀ ਬਖਸ਼ ਰਹੀ, ਪਰ ਦਸੰਬਰ, 1973 ਤੋਂ ਖਾਣ ਵਾਲੇ ਤੇਲਾਂ ਦੇ ਬੀਜਾਂ ਦੀ ਮਾਰਕਿਟ ਵਿਚੋਂ ਬਹੁਤ ਥੁੜ ਹੋ ਜਾਣ ਕਾਰਨ, ਇਮਪੋਰਟਡ ਤੇਲ ਦੀ ਸਪਲਾਈ ਘੱਟ ਹੋਣ ਕਾਰਨ, ਬਿਜਲੀ ਦੀ ਸਪਲਾਈ ਤੇ ਕਟੌਤੀ ਅਤੇ ਸਟੀਮ ਕੋਲ ਦੀ ਸਪਲਾਈ ਵਿਚ ਬਹੁਤ ਤੋੜ ਆ ਜਾਣ ਕਾਰਨ ਬਨਾਸਪਤੀ ਦੀ ਉਪਜ ਤੇ ਸਪਲਾਈ ਉਤੇ ਬਹੁਤ ਮੰਦਾ ਅਸਰ ਪਿਆ ਅਤੇ ਪੰਜਾਬ ਰਾਜ ਦੀਆਂ ਮਿੱਲਾਂ ਦੀ ਉਪਜ ਬਹੁਤ ਘੱਟ ਜਾਣ ਕਾਰਨ ਮਾਰਕਿਟ ਵਿਚ ਬਨਾਸਪਤੀ ਦਾ ਸੰਕਟ ਪੈਦਾ ਹੋ ਗਿਆ । ਰਾਜ ਸਰਕਾਰ ਨੇ ਬਨਾਸਪਤੀ ਇੰਡਸਟਰੀ ਨੂੰ ਬਿਜਲੀ ਦੀ ਕਟੌਤੀ ਤੋਂ ਛੋਟ ਦੇ ਦਿੱਤੀ, ਇਮਪੋਰਟਿਡ ਤੇਲਾਂ ਦੀ ਸਪਲਾਈ ਦੇ ਲੋੜੀਂਦੇ ਤੇ ਸੰਭਵ ਪ੍ਰਬੰਧ ਸਟੇਟ ਟਰੇਡਿੰਗ ਕਾਰਪੋਰੇਸ਼ਨ ਆਫ ਇੰਡੀਆ ਦੇ ਰਾਹੀਂ ਕੀਤੇ ਅਤੇ ਸਟੀਮ ਕੋਲ ਦੀ ਸਪਲਾਈ ਨੂੰ ਠੀਕ ਕਰਨ ਲਈ ਲੋੜੀਂਦੇ ਕਦਮ ਲਏ । ਇਹਨਾਂ ਕੋਸ਼ਿਸ਼ਾਂ ਨਾਲ ਬਨਾਸਪਤੀ ਦੀ ਉਪਜ ਤੇ ਰਾਜ ਦੇ ਵੱਖੋ ਵੱਖ ਜ਼ਿਲ੍ਹਿਆਂ ਨੂੰ ਸਪਲਾਈ ਦੀ ਪੋਜ਼ੀਸ਼ਨ ਪਹਿਲਾਂ ਨਾਲੋਂ ਕਾਫੀ ਚੰਗੀ ਹੋ ਗਈ ਹੈ ।

ਪੰਜਾਬ ਵਿਚ ਸੀਮਿੰਟ ਲੋੜ ਨਾਲੋਂ ਬਹੁਤ ਘੱਟ ਆ ਰਿਹਾ ਹੈ, ਪਰ ਇਸ ਦੀ ਸਪਲਾਈ ਨੂੰ ਚੰਗਾ ਬਨਾਉਣ ਵਾਸਤੇ ਸਰਕਾਰ ਵੱਲੋਂ ਲੋੜੀਂਦੇ ਕਦਮ ਉਠਾਏ ਜਾ ਰਹੇ ਹਨ । ਮਿਤੀ 1 ਜੁਲਾਈ, 1973, ਤੋਂ ਭਾਰਤ ਸਰਕਾਰ ਨੇ ਵੱਖ ਵੱਖ ਰਾਜਾਂ ਦਾ ਸੀਮਿੰਟ ਦਾ ਕੋਟਾ ਨਿਯਤ ਕਰ ਦਿੱਤਾ ਹੈ ਅਤੇ ਪੰਜਾਬ ਦਾ ਕੋਟਾ 5.05 ਟਨ ਪ੍ਰਤੀ ਸਾਲ ਕਰ ਦਿੱਤਾ ਹੈ ਅਰਥਾਤ 1,26 : 250 ਟਨ ਪ੍ਰਤੀ ਕੁਆਰਟਰ ਨਿਯਤ ਕੀਤਾ ਹੋਇਆ ਹੈ । ਇਸ ਕੋਟੇ ਨੂੰ ਵਧਾਉਣ ਵਾਸਤੇ ਭਾਰਤ ਸਰਕਾਰ ਦੇ ਸਬੰਧਤ ਮੰਤਰੀ ਨਾਲ ਗੱਲ ਬਾਤ ਕੀਤੀ ਗਈ ਹੈ । ਪਰ ਇਹ ਕੋਟਾ ਉਪਜ ਘੱਟ ਹੋਣ ਕਾਰਨ ਨਹੀਂ ਵੱਧ ਸਕਿਆ । ਸੀਮਿੰਟ, ਤਿਮਾਹੀ ਕੋਟੇ ਵਿਚੋਂ 50 ਫੀ ਸਦੀ ਤੋਂ ਵੱਧ ਸਰਕਾਰੀ ਤੇ ਅਧ-ਸਰਕਾਰੀ ਕੰਮਾਂ ਵਾਸਤੇ ਰੀਜ਼ਰਵ ਕੀਤਾ ਜਾਂਦਾ ਹੈ ਅਤੇ ਬਾਕੀ 50 ਫੀ ਸਦੀ ਦੇ ਲਗ ਭਗ ਆਮ ਖਪਤਕਾਰਾਂ ਵਾਸਤੇ ਰੱਖਿਆ

ਜਾਂਦਾ ਹੈ । ਸੀਮੈਂਟ ਦੀ ਵੰਡ ਸਬੰਧੀ ਜ਼ਿਲ੍ਹਾ ਅਫ਼ਸਰਾਂ ਨੂੰ ਹਦਾਇਤਾਂ ਦਿਤੀਆਂ ਹੋਈਆਂ ਹਨ ਕਿ ਹਰ ਖਪਤਕਾਰ ਨੂੰ ਵਾਰੀ ਸਿਰ ਸੀਮੈਂਟ ਦਿਤਾ ਜਵੇ ।

ਅਰਬ ਮੁਲਕਾਂ ਨੇ ਕਰੂਡ ਆਇਲ ਦੀ ਕੀਮਤ ਵੱਧਾ ਦਿੱਤੀ ਜਿਸ ਦੇ ਕਾਰਨ ਡੀਜ਼ਲ ਆਇਲ ਦੀ ਥੁੜ ਅਨੁਭਵ ਹੋ ਰਹੀ ਹੈ । ਡੀਜ਼ਲ ਆਇਲ ਦੀ ਸਪਲਾਈ ਵਧਾਉਣ ਵਾਸਤੇ ਸਰਕਾਰ ਨੇ ਪੂਰੇ ਉਪਰਾਲੇ ਕੀਤੇ ਹਨ ਜਿਹਨਾਂ ਦੇ ਸਿੱਟੇ ਵੱਜੋਂ ਜਨਵਰੀ, 1974 ਵਿਚ ਐਚ. ਐਸ. ਡੀ. ਅਤੇ ਐਲ. ਡੀ. ਓ. ਦੀ ਸਪਲਾਈ ਪਿਛਲੇ ਸਾਲ ਨਾਲੋਂ ਡੇਢ ਗੁਣਾ ਜ਼ਿਆਦਾ ਹੋਈ ਹੈ । ਇਸੇ ਤਰ੍ਹਾਂ ਫਰਵਰੀ, 1974 ਵਾਸਤੇ ਜੋ ਉਹਨਾਂ ਤੋਂ ਐਲੋਕੇਸ਼ਨ ਆਈ ਹੈ, ਉਹ ਪਿਛਲੇ ਸਾਲ ਦੀ ਸਪਲਾਈ ਨਾਲੋਂ ਕਾਫੀ ਜ਼ਿਆਦਾ ਹੈ । ਡੀਜ਼ਲ ਆਇਲ ਦੀ ਸਪਲਾਈ ਨੂੰ ਠੀਕ ਰੱਖਣ ਵਾਸਤੇ ਭਾਰਤ ਸਰਕਾਰ ਨਾਲ ਪੂਰਾ ਤਾਲ ਮੇਲ ਰੱਖਿਆ ਜਾਂਦਾ ਹੈ । ਇਸ ਵਸਤੂ ਦੀ ਵੰਡ ਨੂੰ ਠੀਕ ਤਰ੍ਹਾਂ ਕਰਨ ਵਾਸਤੇ ਵੀ ਸਬੰਧਤ ਜ਼ਿਲ੍ਹਾ ਅਫ਼ਸਰਾਂ ਨੂੰ ਹਦਾਇਤਾਂ ਦਿਤੀਆਂ ਗਈਆਂ ਹਨ । ਭਾਰਤ ਸਰਕਾਰ ਨੂੰ ਇਹ ਵੀ ਬੇਨਤੀ ਕੀਤੀ ਗਈ ਹੈ ਕਿ ਪੰਜਾਬ ਵਿਚ ਐਚ. ਐਸ. ਡੀ. ਅਤੇ ਐਲ. ਡੀ. ਓ. ਦੀ ਜਿੰਨ੍ਹੀ ਟੈਂਕੇਜ ਵਿਚ ਕਪੈਸਟੀ ਹੈ, ਇਸ ਨੂੰ ਪੂਰੀ ਤਰ੍ਹਾਂ ਭਰਨ ਵਾਸਤੇ ਪਹਿਲਾਂ ਹੀ ਸਪਲਾਈ ਵਧਾਈ ਜਾਵੇ ਤਾਂ ਜੋ ਵਾਡੀ ਦੇ ਦਿਨਾਂ ਵਿਚ ਇਨ੍ਹਾਂ ਦੀ ਸਪਲਾਈ ਦੀ ਥੁੜ ਨਾ ਰਹੇ ।

(Serial No. 9)

Comrade Shamsher Singh Josh
Comrade Mehtab Singh
Comrade Jangir Singh Joga } :To draw the attention of the Government towards a matter of urgent public importance, namely, shortage of Diesel and Fertilizer all over the State which is going to adversely affect agricultural production in the State. As a result of this shortage thousands of peasants are running hither and thither in search of both these commodities. Also, whatever quantity of diesel is supplied to the peasants, the Petrol Pump owners are forcing them to buy certain other commodities as a condition for even this meagre supply.

The position regarding fertilisers is as follows :—

Of late there has been a shortage of fertilizers in the country as a whole. This is because the imports by the Government of India and the production by indigenous manufacturers have not been able to keep pace with the demand for fertilizers which has been increasing very rapidly. The requirements of different States are assessed by the Government of India and thereafter it allocates fertilizers to them accordingly. The Government of India gave priority to the Punjab State during Kharif 1973, and as a result the consumption of fertilisers in our State was higher during Kharif 1973 as compared to the previous year. The consumption was a as follows :—

(Figures in lac tons)

Item		Consumption during Kharif 1972	Consumption during Kharif 1973
Nitrogenous 20 per cent	..	3·98	4·25
Phosphatic 16 per cent	..	0·74	0·93
Potassic 60 per cent	..	0·07	0·08

[Minister for Revenue and Election]

2. The requirements of the Punjab State for Rabi 1973-74 were assessed as follows by the Government of India in a meeting held on the 12th and 13th July, 1973 :

Nitrogenous (20 per cent)	.. 10.05 Lac tonnes
Phosphatic (16 per cent)	.. 4.50 Lac tonnes
Potassic (10 per cent)	.. 0.30 Lac tonnes

Again Punjab was given special priority by the Government of India and it decided to meet the requirements of Punjab fully as against 85 per cent for Haryana and 70 per cent for U.P. After taking into account the stocks already available with the State Government, the following supplies were promised to Punjab for Rabi 1973-74 :—

Nitrogenous (20 per cent)	.. 9.23 Lac tonnes
Phosphatic (16 per cent)	.. 3.12 Lac tonnes
Patassic (10 per cent)	.. 0.23 Lac tonnes

3. The actual supplies, however, have been rather slow and there has been a shortfall. of about 20 per cent as compared to the commitments made to the State Government. The supplies have been as follows :—

Fertilizer	Commitment for Rabi 1973-74 August, 73 to Jan. 74	Actual supplies August, 73 to Jan. 74	Shortfall
Nitrogenous (20%)	9.23	7.45	1.78
Phosphatic (16%)	3.12	2.67	0.45
Potassic (60%)	0.23	0.20	0.03

Several factors were responsible for this shortfall in supplies like unloading difficulties at the Ports, shortage of railway wagons, shortfall in production by indigenous manufacturers due to power cuts and strikes, etc. The Chief Minister, Punjab, wrote to the Prime Minister of India, the Union Minister for Planning, the Union Food and Agriculture Minister, the Union Railway Minister and the Union Shipping Minister apprising them of the whole position and requesting them to remove the bottlenecks, The Agriculture and Forests Minister, Punjab, also discussed the matter with the Union Minister for Agriculture and also with the Joint Secretary (Inputs), Government of India. The Development Commissioner, Punjab, and the Director of Agriculture have also been in constant contact with the representatives of the Government of India and have been making all efforts to expedite supplies of fertilizers. Efforts are still being made to get the maimum supplies of fertilizers so that agricultural production in the State may not be adversely affected. Without these strenuous efforts put in by the State Government, the supply position in the State would have been much worse.

4. The actual consumption of fertilisers during Rabi 1973-74 as compared to the consumption for the corresponding period of the previous year has been as follows :—

Consumption of fertilizer from October, 1972 to January, 1973			Consumption of fertilizer from October, 1973 to January, 1974		
N 20 per cent	P 16 per cent	K 60 per cent	N 20 per cent	P 16 per cent	K 60 per cent
5,94,344	3,23,522	22,752	5,29,614	3,31,562	25,862

The position of diesel oil (HSD and LDO) is as follows :—

A shortage of L.D.O. and H.S.D. was experienced with effect from December, 1972 and March, 1973, respectively because of their increased demand for agriculture puposes' due to power cut. The Chief Minister and the Agricultural Minister Punjab managed to get the supply of diesel increased as a result of their discussions with the concerened Union Ministers. Due to their efforts the supply of diesel was increased sufficiently from April to June 1973 as compared to the supplies of the corresponding period of the previous year. The Union Government controlled the price of L.D.O. with effect from 1st April, 1973 on the request of Punjab Government.

2. To overcome the shortage of diesel this year, timely steps were taken, but due to the increase in the price of crude oil by Arab countries, the shortage of LDO/HSD and other petroleum products was more accute. The Punjab Government had been approaching Government of India and pressing hard since last year that the tankage capacity of Depots of Oil Companies is very low, as a result of which, the supply position could become tight at any time resulting in acute shortage of oil. Therefore , the tankage capacity of the Depots should be increased. Now the Government of India has also been approached with the request to open another oil depot at Ludhiana. The Government of India have promised to increase the tankage capacity of oil depots in the Punjab and for this purpose the Government of India are preparing a Project for setting up a pipe line from Mathura to Jullundur. One of the reasons for the increase in the demand of H.S.D. is that due to the increase in the prices of Kerosene oil, the possibility of its mixing with H. S. D. has been mitigated and consequently the consumption of H.S.D. has gone up. In order to increase the supplies of H.S.D/L.D.O., the following steps have been taken by the Punjab Government :

(a) The Chief Minister, Punjab, has requested Shri Barooah, Union Minister for Petroleum, at personal level to increase the supply of the aforesaid items because agricultural production depends upon them;

(b) The Food Minister, Punjab, has met Shri Barooah 2-3 times in this connection and has repeately been reminding him on telephone.

(c) Senior Officers of the Punjab, Govenment watch and compare the situation in regard to these commodities daily and co-ordinate with the Government of India accordingly for getting the supply to Punjab increased. Weekly meetings are held with the representatives of the oil Companies, the exact Figures are collected daily, reviewed and the supplies are despatched to the deficit areas.

As a result of the above steps, the supply in January, 1974, increased by 1½ times as compared to the corresponding period of the previous year. The figures are as under :—

		H.S.D. (Kilo litres)	*L.D.O. (Kilo litres)*
January, 1973	..	19,456	4,312
January, 1974	..	30,542	7,716
February, 1973	..	18,118	5,169
February, 1974	..	36,900	7,200

Due to the shortage of LDO, the Government of India have decided that it should not be used in place of furnace oil. The following steps have been taken in regard to the supply/distribution of LDO/HSD :—

(a) The Deputy Commissioners have been instructed for issuing Ration Cards to the farmers and small industrialists and in case of acute shortage of oil, the supply should be made on ration cards. This work is to be completed within this month.

(b) The Oil Companies have been asked to direct their dealers to give preference to the Agriculturists at the time of distribution.

[Minister for Revenue and Election]

(c) The concerned officers are being authorised under 'The Punjab Commodity Price and Marketing Display Order' for instructing the oil dealers to distribute the LDO/HSD in a judicious way.

(d) Apart from agricultural purposes, HSD is also used in tractors, trucks and buses. It is also used for multiple industrial purposes. Although its distribution through rationing is difficult, get the scales are being fixed for agricultural purposes. The Oil Companies have instructed the petrol pump dealers not to supply HSD in drums to the Truck and Bus owners except in service tanks.

(e) From some of the districts like Faridkot, Sangrur and Patiala, reports have been received that the people have obstructed the oil tankers carrying diesel. In order to overcome these kinds of situations, a constant coordination is being maintained with the Deputy Commissioners and Police Officers.

From the above it is quite clear that the Government is trying its utmost to increase the supply of both oils (HSD/LDO) and also their judicious distribution. Necessary steps are also being taken to increase the supply at the oil depots.

N—Stands for Nitrogenous fertilizer.

P—Stands for Phosphatic fertilizer.

K—Stands for Potasic fertilizer.
HSD Stands for High speed diesel.

LDO—Stands for Light diesel oil.

ਖਾਦ ਦੀ ਸਥਿਤੀ ਨਿਮਨ ਲਿਖਤ ਦੱਸੀ ਜਾਂਦੀ ਹੈ:—

ਸਾਡੇ ਦੇਸ਼ ਵਿਚ ਖਾਦ ਦੀ ਥੁੜ ਰਹੀ ਹੈ। ਇਹ ਇਸ ਕਾਰਨ ਹੈ ਕਿ ਖਾਦ ਦੀ ਲੋੜ ਦੇ ਮੁਕਾਬਲੇ ਜਿਹੜੀ ਬੜੀ ਛੇਤੀ ਵਧਦੀ ਜਾ ਰਹੀ ਹੈ ਭਾਰਤ ਸਰਕਾਰ ਵਲੋਂ ਬਾਹਰੋਂ ਖਾਦ ਮੰਗਵਾਉਣ ਅਤੇ ਇਥੇ ਦੇ ਉਤਪਾਦਕਾਂ ਵਲੋਂ ਖਾਦ ਉਤਪਾਦਨ ਘੱਟ ਹੈ। ਭਾਰਤ ਸਰਕਾਰ ਵੱਖ ਵੱਖ ਸਰਕਾਰਾਂ ਦੀਆਂ ਲੋੜਾਂ ਦਾ ਅਨੁਮਾਨ ਕਰਦੀ ਹੈ ਅਤੇ ਉਸ ਤੋਂ ਬਾਅਦ ਉਨ੍ਹਾਂ ਨੂੰ ਖਾਦ ਵੰਡਦੀ ਹੈ। ਖਰੀਫ 1973 ਵਿਚ ਭਾਰਤ ਸਰਕਾਰ ਨੇ ਪੰਜਾਬ ਨੂੰ ਅਗੇਤ ਦਿਤੀ। ਇਸ ਦੇ ਨਤੀਜੇ ਵਜੋਂ ਪਿਛਲੇ ਸਾਲ ਦੇ ਮੁਕਾਬਲੇ ਤੇ ਖਰੀਫ 1973 ਵਿਚ ਸਾਡੇ ਰਾਜ ਵਿਚ ਖਾਦ ਦੀ ਖਪਤ ਵਧੇਰੇ ਸੀ। ਖਪਤ ਨਿਮਨ ਲਿਖਤ ਸੀ:—

ਮੱਦ			ਖੱਪਤ	
			ਖਰੀਫ, 1972	ਖਰੀਫ, 1973
ਨਾਈਟਰੋਜਨਸ	(20%)	...	3.98	4.25
ਫਾਸਫੈਟਿਕ	(16%)	...	0.74	0.73
ਪੌਟਾਸਿਕ	(60%)	...	0.07	0.08

2. 12 ਅਤੇ 13 ਜੁਲਾਈ, 1973 ਨੂੰ ਹੋਈ ਮੀਟਿੰਗ ਵਿਚ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਦੀਆਂ ਰੱਬੀ 1973-74 ਲਈ ਖਾਦ ਦੀਆਂ ਲੋੜਾਂ ਦਾ ਨਿਮਨ ਲਿਖਤ ਅਨੁਮਾਨ ਲਗਾਇਆ :—

ਨਾਈਟਰੋਜਨਸ	(20%)	...	10.05 ਲੱਖ ਟਨ
ਫਾਸਫੈਟਿਕ	(16%)	...	4.50 ,, ,,
ਪੋਟਾਸ਼ਿਕ	(10%)	...	0.30 ,, ,,

ਅੱਗੋਂ ਫਿਰ ਪੰਜਾਬ ਨੂੰ ਭਾਰਤ ਸਰਕਾਰ ਨੇ ਵਿਸ਼ੇਸ਼ ਅਗੇਤ ਦਿਤੀ ਅਤੇ ਪੰਜਾਬ ਦੀਆਂ ਲੋੜਾਂ ਨੂੰ ਪੂਰੀ ਤਰ੍ਹਾਂ ਪੂਰਾ ਕਰਨ ਲਈ ਫੈਸਲਾ ਕੀਤਾ ਕਿ ਇਸ ਦੇ ਮੁਕਾਬਲੇ ਤੇ ਹਰਿਆਣਾ ਦੀ ਲੋੜ 85% ਅਤੇ ਯੂ. ਪੀ. ਦੀ ਲੋੜ 70% ਸੀ।

ਇਸ ਸਰਕਾਰ ਕੋਲ ਪਹਿਲਾਂ ਪਏ ਸਟਾਕ ਨੂੰ ਧਿਆਨ ਵਿਚ ਰੱਖਦੇ ਹੋਏ ਰੱਬੀ 1973-74 ਲਈ ਪੰਜਾਬ ਵਾਸਤੇ ਨਿਮਨ ਲਿਖਤ ਖਾਦ ਦੇਣ ਦਾ ਵਾਅਦਾ ਕੀਤਾ :—

ਨਾਈਟਰੋਜਨ	(20%)	...	9.23 ਲੱਖ ਟਨ
ਫਾਸਫੈਟਿਕ	(16%)	..	3.12 ,, ,,
ਪੋਟਾਸ਼ਿਕ	(10%)	...	0.23 ,, ,,

3. ਪਰ ਅਸਲ ਵਿਚ ਖਾਦ ਦੀ-ਸਪਲਾਈ ਘੱਟ ਸੀ ਅਤੇ ਪੰਜਾਬ ਸਰਕਾਰ ਨਾਲ ਕੀਤੇ ਵਾਅਦੇ ਦੇ ਮੁਕਾਬਲੇ ਤੇ 20 ਫੀ ਸਦੀ ਘੱਟ ਸੀ। ਨਿਮਨ ਲਿਖਤ ਖਾਦ ਦਿਤੀ ਗਈ :—

ਖਾਦ			ਰੱਬੀ, 1973-74 ਲਈ ਕੀਤਾ ਵਾਅਦਾ	ਅਸਲ ਵਿਚ ਜੋ ਖਾਦ ਭੇਜੀ	ਕਮੀ
			ਅਗਸਤ, 1973 ਤੋਂ ਜਨਵਰੀ, 1974	ਅਗਸਤ, 1973 ਤੋਂ ਜਨਵਰੀ, 1974	
ਨਾਈਟਰੋਜਨਸ	(20%)	...	9.23	7.45	1.78
ਫਾਸਫੈਟਿਕ	(16%)	...	3.12	2.67	0.45
ਪੋਟਾਸ਼ਿਕ	(60%)	..	0.23	0.20	0.03

[Minister for Revenue and Election]

ਇਸ ਕਮੀ ਲਈ ਹੋਰ ਕਈ ਕਾਰਨ ਵੀ ਸੀ, ਜਿਵੇਂ ਬੰਦਰਗਾਹਾਂ ਤੇ ਢੋ-ਢੁਆਈ ਦੀਆਂ ਮੁਸ਼ਕਲਾਂ, ਰੇਲਵੇ ਵੈਗਨਾਂ ਦੀ ਥੁੜ, ਹੜਤਾਲਾਂ ਅਤੇ ਬਿਜਲੀ ਦੀ ਥੁੜ੍ਹ ਕਾਰਨ ਉਤਪਾਦਕਾਂ ਵਲੋਂ ਖਾਦ ਦਾ ਘੱਟ ਪੈਦਾ ਕਰਨਾ ਆਦਿ, । ਮੁੱਖ ਮੰਤਰੀ ਪੰਜਾਬ ਨੇ ਇਹ ਸਾਡੀ ਦਸ਼ਾ ਪ੍ਰਧਾਨ ਮੰਤਰੀ ਜੀ ਨੂੰ ਅਤੇ ਭਾਰਤ ਸਰਕਾਰ ਦੇ ਪਲੈਨਿੰਗ ਮੰਤਰੀ ਜੀ, ਖੁਰਾਕ ਅਤੇ ਖੇਤੀਬਾੜੀ ਮੰਤਰੀ ਜੀ ਨੂੰ, ਰੇਲਵੇ ਮੰਤਰੀ ਜੀ ਨੂੰ ਅਤੇ ਸ਼ਿਪਿੰਗ ਮੰਤਰੀ ਜੀ ਨੂੰ ਲਿਖ ਕੇ ਭੇਜੀ ਅਤੇ ਉਨ੍ਹਾਂ ਨੇ ਇਹ ਮੁਸ਼ਕਲਾਂ ਦੂਰ ਕਰਨ ਲਈ ਬੇਨਤੀ ਕੀਤੀ । ਪੰਜਾਬ ਖੇਤੀਬਾੜੀ ਅਤੇ ਵਣ ਮੰਤਰੀ ਜੀ ਨੇ ਵੀ ਇਹ ਮਸਲਾ ਭਾਰਤ ਸਰਕਾਰ ਦੇ ਖੇਤੀਬਾੜੀ ਮੰਤਰੀ ਜੀ ਨਾਲ ਅਤੇ ਭਾਰਤ ਸਰਕਾਰ ਦੇ ਸੰਯੁਕਤ ਸਕੱਤਰ (Inputs) ਨਾਲ ਇਸ ਮਾਮਲੇ ਤੇ ਵਿਚਾਰ ਕੀਤੀ । ਵਿਕਾਸ ਕਮਿਸ਼ਨਰ, ਪੰਜਾਬ ਅਤੇ ਡਾਇਰੈਕਟਰ, ਪੰਜਾਬ ਨੇ ਵੀ ਇਸ ਸਬੰਧੀ ਭਾਰਤ ਸਰਕਾਰ ਦੇ ਪ੍ਰਤੀਨਿਧੀਆਂ ਨਾਲ ਲਗਾਤਾਰ ਸਬੰਧ ਰੱਖਿਆ ਹੈ ਅਤੇ ਖਾਦ ਦੀ ਸਪਲਾਈ ਦਾ ਹਰ ਯਤਨ ਕਰਦੇ ਰਹੇ ਹਨ । ਹੁਣ ਵੀ ਖਾਦ ਦੀ ਪ੍ਰਾਪਤੀ ਲਈ ਯਤਨ ਜਾਰੀ ਹਨ ਤਾਂ ਜੋ ਇਸ ਰਾਜ ਵਿਚ ਖੇਤੀਬਾੜੀ ਉਤਪਾਦਨ ਨੂੰ ਕੋਈ ਧੱਕਾ ਨਾ ਲੱਗੇ ਜੇਕਰ ਅਣ-ਥੱਕ ਕੋਸ਼ਿਸ਼ਾਂ ਸਰਕਾਰ ਵੱਲੋਂ ਨਾ ਕੀਤੀਆਂ ਹੁੰਦੀਆਂ ਤਾਂ ਰਾਜ ਵਿਚ ਖਾਦ ਦੀ ਸਪਲਾਈ ਦੀ ਦਿਸ਼ਾ ਹੋਰ ਵਧੇਰੇ ਖਰਾਬ ਹੁੰਦੀ ।

4. ਰੱਬੀ 1972-73 ਵਿਚ ਖਾਦ ਦੀ ਖਪਤ ਦੇ ਮੁਕਾਬਲੇ ਤੇ ਰੱਬੀ 1973-74 ਵਿਚ ਖਾਦ ਦੀ ਖਪਤ ਨਿਮਨ ਲਿਖਤ ਹੈ :—

ਅਕਤੂਬਰ, 1972 ਤੋਂ ਜਨਵਰੀ, 1973 ਤੱਕ ਖਾਦ ਦੀ ਖਪਤ			ਅਕਤੂਬਰ, 1973 ਤੋਂ ਜਨਵਰੀ, 1974 ਤੱਕ ਖਾਦ ਦੀ ਖਪਤ		
ਨਾਈਟਰੋਜਨਸ	20%	5,94,344	ਨਾਈਟਰੋਜਨ	20%	5,29,614
ਫਾਸਫੈਟਿਕ	16%	3,23,522	ਫਾਸਫੈਟਿਕ	16%	3,31,562
ਪੋਟਾਸ਼ਿਕ	60%	22,752	ਪੋਟਾਸ਼ਿਕ	60%	25,862

ਡੀਜ਼ਲ (ਐਚ. ਐਸ. ਡੀ.) ਅਤੇ ਐਲ. ਡੀ. ਓ. ਦੀ ਪੋਜੀਸ਼ਨ ਹੇਠ ਲਿਖੇ ਅਨੁਸਾਰ ਹੈ :—

ਦਸੰਬਰ, 1972 ਤੋਂ ਐਲ. ਡੀ. ਓ. ਤੇ ਮਾਰਚ 1973 ਤੋਂ ਐਚ. ਐਸ. ਡੀ. ਦੀ ਥੁੜ੍ਹ ਮਹਿਸੂਸ ਹੋਣ ਲੱਗੀ ਕਿਉਂਕਿ ਪਾਵਰ ਕੱਟ ਕਰਕੇ ਖੇਤੀ ਬਾੜੀ ਲਈ ਇਹਨਾਂ ਦੀ ਲੋੜ ਵੱਧ ਗਈ। ਪੰਜਾਬ ਦੇ ਮੁੱਖ ਮੰਤਰੀ ਅਤੇ ਖੇਤੀਬਾੜੀ ਮੰਤਰੀ ਨੇ ਭਾਰਤ ਸਰਕਾਰ ਦੇ ਸਬੰਧਤ ਮੰਤਰੀਆਂ ਨਾਲ ਤਾਲ ਮੇਲ ਕਰਕੇ ਐਚ. ਐਸ. ਡੀ. ਦੀ ਸਪਲਾਈ ਵਧਾਉਣ ਦਾ ਪ੍ਰਬੰਧ ਕਰ ਲਿਆ ਜਿਸ ਦੇ ਸਿੱਟੇ ਵਜੋਂ ਮਹੀਨਾ ਅਪਰੈਲ ਤੋਂ ਜੂਨ, 1973 ਵਿੱਚ ਪਿਛਲੇ ਸਾਲ ਦੇ ਇਨ੍ਹਾਂ ਮਹੀਨਿਆਂ ਨਾਲੋਂ ਸਪਲਾਈ ਕਾਫੀ ਵਧ ਗਈ। ਐਲ. ਡੀ. ਓ. ਦੀ ਕੀਮਤ ਉਤੇ ਵੀ ਭਾਰਤ ਸਰਕਾਰ ਨੇ ਪੰਜਾਬ ਸਰਕਾਰ ਦੇ ਕਹਿਣ ਤੇ 1 ਅਪਰੈਲ, 1973 ਤੋਂ ਕੰਟਰੋਲ ਕਰ ਦਿੱਤਾ।

ਇਸ ਸਾਲ ਇਸ ਤੰਗੀ ਤੋਂ ਬਚਣ ਵਾਸਤੇ ਕਦਮ ਵੇਲੇ ਸਿਰ ਹੀ ਚੁੱਕੇ ਗਏ ਪਰ ਅਰਬ ਮੁਲਕਾਂ ਦੇ ਕਰੂਡ ਆਇਲ ਦੀ ਕੀਮਤ ਵਧਾ ਦੇਣ ਕਾਰਨ ਐਚ. ਐਸ. ਡੀ. , ਐਲ. ਡੀ, ਓ. ਅਤੇ ਹੋਰ ਪਟਰੋਲੀਅਮ ਵਸਤਾਂ ਦੀ ਵਧੇਰੇ ਤੰਗੀ ਆ ਗਈ। ਪੰਜਾਬ ਸਰਕਾਰ ਪਿਛਲੇ ਸਾਲ ਤੋਂ ਭਾਰਤ ਸਰਕਾਰ ਤੇ ਜ਼ੋਰ ਪਾ ਰਹੀ ਸੀ ਕਿ ਪੰਜਾਬ ਵਿਚ ਜੋ ਤੇਲ ਕੰਪਨੀਆਂ ਦੇ ਡਿਪੂ ਹਨ ਉਨ੍ਹਾਂ ਦੀ ਟੈਂਕੇਜ ਕਪੈਸਟੀ ਬਹੁਤ ਘਟ ਹੈ ਜਿਸ ਦੇ ਕਾਰਨ ਕਿਸੇ ਵੇਲੇ ਵੀ ਸਪਲਾਈ ਰੁੱਕ ਜਾਣ ਦੇ ਕਾਰਨ ਪੰਜਾਬ ਵਿਚ ਥੁੜ ਹੋ ਜਾਂਦੀ ਹੈ। ਇਸ ਲਈ ਪੰਜਾਬ ਦੇ ਡੀਪੂਆਂ ਦੀ ਟੈਂਕੇਜ ਕਪੈਸਟੀ ਵਧਾ ਦਿੱਤੀ ਜਾਵੇ। ਹੁਣ ਭਾਰਤ ਸਰਕਾਰ ਨੂੰ ਇਹ ਵੀ ਬੇਨਤੀ ਕੀਤੀ ਹੈ ਕਿ ਪੰਜਾਬ ਵਿਚ ਇਕ ਹੋਰ ਡੀਪੂ ਲੁਧਿਆਣ ਵਿਖੇ ਖੋਲ੍ਹਿਆ ਜਾਵੇ। ਭਾਰਤ ਸਾਕਾਰ ਨੇ ਇਹ ਦੱਸਿਆ ਹੈ ਕਿ ਅਗਲੇ 2 ਸਾਲਾਂ ਵਿਚ ਪੰਜਾਬ ਦੇ ਡੀਪੂਆਂ ਦੀ ਟੈਂਕੇਜ ਕਪੈਸਟੀ ਬਹੁਤ ਵਧਾ ਦਿੱਤੀ ਜਾਵੇਗੀ। ਇਸ ਮੰਤਵ ਲਈ ਉਹ ਮਥਰਾ ਤੋਂ ਜਲੰਧਰ ਤਕ ਇਕ ਪਾਈਪ ਲਾਈਨ ਬਣਾਉਣ ਦਾ ਪ੍ਰੋਜੈਕਟ ਬਣਾ ਰਹੇ ਹਨ। ਐਚ. ਐਸ. ਡੀ. ਦੀ ਪੰਜਾਬ ਵਿਚ ਮੰਗ ਵਧਣ ਦਾ ਇੱਕ ਕਾਰਨ ਇਹ ਵੀ ਹੈ ਕਿ ਮਿੱਟੀ ਦੇ ਤੇਲ ਦੀ ਕੀਮਤ ਵਧਾਉਣ ਨਾਲ ਇਸ ਦੀ ਐਚ. ਐਸ. ਡੀ. ਨਾਲ ਮਿਲਾਵਟ ਦੀ ਸੰਭਾਵਨਾ ਘਟ ਗਈ ਹੈ ਤੇ ਐਚ. ਐਸ. ਡੀ. ਵੀ ਹੁਣ ਵਧੇਰੇ ਖਪਤ ਹੋ ਰਿਹਾ ਹੈ। ਪੰਜਾਬ ਸਰਕਾਰ ਨੇ ਐਚ. ਐਸ. ਡੀ./ਐਲ. ਡੀ ਓ. ਦੀ ਸਪਲਾਈ ਵਧਾਉਣ ਵਾਸਤੇ ਹੇਠ ਲਿਖੇ ਕਦਮ ਚੁੱਕੇ ਹਨ:—

(ੳ) ਪੰਜਾਬ ਦੇ ਮੁੱਖ ਮੰਤਰੀ ਜੀ ਨੇ ਸ਼੍ਰੀ ਬਰੂਆ, ਮੰਤਰੀ ਭਾਰਤ ਸਰਕਾਰ ਨੂੰ ਆਪ ਬੇਨਤੀ ਕੀਤੀ ਹੈ ਕਿ ਇਨ੍ਹਾਂ ਉਪਰੋਕਤ ਵਸਤੂਆਂ ਦੀ ਸਪਲਾਈ ਪੰਜਾਬ ਵਾਸਤੇ ਖਾਸ ਕਰਕੇ ਵਧਾਉਣ ਕਿਉਂਕਿ ਪੰਜਾਬ ਵਿਚ ਅਨਾਜ ਦੀ ਉਪਜ ਇਨ੍ਹਾਂ ਤੇ ਹੀ ਨਿਰਭਰ ਹੈ।

(ਅ) ਮੰਤਰੀ ਖੁਰਾਕ ਤੇ ਸਪਲਾਈ ਜੀ 2-3 ਵਾਰ ਸ਼੍ਰੀ ਬਰੂਆ ਜੀ ਨੂੰ ਇਸ ਸਬੰਧ ਵਿਚ ਮਿਲ ਚੁੱਕੇ ਹਨ ਅਤੇ ਟੈਲੀਫੋਨ ਰਾਹੀਂ ਹਮੇਸ਼ਾ ਤਾਲਮੇਲ ਰੱਖਦੇ ਹਨ।

(ੲ) ਪੰਜਾਬ ਦੇ ਸੀਨੀਅਰ ਆਫ਼ੀਸਰ ਇਨ੍ਹਾਂ ਵਸਤੂਆਂ ਦੀ ਸਥਿੱਤੀ ਦਾ ਰੋਜ਼ਾਨਾ ਸਰ-ਵੇਖਣ ਕਰਦੇ ਹਨ ਅਤੇ ਭਾਰਤ ਸਰਕਾਰ ਨਾਲ ਤਾਲਮੇਲ ਰੱਖਕੇ ਹੋਰ ਸਪਲਾਈ ਵਧਾਉਣ ਲਈ ਜ਼ੋਰ ਦਿੰਦੇ ਹਨ। ਤੇਲ ਕੰਪਨੀਆਂ ਦੇ ਪ੍ਰਤੀਨਿਧਾਂ ਨਾਲ ਵੀ ਹਫਤੇ ਵਿਚ ਇੱਕ ਵਾਰ ਮੀਟਿੰਗ ਕੀਤੀ ਜਾਂਦੀ ਹੈ ਅਤੇ ਰੋਜ਼ਾਨਾ ਹੀ ਠੀਕ ਸਥਿਤੀ ਬਾਰੇ ਅੰਕੜੇ ਲੈ ਕੇ ਥੁੜ੍ਹ ਵਾਲੇ ਇਲਾਕਿਆਂ ਵਿਚ ਸਪਲਾਈ ਨੂੰ ਠੀਕ ਰੱਖਣ ਵਾਸਤੇ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ।

ਉਪਰੋਕਤ ਕਦਮ ਲੈਣ ਦਾ ਇਹ ਅਸਰ ਹੋਇਆ ਹੈ ਕਿ ਜਨਵਰੀ, 1974 ਵਿਚ ਪਿਛਲੇ ਸਾਲ ਨਾਲੋਂ ਸਪਲਾਈ ਲਗ ਭਗ ਡੇਢ ਗੁਣਾ ਸੀ। ਅੰਕੜੇ ਇਸ ਪ੍ਰਕਾਰ ਹਨ:—

		ਐਚ. ਐਸ. ਡੀ.	ਐਲ. ਡੀ. ਓ.
ਜਨਵਰੀ, 1973	..	19,456 ਕਿਲੋ ਲਿਟਰ	4,312 ਕਿਲੋ ਲਿਟਰ
ਜਨਵਰੀ, 1974	...	30,542 ਕਿਲੋ ਲਿਟਰ	7,716 ਕਿਲੋ ਲਿਟਰ
ਫਰਵਰੀ, 1973	...	18,118 ਕਿਲੋ ਲਿਟਰ	5,169 ਕਿਲੋ ਲਿਟਰ
ਫਰਵਰੀ, 1974	...	36,900 ਕਿਲੋ ਲਿਟਰ	7,200 ਕਿਲੋ ਲਿਟਰ

[Minister for Revenue and Election]

ਐਲ. ਡੀ. ਓ. ਦੀ ਥੁੜ ਹੋਣ ਕਾਰਨ ਭਾਰਤ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਐਲ. ਡੀ. ਓ. ਨੂੰ ਫਰਨੇਸ ਆਇਲ ਦੀ ਥਾਂ ਤੇ ਨਾ ਵਰਤਿਆ ਜਾਵੇ। ਐਲ. ਡੀ. ਓ. ਅਤੇ ਐਚ. ਐਸ. ਡੀ. ਦੀ ਸਪਲਾਈ ਅਤੇ ਵੰਡ ਠੀਕ ਤਰ੍ਹਾਂ ਨਾਲ ਕਰਨ ਵਾਸਤੇ ਹੇਠ ਲਿਖੇ ਕਦਮ ਚੁੱਕੇ ਗਏ ਹਨ :—

(1) ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਖੇਤੀਬਾੜੀ ਅਤੇ ਛੋਟੇ ਛੋਟੇ ਉਦਯੋਗਿਕ ਕੰਮਾਂ ਵਾਸਤੇ ਖਪਤਕਾਰਾਂ ਦੇ ਕਾਰਡ ਬਣਾ ਦੇਣ ਅਤੇ ਬਹੁਤ ਥੁੜ ਵੇਲੇ ਇਨ੍ਹਾਂ ਦੀ ਸਪਲਾਈ ਕਾਰਡਾਂ ਤੇ ਹੀ ਕੀਤੀ ਜਾਵੇ ਇਹ ਕੰਮ ਇਸ ਮਹੀਨੇ ਦੇ ਅੰਦਰ ਪੂਰਾ ਕੀਤਾ ਜਾਣਾ ਹੈ।

(2) ਤੇਲ ਕੰਪਨੀਆਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਡੀਲਰਾਂ ਨੂੰ ਇਹ ਹਦਾਇਤਾਂ ਕਰਨ ਕਿ ਐਲ. ਡੀ. ਓ. ਦੀ ਵੰਡ ਵਿਚ ਖੇਤੀਬਾੜੀ ਦੇ ਕੰਮਾਂ ਨੂੰ ਉਚੇਚੀ ਅਗੇਤ ਦਿੱਤੀ ਜਾਵੇ।

(3) ਪੰਜਾਬ ਕਮਾਡਿਟੀ ਪ੍ਰਾਈਸ ਅਤੇ ਮਾਰਕਿੰਗ ਡਿਸਪਲੇ ਆਰਡਰ ਦੇ ਤਹਿਤ ਸਬੰਧਤ ਅਧਿਕਾਰੀਆਂ ਨੂੰ ਅਧਿਕਾਰ ਦਿੱਤੇ ਜਾ ਰਹੇ ਹਨ ਕਿ ਉਹ ਐਲ. ਡੀ. ਓ./ਐਚ. ਐਸ. ਡੀ. ਦੀ ਠੀਕ ਵੰਡ ਸਬੰਧੀ ਡੀਲਰਾਂ ਨੂੰ ਉਚਿਤ ਹਦਾਇਤਾਂ ਕਰ ਸਕਣ।

(4) ਐਚ. ਐਸ. ਡੀ. ਖੇਤੀਬਾੜੀ ਤੋਂ ਇਲਾਵਾ ਟਰੈਕਟਰਾਂ, ਟਰੱਕਾਂ ਅਤੇ ਬੱਸਾਂ ਵਿਚ ਵਰਤਿਆ ਜਾਂਦਾ ਹੈ ਅਤੇ ਇਹ ਬਹੁਤ ਸਾਰੇ ਉਦਯੋਗਿਕ ਢੰਗਾਂ ਵਾਸਤੇ ਵੀ ਵਰ-ਤਿਆ ਜਾਂਦਾ ਹੈ। ਇਸ ਦੀ ਵੰਡ ਰਾਸ਼ਨਿੰਗ ਰਾਹੀਂ ਕਰਨੀ ਕੁੱਝ ਔਖੀ ਹੈ ਪਰ ਫਿਰ ਵੀ ਖੇਤੀਬਾੜੀ ਦੇ ਕੰਮਾਂ ਵਾਸਤੇ ਇਸ ਦੇ ਵੀ ਸਕੇਲ ਨਿਯਤ ਕੀਤੇ ਜਾ ਰਹੇ ਹਨ, ਅਤੇ ਕੰਪਨੀਆਂ ਨੇ ਪੈਟਰੋਲ ਪੰਪਾਂ ਨੂੰ ਇਹ ਹਦਾਇਤਾਂ ਕਰ ਦਿੱਤੀਆਂ ਹਨ ਕਿ ਕਿਸੇ ਟਰੱਕ ਜਾਂ ਬੱਸ ਨੂੰ ਸਰਵਿਸ ਟੈਂਕਾਂ ਤੋਂ ਇਲਾਵਾ ਡਰੱਮਾਂ ਵਿੱਚ ਐਚ. ਐਸ. ਡੀ ਨਾ ਦੇਣ।

(5) ਕੁਝ ਜ਼ਿਲ੍ਹਿਆਂ ਵਿਚ, ਖਾਸ ਤੌਰ ਤੇ ਫਰੀਦਕੋਟ, ਸੰਗਰੂਰ ਅਤੇ ਪਟਿਆਲਾ ਜ਼ਿਲਿਆਂ ਵਿੱਚ ਕੁੱਝ ਲੋਕਾਂ ਵਲੋਂ ਤੇਲ ਲਿਜਾ ਰਹੇ ਟੈਂਕਰਾਂ ਨੂੰ ਘੇਰ ਲੈਣ ਬਾਰੇ ਰਿਪੋਰਟਾਂ ਆਈਆਂ ਹਨ। ਅਜਿਹੀਆਂ ਵਾਰਦਾਤਾਂ ਨਾਲ ਨਿਬੜਨ ਲਈ ਡਿਪਟੀ ਕਮਿਸ਼ਨਰਾਂ ਤੇ ਜ਼ਿਲ੍ਹਾ ਪੁਲਿਸ ਅਧਿਕਾਰੀਆਂ ਨਾਲ ਰੋਜ਼ਾਨਾ ਤਾਲਮੇਲ ਰੱਖਿਆ ਜਾ ਰਿਹਾ ਹੈ। ਇਸ ਤਰ੍ਹਾਂ ਸਪਸ਼ਟ ਹੈ ਕਿ ਸਰਕਾਰ ਇਨ੍ਹਾਂ ਦੋਨਾਂ ਡੀਜ਼ਲ ਦੀਆਂ ਵਸਤੂਆਂ ਦੀ ਸਪਲਾਈ ਜ਼ਿਆਦਾ ਤੋਂ ਜ਼ਿਆਦਾ ਵਧਾਉਣ ਅਤੇ ਠੀਕ ਵੰਡ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਡਿਪੂਆਂ ਤੇ ਸਪ-ਲਾਈ ਵਧਾਉਣ ਤੇ ਵੀ ਯਤਨ ਲਗਾਤਾਰ ਜਾਰੀ ਹਨ।

(Serial No. 10)

Comrade Shamsher Singh Josh
Comrade Saghar Singh } : to draw the attention of the Government towards a matter of urgent public importance, namely the decision of the State Employees Action Committee to go on strike on 21st

and 22nd February, 1974, to get their demands for D. A. on Central pattern conceded. As the matter is of urgent public importance and the entire State Administration is going to be paralysed, the Punjab Government is asked to make a statement and explain its position vis-a-vis the demands of the employees.

Shri Hans Raj Sharma (Finance Minister) : The Punjab Government is committed to grant dearness allowance to its employees on the pattern of the Government of India. The first instalment of the dearness allowance granted to the State employees with effect from the 1st September, 1968, was at par with that sanctioned by the Government of India from that date. The three instalments of interim relief granted by the Government of India to its employees on the recommendations of the Third Central Pay Commission, with effect from 1st March, 1970, 1st October, 1971 and 1st August, 1972, were also given to the Punjab Government employees as additional relief with effect from 1st March, 1971, 1st October 1971 17th March, 1972 and 1st August, 1972.

The commitment of the State Government to follow the Central pattern was restricted to the dearness allowance portion only of the interim relief. The calculation made by the Government have revealed that the excess payment on account of "pay-portion' of the additional relief granted to the State Government employees from 17th March, 1972 to 30th April, 1973 has off-set the small amount of the dearness allowance admissible and payable to them for the period from 1st March, 1970 to 28th February, 1971 and also the subsequent period up to 16th March, 1972.

2. While following the Central pattern for the grant of the additional dearnress allowance to the State Government employees with effect from 1st May, 1973, 1st August, 1973 and 1st October, 1973, after adjusting the "pay-portion." of the additional relief already paid, the Punjab Government has decided that for the purpose of calculating the amount of this allowance, the emoluments shall be the sum-total of the basic pay, including personal/special pay, and the existing dearness allowance (including dearness pay) and the additional relief at the rates admissible on the basic pay. This is not a small concession to the State employees.

3. In this connection, it may be stated that the employees' representatives were aware that the additional relief granted to the State Government employees on the Central pattern was not wholly dearness allowance and that it contained an element of pay also. In the meeting held on 5th April, 1972 and attended by three Members of the State Legislature as well as three representatives of the employees, it was decided that to the extent the Government of India converted a part of the interim relief into the dearness allowance the State Government should do like-wise. It is not reasonable for the employees' unions to contend now that the whole of the additional relief was the dearness allowance and to demand no adjustment to be made on account of 'pay-portion'. The Government is, therefore, justified in making adjustment of the amount drawn in excess of the amounts due while sanctioning additional dearness allowance with effect from 1st May, 1973, 1st August, 1973 and 1st October, 1973. Any grievance or agitation in support of such demands is thus, un-called for, ill-advised and unjustified. The employees should appreciate that the Government has provided funds for the grant of the additional dearness allwoance, despite the heavy

[Finance Minister]

pressure on the State Finances for implementing its socio-economic programmes and development schemes. It appears that the employees' Unions appreciating the correct position have deferred their decision to go on strike. It is hoped that saner counsels will prevail and agitational approach will be totally abondoned by the employees.

(ਕ੍ਰਮ ਨੰ : 15)

ਮਾਸਟਰ ਚੰਦ ਸਿੰਘ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਰਾਜਪੁਰਾ, ਜ਼ਿਲ੍ਹਾ ਪਟਿਆਲਾ ਦੇ ਧਾਗਾ ਮਿੱਲ ਮਜ਼ਦੂਰਾਂ ਨੇ ਅਨਿਸਚਿਤ ਸਮੇਂ ਦੀ ਹੜਤਾਲ ਕਰਕੇ ਪੁਰਅਮਨ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ ਜਿਸ ਵਿਚ ਸੈਂਕੜੇ ਮਜ਼ਦੂਰਾਂ ਨੂੰ ਕੰਮ ਤੋਂ ਵਿਹਲੇ ਕਰਕੇ ਜੇਹਲਾਂ ਵਿਚ ਸੁਟਿਆ ਜਾ ਰਿਹਾ ਹੈ ਅਤੇ ਬਹੁਤ ਸਾਰੇ ਟਰੇਡ ਯੂਨੀਅਨ ਵਰਕਰਾਂ ਨੂੰ ਵੀ ਗ੍ਰਿਫਤਾਰ ਕਰਕੇ ਜੇਹਲਾਂ ਵਿਚ ਪਾਇਆ ਗਿਆ ਹੈ। ਇਸ ਨਾਲ ਮਜ਼ਦੂਰਾਂ ਅਤੇ ਮੁਲਾਜ਼ਮਾਂ ਵਿਚ ਭਾਰੀ ਬੇਚੈਨੀ ਪਾਈ ਜਾ ਰਹੀ ਹੈ। ਇਹ ਬਹੁਤ ਹੀ ਅਹਿਮ ਮਸਲਾ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਫੜੇ ਹੋਏ ਮਜ਼ਦੂਰਾਂ ਅਤੇ ਹੋਰ ਆਗੂਆਂ ਨੂੰ ਤੁਰੰਤ ਰਿਹਾ ਕਰੇ ਅਤੇ ਉਨ੍ਹਾਂ ਦੀਆਂ ਸਾਰੀਆ ਮੰਗਾਂ ਪ੍ਰਵਾਨ ਕਰੇ ਤਾਂਕਿ ਸ਼ਾਂਤੀ ਕਾਇਮ ਰਹਿ ਸਕੇ ਸਰਕਾਰ ਨੂੰ ਬੇਨਤੀ ਹੈ ਕਿ ਇਸ ਬਾਰੇ ਹਾਊਸ ਵਿੱਚ ਬਿਆਨ ਦੇਵੇ।

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) ਭਾਰਤ ਕਾਮਰਸ ਇੰਡਸਟਰੀਜ਼ ਰਾਜਪੁਰਾ ਵਿਖੇ, ਮਾਲਕਾਂ ਅਤੇ ਮਜ਼ਦੂਰਾਂ ਦੇ ਵਿਚਕਾਰ, ਮਈ 1973 ਤੱਕ ਕੱਢੇ ਗਏ ਕੁਝ ਵਰਕਰਾਂ (15) ਦੀ ਬਹਾਲੀ ਦੇ ਸਵਾਲ ਤੇ ਝਗੜਾ ਸੀ ਜਿਸ ਦਾ ਫੈਸਲਾ ਕਰਵਾਉਣ ਲਈ ਕ੍ਰਿਤ ਵਿਭਾਗ ਦੁਆਰਾ ਗੱਲ-ਬਾਤ ਚਲਦੀ ਰਹੀ ਪਰੰਤੂ ਕੋਈ ਫੈਸਲਾ ਨਾ ਹੋ ਸਕਿਆ। ਕੱਢੇ ਹੋਏ ਵਰਕਰਾਂ ਵਿੱਚੋਂ ਇਕ ਵਰਕਰ ਸ਼੍ਰੀ ਰਾਮਾ ਨੰਦ ਨੇ ਮਿਤੀ 9 ਸਤੰਬਰ, 1973 ਨੂੰ ਫੈਕਟਰੀ ਦੇ ਸਾਹਮਣੇ ਭੁੱਖ ਹੜਤਾਲ ਆਰੰਭ ਕਰ ਦਿੱਤੀ। ਭੁੱਖ ਹੜਤਾਲ ਕਾਰਨ ਸ਼੍ਰੀ ਰਾਮਾਨੰਦ ਦੀ ਹਾਲਤ ਖਰਾਬ ਹੋ ਰਹੀ ਸੀ ਜਿਸ ਕਾਰਨ ਉਸ ਨੂੰ ਸਥਾਨਿਕ ਪੁਲਿਸ ਨੇ ਮੁਕੱਦਮਾ ਨੰ: 268 ਮਿਤੀ 5 ਅਕਤੂਬਰ, 1973 ਅਧੀਨ ਧਾਰਾ 309 ਆਈ ਪੀ. ਸੀ. ਗ੍ਰਿਫਤਾਰ ਕਰਕੇ ਉਸੇ ਦਿਨ ਸੈਂਟਰਲ ਜੇਲ੍ਹ ਪਟਿਆਲਾ ਵਿਖੇ ਭੇਜ ਦਿੱਤਾ, ਜਿੱਥੇ ਕਮਜ਼ੋਰੀ ਕਾਰਨ ਉਸ ਨੂੰ ਜੇਲ੍ਹ ਦੇ ਹਸਪਤਾਲ ਵਿਚ ਦਾਖ਼ਲ ਕੀਤਾ ਗਿਆ ਅਤੇ ਉਸਨੇ ਭੁੱਖ ਹੜਤਾਲ ਖੋਹਲ ਦਿੱਤੀ। ਮਿਤੀ 21 ਦਸੰਬਰ, 1973 ਨੂੰ ਉਸ ਨੂੰ ਦਿਲ ਦਾ ਦੌਰਾ ਪਿਆ ਜਿਸ ਕਾਰਨ ਬਾਵਜੂਦ ਫੌਰੀ ਡਾਕਟਰੀ ਸਹਾਇਤਾ ਦੇ ਉਸਦੀ ਉਸੇ ਦਿਨ ਮੌਤ ਹੋ ਗਈ।

ਸ਼੍ਰੀ ਰਾਮਾਨੰਦ ਦੀ ਮੌਤ ਤੋਂ ਉਪਰੰਤ ਕੁਝ ਰਾਜਸੀ ਪਾਰਟੀਆਂ ਦੇ ਸਥਾਨਕ ਵਰਕਰਾਂ ਨੇ ਇਸ ਘਟਨਾ ਨੂੰ ਐਕਸਪਲਾਇਟ (exploit) ਕੀਤਾ ਅਤੇ ਫੈਕਟਰੀ ਦੇ ਮਜ਼ਦੂਰਾਂ ਦੁਆਰਾ ਭਾਰੀ ਪਿਕਟਿੰਗ ਹੋਣ ਕਾਰਨ ਪ੍ਰਬੰਧਕਾਂ ਨੇ ਫੈਕਟਰੀ ਵਿਚ ਲਾਕ ਆਊਟ (Lock out) ਕਰ ਦਿੱਤਾ। ਪਿਕਟਿੰਗ ਦੇ ਦੌਰਾਨ ਹਿੰਸਿਕ ਘਟਨਾਵਾਂ ਹੋਈਆਂ ਜਿਨ੍ਹਾਂ ਬਾਰੇ ਸਬੰਧਤ ਕਾਨੂੰਨ ਅਨੁਸਾਰ ਥਾਣਾ ਰਾਜਪੁਰਾ ਵਿਖੇ ਮੁਕੱਦਮੇ ਦਰਜ ਹੋਏ। ਪ੍ਰਬੰਧਕਾਂ ਅਤੇ ਮਜ਼ਦੂਰਾਂ ਦੇ ਵਿਚਕਾਰ ਸਮਝੌਤੇ ਲਈ ਕੋਈ ਲਾਭਦਾਇਕ ਸਿੱਟਾ ਨਾ ਨਿਕਲ ਸਕਿਆ। ਇਥੇ ਇਹ ਦੱਸਣਾ ਯੋਗ ਹੈ ਕਿ ਫੈਕਟਰੀ ਦੇ ਮਜ਼ਦੂਰਾਂ ਦੀ ਭਾਰੀ ਬਹੁਗਿਣਤੀ ਮਜ਼ਦੂਰ ਅੰਦੋਲਨ ਵਿਚ ਸ਼ਾਮਲ ਨਹੀਂ ਸੀ ਅਤੇ ਪਿਕਟਿੰਗ ਕਰਨ ਵਾਲੇ ਮਜ਼ਦੂਰ ਫੈਕਟਰੀ ਵਿੱਚ ਬਹੁਤ ਘੱਟ ਗਿਣਤੀ ਵਿੱਚ ਸਨ। ਮਿਤੀ 5

ਜਨਵਰੀ, 1974 ਨੂੰ ਪ੍ਰਬੰਧਕਾਂ ਨੇ ਮਿਤੀ 6 ਜਨਵਰੀ, 1974 ਸਵੇਰੇ 7 ਵਜੇ ਤੋਂ ਲਾਕ ਆਊਟ (Lock out) ਹਟਾਉਣ ਦਾ ਫ਼ੈਸਲਾ ਕੀਤਾ। ਕੁਝ ਮਜ਼ਦੂਰਾਂ ਨੇ ਇਸ ਗੱਲ ਨੂੰ ਪਸੰਦ ਨਹੀਂ ਕੀਤਾ ਅਤੇ ਪਿਕਟਿੰਗ ਹੋਰ ਭੀ ਤੇਜ਼ ਕਰ ਦਿੱਤੀ ਅਤੇ ਫ਼ੈਕਟਰੀ ਤੇ ਭਾਰੀ ਪਥਰਾਓ ਕੀਤਾ ਜਿਸ ਨਾਲ ਸਥਿਤੀ ਨੂੰ ਹੋਰ ਵਿਗੜਨ ਤੋਂ ਬਚਾਉਣ ਲਈ ਐਸ. ਡੀ. ਐਮ. ਰਾਜਪੁਰਾ ਨੇ ਧਾਰਾ 144 ਜ਼ਾਬਤਾ ਫ਼ੌਜਦਾਰੀ ਲਾਗੂ ਕਰ ਦਿੱਤੀ । ਕਈ ਵਾਰ ਵਾਰਨਿੰਗ ਦੇਣ ਦੇ ਬਾਵਜੂਦ ਹੜਤਾਲੀ ਮਜ਼ਦੂਰਾਂ ਵਲੋਂ ਕਾਨੂੰਨ ਦੀ ਉਲੰਘਣਾ ਕੀਤੀ ਗਈ ਜਿਸਤੇ ਧਾਰਾ 188 ਆਈ ਪੀ. ਸੀ. ਹੇਠ ਮੁਕੱਦਮਾ ਦਰਜ ਕੀਤਾ ਗਿਆ । ਇਸ ਮੁਕੱਦਮੇ ਵਿਚ ਸ੍ਰੀ ਰਾਜ ਨਰਾਇਣ ਵਰਕਰ ਨੂੰ ਜੋ ਕਿ ਹੋਰ ਭੀ ਕਈ ਮੁਕੱਦਮਿਆਂ ਵਿਚ ਦਰਕਾਰ ਸੀ, ਗ੍ਰਿਫ਼ਤਾਰ ਕੀਤਾ ਗਿਆ । ਬਾਕੀ ਮਜ਼ਦੂਰਾਂ ਨੂੰ ਉਥੋਂ ਖਿੰਡਾ ਦਿੱਤਾ ਗਿਆ । ਉਪਰੋਕਤ ਅੰਦੋਲਨ ਦੇ ਸਬੰਧ ਵਿਚ (ਮਿਤੀ 23 ਦਸੰਬਰ 1973 ਤੋਂ 7 ਜਨਵਰੀ, 1974 ਤੱਕ) 9 ਮੁਕੱਦਮੇਂ ਦਰਜ ਹੋਏ, ਜਿਨ੍ਹਾਂ ਵਿਚ 171 ਵਿਅਕਤੀ ਗ੍ਰਿਫ਼ਤਾਰ ਕੀਤੇ ਗਏ। ਹੜਤਾਲ ਹੌਲੇ ਹੌਲੇ ਘਟਦੀ ਗਈ ਅਤੇ 15 ਜਨਵਰੀ, 1974 ਤੱਕ ਬਿਲਕੁਲ ਸਮਾਪਤ ਹੋ ਗਈ । ਮਿਤੀ 15 ਜਨਵਰੀ, 1974 ਤੋਂ ਬਾਅਦ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ।

ਸਥਾਨਕ ਸਰਕਾਰੀ ਪ੍ਰਸ਼ਾਸਕਾਂ ਨੇ ਭਾਰਤ ਕਾਮਰਸ ਇੰਡਸਟਰੀਜ਼ (ਧਾਗਾ ਮਿਲ) ਰਾਜਪੁਰਾ ਦੇ ਮਜ਼ਦੂਰਾਂ ਦੇ ਉਪਰੋਕਤ ਅੰਦੋਲਨ ਨੂੰ ਹਮਦਰਦੀ ਅਤੇ ਸੂਝ ਬੂਝ ਨਾਲ ਨਿਭਾਇਆ ਹੈ। ਸਥਿਤੀ ਨਾਲ ਨਿਪਟਣ ਲਈ ਕੇਵਲ ਘੱਟੋ ਘੱਟ ਆਵੱਸ਼ਕ ਤਾਕਤ ਹੀ ਵਰਤੀ ਗਈ ਅਤੇ ਕੋਈ ਅਜਿਹਾ ਐਕਸ਼ਨ ਨਹੀਂ ਲਿਆ ਗਿਆ ਜਿਸ ਕਾਰਨ ਹੜਤਾਲੀ ਮਜ਼ਦੂਰਾਂ ਨੂੰ ਰੋਸ ਹੋ ਸਕੇ। ਫਲਸਰੂਪ ਇਸ ਸਮੇਂ ਸਥਿਤੀ ਆਮ ਵਰਗੀ ਹੈ ਅਤੇ ਫੈਕਟਰੀ ਵਿਚ ਕੰਮ ਪੁਰ-ਅਮਨ ਤਰੀਕੇ ਨਾਲ ਹੋ ਰਿਹਾ ਹੈ ।

ਕਾਮਰੇਡ ਸੱਤ ਪਾਲ ਡਾਂਗ : ** ** (ਵਿਘਨ)

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਕਿਥੋਂ ਬਣਦਾ ਹੈ ? .... (ਵਿਘਨ) (How does it form a point of order ?) (*Interruption*)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜ਼ੀਰੋ ਆਵਰ ਹੈ ਅਤੇ ਅਸੀਂ ਪੁਆਇੰਟ ਆਫ਼ ਆਰਡਰ ਰੇਜ਼ ਕਰ ਸਕਦੇ ਹਾਂ। (ਵਿਘਨ)

ਮਾਲ ਅਤੇ ਚੋਣ ਮੰਤਰੀ : (ਸਰਦਾਰ ਉਮਰਾਓ ਸਿੰਘ) ਕਿਹੜਾ ਜ਼ੀਰੋ ਆਵਰ ਹੈ ਜੀ। (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਦੋਂ ਸਰਦਾਰ ਉਮਰਾਓ ਸਿੰਘ ਹੋਰੀਂ ਉਧਰ (ਅਪੋਜ਼ੀਸ਼ਨ ਬੈਂਚਾਂ ਤੇ) ਸਨ ਤਾਂ ਉਦੋਂ ਇਨ੍ਹਾਂ ਨੂੰ ਜ਼ੀਰੋ ਆਵਰ ਦਾ ਪਤਾ ਸੀ.............. (ਵਿਘਨ) ਚੀਫ਼ ਮਨਿਸਟਰ ਸਾਹਿਬ ਇਹ ਫੈਸਲਾ ਕਰਨ................. (ਵਿਘਨ)

ਮਾਲ ਅਤੇ ਚੋਣ ਮੰਤਰੀ : ਕਲ੍ਹ ਨੂੰ ਕਹਿਣਗੇ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ ਮੈਂ ਪੁਆਇੰਟ ਆਫ ਆਰਡਰ ਕਰਨ ਤੋਂ ਪਹਿਲਾਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ

**Expunged as ordered by the Chair.

[ਸਰਦਾਰ ਅਜਾਇਬ ਸਿੰਘ ਸੰਧੂ]

ਕਿ ਜ਼ੀਰੋ ਆਵਰ ਦਾ ਫੈਸਲਾ ਤੁਸੀਂ ਕਰਨਾ ਹੈ ਨਾ ਕਿ ਸਰਦਾਰ ਉਮਰਾਓ ਸਿੰਘ ਨੇ। ਇਹ ਪਹਿਲਾਂ ਹੀ ਜ਼ੀਰੋ ਹਨ, ਇਹ ਫੈਸਲਾ ਨਹੀਂ ਕਰ ਸਕਦੇ।

ਸ੍ਰੀ ਸਪੀਕਰ : ਇਹ ਤਾਂ ਪਾਰਲੀਮੈਂਟਰੀ ਅਫੇਰਜ਼ ਮਨਿਸਟਰ ਹਨ, ਜ਼ੀਰੋ ਕੋਈ ਨਹੀਂ। (ਵਿਘਨ) (Hon. Minister is the Minister for Parliamentary Affairs and not zero) (*Interruptions*)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ** ** (ਵਿਘਨ (ਹਾਸਾ)

ਸ੍ਰੀ ਸਪੀਕਰ : ਇਹ ਕੋਈ ਪਆਇੰਟ ਆਫ਼ ਆਰਡਰ ਨਹੀਂ ਹੈ। (This is not a point of order.)

ਸਰਦਾਰ ਅਜਾਇਬ ਸਿੰਘ ਸੰਧੂ : ** **

ਸ੍ਰੀ ਸਪੀਕਰ:: ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (ਸ਼ੋਰ) (This is not a point of order.) (Noise)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਡਾਕਟਰ ਸਾਹਿਬ, ਬਾਹਰ ਬੈਠੇ ਹਨ, ਉਹ (ਵਿਘਨ)

ਸ੍ਰੀ ਸਪੀਕਰ : ਸੰਧੂ ਸਾਹਿਬ, ਤੁਹਾਡੇ ਜਿਸ ਮੈਂਬਰ ਸਾਹਿਬ ਨੇ ਡਿਬੇਟ ਵਿਚ ਹਿੱਸਾ ਲੈਣਾ ਹੈ ਉਸ ਨੂੰ ਕਹਿ ਦਿਓ ਕਿ ਉਹ ਡਾਕਟਰਾਂ ਬਾਰੇ ਪੂਰੇ ਜ਼ੋਰ ਨਾਲ ਗੱਲ ਕਰ ਲੈਣਗੇ (ਵਿਘਨ) (Sandhu Sahib, you may please ask the Member of your party, who is participating in the debate to speak in detail regarding the demand of the Doctors)

ਕਾਮਰੇਡ ਅਛਰਾ ਸਿੰਘ : ** **

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ (Whatever the hon. Member is saying should not be recorded.)

BILL

THE PUNJAB LAND REVENUE (AMENDMENT) BILL, 1974

Revenue and Election Minister (Sardar Umrao Singh) : Sir, I beg to ask for leave to introduce the Punjab Land Revenue (Amendment) Bill.

Mr. Speaker : Motion moved —

That leave be granted to introduce the Punjab Land Revenue (Amendment) Bill.

Mr. Speaker : Question is—

That leave be granted to introduce the Punjab Land Revenue (Amendment) Bill.

The motion was carried

Revenue and Election Minister (Sardar Umrao Singh) Sir, I introduce the Bill.

**Expunged/Not recorded as ordered by the chair.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਕਾਲ ਅਟੈਨਸ਼ਨ ਮੋਸ਼ਨਜ਼ ਦੇ ਜਿਹੜੇ ਜਵਾਬ ਰਖੇ ਹਨ ਉਨ੍ਹਾਂ ਦਾ ਸੁਆਲ ਅੱਜ ਪੁੱਛ ਲਈਏ ਜਾਂ ਕਲ੍ਹ ?

ਸ਼੍ਰੀ ਸਪੀਕਰ : ਕਲ੍ਹ ਨੂੰ ਪੁੱਛ ਲੈਣਾ। (You may do so tomorrow.

DISCUSSION ON GOVERNOR'S ADDRESS,
(*Resumption*)

Mr. Speaker: Now the House will resume discussion on the Motion of Thanks for Governor's Address moved by Chaudhri Darshan Singh M, L, A. on the 19th February, 1974 and seconded by Dr. Amir Singh Kalkat, M. L. A.

ਸ਼੍ਰੀ ਪ੍ਰੇਮ ਗੁਪਤਾ : (ਪਟਿਆਲਾ) ਸਪੀਕਰ ਸਾਹਿਬ, ਇਸ ਹਾਊਸ ਵਿਚ ਗਵਰਨਰ ਸਾਹਿਬ ਦੇ ਧੰਨਵਾਦ ਦਾ ਮਤਾ ਜੋ ਚੌਧਰੀ ਦਰਸ਼ਨ ਸਿਘ ਜੀ ਨੇ ਪੇਸ਼ ਕੀਤਾ ਹੈ ਅਤੇ ਡਾਕਟਰ ਅਮੀਰ ਸਿੰਘ ਕਲਕਟ ਜੀ ਨੇ ਉਸਦੀ ਤਾਈਦ ਕੀਤੀ ਹੈ, ਮੈਂ ਉਸਦੀ ਮਜ਼ੀਦ ਤਾਈਦ ਕਰਨ ਲਈ ਖੜ੍ਹਾ ਹੋਇਆ ਹਾਂ। ਗਵਰਨਰ ਸਾਹਿਬ ਨੇ ਆਪਣੇ ਭਾਸ਼ਨ ਨੂੰ ਕਨਕਲੂਡ ਕਰਦਿਆਂ ਕਿਹਾ ਕਿ ਪਿਛਲਾ ਸਾਲ ਪੰਜਾਬ ਸਰਕਾਰ ਲਈ ਸਟਰੈਸਿਜ਼ ਅਤੇ ਸਟਰੇਨਜ਼ ਦਾ ਸੀ ਅਤੇ ਸਾਰੇ ਖੇਤਰਾਂ ਵਿਚ ਬਹੁਤ ਸਾਰੀਆਂ ਮੁਸ਼ਕਲਾਂ ਪੈਦਾ ਹੋਈਆਂ। ਬਾਵਜੂਦ ਇਨ੍ਹਾਂ ਹਾਲਤਾਂ ਦੇ ਪੰਜਾਬ ਸਰਕਾਰ ਨੇ ਉਨ੍ਹਾਂ ਦਾ ਮੁਕਾਬਲਾ ਬੜੀ ਦਲੇਰੀ ਅਤੇ ਬਹਾਦਰੀ ਨਾਲ ਕੀਤਾ। ਸਰਕਾਰ ਨੇ ਸੂਬੇ ਵਿਚ ਕਿਸੇ ਵੀ ਐਕਟਿਵਿਟੀ ਦੇ ਵਿਚ ਚਾਹੇ ਉਹ ਡਿਵੈਲਪਮੈਂਟ ਦੀ ਸੀ, ਚਾਹੇ ਸੋਸ਼ਲ ਸਰਵਿਸ ਦੀ ਚਾਹੇ ਕੋਈ ਹੋਰ ਉਸ ਵਿਚ ਰੁਕਾਵਟ ਨਹੀਂ ਆਉਣ ਦਿੱਤੀ। ਇਸ ਸੂਬੇ ਦੀ ਤਰੱਕੀ ਦੀ ਰਫਤਾਰ ਕਾਇਮ ਰੱਖੀ।

3.56 P.M. (ਇਸ ਵਕਤ ਸ਼੍ਰੀ ਡਿਪਟੀ ਸਪੀਕਰ ਨੇ ਪਰਧਾਨਗੀ ਦੀ ਕੁਰਸੀ ਸੰਭਾਲੀ)

ਲੋਕਾਂ ਦੀ ਭਲਾਈ ਵਾਸਤੇ, ਕਿਸਾਨਾਂ ਦੀ ਤਰੱਕੀ ਵਾਸਤੇ, ਜਿਹੜੀ ਵੀ ਔਕੜ ਆਈ ਉਸ ਵਲ ਸਰਕਾਰ ਨੇ ਫੌਰੀ ਧਿਆਨ ਦਿੱਤਾ ਅਤੇ ਉਨ੍ਹਾਂ ਦੀਆਂ ਔਕੜਾਂ ਦੂਰ ਕੀਤੀਆਂ। ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਐਡਰੈਸ ਵਿਚ ਜੋ ਜੋ ਗੱਲਾਂ ਅਚੀਵਮੈਂਟਸ ਬਾਰੇ, ਜੋ ਪੰਜਾਬ ਸਰਕਾਰ ਨੇ ਅਚੀਵ ਕੀਤੀਆਂ ਹਨ, ਜੇ ਮੈਂ ਉਨ੍ਹਾਂ ਦਾ ਇਕ ਇਕ ਦਾ ਜ਼ਿਕਰ ਕਰਾਂ ਤਾਂ ਬੜਾ ਲਮਾਂ ਸਮਾਂ ਲਗੇਗਾ। ਮੈਂ ਬੜਾ ਬਰੀਫਲੀ ਜਿਹਾ ਅਤੇ ਥੋਹੜੇ ਜਿਹੇ ਸ਼ਬਦਾਂ ਵਿਚ 4-5 ਖੇਤਰਾਂ ਬਾਰੇ ਜ਼ਿਕਰ ਕਰਨਾ ਮੁਨਾਸਬ ਸਮਝਦਾ ਹਾਂ।

ਪਹਿਲੀ ਗੱਲ ਤਾਂ ਇਹ ਹੈ ਕਿ ਸਾਡਾ ਪੰਜਾਬ ਦਾ ਸੂਬਾ ਹਿੰਦੁਸਤਾਨ ਵਿਚ ਐਗਰੀਕਲਚਰ ਦਾ ਸੂਬਾ ਹੈ। ਸਾਡੀ ਜਿਹੜੀ ਇਕਾਨੌਮੀ ਹੈ ਇਹ ਐਗਰੀਕਲਚਰ ਤੇ ਬੇਸ ਕਰਦੀ ਹੈ ਅਤੇ ਇਹ ਸੂਬਾ ਸਾਰੇ ਹਿੰਦੁਸਤਾਨ ਨੂੰ ਅੰਨ ਪੈਦਾ ਕਰਕੇ ਦਿੰਦਾ ਹੈ। ਇਸ ਖੇਤਰ ਵਿਚ ਕਣਕ ਅਤੇ ਚਾਵਲ ਦੀ ਜਿਹੜੀ ਪ੍ਰੋਕਿਓਰਮੈਂਟ ਹੋਈ ਹੈ ਉਸ ਵਿਚ ਅਸੀਂ ਆਪਣੇ ਟਾਰਗੇਟਸ ਅਚੀਵ ਕੀਤੇ ਅਤੇ ਹਿੰਦੁਸਤਾਨ ਦੇ ਅੰਨ ਦੇ ਭੰਡਾਰ ਵਿਚ ਸਭ ਤੋਂ ਜ਼ਿਆਦਾ ਹਿੱਸਾ ਪਾਇਆ ਹੈ। ਲੇਕਿਨ ਇਹ ਗੱਲ ਦਰੁਸਤ ਹੈ ਕਿ ਉਸ ਵੇਲੇ ਇਹ ਮਹਿਸੂਸ ਕੀਤਾ ਜਾਂਦਾ ਸੀ ਕਿ ਕਣਕ ਦੀ ਕੀਮਤ ਘੱਟ ਹੈ। ਪੰਜਾਬ ਦੇ ਚੀਫ ਮਨਿਸਟਰ ਸਾਹਿਬ ਨੇ ਚੀਫ ਮਨਿਸਟਰਜ਼ ਕਾਨਫਰੰਸ ਵਿਚ ਪੰਜਾਬ ਦੇ ਕਿਸਾਨਾਂ ਦੀ ਤਰਜਮਾਨੀ ਕਰਦਿਆਂ ਉਨ੍ਹਾਂ ਦੀ ਨੁਮਾਇੰਦਗੀ ਕਰਦਿਆਂ ਕਣਕ ਦੇ ਭਾਅ ਦਾ ਫ਼ੈਸਲਾ ਕਰਵਾਇਆ

[ਸ੍ਰੀ ਪ੍ਰੇਮ ਗੁਪਤਾ]

ਅਤੇ ਜੋ ਫ਼ਸਲ ਇਥੇ ਖਰੀਦੀ ਜਾ ਚੁਕੀ ਸੀ ਉਸਦੇ ਬਾਦ ਉਸ ਦਾ ਕਿਸਾਨਾ ਨੂੰ 13 ਕਰੋੜ 50 ਲੱਖ ਰੁਪਿਆ ਬੋਨਸ ਦਿਤਾ ਗਿਆ। ਇਸ ਤਰ੍ਹਾਂ ਪੈਡੀ ਦੀ ਕੀਮਤ 53 ਤੋਂ 70 ਰੁਪਏ ਕਰਵਾਈ। ਮੈਂ ਸਮਝਦਾ ਹਾਂ ਕਿ ਇਹ ਕਦਮ ਪੰਜਾਬ ਦੇ ਕਿਸਾਨ ਦੀ ਭਲਾਈ ਵਾਸਤੇ ਅਤੇ ਹਿੰਦੁਸਤਾਨ ਦੇ ਵਿਚ ਅੰਨ ਦੀ ਘਾਟ ਨੂੰ ਪੂਰਾ ਕਰਨ ਵਾਸਤੇ ਬੜੇ ਸ਼ਲਾਘਾਯੋਗ ਹਨ। ਮੈਂ ਇਥੇ ਸਰਕਾਰ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਕਿਸਾਨਾਂ ਦੀਆਂ ਜਿਹੜੀਆਂ ਤਕਲੀਫਾਂ ਹਨ ਚਾਹੇ ਇਨਪੁਟਸ ਦੀਆਂ ਹਨ, ਚਾਹੇ ਖਾਦ ਦੀਆਂ ਹਨ, ਚਾਹੇ ਡੀਜ਼ਲ ਦੀਆਂ ਹਨ ਚਾਹੇ ਆਉਣ ਵਾਲੀਆਂ ਕੋਈ ਹੋਰ ਮੁਸ਼ਕਲਾਂ ਹਨ ਉਨ੍ਹਾਂ ਵਲ ਸਰਕਾਰ ਨੂੰ ਛੇਤੀ ਧਿਆਨ ਦੇ ਕੇ ਤੇ ਉਨ੍ਹਾਂ ਦਾ ਹੱਲ ਕਰਨਾ ਚਾਹੀਦਾ ਹੈ ਭਾਵੇਂ ਹਾਲਾਤ ਕੁਝ ਵੀ ਹੋਣ। ਡਿਪਟੀ ਸਪੀਕਰ ਸਾਹਿਬ, ਇਕ ਗੱਲ ਦਾ ਅੰਦਾਜ਼ਾ ਲਗਾਓ ਕਿ ਕਾਰਨ ਕੋਈ ਵੀ ਹੋਣ ਜਿਸ ਤਰ੍ਹਾਂ ਪੰਜਾਬ ਸਰਕਾਰ ਨੇ ਕੋਸ਼ਿਸ਼ ਕਰਕੇ ਅੱਜ ਅਖ਼ਬਾਰ ਵਿਚ ਆਇਆ ਹੈ ਕਿ ਡੀਜ਼ਲ ਦੀ ਕਮੀ ਨੂੰ ਪੂਰਾ ਕਰਨ ਵਾਸਤੇ ਪੰਜਾਬ ਦੇ ਵਜ਼ੀਰ ਸਹਿਬਾਨ ਦਿੱਲੀ ਗਏ ਅਤੇ 53 ਲੱਖ ਲਿਟਰ ਡੀਜ਼ਲ ਮਨਜ਼ੂਰ ਕਰਵਾ ਲਿਆਂਦਾ। ਉਹ ਡੀਜ਼ਲ ਦੀਆਂ ਗੱਡੀਆਂ ਉਥੋਂ ਚਲ ਪਈਆਂ ਹਨ ਅਤੇ ਹੁਣ ਇਸੇ ਸੂਬੇ ਵਿਚ ਡੀਜ਼ਲ ਦੀ ਸ਼ਾਰਟੇਜ ਨਹੀਂ ਰਹਿਣੀ। ਤੁਸੀਂ, ਡਿਪਟੀ ਸਪੀਕਰ ਸਾਹਿਬ, ਆਪ ਅੰਦਾਜ਼ਾ ਲਗਾਓ ਕਿ ਜਿਸ ਕਿਸਾਨ ਨੇ ਕਣਕ ਪੈਦਾ ਕਰਨੀ ਹੈ ਜੇ ਉਸ ਨੂੰ 20 ਲਿਟਰ ਡੀਜ਼ਲ ਲੈਣ ਵਾਸਤੇ ਘੰਟਾ ਲਾਈਨ ਵਿਚ ਖੜਨਾ ਪਵੇ ਤਾਂ ਉਸ ਨੂੰ ਫ਼ਰੱਸਟਰੇਸ਼ਨ ਹੁੰਦੀ ਹੈ। ਅਨਾਜ ਦੇ ਪੈਦਾ ਕਰਨ ਵਿਚ ਜੋ ਪੰਜਾਬ ਸਰਕਾਰ ਨੇ ਕਦਮ ਉਠਾਏ ਹਨ, ਤੇਲ ਦੀ ਕਮੀਂ ਨੂੰ ਪੂਰਾ ਕਰਨ ਵਾਸਤੇ, ਖਾਦ ਵਗੈਰਾ ਦੀ ਸਪਲਾਈ ਵਾਸਤੇ ਉਸ ਤਰ੍ਹਾਂ ਮੈਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਕਣਕ ਦੀ ਥਰੈਸ਼ਿੰਗ ਵੇਲੇ ਵੀ ਕੋਈ ਕਮੀ ਨਾ ਰਹੇ। ਖਾਦ ਦੀ ਬਲੈਕ ਦੇ ਬਾਰੇ ਬੜੇ ਸੁਆਲ ਚਲ ਰਹੇ ਹਨ। ਬਲੈਕ ਦਾ ਮਸਲਾ ਸਾਰੇ ਹਿੰਦੁਸਤਾਨ ਵਿਚ ਚਲ ਰਿਹਾ ਹੈ। ਕੰਟਰੋਲ ਤੇ ਕੋਈ ਚੀਜ਼ ਨਹੀਂ ਮਿਲਦੀ ਅਤੇ ਜੇਕਰ ਬਲੈਕ ਤੇ ਲੈਣੀ ਹੋਵੇ ਤਾਂ ਬੜੀਆਂ ਚੀਜ਼ਾਂ ਮਿਲ ਜਾਂਦੀਆਂ ਹਨ। ਇਸ ਚੀਜ਼ ਨੂੰ ਰੋਕਣ ਵਾਸਤੇ ਅਗਰ ਕਾਨੂੰਨ ਦੇ ਵਿਚ ਕੋਈ ਕਮੀ ਹੈ ਤਾਂ ਉਸ ਨੂੰ ਇੰਪਰੂਵ ਕਰਨਾ ਚਾਹੀਦਾ ਹੈ। ਅਡੱਲਟਰੇਸ਼ਨ ਵਗੈਰਾ ਵਾਸਤੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਹੋਣ ਤਾਂ ਕਿ ਕੋਈ ਆਦਮੀ ਜੁਰੱਤ ਨਾ ਕਰ ਸਕੇ।

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਐਡਰੈਸ ਦੇ ਪੈਰਾ 9 ਵਿਚ ਇਕ ਗੱਲ ਦਾ ਹੋਰ ਜ਼ਿਕਰ ਕੀਤਾ ਹੈ ਕਿ 1966 ਤੋਂ 1971 ਵਿਚ ਜਿਹੜਾ ਪੀਰੀਅਡ ਆਇਆ ਉਸ ਦੌਰਾਨ ਇੰਡਸਟਰੀ ਸਥਾਪਤ ਕਰਨ ਦੀ ਰਫਤਾਰ ਬਹੁਤ ਘੱਟ ਰਹੀ ਹੈ। ਭਾਵੇਂ ਸਾਡੀ ਇਹ ਐਗਰੀ-ਕਲਚਰਲ ਸਟੇਟ ਹੈ ਪਰ ਇਥੇ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਸਾਡੀ ਇੰਡਸਟਰੀ ਵੀ ਤਰੱਕੀ ਕਰੇ ਤਾਂ ਕਿ ਨਾਲ ਐਗਰੀਕਲਚਰ ਲੇਬਰ ਨੂੰ ਵੀ ਪੂਰਾ ਕੰਮ ਮਿਲੇ ਅਤੇ ਇਸ ਸੂਬੇ ਦਾ ਵਿਕਾਸ ਹੋਵੇ। 1966 ਤੋਂ 1971 ਤਕ ਇਥੇ ਜਿਹੜੀ ਇੰਡਸਟਰੀ ਦੀ ਪ੍ਰੋਗਰੈਸ ਹੋਈ ਉਸ ਦੀ ਰਫਤਾਰ ਬੜੀ ਮਧਮ ਸੀ ਅਤੇ ਜਿਹੜੀ ਨਵੀਂ ਇੰਡਸਟਰੀ ਲਗਣੀ ਚਾਹੀਦੀ ਸੀ ਉਹ ਨਹੀਂ ਲੱਗੀ ਅਤੇ ਪੁਰਾਣੀ ਇੰਡਸਟਰੀ ਨੂੰ ਕੱਚੇ ਮਾਲ ਦੀ ਸਪਲਾਈ ਪੂਰੀ ਨਾ ਹੋਣ ਕਰਕੇ ਬਰਕਰਾਰ ਨਹੀਂ ਰੱਖਿਆ ਜਾ ਸਕਿਆ। ਇਹ ਮੇਰੇ ਦੋਸਤ (ਆਪੋਜੀਸ਼ਨ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਪੰਜਾਬ ਵਿਚ ਇਹ ਕੋਸ਼ਿਸ਼ ਕਰਦੇ ਰਹੇ ਕਿ ਪੰਜਾਬ ਛੋਟੇ ਤੋਂ ਛੋਟਾ ਹੋ ਜਾਵੇ। ਪੰਜਾਬ ਦਾ ਛੋਟਾ ਹੋ ਜਾਣ ਨਾਲ ਸਾਡੀਆਂ ਜਿਹੜੀਆਂ ਪ੍ਰਾਬਲਮਾਂ ਸਨ ਉਹ ਸਾਨੂੰ ਸਾਰਿਆਂ ਨੂੰ ਮਹਿਸੂਸ ਕਰਨੀਆਂ ਪੈ ਰਹੀਆਂ ਹਨ। ਲੇਕਿਨ ਮੈਂ ਸਮਝਦਾ ਹਾਂ ਕਿ ਇਸ ਮੌਜੂਦਾ ਸਰਕਾਰ ਨੇ ਪਿਛਲੇ ਦੋ ਸਾਲਾਂ ਵਿਚ ਜਦੋਂ ਦਾ ਰਾਜ ਭਾਗ ਸੰਭਾਲਿਆ ਹੈ ਤਹੱਈਆ ਕੀਤਾ ਹੋਇਆ ਹੈ ਕਿ ਜੋ ਵੀ ਕਾਰਨ ਹੋਵੇ ਅਤੇ ਇਥੇ ਦੀਆਂ ਪੁਲੀਟੀਕਲ

ਪਾਰਟੀਆਂ ਦੀ ਜੋ ਵੀ ਪਾਲਿਸੀ ਹੋਵੇ, ਹੁਣ ਜੋ ਸਾਡਾ ਸੂਬਾ ਰਹਿ ਗਿਆ ਹੈ ਇਸ ਦੀ ਵੱਧ ਤੋਂ ਵੱਧ ਤਰੱਕੀ ਕਰਨੀ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਸਾਥੀਆਂ ਨੂੰ ਇਹ ਗੱਲ ਯਾਦ ਕਰਾ- ਉਣਾ ਚਾਹੁੰਦਾ ਹਾਂ ਕਿ ਜਦੋਂ ਚੰਡੀਗੜ੍ਹ ਲੈਣ ਦੇ ਬਦਲੇ ਫ਼ਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਦੇਣ ਦਾ ਫੈਸਲਾ ਸੈਂਟਰ ਦੀ ਸਰਕਾਰ ਨੇ ਕੀਤਾ ਤਾਂ ਕਿਹੜੀ ਪਾਰਟੀ ਦੀ ਸਰਕਾਰ ਨੇ ਦੀਪਮਾਲਾ ਮਨਾਉਣ ਦਾ ਫੈਸਲਾ ਕੀਤੀ ਸੀ। ਇਹ ਆਪਣਾ ਰਿਕਾਰਡ ਆਪ ਦੇਖ ਲੈਣ ਅਤੇ ਫਿਰ ਉਸ ਤੋਂ ਬਾਅਦ ਟੋਕਾ ਟੋਕੀ ਕਰਨ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਨਵੇਂ ਕਾਰਖਾਨੇ ਲਗਾਏ ਗਏ ਹਨ ਅਤੇ ਉਨ੍ਹਾਂ ਵਿਚ ਪਰੋਡਕਸ਼ਨ ਵੀ ਸ਼ੁਰੂ ਹੋ ਗਈ ਹੈ ਅਤੇ ਕੁਝ ਆਉਣ ਵਾਲੇ ਸਾਲਾਂ ਵਿਚ ਪ੍ਰੋਡਕਸ਼ਨ ਸ਼ੁਰੂ ਕਰ ਦੇਣਗੇ। ਪੰਜਾਬ ਵਿਚ 23 ਨਵੀਆਂ ਇੰਡਸਟਰੀਅਲ ਐਸਟੇਟਸ ਬਣਾਉਣ ਦਾ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ। ਮੈਂ ਪੰਜਾਬ ਸਰਕਾਰ ਨੂੰ ਇਹ ਸੁਝਾਓ ਦਿਆਂਗਾ ਕਿ ਜਿਹੜੀਆਂ ਇੰਡਸਟਰੀਅਲ ਐਸਟੇਟਸ ਬਣਾਉਣੀਆਂ ਹਨ, ਜਿਹੜਾ ਏਰੀਆ ਇੰਡਸਟਰੀ ਦੇ ਪੱਖ ਤੋਂ ਬੈਕ- ਵਰਡ ਹੈ, ਉਸ ਵਲ ਜ਼ਿਆਦਾ ਧਿਆਨ ਦਿੱਤਾ ਜਾਵੇ। ਜੀ. ਟੀ ਰੋਡ ਤੇ ਤਾਂ ਅੱਗੇ ਹੀ ਬੜੀ ਇੰਡਸਟਰੀ ਕਾਫੀ ਲਗ ਜਾਂਦੀ ਹੈ। ਪੈਪਸੂ ਦਾ ਜਿਹੜਾ ਪਛੜਿਆ ਹੋਇਆ ਇਲਾਕਾ ਹੈ ਇਸ ਵਿਚ ਹੈਵੀ ਅਤੇ ਸਮਾਲ ਸਕੇਲ ਇੰਡਸਟਰੀ ਲਾਉਣ ਦਾ ਵੱਧ ਤੋਂ ਵੱਧ ਯਤਨ ਕਰਨਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇੰਡਸਟਰੀ ਤੋਂ ਬਾਅਦ ਮੈਂ ਸੋਸ਼ਲ ਸਰਵਿਸਿਜ਼ ਦੇ ਬਾਰੇ ਬੋਲਣਾ ਚਾਹੁੰਦਾ ਹਾਂ ਜਿਹੜੀਆਂ ਕਿ ਐਜੂਕੇਸ਼ਨ ਅਤੇ ਹੈਲਥ ਹਨ। ਐਜੂਕੇਸ਼ਨ ਦੇਣਾ ਸਟੇਟ ਦੀ ਪ੍ਰਾਈਮਰੀ ਡਿਊਟੀ ਹੈ। ਕੋਈ ਵੀ ਸਰਕਾਰ ਹੋਵੇ, ਉਸਨੂੰ ਵੱਧ ਤੋਂ ਵੱਧ ਯਤਨ ਇਸ ਤਰਫ ਕਰਨੇ ਚਾਹੀਦੇ ਹਨ। 1971 ਵਿਚ ਪ੍ਰਾਇਮਰੀ ਸਕੂਲਾਂ ਵਿਚ ਐਨਰੋਲਮੈਂਟ ਸਿਰਫ 19,000 ਹੋਈ। 1972-73 ਵਿਚ ਸਰਕਾਰ ਨੇ ਕੋਸ਼ਿਸ਼ ਕੀਤੀ ਕਿ ਪੰਜਾਬ ਦਾ ਕੋਈ ਵੀ ਬੱਚਾ ਜਿਹੜਾ ਕਿ 6 ਤੋਂ 11 ਸਾਲ ਦੀ ਏਜ ਗਰੁਪ ਵਿਚ ਹੈ, ਉਹ ਸਕੂਲ ਵਿਚ ਦਾਖਲ ਕੀਤਾ ਜਾਵੇ ਅਤੇ ਕੋਈ ਅਜਿਹਾ ਪਿੰਡ ਨਾ ਹੋਵੇ ਜਿਥੇ ਕਿ ਸਕੂਲ ਨਾ ਹੋਵੇ। ਡਿਪਟੀ ਸਪੀਕਰ ਸਾਹਿਬ, ਵੇਖਣ ਵਾਲੀ ਗੱਲ ਹੈ ਕਿ 1972-73 ਵਿਚ ਐਨਰੋਲਮੈਂਟ 2,69,000 ਹੋਈ ਅਤੇ 1973 ਦੇ ਸ਼ੁਰੂ ਵਿਚ ਇਹ 3,25,000 ਹੋਈ ਇਸ ਤੋਂ ਅਸੀਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਪੰਜਾਬ ਸਰਕਾਰ ਨੇ ਵਿਦਿਆ ਦੇ ਪ੍ਰਚਾਰ ਲਈ ਲੋਕਾਂ ਨੂੰ ਐਜੂਕੇਸ਼ਨ ਦੇਣ ਲਈ, ਵੱਧ ਤੋਂ ਵੱਧ ਯਤਨ ਕੀਤੇ ਹਨ। ਡਿਪਟੀ ਸਪੀਕਰ ਸਾਹਿਬ, ਜਿਥੇ ਸਕੂਲਾਂ ਦੀ ਅੱਪ- ਗਰੇਡਿੰਗ ਦਾ ਸਵਾਲ ਹੈ, ਚਾਹੇ ਉਹ ਮਿਡਲ ਹੋਣ ਜਾਂ ਹਾਈ ਹੋਣ ਇਕ ਹੋਰ ਗੱਲ ਪ੍ਰਸੰਸਾ ਯੋਗ ਹੈ ਕਿ ਅਜ ਤੋਂ ਤਿੰਨ ਚਾਰ ਸਾਲ ਪਹਿਲਾਂ ਇੰਪਲਾਇਮੈਂਟ ਐਕਸਚੇਂਜਾਂ ਦੇ ਰਜਿਸਟਰ ਚੈਕ ਕਰ ਲਵੋ, ਹਜ਼ਾਰਾਂ ਦੀ ਤਾਦਾਦ ਵਿਚ ਜੇ. ਬੀ. ਟੀ. ਅਤੇ ਬੀ. ਐਡ. ਅਧਿਆਪਕ ਅਜਿਹੇ ਸਨ ਜਿਨ੍ਹਾਂ ਨੂੰ ਨੌਕਰੀਆਂ ਨਹੀਂ ਮਿਲਦੀਆਂ ਸਨ ਅਤੇ ਉਹ ਕਈ ਸਾਲਾ ਤੋਂ ਇੰਪਲਾਇਮੈਂਟ ਅਕਸਚੇਂਜਾਂ ਦੇ ਚੱਕਰ ਲਾਉਂਦੇ ਰਹਿੰਦੇ ਸਨ। ਹੁਣ ਤੁਸੀਂ ਕੋਈ ਵੀ ਇੰਪਲਾਇਮੈਂਟ ਐਕਸਚੇਂਜ ਦਾ ਰਜਿਸਟਰ ਚੈਕ ਕਰ ਲਵੋ ਕੋਈ ਵੀ ਜੇ. ਬੀ. ਟੀ. ਅਤੇ ਬੀ. ਐਡ. ਅਧਿਆਪਕ ਬੇਕਾਰ ਨਹੀਂ ਮਿਲੇਗਾ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਜੇ. ਬੀ ਟੀ. ਦੀ ਟਰੇਨਿੰਗ ਵਾਸਤੇ ਜਿਹੜੇ ਸਕੂਲ ਬੰਦ ਕਰ- ਵਾਏ ਹੋਏ ਸਨ, ਉਹ ਦੋਬਾਰਾ ਖੋਲ੍ਹ ਦਿੱਤੇ ਹਨ ਕਿਉਂਕਿ ਆਉਣ ਵਾਲੇ ਸਾਲਾਂ ਵਿਚ ਰੇਟ ਆਫ ਗਰੋਥ ਵੱਧਣਾ ਹੈ ਅਤੇ ਇਸ ਦੇ ਮੁਤਾਬਕ ਹੀ ਅਧਿਆਪਕਾਂ ਦੀ ਕਮੀ ਨੂੰ ਦੂਰ ਕਰਨ ਲਈ ਇਹ ਕੀਤਾ ਗਿਆ ਹੈ। ਇਹ ਬੜਾ ਸ਼ਲਾਘਾ ਯੋਗ ਕਦਮ ਹੈ।

ਡਿਪਟੀ ਸਪੀਕਰ ਸਾਹਿਬ, ਇਸ ਤੋਂ ਇਲਾਵਾ ਮੈਂ ਇਕ ਹੋਰ ਗਲ ਕਰਨਾ ਚਾਹੁੰਦਾ ਹਾਂ। ਮੁਲਕ ਨੂੰ ਆਜ਼ਾਦ ਹੋਇਆਂ ਕੋਈ 27 ਸਾਲ ਹੋ ਚੁੱਕੇ ਹਨ। ਇਸ ਸੂਬੇ ਵਿਚ ਅਤੇ ਹਿੰਦੁਸਤਾਨ

[ਸ੍ਰੀ ਪ੍ਰੇਮ ਗੁਪਤਾ]

ਵਿਚ ਕਈ ਅਜਿਹੇ ਲੋਕ ਹਨ ਜਿਨ੍ਹਾਂ ਕੋਲ ਆਪਣੇ ਰਹਿਣ ਵਾਸਤੇ ਮਕਾਨ ਨਹੀਂ ਸਨ। ਪੰਜਾਬ ਸਰਕਾਰ ਨੇ ਇਸ ਪਾਸੇ ਵਲ ਧਿਆਨ ਦਿੱਤਾ ਅਤੇ ਪੰਜਾਬ ਵਿਚ ਰਹਿਣ ਵਾਲੇ 1,84,000 ਬੰਦਿਆਂ ਨੂੰ ਜਿਹੜੇ ਇਕਨਾਮੀਕਲੀ ਬੈਕਵਰਡ ਸਨ ਅਤੇ ਹਰੀਜਨ ਵਗੈਰਾ ਸਨ, ਜਿਨ੍ਹਾਂ ਕੋਲ ਆਪਣੇ ਰਹਿਣ ਵਾਸਤੇ ਮਕਾਨ ਨਹੀਂ ਸਨ ਅਤੇ ਝੁਗੀਆਂ ਵਿਚ ਰਹਿੰਦੇ ਸਨ, ਸਰਕਾਰ ਨੇ as a matter of right ਉਨ੍ਹਾਂ ਨੂੰ ਹਾਊਸ ਸਾਈਟਸ ਦਿੱਤੇ ਹਨ ਤਾਂ ਕਿ ਉਹ ਆਪਣੇ ਮਕਾਨ ਬਣਾ ਸਕਣ। ਜਿਥੇ ਸਰਕਾਰ ਨੇ ਇਹ ਬੜਾ ਸ਼ਲਾਘਾ ਯੋਗ ਕਦਮ ਚੁਕਿਆ ਹੈ, ਉਥੇ ਮੈਂ ਇਕ ਹੋਰ ਸੁਜੈਸ਼ਨ ਵੀ ਇਸ ਸਬੰਧ ਵਿਚ ਸਰਕਾਰ ਨੂੰ ਦੇਣਾ ਚਾਹੁੰਦਾ ਹਾਂ ਕਿ ਸ਼ਹਿਰਾਂ ਵਿਚ ਵੀ ਹਾਊਸਿੰਗ ਦੀ ਬੜੀ ਪ੍ਰਾਬਲਮ ਹੈ। ਉਥੇ ਵੀ ਹਰੀਜਨ ਅਤੇ ਲੋ ਇਨਕਮ ਗਰੁਪ ਦੇ ਜਿਤਨੇ ਵੀ ਰੈਜ਼ੀਡੈਂਟਸ ਹਨ ਉਨ੍ਹਾਂ ਦੀ ਪ੍ਰਾਬਲਮ ਹੱਲ ਕਰਨ ਵਾਸਤੇ ਸਹਿਰੀ ਇਲਾਕਿਆਂ ਵਿਚ ਵੀ ਜਿਸ ਤਰ੍ਹਾਂ ਕਿ ਪਿੰਡਾਂ ਵਿਚ ਕੀਤਾ ਹੈ, ਇਹੋ ਜਿਹਾ ਪ੍ਰੋਵੀਜ਼ਨ ਕੀਤਾ ਜਾਵੇ।

ਡਿਪਟੀ ਸਪੀਕਰ ਸਾਹਿਬ, ਪਿੰਡਾਂ ਵਿਚ ਜਿਹੜਾ ਸੜਕਾਂ ਪਹੁੰਚਾਣ ਦਾ ਪੰਜਾਬ ਸਰਕਾਰ ਨੇ ਟੀਚਾ ਮਿਥਿਆ ਸੀ ਉਹ ਅਸੀਂ ਬੜੀ ਅੱਛੀ ਤਰ੍ਹਾਂ ਅਚੀਵ ਕਰਨਾ ਹੈ। ਪੰਜਾਬ ਹਿੰਦੁਸਤਾਨ ਭਰ ਵਿਚ ਪਹਿਲਾ ਸੂਬਾ ਹੋਵੇਗਾ ਜਿਸ ਦਾ ਹਰ ਪਿੰਡ ਸੜਕ ਨਾਲ ਲਿੰਕ ਹੋਵੇਗਾ। ਅਤੇ ਸੜਕਾਂ ਤੇ ਬੱਸਾਂ ਚਲਣਗੀਆਂ ਅਤੇ ਜਿਸ ਤਰ੍ਹਾਂ ਹੋਰ ਚੀਜ਼ਾਂ ਵਿਚ ਵੀ ਅਸੀਂ ਬਾਕੀ ਦੇ ਹਿੰਦੁਸਤਾਨ ਨੂੰ ਰਹਿਨੁਮਾਈ ਦਿੱਤੀ ਹੈ, ਅਸੀਂ ਇਸ ਪੱਖ ਵਿਚ ਵੀ ਰਹਿਨੁਮਾਈ ਦਿਆਂਗੇ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੂੰ ਟੂਰਿਜ਼ਮ ਨੂੰ ਵੀ ਡਿਵੈਲਪ ਕਰਨਾ ਚਾਹੀਦਾ ਹੈ। ਇਸ ਨੂੰ ਡਿਵੈਲਪ ਕਰਨ ਦੀ ਪੰਜਾਬ ਸਰਕਾਰ ਨੇ ਕੋਸ਼ਿਸ਼ ਕੀਤੀ ਵੀ ਹੈ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਟੂਰਿਸਟਸ ਨੂੰ ਐਟਰੈਕਟ ਕਰਨ ਵਾਸਤੇ ਵੱਧ ਤੋਂ ਵੱਧ ਫੈਸਿਲਟੀਜ਼ ਪੰਜਾਬ ਵਿਚ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਬਾਹਰ ਤੋਂ ਆਉਣ ਵਾਲੇ ਟੂਰਿਸਟਸ ਸਾਡੇ ਸੂਬੇ ਨੂੰ ਵੇਖ ਸਕਣ ਅਤੇ ਨਾਲ ਹੀ ਅਸੀਂ ਫਾਰਨ ਐਕਸਚੇਂਜ ਵੀ ਕਮਾਈਏ।

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਫੂਡ ਐਂਡ ਸਪਲਾਈ ਕਾਰਪੋਰੇਸ਼ਨ ਸੈਟ ਅੱਪ ਕਰਨ ਦਾ ਫੈਸਲਾ ਕੀਤਾ ਹੈ। ਮਹਿੰਗਾਈ ਬੜੀ ਵਧਦੀ ਜਾਂਦੀ ਹੈ। ਗਵਰਨਰ ਸਾਹਿਬ ਦੇ ਐਡਰਸ ਵਿਚ ਵੀ ਜ਼ਿਕਰ ਕੀਤਾ ਗਿਆ ਹੈ ਕਿ ਮਹਿੰਗਾਈ ਦੇ ਵੱਧਣ ਦੇ ਨਾਲ ਨਾਲ ਬਲੈਕਮਾਰਕਿਟ ਵੀ ਵੱਧੀ ਹੈ। ਸਰਕਾਰ ਨੂੰ ਇਹ ਗੱਲ ਵੇਖਣੀ ਚਾਹੀਦੀ ਹੈ ਕਿ ਸਮਾਜ ਦੇ ਕਿਸ ਵਰਗ ਨੂੰ ਇਸ ਮਹਿੰਗਾਈ ਤੋਂ ਬਚਾਉਣਾ ਚਾਹੀਦਾ ਹੈ। ਛੋਟੇ ਮਜ਼ਦੂਰ, ਕਿਸਾਨ ਅਤੇ ਮੁਲਾਜ਼ਮ ਨੂੰ ਇਸ ਮਹਿੰਗਾਈ ਦੇ ਡਰੈਗਨ ਤੋਂ ਬਚਾਉਣਾ ਚਾਹੀਦਾ ਹੈ। ਇਸ ਲਈ ਸਰਕਾਰ ਨੇ ਇਹ ਸਿਵਲ ਸਪਲਾਈ ਕਾਰ-ਪੋਰੇਸ਼ਨ ਬਣਾ ਕੇ ਬੜਾ ਅੱਛਾ ਕੰਮ ਕੀਤਾ ਹੈ। ਮੈਂ ਇਹ ਦਰਖਾਸਤ ਕਰਾਂਗਾ ਕਿ ਸਰਕਾਰ ਦਾ 5% ਸਬਸਿਡੀ ਦੇਣ ਦਾ ਫੈਸਲਾ ਹੈ, ਇਸ ਤੇ ਮੁੜ ਵਿਚਾਰ ਕਰਕੇ ਇਸ ਦੀ ਰੇਸ਼ੋ ਨੂੰ ਵਧਾਉਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਲੋਕਾਂ ਨੂੰ ਰਾਹਤ ਮਿਲੇ ਜਿਹੜੇ ਕਿ ਹੋਰ ਵੀ ਕਈ ਕਾਰਨਾਂ ਕਰਕੇ ਇਸ ਮਹਿੰਗਾਈ ਦਾ ਸ਼ਿਕਾਰ ਬਣੇ ਹੋਏ ਹਨ। ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਮੈਂ ਇਹ ਵੀ ਅਰਜ਼ ਕਰਾਂਗਾ ਕਿ ਜਿਥੇ ਡਿਸਟਰੀਬਿਊਟਿੰਗ ਸਿਸਟਮ ਨੂੰ ਸੁਧਾਰਨ ਦੀ ਲੋੜ ਹੈ ਉਥੇ ਡਿਸਟਰੀ-ਬਿਊਟਿੰਗ ਯੂਨਿਟ ਨੂੰ ਵੀ ਵਧਾਉਣ ਦੀ ਲੋੜ ਹੈ ਤਾਂ ਕਿ ਲੋਕਾਂ ਨੂੰ ਲੰਮੀਆਂ ਲੰਮੀਆਂ ਕਤਾਰਾਂ ਵਿਚ ਖੜ੍ਹ ਕੇ ਰਾਸ਼ਨ ਨਾ ਲੈਣਾ ਪਵੇ। ਫੇਅਰ ਪ੍ਰਾਈਸ ਸ਼ਾਪਸ ਡਿਪੂ ਅਤੇ ਹੋਰ ਐਜੰਸੀਆਂ ਦੇ ਯੂਨਿਟ ਵਧਾਉਣ ਦੀ ਲੋੜ ਹੈ ਅਤੇ ਇਸ ਦੇ ਨਾਲ ਹੀ ਨਾਲ ਡੀਜ਼ਲ ਚਾਹੇ ਟਿਊਬਵੈਲ ਚਲਾਉਣ ਲਈ

ਚਾਹੀਦਾ ਹੋਵੇ ਅਤੇ ਕੋਇਲਾ ਚਾਹੇ ਰੋਟੀ ਪਕਾਉਣ ਵਾਸਤੇ ਚਾਹੀਦਾ ਹੋਵੇ, ਇਸ ਦੀ ਸਪਲਾਈ ਦੀ ਸ਼ਾਰਟੇਜ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਸਖ਼ਤ ਕਦਮ ਚੁਕਣੇ ਚਾਹੀਦੇ ਹਨ ਤਾਂਕਿ ਪੰਜਾਬ ਦੀ ਜਨਤਾ ਨੂੰ ਇਸ ਮਹਿੰਗਾਈ ਤੋਂ ਬਚਾਇਆ ਜਾ ਸਕੇ।

ਡਿਪਟੀ ਸਪੀਕਰ ਸਾਹਿਬ, ਅਸੀਂ ਚੌਥੀ ਪੰਜ ਸਾਲਾ ਪਲਾਨ ਖ਼ਤਮ ਕਰ ਰਹੇ ਹਾਂ ਅਤੇ ਪੰਜਵੀਂ ਪੰਜ-ਸਾਲਾ ਪਲਾਨ ਸ਼ੁਰੂ ਕਰ ਰਹੇ ਹਾਂ। ਗਵਰਨਰ ਸਾਹਿਬ ਦੇ ਐਡਰੈਸ ਵਿਚ ਕਿਹਾ ਗਿਆ ਕਿ ਗਰੋਥ ਰੇਟ ਦਾ ਟਾਰਗੇਟ ਜਿਹੜਾ ਚੌਥੀ ਪਲਾਨ ਵਿਚ 5.7% ਦਾ ਰੱਖਿਆ ਗਿਆ ਸੀ, ਇਹ ਪੰਜਵੀਂ ਪਲਾਨ ਵਿਚ 7.4 ਫਿਕਸ ਕੀਤਾ ਗਿਆ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਇਕ ਗੱਲ ਯਾਦ ਹੋਵੇਗੀ ਕਿ ਹਿੰਦੁਸਤਾਨ ਵਿਚ ਗਰੋਥ ਰੇਟ 5.5% ਹੈ। ਇਸ ਦੇ ਵਿਚ ਵੀ ਪਲਾਨਿੰਗ ਕਮਿਸ਼ਨ ਦੇ ਇਕ ਮੈਂਬਰ ਨੇ ਡਿਫਰੈਂਸ ਆਫ ਓਪੀਨੀਅਨ ਪਰਗਟ ਕੀਤਾ ਸੀ ਅਤੇ ਰੀਜ਼ਾਈਨ ਕਰ ਦਿਤਾ ਸੀ ਉਸ ਨੇ ਕਿਹਾ ਸੀ ਕਿ ਅਸੀਂ 5.5% ਵੀ ਅਚੀਵ ਨਹੀਂ ਕਰ ਸਕਾਂਗੇ। ਲੇਕਿਨ ਪੰਜਾਬ ਦੇ ਲੋਕ ਕਿਤਨੇ ਬਹਾਦਰ ਹਨ ਕਿ ਪੰਜਾਬ ਸਰਕਾਰ ਦੀ ਡਾਇਰੈਕਸ਼ਨ ਹੇਠ ਅਸੀਂ ਇਸ ਟੀਚੇ ਨੂੰ ਕਰਾਸ ਕੀਤਾ ਹੈ। ਅਗਲੇ ਸਾਲ ਦੀ ਪਲਾਨ ਵਿਚ 126 ਕਰੋੜ ਰੁਪਏ ਪੰਜਾਬ ਸਰਕਾਰ ਨੇ ਰੱਖੇ ਹਨ। ਜਿਥੇ ਕਿ ਸਾਰੀ ਪੰਜ-ਸਾਲਾ ਪਲਾਨ ਵਿਚ ਤਕਰੀਬਨ 801 ਕਰੋੜ ਰੁਪਏ ਖਰਚਣ ਦਾ ਟੈਂਟੇਟਿਵ ਪ੍ਰੋਗਰਾਮ ਬਣਾਇਆ ਗਿਆ ਹੈ। ਜਿਥੇ ਦੇਸ਼ ਨੇ ਪਲਾਨਾਂ ਨਾਲ ਤਰੱਕੀ ਵੀ ਬੜੀ ਕੀਤੀ ਹੈ, ਉਸ ਦੇ ਨਾਲ ਡੈਮੋਕਰੇਸੀ ਦੀ ਵੀ ਪਰੋਟੈਕਸ਼ਨ ਕਰੇਨਾ ਜ਼ਰੂਰੀ ਹੈ। ਜੇ ਅਸੀਂ ਇਕ ਗੱਲ ਦਾ ਅਨੈਲੇ-ਸਿਜ਼ ਕਰੀਏ ਕਿ ਸਰਕਾਰ ਚਾਹੇ ਕਾਨੂੰਨ ਵੀ ਬਣਾਉਂਦੀ ਹੈ, ਲੇਕਿਨ ਫਿਰ ਵੀ ਲੋਕਾਂ ਦੀਆਂ ਤਕਲੀਫਾਂ ਦਾ ਹੱਲ ਨਹੀਂ ਹੁੰਦਾ, ਇਸ ਦਾ ਕਾਰਨ ਕੀ ਹੈ? ਜਿਥੇ ਡੈਮੋਕਰੇਸੀ ਨੂੰ ਪਰੋਟੈਕਟ ਕਰਨ ਦੀ ਕੋਸ਼ਿਸ਼ ਚਲਦੀ ਰਹਿੰਦੀ ਹੈ ਉਸੇ ਤਰ੍ਹਾਂ ਇਸ ਨੂੰ ਡਿਸਟਰਬ ਕਰਨ ਦੀ ਵੀ ਕੋਸ਼ਿਸ਼ ਚਲਦੀ ਰਹਿੰਦੀ ਹੈ।

ਗਵਰਨਰ ਹੈਡ ਆਫ ਦੀ ਸਟੇਟ ਹੁੰਦਾ ਹੈ ਉਹ ਕਿਸੇ ਵੀ ਪਾਰਟੀ ਦਾ ਨਹੀਂ ਹੁੰਦਾ ਅਤੇ ਨਾ ਹੀ ਕੋਈ ਪਾਰਟੀ ਇਹ ਕਹਿੰਦੀ ਹੈ ਕਿ ਮੇਰਾ ਗਵਰਨਰ ਨਾਲ ਡਿਫਰੈਂਸ ਆਫ ਓਪੀਨੀਅਨ ਹੈ ਲੇਕਿਨ ਕਦੇ ਗਵਰਨਰ ਐਡਰੈਸ ਤੋਂ ਐਬਸਟੇਨ ਕਰਕੇ ਉਸ ਦਾ ਬਾਈਕਾਟ ਨਹੀਂ ਕੀਤਾ ਜਾਂਦਾ ਸੀ। ਲੇਕਿਨ ਹੁਣ ਇਕ ਨਵਾਂ ਰਿਵਾਜ਼ ਚਲ ਪਿਆ ਹੈ ਕਿ ਗਵਰਨਰ ਦੇ ਆਉਣ ਤੇ ਡਿਮਾਂਸਟਰੇਸ਼ਨ ਕੀਤੀ ਜਾਂਦੀ ਹੈ ਪਰ ਇਹ ਕੋਈ ਹੈਲਦੀ ਟਰੇਡੀਸ਼ਨ ਨਹੀਂ। ਮੇਰੀ ਆਪਣੀ ਜ਼ਾਤੀ ਓਪੀਨੀਅਨ ਹੈ ਕਿ ਹਿੰਦੁਸਤਾਨ ਵਿਚ ਲੂਜ਼ ਡੈਮੋਕਰੇਸੀ ਹੈ ਅਤੇ ਫਰੀ ਡੈਮੋ-ਕਰੇਸੀ ਹੈ ਜਿੰਨੀ ਦੇਰ ਤੱਕ ਇਸ ਦੇ ਬੇਸਿਕ ਸਟਰਕਚਰ ਵਿਚ ਕੋਈ ਮੁਨਾਸਿਬ ਚੇਂਜ ਨਹੀਂ ਲਿਆਂਦੇ ਉਤਨੀ ਦੇਰ ਤਕ ਇਹ ਡੈਮੋਕਰੇਸੀ ਜਿਹੜੀ ਹੈ ਇਹ ਲੋਕਾਂ ਨੂੰ ਉਨ੍ਹਾਂ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਦਿਵਾਉਣ ਵਿਚ ਠੀਕ ਸਾਬਤ ਨਹੀਂ ਹੋ ਸਕਦੀ।

ਡਿਪਟੀ ਸਪੀਕਰ ਸਾਹਿਬ, ਮੈਂ ਪੰਡਿਤ ਜਵਾਹਰ ਲਾਲ ਨਹਿਰੂ ਦੇ 2, 4 ਸੰਟੈਂਸ ਹਾਊਸ ਨੂੰ ਦੱਸਣਾ ਚਾਹੁੰਦਾ ਹਾਂ। ਜਦੋਂ ਇਸ ਮੁਲਕ ਵਿਚ ਇਹ ਸਵਾਲ ਪੈਦਾ ਹੋਇਆ ਕਿ ਜਿਹੜੀ ਡੈਮੋਕਰੇਸੀ ਹੈ ਇਸ ਨੂੰ ਪਰੋਟੈਕਟ ਕਿਵੇਂ ਕੀਤਾ ਜਾਵੇ ਜਦੋਂ ਕਿ ਕੈਪੀਟਲਿਸਟ, ਮਨੋਪਲਿਸਟਾਂ ਅਤੇ ਵੈਸਟਿਡ ਇੰਟਰੈਸਟਸ ਹਿੰਦੁਸਤਾਨ ਵਿਚ ਬੜਾ ਵਾਈਟਲ ਰੋਲ ਪਲੇ ਕਰਦੇ ਹਨ। ਉਸ ਵੇਲੇ ਪੰਡਤ ਨਹਿਰੂ ਨੇ ਇਕ ਗੱਲ ਕਹੀ ਸੀ ਕਿ ਜਿਨਾਂ ਪਰੈਸ਼ਰ ਵੈਸਟਿਡ ਇੰਟਰੈਸਟ ਤਾਕਤਾਂ ਦਾ ਹੈ, ਮੇਰਾ ਲੋਕਾਂ ਨਾਲ ਪਿਆਰ ਇਤਨਾ ਹੈ ਕਿ ਮੈਂ ਉਨ੍ਹਾਂ ਦਾ ਮੁਕਾਬਲਾ ਕਰ ਸਕਾਂਗਾ। ਜੋ ਲੈਂਡ ਲਾਰਡ ਹਨ, ਕੈਪਿਟਲਿਸਟ ਹਨ ਜਾਂ ਮਨਾਪਲਿਸਟ ਹਨ ਜਿਹੜੇ ਕਿ ਇਸ ਮੁਲਕ ਦੀ ਤਰੱਕੀ ਵਿਚ ਰੁਕਾਵਟ ਪਾਉਂਦੇ ਹਨ

[ਸ੍ਰੀ ਪ੍ਰੇਮ ਗੁਪਤਾ]

ਮੇਰਾ ਸਿਨਸੈਰਿਟੀ ਆਫ਼ ਪਰਪਜ਼ ਅਤੇ ਪਿਆਰ ਇਤਨਾ ਹੈ ਕਿ ਮੈਂ ਮੁਕਾਬਲਾ ਕਰਾਂਗਾ। ਪਰ ਰਾਈਟਰਜ਼ ਨੇ ਪੰਡਤ ਨਹਿਰੂ ਦੀ ਇਸ ਗੱਲ ਤੇ ਤੱਪਸਰਾ ਕੀਤਾ। ਰਾਈਟਰਜ਼ ਨੂੰ ਇਹ ਗੱਲ ਇਥੇ ਰਿਕਾਰਡ ਕਰਨੀ ਪਈ ਕਿ ਪੰਡਤ ਨਹਿਰੂ ਨੂੰ ਇਸ ਗੱਲ ਦਾ ਅਫਸੋਸ ਹੈ ਕਿ ਉਨ੍ਹਾਂ ਦਾ ਜੋ ਪਿਆਰ ਸੀ ਜਾਂ ਲੋਕਾਂ ਦੇ ਪ੍ਰਤੀ ਸਿਨਸੈਰਿਟੀ ਸੀ ਉਸ ਦੇ ਬਾਵਜੂਦ ਵੀ ਕੈਪਿਟਲਿਸਟ ਅਤੇ ਵੈਸਟਡ ਇੰਟਰੈਸਟ ਹੀ ਇਸ ਪਰਫਾਰਮੈਂਸ ਵਿਚ ਰੁਕਾਵਟ ਪੈਦਾ ਕਰਦੇ ਹਨ। ਜਿਸ ਡੈਮੋਕਰੇਸੀ ਦੇ ਇਤਨੇ ਵਡੇ ਮਹਾਨ ਨੇਤਾ ਨੇ ਅਜਿਹੇ ਵਿਚਾਰ ਪਰਗਟ ਕੀਤੇ ਹੋਣ ਤਾਂ ਮੈਂ ਸਮਝਦਾ ਹਾਂ ਕਿ ਇਹ ਡੈਮੋਕਰੇਸੀ ਦਾ ਸਾਨੂੰ ਕੋਈ ਨਾ ਕੋਈ ਇਲਾਜ ਕਰਨਾ ਪਵੇਗਾ। ਜਿੰਨੀ ਦੇਰ ਤਕ ਕੋਈ ਕਨ-ਕਰੀਟ ਸਟੈਪ ਨਹੀਂ ਲਏ ਜਾਂਦੇ ਉਤਨੀ ਦੇਰ ਤਕ ਇਸ ਡੈਮੋਕਰੇਸੀ ਦੇ ਆਮ ਜਿਹੜੇ 55 ਕਰੋੜ ਲੋਕਾਂ ਦਾ ਭਲਾ ਕਰਨਾ ਹੈ ਉਹ ਨਹੀਂ ਹੋ ਸਕਦਾ। ਤੁਸੀਂ ਪਿਛਲੇ ਦਿਨਾਂ ਵਿਚ ਸ਼ਸ਼ੀ ਭੂਸ਼ਣ ਮੈਂਬਰ ਪਾਰਲੀਮੈਂਟ ਦੇ ਵਿਚਾਰ ਜਿਨ੍ਹਾਂ ਨੇ ਕਿ ਇਸ ਗੱਲ ਦਾ ਐਨੇਲਿਸਿਜ਼ ਕੀਤਾ ਸੀ ਪੜ੍ਹੇ ਹੋਣੇ ਹਨ। ਇਹ ਜਿਹੜੀ ਡੈਮੋਕਰੇਸੀ ਹੈ ਇਸ ਬਾਰੇ ਸਾਰੇ ਮੁਲਕ ਦੇ ਸਟੇਟਸਮੈਂਨ ਅਤੇ ਪੋਲਟਿਸ਼ਨਾਂ ਨੂੰ ਵੀ ਇਹ ਸੋਚਣਾ ਪਵੇਗਾ ਕਿ ਹਿੰਦੁਸਤਾਨ ਵਿਚ ਕਿਸ ਕਿਸਮ ਦੀ ਡੈਮੋਕਰੇਸੀ ਚਾਹੀਦੀ ਹੈ ਅਤੇ ਇਸ ਲੂਜ਼ ਡੈਮੋਕਰੇਸੀ ਨੂੰ ਟਾਈਟ ਕਰਨ ਵਾਸਤੇ ਕਿਸ ਕਿਸਮ ਦੇ ਕਦਮ ਚੁੱਕੇ ਜਾਣੇ ਚਾਹੀਦੇ ਹਨ। ਲੋਕਾਂ ਦੀਆਂ ਸਮੱਸਿਆਵਾਂ ਦਾ ਤੁਅੱਲਕ ਸਾਰਿਆਂ ਨਾਲ ਹੁੰਦਾ ਹੈ। ਲਾਅ ਐਂਡ ਆਰਡਰ ਅਤੇ ਸਿਵਲ ਲਿਬਰਟੀਜ਼ ਡੈਲੀਕੇਟ ਹੁੰਦੀਆਂ ਹਨ ਸਿਵਲ ਲਿਬਰਟੀ ਨੇ ਉਨ੍ਹਾਂ ਲੋਕਾਂ ਨੂੰ ਪਰੋਟੈਕਟ ਨਹੀਂ ਕਰਨਾ ਜਿਨ੍ਹਾਂ ਨੇ ਹੋਰ ਜਗ੍ਹਾ ਜਾ ਕੇ ਮਿਸਚੀਫ ਕਰੀਏਟ ਕਰਨਾ ਹੈ। ਇਸ ਤਰ੍ਹਾਂ ਜੇ ਲੂਜ਼ ਡੈਮੋਕ੍ਰੇਸੀ ਅਤੇ ਲਾਅ ਐਂਡ ਆਰਡਰ ਦੇਸ਼ ਵਿਚ ਨਹੀਂ ਹੋਵੇਗਾ ਤਾਂ ਸਿਵਲ ਲਿਬਰਟੀਜ਼ ਨੂੰ ਪਰੋਟੈਕਟ ਨਹੀਂ ਕੀਤਾ ਜਾ ਸਕਦਾ।

ਅਸੀਂ ਲੋਕਾਂ ਦੀ ਨੁਮਾਇੰਦਗੀ ਕਰਦੇ ਹਾਂ, ਇਸ ਲਈ ਲਾਅ ਐਂਡ ਆਰਡਰ ਠੀਕ ਰਖਣਾ ਚਾਹੀਦਾ ਹੈ। ਬਾਹਰ ਅਸੀਂ ਕੋਈ ਹੋਰ ਸਿਚੂਏਸ਼ਨ ਕਰੀਏਟ ਕਰਦੇ ਹਾਂ ਅਤੇ ਅੰਦਰ ਕੋਈ ਹੋਰ ਰੌਲਾ ਪਾਉਂਦੇ ਹਾਂ, ਇਹ ਕਨਫਿਊਜ਼ਨ ਨਹੀਂ ਰਹਿਣੀ ਚਾਹੀਦੀ। ਡਿਪਟੀ ਸਪੀਕਰ ਸਾਹਿਬ, ਇਹ ਗੱਲ ਬੜੀ ਜ਼ਾਹਿਰ ਹੈ ਕਿ ਚਾਹੇ ਪਾਰਲੀਮੈਂਟ ਦੀਆਂ ਚੋਣਾਂ ਹੋਈਆਂ ਚਾਹੇ ਅਸੈਂਬਲੀ ਦੀਆਂ ਚੋਣਾਂ ਹੋਈਆਂ ਮੁਲਕ ਦੀਆਂ ਫਿਰਕੇਦਾਰਾਨਾਂ ਤਾਕਤਾਂ ਨੇ ਸ੍ਰੀਮਤੀ ਇੰਦਰਾ ਗਾਂਧੀ ਦੇ ਹੱਥੋਂ ਹਾਰ ਖਾਧੀ। ਲੇਕਿਨ ਪੁਲੀਟੀਕਲ ਫੋਰਸ ਤੋਂ ਲੜਨ ਤੋਂ ਬਾਅਦ ਇਨ੍ਹਾਂ ਫਿਰਕੇਦਾਰਾਨਾਂ ਤਾਕਤਾਂ ਨੇ ਕੋਸ਼ਿਸ਼ ਕੀਤੀ ਕਿ ਮੁਲਕ ਵਿਚ ਗੜਬੜ ਫੈਲਾਈ ਜਾਵੇ ਕੋਈ ਫਸਾਦ ਕਰਾਇਆ ਜਾਵੇ ਕਿਤੇ ਕੋਈ ਹੋਰ ਚੀਜ਼ ਕਰਾਈ ਜਾਵੇ ਤਾਂਕਿ ਮੁਲਕ ਵਿਚ ਕਿਤੇ ਸਟੈਲਿਬਟੀ ਨਾ ਰਹੇ ਜਿਹੜੇ ਵਡੇ ਵਡੇ ਹੋਰਡਰਜ਼ ਹਨ ਉਨ੍ਹਾਂ ਨੇ ਕਈ ਹੜਤਾਲਾਂ ਕਰਵਾਈਆਂ, ਲੇ ਆਫ ਕਰਵਾ ਦਿੱਤੀਆਂ। ਇਹ ਲੋਕ ਚਾਹੇ ਸੁਤੰਤਰ ਪਾਰਟੀ ਦੇ ਸੀ, ਚਾਹੇ ਜਨਸੰਘ ਪਾਰਟੀ ਸੀ, ਚਾਹ ਅਕਾਲੀ ਪਾਰਟੀ ਸੀ ਜਿਨ੍ਹਾਂ ਨੇ ਕਦੇ ਮਜ਼ਦੂਰਾਂ ਦੀ ਬਹਿਬੂਦੀ ਦੀ ਗੱਲ ਨਹੀਂ ਸੀ ਕੀਤੀ, ਇਨ੍ਹਾਂ ਨੇ ਹੜਤਾਲਾਂ ਕਰਵਾਈਆਂ ਤਾਂਕਿ ਕਿਸ ਤਰ੍ਹਾਂ ਪਰੋਡਕਸ਼ਨ ਘੱਟ ਜਾਵੇ। ਇਸ ਪਰੋਡਕਜ਼ਨਜ਼ ਨੂੰ ਘਟਾਉਣ ਵਾਸਤੇ ਅਤੇ ਸਰਕਾਰ ਨੂੰ ਬਦਨਾਮ ਕਰਨ ਵਾਸਤੇ ਵੈਸਟਿਡ ਇੰਟਰੈਸਟ ਨੇ ਕਈ ਕਿਸਮ ਦੀਆਂ ਉਲਝਣਾਂ ਪੈਦਾ ਕੀਤੀਆਂ ਹਨ। ਇਸ ਕਿਸਮ ਦੀ ਡੈਮੋਕਰਸੀ ਵਿਚ ਅਸੀਂ ਉਨ੍ਹਾਂ ਨੂੰ ਕੁਝ ਵੀ ਨਹੀਂ ਕਹਿ ਸਕਦੇ। ਵਕੀਲਾਂ ਦੀ ਆਪਸ ਵਿਚ ਲੜਾਈ ਹੁੰਦੀ ਹੈ ਅਤੇ ਅੰਤ ਵਿਚ ਇਹੋ ਫੈਸਲਾ ਹੋਇਆ ਕਿ ਇਹ ਜਿਹੜਾ ਡੈਮੋਕਰੇਸੀ ਦਾ ਸਟਰਕਚਰ ਹੈ ਇਸ ਬਾਰੇ ਸਾਨੂੰ ਰੀਥਿੰਕਿੰਗ ਕਰਨੀ ਪਵੇਗੀ। ਤਾਂਕਿ ਲੋਕਾਂ ਦੇ ਚੁਣੇ ਹੋਏ

ਨੁਮਾਇੰਦੇ ਲੋਕਾਂ ਦੀ ਠੀਕ ਸੇਵਾ ਕਰ ਸਕਣ। ਜਿਸ ਮਕਸਦ ਵਾਸਤੇ ਅਸੀਂ ਆਏ ਹਾਂ ਉਹ ਠੀਕ ਢੰਗ ਨਾਲ ਹੋ ਸਕੇ। ਜੋ ਕਾਨੂੰਨ ਹੈ ਉਹ ਲੋਕਾਂ ਦੀ ਠੀਕ ਢੰਗ ਨਾਲ ਸੇਵਾ ਨਹੀਂ ਕਰ ਸਕਦਾ। ਪੰਜਾਬ ਸਰਕਾਰ ਨੇ ਇਹੋ ਜਿਹੀ ਸਿਚੂਏਸ਼ਨ ਦਾ ਮੁਕਾਬਲਾ ਕੀਤਾ। ਗਵਰਨਰ ਸਾਹਿਬ ਦਾ ਐਡਰਸ ਦਸਦਾ ਹੈ ਕਿ ਇਸ ਸਰਕਾਰ ਨੇ ਪਿਛਲੇ ਸਾਲਾਂ ਵਿਚ ਬੜੇ ਕੰਮ ਕੀਤੇ ਹਨ ਅਤੇ ਆਉਣ ਵਾਲੇ ਸਾਲਾਂ ਵਿਚ ਕਰਦੇ ਰਹਿਣਗੇ।

ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੁੰਦੀ ਹੈ ਕਿ ਕਦੇ ਕਦੇ ਖੁਸ਼ੀ ਵੀ ਹੁੰਦੀ ਹੈ ਕਿ ਜੋ ਸਾਹਮਣੇ ਬੈਂਚਿਜ਼ ਤੇ ਬੈਠੇ ਮੈਂਬਰ ਹਨ ਇਨ੍ਹਾਂ ਦੇ ਮੂੰਹ ਤੋਂ ਜਦੋਂ ਮੁਲਾਜ਼ਮਾਂ ਦੀ ਗੱਲ ਸੁਣਦਾ ਹਾਂ ਜਾਂ ਸਟੂਡੈਂਟਸ ਦੀ ਗੱਲ ਸੁਣਦਾ ਹਾਂ ਜਾਂ ਟੀਚਰਜ਼ ਦੀ ਗੱਲ ਸੁਣਦਾ ਹਾਂ ਤਾਂ ਮੈਨੂੰ ਬੜੀ ਖੁਸ਼ੀ ਹੁੰਦੀ ਹੈ ਕਿ ਇਨ੍ਹਾਂ ਦੀ ਥਿੰਕਿੰਗ ਵਿਚ ਵੀ ਹਾਲਾਤ ਦੇ ਮੁਤਾਬਕ ਚੇਂਜ ਹੋਈ ਹੈ ਅਤੇ ਉਹ ਇਧਰੋਂ ਉਧਰ ਚਲੇ ਗਏ ਅਤੇ ਮੁਲਾਜ਼ਮਾਂ ਨਾਲ ਹਮਦਰਦੀ ਕਰਨੀ ਸ਼ੁਰੂ ਕਰ ਦਿੱਤੀ। ਇਸ ਗੱਲ ਦਾ ਸਬੂਤ ਪਿਛਲੀਆਂ ਸਰਕਾਰਾਂ ਤੋਂ ਮਿਲਦਾ ਹੈ ਚਾਹੇ ਉਹ 1967 ਦੀ ਸਰਕਾਰ ਸੀ ਚਾਹੇ ਉਹ 1968 ਦੀ ਸਰਕਾਰ ਸੀ। (ਸ਼ੋਰ) (ਵਿਘਨ)

ਸਰਦਾਰ ਗੁਰਦੇਵ ਸਿੰਘ ਸਿੱਧੂ : ** **

Mr. Deputy Speaker : This is no point of order.

ਸ਼੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਜਦੋਂ ਮੈਂ ਇਹੋ ਜਿਹੀਆਂ ਗੱਲਾਂ ਅਖਬਾਰ ਵਿਚ ਪੜ੍ਹਦਾ ਹਾਂ ਜਾਂ ਇਥੇ ਸੁਣਦਾ ਹਾਂ ਤਾਂ ਮੈਂ ਹੈਰਾਨ ਹੁੰਦਾ ਹਾਂ ਕਿ 2, 4 ਸਾਲ ਪਹਿਲਾਂ ਦੀ ਹਿਸਟਰੀ ਕੀ ਸੀ। ਜਦੋਂ ਕਦੇ ਕੋਈ ਮੁਲਾਜ਼ਮਾਂ ਦੀ ਡਿਮਾਂਡ ਉਸ ਵੇਲੇ ਆਈ ਉਸ ਵੇਲੇ ਹੁਕਮਰਾਨ ਪਾਰਟੀ ਦਾ ਕੀ ਐਟੀਚਿਊਡ ਸੀ। ਚਾਹੇ ਉਹ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ ਚਾਹੇ ਉਹ ਸਰਦਾਰ ਗੁਰਨਾਮ ਸਿੰਘ ਦੀ ਸਰਕਾਰ ਸੀ ਚਾਹੇ ਅਕਾਲੀ ਜਨਸੰਘੀ ਕੰਬਾਇਨ ਸਨ। ਤੁਸੀਂ ਉਸ ਵੇਲੇ ਦਾ ਇਤਿਹਾਸ ਕਢਵਾ ਕੇ ਵੇਖੋ, ਫਿਗਰਜ਼ ਵੇਖੋ ਕਿੰਨੇ ਸਟੂਡੈਂਟਸ ਅਰੈਸਟ ਕੀਤੇ ਅਤੇ ਕਿੰਨੇ ਨਕਸੇਲਾਈਟਸ ਕਹਿ ਕੇ ਪੁਲਿਸ ਨੇ ਗੋਲੀਆਂ ਨਾਲ ਮਾਰ ਦਿੱਤੇ। ਕਿੰਨੇ ਮੁਲਾਜ਼ਮਾਂ ਨੂੰ 2 ਮਹੀਨੇ ਜਾਂ 4 ਮਹੀਨੇ ਵਾਸਤੇ ਜੇਲ੍ਹ ਵਿਚ ਰਖਿਆ ਗਿਆ। ਮੈਨੂੰ ਇਕ ਗੱਲ ਦਾ ਪੂਰਾ ਭਰੋਸਾ ਹੈ ਕਿ 17 ਮਾਰਚ, 1972 ਨੂੰ ਜਦੋਂ ਗਿਆਨੀ ਜ਼ੈਲ ਸਿੰਘ ਜੀ ਨੇ ਸੂਬੇ ਦੀ ਸਰਕਾਰ ਬਣਾਈ ਸੀ ਉਸ ਤੋਂ ਬਾਅਦ ਜਿਤਨਾ ਵੀ ਮੁਲਾਜ਼ਮ ਵਰਗ ਹੈ, ਚਾਹੇ ਉਹ ਸਰਕਾਰੀ ਮੁਲਾਜ਼ਮ ਹਨ ਜਾਂ ਪ੍ਰਾਈਵੇਟ ਸਕੂਲਾਂ ਵਿਚ ਕੰਮ ਕਰਦੇ ਹਨ, ਉਨ੍ਹਾਂ ਦੀ ਵੈਲਫੇਅਰ ਵਾਸਤੇ ਜੋ ਪੰਜਾਬ ਸਰਕਾਰ ਨੇ ਕਦਮ ਚੁੱਕੇ ਹਨ, ਉਹ ਸ਼ਲਾਘਾਯੋਗ ਹਨ। ਜੇਕਰ ਅਸੀਂ ਥੋੜ੍ਹੀ ਜਿਹੀ ਇਸ ਪਾਸੇ ਵਲ ਨਜ਼ਰ ਮਾਰੀਏ ਤਾਂ ਪਤਾ ਲਗਦਾ ਹੈ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਦੀ ਮੁਲਾਜ਼ਮਾਂ ਨਾਲ ਕਿਤਨੀ ਹਮਦਰਦੀ ਹੈ।

ਜੱਥੇਦਾਰ ਗੁਰਬਚਨ ਸਿੰਘ: ਤਾਂ ਹੀ ਤੁਸੀਂ ਦਫਾ 144 ਲਗਾਈ ਹੋਈ ਹੈ। (ਹਾਸਾ)

ਸ਼੍ਰੀ ਪ੍ਰੇਮ ਗੁਪਤਾ: ਉਹ ਤਾਂ ਤੁਹਾਡੇ ਲਈ ਲਗਾਈ ਹੋਈ ਹੈ। (ਹਾਸਾ)

(ਇਸ ਸਮੇਂ ਮਾਲ ਮੰਤਰੀ, ਚੌਧਰੀ ਜਗਤ ਰਾਮ ਜੀ ਦੀ ਸੀਟ ਦੇ ਨਾਲ ਦੀ ਸੀਟ ਉਤੇ ਬੈਠੇ, ਚੌਧਰੀ ਜਗਤ ਰਾਮ ਜੀ ਨਾਲ ਗੱਲਾਂ ਕਰ ਰਹੇ ਸਨ)

**Expunged as ordered by the Chair.

ਸ਼੍ਰੀ ਡਿਪਟੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਆਪਣੀ ਸੀਟ ਤੇ ਬੈਠੋ ਤਾਂਕਿ ਹਾਊਸ ਦੀ ਕਾਰਵਾਈ ਠੀਕ ਚਲ ਸਕੇ। (Sardar Umrao Singh Ji, please go to your own seat so that proceedings of the House may be conducted smoothly)

ਸ਼੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ, ਸਾਹਿਬ ਇਸ ਗੱਲ ਦਾ ਆਪ ਜੀ ਨੂੰ ਪਤਾ ਹੈ ਔਰ ਮੇਰੇ ਵੀਰਾਂ ਨੂੰ ਵੀ ਪਤਾ ਹੋਣਾ ਹੈ। ਕਈਆਂ ਨੇ ਤਾਂ ਪੜ੍ਹਿਆ ਹੋਣਾ ਹੈ, ਇਨ੍ਹਾਂ ਨੇ ਸੁਣਿਆ ਤਾਂ ਹੈ ਹੀ ਨਹੀਂ ਸੀ, ਜਿਹੜੀਆਂ ਗੱਲਾਂ ਗਵਰਨਰ ਐਡਰੈਸ ਵਿਚ ਲਿਖੀਆਂ ਹੋਈਆਂ ਹਨ ਜਾਂ ਜਿਹੜੀਆਂ ਨਹੀਂ ਵੀ ਲਿਖੀਆਂ ਹੋਈਆਂ ਜੇਕਰ ਅਸੀਂ ਸਾਰੇ ਰਿਕਾਰਡ ਨੂੰ ਵੇਖੀਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਇਹ ਸਰਕਾਰ ਮੁਲਾਜ਼ਮਾਂ ਦੀ ਸੱਭ ਤੋਂ ਵੱਡੀ ਹਮਦਰਦ ਹੈ, ਸੱਭ ਤੋਂ ਵੱਡੀ ਸਪੋਰਟਰ ਹੈ। ਡਿਪਟੀ ਸਪੀਕਰ ਸਾਹਿਬ, ਜੋ ਕੁਝ ਵੀ ਸਰਕਾਰ ਨੇ ਇਸ ਪਾਸੇ ਕੰਮ ਕੀਤਾ ਹੈ ਉਹ ਸ਼ਲਾਘਾਯੋਗ ਹੈ।

ਡਿਪਟੀ ਸਪੀਕਰ ਸਾਹਿਬ, ਜਨਵਰੀ ਦੀ ਹੜਤਾਲ ਇਸ ਸੂਬੇ ਵਿਚ ਸਰਕਾਰੀ ਮੁਲਾਜ਼ਮਾਂ ਨੇ ਕੀਤੀ। ਅਕਾਲੀਆਂ ਵੇਲੇ ਵੀ ਇਨ੍ਹਾਂ ਨੇ ਕਈ ਹੜਤਾਲਾਂ ਕੀਤੀਆਂ ਪਰ ਕੋਈ ਐਸਾ ਮੌਕਾ ਨਹੀਂ ਸੀ ਜਦੋਂ ਕਿ ਇਨ੍ਹਾਂ ਦੇ ਰਾਜ ਵਿਚ ਹਜ਼ਾਰ ਦੋ ਹਜ਼ਾਰ ਮੁਲਾਜ਼ਮ ਅੰਦਰ ਨਹੀਂ ਕੀਤੇ ਹੋਣ। ਹੁਣ ਦੱਸੋ ਜਨਵਰੀ ਨੂੰ ਹੜਤਾਲ ਹੋਈ ਪਰ ਇਸ ਸਰਕਾਰ ਨੇ ਕਿਸੇ ਮੁਲਾਜ਼ਮ ਨੂੰ ਅੰਦਰ ਨਹੀਂ ਕੀਤਾ। ਮੇਰਾ ਅੰਦਾਜ਼ਾ ਹੈ ਕਿ 21 ਜਨਵਰੀ ਦੀ ਹੜਤਾਲ ਵੀ ਇਸ ਕਰਕੇ ਹੀ ਨਹੀਂ ਹੋਈ ਕਿ ਮੁਲਾਜ਼ਮ ਲੀਡਰਾਂ ਵਿਚ ਰੀਥਿੰਕਿੰਗ ਹੋਈ ਕਿ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਦਾ ਰਵੱਈਆ ਜਿਹੜਾ ਹੈ ਉਹ ਪਿਛਲੇ ਸਾਲਾਂ ਵਿਚ ਮੁਲਾਜ਼ਮਾਂ ਪ੍ਰਤੀ ਬੜਾ ਹਮਦਰਦਾਨਾ ਰਿਹਾ ਹੈ। ਹਰ ਗਲ ਜੋ ਗਿਆਨੀ ਜ਼ੈਲ ਸਿੰਘ ਜੀ ਦੀ ਸਰਕਾਰ ਨੇ ਕਹੀ ਹੈ ਉਹ ਪੂਰੀ ਕੀਤੀ ਹੈ। ਇਸ ਲਈ ਮੁਲਾਜ਼ਮਾਂ ਨੇ ਸੋਚਿਆ ਹੋਣਾ ਹੈ ਕਿ ਸਾਨੂੰ ਹੜਤਾਲ ਨਹੀਂ ਕਰਨੀ ਚਾਹੀਦੀ। ਮੈਂ ਸਮਝਦਾ ਹਾਂ ਕਿ ਇਹ ਕਦਮ ਸਰਕਾਰੀ ਮੁਲਾਜ਼ਮਾਂ ਦਾ ਵੀ ਸ਼ਲਾਘਾਯੋਗ ਹੈ, ਔਰ ਸਰਕਾਰ ਦਾ ਵੀ, ਸਰਕਾਰ ਨੇ ਜੋ ਕਲਾਸ ਫੋਰ ਨੂੰ ਸਾਈਕਲ ਅਲਾਊਂਸ ਦਿਤਾ ਹੈ, ਕਨਸਟੇਬਲਾਂ ਨੂੰ ਕਲਾਸ ਥਰੀ ਬਣਾਇਆ ਹੈ ਉਨ੍ਹਾਂ ਦੀ ਵੈਲਫੇਅਰ ਕੀਤੀ ਹੈ, ਉਹ ਸ਼ਲਾਘਾਯੋਗ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਇਹ ਵੀ ਬੇਨਤੀ ਕਰਾਂਗਾ ਕਿ ਮੁਲਾਜ਼ਮਾਂ ਦੀਆਂ ਜੋ ਹੋਰ ਮੰਗਾਂ ਹਨ, ਜਿਥੋਂ ਤੱਕ ਉਹ ਪੂਰੀਆਂ ਕਰ ਸਕਦੀ ਹੈ ਛੇਤੀ ਤੋਂ ਛੇਤੀ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਜਿਹੜੀ ਹਿਊਮੈਨ ਡਿਵੈਲਪਮੈਂਟ ਹੈ, It is also a development ਜਿਸ ਤਰ੍ਹਾਂ ਕਿ ਸੜਕਾਂ ਬਨਾਉਣੀਆਂ ਹਨ, ਸਕੂਲ ਖੋਲ੍ਹਣੇ ਹਨ, ਇਨਡਸਟਰੀ ਲਗਾਉਣੀ ਹੈ ਉਹ ਵੀ ਹੋਣੀ ਜ਼ਰੂਰੀ ਹੈ। ਪਰ ਜਿਥੋਂ ਤੱਕ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਮੰਨ ਸਕਦੀ ਹੈ ਉਸ ਨੂੰ ਮੰਨ ਲੈਣੀਆਂ ਚਾਹੀਦੀਆਂ ਹਨ ਔਰ ਜੇਕਰ ਮੁਲਾਜ਼ਮ ਨੁਮਾਇੰਦਿਆਂ ਔਰ ਸਰਕਾਰ ਵਿਚਕਾਰ ਕੋਈ ਡਿਫਰੈਂਸ ਆਫ ਆਪੀਨੀਅਨ ਹੋ ਜਾਵੇ ਤਾਂ ਉਨ੍ਹਾਂ ਨੂੰ ਬੈਠ ਕੇ ਉਸ ਮਸਲੇ ਦਾ ਹੱਲ ਢੂੰਡ ਲੈਣਾ ਚਾਹੀਦਾ ਹੈ। ਪਰ ਜਿਤਨੀਆਂ ਵੱਧ ਤੋਂ ਵੱਧ ਮੰਗਾਂ ਸਰਕਾਰ ਮੰਨ ਸਕਦੀ ਹੈ ਉਸ ਨੂੰ ਉਹ ਮਨ ਲੈਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਜੋ ਸਰਕਾਰੀ ਕਾਲਜ ਟੀਚਰਜ਼ ਹਨ ਉਨ੍ਹਾਂ ਦੇ ਬਰਾਬਰ ਪ੍ਰਾਈਵੇਟ ਸਕੂਲ ਟੀਚਰਜ਼ ਨੂੰ ਇਸ ਸਰਕਾਰ ਨੇ ਲੈ ਆਉਂਦਾ ਹੈ। ਇਹ ਬੜੇ ਹੀ ਕਨਸਟਰਕਟਿਵ ਕਦਮ ਹਨ ਜਿਹੜੇ ਕਿ ਆਉਣ ਵਾਲੇ ਸਮੇਂ ਵਿਚ ਯਾਦ ਰੱਖੇ ਜਾਣਗੇ। ਮੈਂ

ਸਮਝਦਾ ਹਾਂ ਕਿ ਚਾਹੇ ਸਤਾਰਾਂ ਕਰੋੜ ਰੁਪਏ ਖਰਚ ਹੋਣ ਜਾਂ ਵੀਹ ਕਰੋੜ ਰੁਪਏ ਖਰਚ ਹੋ ਜਾਣ, ਇਸ ਸਰਕਾਰ ਨੇ ਜੋ ਕਦਮ ਚੁਕੇ ਹਨ ਉਹ ਸ਼ਲਾਘਾਯੋਗ ਹਨ ਔਰ ਮੈਨੂੰ ਆਸ ਹੈ ਕਿ ਇਸ ਤਰ੍ਹਾਂ ਹੀ ਅਗੇ ਤੋਂ ਵੀ ਇਹ ਸਰਕਾਰ ਸ਼ਲਾਘਾਯੋਗ ਕਦਮ ਉਠਾਵੇਗੀ।

ਡਿਪਟੀ ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਇਸ ਸਰਕਾਰ ਨੇ ਪਿੰਡਾਂ ਵਿਚ ਬਹੁਤ ਕੰਮ ਕੀਤਾ ਹੈ। ਔਰ ਪਿੰਡਾਂ ਵਿਚ ਕੰਮ ਕਰਨਾ ਵੀ ਚਾਹੀਦਾ ਸੀ ਕਿਉਂਕਿ ਇਹ ਸਦੀਆਂ ਤੋਂ ਇਗਨੋਰ ਰਹੇ ਹਨ। ਮੈਂ ਸਰਕਾਰ ਦਾ ਧਿਆਨ ਇਸ ਗੱਲ ਵਲ ਵੀ ਦਿਵਾਉਣਾ ਚਾਹੁੰਦਾ ਹਾਂ ਕਿਤੇ ਵੀ ਚਲੇ ਜਾਈਏ, ਕਿਤੇ ਸੜਕਾਂ ਚੌੜੀਆਂ ਹੋ ਰਹੀਆਂ ਹਨ, ਕਿਤੇ ਪੱਕੀਆਂ ਹੋ ਰਹੀਆਂ ਹਨ ਪਰ ਮਿਊਨਸਪੈਲਟੀਜ਼ ਦੇ ਏਰੀਏ ਦੇ ਅੰਦਰ ਚਲੇ ਜਾਈਏ ਤਾਂ ਸਾਨੂੰ ਸੜਕਾਂ ਦਾ ਕੰਮ ਰੀਡਿਊਸ ਹੀ ਹੋਇਆ ਦਿਸਦਾ ਹੈ । ਇਹ ਕਿਉਂ ਹੈ ? ਇਹ ਇਸ ਕਰਕੇ ਹੈ ਕਿਉਂਕਿ ਮਿਊਨਸਪੈਲਟੀਜ਼ ਦੇ ਰੀਸੋਰਸਿਜ਼ ਇਤਨੇ ਘੱਟ ਹਨ ਕਿ ਉਹ ਆਪਣੇ ਫੰਡਜ਼ ਵਿਚੋਂ ਸਫਾਈ ਔਰ ਮੇਨਟੇਨੇਸ ਨਹੀਂ ਕਰ ਸਕਦੇ । ਇਸ ਲਈ ਪੰਜਾਬ ਸਰਕਾਰ ਜਿਥੇ ਮਿਊਨਸਪੈਲਟੀਜ਼ ਨੂੰ ਲੋਨ ਦਿੰਦੀ ਹੈ, ਗਰਾਂਟ ਦਿੰਦੀ ਹੈ, ਉਥੇ ਜਿਹੜਾ ਰੋਡ ਟੈਕਸ ਹੈ ਉਸ ਵਿਚੋਂ ਵੀ ਮਿਊਂਸਪੈਲਟੀਜ਼ ਨੂੰ ਹਿੱਸਾ ਦਿੱਤਾ ਜਾਣਾ ਚਾਹੀਦਾ ਹੈ। ਜਿਸ ਤਰ੍ਹਾਂ ਅਸੀਂ ਮੰਗ ਕਰਦੇ ਹਾਂ ਕਿ ਜਿਹੜਾ ਇਨਕਮ ਟੈਕਸ ਹੈ ਉਸ ਵਿਚੋਂ ਸੈਂਟਰ ਨੂੰ ਚਾਹੀਦਾ ਹੈ ਕਿ ਉਹ ਸਟੇਟਸ ਨੂੰ ਸ਼ੇਅਰ ਦੇਵੇ, ਇਸ ਤਰ੍ਹਾਂ ਹੀ ਜਿਹੜਾ ਰੋਡ ਟੈਕਸ ਹੈ ਉਸ ਵਿਚੋਂ ਵੀ ਸਟੇਟ ਨੂੰ ਚਾਹੀਦਾ ਹੈ ਕਿ ਉਹ ਵੀ ਮਿਊਂਸਪੈਲਟੀਜ਼ ਨੂੰ ਹਿੱਸਾ ਦੇਵੇ। ਮਾਰਕਿਟ ਕਮੇਟੀਆਂ ਹਨ ਉਨ੍ਹਾਂ ਦੀ ਆਮਦਨ ਵੀ ਹੈ, ਉਸ ਵਿਚੋਂ ਵੀ ਸ਼ੇਅਰ ਮਿਊਨਸਪਲ ਕਮੇਟੀਆਂ ਨੂੰ ਮਿਲਣਾ ਚਾਹੀਦਾ ਹੈ ਤਾਂਕਿ ਸ਼ਹਿਰਾਂ ਦੀ ਡਿਵੈਲਪਮੈਂਟ ਠੀਕ ਤਰ੍ਹਾਂ ਨਾਲ ਹੋ ਸਕੇ। ਮੈਂ ਇਸ ਗੱਲ ਵਿਚ ਨਹੀਂ ਆਉਂਦਾ ਕਿ ਇਹ ਪਿੰਡ ਹੈ ਜਾਂ ਸ਼ਹਿਰ ਕਿਉਂਕਿ ਇਸ ਵਿਚ ਕੋਈ ਫਰਕ ਨਹੀਂ ਹੈ। ਇਸ ਪਾਸੇ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਇਸ ਤਰ੍ਹਾਂ ਹੀ ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਇਕ ਫੈਸਲਾ ਕੀਤਾ ਕਿ ਜਿਹੜੇ ਰਿਕਸ਼ੇ ਚਲਾਉਣ ਵਾਲੇ ਹਨ, ਜਿਨ੍ਹਾਂ ਦੀ ਇਨਕਮ ਥੋੜ੍ਹੀ ਹੈ, ਉਨ੍ਹਾਂ ਨੂੰ ਰਿਕਸ਼ੇ ਮੁਹੱਈਆ ਕੀਤੇ ਜਾਣ, ਇਹ ਵੀ ਸ਼ਲਾਘਾਯੋਗ ਗੱਲ ਹੈ। ਵੈਸੇ ਤਾਂ ਰਿਕਸ਼ਾ ਚਲਾਉਣਾ ਹੀ ਸਿਹਤ ਵਾਸਤੇ ਠੀਕ ਨਹੀਂ ਹੈ ਪਰ ਜਿਤਨੀ ਦੇਰ ਤੱਕ ਉਨ੍ਹਾਂ ਲਈ ਇੰਪਲਾਇਮੈਂਟ ਦੇ ਐਵਿਨਿਊਜ਼ ਨਹੀਂ ਹਨ, ਉਤਨੀ ਦੇਰ ਤੱਕ ਉਨ੍ਹਾਂ ਨੂੰ ਇਹ ਹੀ ਕਿੱਤਾ ਕਰਨਾ ਪੈ ਰਿਹਾ ਹੈ । ਪਹਿਲੇ ਕੀ ਹੁੰਦਾ ਹੈ ਕਿ ਇਕ ਆਦਮੀ ਜਿਸ ਦੇ ਪਾਸ ਪੈਸੇ ਹੁੰਦੇ ਹਨ ਉਹ ਸੌ ਜਾਂ ਦੋ ਸੌ ਰਿਕਸ਼ੇ ਲੈ ਕੇ ਪੂਲ ਕਰ ਲੈਂਦਾ ਹੈ । ਪਰ ਸਰਕਾਰ ਨੇ ਰਿਕਸ਼ੇ ਵਾਸਤੇ ਕਰਜ਼ਾ ਦੇ ਕੇ ਫਿਰ ਆਸਾਨ ਕਿਸ਼ਤਾਂ ਦੇ ਰਾਹੀਂ ਵਾਪਸ ਲੈਣਾ ਹੈ। ਚਾਹੇ ਇਸ ਸਕੀਮ ਨਾਲ ਕੁੱਲ 20,000 ਬੰਦੇ ਦਾ ਹੀ ਤੁਅੱਲਿਕ ਹੈ, ਇਕ ਛੋਟੀ ਜਿਹੀ ਸਕੀਮ ਹੈ ਲੇਕਿਨ ਸਰਕਾਰ ਦੇ ਇਸ ਆਈਡੀਏ ਤੋਂ ਇਹ ਡੀਪਿਕਟ ਹੁੰਦਾ ਹੈ ਕਿ ਸਰਕਾਰ ਗਰੀਬ ਵਰਗ ਦੇ ਲੋਕਾਂ ਦੀ ਕਿਤਨੀ ਹਮਦਰਦੀ ਕਰ ਰਹੀ ਹੈ।

ਸਰਦਾਰ ਗੁਰਦੇਵ ਸਿੰਘ ਬਾਦਲ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ, ਇਹ ਰਿਕਾਰਡ ਨਾ ਕੀਤਾ ਜਾਵੇ। (This is not a point of order; it should not be recorded)

ਸ਼੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਵੇਖਿਆ ਹੋਵੇਗਾ ਕਿ ਰਿਕਸ਼ਾ ਉਹ ਹੀ ਆਦਮੀ ਚਲਾਉਂਦੇ ਹਨ ਜੋ ਕਿ ਕਰਜ਼ੇ ਵਿਚ ਦਬੇ ਹੋਏ ਹੁੰਦੇ ਹਨ। ਪੰਜਾਬ ਸਰਕਾਰ ਨੇ ਇਸ

*Not recorded as ordered by the Chair.

[ਸ਼੍ਰੀ ਪ੍ਰੇਮ ਗੁਪਤਾ]

ਗੱਲ ਵਲ ਧਿਆਨ ਦਿੱਤਾ ਹੈ ਔਰ ਪੰਜਾਬ ਸਰਕਾਰ ਨੇ ਸਾਰੇ ਪੰਜਾਬ ਵਿਚ ਰਿਕਸ਼ੇ ਦੇਣ ਦਾ ਫੈਸਲਾ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਇਸੇ ਹਾਊਸ ਵਿਚ ਕਈ ਗੱਲਾਂ ਆਈਆਂ। ਪੁਲੀਟੀਕਲ ਸਿੱਚੂਏਸ਼ਨ ਬਾਰੇ ਵੀ ਕਈ ਗੱਲਾਂ ਕੀਤੀਆਂ ਗਈਆਂ, ਪਰ ਉਨ੍ਹਾਂ ਵਲ ਮੈਂ ਨਹੀਂ ਜਾਣਾ ਚਾਹੁੰਦਾ। ਮੈਂ ਇਹ ਮੰਗ ਕਰਦਾ ਹਾਂ ਕਿ ਜਿਸ ਤਰ੍ਹਾਂ ਅਸੀਂ ਚਾਹੁੰਦ ਹਾਂ ਕਿ ਇਨਕਮ ਟੈਕਸ ਵਿਚੋਂ ਸਾਨੂੰ ਸ਼ੇਅਰ ਮਿਲੇ ਇਸ ਤਰ੍ਹਾਂ ਸਾਡੀ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਇਹ ਪਹਿਲਾਂ ਇਹ ਕੰਮ ਕਰੇ ਕਿ ਜਿਹੜਾ ਰੋਡ ਟੈਕਸ ਹੈ, ਜਿਤਨਾਂ ਸ਼ੇਅਰ ਉਸ ਵਿਚੋਂ ਸਰਕਾਰ ਮੁਨਾਸਿਬ ਸਮਝੇ, ਉਹ ਮਿਉਂਸ-ਪਲਟੀਆਂ ਨੂੰ ਦਿੱਤਾ ਜਾਇਆ ਕਰੇ।

ਇਸ ਦੇ ਨਾਲ ਹੀ ਮੈਂ ਇਕ ਹੋਰ ਅਰਜ਼ ਕਰਨੀ ਹੈ । ਜਦੋਂ ਡਿਪਟੀ ਸਪੀਕਰ ਸਾਹਿਬ ਟਰਾਂਸਪੋਰਟ ਦਾ ਸਵਾਲ ਆਉਂਦਾ ਹੈ ਤਾਂ ਕੋਈ ਕਹਿੰਦਾ ਹੈ ਕਿ ਟਰਾਂਸਪੋਰਟ ਨੈਸ਼ਨੇਲਾਈਜ਼ ਕਰੋ, ਕੋਈ ਕਹਿੰਦਾ ਹੈ ਕਿ ਨੈਸ਼ਨੇਲਾਈਜ਼ ਨਹੀਂ ਹੋਣੀ ਚਾਹੀਦੀ, ਕੋਈ ਕਹਿੰਦਾ ਹੈ ਕਿ ਜਿਹੜੀ ਗੌਰਮਿੰਟ ਦੀ ਟਰਾਂਸਪੋਰਟ ਹੈ ਉਸ ਨੂੰ ਵੀ ਨੇਸ਼ਨੇਲਾਈਜ਼ ਕਰ ਦੇਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦਾ ਆਪਣਾ ਵੈਸਟਿਡ ਇਨਟਰੱਸਟ ਹੁੰਦਾ ਹੈ। ਟਰਾਂਸਪੋਰਟ ਦੀਆਂ ਸਾਡੀਆਂ ਦੋ ਸਹਿਕਾਰੀ ਏਜੰਸੀਆਂ ਹਨ, ਇਕ ਤਾਂ ਪੰਜਾਬ ਰੋਡਵੇਜ਼ ਔਰ ਦੂਜੀ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ। ਇਨ੍ਹਾਂ ਵਿਚ ਜੇਕਰ ਕਿਤੇ ਕੋਈ ਕਮੀ ਹੋਵੇ ਤਾਂ ਉਹ ਰੀਮੂਵ ਕਰਨੀ ਚਾਹੀਦੀ ਹੈ ਨਾ ਕਿ ਕਿਸੇ ਇਨਸਟੀਚਿਊਸ਼ਨ ਦੇ ਕਨਡੱਕਟ ਤੇ ਇਲਜ਼ਾਮ ਲਗਾ ਕੇ ਉਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਰੋਡ ਫੈਸਿਲਟੀਜ਼ ਨੂੰ ਵਧਾ ਦੇਵੇ ਚਾਹੇ ਕੋਈ ਵੀ ਤਕਲੀਫ ਦਾ ਸਾਹਮਣਾ ਕਰਨਾ ਪਵੇ । ਇਸ ਪਾਸੇ ਵਲ ਵੱਧ ਤੋਂ ਵੱਧ ਕਦਮ ਚੁਕਣੇ ਚਾਹੀਦੇ ਹਨ। ਇਹ ਚੀਜ਼ ਲੋਕਾਂ ਦੀ ਡੇਲੀ ਲਾਈਫ ਨਾਲ ਤੁਅੱਲਕ ਰਖਦੀ ਹੈ। ਇਸ ਲਈ ਇਸ ਪਾਸੇ ਵਲ ਸਰਕਾਰ ਨੂੰ ਕਦਮ ਚੁਕਣੇ ਚਾਹੀਦੇ ਹਨ ਤਾਂਕਿ ਲੋਕਾਂ ਨੂੰ ਕੋਈ ਵੀ ਸ਼ਿਕਾਇਤ ਨਾ ਰਹੇ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਸੁਜੈਸ਼ਨ ਸਰਕਾਰ ਨੂੰ ਦੇਣੀ ਚਾਹੁੰਦਾ ਹਾਂ। ਡਿਪੂਆਂ ਉਪਰ ਬੜੀਆਂ ਬੜੀਆਂ ਲਾਈਨਾਂ ਲਗੀਆਂ ਹੁੰਦੀਆਂ ਹਨ, ਚਾਹੇ ਖਾਦ ਦੀ ਹੈ, ਚਾਹੇ ਹੋਰ ਕਿਸੇ ਚੀਜ਼ ਦੀ। ਇਸ ਤਰ੍ਹਾਂ ਨਾਲ ਦੁਕਾਨਦਾਰ ਬਲੈਕ ਕਰਦੇ ਹਨ ਔਰ ਨਾਲ ਹੀ ਐਕਸਪਲਾਇਟ ਕਰਦੇ ਹਨ ਕਿ ਸਰਕਾਰ ਕੋਈ ਪ੍ਰਬੰਧ ਨਹੀਂ ਕਰਦੀ, ਇਸ ਲਈ ਚੀਜ਼ਾਂ ਨਹੀਂ ਮਿਲਦੀਆਂ। ਜੇਕਰ ਸਰਕਾਰ ਉਨ੍ਹਾਂ ਨੂੰ ਅੰਦਰ ਦਿੰਦੀ ਹੈ ਤਾਂ ਕਹਿੰਦੇ ਹਨ ਕਿ ਸਿਵਲ ਲਿਬਰਟੀ ਕਰਬ ਹੋ ਗਈ ਹੈ। ਇਸ ਤਰ੍ਹਾਂ ਇਕ ਵਿਸ਼ੀਅੱਸ ਸਰਕਲ ਕਰੀਏਟ ਹੋ ਜਾਂਦਾ ਹੈ। ਸਰਕਾਰ ਨੂੰ ਇਹ ਸਾਰਾ ਕੰਮ ਖੁਦ ਕਰਨਾ ਚਾਹੀਦਾ ਹੈ। ਜਿਸ ਤਰ੍ਹਾਂ ਕਿ ਕਪੂਰ ਸਾਹਿਬ ਨੇ ਵੀ ਜ਼ਿਕਰ ਕੀਤਾ ਹੈ ਦਯਾਨੰਦ ਮੈਡੀਕਲ ਕਾਲਿਜ ਦਾ, ਇਸ ਦੇ ਬਾਰੇ ਮੈਂ ਵੀ ਬੇਨਤੀ ਕਰਦਾ ਹਾਂ ਕਿ ਦਯਾਨੰਦ ਕਾਲਿਜ ਬੰਦ ਨਹੀਂ ਹੋਣਾ ਚਾਹੀਦਾ। ਚਾਹੇ ਸਰਕਾਰ ਉਸ ਨੂੰ ਗਰਾਂਟ ਦੇਵੇ ਔਰ ਚਾਹੇ ਟੇਕ ਓਵਰ ਕਰੇ ਤਾਂਕਿ ਜਿਸ ਮੁੰਡੇ ਨੇ ਐਡਮਿਸ਼ਨ ਲਈ ਹੋਈ ਹੈ ਉਸ ਦਾ ਫਿਊਚਰ ਡਾਰਕ ਨਾ ਹੋਵੇ।

ਹੋਰ ਜਿਹੜੇ ਵੀ ਇੰਸਟੀਚਿਊਸ਼ਨ ਹਨ, ਜਿਨ੍ਹਾਂ ਦੀ ਵਾਇਬਿਲਟੀ ਨਾ ਹੋਵੇ, ਜਿਹੜੇ ਕੰਮ ਠੀਕ ਨਾ ਕਰਦੇ ਹੋਣ, ਉਨ੍ਹਾਂ ਬਾਰੇ ਸਰਕਾਰ ਦੀ ਰਿਸਪਾਂਸੀਬਿਲਟੀ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਇੰਸਟੀਚਿਊਸ਼ਨਜ਼ ਨੂੰ ਸਰਕਾਰ ਨੂੰ ਲੈ ਲੈਣਾ ਚਾਹੀਦਾ ਹੈ।

ਇਕ ਗੱਲ ਹੋਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸ਼ਹਿਰਾਂ ਵਿਚ ਐਜੂਕੇਸ਼ਨ ਦੀ ਫੈਸਿਲਿਟੀ ਕੋਈ ਵੀ ਲੈ ਸਕਦਾ ਹੈ । ਇਸ ਬਾਰੇ ਮੈਂ ਇਕ ਸਵਾਲ ਵੀ ਪੁੱਛਿਆ ਸੀ। ਸ਼ਹਿਰਾਂ ਵਿਚ ਐਕਸਪੈਂਨਸ਼ਨ ਹੋ ਰਹੀ ਹੈ, ਆਬਾਦੀ ਵੱਧ ਰਹੀ ਹੈ, ਪਰ ਨੰਬਰ ਆਫ ਸਕੂਲਜ਼ ਉਹੀ ਹੈ, ਇਸ ਕਰਕੇ ਸ਼ਹਿਰਾਂ ਦੇ ਸਕੂਲਾਂ ਵਿਚ ਓਵਰਕਰਾਊਡਿੰਗ ਹੋ ਰਹੀ ਹੈ। ਸ਼ਹਿਰਾਂ ਵਿਚ ਹੋਰ ਸਕੂਲ ਵੀ ਬਣਦੇ ਹਨ ਅਤੇ ਪ੍ਰਾਈਵੇਟ ਸਕੂਲ ਵੀ ਹੁੰਦੇ ਹਨ, ਪਰ ਫਿਰ ਵੀ ਓਵਰਕਰਾਊਡਿੰਗ ਹੈ। ਸ਼ਹਿਰਾਂ ਵਿਚ ਪ੍ਰਾਈਵੇਟ ਸਕੂਲਾਂ ਦੀ ਪੋਜ਼ੀਸ਼ਨ ਇਹ ਹੈ ਕਿ 1 ਦਸੰਬਰ, 1967 ਨੂੰ ਜੋ ਉਨ੍ਹਾਂ ਦੀ ਸਟਰੈਂਗਥ ਸੀ, ਉਸ ਨੂੰ ਐਕਸਪੈਂਡ ਨਹੀਂ ਕੀਤਾ ਗਿਆ ਅਤੇ ਇਸ ਬਾਰੇ ਕੰਡੀਸ਼ਨ ਲਗਾ ਦਿਤੀ ਗਈ ਕਿ ਐਕਸਪੈਂਡ ਨਹੀਂ ਕਰਨਾ। ਸ਼ਹਿਰਾਂ ਵਿਚ ਬਿਲਡਿੰਗਾਂ ਦੀ ਬੜੀ ਕਮੀ ਹੈ। ਇਸ ਦਾ ਨਤੀਜਾ ਇਹ ਹੈ ਕਿ ਸ਼ਹਿਰਾਂ ਵਿਚ ਗਵਰਨਮੈਂਟ ਸਕੂਲ ਵੀ ਓਵਰਕਰਾਊਡਿਡ ਹਨ ਅਤੇ ਪ੍ਰਾਈਵੇਟ ਸਕੂਲ ਵੀ ਓਵਰਕਰਾਊਡਿਡ ਹਨ। ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਇਸ ਦੇ ਨਾਲ ਸਰਕਾਰ ਨੇ ਨਵੀਆਂ ਕਾਲੋਨੀਜ਼ ਬਣਾਉਣ ਦਾ ਫੈਸਲਾ ਕੀਤਾ ਹੈ ਅਤੇ ਸਲੱਮਜ਼ ਨੂੰ ਸਾਫ ਕਰਨ ਦਾ ਫੈਸਲਾ ਕੀਤਾ ਹੈ, ਉਨ੍ਹਾਂ ਨੂੰ ਇੰਪਰੂਵ ਕਰਨ ਦਾ ਫੈਸਲਾ ਕੀਤਾ ਹੈ। ਮੈਂ ਅਰਜ਼ ਕਰਾਂਗਾ ਕਿ ਇਸ ਬਾਰੇ ਜਲਦੀ ਕਦਮ ਚੁੱਕੇ ਜਾਣ ।

ਹੁਣ ਮੈਂ ਹੈਲਥ ਬਾਰੇ ਗੱਲ ਕਰਨੀ ਚਾਹੁੰਦਾ ਹਾਂ, ਇਸ ਵਿਚ ਜੂਨੀਅਰ ਡਾਕਟਰ ਵੀ ਆ ਜਾਂਦੇ ਹਨ। ਸਾਰੇ ਪੰਜਾਬ ਦਾ ਸਰਵੇ ਕੀਤਾ ਜਾਵੇ। ਇਹ ਬੜੀ ਚੰਗੀ ਗੱਲ ਹੋਵੇਗੀ ਕਿ ਹਰ ਮਹੀਨੇ ਹਰ ਜ਼ਿਲ੍ਹੇ ਦਾ ਮੈਡੀਕਲ ਸਰਵੇ ਕੀਤਾ ਜਾਵੇ ਅਤੇ ਇਸ ਗੱਲ ਦਾ ਪਤਾ ਲਗਾਇਆ ਜਾਵੇ ਕਿ ਕਿਸੇ ਨੂੰ ਕੀ ਬੀਮਾਰੀ ਹੈ ਅਤੇ ਕਿੰਨੇ ਲੋਕੀਂ ਕਿਹੜੀ ਕਿਹੜੀ ਬੀਮਾਰੀ ਤੋਂ ਸਫਰ ਕਰ ਰਹੇ ਹਨ। ਇਹ ਸਾਡੀ ਸਰਕਾਰ ਨੇ ਪਹਿਲੀ ਦਫਾ ਕਦਮ ਚੁਕਿਆ ਹੈ ਕਿ ਮੈਡੀਕਲ ਮੰਥਨ ਸ਼ੁਰੂ ਕਰਵਾਏ ਹਨ, ਇਸ ਨਾਲ ਲੋਕਾਂ ਦਾ ਬਹੁਤ ਭਲਾ ਹੋਵੇਗਾ।

ਪਿੰਡਾਂ ਵਿਚ ਪਾਣੀ ਨਹੀਂ ਮਿਲਦਾ ਸੀ। ਸਰਕਾਰ ਨੇ ਹੁਣ ਡੀਪ ਟਿਊਬਵੈੱਲ ਲਗਵਾਏ ਹਨ। ਮੈਂ ਇਹ ਕਹਾਂਗਾ ਕਿ ਕੰਢੀ ਏਰੀਆਜ਼ ਵਾਸਤੇ ਵੀ ਜੋ ਸਰਕਾਰ ਨੇ ਸਕੀਮਾਂ ਬਣਾਈਆਂ ਹਨ, ਉਨ੍ਹਾਂ ਨੂੰ ਵੀ ਛੇਤੀ ਤੋਂ ਛੇਤੀ ਪੂਰਾ ਕਰਨਾ ਚਾਹੀਦਾ ਹੈ।

ਇਥੇ ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਰਕਾਰ ਦਾ 12 ਨੁਕਤਿਆਂ ਦਾ ਪ੍ਰੋਗਰਾਮ ਹੈ, ਇਹ ਜਿਹੜਾ ਨਾਅਰਾ ਹੈ, ਜਿਹੜਾ ਇਲੈਕਸ਼ਨਾਂ ਵਿਚ ਕਾਂਗਰਸ ਪਾਰਟੀ ਦਾ ਮੈਨੀਫੈਸਟੋ ਸੀ, ਉਸ ਦੇ ਮੁਤਾਬਿਕ ਇਹ ਸਰਕਾਰ ਬੜੀ ਕਾਮਯਾਬੀ ਨਾਲ ਪੂਰਾ ਕਰ ਰਹੀ ਹੈ ਅਤੇ ਆਪਣੇ ਪਰੋਗਰਾਮਾਂ ਦੀ ਬੜੀ ਸਕਸੈਸਫੁਲੀ ਇਮਪਲੀਮੈਂਟੇਸ਼ਨ ਕਰ ਰਹੀ ਹੈ। ਇਸ ਦੇ ਨਾਲ ਹੀ ਮੈਂ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਸੂਬੇ ਵਿਚ ਅਸੈਂਸ਼ੀਅਲ ਕਾਮੋਡੀਟੀਜ਼ ਦੀ ਸ਼ਾਰਟੇਜ ਅਤੇ ਮਹਿੰਗਾਈ ਦੀਆਂ ਜਿਹੜੀਆਂ ਸਮੱਸਿਆਵਾਂ ਹਨ, ਇਹ ਸਰਕਾਰ ਦੇ ਸਕਸੈਸਫੁਲ ਕੰਮਾਂ ਤੇ ਰਿਫਲੈਕਸ਼ਨ ਪਾਉਂਦੀਆਂ ਹਨ ਕਿਉਂਕਿ ਕੁਝ ਪਾਰਟੀਆਂ ਇਨ੍ਹਾਂ ਚੀਜ਼ਾਂ ਨੂੰ ਐਕਸਪਲਾਇਟ ਕਰਦੀਆਂ ਹਨ ਅਤੇ ਇਹ ਕਹਿੰਦੇ ਹਨ ਕਿ ਸਰਕਾਰ ਨੇ ਕੁਝ ਨਹੀਂ ਕੀਤਾ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਾਹਮਣੇ ਇਸ ਬਾਰੇ ਕੰਕਰੀਟ ਫਿਗਰਜ਼ ਹਨ ਕਿ ਸਰਕਾਰ ਨੇ ਕੀ ਕੁਝ ਲੋਕਾਂ ਦੀ ਭਲਾਈ ਬਾਰੇ ਕੀਤਾ ਹੈ, ਪਰ ਸ਼ਾਰਟੇਜ ਅਤੇ ਮਹਿੰਗਾਈ ਦੀ ਆੜ ਲੈ ਕੇ ਕੁਝ ਲੋਕ, ਕੁਝ ਪਾਰਟੀਆਂ ਲੋਕਾਂ ਨੂੰ ਐਕਸਪਲਾਇਟ ਕਰਨਾ ਚਾਹੁੰਦੇ ਹਨ। ਇਹ ਗੱਲ ਠੀਕ ਨਹੀਂ ਹੈ। ਇਹ ਗੱਲ ਹਾਊਸ ਦੇ ਵੀ ਅਤੇ ਸਭ ਦੇ ਸਾਹਮਣੇ ਹੈ ਕਿ ਸਰਕਾਰ ਨੇ ਕਿੰਨੀ ਪਰੋਗਰੈਸ ਕੀਤੀ ਹੈ ।

[ਸ਼੍ਰੀ ਪ੍ਰੇਮ ਗੁਪਤਾ]

ਪਿਛਲੇ ਦਿਨੀਂ ਮੈਂ ਯੂ.ਪੀ. ਵਿਚ ਗਿਆ। ਮੈਨੂੰ ਉਥੇ ਜਾਣ ਦਾ ਮੌਕਾ ਮਿਲਿਆ ਕਿਉਂ ਕਿ ਮੈਂ ਆਲ ਇੰਡੀਆ ਕਾਂਗਰਸ ਪਾਰਟੀ ਦਾ ਮੈਂਬਰ ਹਾਂ। ਪਰ ਮੈਨੂੰ ਇਹ ਸਮਝ ਨਹੀਂ ਆਇਆ ਕਿ ਮੈਂ ਤਾਂ ਆਪਣੀ ਪਾਰਟੀ ਦੀ ਸਪੋਰਟ ਕਰਨ ਲਈ ਉਥੇ ਗਿਆ ਸੀ, ਪਰ ਇਹ ਸਾਹਮਣੇ ਬੈਠੇ ਸੱਜਣ ਉਥੇ ਕਿਸ ਵਾਸਤੇ ਗਏ ਸਨ (ਵਿਘਨ) ਇਨ੍ਹਾਂ ਦਾ ਪ੍ਰੋਗਰਾਮ ਕੀ ਸੀ। ਇਹ ਇਸ ਕਰਕੇ ਗਏ ਸੀ ਕਿ ਇਨ੍ਹਾਂ ਦਾ ਕਮਿਊਨਲ ਫੋਰਸਿਜ਼ ਨਾਲ ਕੰਬੀਨੇਸ਼ਨ ਹੈ, ਸਾਰੇ ਮੁਲਕ ਵਿਚ ਇਹ ਕੰਬੀਨੇਸ਼ਨ, ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਕਾਂਗਰਸ ਪਾਰਟੀ ਨੂੰ ਗੱਦੀ ਤੋਂ ਕਿਸ ਤਰ੍ਹਾਂ ਉਤਾਰਨਾ ਹੈ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਵਿਚ ਵੀ ਤਾਂ ਇਲੈਕਸ਼ਨ ਹੈ, 24 ਮਾਰਚ ਡੇਟ ਵੀ ਫਿਕਸ ਹੋ ਚੁੱਕੀ ਹੈ......

ਜਥੇਦਾਰ ਗੁਰਬਚਨ ਸਿਘ : ਨਾਗਾਲੈਂਡ ਵਿਚ ਕੀ ਹੋਇਆ ?

ਸ਼੍ਰੀ ਡਿਪਟੀ ਸਪੀਕਰ : ਅਸੀਂ ਗਵਰਨਰ ਐਡਰੈਸ ਤੇ ਡਿਸਕਸ਼ਨ ਕਰ ਰਹੇ ਹਾਂ, ਰੈਲੇਵੈਂਟ ਰਹੋ। (The House is discussing the Governor's Address, please be relevant)

ਸ਼੍ਰੀ ਪ੍ਰੇਮ ਗੁਪਤਾ : ਜਨਾਬ, ਪੋਲੀਟੀਕਲ ਸਿਚੂਏਸ਼ਨ ਤੇ ਤਾਂ ਡਿਸਕਸ਼ਨ ਕਰ ਸਕਦੇ ਹਾਂ।

ਸਰਦਾਰ ਅਜਾਇਬ ਸਿੰਘ ਸੰਧੂ : ਫਿਰ ਅਸੀਂ ਵੀ ਗੁਪਤਾ ਸਾਹਿਬ ਦੀ ਤਰ੍ਹਾਂ ਬੋਲ ਲਵਾਂਗੇ।

ਸ਼੍ਰੀ ਡਿਪਟੀ ਸਪੀਕਰ : ਉਨ੍ਹਾਂ ਨੂੰ ਵੀ ਰੋਕ ਦਿਤਾ ਹੈ, ਤੁਹਾਨੂੰ ਵੀ ਇਸ ਤਰ੍ਹਾਂ ਨਹੀਂ ਕਰਨ ਦੇਣਾ। (I have stopped hon. Member Sh. Prem Gupta from doing so. I won't permit you also.)

ਸਰਦਾਰ ਅਜਾਇਬ ਸਿੰਘ ਸੰਧੂ : ਜਿੰਨਾ ਕੁ ਗੁਪਤਾ ਜੀ ਨੇ ਬੋਲਿਆ ਹੈ, ਉਨਾਂ ਕੁ ਅਸੀਂ ਵੀ ਬੋਲ ਲਵਾਂਗੇ।

Mr. Deputy Speaker : Order please.

ਸ਼੍ਰੀ ਪ੍ਰੇਮ ਗੁਪਤਾ : ਅੰਮ੍ਰਿਤਸਰ ਵਿਚ ਇਹ ਕਿਸ ਨੂੰ ਸਪੋਰਟ ਕਰ ਰਹੇ ਹਨ ......

ਸ਼੍ਰੀ ਡਿਪਟੀ ਸਪੀਕਰ : ਇਸ ਬਾਰੇ ਕੋਈ ਕਮੈਂਟ ਨਾ ਕਰੋ ਜੀ। (No comment on this topic please)

ਸ਼੍ਰੀ ਪ੍ਰੇਮ ਗੁਪਤਾ : ਜਿਹੜਾ ਕਿ ਇਹ ਹਿੰਦੂ-ਸਿੱਖ ਯੂਨਿਟੀ ਦਾ ਸਲੋਗਨ ਲਗਾਉਂਦੇ ਹਨ, ਇਹ ਹੀ ਡਿਸੈਪਸ਼ਨ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਲੋਕਾਂ ਨੂੰ ਗੁਮਰਾਹ ਨਹੀਂ ਕੀਤਾ ਜਾ ਸਕਦਾ। ਜਨ-ਸੰਘ ਨਾਲ ਇਨ੍ਹਾਂ ਦਾ ਪਿਛੇ ਵੀ ਅਲਾਇੰਸ ਰਿਹਾ ਹੈ, ਲੋਕਾਂ ਨੂੰ ਸਭ ਪਤਾ ਹੈ (ਵਿਘਨ)

Mr. Deputy Speaker : Order please.

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। (This is no point of order)

ਸ਼੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਗਵਰਨਰ ਦਾ ਐਡਰੈਸ ਜਿਹੜਾ ਹੈ ਉਸ ਵਿਚ ਸਰਕਾਰ ਦੀਆਂ ਜਿਹੜੀਆਂ ਪਿਛਲੇ ਸਾਲ ਦੀਆਂ ਐਚੀਵਮੈਂਟਸ ਹਨ, ਉਨ੍ਹਾਂ ਦਾ ਜ਼ਿਕਰ ਹੈ ਅਤੇ

*Expunged as ordered by the Chair.

ਅਗਲੇ ਸਾਲ ਸਰਕਾਰ ਨੇ ਕੀ ਕੀ ਕਰਨਾ ਹੈ, ਉਸ ਦੀ ਪਿਕਚਰ ਪੇਸ਼ ਕੀਤੀ ਹੈ। ਇਸ ਸੂਬੇ ਵਿਚ ਜੋ ਜੋ ਸਮੱਸਿਆਵਾਂ ਪੇਸ਼ ਆਈਆਂ ਅਤੇ ਸਰਕਾਰ ਨੇ ਉਨ੍ਹਾਂ ਬਾਰੇ ਕੀ ਕੀ ਕਦਮ ਚੁੱਕੇ ਹਨ, ਇਹ ਸਭ ਕੁਝ ਗਵਰਨਰ ਦੇ ਐਡਰੈਸ ਵਿਚ ਦਿੱਤਾ ਗਿਆ ਹੈ। ਇਸ ਗੱਲ ਦੀ ਮੈਨੂੰ ਪੂਰੀ ਉਮੀਦ ਹੈ ਕਿ ਪੰਜਾਬ ਵਿਚ ਕੋਈ ਵੀ ਸਿਚੂਏਸ਼ਨ ਹੋਵੇ, ਪੰਜਾਬ ਦੇ ਲੋਕ ਇੰਨੇ ਬਹਾਦਰ ਹਨ, ਇੰਨੇ ਸਮਝਦਾਰ ਹਨ ਕਿ ਉਹ ਕੈਪੀਟੇਲਿਸਟਾਂ ਜਾਂ ਕਮਿਊਨਲ ਪਾਰਟੀਆਂ ਦੇ ਹੱਥਾਂ ਵਿਚ ਨਹੀਂ ਖੇਲਣਗੇ ਅਤੇ ਉਨ੍ਹਾਂ ਦੇ ਜ਼ਰੀਏ ਐਕਸਪਲਾਇਟ ਨਹੀਂ ਹੋਣਗੇ ਅਤੇ ਜਿਹੜੇ ਵੈਸਟਿਡ ਇੰਟਰੈਸਟਸ ਹਨ, ਉਨ੍ਹਾਂ ਨੂੰ ਫਾਇਦਾ ਉਠਾਉਣ ਦੀ ਇਜਾਜ਼ਤ ਨਹੀਂ ਦੇਣਗੇ।

ਇਸ ਕਰਕੇ ਮੈਂ ਤਾਂ ਇਹ ਕਹਾਂਗਾ ਕਿ ਆਪੋਜ਼ੀਸ਼ਨ ਵਾਲਿਆਂ ਨੂੰ ਇਹ ਚਾਹੀਦਾ ਹੈ ਕਿ ਜਿਹੜਾ ਕੰਨਸਟਰੱਕਟਿਵ ਕਰਿਟੀਸਿਜ਼ਮ ਹੈ, ਉਹ ਜ਼ਰੂਰ ਕਰਨ, ਇਹ ਕੋਈ ਮਾੜੀ ਗੱਲ ਨਹੀਂ, ਡੈਮੋਕਰੇਸੀ ਵਿਚ ਇਹ ਜ਼ਰੂਰੀ ਹੁੰਦਾ ਹੈ, ਔਰ ਹਰ ਆਦਮੀ ਦੀ ਰਾਇ ਹੋਣੀ ਚਾਹੀਦੀ ਹੈ। ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਸਾਨੂੰ ਸਾਰਿਆਂ ਨੂੰ, ਆਪੋਜ਼ੀਸ਼ਨ ਵਾਲਿਆਂ ਨੂੰ ਵੀ, ਜਿਹੜੀਆਂ ਮੁਲਕ ਦੀਆਂ ਪਰਾਬਲਮਜ਼ ਹਨ, ਸੂਬੇ ਦੇ ਲੋਕਾਂ ਦੀਆਂ ਪਰਾਬਲਮਜ਼ ਹਨ, ਉਨ੍ਹਾਂ ਨੂੰ ਹਲ ਕਰਨ ਲਈ ਮਦਦ ਕਰਨੀ ਚਾਹੀਦੀ ਹੈ, ਜਿਹੜੀਆਂ ਲੋਕਾਂ ਦੀਆਂ ਤਕਲੀਫਾਂ ਹਨ, ਉਨ੍ਹਾਂ ਨੂੰ ਦੂਰ ਕਰਨ ਵਿਚ ਸਭ ਨੂੰ ਮਦਦ ਕਰਨੀ ਚਾਹੀਦੀ ਹੈ।

ਜਥੇਦਾਰ ਗੁਰਬਚਨ ਸਿੰਘ : ਤੁਹਾਨੂੰ ਕੀ ਮਿਲਿਆ ਹੈ, ਤੁਸੀਂ ਤਾਂ ਵਜ਼ੀਰ ਨਹੀਂ ਬਣੇ।

Mr. Deputy Speaker: Order please.

ਜਥੇਦਾਰ ਗੁਰਬਚਨ ਸਿੰਘ : ਗੁਪਤਾ ਜੀ, ਸਰਪੰਚ ਅਖਬਾਰ ਪੜ੍ਹ ਲਵੋ।

Mr. Deputy Speaker: No interruption. Order please.

ਸ੍ਰੀ ਪ੍ਰੇਮ ਗੁਪਤਾ : ਮੈਂ ਹਾਊਸ ਦਾ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਇਹ ਹੀ ਅਰਜ਼ ਕਰਾਂਗਾ ਕਿ ਮੁਲਕ ਦੀਆਂ ਜਿੰਨੀਆਂ ਵੀ ਸਮੱਸਿਆਵਾਂ ਹਨ ਉਨ੍ਹਾਂ ਨੂੰ ਸਾਡੀ ਸਰਕਾਰ ਹਲ ਕਰਨ ਦੀ ਪੂਰੀ ਕੋਸ਼ਿਸ਼ ਕਰ ਰਹੀ ਹੈ ਅਤੇ ਕਾਮਯਾਬੀ ਨਾਲ ਕਰ ਰਹੀ ਹੈ। ਸਾਨੂੰ ਇਹ ਚਾਹੀਦਾ ਹੈ ਕਿ ਜਿਹੜੇ ਗਰੀਬ ਹਨ, ਹਰੀਜਨ ਹਨ, ਛੋਟਾ ਤਬਕਾ ਹੈ, ਉਨ੍ਹਾਂ ਦੀ ਵੈਲਫੇਅਰ ਕਰੀਏ ਇਸ ਲਈ। ਇਸ ਦੇ ਵਿਚ ਕਈ ਰੁਕਾਵਟਾਂ ਵੀ ਆਉਂਦੀਆਂ ਹਨ, ਕਿਉਂਕਿ ਡੈਮੋਕਰੇਸੀ ਹੈ ਅਤੇ ਕੁਝ ਰੀਐਕਸ਼ਨਰੀ ਅਤੇ ਕਮਿਊਨਲ ਫੋਰਸਿਜ਼ ਲੋਕਾਂ ਨੂੰ ਐਕਸਪਲਾਇਟ ਕਰਦੀਆਂ ਹਨ ਅਤੇ ਵੈਸਟਿਡ ਇੰਟਰੱਸਟ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਫਿਰ ਵੀ ਸਾਡੀ ਸਰਕਾਰ ਦੀ ਤਰੱਕੀ ਦੀ ਰਫਤਾਰ ਬਹੁਤ ਤੇਜ਼ ਹੈ ਅਤੇ ਇਹ ਕਾਮਯਾਬੀ ਨਾਲ ਸਾਰੇ ਕੰਮਾਂ ਨੂੰ ਨਿਭਾਏਗੀ।

ਮੈਂ ਇੰਨਾਂ ਹੀ ਕਹਿੰਦਾ ਹੋਇਆ ਆਪ ਦਾ ਸ਼ੁੱਕਰੀਆ ਅਦਾ ਕਰਦਾ ਹਾਂ।

ਸਰਦਾਰ ਅਜਾਇਬ ਸਿੰਘ ਸੰਧੂ (ਮੁਰਿੰਡਾ ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਵੀਰ ਸ੍ਰੀ ਗੁਪਤਾ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਉਨ੍ਹਾਂ ਨੂੰ ਹੋਰ ਕੁਝ ਨਹੀਂ ਕਹਿਣਾ। ਜਿਵੇਂ ਉਨ੍ਹਾਂ ਨੇ ਕਿਹਾ ਸਾਹਮਣੇ ਬੈਠੇ ਮੈਂਬਰਾਂ ਨੇ ਇਸ ਐਡਰੈਸ ਨੂੰ ਪੜ੍ਹਿਆ ਹੀ ਨਹੀਂ, ਪਰ ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਉਹ ਤਾਂ ਪੜ੍ਹ ਕੇ ਆਏ ਸੀ ਪਰ ਉਹ ਵੀ ਛੱਡ ਗਏ। ਮੈਂ ਦਸਦਾ ਹਾਂ ਕੀ ਉਨ੍ਹਾਂ ਨੇ ਪੜ੍ਹਿਆ ਅਤੇ ਕੀ ਨਹੀਂ ਪੜ੍ਹਿਆ। ਇਹ ਗੱਲ ਇਨ੍ਹਾਂ ਨੂੰ ਭੁਲੀ ਨਹੀਂ ਹੋਵੇਗੀ ਕਿ ਜਿਸ ਦਿਨ ਗਵਰਨਰ ਸਾਹਿਬ ਨੇ ਏਥੇ ਭਾਸ਼ਨ ਦਿੱਤਾ ਸੀ, ਇਨ੍ਹਾਂ ਨੇ ਮੈਨੂੰ ** ** ** ** ਦਿੱਤੀ ਸੀ।

Mr. Deputy Speaker : No personal charges. It should not be recorded.

**Not recorded as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ : ਉਨ੍ਹਾਂ ਨੇ , ਮੈਂ ਇਉਂ ਕਹਿੰਦਾ ਹਾਂ ਕਿ ਮੈਨੂੰ ਐਪਰੀਸ਼ੀਏਟ ਕੀਤਾ ਸੀ। ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਸੀ.ਆਈ.ਡੀ. ਨੇ ਦਸਿਆ ਸੀ ਕਿ ਤੁਸੀ ਤਾਂ ਅੱਜ ਗਵਰਨਰ ਸਾਹਿਬ ਨੂੰ ਢਾ ਲੈਣਾ ਹੈ। ਮੈ ਉਨ੍ਹਾਂ ਨੂੰ ਕਿਹਾ ਸੀ ਕਿ ਅਸੀ ਤੁਹਾਡੇ ਵਰਗੇ * * * * * * ਨਹੀਂ ।

ਸ਼੍ਰੀ ਡਿਪਟੀ ਸਪੀਕਰ : ਇਹ ਲਫਜ਼ ਕਟ ਦਿੱਤੇ ਜਾਣ। (These words should be expunged.)

ਸਰਦਾਰ ਅਜਾਇਬ ਸਿੰਘ ਸੰਧੂ : ਮੈ ਉਨ੍ਹਾਂ ਨੂੰ ਦਸ ਦੇਵਾਂ ਕਿ ਅਸੀਂ ਉਨ੍ਹਾਂ ਵਰਗੇ ਕਮਲੇ ਨਹੀਂ, ਅਸੀਂ ਪੰਜਾਬ ਵਿਚ ਰਾਜ ਕੀਤਾ ਹੈ ਅਤੇ ਕਰਨਾ ਹੈ, ਅਸੀਂ ਤੁਹਾਡੇ ਵਰਗੀਆਂ ਚਾਲਾਂ ਨਹੀਂ ਚਲਦੇ। ਹੁਣ ਮੈਂ ਇਨ੍ਹਾਂ ਦੀਆਂ ਹੀ ਗੱਲਾਂ ਦਾ ਜਵਾਬ ਦੇਂਦਾ ਹਾਂ ਕਿ ਉਹ ਕਿਹੜੀਆਂ ਗੱਲਾਂ ਇਸ ਐਡਰੈਸ ਵਿਚੋਂ ਪੜ੍ਹਕੇ ਆਏ ਹਨ।

ਇਸ ਸਦਨ ਵਿਚ ਬੈਠਿਆਂ ਜੋ ਗੱਲ ਮੈਂ ਗਵਰਨਰ ਸਾਹਿਬ ਦੇ ਮੁਖਾਰਬਿੰਦ ਤੋਂ ਸੁਣੀ ਉਸ ਤੋਂ ਮੈਂ ਇਸ ਸਿੱਟੇ ਤੇ ਪੁਜਿਆ ਹਾਂ ਕਿ ਇਹ ਜਿਹੜਾ ਐਡਰੈਸ ਗਵਰਨਰ ਸਾਹਿਬ ਪੜ੍ਹਕੇ ਗਏ ਹਨ, ਇਹ ਬਿਲਕੁਲ ਥੋਥਾ, ਖੋਦਾ ਅਤੇ ਫੋਕਾ ਹੈ। (ਵਿਘਨ)

ਮਾਲ ਮੰਤਰੀ : ਥੋਥੇ ਦੇ ਕੀ ਮਾਇਨੇ ਹੁੰਦੇ ਹਨ (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਮੇਰੇ ਘਰ ਆ ਜਾਣਾ ਦੱਸ ਦਿਆਂਗਾ । Kindly direct the hon. Minister not to create disorder.

Mr. Deputy Speaker : He will not.

ਸਰਦਾਰ ਅਜਾਇਬ ਸਿੰਘ ਸੰਧੂ : ਐਡਰੈਸ ਪੇਸ਼ ਕਰਨ ਦਾ ਗਵਰਨਰ ਦਾ ਇਹੋ ਮਤਲਬ ਹੁੰਦਾ ਹੈ ਕਿ ਉਹ ਇਥੇ ਆਕੇ ਇਹ ਦੱਸੇ ਕਿ ਪਿਛਲੇ ਸਾਲ ਦੀ ਹੁਣ ਤੱਕ ਕੀ ਪ੍ਰਾਪਤੀ ਹੋਈ ਅਤੇ ਅਗਲੇ ਸਾਲ ਦੇ ਵਿਚ ਅਸੀ ਕੀ ਕਰਨਾ ਹੈ। ਗਵਰਨਰ ਸਾਹਿਬ ਨੇ ਜੋ ਭਾਸ਼ਨ ਪੜ੍ਹਿਆ ਇਹਦੇ ਪਹਿਲੇ ਸਫ਼ੇ ਤੇ ਇਹੋ ਲਿਖਿਆ ਹੋਇਆ ਹੈ ਕਿ ਮੇਰੀ ਸਰਕਾਰ ਜਨਤਾ ਦਾ ਸਹਿਯੋਗ ਪ੍ਰਾਪਤ ਕਰਕੇ ਖੇਤੀ-ਬਾੜੀ, ਉਦਯੋਗ, ਸਿਖਿਆ, ਸੰਚਾਰ ਆਦਿ, ਜੇ ਮੈਂ ਕੁਝ ਕੁ ਦਾ ਹੀ ਜ਼ਿਕਰ ਕਰਾਂ ਸਾਰੇ ਖੇਤਰਾਂ ਵਿਚ ਅਗੇ ਵਧੀ ਹੈ। ਮੈਂ ਵੀ ਹੋਰ ਬਹੁਤ ਕੁਝ ਨਾ ਕਹਿੰਦਾ ਹੋਇਆ ਇਨ੍ਹਾਂ ਚਾਰੇ ਮਹਿਕਮਿਆਂ ਵਲ ਸਰਕਾਰ ਦਾ ਧਿਆਨ ਦਿਵਾਉਂਦਾ ਹਾਂ। ਪਹਿਲਾਂ ਤਾਂ ਖੇਤੀ ਬਾੜੀ ਹੀ ਲੈ ਲਓ। ਡਿਪਟੀ ਸਪੀਕਰ ਸਾਹਿਬ, ਜੋ ਅਨਾਜ ਪਿਛਲੇ ਸਾਲ ਪੈਦਾ ਹੋਇਆ ਸੀ ਇਸ ਸਾਲ ਅਗੇ ਨਾਲੋਂ ਬੜਾ ਘੱਟ ਹੋਇਆ ਹੈ, ਇਸ ਦੇ ਨਾਲ ਹੀ ਜਿਥੇ ਆਊਟ ਪੁੱਟ ਘੱਟ ਹੋਈ ਹੈ, ਉਥੇ ਇਨਪੁੱਟਸ਼ ਮਹਿੰਗੀਆਂ ਹੋ ਗਈਆਂ ਹਨ। ਉਨ੍ਹਾਂ ਨੂੰ ਇਹ ਖਿਆਲ ਰੱਖਣਾ ਚਾਹੀਦਾ ਹੈ ਕਿ ਅਗੇ ਨਾਲੋਂ ਐਤਕੀ ਅਨਾਜ ਬਹੁਤ ਘੱਟ ਹੋਣਾ ਹੈ...... (ਵਿਘਨ)

ਚੌਧਰੀ ਦਰਸ਼ਨ ਸਿੰਘ : ਐਤਕੀ 82 ਲੱਖ ਟਨ ਅਨਾਜ ਹੋਣ ਦਾ ਟੀਚਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਟੀਚੇ ਦਾ ਪਤਾ ਫਸਲ ਤੇ ਲਗਣਾ ਹੈ, ਮੇਰੇ ਇਹ ਦੋਸਤ ਸਿਰਫ ਤਿੰਨ ਗੱਲਾਂ ਤੇ ਹੀ ਯਕੀਨ ਰੱਖਦੇ ਹਨ ਕਿ ਜਿਵੇਂ ਇਸ ਐਡਰੈਸ ਵਿਚ ਬਾਰ ਬਾਰ ਇਹੋ ਕਿਹਾ ਗਿਆ ਹੈ ਕਿ ਸਰਕਾਰ ਵਿਸ਼ਵਾਸ ਰਖਦੀ ਹੈ, ਸਰਕਾਰ ਆਸ ਰਖਦੀ ਹੈ, ਸਰਕਾਰ ਯਤਨ ਕਰੇਗੀ। ਇਹ ਠੀਕ ਹੈ ਕਿ ਟੀਚਾ ਇਨ੍ਹਾਂ ਦਾ ਇਹ ਹੈ ਕਿ ਸਰਕਾਰ ਆਸ ਰਖਦੀ ਹੈ, ਸਰਕਾਰ ਵਿਸ਼ਵਾਸ ਕਰਦੀ ਹੈ, ਪਰ ਤੀਸਰੀ ਗੱਲ ਜਿਹੜੀ ਯਤਨ ਦੀ ਹੈ ਉਹ ਤਾਂ ਇਨ੍ਹਾਂ ਨੂੰ ਕੁਝ ਨਾ ਕੁਝ ਪੂਰੀ

**Expunged as ordered by the Chair.

ਕਰਨੀ ਚਾਹੀਦੀ ਸੀ, ਪਰ ਇਨ੍ਹਾਂ ਵਲੋਂ ਕੋਈ ਯਤਨ ਨਹੀਂ ਹੋ ਰਿਹਾ। ਇਸ ਵੇਲੇ ਦੀ ਹਾਲਤ ਇਹ ਹੈ ਕਿ ਨਾ ਕਿਸਾਨ ਨੂੰ ਖਾਦ ਮਿਲਦੀ ਹੈ, ਨਾ ਪਾਣੀ ਮਿਲਦਾ ਹੈ, ਨਾ ਬਿਜਲੀ ਮਿਲਦੀ ਹੈ ਨਾ ਕੋਈ ਹੋਰ ਚੀਜ਼ ਸਸਤੀ ਮਿਲਦੀ ਹੈ। ਜੇ ਉਹ ਸ਼ਹਿਰਾਂ ਵਿਚੋਂ ਖਰੀਦਣ ਜਾਂਦੇ ਹਨ ਤਾਂ ਉਨ੍ਹਾਂ ਦੇ ਚੌਗਣੇ ਪੈਸੇ ਲਗਦੇ ਹਨ। ਅੱਜ ਜ਼ਿਮੀਂਦਾਰ ਮਜ਼ਬੂਰ ਹੋ ਕੇ ਸੋਚ ਰਿਹਾ ਹੈ ਕਿ ਮੈਂ ਅਗੇ ਲਈ ਕਣਕ ਪੈਦਾ ਕਰਾਂ ਜਾਂ ਝੋਨਾਂ ਕਰਾਂ ਜਾਂ ਕੁਝ ਹੋਰ ਕਰਾਂ। ਇਹ ਤਾਂ ਹਾਲਤ ਹੈ ਐਗਰੀਕਲਚਰ ਦੀ। ਇੰਡਸਟਰੀ ਦਾ ਤਾਂ, ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੀ ਹੈ, ਡਿਪਟੀ ਮਨਿਸਟਰ ਰਹੇ ਹੋ ਤੁਸੀਂ ਇੰਡਸਟਰੀ ਦੇ ਜਿਹੜੀ ਨੰਗਲ ਫਰਟੇਲਾਈਜ਼ਰ ਫੈਕਟਰੀ ਹੈ ਇਹ ਕਿਸ ਤਰ੍ਹਾਂ ਨਾਲ ਪੰਜਾਬ ਦੇ ਉਤੇ ਸਫੈਦ ਹਾਥੀ ਬਣਿਆ ਹੋਇਆ ਹੈ। ਅਜੇ ਤੱਕ ਕੋਈ ਵੀ ਬੇਸ਼ਕ ਇੰਡਸਟਰੀ ਪੰਜਾਬ ਨੂੰ ਨਹੀਂ ਮਿਲੀ ਨਾ ਹੀ ਮਿਲਣ ਦੀ ਆਸ ਹੈ। ਇੰਟਰਨੈਸ਼ਨਲ ਡੀਵੈਲਪਮੈਂਟ ਕੌਂਸਲ ਦੀ ਪਿਛਲੇ ਮਹੀਨੇ ਮੀਟਿੰਗ ਹੋਈ ਸੀ, ਸਰਕਾਰ ਨੇ ਕੋਈ ਇੰਡਸਟਰੀ ਲੈਣ ਵਾਸਤੇ ਬੜਾ ਜ਼ੋਰ ਲਾਇਆ, ਪਰ ਤੁਸੀਂ ਸਾਰਿਆਂ ਨੇ ਚੀਫ਼ ਮਨਿਸਟਰ ਸਾਹਿਬ ਦਾ ਬਿਆਨ ਅਖਬਾਰਾਂ ਦੇ ਵਿਚ ਪੜ੍ਹ ਹੀ ਲਿਆ ਹੋਵੇਗਾ, ਇਹ ਖਬਰ ਟਰੀਬਿਊਨ ਅਖਬਾਰ ਦੇ ਫਰੰਟ ਪੇਜ ਤੇ ਆਈ ਸੀ, ਕਿ ਪੰਜਾਬ ਦੇ ਲਈ ਇਕ ਅਟਾਮਿਕ ਸ਼ਕਤੀ ਦਾ ਪਲਾਂਟ ਅਤੇ ਦੋ ਹੋਰ ਇੰਡਸਟਰੀਅਲ ਪਲਾਂਟ ਮੰਗੇ ਸੀ ਪਰ ਦਿਤੇ ਨਹੀਂ ਗਏ। ਕੋਈ ਸਾਈਕਲ, ਬੈਟਰੀ ਸੈਲ ਜਾਂ ਟਾਇਰਾਂ ਦੀਆਂ ਛੋਟੀਆਂ ਮੋਟੀਆਂ ਇੰਡਸਟਰੀਜ਼ ਲਾ ਕੇ ਤਾਂ ਤਰੱਕੀ ਨਹੀਂ ਹੋ ਜਾਣੀ ਜਦੋਂ ਤੱਕ ਇਥੇ ਕੋਈ ਬੇਸਕ ਇੰਡਸਟਰੀ ਨਾ ਲਗੇ। ਤੀਸਰੀ ਗੱਲ ਹੈ ਸਿਖਿਆ ਦੀ, ਸਿਖਿਆ ਦੇ ਮੁਤਾਲਿਕ ਇਹ ਹਾਲਤ ਹੈ ਸਕੂਲ ਬੰਦ ਹਨ, ਕਾਲਜ ਬੰਦ ਹਨ, ਯੂਨੀਵਰਸਿਟੀਜ਼ ਬੰਦ ਹਨ ਅਤੇ ਮੁੰਡੇ ਘਰਾਂ ਵਿਚ ਬੈਠੇ ਹਨ (ਇਕ ਆਵਾਜ਼): ਇਹ ਤੁਹਾਡੀ ਹੀ ਕਿਰਪਾ ਹੈ ਸਾਡੀ ਟਰਾਂਸਪੋਰਟ ਦੀ ਹਾਲਤ ਇਹ ਹੈ ਕਿ ਵਜ਼ੀਰ ਸਾਹਿਬ, ਡਾਲੇਕੇ ਜੀ ਦਾ ਪਿਛੇ ਜੇਹੇ ਬਿਆਨ ਆਇਆ ਸੀ ਪੰਜਾਬ ਕੋਲ ਕੁਲ 1500 ਬਸਾਂ ਹਨ ਇਨ੍ਹਾਂ ਵਿਚੋ 300 ਬੱਸਾਂ ਉਹ ਹਨ ਜੋ ਬਗੈਰ ਟਾਇਰਾਂ ਤੋਂ ਖੜ੍ਹੀਆਂ ਹਨ। (ਇਕ ਮਾਨ ਯੋਗ ਮੈਂਬਰ: ਬਗੈਰ ਟਾਇਰਾਂ ਤੋਂ ਚਲਦੀਆਂ ਹਨ) (ਹਾਸਾ) ਮੈਂ ਗਿਆਨੀ ਜੀ ਦੀ ਗੱਡੀ ਦੀ ਗੱਲ ਤਾਂ ਨਹੀਂ ਕਰਦਾ ਪਰ ਜਿਹੜੀਆਂ ਰੋਡਵੇਜ਼ ਦੀਆਂ ਬਸਾਂ ਹਨ ਜੇ ਇਥੋਂ ਅੰਮ੍ਰਿਤਸਰ ਜਾਓ ਤਾਂ ਅੱਧੀਆਂ ਰਸਤੇ ਵਿਚ ਹੀ ਖੜ੍ਹੀਆਂ ਹਨ। ਮੈਂ ਆਪਣੇ ਵੀਰ ਗੁਪਤਾ ਸਾਹਿਬ ਨੂੰ ਹੀ ਪੁੱਛਦਾ ਹਾਂ ਗਵਰਨਰ ਸਾਹਿਬ ਨੇ ਜੋ ਕਿਹਾ ਹੈ ਅਸੀਂ ਅਗਾਹਾਂ ਵਧੇ ਹਾਂ ਤਾਂ ਤਨਜ਼ਲੀ ਦੇ ਵਿਚ ਅਸੀਂ ਅਗਾਂਹ ਵਧੇ ਹਾਂ। ਗੁਪਤਾ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਗੇ ਨਾਲੋਂ ਤਰੱਕੀ ਨਹੀਂ ਮੇਰੇ ਨਾਲ ਉਹ ਬੈਠ ਕੇ ਇਹ ਸਾਰਾ ਐਡਰੈਸ ਪੜ੍ਹ ਕੇ ਵੇਖਣ (ਇਕ ਮਾਨ ਯੋਗ ਮੈਂਬਰ: ਤੁਸੀਂ ਆਪਣਾ ਸ਼ੁਭਾ ਪੂਰਾ ਕਰ ਲਵੋ।) (ਹਾਸਾ)

ਸੋ ਡਿਪਟੀ ਸਪੀਕਰ ਸਾਹਿਬ, ਇਸ ਐਡਰਸ ਦੇ ਸਫਾ ਨੰ: 3 ਤੇ ਕਿਸਾਨਾਂ ਬਾਰੇ ਜ਼ਿਕਰ ਕੀਤਾ ਗਿਆ ਹੈ। ਵੇਖੋ ਕਿੰਨਾਂ ਬੜਾ ਕੰਮ ਕੀਤਾ ਗਿਆ ਹੈ। "ਮੇਰੀ ਸਰਕਾਰ ਕਿਸਾਨਾਂ ਦੀਆਂ ਔਕੜਾਂ ਤੋਂ ਪੂਰੀ ਤਰ੍ਹਾਂ ਜਾਣੂ ਹੈ। ਸਾਡਾ ਵਿਸ਼ਵਾਸ ਹੈ ਕਿ ਅਨਾਜ ਦੀ ਪੈਦਾਵਾਰ ਵਧਾਉਣ ਲਈ, ਮੁਨਾਸਬ ਤੇ ਲਾਹੇਵੰਦ ਮੁਆਵਜ਼ਾ ਹੀ ਮੂਲ ਉਤਸ਼ਾਹ ਹੁੰਦਾ ਹੈ।" ਅਤੇ ਦਿਤਾ ਕੀ ਹੈ। 53 ਰੁਪਏ ਕੁਇੰਟਲ ਤੋਂ 70 ਰੁਪਏ ਕੁਇੰਟਲ ਝੋਨੇ ਦਾ ਭਾਅ ਮੁਕਰਰ ਕਰ ਦਿਤਾ ਹੈ। ਸਾਢੇ ਤੇਰ੍ਹਾਂ ਕਰੋੜ ਰੁਪਏ ਪੰਜਾਬ ਦੇ ਕਿਸਾਨ ਨੂੰ 5 ਰੁ: ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬੋਨਸ ਦਿਵਾਇਆ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜੇ ਹਿੰਦੁਸਤਾਨ ਦੀ ਸਰਕਾਰ ਇਸ ਸਾਡੀ ਸਰਕਾਰ ਦੀ ਐਨੀ ਗੱਲ ਮੰਨਦੀ ਹੈ ਜੋ ਗਵਰਨਰ ਸਾਹਿਬ ਕਹਿੰਦੇ ਹਨ ਤਾਂ ਕਿਸਾਨਾਂ ਨੂੰ ਆਪਣੀ ਜਿਨਸ ਦੇ ਵਾਜਬ ਭਾਅ ਮਿਲਣੇ ਚਾਹੀਦੇ ਸਨ। ਉਸ ਤੋਂ ਬਿਨਾ ਕਿਸਾਨ ਦਾ ਦਿਲ ਟੁੱਟ ਜਾਏਗਾ, ਹਿੰਦੁਸਤਾਨ ਦੇ ਅੰਨ ਭੰਡਾਰ ਖਾਲੀ ਹੋ ਜਾਣਗੇ। ਇਨ੍ਹਾਂ ਨੂੰ

[ਸਰਦਾਰ ਅਜਾਇਬ ਸਿੰਘ ਸਧੂ]

ਚਾਹੀਦਾ ਸੀ ਕਿ ਇਹ ਹਿੰਦੁਸਤਾਨ ਦੀ ਸਰਕਾਰ ਨੂੰ ਕਹਿੰਦੇ ਕਿ ਅਸੀਂ ਤੁਹਾਨੂੰ ਕਣਕ ਦੇ ਰਹੇ ਹਾਂ ਅਤੇ ਤੁਸੀਂ ਸਾਡੇ ਕਿਸਾਨ ਦੀ ਜਿਨਸ ਦੇ ਭਾਅ ਠੀਕ ਬਨੌ। ਇਹ ਜਿਹੜਾ ਬੋਨਸ ਮਿਲਿਆ ਹੈ, ਇਹ ਵੀ ਤਾਂ ਮਿਲਿਆ ਹੈ ਕਿ ਤਿੰਨ ਵਾਰੀ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਆਪਣੇ 24 ਮੈਂਬਰਾਂ ਨੂੰ ਨਾਲ ਲੈ ਕੇ ਦਿੱਲੀ ਧਰਨਾ ਮਾਰਨਾ ਪਿਆ । (ਵਿਘਨ) ਡਿਪਟੀ ਸਪੀਕਰ ਸਾਹਿਬ, ਤਿੰਨ ਵਾਰੀ ਸਾਨੂੰ ਦਿੱਲੀ ਧਰਨਾ ਮਾਰਨਾ ਪਿਆ ਹੈ। ਸਾਡੇ ਨਾਲ ਤਿੰਨ ਮੈਂਬਰ ਆਫ ਪਾਰਲੀਮੈਂਟ ਵੀ ਸਨ। ਮੈਂ ਤੁਹਾਨੂੰ ਅਰਜ਼ ਕਰਨਾ ਚਾਹੁੰਦਾ ਹਾਂ ਕਿ ਧਰਨਾ ਮਾਰਨ ਵਾਲੇ ਅਸੀਂ ਅਤੇ ਚਾਹਾਂ ਛੱਕਣ ਵਾਲੇ ਇਹ ਹੁੰਦੇ ਹਨ। ਨੰ. 2: ਸਾਰੇ ਹਿੰਦੁਸਤਾਨ ਦੇ ਕਿਸਾਨਾਂ ਨੇ ਪਿੰਡ ਪਿੰਡ ਵਿਚ ਜਥੇਬੰਦੀਆਂ ਬਣਾ-ਈਆਂ ਔਰ ਇਨ੍ਹਾਂ ਨੇ ਲੁੱਟ ਲੁੱਟ ਕੇ ਕਾਰਖਾਨੇਦਾਰਾਂ ਨੂੰ, ਮਨਾਪੋਲਿਸਟਾਂ ਨੂੰ ਪੂਰ ਦਿਤਾ ਹੈ। ਇਹ ਕਿਸਾਨਾਂ ਦਾ ਕਤਲ ਨਹੀਂ, ਐਂਟੀ ਕਿਸਾਨ ਸਰਕਾਰ ਦੀ ਪਾਲਿਸੀ ਨਹੀਂ ਤਾਂ ਹੋਰ ਕੀ ਹੈ ?ਸਰਕਾਰ ਨੇ ਇਸ ਚੁੰਗਲ ਤੋਂ ਨਿਕਲਣ ਵਾਸਤੇ ਇਹ ਸੋਚਿਆ ਕਿ 5 ਰੁਪਏ ਪ੍ਰਤੀ ਕੁਇੰਟਲ ਕਿਸਾਨਾਂ ਨੂੰ ਬੋਨਸ ਦੇ ਦਿਓ। ਵੇਖੋ ਮੈਂ ਤਾਂ ਕਿਸਾਨ ਨਹੀਂ ਹਾਂ, ਮੈਂ ਤਾਂ ਬਿਲਕੁਲ ਸੱਚ ਬੋਲਦਾ ਹਾਂ (ਵਿਘਨ) ਕਿਸਾਨਾਂ ਬਾਰੇ ਸਰਦਾਰ ਗੁਰਦਰਸ਼ਨ ਸਿੰਘ ਨੂੰ ਕੀ ਪਤਾ ਜਿਸ ਨੂੰ ਕਿ ਆਪਣੀ ਜ਼ਮੀਨ ਦਾ ਹੀ ਪਤਾ ਨਹੀਂ ਹੈ ਕਿ ਜ਼ਮੀਨ ਕਿਥੇ ਕਿਥੇ ਹੈ। (ਵਿਘਨ) ਜਨਾਬ, ਡਿਪਟੀ ਸਪੀਕਰ ਸਾਹਿਬ, ਆਪ ਕਿਸਾਨ ਦੇ ਪੁੱਤਰ ਹੋ ਅਤੇ ਆਪ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਕਿਸਾਨ ਕੀ ਕਰਦਾ ਹੈ ਔਰ ਤੁਸੀਂ ਆਪ ਵੀ ਕੀਤਾ ਹੈ, ਹਲ ਚਲਾਇਆ ਹੈ, ਮੈਂ ਤਾਂ ਤੁਹਾਡਾ ਵਕੀਲ ਬਗੈਰ ਫੀਸ ਤੋਂ ਹਾਂ (ਵਿਘਨ)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਡਿਪਟੀ ਸਪੀਕਰ ਸਾਹਿਬ, ਹਾਈ ਕੋਰਟ ਵਿਚ ਵੀ ਇਹ ਬਗੈਰ ਫੀਸ ਤੋਂ ਕੰਮ ਕਰਦੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ : ਜਦੋਂ ਉਮਰਾਓ ਸਿੰਘ ਜੀ ਕੋਰਟ ਵਿਚ ਜਾਣਗੇ ਤਾਂ ਮੈਂ ਇਨ੍ਹਾਂ ਤੋਂ ਬਿਲਕੁਲ ਫੀਸ ਨਹੀਂ ਲਵਾਂਗਾ । (ਵਿਘਨ) ਇਨ੍ਹਾਂ ਨੇ ਕਿਹਾ ਹੈ ਕਿ 13.50 ਕਰੋੜ ਰੁਪਏ 5 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਕਿਸਾਨਾਂ ਨੂੰ ਵੰਡੇ ਗਏ ਹਨ। ਪਰ ਦੂਜੇ ਪਾਸੇ 17 ਰੁਪਏ ਫੀ ਬੋਰੀ ਖਾਦ ਦੀ ਕੀਮਤ ਵਿਚ ਵਾਧਾ ਕੀਤਾ ਗਿਆ ਹੈ। ਇੱਕ ਹੱਥ ਨਾਲ ਦੇ ਕੇ ਦੂਜੇ ਹੱਥ ਨਾਲ ਲੈ ਲਿਆ ਗਿਆ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹਦੇ ਨਾਲ ਕੰਮ ਨਹੀਂ ਬਣਦਾ ਹੈ। ਜੇ ਵਾਕਿਆ ਹੀ ਚਾਹੁੰਦੇ ਹੋ ਔਰ ਗਵਰਨਰ ਸਾਹਿਬ ਦਾ ਹੁਕਮ ਮੰਨਣਾ ਹੈ ਤਾਂ ਉਨ੍ਹਾਂ ਨੇ ਕਿਹਾ ਹੈ ਕਿ ਲਾਹੇਵੰਦ ਕੀਮਤਾਂ ਦਿਓ। ਝੋਨੇ ਦੀ ਕੀਮਤ ਕਮ-ਅਜ਼-ਕਮ 80 ਰੁਪਏ ਕੁਇੰਟਲ ਹੋਣੀ ਚਾਹੀਦੀ ਹੈ ਅਤੇ ਕਣਕ ਦੀ ਕੀਮਤ 125 ਰੁਪਏ ਕੁਇੰਟਲ ਹੋਣੀ ਚਾਹੀਦੀ ਹੈ । (ਵਿਘਨ) ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਪੜ੍ਹਿਆ ਹੋਣਾ ਹੈ ਕਿ ਐਗਰੀਕਲਚਰ ਯੂਨੀਵਰਸਿਟੀ ਨੇ ਕਿਹਾ ਹੈ ਕਿ ਕਿਸਾਨ ਦੀ ਕਣਕ ਦੀ ਉਪਜ ਤੇ 105 ਰੁਪਏ ਫੀ ਕੁਇੰਟਲ ਖਰਚ ਆਉਂਦਾ ਹੈ। ਜੇ ਅਮਰੀਕਾ ਨੂੰ, ਰੂਸ ਨੂੰ, ਵਧ ਪੈਸੇ ਦੇਣ ਨੂੰ ਤਿਆਰ ਹੋ, ਜੇ ਬਾਹਰਲਿਆਂ ਨੂੰ ਵਧ ਪੈਸੇ ਦੇਣ ਨੂੰ ਤਿਆਰ ਹੋ ਤਾਂ ਘਰ ਦਿਆਂ ਨੂੰ ਕਿਉਂ ਨਹੀਂ ਦੇ ਰਹੇ ? ਸਾਡੀ ਜਿਹੜੀ ਪਾਲਿਸੀ ਹੈ, ਜੋ ਸਾਡਾ ਸਟੈਂਡ ਹੈ ਮੈਂ ਸਾਫ ਕਰ ਦੇਣਾ ਚਾਹੁੰਦਾ ਹਾਂ ਕਿ *ਅਕਾਲੀ ਲੈਜਿਸਲੇਚਰ ਪਾਰਟੀ ਇਸ ਗੱਲ ਦੀ ਮੰਗ ਕਰਦੀ ਹੈ ਕਿ ਪੰਜਾਬ ਦੇ ਕਿਸਾਨ ਨੂੰ ਕਣਕ ਦਾ ਭਾ 125 ਰੁਪਏ ਪ੍ਰਤੀ ਕੁਇੰਟਲ ਅਤੇ ਝੋਨੇ ਦਾ ਭਾਅ 80 ਰੁਪਏ ਪ੍ਰਤੀ ਕੁਇੰਟਲ ਦੇਣਾ ਚਾਹੀਦਾ ਹੈ। ਇਥੇ ਜਿਨ੍ਹਾਂ ਲੋਕਾਂ ਨਾਲ ਗਰੀਬੀ ਦੂਰ ਕਰਨ ਦੇ ਵਾਅਦੇ ਕੀਤੇ ਹਨ, ਗਰੀਬਾਂ ਨੂੰ, ਹਰੀਜਨਾਂ ਨੂੰ, ਕਿਸਾਨਾਂ ਨੂੰ, ਸਾਰਿਆਂ ਨੂੰ ਇਨ੍ਹਾਂ ਨੂੰ ਸਸਤੇ ਭਾਅ ਤੇ ਇਹ ਚੀਜ਼ਾਂ ਦਿਓ।

*The words "Akali Dal" replaced with the words "Akali Legislature Party" under orders of the Chair.

ਸ੍ਰੀ ਡਿਪਟੀ ਸਪੀਕਰ : ਲਫ਼ਜ਼ 'ਅਕਾਲੀ ਦਲ' ਦੀ ਵਜਾਏ 'ਅਕਾਲੀ ਲੈਜਿਸਲੇਚਰ ਪਾਰਟੀ' ਕਰ ਦੇਣਾ । (The words 'Akali Dal' should be replaced with words 'Akali Legislature Party').

ਸਰਦਾਰ ਅਜਾਇਬ ਸਿੰਘ ਸੰਧੂ : Congress Government is something else. Congress is something else. It is not bad.(ਵਿਘਨ) ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕੀ ਪਤਾ ਕਿ ਇਹ ਗੁਰੂ ਗੋਬਿੰਦ ਸਿੰਘ ਦੇ ਪੁੱਤਰ ਹਨ। ਕੀ ਪੁੱਛਣਾ ਜਿਹੜਾ ਇਨ੍ਹਾਂ ਨੂੰ ਵੀ ਤਿਆਗ ਕੇ ਚਲਾ ਗਿਆ (ਵਿਘਨ) Sir, I will satisfy them to their entire satisfaction ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਗਰੀਬਾਂ ਨੂੰ 80 ਰੁਪਏ ਪ੍ਰਤੀ ਕੁਇੰਟਲ ਕਣਕ ਮੁਹੱਈਆ ਕਰੋ। ਅਮਰੀਕਾ ਨੂੰ, ਰੂਸ ਨੂੰ ਅਤੇ ਹੋਰ ਬਾਰਹਲੇ ਮੁਲਕਾਂ ਨੂੰ ਵੱਧ ਪੈਸੇ ਦੇਣ ਦੀ ਬਜਾਏ ਆਪਣੇ ਚਾਚੇ ਭਤੀਜੇ, ਕਿਸਾਨਾਂ ਨੂੰ ਵਧ ਪੈਸੇ ਦਿਓ।

ਉਦਯੋਗ ਬਾਰੇ ਸਾਡਾ ਐਡਰੈਸ ਕੀ ਬੋਲਦਾ ਹੈ। ਡਿਪਟੀ ਸਪੀਕਰ ਸਾਹਿਬ, ਪੇਜ ਨੰ: 6, ਪੈਰਾ ਨੰ: 12 ਤੇ ਲਿਖਿਆ ਹੋਇਆ ਹੈ, ਬਿਜਲੀ ਦੀ ਘਾਟ ਸਾਡੀ ਆਰਥਿਕ ਖੁਸ਼ਹਾਲੀ ਲਿਆਉਣ ਦੇ ਰਾਹ ਵਿਚ ਇੱਕ ਭਾਰੀ ਔਕੜ ਰਹੀ ਹੈ । ਇਸ ਦੀ ਕਮੀ ਕਾਰਨ ਨਾ ਤਾਂ ਅਸੀਂ ਆਪਣੀ ਇੱਛਾ ਅਨੁਸਾਰ ਉਦਯੋਗਿਕ ਵਿਸਥਾਰ ਕਰ ਸਕਦੇ ਹਾਂ ਅਤੇ ਨਾ ਹੀ ਅਸੀਂ ਜ਼ਰਾਇਤੀ ਉੱਨਤੀ ਦੇ ਦਰ ਵਿਚ ਇਛੱਤ ਵਾਧਾ ਕਰ ਸਕਦੇ ਹਾਂ। ਫੇਰ ਅੱਗੇ ਜਾ ਕੇ ਗਵਰਨਰ ਸਾਹਿਬ ਤੋਂ ਕਹਾਇਆ ਹੈ ਕਿ ਬਹੁਤ ਸਾਰੇ ਬਿਜਲੀ ਪ੍ਰਾਜੈਕਟਾਂ, ਜਿਵੇਂ ਕਿ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ, ਸ਼ਾਨਨ ਹਾਈਡਲ ਪ੍ਰਾਜੈਕਟ ਅਤੇ ਥੀਨ ਡੈਮ ਦੀ ਮਨਜ਼ੂਰੀ ਲਈ ਹਰ ਪੱਧਰ ਤੇ ਯਤਨ ਕੀਤੇ ਗਏ ਹਨ ਅਤੇ ਅਜੇ ਵੀ ਕੀਤੇ ਜਾ ਰਹੇ ਹਨ। ਇਹਦਾ ਮਤਲਬ ਹੋਇਆ ਕਿ ਯਤਨ ਕਰਨ ਤੱਕ ਹੀ ਇਹ ਕੰਮ ਹੈ। ਇਹ ਸਾਡੇ ਪੰਜਾਬ ਦੇ ਕਿਸਾਨ ਨੂੰ, ਹੋਰ ਖੱਪਤਕਾਰ ਨੂੰ ਬਿਜਲੀ ਨਹੀਂ ਮਿਲ ਰਹੀ ਹੈ। ਹੋ ਕੀ ਰਿਹਾ ਹੈ ? 100 ਕਰੋੜ ਰੁਪਏ ਦਾ ਥੀਨ ਡੈਮ ਅਤੇ ਇਸ ਲਈ 100 ਕਰੋੜ ਰੁਪਏ ਪਾਸਿਕਤਾਨ ਨੂੰ ਦੇ ਦਿੱਤੇ ਗਏ ਹਨ, ਅਤੇ ਇਹਦੇ ਨਾਲ ਪਾਣੀ ਵੀ ਪਾਕਿਸਤਾਨ ਨੂੰ ਦੇ ਦਿਤਾ ਗਿਆ ਹੈ ।

ਥਰਮਲ ਪਲਾਂਟ, ਬਠਿੰਡਾ ਦਾ ਜ਼ਿਕਰ ਕੀਤਾ ਗਿਆ ਹੈ। ਇਸ ਪਲਾਂਟ ਦਾ ਪਹਿਲਾ ਬਾਇਲਰ ਅਪ੍ਰੈਲ, 1974 ਦੇ ਅੱਧ ਤੱਕ ਚਾਲੂ ਹੋ ਜਾਵੇਗਾ । ਇਸ ਪਲਾਂਟ ਦਾ ਪਹਿਲਾ ਯੂਨਿਟ ਜੁਲਾਈ, 1974 ਦੇ ਅੰਤ ਤਕ ਕੰਮ ਸ਼ੁਰੂ ਕਰ ਦੇਵੇਗਾ। ਥੀਨ ਡੈਮ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਿਸੇ ਨੇ ਨਹੀਂ ਦੇਣਾ ਹੈ। ਇਸ ਲਈ ਸਾਡੇ ਕੋਲੋਂ ਜ਼ਮੀਨ ਲੈਂਦੇ ਹਨ, ਸਾਡੇ ਕੋਲੋਂ ਖੇਤ ਲੈਂਦੇ ਹਨ। (ਵਿਘਨ) ਜਿਸ ਤਰ੍ਹਾਂ ਕਹਿੰਦੇ ਹਨ ਡੰਡੇ ਖਾਣ ਵਾਲੇ ਕੋਈ ਅਤੇ ਖਾਣ ਪੀਣ ਵਾਲੇ ਇਹ। (ਹਾਸਾ) ਇਹ ਜਿਹੜੀ ਥੀਨ ਡੈਮ ਵਾਲੀ ਗੱਲ ਹੈ ਇਹ ਇਨ੍ਹਾਂ ਦੇ ਵਸ ਦੀ ਗੱਲ ਨਹੀਂ ਹੈ। ਸੈਂਟਰ ਵਾਲੇ ਤਕੜੇ ਹਨ। ਜੇ ਉਹ ਇਨ੍ਹਾਂ ਨੂੰ ਕਹਿੰਦੇ ਹਨ ਕਿ ਬਹਿ ਜਾਓ ਤਾਂ ਇਹ ਕਹਿੰਦੇ ਹਨ ਕਿ ਹਾਜ਼ਰ ਜਨਾਬ ਅਤੇ ਜੇ ਉਹ ਕਹਿੰਦੇ ਹਨ ਕਿ ਉਠ ਖੜ੍ਹੋ ਤਾਂ ਇਹ ਉਠਕੇ ਖੜ੍ਹੇ ਹੋ ਜਾਂਦੇ ਹਨ। (ਹਾਸਾ) (ਵਿਘਨ) ਡਿਪਟੀ ਸਪੀਕਰ ਸਾਹਿਬ, ਸਭ ਤੋਂ ਮਾੜੀ ਗੱਲ ਇਹ ਹੈ ਕਿ ਸਾਡੀ ਪੰਜਾਬ ਸਰਕਾਰ, ਪੰਜਾਬ ਦਾ ਚੀਫ ਮਨਿਸਟਰ ਪੰਜਾਬ ਨੂੰ ਦਿੱਲੀ ਵਿਚ ਵੇਚ ਆਇਆ ਹੈ। (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਥੀਨ ਡੈਮ ਨਾਲ ਨਾ ਹਰਿਆਣਾ ਲਗਦਾ ਹੈ ਨਾ ਰਾਜਸਥਾਨ ਲੱਗਦਾ ਹੈ ਅਤੇ ਨਾ ਯੂ. ਪੀ. ਲੱਗਦਾ ਹੈ। ਲੇਕਿਨ ਇਹ ਕਹਿੰਦੇ ਹਨ ਕਿ ਇਸ ਮੇਂ ਹਿੱਸਾ ਰਾਜਸਥਾਨ ਕਾ ਹਿੱਸਾ ਹੈ, ਇਸ ਮੇਂ ਹਿੱਸਾ ਹਿਮਾਚਲ ਪਰਦੇਸ਼ ਔਰ ਹਰਿਆਣਵੀ ਭਾਈਓਂ ਕਾ ਹੈ'। ਡਿਪਟੀ ਸਪੀਕਰ ਸਾਹਿਬ, ਮੈਨੂੰ ਬੜਾ ਦੁਖ ਆਉਂਦਾ ਹੈ ਕਿ ਅਸੀਂ ਕਦੇ ਗੰਗਾ ਜਮਨਾ ਦਾ ਪਾਣੀ

[ਸਰਦਾਰ ਅਜਾਇਬ ਸਿੰਘ ਸੰਧੂ]

ਨਹੀਂ ਮੰਗਿਆ। ਅਸੀਂ ਕਿਸੇ ਹੋਰ ਪਾਸੇ ਨਹੀਂ ਜਾਂਦੇ। ਸਾਡੇ ਕੋਲ ਕੇਵਲ ਪਾਣੀ ਹੀ ਹੈ, ਹੋਰ ਸਾਡੇ ਕੋਲ ਕੋਈ ਕਾਰਖਾਨੇ ਨਹੀਂ ਹਨ। ਸੈਂਟਰ ਵਾਲੇ ਸਾਨੂੰ ਕਾਰਖਾਨੇ ਲੈ ਕੇ ਨਹੀਂ ਦੇਣਾ ਚਾਹੁੰਦੇ। ਲੇਕਿਨ ਸਾਡੇ ਕੋਲ ਪਾਣੀ ਹੀ ਹੈ। ਇਹ ਵੀ ਕੁਦਰਤੀ ਖਜ਼ਾਨਾ ਸੀ ਪਰ ਉਸ ਨੂੰ ਵੀ ਇਹ ਦੂਜੀਆਂ ਰਿਆਸਤਾਂ ਨੂੰ ਦੇਈ ਜਾ ਰਿਹੇ ਹਨ। (ਵਿਘਨ) ਇਸ ਤਰ੍ਹਾਂ ਪੰਜਾਬ ਦੀ ਸਰਕਾਰ ਕੋਤਾਹੀ ਕਰ ਰਹੀ ਹੈ ਅਤੇ ਇਹ ਪੰਜਾਬ ਦੇ ਲੋਕਾਂ ਨਾਲ ਗੱਦਾਰੀ ਹੈ। (ਵਿਘਨ)

ਚੌਧਰੀ ਰਾਮ ਸਿੰਘ : ** **

Acharya Prithvi Singh Azad : * * * * * *

ਸਰਦਾਰ ਪ੍ਰਕਾਸ਼ ਸਿੰਘ ਬਾਦਲ : ** ** ** (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is not a point of order.)

ਸਰਦਾਰ ਸੁਰਿੰਦਰ ਸਿੰਘ ਕੈਰੋਂ : ** ** ** **

Mr. Deputy Speaker : This is no point of order.

ਕੈਪਟਨ ਰਤਨ ਸਿੰਘ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਤੁਸੀਂ ਚੌਧਰੀ ਰਾਮ ਸਿੰਘ ਦਾ ਪੁਆਇੰਟ ਆਫ ਆਰਡਰ ਆਊਟ ਆਫ ਆਰਡਰ ਕਰ ਦਿੱਤਾ ਹੈ ਪਰ ਆਚਾਰਿਆ ਜੀ ਦੇ ਪੁਆਇੰਟ ਆਫ ਆਰਡਰ ਬਾਰੇ ਕੁਝ ਨਹੀਂ ਕਿਹਾ ?

ਸ੍ਰੀ ਡਿਪਟੀ ਸਪੀਕਰ : ਇਹ ਸਾਰੇ ਆਊਟ ਆਫ ਆਰਡਰ ਹਨ। (All these points of order are no points of order.)

Acharya Prithvi Singh Azad : Sir, my point of order relates to certain facts. I would request you to let my point of order remain on record so that tomorrow the Chief Minister may point out what happened in those days.

Sardar Ajaib Singh Sandhu: Sir, I accept the proposal of my uncle. ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਸਰਕਾਰੀ ਬੈਂਚਿਜ਼ ਵੱਲੋਂ 3 ਗੱਲਾਂ ਆਈਆਂ ਹਨ ਅਤੇ ਉਹ ਤਿੰਨੇ ਹੀ ਵੱਖ ਵੱਖ ਗੱਲਾਂ ਹਨ। ਪਰ ਮੈਂ ਉਸ ਦੀ ਡਿਟੇਲ ਵਿਚ ਨਹੀਂ ਜਾਣਾ ਚਾਹੁੰਦਾ। ਲੇਕਿਨ ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਜੋ ਪੁਆਇੰਟ ਆਫ ਆਰਡਰ ਆਚਾਰਿਆ ਜੀ ਨੇ ਉਠਾਇਆ ਹੈ ਉਹ ਠੀਕ ਹੈ। (ਵਿਘਨ) (ਕੈਪਟਨ ਰਤਨ ਸਿੰਘ ਵੱਲੋਂ (ਵਿਘਨ)

Sir, the point of order is not out of order. (Interruption by Captain Rattan Singh). You are out of the Government but the point of order is admissible under the Rules.

**Expunged as ordered by the Chair.

ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਰਦਾਰ ਸੁਰਿੰਦਰ ਸਿੰਘ ਕੈਰੋਂ ਜਿਹੜੇ ਕਿ ਉਸ ਵਕਤ ਉਸ ਵੇਲੇ ਦੀ ਸਰਕਾਰ ਦੇ ਹਿੱਸੇਦਾਰ ਸਨ, ਜਿਸ ਨੇ ਕਿ ਉਹ ਮੈਮੋਰੈਂਡਮ ਭੇਜਿਆ ਸੀ ਉਨ੍ਹਾਂ ਨੇ ਇਮਾਨਦਾਰੀ ਨਾਲ ਇਥੇ ਕਿਹਾ ਹੈ ਕਿ ਉਦੋਂ ਇਕ ਮੈਮੋਰੈਂਡਮ ਭੇਜਿਆ ਗਿਆ ਸੀ, ਠੀਕ ਹੈ। (ਵਿਘਨ) ਇਹ ਪਰਪੋਜ਼ਲ 2 ਮੈਂਬਰਾਂ ਵੱਲੋਂ ਆਈ ਹੈ। ਥੀਨ ਡੈਮ ਬਾਰੇ ਅਰਜ਼ ਹੈ ਕਿ ਉਨ੍ਹਾਂ ਨੇ (ਸੈਂਟਰ ਗੌਰਮਿੰਟ ਨੇ) ਸਾਨੂੰ ਕੋਈ ਪ੍ਰਾਜੈਕਟ ਨਹੀਂ ਦਿੱਤਾ। (ਵਿਘਨ) ਅਕਾਲੀ ਕਸੂਰਵਾਰ ਹਨ ਤਾਂ ਇਨ੍ਹਾਂ ਨੂੰ ਸਜ਼ਾ ਦਿਓ ਅਤੇ ਜੇ ਇਹ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਕਸੂਰਵਾਰ ਹਨ ਤਾਂ ਇਨ੍ਹਾਂ ਨੂੰ ਸਜ਼ਾ ਦਿਓ। (ਵਿਘਨ) ਮੈਂ ਕਹਿੰਦਾ ਹਾਂ ਕਿ ਸਰਦਾਰ ਸੁਰਿੰਦਰ ਸਿੰਘ ਕੈਰੋਂ, ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਅਤੇ ਮੇਰੀ ਇਕ ਕਮੇਟੀ ਬਣਾ ਦਿਓ ਅਤੇ ਜਿਸ ਦੇ ਚੇਅਰਮੈਨ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਹੋਣ। ਜੇ ਇਹ ਮੈਨੂੰ ਕਨਵਿੰਸ ਕਰ ਲੈਣ ਤਾਂ ਮੈਂ ਇਨ੍ਹਾਂ ਦਾ ਅਤੇ ਜੇ ਇਹ ਸਾਨੂੰ ਕਨਵਿੰਸ ਨਾ ਕਰਾ ਸਕਣ ਤਾਂ ਇਹ ਸਾਡੇ (ਹਾਸਾ)

ਸ੍ਰੀ ਡਿਪਟੀ ਸਪੀਕਰ : ਤੁਸੀਂ ਗਵਰਨਰ ਦਾ ਐਡਰੈਸ ਡਿਸਕੱਸ ਕਰੋ। (You may please confine your speech to the Governor's Address.)

ਮਾਲ ਅਤੇ ਚੋਣ ਮੰਤਰੀ : ਇਨ੍ਹਾਂ ਨੇ ਐਡਰੈਸ ਤੇ ਬੋਲ ਲਿਆ ਹੈ। ਇਨ੍ਹਾਂ ਦਾ ਮਸਾਲਾ ਮੁੱਕ ਗਿਆ ਹੈ। (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਕਲ੍ਹ ਨੂੰ ਇਨ੍ਹਾਂ ਨੇ ਚੀਫ ਮਨਿਸਟਰ ਤੋਂ ਇਹ ਗੱਲ ਕਹਾਉਣੀ ਹੈ ਕਿ ਮੇਰੀ ਇਹ ਫਾਈਲ ਬੋਲਦੀ ਹੈ। ਉਨ੍ਹਾਂ ਨੇ ਉਹੀ ਲਾਈਨ ਬੋਲਣੀ ਹੈ ਜਿਹੜੀ ਸਾਡੇ ਖਿਲਾਫ ਹੈ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ and Sir, I challenge the Government. We will prove that they have betrayed the interest of the people of Punjab and they have not taken Thein Dam. Hydel Dam and for that matter any other Dam. If they set up a Committee for this under the Chairmanship of Acharya Prithvi Singh Azad and if the Chief Minister wants, I will satisfy him to his entire satisfaction that Punjab Government has betrayed the interest of the people of Punjab.

ਡਿਪਟੀ ਸਪੀਕਰ ਸਾਹਿਬ, ਸਿਖਿਆ ਅਤੇ ਸੰਚਾਰ ਦੇ ਬਾਰੇ ਤਾਂ ਮੈਂ ਕੁਝ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਇਸ ਤੇ ਮੈਂ ਪਹਿਲਾਂ ਹੀ ਕਹਿ ਲਿਆ ਹੈ।

ਡਿਪਟੀ ਸਪੀਕਰ ਸਾਹਿਬ, ਇਸ ਐਡਰੈਸ ਵਿਚ ਇਕ ਹੋਰ ਗੱਲ ਕਹੀ ਗਈ ਹੈ ਕਿ ਹਰੀ ਕਰਾਂਤੀ ਲਿਆਉਣ ਵਾਲਾ ਇਹ ਸਾਡਾ ਪਹਿਲਾ ਰਾਜ ਹੈ। ਇਹ ਬਿਲਕੁਲ ਠੀਕ ਹੈ। ਦੁੱਧ ਦੀ ਕਰਾਂਤੀ ਲਿਆਉਣ ਵਿਚ ਇਹ ਪਹਿਲਾ ਸਥਾਨ ਪ੍ਰਾਪਤ ਕਰਨ ਲਈ ਹੰਭਲਾ ਮਾਰ ਰਹੇ ਹਨ। ਦੁੱਧ ਵਾਸਤੇ ਇਹ ਹੰਭਲਾ ਮਾਰ ਰਹੇ ਹਨ। ਲੇਕਿਨ ਜਿਹੜਾ ਤੀਜਾ ਇਨਕਲਾਬ ਪੰਜਾਬ ਵਿਚ ਆਇਆ ਹੈ ਰੈਡ ਰੈਵੋਲਿਊਸ਼ਨ ਉਸ ਦਾ ਇਸ ਐਡਰੈਸ ਵਿਚ ਕੋਈ ਜ਼ਿਕਰ ਨਹੀਂ ਹੈ। ਇਕੱਲੀ ਇਕੱਲੀ ਗਲੀ ਵਿਚ ਸ਼ਰਾਬ ਦੇ ਠੇਕੇ ਅਤੇ ਸ਼ਰਾਬ ਮਿਲਦੀ ਹੈ। ਕਿਸ ਤਰ੍ਹਾਂ ਕੈਪਸੂਲ ਘੋਲ ਕੇ ਲੋਕਾਂ ਨੂੰ ਪਿਲਾਏ ਜਾ ਰਹੇ ਹਨ। ਇਹ ਲਾਲ ਕਰਾਂਤੀ ਲਿਆਉਣ ਵਾਲੀ ਗੱਲ ਹੈ। ਇਸ ਵਾਸਤੇ ਲਾਲ ਕਰਾਂਤੀ ਲਿਆਉਣ ਲਈ ਮੈਂ ਚੀਫ ਮਨਿਸਟਰ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਪੰਜਾਬ ਵਿਚ ਰੈਡ ਇਨਕਲਾਬ ਲਿਆਂਦਾ ਹੈ।

[ਸਰਦਾਰ ਅਜਾਇਬ ਸਿੰਘ ਸੰਧੂ]

ਹੁਣ ਮੈਂ ਹੋਰ ਗੱਲ ਕਹਿਣੀ ਚਾਹੁੰਦਾ ਹਾਂ ਕਿ ਗਰੀਬ ਹਰੀਜਨਾਂ ਨਾਲ ਇਨ੍ਹਾਂ ਨੇ ਕਿੰਨਾ ਫਰਾਡ ਕੀਤਾ ਹੈ। ਇਸ ਬਾਰੇ ਸਫ਼ਾ ਨੰ: 9 ਅਤੇ ਪੈਰਾ ਨੰ: 16 ਵਿਚ ਦਿੱਤਾ ਹੈ ਕਿ ਹਰੀਜਨਾਂ ਦੀ ਕਿੰਨੀ ਸੇਵਾ ਕੀਤੀ ਹੈ। ਇਸ ਦੀ ਚੌਥੀ ਲਾਈਨ ਵਿਚ ਇਸ ਤਰ੍ਹਾਂ ਲਿਖਿਆ ਹੈ:--

> "ਮੇਰੀ ਸਰਕਾਰ ਖੇਤਾਂ ਅਤੇ ਫੈਕਟਰੀਆਂ ਵਿਚ ਆਰਥਿਕ ਵਿਕਾਸ ਦੀ ਰਫਤਾਰ ਨੂੰ ਵਧਾਉਣ ਦੇ ਕੰਮ ਵਿਚ ਜੁੱਟੇ ਹੋਣ ਦੇ ਬਾਵਜੂਦ, ਸਮਾਜ-ਆਰਥਿਕ ਸੰਸਥਾਵਾਂ ਦਾ ਇਸ ਤਰੀਕੇ ਨਾਲ ਪੁਨਰ-ਨਿਰਮਾਣ ਕਰਨ ਦੀ ਤੀਬਰ ਇੱਛਕ ਰਹੀ ਹੈ, ਜਿਸ ਦੁਆਰਾ ਧਨ ਦੀ ਵੰਡ ਬਰਾਬਰ ਹੋ ਸਕੇ ਅਤੇ ਸਮਾਜ ਦੇ ਕਮਜ਼ੋਰ ਵਰਗ ਨੂੰ ਜੀਵਨ ਦੇ ਉਚੇਰੇ ਪੱਧਰ ਤੇ ਲਿਆਂਦਾ ਜਾ ਸਕੇ।"

ਹੁਣ ਡਿਪਟੀ ਸਪੀਕਰ ਸਾਹਿਬ, ਜੋ ਦਿੱਤਾ ਹੈ ਉਹ ਤੁਸੀਂ ਦੇਖੋ ਕਿ ਇਸ ਦੇ ਵਿਚ ਤਿੰਨ ਗੱਲਾਂ ਕੀਤੀਆਂ ਹਨ। ਪਹਿਲੀ ਗੱਲ ਤਾਂ ਇਹ ਕੀਤੀ ਹੈ ਕਿ ਬੇ-ਜ਼ਮੀਨੇ ਜ਼ਰਾਇਤੀ ਕਾਮਿਆਂ ਨੂੰ ਮਕਾਨਾਂ ਲਈ ਮੁਫ਼ਤ ਪਲਾਟ 1.84 ਲੱਖ ਤੋਂ ਵੀ ਵੱਧ ਅਲਾਟ ਕੀਤੇ ਹਨ। ਦੂਸਰੀ ਗੱਲ ਇਹ ਕੀਤੀ ਹੈ ਅਤੇ ਕਿਹਾ ਹੈ ਕਿ ਇਸ ਸਾਲ ਦੇ ਅੰਤ ਤੱਕ 5400 ਤੋਂ ਵੀ ਵੱਧ ਧਰਮਸ਼ਾਲਾਵਾਂ ਮੁਕੰਮਲ ਹੋ ਜਾਣਗੀਆਂ ਅਤੇ ਬਾਕੀ ਰਹਿੰਦੇ ਪਿੰਡਾਂ ਵਿਚ ਅਗਲੇ ਤਿੰਨਾਂ ਸਾਲਾਂ ਵਿਚ ਮੁਕੰਮਲ ਕੀਤੀਆਂ ਜਾਣਗੀਆਂ ਫਿਰ ਤੀਸਰੀ ਗੱਲ ਇਹ ਕੀਤੀ ਹੈ ਕਿ ਵਜ਼ੀਫੇ ਇਨ੍ਹਾਂ ਲੋਕਾਂ ਨੂੰ ਦੇਣ ਵਾਸਤੇ ਆਮਦਨ ਸੀਮਾ 3,600 ਰੁਪਏ ਤੋਂ ਵਧਾ ਕੇ 6,000 ਰੁਪਏ ਸਾਲਾਨਾ ਕਰ ਦਿੱਤੀ ਹੈ। ਜਿਥੋਂ ਤਕ ਡਿਪਟੀ ਸਪੀਕਰ ਸਾਹਿਬ, ਵਜ਼ੀਫੇ ਦੇਣ ਵਾਸਤੇ ਆਮਦਨ ਦੀ ਹੱਦ ਵਧਾਉਣ ਦਾ ਕੰਮ ਇਨ੍ਹਾਂ ਕੀਤਾ ਹੈ, ਇਹ ਚੰਗਾ ਕੰਮ ਕੀਤਾ ਹੈ, ਅਤੇ ਇਸ ਦੇ ਲਈ ਮੈਂ ਵਧਾਈ ਇਨ੍ਹਾਂ ਨੂੰ ਦਿੰਦਾ ਹਾਂ। ਲੇਕਿਨ ਮੈਂ ਆਪਣੇ ਬਜ਼ੁਰਗ ਨੇਤਾ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ ਅਤੇ ਸ਼੍ਰੀ ਧੰਨੋਵਾਲੀ ਸਾਹਿਬ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿਉਂਕਿ ਮੈਂ ਤਾਂ ਅਕਾਲੀ ਦਲ ਵਿਚ ਹਾਂ (ਵਿਘਨ) ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਪਤਾ ਹੈ ਕਿ ਸਰਕਾਰ ਨੇ ਅੰਕੜੇ ਬਣਵਾਏ ਹਨ ਅਤੇ ਦੱਸਿਆ ਹੈ ਕਿ ਪੰਜਾਬ ਵਿਚ 3 ਲੱਖ 20 ਹਜਾਰ ਲੋਕ ਹਰੀਜਨ ਐਸੇ ਹਨ ਜਿਨ੍ਹਾਂ ਕੋਲ ਰਹਿਣ ਨੂੰ ਥਾਂ ਨਹੀਂ. ਉਨ੍ਹਾਂ ਕੋਲ ਆਪਣਾ ਮਕਾਨ ਨਹੀਂ। ਇਹ 3 ਲੱਖ 20 ਹਜ਼ਾਰ ਹਰੀਜਨ ਤਾਂ ਇਨ੍ਹਾਂ ਦੇ ਕਹਿਣ ਮੁਤਾਬਕ ਹਨ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਆਚਾਰਿਆ ਪ੍ਰਿਥਵੀ ਸਿੰਘ ਜੀ ਆਜ਼ਾਦ ਬਜ਼ੁਰਗ ਆਨਰੇਬਲ ਮੈਂਬਰ ਅਤੇ ਧੰਨੋਵਾਲੀ ਸਾਹਿਬ ਸ਼ਡਿਊਲਡ ਕਾਸਟ ਮੈਂਬਰ ਹਨ ਸਾਨੂੰ ਸਾਰਿਆ ਨੂੰ ਪਤਾ ਹੈ ਕਿ ਇਸ ਵੇਲੇ 5 ਲੱਖ ਦੇ ਕਰੀਬ ਐਸੇ ਹਰੀਜਨ ਹਨ ਜਿਨ੍ਹਾਂ ਦੇ ਕੋਲ ਰਹਿਣ ਨੂੰ ਮਕਾਨ ਨਹੀਂ ਇਨ੍ਹਾਂ ਨੇ ਕਿਹਾ ਹੈ ਕਿ 3 ਲੱਖ 20 ਹਜ਼ਾਰ ਲੋਕਾਂ ਦੇ ਵਿਚੋਂ 1 ਲੱਖ 84 ਹਜ਼ਾਰ ਲੋਕਾਂ ਨੂੰ ਪਲਾਟ ਅਲਾਟ ਕਰ ਦਿੱਤੇ। ਹਾਲੀਂ ਸਿਰਫ ਪਲਾਟ ਹੀ ਅਲਾਟ ਕੀਤੇ ਹਨ। ਤੁਹਾਨੂੰ ਪਤਾ ਹੈ ਕਿ ਜਦੋਂ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ. ਸ੍ਰੀਮਤੀ ਇੰਦਰਾ ਗਾਂਧੀ ਅੰਮ੍ਰਿਤਸਰ ਵਿਖੇ ਆਏ ਸੀ ਤਾਂ ਤੁਸੀਂ ਉਨ੍ਹਾਂ ਨੂੰ ਸੁਣਿਆ ਹੋਣਾ ਹੈ। ਮੈਂ ਤਾਂ ਉਸ ਵੇਲੇ ਜੇਲ੍ਹ ਵਿਚ ਸੀ ਪਰ ਤੁਸੀਂ ਉਥੇ ਜਲਸੇ ਵਿਚ ਹਾਜ਼ਰ ਸੋ ਤੁਹਾਨੂੰ ਪਤਾ ਹੀ ਹੋਣਾ ਹੈ ਕਿ ਉਨ੍ਹਾਂ ਨੇ ਕੀ ਕਿਹਾ ਸੀ। ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਡਰਾਮਾ ਰਚਿਆ ਗਿਆ ਸੀ ਕਿ ਉਹ ਉਥੇ ਪੱਟੇ ਦੇਣ ਗਏ ਸੀ ਅਤੇ ਕਿਹਾ ਕਿ 'ਮੈਂ ਯੇ ਟਰਾਂਸਫਰ ਕਰਕੇ ਜਾ ਰਹੀ ਹੂੰ। ਮੇਰੇ ਗਰੀਬ ਭਾਈਓਂ ਕੀ ਗਰੀਬੀ ਦੂਰ ਹੋ ਰਹੀ ਹੈ'। ਹਾਲਾਂਕਿ ਤੁਹਾਨੂੰ ਵੀ ਪਤਾ ਹੈ ਅਤੇ ਸਰਕਾਰ ਦਾ ਵੀ ਇਹ ਬਿਆਨ ਹੈ ਕਿ 1 ਲੱਖ 84 ਹਜ਼ਾਰ ਪਲਾਟ ਅਲਾਟ ਕੀਤੇ ਹਨ ਪਰ ਹਾਲੀਂ ਕਬਜ਼ਾ ਕਿਸੇ ਨੂੰ ਨਹੀਂ ਮਿਲਿਆ। ਫਿਰ ਹੋਰ ਦੇਖੋ ਮੇਰੇ ਬਜ਼ੁਰਗ ਨੇਤਾ ਆਚਾਰਿਆ ਪ੍ਰਿਥਵੀ

ਸਿੰਘ ਆਜ਼ਾਦ ਨੇ ਪਿਛਲੇ ਸਾਲ ਇਸੇ ਹਾਊਸ ਵਿਚ ਇਹ ਇਲਜ਼ਾਮ ਲਗਾਇਆ ਕਿ ਇਕ ਬੀ. ਡੀ.ਓ ਨੇ ਗਰੀਬ ਹਰੀਜਨਾਂ ਤੋਂ 10-10 ਰੁਪਏ ਲਏ ਅਤੇ ਕਿਹਾ ਕਿ ਉਹ ਪਲਾਟ ਉਨ੍ਹਾਂ ਨੂੰ ਦਿਵਾਏਗਾ। ਇਸ ਦੇ ਲਈ ਫੋਟੋ ਸਟੈਟ ਕਾਪੀਆਂ ਵੀ ਪੇਸ਼ ਕੀਤੀਆਂ ਗਈਆਂ, ਇਕ ਫੋਟੋ ਸਟੈਟ ਕਾਪੀ ਮੇਰੇ ਪਾਸ ਆਪਣੇ ਰਿਕਾਰਡ ਵਿਚ ਵੀ ਰਖੀ ਹੋਈ ਹੈ। ਉਸ ਬਜ਼ੁਰਗ ਨੇਤਾ ਦੀ ਇਹ ਗੱਲ ਵੀ ਨਹੀਂ ਮੰਨੀ ਅਤੇ ਕੋਈ ਇਨਕੁਆਇਰੀ ਨਹੀਂ ਕਰਵਾਈ। ਪਰ ਸ਼ਾਬਾਸ਼ੇ ਇਸ ਗਿਆਨੀ ਜੀ ਦੇ ਜਿਨ੍ਹਾਂ ਦੀ ਕ੍ਰਿਪਾ ਨਾਲ ਅੱਜ ਉਹੀ ਬੰਦਾ ਐਸਿਸਟੈਂਟ ਡਾਇਰੈਕਟਰ, ਪੰਚਾਇਤ ਬਣਾ ਦਿੱਤਾ ਗਿਆ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਹੁਣ ਇਨ੍ਹਾਂ ਨੂੰ ਬੜਾ ਸੂਲ ਹੁੰਦਾ ਹੈ। ਸਾਡੀ ਸਰਕਾਰ ਨੂੰ ਯਾਦ ਕਰਕੇ ਬੜਾ ਰੋਂਦੇ ਹਨ। ਰਾਤ ਨੂੰ ਸੁਪਨੇ ਵਿਚ ਵੀ ਹੁਣ ਇਨ੍ਹਾਂ ਨੂੰ ਇਹੀ ਆਉਂਦਾ ਹੈ ਕਿ ਮੁੜ ਕੇ ਆਏ ਅਕਾਲੀ, ਮੁੜ ਕੇ ਆਏ ਅਕਾਲੀ .... (ਹਾਸਾ) (ਵਿਘਨ)
(*Interruptions*)

ਸ਼੍ਰੀ ਡਿਪਟੀ ਸਪੀਕਰ : ਇਨ੍ਹਾਂ ਗੱਲਾਂ ਦਾ ਗਵਰਨਰ ਦੇ ਐਡਰੈਸ ਨਾਲ ਕੋਈ ਸਬੰਧ ਨਹੀਂ (ਵਿਘਨ)
(These matters are not relevant to the Governor's Address)
(*Interruption*)

ਸ਼੍ਰੀ ਗੁਰਦਿਆਲ ਸੈਣੀ : ਡਿਪਟੀ ਸਪੀਕਰ ਸਾਹਿਬ, ਅਕਾਲੀ ਹਨ ਜਾਂ ਭੂਤ ਜਿਹੜੇ ਨਜ਼ਰ ਆਉਂਦੇ ਹਨ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਮੁਰਦਾ ਬੋਲੇਗਾ ਤਾਂ ਕੱਫਨ ਹੀ ਪਾੜੇਗਾ। ਫਿਰ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਪਿੰਡ ਟੌਹੜਾ ਜਿਥੇ ਦੇ ਕਿ ਸਰਦਾਰ ਗੁਰਚਰਨ ਸਿੰਘ ਜੀ, ਮੈਂਬਰ ਪਾਰਲੀਮੈਂਟ ਅਤੇ ਪ੍ਰਧਾਨ ਸ਼ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਹਨ। ਉਸ ਪਿੰਡ ਦਾ ਸਰਪੰਚ ਜਿਹੜਾ ਹੈ ਉਹ ਖੁਸ਼ਕਿਸਮਤੀ ਨਾਲ ਅਕਾਲੀ ਹੈ। ਉਹ ਉਸ ਬੰਦੇ ਨੂੰ ਹਰਾ ਕੇ ਆਇਆ ਹੈ ਜਿਹੜਾ ਜ਼ਿਲ੍ਹਾ ਪ੍ਰੀਸ਼ਦ ਦਾ ਚੇਅਰਮੈਨ ਸੀ। ਸਾਡੇ ਅਕਾਲੀ ਮੈਂਬਰ ਨੇ ਕੀ ਕੀਤਾ। ਉਥੇ ਉਨ੍ਹਾਂ ਨੇ ਇਕ ਸਕੀਮ ਪਲਾਟ ਦੇਣ ਦੀ ਬਣਾਈ। ਜਿਹੜੀ ਸ਼ਾਮਲਾਟ ਦੀ ਜ਼ਮੀਨ ਹੈ ਉਹ ਪਿੰਡ ਤੋਂ ਦੋ ਢਾਈ ਮੀਲ ਦੂਰ ਹੈ। ਸਾਡੇ ਅਕਾਲੀ ਸਰਪੰਚ ਨੇ ਸੋਚਿਆ ਕਿ ਇਹ ਮੇਰੇ ਵੀਰ ਬਾਹਰ ਨਾ ਰਹਿਣ ਇਸ ਕਰਕੇ ਡਿਪਟੀ ਸਪੀਕਰ ਸਾਹਿਬ, ਉਸਨੇ ਦੋਂ ਕਿਸਾਨਾਂ ਨਾਲ ਜ਼ਮੀਨ ਦਾ ਤਬਾਦਲਾ ਕੀਤਾ ਅਤੇ ਕਿਹਾ ਕਿ ਜਿਹੜੇ ਸਰਕਾਰ ਨੇ ਗਰੀਬ ਹਰੀਜਨਾਂ ਨੂੰ ਪਲਾਟ ਦੇਣੇ ਹਨ ਉਹ ਪਿੰਡ ਦੇ ਅੰਦਰ ਦਿੱਤੇ ਜਾਣ ਅਤੇ ਜੱਟਾਂ ਦੇ ਘਰਾਂ ਦੇ ਨਾਲ ਹੀ ਦਿੱਤੇ ਜਾਣ ....(ਵਿਘਨ) ਤੁਸੀਂ ਜੈ ਭੀਮ ਦਾ ਕਬਾੜਾ ਕਰ ਦਿੱਤਾ ਹੈ ਪਤਾ ਨਹੀਂ ਜੈ ਹਿੰਦ ਦਾ ਕੀ ਕਰਣਾ ਹੈ। ** ** ** **

Mr. Deputy Speaker : This should not come on the record.

Revenue and Election Minister (Sardar Umrao Singh) : He cannot charge.

Sardar Ajaib Singh Sandhu : All right, I discharge all of you.

Mr. Deputy Speaker : You cannot name the Member.

ਸਰਦਾਰ ਹਰਚੰਦ ਸਿੰਘ : ਗੱਲ ਕਰਨ ਦਿਓ ਜੀ। ਤੁਹਾਡਾ ਅਕਾਲੀ ਭਰਾ ਹੀ ਫਸੇਗਾ ਇਸ ਵਿਚ। (ਵਿਘਨ)

**Not recorded as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂਬਰ ਸਾਹਿਬ ਹਾਊਸ ਵਿਚ ਬੈਠੇ ਹਨ ਉਹ ਮੇਰੀ ਗੱਲ ਦਾ ਜਵਾਬ ਦੇ ਸਕਦੇ ਹਕ ਪਰ ਕਿਉਂਕਿ ਤੁਸੀਂ ਮੈਨੂੰ ਇਹ ਗੱਲ ਬੋਲਣ ਤੋਂ ਰੋਕ ਦਿਤਾ ਹੈ ਇਸ ਕਰਕੇ ਮੈਂ ਤੁਹਾਡਾ ਪੂਰਾ ਸਤਿਕਾਰ ਕਰਦਾ ਹੋਇਆ ਹੁਣ ਕੁਝ ਨਹੀਂ ਕਹਾਂਗਾ ।

ਸੋ ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਦੀ ਇਹ ਗੱਲਾਂ ਕਰ ਰਹੇ ਹਨ ਇਹ ਗਰੀਬ ਹਰੀਜਨਾਂ ਨੂੰ ਆਮ ਲੋਕਾਂ ਦੇ ਬਰਾਬਰ ਲਿਆਉਣ ਲਈ ਜਾਂ ਉਨ੍ਹਾਂ ਨੂੰ ਉਚਾ ਚੁੱਕਣ ਵਾਲੀ ਗੱਲ ਨਹੀਂ। ਇਹ ਐਵੇਂ ਹੀ ਨਾ ਕਹੀ ਜਾਣ ਕਿ ਅਸੀਂ ਹਰੀਜਨਾਂ ਨੂੰ ਉਚਾ ਚੁੱਕਣਾ ਹੈ, ਅਸੀਂ ਹਰੀਜਨਾਂ ਨੂੰ ਉਚਾ ਚੁੱਕਣਾ ਹੈ। ਉਚਾ ਕਿੱਥੇ ਚੁੱਕਣਾ ਹੈ, ਕਿਧਰੇ ਅਸਮਾਨ ਵਿਚ ਨਾ ਚੁੱਕ ਦੇਣ। ਜਿਹੜੀ ਹਰੀਜਨਾਂ ਦੇ ਬੱਚਿਆਂ ਨੂੰ ਵਜ਼ੀਫੇ ਦੇਣ ਲਈ ਆਮਦਨ ਦੀ ਹੱਦ ਜ਼ਿਆਦਾ ਮੁਕੱਰਰ ਕੀਤੀ ਹੈ, ਇਹ ਇਕ ਚੰਗੀ ਗੱਲ ਕੀਤੀ ਹੈ । ਜਿੰਨੇ ਵੀ ਇਥੇ ਸ਼ਡਿਊਲਡ ਕਾਸਟ ਮੈਂਬਰ ਬੈਠੇ ਹਨ ਇਹ ਸਭ ਦੀ ਸਾਂਝੀ ਰਾਏ ਸੀ। ਪਰ ਜਿੱਥੋਂ ਤਕ ਕਿ ਧਰਮਸ਼ਾਲਾਵਾਂ ਦੀ ਗੱਲ ਹੈ ਡਿਪਟੀ ਸਪੀਕਰ ਸਾਹਿਬ, ਇਹ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਹ ਗੱਲ ਅਕਾਲੀ ਸਰਕਾਰ ਨੇ ਸੋਚੀ ਸੀ। ਅਕਾਲੀ ਸਰਕਾਰ ਤੋਂ ਪਹਿਲਾਂ ਇਨ੍ਹਾਂ ਨੂੰ ਕਦੇ ਇਸ ਗੱਲ ਨੂੰ ਕਰਨ ਦਾ ਸੁਪਨਾ ਵੀ ਨਹੀਂ ਆਇਆ। ਜੇ ਇਹ ਸੁਪਨਾ ਵੀ ਆਇਆ ਤਾਂ ਅਕਾਲੀਆਂ ਨੂੰ ਆਇਆ ਕਿ ਹਰ ਪਿੰਡ ਵਿਚ ਇਨ੍ਹਾਂ ਗਰੀਬ ਲੋਕਾਂ ਲਈ ਧਰਮਸ਼ਾਲਾ ਬਣਾਈ ਜਾਵੇ ਜਿਥੇ ਕਿ ਇਹ ਲੋਕ ਆਪਸ ਵਿਚ ਇਕੱਠੇ ਹੋ ਕੇ ਬੈਠ ਸਕਣ। ਮੈਂ ਇਨ੍ਹਾਂ ਦੀ ਇਸ ਗੱਲ ਲਈ ਧੰਨਵਾਦੀ ਹਾਂ ਕਿ ਇਹ ਸਾਡੇ ਨਕਸ਼ੇ ਕਦਮ ਤੇ ਚੱਲੇ ਹਨ। ਡਿਪਟੀ ਸਪੀਕਰ ਸਾਹਿਬ, ਵਜ਼ੀਫਿਆਂ ਲਈ ਆਮਦਨ ਦੀ ਹੱਦ ਨੂੰ ਵਧਾਉਣਾ ਜਾਂ ਕੁਝ ਲੋਕਾਂ ਨੂੰ ਸਿਰਫ ਪਲਾਟ ਹੀ ਅਲਾਟ ਕਰਨੇ ਜਾਂ ਕੁਝ ਧਰਮ-ਸ਼ਾਲਾਵਾਂ ਬਣਾ ਦੇਣੀਆਂ ਇਨ੍ਹਾਂ ਨਾਲ ਪੰਜਾਬ ਦੀ ਇਕਾਨਮੀ ਦਾ ਮਸਲਾ ਹੱਲ ਨਹੀਂ ਹੋਣਾ । ਜੇ ਸਹੀ ਮਾਅਨਿਆਂ ਵਿਚ ਇਕ ਮਸਲੇ ਨੂੰ ਹੱਲ ਕਰਨਾ ਹੈ ਸੂਬੇ ਦੀ ਐਗਰੀਕਲਚਰ ਵਲ, ਸੂਬੇ ਦੀ ਇੰਡਸਟਰੀ ਵਲ ਧਿਆਨ ਦੇਣਾ ਚਾਹੀਦਾ ਹੈ । ਹਰੀਜਨਾਂ ਨੂੰ ਇੰਡਸਟਰੀਜ਼ ਲਈ ਲੋਨ ਦੇਣੇ ਚਾਹੀਦੇ ਹਨ। ਜਿਹੜਾ ਇੰਡਸਟਰੀਜ਼ ਲਈ ਲੋਨ ਦਿੱਤਾ ਜਾਂਦਾ ਹੈ ਉਹ ਹਰੀਜਨਾਂ ਨੂੰ ਉਨ੍ਹਾਂ ਦੀ ਗਿਣਤੀ ਦੇ ਮੁਤਾਬਕ ਦੇਣਾ ਚਾਹੀਦਾ ਹੈ। ਅਸੀਂ ਇਨ੍ਹਾਂ ਦੇ ਅਜਿਹੇ ਕੰਮਾਂ ਵਿਚ ਪੂਰਾ ਪੂਰਾ ਸਹਿਯੋਗ ਦੇਣ ਨੂੰ ਤਿਆਰ ਹਾਂ। ਜਿਹੜੀ ਹਰੀਜਨਾਂ ਲਈ ਕਾਰਪੋਰੇਸ਼ਨ ਬਣਾਈ ਹੈ ਉਸਦੇ ਵਿਚ ਮੋਚੀਆਂ ਨੂੰ, ਜੁਲਾਹਿਆਂ ਨੂੰ, ਸਾਈਕਲਾਂ ਵਾਲਿਆਂ ਨੂੰ ਅਤੇ ਹੋਰ ਇਸ ਤਰ੍ਹਾਂ ਦੇ ਛੋਟੇ ਮੋਟੇ ਕੰਮ ਕਰਨ ਵਾਲਿਆਂ ਨੂੰ ਕਰਜ਼ੇ ਦਿਓ। ਅਸੀਂ ਤੁਹਾਡੀ ਇਸ ਕੰਮ ਵਿਚ ਕੋਈ ਮੁਖਾਲਫਤ ਨਹੀਂ ਕਰਾਂਗੇ। ਜੇ ਤੁਸੀਂ ਦੇਣਾ ਹੀ ਕੁਝ ਨਹੀਂ ਅਤੇ ਕੁੰਭਕਰਨ ਦੀ ਨੀਂਦੇ ਸੁਤੇ ਰਹੋ ਤਾਂ ਕੀ ਅਸੀਂ ਤੁਹਾਨੂੰ ਕੁੰਭਕਰਨ ਦੀ ਨੀਂਦ ਤੋਂ ਵੀ ਨਹੀਂ ਜਗਾਉਣਾ ?

ਡਿਪਟੀ ਸਪੀਕਰ ਸਾਹਿਬ, ਹੁਣ ਮੈਂ ਉਹ ਗੱਲ ਕਰਨੀ ਹੈ ਜਿਹੜੀ ਕਿ ਸਾਰੇ ਪੰਜਾਬ ਦੇ ਨਾਲ ਸਬੰਧ ਰਖਦੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਦੋ ਸਾਲ ਪਹਿਲਾਂ ਆਏ ਸੀ ਪੰਜਾਬ ਤੇ ਰਾਜ ਕਰਨ ਵਾਸਤੇ ਅਤੇ ਇਨ੍ਹਾਂ ਨੇ ਥਾਂ ਥਾਂ ਤੇ ਪੋਸਟਰ ਲਗਵਾਏ ਕਿ ਅਸੀਂ ਗਰੀਬੀ ਦੂਰ ਕਰਾਂਗੇ, ਗਰੀਬੀ ਦੂਰ ਕਰਾਂਗੇ। ਹੁਣ ਲੋਕ ਕਹਿੰਦੇ ਹਨ ਕਿ ਜਿਹੜੀ ਸਾਡੀ 1970 ਤੋਂ ਪਹਿਲਾਂ ਗਰੀਬੀ ਸੀ ਉਹ ਸਾਨੂੰ ਮੋੜ ਦਿਓ। ਹੁਣ ਡਿਪਟੀ ਸਪੀਕਰ ਸਾਹਿਬ, ਹਰ ਇਕ ਚੀਜ਼ ਦੀ ਕਿੱਲਤ ਹੈ, ਮਹਿੰਗਾਈ ਦਾ ਤਾਂ ਕੋਈ ਅੰਤ ਹੀ ਨਹੀਂ। ਪ੍ਰਾਈਸਿਜ਼ ਸਕਾਈ ਹਾਈ ਹਨ । ਹੁਣ ਘੀ, ਤੇਲ, ਕੋਲਾ, ਡੀਜ਼ਲ ਆਦਿ ਜਿਨ੍ਹਾਂ ਨਾਲ ਸਰੀਰ ਨੇ ਚਲਣਾ ਹੈ ਕੋਈ ਚੀਜ਼ ਨਹੀਂ ਮਿਲਦੀ।

ਸੀਮਿੰਟ ਨਹੀਂ ਮਿਲਦਾ ਇੱਟਾਂ ਬਲੈਕ ਤੇ ਮਿਲਦੀਆਂ ਹਨ। ਹਾਲਤ ਇਹ ਹੈ ਕਿ ਜਿਥੇ ਇਨ੍ਹਾਂ ਭੱਦਰ ਪੁਰਸ਼ਾਂ ਦਾ ਹੱਥ ਲਗਦਾ ਹੈ ਉਹ ਚੀਜ਼ ਦੁਕਾਨ ਤੋਂ ਗਾਇਬ ਹੋ ਜਾਂਦੀ ਹੈ। ** **

ਸ੍ਰੀ ਡਿਪਟੀ ਸਪੀਕਰ : ਇਹ ਰਿਕਾਰਡ ਤੇ ਨਾ ਆਵੇ। ਸੰਧੂ ਸਾਹਿਬ ਤੁਸੀਂ ਸਰਕਾਰ ਨੂੰ ਡਿਸਕਸ ਕਰ ਸਕਦੇ ਹੋ ਨਾ ਕੇ ਪਾਰਟੀ ਨੂੰ (It should not come on the record. Sandhu Sahib, you can discuss the policies of the Government but you cannot discuss the party.)

ਸਰਦਾਰ ਅਜਾਇਬ ਸਿੰਘ ਸੰਧੂ : ਗਿਆਨੀ ਜ਼ੈਲ ਸਿੰਘ ਨੇ ਮਜਬੂਰ ਹੋਕੇ ਕੁਝ ਨੂੰ ਤਾਂ ਕੱਢ ਦਿਤਾ ਹੈ ਅਤੇ ਕੁਝ ਫਿਰ ਵੀ ਰਹਿ ਗਏ। (ਵਿਘਨ)

ਵਿਕਾਸ ਦੇ ਰਾਜ ਮੰਤਰੀ : (ਸਰਦਾਰ ਸੰਤੋਖ ਸਿੰਘ ਰੰਧਾਵਾ) ਤੁਸੀਂ ਆਪਣਾ ਧਿਆਨ ਰੱਖਿਓ ...... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: : ਤੁਸੀਂ ਬਚ ਗਏ ਜਦੋਂ ਮੇਰੀ ਵਾਰੀ ਆਈ ਮੈਂ ਤੁਹਾਨੂੰ ਲੈ ਜਾਊਂਗਾ .... (ਵਿਘਨ)

ਵਿਕਾਸ ਦੇ ਰਾਜ ਮੰਤਰੀ : ਇਹ ਗੱਲ ਤਾਂ ਮੰਨਦੇ ਹੋ ਕਿ ਗਿਆਨੀ ਜ਼ੈਲ ਸਿੰਘ ਜਿਸ ਨੂੰ ਕਹਿੰਦੇ ਹਨ ਉਹ ਹਮੇਸ਼ਾ ਵਾਸਤੇ ਰਿਜ਼ਾਈਨ ਕਰਨ ਲਈ ਤਿਆਰ ਹੋ ਜਾਂਦਾ ਹੈ। ਤੁਹਾਡੇ ਵਾਂਗ ਕੁਰਸੀਆਂ ਮਗਰ ਦੌੜਨ ਵਾਲੇ ਨਹੀਂ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਜਦੋਂ ਗਿਆਨੀ ਜੀ ਨੇ ਰੰਧਾਵਾ ਜੀ ਨੂੰ ਅਸਤੀਫਾ ਦੇਣ ਲਈ ਕਿਹਾ ਤਾਂ ਉਸ ਵਕਤ ਇਹ ਅਸਤੀਫਾ ਦੇਣ ਲਈ ਦੇਰ ਨਾ ਕਰਨ (ਵਿਘਨ) ਮੈਂ, ਡਿਪਟੀ ਸਪੀਕਰ ਸਾਹਿਬ, ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਮਹਿੰਗਾਈ ਦੀ ਹਾਲਤ ਹੁਣ ਪੰਜਾਬ ਦੇ ਵਿਚ ਕੀ ਹੈ ? ਮੈਂ ਇਕ ਦਿਨ ਰੋਪੜ ਦੇ ਬਜ਼ਾਰ ਵਿਚ ਜਾ ਰਿਹਾ ਸੀ ਤਾਂ ਨਿਆਣੇ ਕਹਿ ਰਹੇ ਸਨ ਕਿ 'ਵਾਹ ਗਿਆਨੀ ਤੇਰੇ ਪਖੰਡ, ਡੇਢ ਰੁਪਏ ਕਿਲੋ ਆਟਾ ਤੇ 5 ਰੁਪਏ ਕਿਲੋ ਖਡ' ਚਲੋ ਮੈਂ ਮਹਿੰਗਾਈ ਨੂੰ ਇਥੇ ਛੱਡਦਾ ਹਾਂ ਇਹ ਗੱਲ ਤਾਂ ਤੁਹਾਨੂੰ ਅਤੇ ਸਾਰਿਆਂ ਨੂੰ ਪਤਾ ਹੀ ਹੈ।

ਮੈਂ ਅਰਜ਼ ਕਰਦਾ ਹਾਂ ਅਤੇ ਅੱਗੇ ਚਲਦਾ ਹਾਂ ਕਿ ਐਡਰੈਸ ਵਿਚ ਬਜਾਏ ਇਸ ਗੱਲ ਦਾ ਜ਼ਿਕਰ ਹੁੰਦਾ ਹੈ ਕਿ ਪੰਜਾਬ ਦੇ ਵਿਚ ਚੀਜ਼ਾਂ ਦੀ ਕਿਲਤ ਕਿਸ ਤਰ੍ਹਾਂ ਦੂਰ ਕਰਨੀ ਹੈ, ਮਹਿੰਗਾਈ ਕਿਵੇਂ ਦੂਰ ਕਰਨੀ ਹੈ, ਇਨ੍ਹਾਂ ਨੇ ਐਡਰੈਸ ਵਿਚ ਇਹ ਜ਼ਿਕਰ ਕੀਤਾ ਹੈ ਕਿ ਸਰਕਾਰ ਦਿਹਾਤੀ ਇਲਾਕਿਆਂ ਵਿਚ ਓਪਨ ਏਅਰ ਥੀਏਟਰ ਸਥਾਪਤ ਕਰਨ ਬਾਰੇ ਸੋਚ ਰਹੀ ਹੈ। ਭੁੱਖੇ ਨੰਗੇ ਲੋਕ ਉਥੇ ਇਨ੍ਹਾਂ ਓਪਨ ਏਅਰ ਥੀਏਟਰਾਂ ਵਿਚ ਜਾ ਕੇ ਸਰਕਾਰ ਦਾ ਜੱਸ ਗਾਇਆ ਕਰਨਗੇ। ਪੰਜਾਬ ਦੇ ਵਿਚ ਲੋਕਾਂ ਨੂੰ ਡੀਜ਼ਲ ਚਾਹੀਦਾ ਹੈ, ਚੀਜ਼ਾਂ ਸਸਤੀਆਂ ਚਾਹੀਦੀਆਂ ਹਨ , ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੇ ਠੀਕ ਭਾਅ ਚਾਹੀਦੇ ਹਨ। ਇਹ ਸਰਕਾਰ ਓਪਨ ਏਅਰ ਥੀਏਟਰ ਨਾਲ ਅਪਣਾ ਰੌਲਾ ਰੱਪਾ ਪਾਉਣ ਦੀ ਕੋਸ਼ਿਸ਼ ਨਾ ਕਰੇ।

ਡਿਪਟੀ ਸਪੀਕਰ ਸਾਹਿਬ, ਅਗੇ ਜਾਕੇ ਐਡਰੈਸ ਵਿਚ ਇਕ ਜ਼ਿਕਰ ਆਇਆ ਹੈ ਅਤੇ ਗਵਰਨਰ ਸਾਹਿਬ ਤੋਂ ਇਹ ਕਹਾਇਆ ਗਿਆ ਹੈ ਕਿ ਜਿਹੜੀਆਂ ਰਾਜਨੀਤਕ ਪਾਰਟੀਆਂ ਹਨ ਉਹ ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਉਕਸਾਉਂਦੀਆਂ ਹਨ। ਮੈਂ ....

**Not recorded ar ordered by the Chair.

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਅਕਾਲੀ ਪਾਰਟੀ ਦਾ ਸਾਰਾ ਸਮਾਂ ਇਨ੍ਹਾਂ ਨੇ ਹੀ ਲੈਣਾ ਹੈ ? (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਇਹ ਮੇਰੀ ਪਾਰਟੀ ਦੇ ਲੀਡਰ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਬੈਠੇ ਹਨ ਇਹ ਉਨ੍ਹਾਂ ਨੇ ਫੈਸਲਾ ਕਰਨਾ ਹੈ। (ਵਿਘਨ) ਉਹ ਮੇਰੇ ਲੀਡਰ ਹਨ ਅਤੇ ਤੁਸੀਂ ਉਨ੍ਹਾਂ ਦੇ ਥੱਲੇ ਹੋ। (ਵਿਘਨ)

ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਕਿਹਾ ਹੈ ਕਿ ਪੁਲੀਟੀਕਲ ਪਾਰਟੀਆਂ ਉਨ੍ਹਾਂ ਨੂੰ ਨਾ ਉਕਸਾਉਣ। ਡਿਪਟੀ ਸਪੀਕਰ ਸਾਹਿਬ, ਮੈਂ ਬਿਲਕੁਲ ਉਨ੍ਹਾਂ ਨਾਲ ਸਹਿਮਤ ਹਾਂ ਕਿ ਵਿਦਿਆਰਥੀਆਂ ਨੂੰ ਅਤੇ ਸਰਕਾਰੀ ਕਰਮਚਾਰੀਆਂ ਨੂੰ ਕਿਸੇ ਵੀ ਸਿਆਸੀ ਪਾਰਟੀ ਨੂੰ ਅਪਣਾ ਹੱਥ ਠੋਕਾ ਨਹੀਂ ਬਣਾਉਣਾ ਚਾਹੀਦਾ, ਲੇਕਿਨ ਮੈਂ ਇਹ ਵੀ ਕਹਾਂਗਾ ਕਿ ਕਿਸੇ ਨੂੰ ਇਹ ਚੀਜ਼ ਕਹਿਣ ਤੋਂ ਪਹਿਲਾਂ ਆਪਣੇ ਗਿਰੇਵਾਨ ਵਿਚ ਝਾਤ ਮਾਰ ਲੈਣੀ ਚਾਹੀਦੀ ਹੈ। ਜਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਸੀ ਅਤੇ ਸਰਕਾਰੀ ਕਰਮਚਾਰੀ ਆਪਣੀਆਂ ਮੰਗਾਂ ਲਈ ਬੈਠੇ ਸਨ ਤਾਂ ਉਦੋਂ ਗਿਆਨੀ ਜੀ ਦਿੱਲੀਓਂ ਹੁਕਮਨਾਮਾ ਲੈ ਕੇ ਆਏ ਅਤੇ ਉਨ੍ਹਾਂ ਨੇ ਕਿਹਾ ਕਿ ਅਕਾਲੀ, ਸਰਮਾਏਦਾਰਾਂ ਦੀ ਜਮਾਤ ਹੈ ਮੈਂ ਗਰੀਬਾਂ ਦਾ ਹਮਦਰਦ ਹਾਂ, ਮੈਂ ਐਗਰੀਕਲਚਰਿਸਟ ਦਾ ਹਮਦਰਦ ਹਾਂ ਔਰ ਮੈਂ ਤੁਹਾਡੇ ਨਾਲ ਗੱਲ ਕਰਨੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਤੁਹਾਡਾ ਕੁਝ ਨਹੀਂ ਕਰਨਾ ਚਾਹੁੰਦੀ। ਮੈਨੂੰ ਆਉਣ ਦਿਓ ਮੈਂ ਟੇਸ਼ਨ ਚੁਕ ਦਿਆਂਗਾ। (ਹਾਸਾ) ਇਹ ਵਾਅਦਾ ਗਿਅਨੀ ਜ਼ੈਲ ਸਿੰਘ ਨੇ ਬਤੌਰ ਪੀ. ਪੀ. ਸੀ. ਦੇ ਪ੍ਰਧਾਨ ਦੇ ਕੀਤਾ ਸੀ। ਇਹ ਵਾਅਦਾ ਨਾ ਤੇ ਜਥੇਦਾਰ ਮੋਹਨ ਸਿੰਘ ਤੁੜ ਨੇ ਕੀਤਾ ਸੀ ਤੇ ਨਾਂ ਕਾਮਰੇਡ ਸੱਤ ਪਾਲ ਡਾਂਗ ਨੇ ਕੀਤਾ ਸੀ। ਜੇ ਹੁਣ ਉਹ ਇਨ੍ਹਾਂ ਤੋਂ ਡਿਸਸੈਟਿਸਫਾਈਡ ਹਨ ਤਾਂ ਉਨ੍ਹਾਂ ਨੂੰ ਮਨਾਉਣ ਅਤੇ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਕਰਨ। ਉਹ ਜਿਹੜੀ ਮੁਲਾਜ਼ਮਾਂ ਦੀ ਫੈਡਰੇਸ਼ਨ ਹੈ ਉਸਨੇ ਕਿਹਾ ਕਿ ਸਾਡੀਆਂ ਮੰਗਾਂ ਮੰਨੋ। ਜੇ ਇਹ ਗੱਲ ਕਹਿੰਦੇ ਹਨ ਕਿ ਅਕਾਲੀਆਂ ਨੇ ਕੁਝ ਨਹੀਂ ਕੀਤਾ ਤਾਂ ਇਹ .... (ਵਿਘਨ) ਮੈ ਅਰਜ਼ ਕਰਦਾ ਹਾਂ ਕਿ ਇਹ ਇਕ ਬਹਾਨਾ ਲਗਾ ਕੇ ਕਿ ਸਿਆਸੀ ਪਾਰਟੀਆਂ ਉਨ੍ਹਾਂ ਨੂੰ ਚੁੱਕਦੀਆਂ ਹਨ। ਅਸੀਂ ਨਾ ਵਿਦਿਆਰਥੀਆਂ ਨੂੰ ਚੁੱਕਦੇ ਹਾਂ ਅਤੇ ਨਾ ਹੀ ਕਰਮਚਾਰੀਆਂ ਨੂੰ ਅਸੀ ਤਾਂ ਪੰਜਾਬ ਦੇ ਅਵਾਮ, ਕਿਸਾਨ, ਜ਼ਿਮੀਂਦਾਰ ਦੁਕਾਨਦਾਰ, ਸਰਕਾਰੀ ਮੁਲਾਜ਼ਮ, ਟੀਚਰ, ਪ੍ਰੋਫੈਸਰ, ਡਾਕਟਰ ਅਤੇ ਸਟੂਡੈਂਟਸ ਨਾਲ ਅਗਰ ਕੋਈ ਬੇ-ਇਨਸਾਫੀ ਹੁੰਦੀ ਹੈ ਤਾਂ ਅਸੀਂ 'ਆਹ' ਦਾ ਨਾਰ੍ਹਾ ਜ਼ਰੂਰ ਲਾਉਣਾ ਹੈ। ਅਸੀਂ ਇਹ ਚਾਹੁੰਦੇ ਹਾਂ ਕਿ ਪੰਜਾਬ ਦੇ ਕਰਮਚਾਰੀਆਂ ਨਾਲ ਕੀਤੇ ਵਾਅਦੇ ਪੂਰੇ ਕਰੋ। ਮੈਂ ਅਰਜ਼ ਕਰਦਾ ਹਾਂ ਕਿ ਗੁਪਤਾ ਜੀ ਨੇ ਵੀ ਅਕਾਲੀਆਂ ਦਾ ਨਾ ਲੈ ਕੇ ਕਹਿ ਦਿੱਤਾ (ਵਿਘਨ) ਮੈਂ ਸਰਦਾਰ ਉਮਰਾਓ ਸਿੰਘ ਜੀ ਨੂੰ ਕਹਿੰਦਾ ਹਾਂ, ਉਹ ਪੜ੍ਹੇ ਲਿਖੇ ਹਨ ਕਿ ਸਾਰੀਆਂ ਅਸੈਂਬਲੀਆਂ ਦਾ ਰਿਕਾਰਡ ਪੜ੍ਹ ਲਵੋ .... (ਵਿਘਨ)

ਚੌਧਰੀ ਜਗਤ ਰਾਮ : ਪੜ੍ਹਾਈ ਤਾਂ ਤੁਹਾਡੀ ਵੀ ਐਲ. ਐਲ. ਬੀ. ਹੈ ਜੇ ਕਰ ਪੜ੍ਹਾਈ ਤੇ ਅਮਲ ਨਾ ਕੀਤਾ ਜਾਏ ਤਾਂ ਉਹ ਪੜ੍ਹਾਈ ਕਿਸ ਕੰਮ ਦੀ .... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਨਵੀਂ ਅਚਕਨ ਸਿਵਾਈ ਸੀ ਤੁਹਾਡੀ ਉਹ ਧਰੀ ਦੀ ਧਰੀ ਰਹਿ ਗਈ .... (ਵਿਘਨ)

ਮੈਂ ਸ੍ਰੀ ਗੁਪਤਾ ਜੀ ਅਤੇ ਸਰਦਾਰ ਉਮਰਾਓ ਸਿੰਘ ਬਾਰੇ ਅਰਜ਼ ਕਰ ਰਿਹਾ ਸੀ ਕਿ ਉਹ ਦੋਨੋਂ ਪੜ੍ਹੇ ਲਿਖੇ ਹਨ, ਜਦੋਂ ਅਕਾਲੀ ਦਲ ਦੀ ਸਰਕਾਰ ਸੀ ਭਾਵੇਂ ਉਹ ਸਰਦਾਰ ਗੁਰਨਾਮ ਸਿੰਘ

ਦੀ ਸੀ ਅਤੇ ਭਾਵੇਂ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸੀ ਲੇਕਿਨ ਜਿਹੜੀ ਪਹਿਲੀ ਅਕਾਲੀ ਸਰਕਾਰ ਆਈ ਉਸਨੂੰ ਇਸ ਗੱਲ ਦਾ ਫਖ਼ਰ ਹੈ ਕਿ ਕੁਠਾਰੀ ਕਮਿਸ਼ਨ ਦੀਆਂ ਜਿਹੜੀਆਂ ਸਿਫਾਰਸ਼ਾਂ ਸਨ ਉਨ੍ਹਾਂ ਨੂੰ ਜੇਕਰ ਸਾਰੇ ਹਿੰਦੁਸਤਾਨ ਵਿਚ ਕਿਸੇ ਸੂਬੇ ਨੇ ਸਭ ਤੋਂ ਪਹਿਲਾਂ ਲਾਗੂ ਕੀਤਾ ਉਹ ਅਕਾਲੀ ਸਰਕਾਰ ਸੀ। ਇਹ ਰਿਕਾਰਡ ਦੀ ਗੱਲ ਹੈ। ਦੂਜੀ ਗੱਲ ਮੈਂ ਇਹ ਕਰਨੀ ਚਾਹੁੰਦਾ ਹਾਂ ਕਿ ਸਾਡਾ ਕਸੂਰ ਇਤਨਾ ਹੈ (ਵਿਘਨ) ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਇਨ੍ਹਾਂ ਵਾਂਗੂੰ ਹਜ਼ਾਰਾਂ ਬੰਦਿਆਂ ਨੂੰ ਅੰਦਰ ਜੇਲ੍ਹਾਂ ਵਿਚ ਦੇਣ ਦੀ ਗਲਤੀ ਨਹੀਂ ਕੀਤੀ। (ਵਿਘਨ)

ਚੌਧਰੀ ਜਗਤ ਰਾਮ : ਡਿਪਟੀ ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਕਿਹਾ ਹੈ ਕਿ ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਅਕਾਲੀ ਸਰਕਾਰ ਨੇ ਲਾਗੂ ਕੀਤੀਆਂ ਸਨ। ਜਿਹੜਾ ਹੁਣ ਇਨ੍ਹਾਂ ਤੇ ਛੰਗਾਨੀ ਕਮਿਸ਼ਨ ਬਣਿਆ ਹੈ, ਉਸ ਦੀਆਂ ਸਿਫਾਰਸ਼ਾਂ ਕਦੋਂ ਲਾਗੂ ਕਰਾਉਣਗੇ ?

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਕਹਿੰਦਾ ਹਾਂ ਕਿ ਗਿਆਨੀ ਜ਼ੈਲ ਸਿੰਘ ਤੇ ਇਨ-ਕੁਆਰੀ ਕਰਾਓ। ਮੈਂ ਤੁਹਾਡੇ ਹਰ ਵਜ਼ੀਰ ਦੇ ਖਿਲਾਫ ਲਿਖ ਕੇ ਦਿਆਂਗਾ ਕਿ ਇਨ੍ਹਾਂ ਨੇ ਕੁਰਪਸ਼ਨ ਕੀਤੀ। ਤੁਸੀਂ ਕਹੋ ਇੰਦਰਾ ਗਾਂਧੀ ਨੂੰ ਕਿ ਇਨ੍ਹਾਂ ਦੀ ਇਨਕੁਆਰੀ ਕੀਤੀ ਜਾਵੇ। (ਅਕਾਲੀ ਬੈਂਚਾਂ ਵੱਲੋਂ ਤਾੜੀਆਂ)

ਸ੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ ਆਰਡਰ, ਸਰ। ਸੰਧੂ ਸਾਹਿਬ ਨੇ ਬੋਲਦਿਆਂ ਹੋਇਆਂ ਸਰਦਾਰ ਉਮਰਾਓ ਸਿੰਘ ਅਤੇ ਮੇਰਾ ਰੈਫਰੈਂਸ ਦੇ ਕੇ ਕਿਹਾ ਕਿ ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਇਨ੍ਹਾਂ ਨੇ ਲਾਗੂ ਕੀਤੀਆਂ। ਰਿਕਾਰਡ ਸਰਕਾਰ ਦੇ ਕੋਲ ਮੌਜੂਦ ਹੈ। ਅਕਾਲੀਆਂ ਦੀ ਸਰਕਾਰ ਕਿਹੜੇ ਮਹੀਨੇ ਬਣੀ, ਇਨ੍ਹਾਂ ਨੂੰ ਪਤਾ ਹੈ। ਫਰਵਰੀ 1967 ਵਿਚ ਉਸ ਵੇਲੇ ਗਿਆਨੀ ਗੁਰਮੁਖ ਸਿੰਘ ਮੁਸਾਫਰ ਦੀ ਸਰਕਾਰ ਸੀ। ਉਨ੍ਹਾਂ ਦੀ ਕੈਬਿਨਟ ਦਾ ਫੈਸਲਾ ਸੀ ਕਿ ਕੁਠਾਰੀ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣ। ਇਹ ਫੈਕਟ ਵੈਰੀਫਾਈ ਕਰ ਲੈਣ ਅਤੇ ਉਸਤੋਂ ਬਾਅਦ ਜੋ ਮਰਜ਼ੀ ਫੈਸਲਾ ਕੀਤਾ ਜਾਵੇ। ਇਹ ਮਿਸਸਟੇਟਮੈਂਟ ਕੀਤੀ ਜਾ ਰਹੀ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਅਸੀਂ ਆਪਣਾ ਕਸੂਰ ਮੰਨਦੇ ਹਾਂ। ਸਾਡਾ ਕਸੂਰ ਸਿਰਫ ਇਤਨਾ ਹੈ ਕਿ ਅਸੀਂ ਹਾਥੀ ਦੇ ਦਿੱਤਾ ਪਰ ਪੂਛ ਨਹੀਂ ਦੇ ਸਕੇ। ਸਰਕਾਰੀ ਕਰਮਚਾਰੀਆਂ ਨੂੰ ਇੰਟੈਰਮ ਰੀਲੀਫ ਅਸੀਂ ਨਹੀਂ ਦੇ ਸਕੇ ਸੀ। ਉਦੋਂ ਸਾਨੂੰ ਗਿਆਨੀ ਜ਼ੈਲ ਸਿੰਘ ਦੀ ਪਾਰਟੀ ਦੀ ਸਪੋਰਟ ਸੀ। ਇਨ੍ਹਾਂ ਨੇ ਸਰਦਾਰ ਪਰਕਾਸ਼ ਸਿੰਘ ਬਾਦਲ ਨੂੰ ਕਿਹਾ ਕਿ ਜੇ ਸਰਕਾਰੀ ਮੁਲਾਜ਼ਮਾਂ ਦੀ ਗੱਲ ਮੰਨ ਲਈ ਤਾਂ ਤੇਰਾ ਨੱਕੂ ਬੰਨ੍ਹ ਦਿਆਂਗੇ। (ਸਰਕਾਰੀ ਬੈਂਚਾਂ ਵਲੋਂ ਹਾਸਾ)

ਕਾਮਰੇਡ ਸੱਤ ਪਾਲ ਡਾਂਗ : ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਪੁੱਛਣਾ ਚਾਹੁੰਦਾ ਹਾਂ ਕਿ ਉਦੋਂ ਸੰਧੂ ਸਾਹਿਬ ਕਿਥੇ ਗਏ ਸਨ ? ਇਨ੍ਹਾਂ ਨੇ ਬਾਦਲ ਸਾਹਿਬ ਨੂੰ ਕਿਉਂ ਨਹੀਂ ਕਿਹਾ ਕਿ ਕਰਮਚਾਰੀਆਂ ਨੂੰ ਇੰਟੈਰਮ ਰਿਲੀਫ ਦਿਓ ਨਹੀਂ ਤਾਂ ਮੈਂ ਅਸਤੀਫਾ ਦੇ ਦੇਵਾਂਗਾ। ਇਹ ਗੱਦੀ ਨਾਲ ਕਿਉਂ ਚੰਬੜੇ ਰਹੇ ? (ਵਿਘਨ)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਸਪੀਕਰ ਸਾਹਿਬ, ਇਹ ਗੱਲ ਬਿਲਕੁਲ ਗਲਤ ਹੈ। ਅਸੀਂ ਬਾਦਲ ਸਾਹਿਬ ਨੂੰ ਕੁਛ ਨਹੀਂ ਕਿਹਾ ਸੀ। ਮੱਕੂ ਤਾਂ ਇਨ੍ਹਾਂ ਦੀ ਪਾਰਟੀ ਨੇ ਇਨ੍ਹਾਂ ਦਾ ਬੰਨ੍ਹਿਆ ਸੀ।

ਸਰਦਾਰ ਪ੍ਰਿਥੀਪਾਲ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਨੂੰ ਪਤਾ ਨਹੀਂ ਸੀ ਕਿ ਸਰਕਾਰ ਕਿਸ ਤਰ੍ਹਾਂ ਚਲਾਉਣੀ ਹੈ। ਕੀ ਇਨ੍ਹਾਂ ਦੀ ਸਰਕਾਰ ਗਿਆਨੀ ਜ਼ੈਲ ਸਿੰਘ ਤਾਂ ਨਹੀਂ ਚਲਾ ਰਹੇ ਸਨ ? (ਵਿਘਨ)

ਸ੍ਰੀ ਪਿਆਰਾ ਰਾਮ ਧੰਨੋਵਾਲੀ : : ਆਨ ਏ ਪੁਆਇੰਟ ਆਫ ਆਰਡਰ ਸਰ। ਡਿਪਟੀ ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਕੁਠਾਰੀ ਕਮੀਸ਼ਨ ਦੀ ਰਿਪੋਰਟ ਉਸ ਵੇਲੇ ਲਾਗੂ ਹੋਈ ਸੀ ਜਦੋਂ ਇਥੇ ਸਰਦਾਰ ਲਛਮਣ ਸਿੰਘ ਗਿਲ ਦੀ ਮਨਿਸਟਰੀ ਸੀ ਔਰ ਕਾਂਗਰਸ ਪਾਰਟੀ ਉਸਦੀ ਸਪੋਰਟ ਕਰਦੀ ਸੀ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਹ ਤਾਂ ਕਰੈਡਿਟ ਲੈਣਾ ਚਾਹੁੰਦੇ ਹਨ। ਇਹ ਤਾਂ ਅਕਾਲੀ ਪਾਰਟੀ ਨਾਲ ** ** ਕਰ ਗਏ ਸੀ।

ਸ੍ਰੀ ਡਿਪਟੀ ਸਪੀਕਰ : ** ** ਲਫਜ਼ ਰਿਕਾਰਡ ਵਿਚੋਂ ਕੱਢ ਦਿਤਾ ਜਾਵੇ । (The word ** ** should be expunged from the proceedings of the House.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਿੰਦਾ ਹਾਂ ਕਿ ਉਦੋਂ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਨਾਲ ਕੁਝ ਅਜਿਹੇ ਮੰਤਰੀ ਸਨ ਜਿਹੜੇ ਕਾਂਗਰਸ ਵਿਚੋਂ ਆਏ ਸਨ। ਉਨ੍ਹਾਂ ਦੀ ਕਾਂਗਰਸ ਪਾਰਟੀ ਨੇ ਡਿਊਟੀ ਲਾ ਦਿੱਤੀ ਸੀ ਕਿ ਬਾਦਲ ਸਾਹਿਬ ਤੋਂ ਇਹ ਕੰਮ ਨਹੀਂ ਹੋਣ ਦੇਣਾ । ਮੈਂ ਉਦੋਂ ਐਮ. ਐਲ. ਏ. ਨਹੀਂ ਸੀ। ਜੇ ਮੈਂ ਐਮ. ਐਲ. ਏ ਹੁੰਦਾ ਤਾਂ ਮੈਂ ਤੂਫਾਨ ਖੜ੍ਹਾ ਕਰ ਦਿੰਦਾ। ਉਨ੍ਹਾਂ ਦੀ ਕੀ ਮਜ਼ਾਲ ਕਿ ਗਿਆਨੀ ਜ਼ੈਲ ਸਿੰਘ ਜਿਹੜੀ ਗਲ ਕਰਨਾ ਚਾਹੁੰਦੇ ਸੀ ਉਹ ਹੋ ਜਾਵੇ। (ਸਰਕਾਰੀ ਬੈਂਚਾਂ ਵਲੋਂ ਹਾਸਾ) ਅਸੀਂ ਤਾਂ ਕਹਿੰਦੇ ਹਾਂ ਕਿ ਅਸੀਂ ਕੁਝ ਨਹੀਂ ਕੀਤਾ। ਅਸੀਂ ਕੱਖ ਵੀ ਨਹੀਂ ਕਰਿਆ। ਤੁਸੀਂ ਚਲੋ ਕਰ ਲਓ। ਅਸੀਂ ਦਖਲ ਨਹੀਂ ਦਿੰਦੇ। ਪਰ ਗਰੀਬ ਮੁਲਾਜ਼ਮਾਂ ਦਾ ਤਾਂ ਕੁਝ ਕਰੋ।ਮੈਂ ਇਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਜਦੋਂ ਪਿਛਲੇ ਦਿਨ ਗਵਰਨਰ ਸਾਹਿਬ ਦੇ ਐਡਰੈਸ ਤੇ ਬਹਿਸ ਸੀ ਉਦੋਂ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਨੇ ਕੁਝ ਚੰਡੀਗੜ੍ਹ ਫਾਜ਼ਿਲਕਾ ਅਤੇ ਅਬੋਹਰ ਦਾ ਜ਼ਿਕਰ ਕੀਤਾ ਸੀ।

ਸ੍ਰੀ ਡਿਪਟੀ ਸਪੀਕਰ : ਇਸ ਦਾ ਗਵਰਨਰ ਐਡਰੈਸ ਨਾਲ ਕੋਈ ਸਬੰਧ ਨਹੀਂ। ਅੱਜ ਸਰਦਾਰ ਗੁਰਚਰਨ ਸਿੰਘ ਨਿਹਾਲ ਸਿੰਘ ਵਾਲਾ ਇਥੇ ਨਹੀਂ ਹਨ । (It has no relevance to the Governor's Address. Sardar Gurcharan Singh Nihal Singhwala is not present in the House.)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਉਨ੍ਹਾਂ ਦੀ ਸਪੀਚ ਤੁਸੀਂ ਕਟਾ ਦਿੱਤੀ ਸੀ। ਜਿਤਨਾ ਕੁਝ ਉਸ ਨੇ ਕਿਹਾ ਸੀ ਉਤਨਾ ਹੀ ਮੈਨੂੰ ਕਹਿ ਲੈਣ ਦਿਓ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਤੁਸੀਂ ਰੂਲਿੰਗ ਦਿੱਤੀ ਹੈ ਕਿ ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਥੇ ਅੱਜ ਨਹੀਂ ਹਨ। ਇਸ ਲਈ ਉਨ੍ਹਾਂ ਦੀ ਸਪੀਚ ਦਾ ਜ਼ਿਕਰ ਨਹੀਂ ਕੀਤਾ ਜਾ ਸਕਦਾ। ਇਹ ਕਿਹੜੇ ਰੂਲ ਤੇ ਰੈਗੂਲੇਸ਼ਨ ਮੁਤਾਬਕ ਹੈ ? ਇਹ ਮੈਨੂੰ ਦਸ ਦਿਓ ।

**Expunged as ordered by the Chair.

ਸ੍ਰੀ ਡਿਪਟੀ ਸਪੀਕਰ : ਮੈਂ ਇਹ ਗੱਲ ਕਹੀ ਹੈ ਕਿ ਸਰਦਾਰ ਨਿਹਾਲ ਸਿੰਘ ਵਾਲਾ ਦੀ ਸਪੀਚ ਅਜੇ ਕੰਟੀਨਿਊਡ ਸੀ। (I stated that Sardar Nihal singhwala was till on· his legs.)

ਸਰਦਾਰ ਅਜਾਇਬ ਸਿੰਘ ਸੰਧੂ : ਜਿਤਨਾ ਕੁਝ ਉਨ੍ਹਾਂ ਨੇ ਬੋਲਿਆ ਸੀ ਮੈਂ ਵੀ ਉਤਨੀ ਹੀ ਗੱਲ ਕਰਨੀ ਹੈ। ਮੈਂ ਤਾਂ ਪੰਜਾਬ ਦੀ ਜਨਤਾ ਦੇ ਹਿਤ ਦੀ ਗੱਲ ਕਰਨੀ ਹੈ। ਕੋਈ ਮਾੜੀ ਗੱਲ ਨਹੀਂ ਕਰਨੀ ਹੈ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਚੰਡੀਗੜ੍ਹ ਅਬੋਹਰ ਅਤੇ ਫ਼ਾਜ਼ਿਲਕਾ ਦਾ ਸਵਾਲ ਹੈ ਇਸ ਦੇ ਬਾਰੇ ਮੈਂ ਪੰਜਾਬ ਦੀ ਸਰਕਾਰ ਨੂੰ ਹੱਥ ਬੰਨ੍ਹ ਕੇ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੇ ਕਿਸੇ ਹੋਰ ਤੋਂ ਸਬਕ ਨਹੀਂ ਲੈਣਾ ਤਾਂ ਹਰਿਆਣੇ ਦੇ ਲੋਕਾਂ ਕੋਲੋਂ ਅਤੇ ਹਰਿਆਣੇ ਦੀ ਸਰਕਾਰ ਕੋਲੋਂ ਸਬਕ ਸਿਖੋ ਜਿਨ੍ਹਾਂ ਦੀ ਪਾਰਟੀ ਅਤੇ ਜਿਥੋਂ ਦੇ ਲੋਕ ਆਪਣੀ ਗੱਲ ਕਹਿਣ ਅਤੇ ਮੰਨਵਾਉਣ ਵਾਸਤੇ ਇੱਕ ਹਨ। ਇਸ ਵਾਸਤੇ ਸਿਰਫ ਗੱਲਾਂ ਕਹਿਣ ਨਾਲ ਕੁਝ ਨਹੀਂ ਬਣਨਾ।

ਸਰਦਾਰ ਹਰਚੰਦ ਸਿੰਘ : ਤੁਸੀਂ ਮਰਨ ਵਰਤ ਰੱਖੋ।

ਸਰਦਾਰ ਅਜਾਇਬ ਸਿੰਘ ਸੰਧੂ : ਇੱਕ ਬੇਨਤੀ ਮੈਂ ਇਹ ਕਰਨੀ ਹੈ ਕਿ ਇਨ੍ਹਾਂ ਭਰਾਵਾਂ ਦੀਆਂ ਜਿਹੜੀਆਂ ਕਾਰਵਾਈਆਂ ਪਿਛਲੇ ਸਾਲਾਂ ਵਿਚ ਹੁੰਦੀਆਂ ਰਹੀਆਂ ਹਨ ....

ਸਰਦਾਰ ਉਮਰਾਓ ਸਿੰਘ : (ਮਾਲ ਮੰਤਰੀ) : ਹਰਿਆਣੇ ਵਾਲੇ ਤਾਂ ਇਕ ਹਨ। ਤੁਸੀਂ ਵੀ ਤਾਂ ਉਨ੍ਹਾਂ ਦੇ ਨਾਲ ਰਲੇ ਹੋ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਹਾਊਸ ਨੂੰ ਟਾਲਣ ਦੀ ਕੋਸ਼ਿਸ਼ ਨਾ ਕਰਨ। ਮੈਂ ਸਖ਼ਤ ਤਕਰੀਰ ਨਹੀਂ ਕਰ ਰਿਹਾ। ਬਹੁਤ ਨਰਮ ਤਕਰੀਰ ਕਰ ਰਿਹਾ ਹਾਂ। ਇਹ ਸਖ਼ਤ ਤੁਹਾਡੇ ਕੋਲੋਂ ਸਹੀ ਨਹੀਂ ਜਾਣੀ। ਤੁਸੀਂ ਅਤੇ ਸਪੀਕਰ ਸਾਹਿਬ, ਦੋਵੇਂ ਇਹੋ ਜਿਹਾ ਵਾਯੂ ਮੰਡਲ ਪੈਦਾ ਕਰੋ ਅਤੇ ਅਬੋਹਰ ਫ਼ਾਜ਼ਿਲਕਾ ਅਤੇ ਚੰਡੀਗੜ੍ਹ ਦੇ ਮਸਲੇ ਨੂੰ ਤੰਗ ਨਜ਼ਰੀਏ ਤੋਂ ਨਾ ਵੇਖੋ। ਇਨ੍ਹਾਂ ਗੱਲਾਂ ਨਾਲ ਪੰਜਾਬ ਦਾ ਇਹ ਮਸਲਾ ਹੱਲ ਨਹੀਂ ਹੋਣਾ। ਪੰਜਾਬ ਦੀ ਜਨਤਾ ਉਨ੍ਹਾਂ ਲੋਕਾਂ ਨੂੰ ਬਖਸ਼ੇਗੀ ਨਹੀਂ ਜਿਹੜੇ ਪੰਜਾਬ ਦੇ ਹਿੱਤਾਂ ਦੀ ਰਾਖੀ ਨਹੀਂ ਕਰਨਗੇ। (ਸ਼ੋਰ) ਡਿਪਟੀ ਸਪੀਕਰ ਸਾਹਿਬ, ਮੈਂ ਇਕ ਗੱਲ ਪੁਛਣਾ ਚਾਹੁੰਦਾ ਹਾਂ ਕਿ ਸਾਰੇ ਹਿੰਦੁਸਤਾਨ ਵਿਚ ਲਿੰਗੂਇਸਟਕ ਸੂਬੇ ਬਣੇ ਸੀ ਜੇ ਪੰਜਾਬੀ ਸੂਬਾ ਬਣ ਜਾਂਦਾ ਤਾਂ ਕੋਈ ਢਿੱਡ ਵਿਚ ਪੀੜ ਹੁੰਦੀ ਸੀ। ਅਕਾਲੀ ਦਲ ਪਿਛਲੇ 25 ਸਾਲਾਂ ਤੋਂ ਲੜਦਾ ਰਿਹਾ ਹੈ ਕਿ ਪੰਜਾਬੀ ਸੂਬਾ ਬਣਾਓ। ਇਹ ਪੰਜਾਬੀ ਬੋਲੀ, ਜਿਹੜੀ ਕਿ ਹਿੰਦੁਸਤਾਨ ਦੀਆਂ 14 ਨੈਸ਼ਨਲ ਬੋਲੀਆਂ ਵਿਚੋਂ ਹੈ, ਇਸ ਦਾ ਸਤਿਕਾਰ ਕਰੋ। ਇਥੇ ਮੇਰੇ ਕਾਂਗਰਸੀ ਭਰਾ ਜਿਹੜੇ ਹੁਣ ਰਾਜ ਕਰ ਰਹੇ ਹਨ ਇਹ ਕਹਿੰਦੇ ਸੀ ਕਿ ਪੰਜਾਬੀ ਸੂਬਾ ਹਮਾਰੀ ਲਾਸ਼ ਪਰ ਬਨੇਗਾ 'ਹਮ ਯਹ ਨਹੀਂ ਬਣਨੇ ਦੇਂਗੇ'। ਇਥੇ ਅੰਦੋਲਨ ਹੋਏ। ਹਜ਼ਾਰਾਂ ਦੀ ਗਿਣਤੀ ਵਿਚ ਗ੍ਰਿਫਤਾਰੀਆਂ ਦਿੱਤੀਆਂ, ਜੇਲ੍ਹਾਂ ਵਿਚ ਗਏ ਡਾਂਗਾਂ ਖਾਧੀਆਂ, ਸ਼ਹੀਦੀਆਂ ਦਿਤੀਆਂ।

ਡਿਪਟੀ ਸਪੀਕਰ ਸਾਹਿਬ, ਜਿਹੜੀ ਸਾਡੀ ਮਾਤ੍ਰੀ ਬੋਲੀ ਹੈ ਜਿਸ ਨੂੰ ਇਹ ਛੱਡੀ ਫਿਰਦੇ ਹਨ ਉਸ ਦਾ ਸੂਬਾ ਬਣਾਇਆ। ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਸੂਬਾ ਇਨ੍ਹਾਂ ਦੀਆਂ ਲਾਸ਼ਾਂ ਤੇ ਬਣਨਾ ਸੀ ਉਹ ਲਾਸ਼ਾਂ ਤਾਂ ਹੁਣ ਤੱਕ ਇਥੇ ਫਿਰਦੀਆਂ ਹਨ।

[ਸਰਦਾਰ ਅਜਾਇਬ ਸਿੰਘ ਸੰਧੂ]

ਦੂਸਰੀ ਬੇਨਤੀ ਇਹ ਹੈ ਕਿ ਇਹ ਸਾਡੀ ਗੱਲ ਮੰਨ ਗਏ ਪਰ ਪਿਛਲੇ 25 ਸਾਲਾਂ ਵਿਚ ਕੋਈ ਸੁਬਰਾਮਨੀਅਮ ਤਾਂ ਇਨ੍ਹਾਂ ਨੇ ਨਹੀਂ ਬਣਾਇਆ। ਲੇਕਿਨ ਪਿਛਲੇ 25 ਸਾਲਾਂ ਵਿਚ ਉਹ ਮਦਰਾਸ ਵਲ ਵੇਖਦੇ ਰਹੇ ਜਾਂ ਆਂਧਰਾ ਪਰਦੇਸ਼ ਵਲ ਵੇਖਦੇ ਰਹੇ। (ਸ਼ੋਰ) (ਵਿਘਨ) ਕਾਂਗਰਸ ਉਥੇ ਵੀ ਹੈ ਪਰ ਤੁਹਾਡੇ ਵਰਗੇ ਕਾਂਗਰਸੀ ਸਿਰਫ ਪੰਜਾਬ ਵਿਚ ਹਨ।

ਸਰਦਾਰ ਪ੍ਰਿਥੀਪਾਲ ਸਿੰਘ : ਇਹ ਫਾਜ਼ਿਲਕਾ ਅਤੇ ਅਬੋਹਰ ਦੀ ਗੱਲ ਕਿਉਂ ਨਹੀਂ ਕਰਦੇ ਹਨ ?

ਸ੍ਰੀ ਡਿਪਟੀ ਸਪੀਕਰ : ਮੈਂ ਪਹਿਲਾਂ ਵੀ ਕਿਹਾ ਸੀ ਕਿ ਇਹ ਗਵੱਰਨਰ ਐਡਰਸ ਦਾ ਹਿੱਸਾ ਨਹੀਂ ਇਸ ਵਾਸਤੇ ਇਸ ਤੇ ਨਹੀਂ ਬੋਲਣਾ। (I have already said that it has no relevance to the Governor's Address and therefore no discussion should take place on it)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਹ ਗਵਰਨਰ ਐਡਰੈਸ ਦਾ ਸਵਾਲ ਨਹੀਂ ਇਹ ਸਾਰੇ ਪੰਜਾਬ ਦਾ ਸਵਾਲ ਹੈ।

ਸ੍ਰੀ ਡਿਪਟੀ ਸਪੀਕਰ : ਤੁਸੀਂ ਅਮੈਂਡਮੈਂਟ ਲੈ ਆਓ। (You may move an amendment.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਦੀ ਗੱਲ ਕਰ ਰਿਹਾ ਹਾਂ ਕਿਸੇ ਹੋਰ ਦੀ ਗੱਲ ਨਹੀਂ ਕਰਨੀ। ਜੇ ਕੋਈ ਗਲਤ ਗੱਲ ਕਰਾਂਗਾ ਤਾਂ ਤੁਸੀਂ ਮੈਨੂੰ ਰੋਕ ਦੇਣਾ ਐਵੇਂ ਮੇਰੀ ਗੱਲ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਨਾ ਕਰੋ। ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਪੰਜਾਬੀ ਸੂਬਾ ਬਣਾਉਣਾ ਪਿਆ। ਪੰਜਾਬੀ ਸੂਬਾ ਬਣਾਉਣ ਵਾਸਤੇ ਕੋਈ ਅਕਾਲੀ ਦਲ ਨੇ ਲਾਈਨਾਂ ਨਹੀਂ ਲਿਖੀਆਂ ਸਨ। ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਅਤੇ ਨੰਦਾ ਸਾਹਿਬ ਸਾਡੀ ਮੰਗ ਮੰਨਣ ਦੀ ਬਜਾਏ ਉਹ ਸਾਰਾ ਇਲਾਕਾ ਜਿਥੇ ਹਿੰਦੂ ਵਸਦੇ ਸਨ ਕੱਢ ਦਿੱਤਾ ਹੈ।

ਸ੍ਰੀ ਕੇਸ਼ੋ ਰਾਮ ਗੋਇਲ : ਡਿਪਟੀ ਸਪੀਕਰ ਸਾਹਿਬ ਜਿਹੜਾ ਰੈਜ਼ੋਲੂਸ਼ਨ ਪਾਸ ਹੋਇਆ ਸੀ ਕਿ "Punjabi Suba should be carved out of the existing State." ਲੇਕਿਨ ਨਵੀਂ State ਦੇ ਨਾਲ ਨਾਲ ਅਕਾਲੀਆਂ ਨੇ ਇਹ ਵੀ ਸਵਾਲ ਪੈਦਾ ਕੀਤਾ ਕਿ ਇਹ ਮੁੜਕੇ ਕਦੇ ਇਕੱਠਾ ਨਹੀਂ ਹੋ ਸਕਦਾ।

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਤਾਂ ਇਹ ਕਿਹਾ ਸੀ ਕਿ ਪੰਜਾਬੀ ਸੂਬਾ ਬਣਾਓ ਅਤੇ ਬੇਸ਼ਕ ਹਿੰਦੀ ਸਪੀਕਿੰਗ ਏਰੀਆ ਇਸ ਵਿਚੋਂ ਕੱਢ ਦਿਓ।

ਸਰਦਾਰ ਪ੍ਰਿਥੀਪਾਲ ਸਿੰਘ : ਜੇ ਤੁਹਾਡੀ ਗੱਲ ਮੰਨੀ ਨਹੀਂ ਸੀ ਗਈ ਤਾਂ ਫਿਰ ਕਿਉਂ ਘਿਓ ਦੇ ਦੀਵੇ ਜਲਾ ਕੇ ਦੀਪ ਮਾਲਾ ਮੰਨਾਈ ਸੀ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਅਰਜ਼ ਕਰ ਰਿਹਾ ਸੀ ਕਿ ਪੰਜਾਬੀ ਸੂਬਾ ਜਿਹੜਾ ਬਣਾਇਆ ਇਹ ਹਿੰਦੁਸਤਾਨ ਦੀ ਸਰਕਾਰ ਨੇ ਬਣਾਇਆ। ਅਕਾਲੀ ਦਲ ਦਾ ਇਸ ਵਿਚ ਕੋਈ ਕਸੂਰ ਨਹੀਂ। ਸਰਦਾਰ ਦਰਸ਼ਨ ਸਿੰਘ ਜੀ ਨੇ ਬੀਬੀ ਇੰਦਰਾ ਗਾਂਧੀ ਨੂੰ ਕਹਿਣਾ ਸੀ ਕਿ ਐ ਬੀਬੀ ਰਾਣੀ ਇਹ ਹਿੰਦੂਆਂ ਦਾ ਇਲਾਕਾ ਨਾ ਕਢੋ। ਅਸੀਂ ਤਾਂ ਪੰਜਾਬੀ ਸੂਬਾ ਮੰਗਿਆ ਹੈ ਪਰ ਇਹ ਕਹਿਣ ਲਗੇ ਨਹੀਂ 'ਹਮ ਨੇ ਤੁਮ ਕੋ ਸਿੱਖ ਸਟੇਟ ਦੇਣੀ ਹੈ।'

आचार्य पृथ्वी सिंह आज़ाद : स्पीकर साहिब, माननीय मैंबर गलत वाक्यात पेश कर रहे हैं । कांग्रेस पार्टी ने एक मैमोरैंडम दिया था कि जो ज़िले अब पंजाब में हैं इन के साथ नालागढ़ तथा कालका का इलाका अम्बाला तथा करनाल के ज़िले भी पंजाबी सूबे में मिलाए जाएं उस समय अकाली दल का माहिर ज्ञानी करतार सिंह ने संत फतह सिंह को कहा था कि यदि इसी तरह का पंजाबी सूबा बनाया गया तो सिक्खों की आबादी 60% नहीं होगी । डिप्टी स्पीकर साहिब, उस समय श्री ढेबर आए और पंजौर में ठहरे और अकालियों को मनाते रहे कि यह प्रोपोज़ल मान लो परन्तु अकाली नहीं माने ।

ਸਰਦਾਰ ਧੰਨਾ ਸਿੰਘ ਗੁਲਸ਼ਨ : ** ** ** **

(ਇਸ ਵੇਲੇ ਆਪੋਜ਼ੀਸ਼ਨ ਵਲੋਂ ਬਹੁਤ ਸ਼ੋਰ ਪੈ ਰਿਹਾ ਸੀ)

ਸ੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ। (This is not a point of order.)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਅਰਜ਼ ਕਰ ਰਿਹਾ ਸੀ ਕਿ ਉਦੋਂ ਕੀ ਹੁੰਦਾ ਰਿਹਾ ਹੈ ਕਿਉਂਕਿ ਘਰ ਦਾ ਭੇਤੀ ਲੰਕਾ ਢਾਹ ਦਿੰਦਾ ਹੈ । ਜੋ ਇਹ ਉਦੋਂ ਕਰਦੇ ਸੀ ਜੇ ਮੈਂ ਦਸ ਦੇਵਾਂ ਤਾਂ ਕੰਮ ਖਰਾਬ ਹੋ ਜਾਵੇਗਾ। ਅਸੀਂ ਇਨ੍ਹਾਂ ਕੋਲੋਂ ਇਹ ਇਲਾਕਾ ਮੰਗਿਆ ਪਰ ਸੈਂਟਰ ਵਿਚ ਇਨ੍ਹਾਂ ਦੀ ਸਰਕਾਰ ਸੀ ਇਨ੍ਹਾਂ ਨੂੰ ਦੇਣ ਵਿਚ ਕੀ ਹਰਜ ਸੀ। ਮੈਂ ਤਾਂ ਇਹ ਕਹਿ ਦੇਵਾਂ ਕਿ ਸਾਨੂੰ ਲੰਗੜਾ ਸੂਬਾ ਦਿੱਤਾ । ਡਿਪਟੀ ਸਪੀਕਰ ਸਾਹਿਬ, ਜਦੋਂ ਇਹ ਲੰਗੜਾ ਸੂਬਾ ਬਣਾਇਆ ਗਿਆ ਤਾਂ ਇਥੇ 4 ਲੱਖ ਲੋਕਾਂ ਨੇ ਜਲੂਸ ਕੱਢਿਆ, ਪੰਜਾਬ ਦੇ ਲੋਕਾਂ ਨੇ ਅੰਦੋਲਨ ਕੀਤੇ। ਉਸ ਵੇਲੇ ਅਕਾਲੀ, ਜਨ ਸੰਘ ਅਤੇ ਕਾਂਗਰਸੀ ਪਾਰਟੀਆਂ ਇਕ ਸਾਰ ਹੋ ਰਹੀਆਂ ਸਨ।

ਚੌਧਰੀ ਜਗਤ ਰਾਮ . ਸੰਧੂ ਸਾਹਿਬ, ਪਹਿਲਾਂ ਹੀ ਪੰਜਾਬ ਦਾ ਬੜਾ ਨੁਕਸਾਨ ਹੋ ਚੁੱਕਾ ਹੈ ਇਨ੍ਹਾਂ ਨੇ ਅਤੇ ਜਨਸੰਘੀਆਂ ਨੇ ਮਿਲ ਕੇ ਪੰਜਾਬ ਦਾ ਬੇੜਾ ਗ਼ਰਕ ਕੀਤਾ ਹੈ ਹੁਣ ਫਿਰ ਅੰਮ੍ਰਿਤਸਰ ਵਿਚ ਇਹ ਇਕੱਠੇ ਹੋ ਰਹੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਚੰਡੀਗੜ੍ਹ ਦੇ ਸਵਾਲ ਬਾਰੇ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੇ ਜਲੂਸ ਕੱਢਿਆ। ਇਸ ਜਲੂਸ ਵਿਚ ਕੋਈ 4 ਲੱਖ ਬੰਦੇ ਸਨ ਜਿਨ੍ਹਾਂ ਨੇ ਕਿਹਾ ਕਿ ਚੰਡੀਗੜ੍ਹ ਪੰਜਾਬ ਨੂੰ ਦਿਓ। ਲੇਕਿਨ ਹੋਇਆ ਕੀ ਕਿ ਚੰਡੀਗੜ੍ਹ ਤਾਂ ਪ੍ਰਾਈਮ ਮਨਿਸਟਰ ਨੇ, ਹਿੰਦੁਸਤਾਨ ਦੀ ਗੌਰਮਿੰਟ ਨੇ, ਪੰਜਾਬ ਨੂੰ ਦੇ ਦਿੱਤਾ ਪਰ ਫਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਪੰਜਾਬ ਵਿਚੋਂ ਕੱਢ ਦਿੱਤਾ । (ਸ਼ੋਰ) ਡਿਪਟੀ ਸਪੀਕਰ ਸਾਹਿਬ, ਮੈਂ ਇਹ ਪੁਜ਼ੀਸ਼ਨ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਚੰਡੀਗੜ੍ਹ ਦੇ ਇਸ਼ੂ ਤੇ ਅਸੀਂ, ਸਾਰੀਆਂ ਪਾਰਟੀਆਂ ਦੀ ਇਕ ਆਵਾਜ਼ ਸੀ, ਇਕ ਮੁੱਠ ਸੀ ਅਤੇ ਸੰਤ ਬਾਬਾ, ਫਤਹਿ ਸਿੰਘ ਜੀ ਨੇ ਕਿਹਾ ਸੀ ਕਿ ਚੰਡੀਗੜ੍ਹ ਮੈਨੂੰ ਦਿਓ। ਲੇਕਿਨ ਇਨ੍ਹਾਂ ਨੇ ਚੰਡੀਗੜ੍ਹ ਫਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਕੱਢ ਲਿਆ। ਸਰਦਾਰ ਉਮਰਾਓ ਸਿੰਘ ਜੀ ਕਹਿੰਦੇ ਹਨ ਕਿ ਸੰਤ ਜੀ ਐਵੇਂ ਹੀ ਮਰਨ ਵਰਤ ਤੇ ਬੈਠੇ ਸੀ।

**Expunged as ordered by the Chair.

ਚੌਧਰੀ ਜਗਤ ਰਾਮ : ਤੁਸੀਂ ਰੂਲਿੰਗ ਦਿੱਤੀ ਸੀ ਕਿ ਜਿਹੜਾ ਆਦਮੀ ਹਾਊਸ ਵਿਚ ਨਾ ਹੋਵੇ ਉਸ ਦੀ ਗੱਲ ਨਹੀਂ ਕਰਨੀ ਚਾਹੀਦੀ ਤਾਂ ਫਿਰ ਹੁਣ ਸੰਧੂ ਸਾਹਿਬ ਕਿਉਂ ਉਨ੍ਹਾਂ ਦੀਆਂ ਗੱਲਾਂ ਕਰ ਰਹੇ ਹਨ ਜਿਹੜੇ ਇਸ ਵੇਲੇ ਹਾਊਸ ਵਿਚ ਨਹੀਂ ਹਨ ?

ਸ੍ਰੀ ਡਿਪਟੀ ਸਪੀਕਰ : ਜਿਹੜਾ ਬੰਦਾ ਇਸ ਹਾਊਸ ਵਿਚ ਨਾ ਹੋਵੇ ਉਸ ਦੇ ਹੱਕ ਵਿਚ ਤਾਂ ਕੋਈ ਗੱਲ ਆਖੀ ਜਾ ਸਕਦੀ ਹੈ। (Any thing can be said in favour of a person who is not present in the House)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਆਲ ਪਾਰਟੀਜ਼ ਦਾ ਇਹ ਫੈਸਲਾ ਹੋਇਆ, ਇਹ ਫੈਸਲਾ ਅਖਬਾਰਾਂ ਵਿਚ ਆਇਆ। ਜਿਹੜੀ ਆਲ ਪਾਰਟੀਜ਼ ਦੀ ਸਾਂਝੀ ਕਮੇਟੀ ਸੀ ਉਸ ਦੀ ਮੀਟਿੰਗ ਅੰਮ੍ਰਿਤਸਰ ਵਿਚ ਹੋਈ। ਸਰਦਾਰ ਉਮਰਾਓ ਸਿੰਘ ਵੀ ਉਥੇ ਹਾਜ਼ਰ ਸਨ, ਸਰਦਾਰ ਦਰਸ਼ਨ ਸਿੰਘ, ਸਰਦਾਰ ਸਰੂਪ ਸਿੰਘ ਜੀ, ਸਰਦਾਰ ਜੈਇੰਦਰ ਸਿੰਘ ਜੀ ਵੀ ਉਥੇ ਸ਼ਾਮਲ ਸਨ। ਉਥੇ ਸਾਰੀਆਂ ਪਾਰਟੀਆਂ ਦੀ ਮੀਟਿੰਗ ਹੋਈ। ਜਿਸ ਮੀਟਿੰਗ ਨੇ ਸਰਬ ਸੰਮਤੀ ਨਾਲ ਇਹ ਪਾਸ ਕੀਤਾ ......

ਮਾਲ ਮੰਤਰੀ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਇਹ ਵੀ ਦੱਸ ਦਿਓ ਕਿ ਉਸ ਵੇਲੇ ਇਹ ਮਿੰਨਤਾਂ ਕਰਦੇ ਸਨ ਕਿ ਸਾਨੂੰ ਬਚਾਓ । (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਉਥੇ ਇਕ ਮੀਟਿੰਗ ਹੋਈ ਸੀ। ਉਸ ਮੀਟਿੰਗ ਨੇ ਜਿਸ ਵਿਚ ਸਾਰੀਆਂ ਪਾਰਟੀਆਂ ਸਨ ਇਕ ਮਤਾ ਪਾਸ ਕੀਤਾ। ਇਸ ਅੰਮ੍ਰਿਤਸਰ ਵਿਚ ਹੋਈ ਆਲ ਪਾਰਟੀਜ਼ ਦੀ ਮੀਟਿੰਗ ਸਬੰਧੀ ਚੰਡੀਗੜ੍ਹ ਔਰ ਅਬੋਹਰ ਤੇ ਫ਼ਾਜ਼ਿਲਕਾ ਬਾਰੇ ਜੋ 'ਟ੍ਰਿਬਿਊਨ' ਵਿਚ ਆਇਆ ਮੈਂ ਉਹ ਤੁਹਾਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ। ਇਹ 31 ਜਨਵਰੀ, 1970 ਦੀ 'ਟ੍ਰਿਬਿਊਨ' ਹੈ। ਇਸ ਵਿਚ ਇਹ ਖ਼ਬਰ ਛੱਪੀ ਹੈ। ਡਿਪਟੀ ਸਪੀਕਰ ਸਾਹਿਬ, ਇਹ ਸਾਰੇ ਪੰਜਾਬ ਦੀ ਆਵਾਜ਼ ਸੀ 1970 ਵਿਚ, ਔਰ ਅੱਜ ਵੀ ਸਾਰੇ ਪੰਜਾਬ ਦੀ ਇਹ ਹੀ ਆਵਾਜ਼ ਹੈ :

Punjab All-Party Action Body Welcomes Decision.

The Committee, however, described the decision to transfer Fazilka tehsil as arbitrary and unjust. It appealed to Sant Fateh Singh to give up his fast and plan for self-immolation.

The resolution said: "Having considered the decision of the Government of India on the question of Chandigarh and allied matters, this meeting of the All Party Action Committee welcomes the acceptance of Punjab's claim to Chandigarh and its demand for the appointment of a commission for the readjustment of the boundaries on linguistic basis. At the same time the Committee is of the view that grave injustice is being done to Punjab by arbitrarily transferring the Punjabi-speaking areas of Fazilka tehsil to Haryana and to do this an unprecedented step of creating a corridor is being taken. This is highly unjust, discriminatory and deserves condemnation. It is also a complete violation of the ligitimate principles of secularism It is bound to encourage communalism and can become a bad precedent. This decision is also illogical and improper in view of the fact that a commission is proposed to be appointed.

"This meeting appeals to Sant Fateh Singh to give up his fast and plan for self-immolation and reiterates its determination to fight unitedly against the above injustice.

"It demands from the Government of India to clearly specify the terms of reference of the commission on the basis of language, contiguity and village as a unit. It also demands that areas arbitrarily proposed to be given to Haryana should be included in the purview of the commission."

ਡਿਪਟੀ ਸਪੀਕਰ ਸਾਹਿਬ, ਚੰਡੀਗੜ੍ਹ ਦਾ ਫੈਸਲਾ ਹੋਇਆ ਲੇਕਿਨ ਸਾਰੀਆਂ ਪਾਰਟੀਆਂ ਉਸ ਵੇਲੇ ਵਚਨ-ਬੱਧ ਹੋਈਆਂ ਸਨ ਕਿ ਅਸੀਂ ਪ੍ਰਾਈਮ ਮਨਿਸਟਰ ਪਾਸ ਜਾਵਾਂਗੇ, ਅਸੀਂ ਹਿੰਦੁਸਤਾਨ ਦੀ

ਸਰਕਾਰ ਪਾਸ ਜਾਵਾਂਗੇ ਔਰ ਲੜਾਂਗੇ ਕਿ ਪੰਜਾਬ ਦਾ ਕੋਈ ਵੀ ਇਲਾਕਾ ਜਿਹੜਾ ਪੰਜਾਬੀ ਸਪੀਕਿੰਗ ਏਰੀਆ ਹੈ ਪੰਜਾਬ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ ਬਲਕਿ ਉਹ ਇਲਾਕੇ ਜਿਹੜੇ ਕਿ ਪੰਜਾਬ ਤੋਂ ਬਾਹਰ ਰਹਿ ਗਏ ਹਨ ਔਰ ਪੰਜਾਬੀ ਬੋਲਦੇ ਹਨ ਉਨ੍ਹਾਂ ਨੂੰ ਲੈਣ ਵਾਸਤੇ ਯਤਨ ਕਰਾਂਗੇ। ਇਹ ਡਿਪਟੀ ਸਪੀਕਰ ਸਾਹਿਬ, ਆਲ ਪਾਰਟੀਜ਼ ਦਾ, ਸਾਰੇ ਪੰਜਾਬ ਦਾ ਫੈਸਲਾ ਸੀ। ਉਸ ਵੇਲੇ ਅਕਾਲੀ ਪਾਰਟੀ ਦਾ ਰਾਜ ਸੀ। ਸਰਦਾਰ ਗੁਰਨਾਮ ਸਿੰਘ, ਚੀਫ਼ ਮਨਿਸਟਰ ਨੇ 28 ਤਾਰੀਖ ਨੂੰ ਇਕ ਲੈਟਰ ਪ੍ਰਾਈਮ ਮਨਿਸਟਰ ਨੂੰ ਲਿਖਿਆ ਸੀ.........

ਮਾਲ ਮੰਤਰੀ : ਸੰਧੂ ਸਾਹਿਬ 28 ਤਾਰੀਖ ਨੂੰ ਤਾਂ ਫੈਸਲਾ ਵੀ ਹੋ ਗਿਆ ਸੀ।

ਸਰਦਾਰ ਅਜਾਇਬ ਸਿੰਘ ਸੰਧੂ : 28 ਤਾਰੀਖ ਨੂੰ ਕਿਉਂਕਿ ਫੈਸਲਾ ਹੋਣ ਵਾਲਾ ਸੀ, ਇਸ ਕਰਕੇ ਸਰਦਾਰ ਗੁਰਨਾਮ ਸਿੰਘ ਜੀ ਨੇ ਇਹ ਲੈਟਰ ਲਿਖਿਆ ਸੀ। ਸਰਦਾਰ ਗੁਰਨਾਮ ਸਿੰਘ ਨੂੰ ਪਤਾ ਸੀ ਕਿ ਸਾਡੇ ਨਾਲ ਬੇਇਨਸਾਫੀ ਹੋਣੀ ਹੈ।

ਮਾਲ ਮੰਤਰੀ : ਉਹ ਆਪ ਹੀ ਤਾਂ ਫੈਸਲਾ ਕਰਵਾ ਕੇ ਆਏ ਸਨ।

ਸਰਦਾਰ ਅਜਾਇਬ ਸਿੰਘ ਸੰਧੂ : ਨਾਨ ਸੈਂਸ। ਡਿਪਟੀ ਸਪੀਕਰ ਸਾਹਿਬ, ਅੱਜ ਸਰਦਾਰ ਗੁਰਨਾਮ ਸਿੰਘ ਜੀ ਇਸ ਦੁਨੀਆ ਵਿਚ ਨਹੀਂ ਹਨ ਪਰ ਜੋ ਚਿੱਠੀ ਉਨ੍ਹਾਂ ਨੇ ਸੈਂਟਰ ਨੂੰ ਲਿਖੀ ਹੈ ਉਹ ਬੋਲੇਗੀ ਜਾਂ ਫਿਰ ਸਰਦਾਰ ਉਮਰਾਓ ਸਿੰਘ ਹੋਰੀਂ ਬੋਲਣਗੇ। ਇਸ ਚਿੱਠੀ ਵਿਚ ਲਿਖਿਆ ਹੈ :—

ਮਾਲ ਮੰਤਰੀ : ਇਹ ਚਿੱਠੀ ਆਲਰੈਡੀ ਰਿਕਾਰਡ ਤੇ ਤਾਂ ਆ ਚੁੱਕੀ ਹੈ(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਹ ਚਿੱਠੀ ਵਿਚ ਉਨ੍ਹਾਂ ਨੇ ਕਿਹਾ ਹੈ:—

"I must place it on record that I cannot agree to barter away the Tehsil of Fazilka including Abohar. If I do so it would be introducing virus of communalism in a secular India. (*Interruption*)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਡਿਪਟੀ ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਬੜੀ ਲੰਬੀ ਚੌੜੀ ਗੱਲ ਕੀਤੀ ਹੈ ਫਾਜ਼ਿਲਕਾ ਔਰ ਅਬੋਹਰ ਬਾਰੇ। ਮੇਰੀ ਪਾਰਟੀ ਵਲ ਔਰ ਖਾਸ ਤੌਰ ਤੇ ਮੇਰੇ ਵਲ ਰੈਫਰੈਂਸ ਹੋਏ, ਇਸ ਲਈ ਮੈਂ ਥੋੜ੍ਹੀ ਜਿਹੀ ਗੱਲ ਸਪੱਸ਼ਟ ਕਰ ਦੇਣੀ ਚਾਹੁੰਦਾ ਹਾਂ।......

ਸਰਦਾਰ ਅਜਾਇਬ ਸਿੰਘ ਸੰਧੂ : ਸਰ, ਇਹ ਇਨ੍ਹਾਂ ਦਾ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ ਇਹ ਸਪੀਚ ਕਰ ਰਹੇ ਹਨ।

ਸ੍ਰੀ ਡਿਪਟੀ ਸਪੀਕਰ : ਸੰਧੂ ਸਾਹਿਬ ਤੁਸੀਂ ਸੁਣ ਤਾਂ ਲਓ। (Sandhu Sahib, please listen to him)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਡਿਪਟੀ ਸਪੀਕਰ ਸਾਹਿਬ, ਚੰਡੀਗੜ੍ਹ ਪ੍ਰਾਪਤ ਕਰਨ ਦੀ ਜਿਹੜੀ ਲਹਿਰ ਸੀ ਅਸੀਂ ਉਸ ਵਿਚ ਸ਼ਾਮਲ ਸਾਂ ਪਰ ਅਸੀਂ ਵਰਤ ਦੇ, ਜਿਹੜਾ ਕਿ ਸੰਤ ਫਤਹਿ ਸਿੰਘ ਜੀ ਨੇ ਰੱਖਿਆ ਸੀ ਉਸ ਦੇ ਖਿਲਾਫ ਸਾਂ। ਉਸ ਸਮੇਂ ਗਿਆਨੀ ਜੀ ਵੀ ਸਾਡੀ ਸਹਾਇਤਾ ਕਰਦੇ ਸਨ। ਲੇਕਿਨ ਦੋ ਤਿੰਨ ਗੱਲਾਂ ਅਜਿਹੀਆਂ ਹੋਈਆਂ ਜਿਹੜੀਆਂ ਕਿ ਸਾਨੂੰ ਚੰਗੀਆਂ ਨਹੀਂ ਸੀ ਲਗਦੀਆਂ। ਇਕ ਇਹ ਵੀ ਦਲੀਲ ਦਿਤੀ ਗਈ ਉਸ ਵੇਲੇ ਕਿ 40/60 ਦੀ ਰੋਸ਼ੋ ਨਾਲ ਵੰਡ ਕਰ ਲਈ ਜਾਵੇ ਚੰਡੀਗੜ੍ਹ ਦੀ। ਇਕ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਪੁਰਾਣਾ ਫਾਰਮੂਲਾ ਜਿਹੜਾ ਕਿ ਉਨ੍ਹਾਂ ਨੂੰ ਪਤਾ ਸੀ ਉਹ ਦੱਸਿਆ। ਉਨ੍ਹਾਂ ਦੇ ਦਿਮਾਗ ਵਿਚ ਉਸ ਸਮੇਂ ਦਾ ਇਕ ਫ਼ਾਰਮੂਲਾ ਸੀ ਜਿਸ ਸਮੇਂ ਰਿਜਨ ਵੰਡੇ ਗਏ ਸਨ। ਫਿਰ ਸਤਪਤੀ ਰਾਹੀਂ ਵੀ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਗਲ ਚਲੀ ਔਰ ਉਹ ਹੀ ਪੁਰਾਣਾ ਫਾਰਮੂਲਾ ਕੱਢ ਲਿਆ।ਉਸ ਸਮੇਂ ਸੰਤ ਫਤਹਿ ਸਿੰਘ ਜੀ ਵੀ ਆਖਰੀ ਸਟੇਜ ਤੇ ਸਨ। ਫਿਰ ਰੇਲਵੇ ਬੋਰਡ ਦੇ ਇਕ ਸਰਦਾਰ ਕਰਨੈਲ ਸਿੰਘ ਜੀ ਸਨ, ਔਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਇਹ ਦੋਨੋਂ ਹੀ ਸਰਗਰਮ ਸਨ।

ਮੈਨੂੰ ਉਸ ਵੇਲੇ ਦਾ ਪਤਾ ਹੈ ਜਦੋਂ ਕਿ ਕਪੂਰਥਲਾ ਹਾਊਸ ਵਿਚ ਫਾਰਮੂਲਾ ਲੈ ਆਏ ਕਿ ਗੱਲ ਮੁੱਕ ਗਈ ਏ । ਜਿਸ ਵੇਲੇ ਇਹ ਗੱਲ ਹੋਈ ਅਤੇ ਨਕਸ਼ੇ ਵੇਖੇ ਗਏ ਤਾਂ ਇਹ ਕਿਹਾ ਗਿਆ ਕਿ ਢਾਈ ਥਾਣੇ ਅਬੋਹਰ-ਫਾਜ਼ਿਲਕਾ ਦੇ ਹਰਿਆਣੇ ਨੂੰ ਦੇਣੇ ਹਨ ਅਤੇ ਚੰਡੀਗੜ੍ਹ ਸਾਨੂੰ ਮਿਲ ਗਿਆ ਹੈ। ਪਰ ਇਹ ਗੱਲ ਨਹੀਂ ਕਹੀ ਗਈ ਕਿ ਬੇੜਾ ਗਰਕ ਹੋ ਗਿਆ ਹੈ। ਵਿਧਾਨ ਸਭਾ ਦੇ ਪਿਛਲੇ ਸਪੀਕਰ, ਸਰਦਾਰ ਦਰਬਾਰਾ ਸਿੰਘ ਅਤੇ ਸਰਦਾਰ ਨਰਿੰਦਰ ਸਿੰਘ ਬਰਾੜ, ਜਿਹੜੇ ਕਿ ਉਸ ਵੇਲੇ ਐਮ.ਪੀ. ਸਨ, ਹੁਣ ਮੈਨੂੰ ਪਤਾ ਨਹੀਂ ਕੀ ਹਨ, ਵੀ ਉਥੇ ਸਨ। ਇਹ ਦੋ ਸੱਜਣ ਸਨ ਜਿਨ੍ਹਾਂ ਨੇ ਇਹ ਕਿਹਾ ਕਿ ਬੜੀ ਮਾੜੀ ਗੱਲ ਹੋਈ ਹੈ, ਬੇੜਾ ਗਰਕ ਹੋ ਗਿਆ ਹੈ। ਮੈਂ ਵੀ ਉਨ੍ਹਾਂ ਦੇ ਨਾਲ ਸਹਿਮਤ ਸੀ। ਬਾਕੀ ਕਿਸੇ ਸੱਜਣ ਨੇ ਇਸ ਗੱਲ ਤੇ ਇਤਰਾਜ਼ ਨਹੀਂ ਕੀਤਾ ਅਤੇ ਇਹੀ ਕਿਹਾ ਗਿਆ ਕਿ ਢਾਈ ਥਾਣੇ ਗਏ ਹਨ, ਇਨ੍ਹਾਂ ਦਾ ਕੀ ਹੈ, ਸਾਨੂੰ ਚੰਡੀਗੜ੍ਹ ਤਾਂ ਮਿਲ ਗਿਆ ਏ। ਇਸ ਤੋਂ ਬਾਅਦ ਉਨ੍ਹਾਂ ਨੇ ਸਾਨੂੰ ਉਥੇ ਹੀ ਛੱਡਿਆ ਅਤੇ ਸਰਦਾਰ ਸਵਰਨ ਸਿੰਘ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਪੁੱਜੇ । ਇਸ ਬਾਰੇ ਅਖ਼ਬਾਰਾਂ ਵਿਚ ਖ਼ਬਰਾਂ ਛੱਪੀਆਂ। ਅਗਲੇ ਦਿਨ ਅੰਮ੍ਰਿਤਸਰ ਵਿਚ ਮੀਟਿੰਗ ਰੱਖ ਲਈ ਗਈ। (ਕਈ ਆਪੋਜ਼ੀਸ਼ਨ ਮੈਂਬਰਾਂ ਵਲੋਂ ਵਿਘਨ)

ਸ੍ਰੀ ਡਿਪਟੀ ਸਪੀਕਰ : ਕਨੇਡੀਅਨ ਸਾਹਿਬ, ਪੁਆਇੰਟ ਆਫ ਆਰਡਰ ਦਸੋ, ਸਪੀਚ ਨਾ ਕਰੋ। (Canadian Sahib, please confine yourself to the point of order. Don't make a speech.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਜਿਹੜਾ ਕੁਝ ਉਥੇ ਹੋਇਆ ਮੈਂ ਉਹੀ ਦੱਸ ਰਿਹਾ ਹਾਂ। ਉਸ ਤੋਂ ਬਾਅਦ ਅਸੀਂ ਵੀ ਗੱਡੀਆਂ ਤੇ ਚੜ੍ਹ ਕੇ ਅੰਮ੍ਰਿਤਸਰ ਪੁੱਜ ਗਏ । ਅਸੀਂ ਭੁੱਖ ਹੜਤਾਲ ਦੇ ਮੁਢੋਂ ਹੀ ਖਿਲਾਫ ਸੀ ।

(ਕਈ ਆਪੋਜ਼ੀਸ਼ਨ ਅਕਾਲੀ ਮੈਂਬਰਾਂ ਵਲੋਂ (ਵਿਘਨ)

Sardar Ajaib Singh Sandhu: He is at liberty to say what he likes.

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਇਹ ਸੱਜਣ, ਇਹ ਆਗੂ ਸੰਤਾਂ ਕੋਲ ਚਲੇ ਗਏ। ਜਦੋਂ ਇਹ ਸੱਜਣ ਅਕਾਲ ਤਖਤ ਤੇ ਚਲੇ ਗਏ ਤਾਂ ਬਾਹਰ ਗੁਰੂ ਰਾਮ ਦਾਸ ਸਰਾਏ ਪਾਸ ਹਜ਼ਾਰਾਂ ਸਿੱਖ, ਜਿਨ੍ਹਾਂ ਵਿਚ ਜ਼ਿਆਦਾ ਨੌਜਵਾਨ ਸਨ, ਇਕੱਠੇ ਹੋ ਗਏ ਅਤੇ ਨਾਹਰੇ ਲਗਾ ਰਹੇ ਸਨ ਕਿ ਸਾਡੇ ਨਾਲ ਧਰੋ ਹੋਇਆ ਹੈ ਅਤੇ ਉਹ ਪੱਥਰ, ਵੱਟੇ ਵਗੈਰਾ ਮਾਰ ਰਹੇ ਸਨ ਅਤੇ ਇਹ ਕਹਿ ਰਹੇ ਸਨ ਕਿ ਮੈਂਹ ਦੇ ਕੇ ਖੋਤੀ ਲੈ ਆਏ ।ਇਨ੍ਹਾਂ ਸੱਜਣਾ ਨੂੰ ਅਕਾਲ ਤਖਤ ਵਿਚੋਂ ਨਿਕਲਣਾ ਮੁਸ਼ਕਲ ਹੋ ਗਿਆ, ਕਿਉਂਕਿ ਜਿਹੜੇ ਇਹ ਆਗੂ ਸਨ, ਇਨ੍ਹਾਂ ਨੇ ਅਬੋਹਰ-ਫਾਜ਼ਿਲਕਾ ਅਤੇ ਪੰਜਾਬੀ ਸਪੀਕਿੰਗ ਇਲਾਕੇ ਦੇਣ ਲਈ ਪਹਿਲਾਂ ਹੀ ਆਪੋਜ਼ੀਸ਼ਨ ਕੀਤੀ ਸੀ, ਪਰ ਹੁਣ ਇਸ ਗੱਲ ਨੂੰ ਮੰਨ ਲਿਆ ਸੀ। ਇਨ੍ਹਾਂ ਨੇ, ਆਗੂਆਂ ਨੇ, ਇਹ ਸੋਚਿਆ ਕਿ ਹੁਣ ਸੰਤਾਂ ਦੀ ਜਾਨ ਬਚਾਉਣ ਲਈ ਹੋਰ ਕੋਈ ਚਾਰਾ ਨਹੀਂ ਅਤੇ ਜੇ ਸੰਤਾਂ ਦੀ ਜਾਨ ਚਲੀ ਗਈ ਤਾਂ ਪੰਜਾਬ ਵਿਚ ਹਾਲਾਤ ਬਹੁਤ ਖਰਾਬ ਹੋ ਜਾਣਗੇ ਅਤੇ ਜੇ ਇਸ ਤਰ੍ਹਾਂ ਹੋਇਆ ਤਾਂ ਸਰਦਾਰ ਗੁਰਨਾਮ ਸਿੰਘ ਦੀ ਮਨਿਸਟਰੀ ਨੂੰ ਵੀ ਖਤਰਾ

ਹੋ ਜਾਵੇਗਾ ਅਤੇ ਉਹ ਨਹੀਂ ਰਹਿ ਸਕੇਗੀ। ਸਾਡੀ ਅਤੇ ਕਾਂਗਰਸ ਵਾਲਿਆਂ ਦੀ ਪੁਜ਼ੀਸ਼ਨ ਤਾਂ ਸਪੱਸ਼ਟ ਸੀ। ਅਸੀਂ ਚਾਹੁੰਦੇ ਸੀ ਕਿ ਜਿਹੜੇ ਪੰਜਾਬੀ ਸਪੀਕਿੰਗ ਏਰੀਆਜ਼ ਹਨ, ਉਹ ਪੰਜਾਬ ਵਿਚ ਹੀ ਰਹਿਣੇ ਚਾਹੀਦੇ ਹਨ (ਟਰੈਜ਼ਰੀ ਬੈਂਚਾਂ ਵਲੋਂ ਥੰਪਿੰਗ)। ਇਹ ਸੰਤਾਂ ਨੂੰ ਬਚਾਉਣਾ ਚਾਹੁੰਦੇ ਸਨ ਅਤੇ ਇਹ ਚਾਹੁੰਦੇ ਸਨ ਕਿ ਇਨ੍ਹਾਂ ਦੀ ਸਰਕਾਰ ਵੀ ਬਣੀ ਰਹੇ। ਇਸ ਗੱਲ ਨੂੰ ਝੁਠਲਾਇਆ ਨਹੀਂ ਜਾ ਸਕਦਾ। ਹੁਣ ਇਹ ਸੱਜਣ ਇਸ ਗੱਲ ਨੂੰ ਇੱਧਰ ਉਧਰ ਲੈ ਜਾ ਰਹੇ ਹਨ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਕਰਨਾ ਠੀਕ ਨਹੀਂ ਹੈ। ਇਤਿਹਾਸਕ ਫੈਕਟਸ ਇਹੀ ਹਨ ਜਿਹੜੇ ਮੈਂ ਦੱਸੇ ਹਨ। ਹੁਣ ਇਨ੍ਹਾਂ ਨੂੰ ਪੰਜਾਬ ਤੇ ਹਰਿਆਣੇ ਦੇ ਲੋਕਾਂ ਨੂੰ ਭੜਕਾਉਣਾ ਨਹੀਂ ਚਾਹੀਦਾ।

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇਟ ਆਫ ਆਰਡਰ ਨਹੀਂ ਲੇਕਿਨ ਕਿਉਂਕਿ ਅਬੋਹਰ ਅਤੇ ਫਾਜ਼ਿਲਕਾ ਬਾਰੇ ਸੰਧੂ ਸਾਹਿਬ ਨੇ ਵੀ ਕੁਝ ਗੱਲਾਂ ਕਹੀਆਂ ਸਨ, ਇਸ ਕਰਕੇ ਕਨੇਡੀਅਨ ਸਾਹਿਬ ਨੇ ਵੀ ਇਸ ਬਾਰੇ ਕੁਝ ਕਹਿ ਲਿਆ ਹੈ।
(This is no point of order, but as Sandhu Sahib had also said certain things about Abohar and Fazilka so has Comrade Canadian said something about the same.)

Sardar Ajaib Singh Sandhu : Let it come on record. ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੇ ਜੋ ਕੁਝ ਕਿਹਾ ਹੈ, ਉਹ ਉਨ੍ਹਾਂ ਦੀ ਪਰਸਨਲ ਨਾਲੇਜ ਦੇ ਅਧਾਰ ਤੇ ਕਿਹਾ ਹੈ, ਮੈਂ ਰਿਕਾਰਡ ਦੇ ਬੇਸਿਜ਼ ਤੇ ਬੋਲ ਰਿਹਾ ਹਾਂ। ਮੈਂ ਕਨੇਡੀਅਨ ਸਾਹਿਬ ਦਾ ਨਾਂ ਤਾਂ ਨਹੀਂ ਲਿਆ ਅਤੇ ਨਾ ਉਨ੍ਹਾਂ ਨੂੰ ਕੋਈ ਮਾੜੀ ਗੱਲ ਕਹੀ ਹੈ।

ਸ੍ਰੀ ਡਿਪਟੀ ਸਪੀਕਰ : ਇਹ ਗਵਰਨਰ ਐਡਰੈਸ ਦਾ ਕੋਈ ਹਿੱਸਾ ਨਹੀਂ, ਪਰ ਕਿਉਂਕਿ ਸਰਦਾਰ ਗੁਰਚਰਨ ਸਿੰਘ ਜੀ ਨੇ ਦੋ ਮਿੰਟ ਇਸ ਬਾਰੇ ਗੱਲ ਕੀਤੀ ਸੀ, ਇਸ ਕਰਕੇ ਉਨ੍ਹਾਂ ਵੀ ਬੋਲ ਲਿਆ ਹੈ। ਲੇਕਿਨ ਤੁਹਾਨੂੰ ਤਾਂ ਅੱਧਾ ਘੰਟਾ ਇਸ ਗੱਲ ਤੇ ਹੀ ਬੋਲਦਿਆਂ ਹੋ ਗਿਆ ਹੈ।
(It has no relevancy to the Governor's Address, but as Sardar Gurcharan Singh had spoken about it for a couple of minutes so he has been allowed to do the same. But you have been speaking on this issue for the last about half an hour)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਜਿਹੜੀ ਚਿੱਠੀ ਸਰਦਾਰ ਗੁਰਨਾਮ ਸਿੰਘ, ਚੀਫ ਮਨਿਸਟਰ, ਨੇ ਪਰਾਈਮ ਮਨਿਸਟਰ ਨੂੰ ਲਿਖੀ ਸੀ, ਮੈਂ ਉਹ ਪੜ੍ਹ ਕੇ ਸੁਣਾਉਂਦਾ ਹਾਂ, ਉਨ੍ਹਾਂ ਨੇ ਲਿਖਿਆ ਸੀ :

"....I must place it on record that I cannot agree to barter away the Tehsil of Fazilka including Abohar. If I do so it would be introducing virus of communalism in a secular India. It would really be handing over territory to Haryana because most of the inhabitants are Hindus to which principle I am unable to agree. I cannot agree to push out of Punjab Punjabi-speaking Hindu villages to satisfy undue greed of Haryana. Apart from it we would be introducing communa virus into rural area resulting in serious law and order problem which I shudder to face. It is inconceivable to act on such a preposterous proposition in order to gain some point".

"......I have been working for Hindu Sikh Unity since I have taken over as Chief Minister and have been trying to strengthen secular forces. Now I cannot conceive of destroying that achievement in which I have phenomenal success. You are also aware

[Sardar Ajaib Singh Sandhu]

that 1961 census cannot be relied upon. The conception of Fazilka Tehsil population was further changed by influx of Punjabi speaking population from West Pakistan to this Tehsil at the time of partition of the country.

I, therefore, suggest that Committee or Commission of linguistic experts be set up and they should really examine the merits and demerits of claims and counter-claims about linguistic areas made by the two States. It is the only fair method to identify linguistic areas. Any other method would be arbitrary resulting in serious injustices to large number of inhabitants of Punjab. I am placing these facts on the record so that there is no confusion or misunderstanding about the position of Punjab Government.

(ਇਸ ਸਮੇਂ ਸਰਦਾਰ ਗੁਰਬਚਨ ਸਿੰਘ (ਰੋਪੜ) ਅਤੇ ਸ੍ਰੀ ਗੁਰਦਿਆਲ ਸੈਣੀ ਬੋਲਣ ਲਈ ਖੜ੍ਹੇ ਹੋਏ)

ਸਰਦਾਰ ਗੁਰਬਚਨ ਸਿੰਘ (ਰੋਪੜ) : ** ** **

(ਆਪੋਜ਼ੀਸ਼ਨ ਦੇ ਮੈਂਬਰਾਂ ਵਲੋਂ ਵਿਘਨ)

ਸ੍ਰੀ ਡਿਪਟੀ ਸਪੀਕਰ : ਆਰਡਰ ਪਲੀਜ਼। ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । ਸੰਧੂ ਸਾਹਿਬ ਨੇ ਜਿਹੜੀ ਚਿਠੀ ਪੜ੍ਹੀ ਹੈ, ਉਹ ਹੈ ਜਿਹੜੀ ਸਰਦਾਰ ਗੁਰਨਾਮ ਸਿੰਘ ਨੇ ਐਜ਼ ਚੀਫ ਮਨਿਸਟਰ ਲਿਖੀ ਸੀ । ਉਹ ਸੀ.ਐਮ. ਕੇਵਲ ਅਕਾਲੀਆਂ ਦੇ ਹੀ ਨਹੀਂ ਸਨ ਸਗੋਂ ਸਾਰੇ ਪੰਜਾਬ ਦੇ ਲੋਕਾਂ ਦੇ ਸਨ। ਸ੍ਰੀ ਗੁਰਨਾਮ ਸਿੰਘ ਜੀ ਨੇ ਜੋ ਕੁਝ ਬਤੌਰ ਅਕਾਲੀ ਮੈਂਬਰ ਸ੍ਰੀ ਗੁਰਚਰਨ ਸਿੰਘ ਨਿਹਾਲਸਿੰਘਵਾਲਾ ਨੂੰ ਕਿਹਾ ਹੈ ਉਸ ਬਾਰੇ ਸ੍ਰੀ ਨਿਹਾਲ ਸਿੰਘ ਵਾਲਾ ਨੂੰ ਜ਼ਾਤੀ ਇਲਮ ਹੈ ਇਸ ਲਈ ਇਸ ਬਾਰੇ ਜੋ ਕੁਝ ਉਹ ਦਸਣਗੇ ਉਹ ਸ੍ਰੀ ਗੁਰਨਾਮ ਸਿੰਘ ਦੀ ਬਤੌਰ ਅਕਾਲੀ ਮੈਂਬਰ ਰਾਏ ਹੋਵੇਗੀ। ਅਕਾਲੀਆਂ ਬਾਰੇ ਸਰਦਾਰ ਗੁਰਚਰਨ ਸਿੰਘ ਦੀ ਗੱਲ ਨੂੰ ਝੁਠਲਾਇਆ ਨਹੀਂ ਜਾ ਸਕਦਾ। (Order please. This is not a point of order. The letter read out by Shri Sandhu is the same which was written by Sardar Gurnam Singh as Chief Minister. As a Chief Minister, he did not represent the Akali Dal only. He represented the people of the whole of the State of Punjab. Whatever Sardar Gurnam Singh said as an Akali member to Shri Gurcharan Singh Nihalsinghwala that is in the personal knowledge of Shri Nihalsinghwala. Therefore, what ever is being stated by him, shall be the opinion expressed by Shri Gurnam Singh as an Akali member. The opinion expressed by Shri Gurcharan Singh Nihalsinghwala about the Akalis cannot be belied.)

ਚੌਧਰੀ ਰਾਮ ਸਿੰਘ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । ਸੰਧੂ ਸਾਹਿਬ ਗਵਰਨਰ ਐਡਰੈਸ ਤੇ ਹੀ ਬੋਲੋ। (This is no point of order. Sandhu Sahib, please speak on the Governor's Address only.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਥੇ ਇਨਫਰਮੇਸ਼ਨ ਮੰਗੀ ਗਈ ਹੈ ਇਸ ਲੈਟਰ ਬਾਰੇ, ਮੈਂ ਇਨ੍ਹਾਂ ਨੂੰ ਦਸ ਦੇਵਾਂ ਕਿ ਇਹ ਕਿਸੇ ਵੇਲੇ ਇਸ ਹਾਊਸ ਦੀ ਮੇਜ਼ ਤੇ ਰੱਖੀ ਗਈ ਸੀ, ਇਹ ਇਕ ਪਬਲਿਕ ਡਾਕੂਮੈਂਟ ਹੈ। ਇਹ ਇਕ ਐਂਟਾਇਰਲੀ ਰੈਲੇਵੈਂਟ ਲੈਟਰ

**Expunged as ordered by the Chair.

ਹੈ, ਇਸ ਬਾਰੇ ਤੁਹਾਨੂੰ ਪਤਾ ਹੋਵੇ, ਕਾਮਰੇਡਾਂ ਨੂੰ ਪਤਾ ਹੋਵੇ ਜਾਂ ਗਿਆਨੀ ਜ਼ੈਲ ਸਿੰਘ ਨੂੰ ਪਤਾ ਹੋਵੇ ਪਰ ਇਹਦਾ ਲੋਕਾਂ ਨੂੰ ਪਤਾ ਨਹੀਂ। ਇਹ ਕਿਸੇ ਇਕ ਦਾ ਮਸਲਾ ਨਹੀਂ ਇਹ ਪੰਜਾਬੀ ਸਪੀਕਿੰਗ ਸਟੇਟ ਦਾ ਏਰੀਆ ਲੈਣ ਦਾ ਇਕ ਵੱਡਾ ਮਸਲਾ ਹੈ। (ਵਿਘਨ)

ਚੌਧਰੀ ਜਗਤ ਰਾਮ : ** ** **

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (This is not a point of order.)

ਸਰਦਾਰ ਅਜਾਇਬ ਸਿੰਘ ਸੰਧੂ : ਮੈਨੂੰ ਇਨ੍ਹਾਂ ਦੀ ਕਾਬਲੀਅਤ ਦਾ ਪਤਾ ਹੈ, ਪਰ ਇਹ ਤਾਂ ਪੁਆਇੰਟ ਆਫ ਆਰਡਰ ਇਸ ਲਈ ਕਰਦੇ ਹਨ ਕਿ ਅਸਲੀਅਤ ਨੂੰ ਸੁਣ ਵੀ ਨਹੀਂ ਸਕਦੇ। ਮੈਂ ਉਨ੍ਹਾਂ ਨੂੰ ਕਹਾਂਗਾ ਕਿ ਇਹ ਸਿਰਫ ਅਕਾਲੀਆਂ ਦਾ ਮਸਲਾ ਨਹੀਂ, ਉਹ ਇਸ ਤਰ੍ਹਾਂ ਦੀਆਂ ਗਲਾਂ ਕਰ ਕਰ ਟਾਲਣ ਦੀ ਕੋਸ਼ਿਸ਼ ਨਾ ਕਰਨ। ਇਸ ਮਾਮਲੇ ਬਾਰੇ ਅਸੀਂ ਪਹਿਲਾਂ ਵੀ ਸਿਨਸੀਅਰ ਸੀ, ਹੁਣ ਵੀ ਸਿਨਸੀਅਰ ਹਾਂ ਅਤੇ ਅਗੇ ਨੂੰ ਵੀ ਸਿਨਸੀਅਰ ਹੀ ਰਹਾਂਗੇ। (ਵਿਘਨ)

ਰਾਜ ਮੰਤਰੀ, ਵਿਕਾਸ: (ਸਰਦਾਰ ਸੰਤੋਖ ਸਿੰਘ ਰੰਧਾਵਾ) ਆਨ ਏ ਪੁਆਇੰਟ ਆਫ ਆਰਡਰ, ਸਰ। ਇਨ੍ਹਾਂ ਨੇ ਕਿਹਾ ਕਿ ਅਸੀਂ ਚੰਡੀਗੜ੍ਹ ਦੇ ਇਸ਼ੂ ਤੇ ਸਿਨਸੀਅਰ ਹਾਂ ਮੈਂ ਪੁੱਛਦਾ ਹਾਂ ਜਿਸ ਵੇਲੇ ਸਰਦਾਰ ਦਰਸ਼ਨ ਸਿੰਘ ਫੇਰੂਮਾਨ ਨੇ ਮਰਨਵਰਤ ਰਖਿਆ ਸੀ, ਉਸ ਵੇਲੇ ਉਸ ਨੂੰ ਅਰੈਸਟ ਕਰਨ ਵਾਲੀ ਕਿਹੜੀ ਸਰਕਾਰ ਸੀ ? ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਚੰਡੀਗੜ੍ਹ ਦੇ ਮਸਲੇ ਤੇ ਤਿੰਨ ਵਾਰ ਗਰਿਫਤਾਰ ਹੋਇਆ ਹਾਂ। (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਤਾਂ ਆਪਣੇ ਕਾਂਗਰਸੀ ਭਰਾਵਾਂ ਨੂੰ ਇਹੋ ਬੇਨਤੀ ਕਰਾਂਗਾ ਕਿ ਇਹ ਅਕਾਲੀਆਂ ਦਾ ਮਸਲਾ ਨਹੀਂ, ਇਹ ਤਾਂ ਸਾਰੇ ਪੰਜਾਬ ਦਾ ਮਸਲਾ ਹੈ, ਮੈਂ ਸਾਰਿਆਂ ਨੂੰ ਇਹੋ ਕਹਿੰਦਾ ਹਾਂ ਕਿ ਪੰਜਾਬ ਦਾ ਕੇਸ ਖਰਾਬ ਨਾ ਕਰੋ, ਇਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਤੋਂ ਹੀ ਜ਼ਾਹਿਰ ਹੁੰਦਾ ਹੈ ਕਿ ਉਹ ਕਿਤਨੇ ਕੁ ਪੰਜਾਬੀ ਇਲਾਕਿਆਂ ਦੇ ਸਮਰੱਥਕ ਹਨ ਅਤੇ ਕਿਤਨੇ ਕੁ ਨਹੀਂ। (ਵਿਘਨ)

ਸਰਦਰ ਗੁਰਬਚਨ ਸਿੰਘ : ਇਹ, ਡਿਪਟੀ ਸਪਕਿਰ ਸਾਹਿਬ, ਅਕਾਲੀ ਆਪਣੇ ਆਪ ਨੂੰ ਸਿੱਖਾਂ ਦੇ ਨੁਮਾਇੰਦੇ ਸਮਝਦੇ ਹਨ, ਸਿੱਖਾਂ ਦੇ ਨੁਮਾਇੰਦੇ ਤਾਂ ਬੁਢਾ ਦਲ ਵਾਲੇ ਹਨ, ਜਿਹੜੇ ਮੋਰਚੇ ਵਿਚ ਛਾਤੀਆਂ ਤਾਣ ਕੇ ਅਗੇ ਆਏ। ਇਹ ਤਾਂ ਦੁੱਧ ਪੀਂਦੇ ਮਜਨੂੰ ਹਨ। (ਹਾਸਾ)

ਸ੍ਰੀ ਡਿਪਟੀ ਸਪੀਕਰ : ਵਾਈਂਡ ਅੱਪ ਕਰੋ ਜੀ। (Please wind up)

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਵਾਈਂਡ ਅੱਪ ਹੀ ਕਰਨ ਲਗਾ ਹਾਂ। ਮੇਰੀ ਬੇਨਤੀ ਹੈ ਇਨ੍ਹਾਂ ਕਾਂਗਰਸੀ ਭੱਦਰ ਪੁਰਸ਼ਾਂ ਨੂੰ ਕਿ ਤੁਸੀਂ ਪੰਜਾਬੀ ਸਪੀਕਿੰਗ ਏਰੀਆ ਲੈਣ ਵਾਸਤੇ ਇਕੱਠੇ ਯਤਨ ਕਰੋ ਅਤੇ ਅਕਾਲੀ ਦਲ ਤੁਹਾਡਾ ਸਾਥ ਦੇਵੇਗਾ। ਅਸੀਂ ਫਾਜ਼ਿਲਕਾ, ਅਬੋਹਰ, ਚੰਡੀਗੜ੍ਹ ਪੰਜਾਬ ਤੋਂ ਬਾਹਰ ਨਹੀਂ ਜਾਣ ਦੇਣੇ (ਵਿਘਨ)

ਸਰਦਾਰ ਦਿਲਬਾਗ ਸਿੰਘ (ਨਵਾਂ ਸ਼ਹਿਰ) : ਡਿਪਟੀ ਸਪੀਕਰ ਸਾਹਿਬ, ਇਹ ਅੱਜ ਸਾਡੀ ਪਾਰਟੀ ਨੂੰ ਲੈਕਚਰ ਕਰ ਰਹੇ ਹਨ। ਕੋਈ ਗ਼ਲਤੀ ਕਰਕੇ ਇਕ ਸਾਲ ਬਾਅਦ ਸੋਚਦਾ ਹੈ, ਕੋਈ ਮੌਕੇ ਤੇ ਸੋਚਦਾ ਹੈ ਪਰ ਇਹ ਤਾਂ 6 ਸਾਲ ਬਾਅਦ ਸੋਚਣ ਵਾਲੀ ਪਾਰਟੀ ਹੈ। (ਹਾਸਾ)

**Expunged as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ: ਸਾਡੀ ਸੋਚ ਵਿਚ ਕੋਈ ਫਰਕ ਨਹੀਂ ਤੁਹਾਡੀ ਸਮਝ ਵਿਚ ਹੀ ਫਰਕ ਹੈ, ਜੋ ਅਸੀਂ ਪਹਿਲਾਂ ਸੋਚਦੇ ਸੀ ਉਹੀ ਅਸੀਂ ਅੱਜ ਸੋਚਦੇ ਹਾਂ। (ਵਿਘਨ)

ਸਰਦਾਰ ਸੁਰਿੰਦਰ ਸਿੰਘ ਕੈਰੋਂ: ਆਨ ਏ ਪੁਆਇੰਟ ਆਫ ਆਰਡਰ, ਸਰ। ਸੰਧੂ ਸਾਹਿਬ ਨੇ ਬੜੀ ਲੰਮੀ ਚੌੜੀ ਤਕਰੀਰ ਗਵਰਨਰ ਐਡਰੈਸ ਤੇ ਕੀਤੀ ਹੈ, ਪਰ ਹੁਣ ਬੋਲਦੇ ਬੋਲਦੇ ਹਾਊਸ ਨੂੰ ਹੋਰ ਪਾਸੇ ਹੀ ਲੈ ਗਏ ਹਨ। 1966 ਤੋਂ ਲੈ ਕੇ ਇਨ੍ਹਾਂ ਦੀ ਪਾਰਟੀ ਦਾ ਕਿਰਦਾਰ ਪੰਜਾਬ ਨੂੰ ਛੋਟਾ ਕਰਨਾ ਹੀ ਰਿਹਾ। ਕੋਈ ਜ਼ਮਾਨਾ ਸੀ ਕਿ ਪੰਜਾਬੀ ਪਹਾੜਾਂ ਵਿਚ ਬੋਲੀ ਜਾਂਦੀ ਸੀ ਅਤੇ ਮਥਰਾ ਤੱਕ ਪੜ੍ਹੀ ਲਿਖੀ ਜਾਂਦੀ ਸੀ। ਪਰ ਹੁਣ ਇਹ ਇਕ ਛੋਟੇ ਜਿਹੇ ਦਾਇਰੇ ਵਿਚ ਆਕੇ ਰਹਿ ਗਈ ਹੈ। ਇਹ ਇਸ ਕਾਜ਼ ਪਿਛੇ ਕਦੇ ਇਕ ਹੋਕੇ ਨਹੀਂ ਲੜੇ ਅਤੇ ਹਮੇਸ਼ਾ ਪੰਜਾਬ ਨੂੰ ਛੋਟਾ ਕਰਨ ਵਿਚ ਰੁਝੇ ਰਹੇ।

ਸਰਦਾਰ ਅਜਾਇਬ ਸਿੰਘ ਸੰਧੂ: ਡਿਪਟੀ ਸਪੀਕਰ ਸਾਹਿਬ, ਅਸੀਂ ਤਾਂ ਛੋਟਾ ਨਹੀਂ ਮੰਗਦੇ ਸੀ। ਸਾਨੂੰ ਛੋਟਾ ਦਿਤਾ ਗਿਆ ਹੈ (ਵਿਘਨ) ਇਹ ਕਾਂਗਰਸ ਛੱਡ ਕੇ ਸਾਡੇ ਵਿਚ ਆ ਗਏ ਸੀ। ਇਹ ਇਸ ਕਰਕੇ ਆ ਗਏ ਸੀ (ਵਿਘਨ)

ਸਰਦਾਰ ਸੁਰਿੰਦਰ ਸਿੰਘ ਕੈਰੋਂ: ਜਿੰਨੀ ਦੇਰ ਇਹ ਆਪਣੀ ਪਾਰਟੀ ਦੀ ਹਾਲਤ ਨਹੀਂ ਸੁਧਾਰਨਗੇ ਉਨੀ ਦੇਰ ਇਨ੍ਹਾਂ ਦਾ ਰਾਜ ਨਹੀਂ ਆ ਸਕਦਾ ਹੈ (ਵਿਘਨ)

ਸਰਦਾਰ ਕਿਰਪਾਲ ਸਿੰਘ ਢਿਲੋਂ: ਆਨ ਏ ਪੁਆਇੰਟ ਆਫ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਬੜੇ ਧਿਆਨ ਨਾਲ ਸਾਰੀਆਂ ਗੱਲਾਂ ਸੁਣੀਆਂ ਹਨ ਔਰ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੇ ਬੜੀ ਚੰਗੀ ਤਰ੍ਹਾਂ ਵਿਸਥਾਰ ਪੂਰਵਕ ਚਾਨਣਾ ਪਾਇਆ ਹੈ। ਇਕ ਗੱਲ ਬੜੀ ਪੂਰੀ ਤਰ੍ਹਾਂ ਸਾਬਤ ਅਤੇ ਸਿੱਧ ਹੋ ਚੁੱਕੀ ਹੈ ਕਿ ਅਕਾਲੀ ਪਾਰਟੀ ਦੀ ਲੀਡਰਸ਼ਿਪ ਨੇ ਗਲਤੀਆਂ ਕਰਨੋਂ ਕਦੇ ਨਹੀਂ ਹਟਣਾ ਭਾਵੇਂ ਕਿਥੋਂ ਐਡਵਾਈਸ ਲੈਣ। ਇਹ ਪੰਜਾਬ ਨੂੰ ਛੋਟਾ ਕਰਨ ਤੋਂ ਨਹੀਂ ਹਟਣਗੇ। ਜੇ ਕੋਈ ਪੰਜਾਬ ਦੇ ਸਮੁੱਚੇ ਹਿੱਤ ਲਈ ਕੋਈ ਫਾਰਮੂਲਾ ਕਢਣਾ ਚਾਹੁੰਦੇ ਹੋਣ ਤਾਂ ਇਨ੍ਹਾਂ ਨੂੰ ਤਨੋਂ ਮਨੋਂ ਗਿਆਨੀ ਜ਼ੈਲ ਸਿੰਘ ਨੂੰ ਆਪਣਾ ਲੀਡਰ ਮੰਨ ਲੈਣਾ ਚਾਹੀਦਾ ਹੈ ਅਤੇ ਕਾਂਗਰਸ ਪਾਰਟੀ ਦਾ ਸਮੱਰਥਨ ਕਰਨ ਤਾਂ ਹੀ ਪੰਜਾਬ ਦੀ ਭਲਾਈ ਹੋ ਸਕਦੀ ਹੈ। (ਥੰਪਿੰਗ)

ਸਰਦਾਰ ਅਜਾਇਬ ਸਿੰਘ ਸੰਧੂ: ਇਨ੍ਹਾਂ ਨੂੰ, ਮੈਂ, ਡਿਪਟੀ ਸਪੀਕਰ ਸਾਹਿਬ, ਇਹ ਦਸਣਾ ਚਾਹੁੰਦਾ ਹਾਂ ਕਿ "ਤੁਝਕੋ ਪਰਾਈ ਕਿਆ ਪੜੀ ਆਪਣੀ ਨਬੇੜ ਤੂ" ਇਸ ਫਿਕਰੇ ਤੇ ਅਮਲ ਕਰਨਾ ਚਾਹੀਦਾ ਹੈ। ਇਹਨੂੰ ਪਹਿਲਾਂ ਤਾਂ ਆਪਣਾ ਫੈਸਲਾ ਕਰਨਾ ਚਾਹੀਦਾ ਹੈ ਕਿ ਤੂੰ ਗਿਆਨੀ ਜ਼ੈਲ ਸਿੰਘ ਨਾਲ ਹੈਂ ਜਾਂ ਕਿ ਨਹੀਂ। (ਵਿਘਨ)

PERSONAL EXPLANATION

ਸਰਦਾਰ ਕਿਰਪਾਲ ਸਿੰਘ ਢਿਲੋਂ: ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ। ਘਰ ਵਿਚ ਪਿਓ ਪੁੱਤਰ ਦੀ ਲੜਾਈ ਹੋ ਸਕਦੀ ਹੈ, ਦੋ ਭਰਾਵਾਂ ਦੀ ਲੜਾਈ ਹੋ ਸਕਦੀ ਹੈ। (ਵਿਘਨ) ਗਿਆਨੀ ਜ਼ੈਲ ਸਿੰਘ ਮੇਰਾ ਲੀਡਰ ਹੈ ਔਰ ਉਹਨੂੰ ਮੈਂ ਆਪਣਾ ਲੀਡਰ ਮੰਨਦਾ ਹਾਂ।

DISCUSSION ON GOVERNOR'S ADDRESS (*Resumption*)

ਸਰਦਾਰ ਅਜਾਇਬ ਸਿੰਘ ਸੰਧੂ: ਗਿਆਨੀ ਜੀ ਨੂੰ ਮੇਰਾ ਧੰਨਵਾਦ ਕਰਨਾ ਚਾਹੀਦਾ ਹੈ ਕਿਉਂਕਿ ਬਾਹਰ ਨਿਕਲਿਆ ਹੋਇਆ ਬੰਦਾ ਇਨ੍ਹਾਂ ਦੇ ਨੇੜੇ ਲਿਆ ਦਿਤਾ ਹੈ। ਮੈਂ, ਜਨਾਬ, ਹੁਣ ਵਾਇੰਡ

ਅੱਪ ਕਰ ਰਿਹਾ ਹਾਂ। ਮੈਂ ਅਰਜ਼ ਕਰਨੀ ਚਾਹੁੰਦਾ ਕਿ ਇਹ ਕਹਿੰਦੇ ਹਨ ਕਿ ਗਿਆਨੀ ਜ਼ੈਲ ਸਿੰਘ ਨੂੰ ਲੀਡਰ ਮੰਨ ਲਓ, ਇਸ ਸਬੰਧ ਵਿਚ ਮੈਂ ਆਪਣੀ ਪਾਰਟੀ ਵਲੋਂ ਪੂਰੀ ਕੋਆਪਰੇਸ਼ਨ ਦੇਣ ਦਾ ਵਾਅਦਾ ਕਰ ਰਿਹਾ ਹਾਂ ਲੇਕਿਨ ਇਕ ਗੱਲ ਹੈ ਕਿ ਚੰਡੀਗੜ੍ਹ ਤਾਂ ਸਾਨੂੰ ਮਿਲਣਾ ਹੀ ਹੈ ਪਰ ਪੰਜਾਬ ਦਾ ਇਕ ਇੰਚ ਹਿੱਸਾ ਵੀ ਬਾਹਰ ਨਾ ਜਾਏ ਔਰ ਪੰਜਾਬ ਦਾ ਜਿੰਨਾ ਪੰਜਾਬੀ ਸਪੀਕਿੰਗ ਏਰੀਆ (ਵਿਘਨ) ਭਾਵੇਂ ਉਹ ਹਰਿਆਣਾ ਵਿਚ ਹੋਵੇ, ਭਾਵੇਂ ਹਿਮਾਚਲ ਪ੍ਰਦੇਸ਼ ਵਿਚ ਹੋਵੇ ਜਾਂ ਰਾਜਸਥਾਨ ਵਿਚ ਹੋਵੇ ਇਹ ਸਾਰੇ ਦਾ ਸਾਰਾ ਪੰਜਾਬ ਵਿਚ ਸ਼ਾਮਿਲ ਕੀਤਾ ਜਾਵੇ । ਅਜਿਹਾ ਕਰਨ ਵਿਚ ਅਸੀਂ ਇਨ੍ਹਾਂ ਨਾਲ ਸਹਿਯੋਗ ਕਰਾਂਗੇ।

चौधरी बलराम (उप-मंत्री सिंचाई और बिजली): ग्रान ए प्वायंट ग्राफ ग्रार्डर, सर। मेरा प्वाएंट ग्राफ ग्रार्डर यह है कि संधू साहिब ने बहुत हिम्मत करके बात की है लेकिन क्या इनको याद है कि फाजिलका area की तरफ जब इनका राज था, तब इन्होंने ध्यान नहीं दिया था, उस वक्त वहां पर एक सड़क भी नहीं बनाई थी, एक हस्पताल भी नहीं बनवाया था (विघ्न) फाजिलका के लोग यह समझते थे कि हम पंजाब का हिस्सा बिलकुल नहीं है । मैं भी उन लोगों में से था जो ऐसा समझते थे । अगर इनका हाथ लगता तो ग्राज तक उस को पंजाब के साथ न रहने देते । (विघ्न) क्या ग्रागे को भी यह इस बात को ध्यान में रखेंगे ?

ਸਰਦਾਰ ਅਜਾਇਬ ਸਿੰਘ ਸੰਧੂ : ਅਕਾਲੀ ਦਲ ਨੇ ਐਨਾ ਖਿਆਲ ਰੱਖਿਆ ਹੋਇਆ ਸੀ ਕਿ ਇਨ੍ਹਾਂ ਦੇ ਦੋ ਵਜ਼ੀਰ ਬਣਾਏ ਹੋਏ ਸੀ। ਪਰ ਇਹ ਗਿਆਨੀ ਜ਼ੈਲ ਸਿੰਘ ਨੇ ਤਾਂ ਇਕ ਡਿਪਟੀ ਵਜ਼ੀਰ ਹੀ ਬਣਾਇਆ ਹੈ। ਹਿੰਦੁਸਤਾਨ ਦੇ ਹੋਮ ਮਨਿਸਟਰ ਦੇ ਰਿਸ਼ਤੇਦਾਰ ਹੋਣ ਅਤੇ ਉਹ ਵੀ ਡਿਪਟੀ ਮਨਿਸਟਰ ਬਣੇ।

ਕਾਮਰੇਡ ਸੱਤ ਪਾਲ ਡਾਂਗ : ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ (ਵਿਘਨ) ਹਾਊਸ ਵਿਚ ਦੋਵੇਂ ਪਾਸੇ ਅਜਿਹੇ ਸੱਜਣ ਮਾਲੂਮ ਹੁੰਦੇ ਹਨ ਜੋ ਲੋਕਾਂ ਦੀਆਂ ਜ਼ਿੰਦਗੀਆਂ ਦੇ ਬੜੇ ਔਖੇ ਮਸਲਿਆਂ ਨੂੰ ਪਰੇ ਸੁੱਟ ਕੇ, ਇਕ ਮਸਲੇ ਨਾਲ ਪੰਜਾਬ ਦੀ ਫਿਜ਼ਾ ਖਰਾਬ ਕਰਨਾ ਚਾਹੁੰਦੇ ਹਨ। ਸੋਬਰ ਐਲੀਮੈਂਟ ਦੋਵਾਂ ਪਾਸੇ ਆਪਣੇ ਆਪਣਿਆਂ ਨੂੰ ਲਗਾਮ ਪਾਉਣ।

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਮੈਨੂੰ ਸੁਣਿਆ ਨਹੀਂ । ਮੈਂ ਬਹੁਤਾ ਪੰਜਾਬ ਦੇ ਬਜਟ ਤੇ ਬੋਲਿਆ ਹਾਂ। ਜੇ ਕਿਤੇ ਕਿਸੇ ਨੇ ਇਸ ਦੀ ਉਲੰਘਣਾ ਕੀਤੀ ਹੈ ਤਾਂ ਉਹ ਡਾਂਗ ਸਾਹਿਬ ਦੀ ਆਪਣੀ ਪਾਰਟੀ ਦੇ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਨੇ ਕੀਤੀ ਹੈ ਜਾਂ ਕਾਂਗਰਸ ਪਾਰਟੀ ਦੇ ਐਮ. ਐਲ. ਏਜ਼. ਨੇ ਕੀਤੀ ਹੈ। ਮੈਂ ਤਾਂ ਗਵਰਨਰ ਐਡਰੈਸ ਤੇ ਹੀ ਬੋਲਦਾ ਰਿਹਾ ਹਾਂ। ਹੁਣ ਮੈਂ ਵਾਈਂਡ ਅੱਪ ਕਰ ਰਿਹਾ ਹਾਂ।

ਸਰਦਾਰ ਪ੍ਰਿਥੀਪਾਲ ਸਿੰਘ : ਡਿਪਟੀ ਸਪੀਕਰ ਸਾਹਿਬ, ਸੰਧੂ ਸਾਹਿਬ ਪੰਜਾਬ ਦੇ ਹਿੱਤ ਦੀਆਂ ਗੱਲਾਂ ਕਰਦੇ ਆਪਣੀ ਢੋਲਕੀ ਹੀ ਵਜਾਈ ਜਾਂਦੇ ਨੇ ਕੀ ਇਨ੍ਹਾਂ ਨੇ ਬਾਦਲ ਸਾਹਿਬ ਤੋਂ ਪੁੱਛ ਲਿਆ ਹੈ ?

ਸਰਦਾਰ ਅਜਾਇਬ ਸਿੰਘ ਸੰਧੂ : ਇਨ੍ਹਾਂ ਤੋਂ ਆਪਣੀ ਢੋਲਕੀ ਨਹੀਂ ਵਜਾਈ ਜਾਂਦੀ । ਸਾਡੀ ਢੋਲਕੀ ਬਾਰੇ ਇਨ੍ਹਾਂ ਨੇ ਕੀ ਪੁੱਛਣਾ ਹੈ। ਮੈਂ ਤੁਹਾਨੂੰ ਅਤੇ ਗਿਆਨੀ ਜ਼ੈਲ ਸਿੰਘ ਨੂੰ ਪੂਰਾ ਵਿਸ਼ਵਾਸ ਦਿਵਾਉਂਦਾ ਹਾਂ ਲੇਕਿਨ ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜੇ ਗਿਆਨੀ ਜ਼ੈਲ ਸਿੰਘ ਇਹ ਬਿਆਨ

[ਸਰਦਾਰ ਅਜਾਇਬ ਸਿਘ ਸੰਧੂ]

ਦੇ ਦੇਵੇ ਕਿ ਜੇ ਮੇਰੀ ਲੀਡਰ, ਇੰਦਰਾ ਗਾਂਧੀ ਮੈਨੂੰ ਕਹੇ ਤਾਂ ਮੈਂ ਸਾਰਾ ਪੰਜਾਬ ਥਾਲੀ ਵਿਚ ਰਖਕੇ ਉਹਨੂੰ ਦੇ ਦੇਵਾਂ, ਤਾਂ ਇਹ ਸਾਨੂੰ ਮਨਜ਼ੂਰ ਨਹੀਂ ਹੈ। ਨੰ: 2 ਇਹ ਗੱਲ ਗਿਆਨੀ ਜ਼ੈਲ ਸਿੰਘ ਨੇ ਕਹੀ ਅਤੇ ਪਿਛਲੇ ਦਿਨੀਂ ਅਖ਼ਬਾਰਾਂ ਵਿਚ ਵੀ ਛਪੀ ਕਿ ਇਕ ਨਵੰਬਰ, 1966 ਦਾ ਦਿਨ ਇਕ ਮਨਹੂਸ ਦਿਨ ਸੀ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪੰਜਾਬੀਆਂ ਨੇ ਇਹ ਲੜਕੇ, ਕੁਰਬਾਨੀਆਂ ਦੇ ਕੇ, ਜੇਲ੍ਹਾਂ ਕੱਟ ਕੇ ਤਾਂ ਕਿਤੇ ਇਹ ਸੂਬਾ ਬਣਾਇਆ ਹੈ। ਮੈਂ ਗਿਆਨੀ ਜ਼ੈਲ ਸਿੰਘ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੇ ਇਹ ਮਨਹੂਸ ਦਿਨ ਹੈ ਤਾਂ ਫੇਰ ਇਹਨੂੰ ਇਸ ਸੂਬੇ ਦਾ ਚੀਫ਼ ਮਨਿਸਟਰ ਰਹਿਣ ਦਾ ਕੋਈ ਇਖਤਿਆਰ ਨਹੀਂ ਹੈ। ਜੇ ਕੋਈ ਬੰਦਾ ਕਹਿ ਦੇਵੇ ਕਿ ਉਹ ਦਿਨ ਮਨਹੂਸ ਸੀ ਤਾਂ ਇਮਾਨਦਾਰੀ ਇਸ ਗੱਲ ਦੀ ਮੰਗ ਕਰਦੀ ਹੈ ਕਿ ਉਹ ਬੰਦਾ ਮੁੱਖ ਮੰਤਰੀ ਨਹੀਂ ਰਹਿ ਸਕਦਾ। ਜੇ ਉਸ ਨੂੰ ਮੁੱਖ ਮੰਤਰੀ ਬਣਾਇਆ ਹੈ ਤਾਂ ਉਸ ਪੰਜਾਬੀ ਸੂਬੇ ਨੇ ਬਣਾਇਆ ਹੈ। ਜੇ ਇਨ੍ਹਾਂ ਨੂੰ ਇਹ ਸੂਬਾ ਮਨਜ਼ੂਰ ਨਹੀਂ ਤਾਂ ਇਨ੍ਹਾਂ ਨੂੰ ਅਸਤੀਫ਼ਾ ਦੇਣਾ ਚਾਹੀਦਾ ਹੈ। (ਵਿਘਨ) ਲਾਸਟ ਸਨਟੈਂਸ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਦਲ ਚੰਡੀਗੜ੍ਹ ਲਊਗਾ, ਪੰਜਾਬੀਆਂ ਨੂੰ ਇਕੱਠਾ ਕਰੂਗਾ ਔਰ ਜਿਹੜੇ ਇਲਾਕੇ ਪੰਜਾਬ ਤੋਂ ਬਾਹਰ ਰਹਿ ਗਏ ਹਨ ਉਨ੍ਹਾਂ ਬਾਰੇ ਪੂਰੀ ਜਦੋ ਜਹਿਦ ਕਰੂਗਾ। ਫ਼ਾਜ਼ਿਲਕਾ ਔਰ ਅਬੋਹਰ ਕਿਸੇ ਕੀਮਤ ਤੇ ਬਾਹਰ ਨਹੀਂ ਰਹਿਣ ਦਿਆਂਗੇ ਅਤੇ ਜੇ ਇਸ ਲਈ ਕੁਰਬਾਨੀ ਕਰਨੀ ਪਈ ਤਾਂ ਕਰਾਂਗੇ। ਜਿਹੜਾ ਫੈਸਲਾ ਹਿੰਦ ਸਰਕਾਰ ਦਾ ਫਿਰਕਾਪ੍ਰਸਤੀ ਤੇ ਮਬਨੀ ਹੋਏਗਾ ਉਹਨੂੰ ਨਹੀਂ ਮੰਨਾਗੇ। ਡਿਪਟੀ ਸਪੀਕਰ ਸਾਹਿਬ, ਦੂਜੀ ਗੱਲ ਇਹ ਹੈ ਕਿ ਜਦੋਂ ਇਥੇ ਸਾਡੀ ਸਰਕਾਰ ਸੀ ਉਸ ਵੇਲੇ ਇਥੇ ਹਿੰਦੂ-ਸਿੱਖ ਏਕਤਾ ਮੁਕੰਮਲ ਰਹੀ। (ਸ਼ੋਰ)

Mr. Deputy Speaker : Time is over, wind up now

ਸਰਦਾਰ ਅਜਾਇਬ ਸਿੰਘ ਸੰਧੂ : ਅਕਾਲੀ ਦਲ ਹਿੰਦੂ ਸਿੱਖ ਏਕਤਾ ਦਾ ਮੁਦੱਈ ਹੈ (ਵਿਘਨ) ਕਾਂਗਰਸ ਨੇ ਹਿੰਦੂ ਸਿੱਖ ਨੂੰ ਲੜਾਇਆ ਹੈ। ਕਾਂਗਰਸ ਸਰਕਾਰ ਹਿੰਦੂ ਸਿੱਖ ਏਕਤਾ ਨਹੀਂ ਚਾਹੁੰਦੀ ਹੈ। ਅਸੀਂ ਵਾਰਨਿੰਗ ਦਿੰਦੇ ਹਾਂ ਕਿ ਪੰਜਾਬ ਦੇ ਹਿੰਦੂ ਸਿੱਖ ਇੱਕ ਹਨ।

Mr. Deputy Speaker : The House stands adjourned till 9.00 A.M on Tuesday, the 26th February, 1974.

6.30 P.M. | *The Sabha then adjourned till* 9.00 *A.M. on Tuesday the 26th February*, 1974)

15094 PVS—Copies 286 Govt. Press, Chd.

Published under the authority of the Punjab Vidhan Sabha Secretariat
and printed by the Controller, Government Press, Chandigarh.

Punjab Vidhan Sabha Debates

26th February, 1974

Vol. I—No. 4

OFFICIAL REPORT

CONTENTS

Tuesday, the 26th February, 1974

Punjab Vidhan Sabha Secretariat, Chandigarh.

Price : Rs. Price : Rs. 1.00

PUNJAB VIDHAN SABHA

Tuesday, the 26th February, 1974

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9.00 a.m. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

Pass-Books for Farmers

***2400. Sardar Dilbagh Singh** : Will the Minister for Revenue and Election be pleased to state—

(a) the time by which the farmers are likely to be given the pass books containing the details of their land ;

(b) the action, if any, so far taken by the Government to issue such pass-books ?

Sardar Umrao Singh : (a) & (b) The scheme was initiated in the Batala and Nabha tehsils of the State but it failed and was, therefore, wound up. The Government has now constituted a Committee to reconsider the matter and to examine whether it would be worthwhile to reintroduce the scheme and if so, in what shape.

[**(ੲ ਅਤੇ ਬੀ)** ਇਹ ਸਕੀਮ ਰਾਜ ਦੀਆਂ ਨਾਭਾ ਅਤੇ ਬਟਾਲਾ ਤਹਿਸੀਲਾਂ ਵਿਚ ਚਾਲੂ ਕੀਤੀ ਗਈ ਸੀ ਪਰੰਤੂ ਫੇਲ੍ਹ ਹੋ ਗਈ ਅਤੇ ਇਸ ਲਈ ਬੰਦ ਕਰ ਦਿੱਤੀ ਗਈ ਸੀ। ਸਰਕਾਰ ਨੇ ਹੁਣ ਇਸ ਮਾਮਲੇ ਤੇ ਦੋਬਾਰਾ ਵਿਚਾਰ ਅਤੇ ਨਰੀਖਣ ਕਰਨ ਲਈ ਕਮੇਟੀ ਬਣਾਈ ਹੈ ਜੋ ਵੇਖੇਗੀ ਕਿ ਇਹ ਸਕੀਮ ਦੋਬਾਰਾ ਚਾਲੂ ਕਰਨ ਯੋਗ ਹੈ, ਜੇਕਰ ਹੈ, ਤਾਂ ਕਿਸ ਸ਼ਕਲ ਵਿਚ ਚਾਲੂ ਕੀਤੀ ਜਾਵੇ।]

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ 4-5 ਸਾਲਾਂ ਤੋਂ ਪ੍ਰੈੱਸ ਵਿਚ ਵੀ ਆ ਰਿਹਾ ਹੈ ਅਤੇ ਗੌਰਮਿੰਟ ਨੇ ਲੋਕਾਂ ਨਾਲ ਵਾਇਦਾ ਵੀ ਕੀਤਾ ਕਿ ਇਕ ਸਾਲ ਵਿਚ ਸਾਰੇ ਡਿਸਟ੍ਰਿਕਟ ਵਿਚ ਇਸ ਨੂੰ ਐਨਫ਼ੋਰਸ ਕਰਾਂਗੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਨੂੰ ਐਨਫ਼ੋਰਸ ਵੀ ਕਰਨਗੇ ਜਾਂ ਕਿ ਇਸੇ ਤਰ੍ਹਾਂ ਲਾਰੇ ਹੀ ਰਹਿਣਗੇ ?

ਮਾਲ ਅਤੇ ਚੋਣ ਮੰਤਰੀ : ਇਹ ਸਕੀਮ 4-5 ਸਾਲ ਹੋਏ ਹਨ ਸ਼ੁਰੂ ਕੀਤੀ ਗਈ ਸੀ ਮਗਰ ਇਸ ਪਾਸੇ ਦਿਲ ਲਾ ਕੇ ਕੰਮ ਨਹੀਂ ਕੀਤਾ ਗਿਆ। ਜਦ ਇਹ ਸਕੀਮ ਸ਼ੁਰੂ ਕੀਤੀ ਗਈ ਸੀ, ਰਿਪੋਰਟਾਂ ਦੇ ਮੁਤਾਬਿਕ ਇਹ ਸਕੀਮ ਕਾਮਯਾਬ ਨਹੀਂ ਹੋਈ। ਇਹ ਠੀਕ ਹੈ ਕਿ ਇਹ ਸਕੀਮ ਕਿਸਾਨਾਂ ਦੇ ਹਿੱਤ ਵਿਚ ਹੈ। ਇਸ ਲਈ ਗੌਰਮਿੰਟ ਨੇ ਫਿਰ ਇਕ ਕਮੇਟੀ ਬਣਾਈ ਜਿਸ ਦੇ ਵਿਚ ਲੈਜਿਸਲੇਟਰਜ਼ ਹਨ ਅਤੇ ਉਹ ਅਫ਼ਸਰ ਵੀ ਹਨ ਜਿਹੜੇ ਮੁਰੱਬੇਬੰਦੀ ਦੇ ਅਤੇ ਰੈਵੇਨਿਊ ਦੇ ਮਾਹਿਰ ਹਨ। ਗੌਰਮਿੰਟ ਚਾਹੁੰਦੀ ਹੈ ਕਿ ਇਹ ਸਕੀਮ ਲਾਗੂ ਕੀਤੀ ਜਾਵੇ ਪਰ ਇਸ ਵਿਚ ਕੁਝ ਡਿਫ਼ੀਕਲ-ਟੀਜ਼ ਹਨ। ਖ਼ਾਸ ਤੌਰ ਤੇ ਜਦ ਇਹ ਲਾਗੂ ਕੀਤੀ ਗਈ ਸੀ ਅਤੇ ਜਿਹੜੀਆਂ ਪਾਸ-ਬੁਕਸ ਬਣਨੀਆਂ ਸਨ ਉਨ੍ਹਾਂ ਦੀ ਲੀਗਲ ਵੈਲਿਡਿਟੀ ਨਹੀਂ ਸੀ ਦੇਖੀ ਗਈ। (ਵਿਘਨ) ਹੋ ਸਕਦਾ ਹੈ ਕਿ ਲੈਂਡ ਰੈਵੇਨਿਊ ਐਕਟ ਵਿਚ ਤਰਮੀਮ ਕਰਨੀ ਪੈ ਜਾਵੇ ਤਾਂ ਕਿ ਉਸ ਨੂੰ ਕਾਨੂੰਨੀ ਸ਼ਕਲ ਦਿੱਤੀ ਜਾਵੇ। ਇਸ ਲਈ ਇਹ ਸਾਰੀ ਚੀਜ਼ ਵਿਚਾਰ ਅਧੀਨ ਹੈ। (ਵਿਘਨ)

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਠੀਕ ਹੈ ਕਿ ਇਹ ਕਮੇਟੀ ਇਸ ਕਰ ਕੇ ਨਹੀਂ ਬਣਾਈ ਗਈ ਕਿਉਂ ਕਿ ਇਨ੍ਹਾਂ ਦੇ ਮਹਿਕਮੇ ਦੇ ਜਿਹੜੇ ਅਫ਼ਸਰ ਹਨ ਉਹ ਇਸ ਕੰਮ ਨੂੰ ਕਰਨ ਵਾਸਤੇ ਤਿਆਰ ਨਹੀਂ ਹਨ ਅਤੇ ਉਹ ਕਹਿੰਦੇ ਹਨ ਕਿ ਅਸੀਂ ਇਹ ਸਕੀਮ ਲਾਗੂ ਨਹੀਂ ਕਰਨੀ ? (ਵਿਘਨ) ਇਸ ਸਬੰਧ ਵਿਚ ਇਨ੍ਹਾਂ ਨੇ ਪਿਛੇ ਜਿਹੇ ਪਬਲਿਕ ਮੀਟਿੰਗ ਵਿਚ ਵੀ ਕਿਹਾ ਸੀ ਕਿ ਇਹ ਜਿਹੜੇ ਅਫ਼ਸਰ ਹਨ ਇਹ ਮੇਰੀ ਗੱਲ ਨਹੀਂ ਮੰਨਦੇ ਕਿ ਅਸੀਂ ਪਾਸ ਬੁਕਾਂ ਬਣਾਈਏ । (ਵਿਘਨ)

ਮੰਤਰੀ : ਜਿਹੜਾ ਤਜਰਬਾ ਹੈ ਉਹ ਇਹ ਹੈ ਕਿ ਪਹਿਲਾਂ ਇਹ ਸਕੀਮ ਕਾਮਯਾਬ ਨਹੀਂ ਹੋ ਸਕੀ । ਉਸ ਦੇ ਬਾਅਦ ਰੈਵੇਨਿਊ ਆਫ਼ੀਸਰਜ਼ ਦੀ ਇਕ ਕਮੇਟੀ ਬਣਾਈ ਗਈ ਸੀ । ਉਸ ਕਮੇਟੀ ਨੇ ਵੀ ਕਿਹਾ ਸੀ ਕਿ ਇਹ ਪ੍ਰੈਕਟੀਕੇਬਲ ਨਹੀਂ ਹੈ ਮਗਰ ਉਸ ਨਾਲ ਵੀ ਮੇਰੀ ਤਸੱਲੀ ਨਹੀਂ ਹੋਈ। ਹੁਣ ਮੈਂ ਰੈਵੇਨਿਊ ਦੇ ਜਿਹੜੇ ਮਾਹਿਰ ਹਨ, ਐਮ.ਐਲ.ਏਜ਼. ਜਿਹੜੇ ਕਿ ਕਿਸਾਨ ਹਨ, ਉਨ੍ਹਾਂ ਵਿਚ ਸਰਦਾਰ ਦਿਲਬਾਗ ਸਿੰਘ ਜੀ ਵੀ ਹਨ, ਦੀ ਇਕ ਕਮੇਟੀ ਬਣਾਈ ਹੈ ਤਾਂ ਕਿ ਇਸ ਨੂੰ ਅਮਲੀ ਸੂਰਤ ਵਿਚ ਲਿਆਂਦਾ ਜਾਵੇ । (ਵਿਘਨ)

ਸਰਦਾਰ ਪਰਕਾਸ਼ ਸਿੰਘ ਬਾਦਲ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਸ ਤਰ੍ਹਾਂ ਇਹ ਮੰਨਦੇ ਹਨ ਕਿ ਇਹ ਸਕੀਮ ਚੰਗੀ ਹੈ ਤਾਂ ਫਿਰ ਇਸ ਦੇ ਫ਼ੇਲ੍ਹ ਹੋਣ ਦੇ ਕੀ ਕਾਰਨ ਹਨ ?

ਮੰਤਰੀ : ਸਪੀਕਰ ਸਾਹਿਬ, ਜਿਸ ਤਰ੍ਹਾਂ ਮੈਂ ਦੱਸਿਆ ਹੈ ਕਿ ਜਿਹੜੀਆਂ ਕਾਪੀਆਂ ਬਣਨੀਆਂ ਸਨ ਉਨ੍ਹਾਂ ਦਾ ਕਾਨੂੰਨੀ ਪਹਿਲੂ ਨਹੀਂ ਸੀ ਦੇਖਿਆ ਗਿਆ । ਨਾਂ ਤਾਂ ਕਿਸਾਨ ਉਸ ਨੂੰ ਲੈਣ ਦੇ ਹੱਕ ਵਿਚ ਸਨ ਅਤੇ ਨਾ ਹੀ ਲੋਅਰ ਸਟਾਫ਼ ਜਿਹੜਾ ਹੈ ਉਹ ਇਸ ਦੇ ਹੱਕ ਵਿਚ ਸਨ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਉਨ੍ਹਾਂ ਦੇ ਅਧਿਕਾਰ ਖੁਸ ਜਾਂਦੇ ਹਨ । ਕਾਪੀਆਂ ਬਣਨ ਦੇ ਨਾਲ ਪਟਵਾਰੀ ਅਤੇ ਹੋਰ ਜਿਹੜਾ ਦੂਜਾ ਸਟਾਫ਼ ਹੈ ਉਨ੍ਹਾਂ ਦਾ ਕੰਮ ਕਾਫ਼ੀ ਘੱਟ ਜਾਣਾ ਸੀ । ਇਸ ਕਰ ਕੇ ਉਨ੍ਹਾਂ ਵਿਚ ਵੀ ਇਸ ਚੀਜ਼ ਦੀ ਮੁਖਾਲਫ਼ਤ ਸੀ । ਮਗਰ ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਨ੍ਹਾਂ ਦੋਨਾਂ ਚੀਜ਼ਾਂ ਦੀ ਮੁਖਾਲਫ਼ਤ ਨਾ ਹੋਵੇ ਅਤੇ ਇਸ ਦੀ ਕਾਨੂੰਨੀ ਪੁਜ਼ੀਸ਼ਨ ਬਣਾ ਦਿੱਤੀ ਜਾਵੇ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਇਸ ਦੀ ਫ਼ੇਲ੍ਹਿਓਰ ਦੇ ਦੋ ਕਾਰਨ ਦੱਸੇ ਹਨ। ਇਕ ਇਸ ਦੀ ਕਾਨੂੰਨੀ ਪੁਜ਼ੀਸ਼ਨ ਦੱਸੀ ਹੈ । ਮਗਰ ਕਾਨੂੰਨੀ ਪੁਜ਼ੀਸ਼ਨ ਇਸ ਦੀ ਫੇਲ੍ਹੂਅਰ ਦਾ ਕਾਜ਼ ਨਹੀਂ ਹੈ । ਦੂਸਰੇ ਦਿਨ ਹੀ ਆਰਡੀਨੈਂਸ ਜਾਰੀ ਕੀਤਾ ਜਾ ਸਕਦਾ ਹੈ ਅਤੇ ਉਸ ਨੂੰ ਲੀਗਲ ਪੁਜ਼ੀਸ਼ਨ ਦਿੱਤੀ ਜਾ ਸਕਦੀ ਹੈ । ਦੂਸਰਾ ਕਾਰਨ ਉਨ੍ਹਾਂ ਨੇ ਅਫ਼ਸਰਾਂ ਅਤੇ ਪਟਵਾਰੀਆਂ ਦੀ ਮੁਖਾਲਫ਼ਤ ਬਾਰੇ ਕਿਹਾ ਹੈ। ਮੈਂ ਇਸ ਦਾ ਮੇਨ ਕਾਜ਼ ਪੁੱਛਣਾ ਚਾਹੁੰਦਾ ਹਾਂ ਜਿਸ ਤਰ੍ਹਾਂ ਕਿ ਬਾਦਲ ਸਾਹਿਬ ਨੇ ਪੁੱਛਿਆ ਹੈ ਕਿ ਇਸ ਦੇ ਫ਼ੇਲ੍ਹ ਹੋਣ ਦੇ ਕੀ ਕਾਰਨ ਹਨ । ਕੀ ਇਸ ਦਾ ਕਾਰਨ ਅਫ਼ਸਰਾਂ ਦੀ ਨੈਗਲੀਜੈਂਸ ਅਤੇ ਪਟਵਾਰੀਆਂ ਦੀ ਨੈਗਲੀਜੈਂਸ ਨਹੀਂ ਹੈ ਅਤੇ ਉਨ੍ਹਾਂ ਦੇ ਖਿਲਾਫ਼ ਤੁਸੀਂ ਕੀ ਐਕਸ਼ਨ ਲਿਆ ਅਤੇ ਲਵੋਗੇ ?

ਮੰਤਰੀ: ਇਹ ਨੈਗਲੀਜੈਂਸ ਜਿਸ ਦੀ ਹੈ ਉਸ ਦੇ ਬਾਰੇ ਵੀ ਵਿਚਾਰ ਕਰ ਰਹੇ ਹਾਂ ਅਤੇ ਇਹ ਵੀ ਵਿਚਾਰ ਕਰ ਰਹੇ ਹਾਂ ਕਿ ਇਸ ਨੂੰ ਪ੍ਰੈਕਟੀਕਲ ਸ਼ਕਲ ਕਿਸ ਤਰ੍ਹਾਂ ਦਿੱਤੀ ਜਾ ਸਕਦੀ ਹੈ । ਇਸ ਬਾਰੇ ਅਸੀਂ ਸੋਚ ਰਹੇ ਹਾਂ । ਪਰ ਮਹਿਕਮੇ ਦੀ ਰਾਏ ਇਹ ਹੈ ਕਿ ਇਹ ਇਮਪ੍ਰੈਕਟੀਕੇਬਲ ਹੈ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਬ, ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜੀ ਪਿਛੇ ਅਣਗਹਿਲੀ ਹੋਈ ਹੈ ਉਹ ਤਾਂ ਹੋ ਗਈ ਪਰ ਹੁਣ ਇਸ ਨੂੰ ਅਮਲੀ ਸ਼ਕਲ ਦੇਣ ਵਾਸਤੇ ਹੋਰ ਕਿੰਨਾ ਸਮਾਂ ਲਗੇਗਾ ?

ਮੰਤਰੀ : ਸਪੀਕਰ ਸਾਹਿਬ, ਸਮੇਂ ਦੇ ਬਾਰੇ ਤਾਂ ਮੈਂ ਕਹਿ ਨਹੀਂ ਸਕਦਾ । (ਵਿਘਨ) ਮਗਰ ਇਹ ਚੀਜ਼ ਜ਼ਰੂਰ ਅਸੀਂ ਵਿਚਾਰ ਰਹੇ ਹਾਂ ਕਿ ਇਸ ਨੂੰ ਅਮਲੀ ਸ਼ਕਲ ਛੇਤੀ ਦਿੱਤੀ ਜਾਵੇ ਕਿਉਂਕਿ ਇਸ ਦਾ ਕੰਮ ਬਹੁਤ ਜ਼ਿਆਦਾ ਹੈ ਅਤੇ ਹਜ਼ਾਰਾਂ ਨਹੀਂ ਬਲਕਿ ਲੱਖਾਂ ਦੀ ਗਿਣਤੀ ਵਿਚ ਪਾਸ-ਬੁੱਕਾਂ ਦੇਣੀਆਂ ਹਨ । ਇਹ ਕੋਈ ਕੰਮ ਛੇਤੀ ਨਹੀਂ ਹੋਣ ਵਾਲਾ । ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦੇਖਦੇ ਹੋਏ ਕਿ ਇਸ ਨੂੰ ਪ੍ਰੈਕਟੀਕੇਬਲ ਸ਼ਕਲ ਦਿੱਤੀ ਜਾਵੇ ਇਕ ਐਕਸਪਰਟਸ ਦੀ ਕਮੇਟੀ ਬਣਾਈ ਹੈ। ਜਦ ਉਸ ਕਮੇਟੀ ਦੀ ਰਿਪੋਰਟ ਆ ਜਾਵੇਗੀ ਤਾਂ ਉਹ ਰਿਪੋਰਟ ਹਾਊਸ ਵਿਚ ਪੇਸ਼ ਕਰਾਂਗੇ ।

ਸਰਦਾਰ ਦਿਲਬਾਗ ਸਿੰਘ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ, ਤੁਸੀਂ ਵੀ ਇਹ ਸਕਮਝਦੇ ਹੋ ਕੀ ਇਹ ਸਕੀਮ ਠੀਕ ਹੈ, ਕਿਸਾਨ ਵੀ ਸਮਝਦੇ ਹਨ ਕਿ ਇਹ ਠੀਕ ਹੈ ਅਤੇ ਆਪੋਜ਼ੀਸ਼ਨ ਵੀ ਕਹਿੰਦੀ ਹੈ ਕਿ ਇਹ ਠੀਕ ਹੈ ਪਰ ਜੇ ਇਸ ਦੇ ਵਿਚ ਸਾਡੇ ਅਫ਼ਸਰ ਰੁਕਾਵਟ ਪਾਉਂਦੇ ਰਹੇ ਤਾਂ ਉਨਾਂ ਦੇ ਖਿਲਾਫ਼ ਤੁਸੀਂ ਕੀ ਐਕਸ਼ਨ ਲਵੋਗੇ ?

ਮੰਤਰੀ : ਇਸੇ ਕਰ ਕੇ ਹੀ ਇਸ ਨੂੰ ਦੁਬਾਰਾ ਚਾਲੂ ਕੀਤਾ ਗਿਆ ਸੀ। ਮੈਂ ਪਹਿਲਾਂ ਵੀ ਕਿਹਾ ਸੀ ਕਿ ਇਹ ਸਕੀਮ ਠੱਪ ਹੋ ਗਈ ਸੀ। ਇਹ ਕਿਸਾਨਾਂ ਦੇ ਹਿੱਤ ਵਿਚ ਹੈ । ਐਮ. ਐਲ. ਏਜ਼. ਵੀ ਇਸ ਨੂੰ ਚੰਗਾ ਸਮਝਦੇ ਹਨ। ਸਰਕਾਰ ਇਸ ਕਰ ਕੇ ਹੀ ਯਤਨ ਕਰਨ ਲੱਗੀ ਹੈ ਕਿ ਇਸ ਨੂੰ ਫਿਰ ਚਾਲੂ ਕੀਤਾ ਜਾਵੇ ।

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਦੁਆਰਾ ਸਰਕਾਰ ਤੋਂ ਜਾਣਨਾ ਚਾਹੁੰਦਾ ਹਾਂ ਕਿ ਇਸ ਵਿਚ ਕੋਈ ਕਾਨੂੰਨੀ ਅੜਚਣ ਨਹੀਂ ਹੈ । ਸਾਰੀ ਆਪੋਜ਼ੀਸ਼ਨ ਇਸ ਨਾਲ ਸਹਿਮਤ ਹੈ ਅਤੇ ਦੂਸਰੇ ਸਾਰੇ ਸੱਜਣ ਇਸ ਨਾਲ ਸਹਿਮਤ ਹਨ । ਵਜ਼ੀਰ ਸਾਹਿਬ ਨੇ ਹੁਕਮ ਵੀ ਦਿੱਤਾ ਸੀ (ਵਿਘਨ) ਕੀ ਇਹ ਹਕੀਕਤ ਹੈ ਕਿ ਰੈਵੇਨਿਊ ਸਟਾਫ਼ ਨੇ ਸਰਕਾਰ ਦਾ ਹੁਕਮ ਮੰਨਣ ਤੋਂ ਨਾਂਹ ਕਰ ਦਿੱਤੀ ਹੈ ? (ਵਿਘਨ)

(ਕੋਈ ਜੁਆਬ ਨਹੀਂ ਦਿੱਤਾ ਗਿਆ ।)

ਕਾਮਰੇਡ ਅੱਛਰਾ ਸਿੰਘ : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਊਸ ਦੀ ਐਨੀ ਐਂਗਜ਼ਾਇਟੀ ਹੋਣ ਦੇ ਬਾਵਜੂਦ ਵੀ ਵਜ਼ੀਰ ਸਾਹਿਬ ਪਾਸ-ਬੁੱਕਾਂ ਬਾਰੇ ਕੋਈ ਧਿਆਨ ਨਹੀਂ ਦੇ ਰਹੇ । (ਵਿਘਨ) ਇਸ ਲਈ ਕੀ ਵਜ਼ੀਰ ਸਾਹਿਬ ਕੋਈ ਡੇਟ ਫ਼ਿਕਸ ਕਰਨ ਲਈ ਤਿਆਰ ਹਨ ਕਿ ਇਹ ਕਦੋਂ ਤਕ ਪਾਸ-ਬੁੱਕਾਂ ਬਣ ਜਾਣਗੀਆਂ ?

ਮੰਤਰੀ : ਮੈਂ ਇਸ ਗੱਲ ਨੂੰ ਐਪਰੀਸ਼ੀਏਟ ਕਰਦਾ ਹਾਂ ਕਿ ਹਾਊਸ ਵਿਚ ਇਸ ਸਬੰਧੀ ਐਂਗਜ਼ਾ-ਇਟੀ ਹੈ। ਮਗਰ ਇਸ ਵਿਚ ਕਾਨੂੰਨੀ ਅੜਚਣ ਜਿਹੜੀ ਹੈ ਉਹ ਮੈਂ ਦੱਸਣਾ ਚਾਹੁੰਦਾ ਹਾਂ ਕਿ (ਵਿਘਨ)

ਸਰਦਾਰ ਦਰਬਾਰਾ ਸਿੰਘ: ਇਸ ਵਿਚ ਕਿਹੜੀ ਕਾਨੂੰਨੀ ਅੜਚਣ ਹੈ ?

ਮੰਤਰੀ : ਕਾਨੂੰਨੀ ਅੜਚਣ ਕੋਈ ਨਹੀਂ ਹੈ। (ਵਿਘਨ) ਮੈਂ ਨਹੀਂ ਕਿਹਾ ਕਿ ਇਸ ਵਿਚ ਕਾਨੂੰਨੀ ਅੜਚਣ ਹੈ । ਮੈਂ ਕਿਹਾ ਹੈ ਕਿ ਇਸ ਦਾ ਕਾਨੂੰਨੀ ਪਹਿਲੂ ਨਹੀਂ ਦੇਖਿਆ ਗਿਆ । ਲੈਂਡ ਰੈਵੇਨਿਊ ਐਕਟ ਵਿਚ ਐਸੀ ਕੋਈ ਪਰੋਵੀਜ਼ਨ ਨਹੀਂ ਹੈ ਅਤੇ ਨਾਂ ਹੀ ਇਨ੍ਹਾਂ (ਅਕਾਲੀ ਪਾਰਟੀ ਦੇ ਮੈਂਬਰਾਂ) ਨੇ ਇਸ ਬਾਰੇ ਕੋਈ ਯਤਨ ਕੀਤਾ ਇਸ ਨੂੰ ਪ੍ਰੈਕਟੀਕੇਬਲ ਬਣਾਉਣ ਲਈ ਕਿ ਇਹ ਕਿਸ ਤਰੀਕੇ ਨਾਲ ਕਾਮਯਾਬ ਹੋ ਸਕਦੀ ਹੈ। ਇਹ ਅੜਚਣ ਇਸ ਗੱਲ ਦੀ ਹੈ ਕਿ ਪਹਿਲਾਂ ਪਹਿਲੀ ਅਮੈਂਡਮੈਂਟ ਨਹੀਂ ਕੀਤੀ ਗਈ । ਜੇ ਅਮੈਂਡਮੈਂਟ ਦੀ ਲੋੜ ਹੋਈ ਤਾਂ ਕਰਾਂਗੇ। ਇਸ ਦੀ ਲੀਗਲ ਵੈਲਡਿਟੀ ਕਰਾਂਗੇ ਤਾਂ ਹੀ ਇਸ ਨੂੰ ਕਾਨੂੰਨੀ ਸ਼ਕਲ ਦਿੱਤੀ ਜਾ ਸਕਦੀ ਹੈ ।

ਸਰਦਾਰ ਦਰਬਾਰਾ ਸਿੰਘ: ਇਨ੍ਹਾਂ ਕੋਲ ਪਾਵਰਜ਼ ਹਨ ਅਤੇ ਇਹ ਕਰ ਸਕਦੇ ਹਨ। (ਵਿਘਨ) ਇਨ੍ਹਾਂ ਕੋਲ ਪਾਵਰਜ਼ ਹਨ, ਕੋਈ ਆਰਡੀਨੈਂਸ ਨਹੀਂ ਚਾਹੀਦਾ ਅਤੇ ਨਾ ਹੀ ਕੋਈ ਐਕਟ ਚਾਹੀਦਾ ਹੈ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਵਜ਼ੀਰ ਬਣੇ ਹੋਏ 2 ਸਾਲ ਹੋ ਗਏ ਹਨ ਅਤੇ ਦੋ ਸਾਲਾਂ ਵਿਚ ਇਨ੍ਹਾਂ ਨੇ ਕੋਈ ਧਿਆਨ ਨਹੀਂ ਕੀਤਾ। (ਵਿਘਨ) ਅਕਾਲੀ ਸਰਕਾਰ ਨੇ ਤਾਂ ਇਹ ਸ਼ੁਰੂ ਕੀਤਾ ਸੀ ਪਰ ਉਹ ਸਰਕਾਰ ਇਨ੍ਹਾਂ ਨੇ ਰਹਿਣ ਨਹੀਂ ਦਿੱਤੀ। (ਹਾਸਾ)

ਇਹ ਦੋ ਸਾਲਾਂ ਵਿਚ ਕੁਝ ਨਹੀਂ ਕਰ ਸਕੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਅਮਲੀ ਜਾਮਾਂ ਪਹਿਨਾਉਣਾ ਹੈ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਅਮਲੀਆਂ ਵਾਂਗ ਕਦ ਤੱਕ ਸੋਚਦੇ ਰਹੋਗੇ? (ਹਾਸਾ)

ਮੰਤਰੀ: ਇਹ ਇਨ੍ਹਾਂ ਅਮਲੀਆਂ ਦਾ ਕੰਮ ਖ਼ਰਾਬ ਕੀਤਾ ਹੋਇਆ ਹੈ। (ਹਾਸਾ) ਇਸ ਨੂੰ ਅਸੀਂ ਸੋਧ ਰਹੇ ਹਾਂ। ਮੈਂ ਸੋਚਿਆ ਕਿ ਇਹ ਸਕੀਮ ਚਾਲੂ ਨਹੀਂ ਹੋ ਸਕੀ। ਇਕ ਆਫ਼ੀਸਰਜ਼ ਦੀ ਕਮੇਟੀ ਬਣੀ। ਉਸ ਨੇ ਆਪਣੀ ਰਿਪੋਰਟ ਦਿੱਤੀ ਪਰ ਇਹ ਸਕੀਮ ਕਾਮਯਾਬ ਨਹੀਂ ਹੋ ਸਕੀ। ਮੈਂ ਫਿਰ ਇਕ ਹੋਰ ਕਮੇਟੀ ਬਣਾਈ। ਮਗਰ ਮੇਰੀ ਫ਼ਿਰ ਵੀ ਨਾ ਤਸੱਲੀ ਹੋਈ ਹੈ। ਹੁਣ ਜਿਹੜੀ ਕਮੇਟੀ ਹੈ; ਉਸ ਵਿਚ ਕੰਸਾਲੀਡੇਸ਼ਨ ਦੇ ਅਫ਼ਸਰ ਹਨ ਅਤੇ ਉਨਾਂ ਤੋਂ ਇਲਾਵਾ ਐਮ. ਐਲ.ਏਜ਼. ਹਨ। ਮੇਰੀ **ਇਹ ਬੇਨਤੀ ਹੈ ਕਿ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਇਸ ਸਕੀਮ ਨੂੰ ਚਾਲੂ ਕੀਤਾ ਜਾਵੇ।** ਪੁਰਾਣੀ ਸਕੀਮ ਬਿਲਕੁਲ ਬੋਦੀ ਸਕੀਮ ਸੀ। ਉਸ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਕੋਈ ਕੋਸ਼ਿਸ਼ ਨਹੀਂ ਸੀ ਕੀਤੀ ਗਈ। ਹੁਣ ਸਰਕਾਰ ਉਸ ਨੂੰ ਅਮਲੀ ਜਾਮਾ ਪਹਿਨਾਉਣ ਵਾਸਤੇ ਕੋਸ਼ਿਸ਼ ਕਰ ਰਹੀ ਹੈ।

ਡਾਕਟਰ ਅਮੀਰ ਸਿੰਘ ਕਲਕਟ: ਮੇਰੇ ਫ਼ਾਜ਼ਲ ਮੰਤਰੀ ਸਾਹਿਬ ਇਹ ਦੱਸਣ ਦਾ ਯਤਨ ਕਰਨਗੇ ਕਿ ਇਸ ਵੇਲੇ ਪਟਵਾਰੀਆਂ ਦੀ ਤਾਕਤ ਸਾਡੇ ਚੀਫ਼ ਮਨਿਸਟਰ ਸਾਹਿਬ ਔਰ ਤੁਹਾਡੇ ਤੋਂ ਜ਼ਿਆਦਾ ਹੈ। ਪਹਿਲਾਂ ਉਨ੍ਹਾਂ ਦੀ ਫ਼ਰਦ ਕੱਟਣ ਵਾਸਤੇ ਫੀਸ 5 ਰੁਪਏ ਸੀ ਪਰ ਹੁਣ 100 ਰੁਪਏ ਹੈ। ਕੀ ਇਹ ਇਸ ਕੁਰੱਪਸ਼ਨ ਨੂੰ ਦੂਰ ਕਰਨ ਵਾਸਤੇ ਕੋਈ ਜਲਦੀ ਹੀ ਕਦਮ ਚੁੱਕਣਗੇ ਅਤੇ ਇਹ ਜਿਹੜੀਆਂ ਪਾਸ-ਬੁਕਾਂ ਦਾ ਸਿਸਟਮ ਕੁਰੱਪਸ਼ਨ ਨੂੰ ਦੂਰ ਕਰਨ ਵਾਸਤੇ ਸਾਰੇ ਮਹਿਸੂਸ ਕਰਦੇ ਹਨ ਉਸ ਨੂੰ ਜਲਦੀ ਹੀ ਇਮਪਲੀਮੈਂਟ ਕਰਵਾਉਣਗੇ?

ਮੰਤਰੀ: ਸਪੀਕਰ ਸਾਹਿਬ, ਮੇਰੇ ਫ਼ਾਜ਼ਲ ਮੈਂਬਰ ਸਾਹਿਬ ਨੇ ਆਪ ਹੀ ਕਹਿ ਦਿੱਤਾ ਹੈ........ (ਹਾਸਾ) ਡਾਕਟਰ ਸਾਹਿਬ ਤੁਹਾਡੇ ਹਲਕੇ ਦੇ ਨਾਲ ਲਗਦੇ ਹਲਕੇ ਦੇ ਹਨ ਇਸ ਕਰ ਕੇ ਮੈਨੂੰ ਇਨ੍ਹਾਂ ਨੂੰ ਫ਼ਾਜ਼ਲ ਕਹਿਣਾ ਪੈਂਦਾ ਹੈ .... (ਹਾਸਾ) (ਵਿਘਨ) ਸਪੀਕਰ ਸਾਹਿਬ, ਸਾਰਾ ਝਗੜਾ ਹੀ ਇਸੇ ਗੱਲ ਦਾ ਸੀ ਕਿ ਪਟਵਾਰੀ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਅਖ-ਤਿਆਰ ਖੁਸ ਗਏ ਹਨ ਅਤੇ ਇਸੇ ਕਰ ਕੇ ਉਨ੍ਹਾਂ ਵਲੋਂ ਕੋਈ ਖਾਸ ਕੋਆਪਰੇਸ਼ਨ ਨਹੀਂ ਮਿਲ ਰਹੀ। ਅਸੀਂ ਯਤਨ ਕਰ ਰਹੇ ਹਾਂ ਉਨ੍ਹਾਂ ਨੂੰ ਕਿਸੇ ਤਰੀਕੇ ਨਾਲ ਸਮਝਾਇਆ ਜਾਵੇ ਕਿਉਂਕਿ ਉਨ੍ਹਾਂ ਦੀ ਸਾਨੂੰ ਬੜੀ ਲੋੜ ਹੈ ਅਤੇ ਉਨ੍ਹਾਂ ਦੇ ਕੋਲ ਹੀ ਸਾਰੇ ਦਾ ਸਾਰਾ ਰਿਕਾਰਡ ਹੁੰਦਾ ਹੈ। ਉਹ ਸਾਡੀ ਬੈਕ ਬੋਨ ਹਨ, ਇਸ ਲਈ ਉਨ੍ਹਾਂ ਨੂੰ ਅਸੀਂ ਸਮਝਾ ਕੇ ਇਹ ਕੰਮ ਕਰਵਾਉਣ ਦਾ ਯਤਨ ਕਰ ਰਹੇ ਹਾਂ।

ਚੌਧਰੀ ਜਗਤ ਰਾਮ: ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਇਸੇ ਸਵਾਲ ਦੇ ਜਵਾਬ ਵਿਚ ਹੁਣੇ ਕਿਹਾ ਹੈ ਕਿ ਪਹਿਲਾਂ ਇਕ ਕਮੇਟੀ ਅਫ਼ਸਰਾਂ ਦੀ ਬਣਾਈ ਸੀ ਅਤੇ ਉਨ੍ਹਾਂ ਨੇ ਜੋ ਰਿਪੋਰਟ ਦਿੱਤੀ ਹੈ ਉਸ ਨਾਲ ਤਸੱਲੀ ਨਹੀਂ ਹੋਈ। ਹੁਣ ਇਕ ਹੋਰ ਕਮੇਟੀ ਰਿਪੋਰਟ ਦੇਣ ਵਾਸਤੇ ਬਣਾਈ ਹੈ।

ਜੇ ਅਫ਼ਸਰਾਂ ਦੇ ਕਹਿਣ ਤੇ ਤਸੱਲੀ ਨਹੀਂ ਹੁੰਦੀ ਅਤੇ ਹੁਣ ਸਾਰੇ ਐਮ. ਐਲ. ਏਜ਼. ਸਾਹਿਬਾਨ, ਸਾਰਾ, ਹਾਊਸ ਕਹਿ ਰਿਹਾ ਹੈ ਜੇ ਹੁਣ ਵੀ ਤਸੱਲੀ ਨਹੀਂ ਹੁੰਦੀ ਤਾਂ ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਤਸੱਲੀ ਕਿਸ ਤਰ੍ਹਾਂ ਹੋਣੀ ਹੈ ? (ਵਿਘਨ)

ਮੰਤਰੀ : ਸਪੀਕਰ ਸਾਹਿਬ, ਇਹ ਲਫ਼ਜ਼ ਮੈਂਬਰ ਸਾਹਿਬ ਨੂੰ ਵਿਦਡਰਾ ਕਰਨੇ ਚਾਹੀਦੇ ਹਨ। ਮੈਂ ਇਹ ਬਿਲਕੁਲ ਨਹੀਂ ਕਿਹਾ ਕਿ ਆਨਰੇਬਲ ਮੈਂਬਰਜ਼ ਦੇ ਕਹਿਣ ਤੇ ਮੇਰੀ ਤਸੱਲੀ ਨਹੀਂ ਹੋਈ। ਮੈਂ ਤਾਂ ਇਹ ਕਿਹਾ ਸੀ ਕਿ ਕਮੇਟੀ ਨੇ ਜੋ ਰਿਪੋਰਟ ਦਿੱਤੀ ਹੈ ਉਨ੍ਹਾਂ ਨੇ ਕਿਹਾ ਹੈ ਇਹ ਸਕੀਮ ਕਾਮਯਾਬ ਨਹੀਂ ਹੋ ਸਕਦੀ। ਹੁਣ ਇਕ ਹੋਰ ਕਮੇਟੀ ਬਣਾਈ ਹੈ ਅਤੇ ਇਸ ਸਕੀਮ ਨੂੰ ਕਾਮਯਾਬ ਬਣਾਉਣ ਵਾਸਤੇ ਸੋਚ ਰਹੇ ਹਾਂ। ਹਾਊਸ ਦੇ ਮੈਂਬਰ ਸਾਹਿਬਾਨ ਨੇ ਹੁਣ ਆਪਣੀ ਇਥੇ ਐਂਗਜ਼ਾਇਟੀ ਸ਼ੋ ਕੀਤੀ ਹੈ ਅਤੇ ਇਸ ਨਾਲ ਮੇਰੇ ਹੱਥ ਹੋਰ ਮਜ਼ਬੂਤ ਹੋ ਗਏ ਹਨ। ਮੈਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਜੋ ਵੀ ਕਾਨੂੰਨੀ ਰੁਕਾਵਟਾਂ ਹਨ ਉਨਾਂ ਨੂੰ ਅਸੀਂ ਦੂਰ ਕਰ ਕੇ ਇਸ ਸਕੀਮ ਨੂੰ ਕਾਮਯਾਬ ਬਣਾਵਾਂਗੇ ਤਾਂ ਕਿ ਕਿਸਾਨਾਂ ਨੂੰ ਪਾਸ-ਬੁੱਕਾਂ ਦਿੱਤੀਆਂ ਜਾਣ।

ਚੌਧਰੀ ਰਾਮ ਸਿੰਘ : ਕੀ ਮਨਿਸਟਰ ਸਾਹਿਬ ਦਸਣ ਦੀ ਖੇਚਲ ਕਰਨਗੇ, ਉਨ੍ਹਾਂ ਨੇ ਕਿਹਾ ਕਿ ਵਾਇੰਡ-ਅੱਪ ਕਰ ਦਿੱਤੀ ਸੀ, ਵਾਇੰਡ-ਅਪ ਕਰਨ ਦੇ ਆਰਡਰ ਵੀ ਕੀਤੇ ਹੋਣੇ ਹਨ, ਉਸ ਵੇਲੇ ਰੈਵੇਨਿਊ ਅਫ਼ਸਰ ਜਾਂ ਪਟਵਾਰੀ ਜਾਂ ਹੋਰ ਦੂਸਰੇ ਕਿਸਾਨਾਂ ਨੂੰ ਅਤੇ ਗਰੀਬਾਂ ਨੂੰ ਲੁਟਦੇ ਰਹੇ ਔਰ ਕਿਸੇ ਨੇ ਇਸ ਪਾਸੇ ਵਲ ਧਿਆਨ ਨਹੀਂ ਕੀਤਾ। ਕੀ ਹੁਣ ਜਿਹੜੀ ਕਮੇਟੀ ਬਣਾਈ ਹੈ ਜਿਸ ਤਰ੍ਹਾਂ ਇਹ ਅਫ਼ਸਰ ਕਹਿਣਗੇ ਉਸੇ ਤਰ੍ਹਾਂ ਹੀ ਤੁਸੀਂ ਕਰੋਗੇ ?

ਮੰਤਰੀ : ਸਪੀਕਰ ਸਾਹਿਬ, ਇਸ ਵਿਚ ਕਈ ਮਸਲੇ ਇਨਵਾਲਵਡ ਹਨ। ਇਕ ਤਾਂ ਇਸ ਵਿਚ ਇਹ ਹੈ ਕਿ ਸ਼ਾਇਦ ਐਕਟ ਦੀ ਅਮੈਂਡਮੈਂਟ ਦੀ ਲੋੜ ਪਵੇਗੀ। ਇਸ ਤੋਂ ਇਲਾਵਾ ਇਹ ਚੀਜ਼ ਵੀ ਵਿਚਾਰਨੀ ਹੈ ਕਿ ਆਇਆ ਸਾਰੇ ਜ਼ਿਮੀਂਦਾਰਾਂ ਲਈ ਕਮਪਲਸਰੀ ਕਰ ਦੇਈਏ ਜਾਂ ਪਹਿਲਾਂ ਉਨ੍ਹਾਂ ਵਾਸਤੇ ਕਰੀਏ ਜਿਹੜੇ ਵਾਲੈਂਟਰਿਲੀ ਆਪਣੇ ਆਪ ਨੂੰ ਪੇਸ਼ ਕਰਨ, ਉਨ੍ਹਾਂ ਦੀਆਂ ਪਾਸ-ਬੁੱਕਾਂ ਬਣਾਈਏ। ਹੋ ਸਕਦਾ ਹੈ ਇਸ ਦੇ ਵਾਸਤੇ ਕੋਈ ਫ਼ੀਸ ਵਗੈਰਾ ਵੀ ਰਖਣੀ ਪਵੇ। ਇਸ ਸਾਰੀ ਚੀਜ਼ ਤੇ ਅਸੀਂ ਵਿਚਾਰ ਕਰ ਰਹੇ ਹਾਂ। ਸਾਰੇ ਮਾਮਲੇ ਨੂੰ ਅਸੀਂ ਰੀਓਪਨ ਕਰ ਰਹੇ ਹਾਂ। (ਵਿਘਨ)

Sardar Darbara Singh (*seated*) : No amendment is required.

ਮੰਤਰੀ: ਸਪੀਕਰ ਸਾਹਿਬ, ਸਾਬਕਾ ਸਪੀਕਰ ਸਾਹਿਬ ਬੈਠੇ ਬੈਠੇ ਬੋਲ ਰਹੇ ਹਨ।

ਸ੍ਰੀ ਸਪੀਕਰ : ਸਾਬਕਾ ਸਪੀਕਰ ਸਾਹਿਬ ਰੂਲ ਜਾਣਦੇ ਹਨ ਕਿ ਬੈਠੇ ਬੈਠੇ ਨਹੀਂ ਬੋਲਣਾ ਚਾਹੀਦਾ। (The former Speaker is conversant with the rule that one should not speak while seated.)

ਮੰਤਰੀ: ਸਪੀਕਰ ਸਾਹਿਬ, ਜੇ ਰੂਲਜ਼ ਜਾਣਦੇ ਹੁੰਦੇ ਤਾਂ ਉਥੇ ਕਾਹਨੂੰ ਜਾ ਬੈਠਦੇ। (ਵਿਘਨ) (ਹਾਸਾ)

ਸਪੀਕਰ ਸਾਹਿਬ, ਜੇ ਲੋੜ ਪਈ ਤਾਂ ਐਕਟ ਵਿਚ ਅਮੈਂਡਮੈਂਟ ਕਰਵਾਵਾਂਗੇ, ਜੇ ਨਾ ਲੋੜ ਪਈ ਤਾਂ ਕੁਝ ਹੋਰ ਸੋਚਾਂਗੇ। (ਵਿਘਨ)

Mr. Speaker: Next question.

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

**Not recorded as ordered by the Chair.

Mr. Speaker : The hon. Member is speaking without the permission of the Chair. This should not be recorded.

Starred Question No. 2406

ਸ੍ਰੀ ਸਪੀਕਰ : ਸਟਾਰਡ ਸਵਾਲ ਨੰਬਰ 2406 ਦੀ ਐਕਸਟੈਨਸ਼ਨ ਮੰਗੀ ਗਈ ਹੈ। ਮੈਂ ਗੌਰਮਿੰਟ ਨੂੰ ਕਹਾਂਗਾ ਕਿ ਇਸ ਦਾ ਜਵਾਬ ਬਜਟ ਸੈਸ਼ਨ ਵਿਚ ਹੀ ਕੁਝ ਦਿਨਾਂ ਦੇ ਅੰਦਰ ਆ ਜਾਣਾ ਚਾਹੀਦਾ ਹੈ।

(Extension has been asked for in respect of Starred Question No. 2406. I would request the Government to send the reply to this question within a few days during this Budget Session.)

Acharya Prithvi Singh Azad : I would request you not to give extension to this question. It is a very simple question and the fact is known to the Government.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਆਲਰੇਡੀ ਮਹਿਕਮੇ ਨੂੰ ਲਿਖ ਦਿੱਤਾ ਹੈ ਕਿ ਇਹ ਇਨਫ਼ਰਮੇਸ਼ਨ ਜਲਦੀ ਤੋਂ ਜਲਦੀ ਦਿੱਤੀ ਜਾਵੇ।

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇਹ ਇਕ ਪਿੰਡ ਦੀ ਹੀ ਇਨਫ਼ਰਮੇਸ਼ਨ ਹੈ, ਕੋਈ ਸਾਰੇ ਪੰਜਾਬ ਦੀ ਇਨਫ਼ਰਮੇਸ਼ਨ ਤਾਂ ਨਹੀਂ, ਜਿਸ ਦਾ ਜਵਾਬ ਇਹ ਦੇ ਨਹੀਂ ਸਕਦੇ। (ਵਿਘਨ)

Non-completion of Link Roads covered under Fifth Phase of Crash Programme

***2063. Master Chand Singh** : Will the Minister of State for Public Works be pleased to state —

(a) whether it is a fact that certain link roads covered under the Fifth phase of the Crash Programme in the State, are yet to be completed ; if so, the district-wise details thereof ;

(b) the reasons for which the link roads mentioned in part (a) above, have not been completed and the action taken or proposed to be taken by the Government in this behalf ?

Shri Joginder Pal Pandey : (a) The target for 1973-74 is to metal 3,000 miles of roads. Prior to the close of the financial year it is impossible to supply lists of such roads as would remain incomplete.

(b) In view of (a) above question does not arise.

[ੳ] 1973-74 ਵਿੱਚ 3000 ਮੀਲ ਲੰਮੀਆਂ ਸੜਕਾਂ ਬਣਾਉਣ ਦਾ ਟੀਚਾ ਹੈ। ਚਾਲੂ ਮਾਲੀ ਸਾਲ ਦੇ ਖ਼ਤਮ ਹੋਣ ਤੋਂ ਪਹਿਲਾਂ ਅਧੂਰੀਆਂ ਸੜਕਾਂ ਦੀਆਂ ਲਿਸਟਾਂ ਦੇਣੀਆਂ ਅਸੰਭਵ ਹਨ।

(ਅ) ਉਪਰੋਕਤ (ੳ) ਨੂੰ ਮੁੱਖ ਰਖਦੇ ਹੋਏ ਇਸ ਦਾ ਸਵਾਲ ਪੈਦਾ ਨਹੀਂ ਹੁੰਦਾ।]

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਸਵਾਲ ਵਿਚ ਪੁਛਿਆ ਗਿਆ ਹੈ ਕਿ ਕ੍ਰੈਸ਼ ਪ੍ਰੋਗਰਾਮ ਦੇ ਪੰਜਵੇਂ ਫ਼ੇਜ਼ ਵਿਚ ਕੀ ਕੁਝ ਸੜਕਾਂ ਨਾ-ਮੁਕੰਮਲ ਹਨ ? ਪਰ ਇਨ੍ਹਾਂ ਨੇ ਟੀਚਾ ਦਸ ਦਿੱਤਾ ਹੈ। ਸਪੀਕਰ ਸਾਹਿਬ, ਪੰਜਵੇਂ ਫ਼ੇਜ਼ ਦੀਆਂ ਬਹੁਤ ਸਾਰੀਆਂ ਸੜਕਾਂ ਸੰਗਰੂਰ ਜ਼ਿਲ੍ਹੇ ਵਿਚ ਮੁਕੰਮਲ ਨਹੀਂ ਹੋਈਆਂ ਅਤੇ ਅਧੂਰੀਆਂ ਪਈਆਂ ਹਨ। ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕਦ ਤਕ ਮੁਕੰਮਲ ਹੋ ਜਾਣਗੀਆਂ ?

ਰਾਜ ਮੰਤਰੀ, ਲੋਕ ਨਿਰਮਾਣ : ਸਪੀਕਰ ਸਾਹਿਬ, ਜੋ ਸਵਾਲ ਪੁਛਿਆ ਹੈ ਉਸ ਦਾ ਜਵਾਬ ਮੈਂ ਬਿਲਕੁਲ ਠੀਕ ਦਿੱਤਾ ਹੈ । ਇਹ ਸਾਲ ਮਾਰਚ, 1974 ਵਿਚ ਖ਼ਤਮ ਹੋਣਾ ਹੈ ਅਤੇ ਜੋ ਵੀ ਪ੍ਰੋਗਰਾਮ ਹੈ ਉਹ ਮਾਰਚ, 1974 ਤਕ ਚਲਣਾ ਹੈ । ਇਸ ਲਈ ਜਦੋਂ ਤਕ ਇਹ ਸਾਲ ਖ਼ਤਮ ਨਹੀਂ ਹੋ ਜਾਂਦਾ ਇਹ ਗੱਲ ਦੱਸਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਇਸ ਸਾਲ ਦਾ ਕਰਨ ਵਾਲਾ ਕੰਮ ਖ਼ਤਮ ਹੋਇਆ ਹੈ ਜਾਂ ਨਹੀਂ ? (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ : ਸਪੀਕਰ ਸਾਹਿਬ, ਜਿਹੜਾ ਸਵਾਲ ਪੁਛਿਆ ਹੈ ਉਹ ਕ੍ਰੈਸ਼ ਪ੍ਰੋਗਰਾਮ ਦੀ ਪੰਜਵੀਂ ਫ਼ੇਜ਼ ਦਾ ਪੁਛਿਆ ਹੈ । ਮੈਂ ਵਜ਼ੀਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਵਿਚ ਹਾਲੀਂ ਦੂਸਰੇ ਫ਼ੇਜ਼ ਦੀਆਂ ਸੜਕਾਂ ਵੀ ਮੁਕੰਮਲ ਨਹੀਂ ਹੋਈਆਂ । ਮੈਂ ਪੁਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਤਕ ਮੁਕੰਮਲ ਹੋ ਜਾਣਗੀਆਂ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਦੂਜੇ ਫ਼ੇਜ਼ ਵੇਲੇ ਇਹ ਆਪ ਪੀ. ਡਬਲਿਯੂ. ਡੀ. ਦੇ ਮਨਿਸਟਰ ਰਹੇ ਹਨ। ਮੇਰੇ ਨਾਲੋਂ ਜ਼ਿਆਦਾ ਇਨ੍ਹਾਂ ਨੂੰ ਪਤਾ ਹੋਵੇਗਾ ਕਿ ਕਿਉਂ ਨਹੀਂ ਮੁਕੰਮਲ ਹੋ ਸਕੀਆਂ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਇਤਨੇ ਹਜ਼ਾਰ ਮੀਲ ਸੜਕਾਂ ਮੁਕੰਮਲ ਕਰਨ ਦਾ ਟੀਚਾ ਹੈ । ਕੀ ਵਜ਼ੀਰ ਸਾਹਿਬ ਦਸੱਣਗੇ ਕਿ ਉਸ ਰੇਸ਼ੋ ਪਰੋਪੋਰਸ਼ਨ ਦੇ ਹਿਸਾਬ ਨਾਲ ਮੇਨਟੀਨੈਂਸ ਵਾਸਤੇ ਕਿੰਨੀ ਪ੍ਰੋਵੀਜ਼ਨ ਰਖੀ ਹੈ ? ਜੇ ਮੇਨਟੇਨੈਂਸ ਵਾਸਤੇ ਪ੍ਰੋਵੀਜ਼ਨ ਨਹੀਂ ਰਖਦੇ ਤਾਂ ਸੜਕਾਂ ਬਣਾਉਣ ਦਾ ਕੀ ਫ਼ਾਇਦਾ ਹੈ ? (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਜਿਸ ਵੇਲੇ ਵੀ ਕੋਈ ਕੰਮ ਕੀਤਾ ਜਾਂਦਾ ਹੈ ਤਾਂ ਉਸ ਦੀ ਦੇਖ ਭਾਲ ਦਾ ਵੀ ਖ਼ਿਆਲ ਰਖਿਆ ਜਾਂਦਾ ਹੈ । ਭਾਵੇਂ ਇਹ ਸਪਲੀਮੈਂਟਰੀ ਇਸ ਸਵਾਲ ਵਿਚੋਂ ਅਰਾਈਜ਼ ਨਹੀਂ ਹੁੰਦੀ ਪਰ ਫ਼ਿਰ ਵੀ ਮੈਂ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਕੋਈ ਕੰਮ ਵੀ ਕਰੇਗੀ ਤਾਂ ਉਸ ਦੀ ਮੇਨਟੇਨੈਂਸ ਦਾ ਵੀ ਖ਼ਿਆਲ ਰਖੇਗੀ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਨੂੰ ਦਸਣਾ ਚਾਹੁੰਦਾ ਹਾਂ ਕਿ ਬਰਗਾੜੀ ਪਿੰਡ ਤੋਂ ਜੈਤੋਂ ਪਿੰਡ ਤਕ ਜਿਹੜੀ ਸੜਕ ਹੈ . . . . (ਵਿਘਨ) ਸ਼ਹੀਦਾਂ ਦੇ ਨਾਮ ਦੀ ਸੜਕ . . . . . (ਵਿਘਨ)

ਰਾਜ ਮੰਤਰੀ : ਸਪੀਕਰ ਸਾਹਿਬ, ਇਕੱਲੇ ਪਿੰਡ ਦੀ ਸੜਕ ਦੇ ਬਾਰੇ ਆਨਰੇਬਲ ਮੈਂਬਰਜ਼ ਪੁਛਦੇ ਹਨ ਇਹ ਮੈਂ ਕਿਸ ਤਰ੍ਹਾਂ ਦਸ ਸਕਦਾ ਹਾਂ । ਇਹ ਨੋਟਿਸ ਦੇ ਦੇਣ ਅਸੀਂ ਜਵਾਬ ਦੇ ਦਿਆਂਗੇ । (ਵਿਘਨ) ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ਕਿ ਕੋਈ ਵੀ ਸੜਕ ਅਗਰ ਕਿਸੇ ਮੈਂਬਰ ਸਾਹਿਬ ਦੇ ਖ਼ਿਆਲ ਵਿਚ ਰਹਿ ਗਈ ਹੋਵੇ ਉਹ ਮੇਰੇ ਨੋਟਿਸ ਵਿਚ ਲੈ ਆਉਣ, ਮੈਂ ਇਨਕੁਆਇਰੀ ਕਰ ਲਵਾਂਗਾ, ਬਾਕੀ ਇਹ ਕਹਿਣਾ ਕਿ ਜਾਣ ਬੁਝ ਕੇ ਕੰਮ ਨਹੀਂ ਕੀਤਾ ਜਾ ਰਿਹਾ ਇਹ ਗ਼ਲਤ ਹੈ।

ਸਰਦਾਰ ਸਤਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ ਮੈਂ ਇਹ ਪੁੱਛਣਾ ਚਾਹੁੰਦਾ ਹੈ ਕਿ ਅਕਾਲੀ ਰਜੀਮ ਵਿਚ ਜਿਹੜੀਆਂ ਸੜਕਾਂ ਦੂਜੇ ਜਾਂ ਚੌਥੇ ਫੇਜ਼ ਵਿਚ ਬਣਾਈਆਂ ਗਈ ਸਨ ਉਨ੍ਹਾਂ ਤੇ ਮੇਟੀਰੀਅਲ ਬੜਾ ਹੀ ਨਾਕਸ ਲਗਾ ਹੈ ਕੀ ਉਸ ਦੀ ਇਨਕੁਆਇਰੀ ਵਜ਼ੀਰ ਸਾਹਿਬ ਕਰਾਉਣਗੇ ?

ਰਾਜ ਮੰਤਰੀ : ਜਿਹੜੀ ਵੀ ਚੀਜ਼ ਨੋਟਿਸ ਵਿਚ ਲਿਆਂਦੀ ਜਾਵੇਗੀ ਉਸ ਦੀ ਇਨਕੁਆਇਰੀ ਜ਼ਰੂਰ ਕੀਤੀ ਜਾਵੇਗੀ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹੈ ਕਿ ਜਿਹੜੀਆਂ ਸੜਕਾਂ ਪਹਿਲੇ ਦੂਜੇ, ਤੀਜੇ ਅਤੇ ਚੌਥੇ ਫ਼ੇਜ਼ ਦੀਆਂ ਨਾਮੁਕੰਮਲ ਹਨ ਅਤੇ ਜਿਥੇ ਕੰਮ ਸ਼ੁਰੂ ਨਹੀਂ ਹੋਇਆ ਉਹ ਕਦ ਤਕ ਮੁਕੰਮਲ ਕਰਾ ਦੇਣਗੇ ?

ਰਾਜ ਮੰਤਰੀ : ਮੇਰੇ ਨੋਟਿਸ ਵਿਚ ਇਹੋ ਜਿਹੀ ਕੋਈ ਗੱਲ ਨਹੀਂ ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਇਹ ਵਾਇਦਾ ਕੀਤਾ ਹੋਇਆ ਹੈ ਕਿ 31 ਮਾਰਚ, 1974 ਤਕ ਹਰ ਪਿੰਡ ਨੂੰ ਸੜਕ ਮਿਲੇਗੀ, ਗਵਰਨਰ ਸਾਹਿਬ ਦੇ ਐਡਰੈਸ ਵਿਚ ਵੀ ਲਿਖਿਆ ਹੋਇਆ ਹੈ ਕਿ ਪੰਜਾਬ ਨੇ ਇਸ ਕੰਮ ਵਿਚ ਪਹਿਲਾ ਨੰਬਰ ਲੈਣਾ ਹੈ। ਵਜ਼ੀਰ ਸਾਹਿਬ ਨੇ ਇਹ ਕਿਹਾ ਹੈ ਕਿ ਪੰਜਵੇਂ ਫ਼ੇਜ਼ ਦੀਆਂ ਸੜਕਾਂ ਦੀ ਲਿਸਟ ਦੇਣੀ ਸੰਭਵ ਨਹੀਂ । ਮੇਰੀ ਆਪਣੀ ਕੰਸਟੀਚੂਐਂਸੀ ਵਿਚ ਕੋਈ 60 ਪਿੰਡ ਐਸੇ ਹਨ ਜਿਨ੍ਹਾਂ ਦਾ ਅਜੇ ਤਕ ਕੁਝ ਨਹੀਂ ਕੀਤਾ ਗਿਆ । ਮੈਂ ਪੁੱਛਣਾ ਇਹ ਚਾਹੁੰਦਾ ਹਾਂ ਕਿ ਇਹ ਕੰਮ ਕਿਸ ਤਰ੍ਹਾਂ ਅਤੇ ਕਦੋਂ ਤਕ ਹੋ ਜਾਵੇਗਾ ਅਤੇ ਪੰਜਵੇਂ ਫ਼ੇਜ਼ ਦੀਆਂ ਸੜਕਾਂ ਦੀ ਲਿਸਟ ਦੇਣਾ ਕਿਉਂ ਸੰਭਵ ਨਹੀਂ ?

ਰਾਜ ਮੰਤਰੀ : ਇਹ ਪ੍ਰੋਗਰਾਮ 1972-73 ਦਾ ਹੈ ਅਤੇ ਇਹ ਮਾਲੀ ਸਾਲ 31 ਮਾਰਚ, 1974 ਨੂੰ ਖ਼ਤਮ ਹੋਣਾ ਹੈ, ਇਸ ਲਈ ਇਸ ਦਾ ਵੇਰਵਾ ਅਜੇ ਨਹੀਂ ਦਿੱਤਾ ਜਾ ਸਕਦਾ। ਦੂਸਰੀ ਗੱਲ ਇਹ ਹੈ ਕਿ ਅੱਜੇ ਬਹੁਤ ਸਾਰੇ ਕੁਐਸਚਨ ਪਏ ਹਨ ਜਿਨ੍ਹਾਂ ਵਿਚ ਇਨ੍ਹਾਂ ਦਾ ਜ਼ਿਕਰ ਆਉਣਾ ਹੈ। ਜਿਹੜੀ-ਆਂ ਛੋਟੀਆਂ ਛੋਟੀਆਂ ਲਿੰਕ ਸੜਕਾਂ ਹਨ ਜਿਨ੍ਹਾਂ ਬਾਰੇ ਸਰਕਾਰ ਨੇ ਪਹਿਲਾਂ ਪ੍ਰੋਗਰਾਮ ਦਿੱਤਾ ਸੀ ਉਹ ਸੜਕਾਂ ਅਸੀਂ ਪੂਰੀਆਂ ਕਰਨੀਆਂ ਹਨ । ਜੇਕਰ ਇਸ ਸਾਲ ਵਿਚ ਨਾ ਹੋ ਸਕੀਆਂ ਤਾਂ ਅਗਲੇ ਸਾਲ ਦੇ ਪ੍ਰੋਗਰਾਮ ਵਿਚ ਉਨ੍ਹਾਂ ਸੜਕਾਂ ਨੂੰ ਲੈ ਲਵਾਂਗੇ ।

ਸਰਦਾਰ ਗੁਰਦੇਵ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਪਿੰਡ ਗਲੌਦੀ ਦੀ ਸੜਕ ਦਾ ਢੇਡ੍ਹ ਮੀਲ ਦਾ ਟੋਟਾ ਬਣਿਆ ਹੋਇਆ ਹੈ ਅਤੇ ਬਦਕਿਸਮਤੀ ਨਾਲ ਉਸ ਤੇ ਮੇਰੀ ਚਿੱਟ ਲਗੀ ਹੋਈ ਸੀ, ਇਸ ਕਰ ਕੇ ਉਹ ਸੜਕ ਪੁਟਾਈ ਜਾ ਰਹੀ ਹੈ। ਮੈਂ ਪੁੱਛਣਾ ਹੈ ਕਿ ਉਸ ਤੇ ਸਰਕਾਰ ਦਾ ਪੈਸਾ ਖ਼ਰਚ ਹੋਇਆ ਹੈ ਉਹ ਕਿਉਂ ਪੁਟਾਈ ਜਾ ਰਹੀ ਹੈ ?

ਸ਼੍ਰੀ ਸਪੀਕਰ : ਇਹ ਕੋਈ ਕੁਐਸਚਨ ਨਹੀਂ । (This is no question.)

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਭੀਖੀ ਤੋਂ ਧਨੌਲਾ ਸੜਕ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਸ਼ੁਰੂ ਕੀਤੀ ਸੀ । ਉਹ ਅਕਾਲੀਆਂ ਵੇਲੇ ਨਹੀਂ ਬਣੀ ਅਤੇ ਹੁਣ ਤਕ ਤਿੰਨ ਚਾਰ ਮਨਿਸ਼ਟਰੀਆਂ ਬਦਲ ਚੁਕੀਆਂ ਹਨ ਪਰ ਉਹ 4 ਮੀਲ ਦਾ ਟੋਟਾ ਅਜੇ ਤਕ ਨਹੀਂ ਬਣਿਆ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਦੋਂ ਤਕ ਮੁਕੰਮਲ ਹੋ ਜਾਵੇਗਾ ?

ਰਾਜ ਮੰਤਰੀ : ਮੈਂ, ਜੋਗਾ ਸਾਹਿਬ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸੇ ਮਨਿਸਟਰੀ ਦੇ ਦੌਰਾਨ ਉਹ ਸੜਕ ਬਣੇਗੀ ਅਤੇ ਅਸੀਂ ਤੁਸੀਂ ਮਿਲ ਕੇ ਬਣਾਵਾਂਗੇ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਝਨੀਰ ਤੋਂ ਨਥੇਹਾ, ਝਨੀਰ ਤੋਂ ਦਾਨੇਵਾਲਾ, ਮਾਨਸਾ ਤੋਂ ਮੂਰਤੋ, ਝੁਚੋ ਤੋਂ ਬਲੇਵਾਲੀ ਅਤੇ ਫ਼ੱਤਾ ਤੋਂ ਝੰਡੂ ਤਕ ਦੀਆਂ ਸੜਕਾਂ ਤੀਸਰੇ ਫ਼ੇਜ਼ ਦੇ ਵਿਚ ਮਨਜ਼ੂਰ ਹੋਈਆਂ ਸਨ ਅਤੇ ਉਹ ਅਜੇ ਤਕ ਮੁਕੰਮਲ ਨਹੀਂ ਹੋਈਆਂ । ਕੀ ਵਜ਼ੀਰ ਸਾਹਿਬ ਉਨ੍ਹਾਂ ਸੜਕਾਂ ਨੂੰ ਇਸ ਫ਼ੇਜ਼ ਵਿਚ ਮੁਕੰਮਲ ਕਰਨ ਦੀ ਖੇਚਲ ਕਰਨਗੇ ?

ਰਾਜ ਮੰਤਰੀ : ਕਿਸੇ ਵੀ ਸੜਕ ਬਾਰੇ ਅਗਰ ਕਿਸੇ ਮੈਂਬਰ ਸਾਹਿਬ ਨੂੰ ਕੋਈ ਕੰਪਲੇਂਟ ਹੈ ਤਾਂ ਉਹ ਲਿੱਖ ਕੇ ਦੇ ਦੇਣ ਮੈਂ ਐਗਜ਼ਾਮਿਨ ਕਰਵਾ ਲਵਾਂਗਾ । ਸੜਕਾਂ ਦਾ ਪ੍ਰੋਗਰਾਮ ਤਾਂ ਪੂਰਾ ਕਰਨਾ ਹੀ ਕਰਨਾ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਪਹਿਲੇ, ਦੂਜੇ, ਤੀਜੇ ਅਤੇ ਚੌਥੇ ਫ਼ੇਜ਼ ਦੀਆਂ ਸਾਰੀਆਂ ਸੜਕਾਂ ਪੂਰੀਆਂ ਹੋ ਚੁਕੀਆਂ ਹਨ ? ਕੈਟੇਗੋਰੀਕਲੀ ਜਵਾਬ ਦਿੱਤਾ ਜਾਏ ।

ਰਾਜ ਮੰਤਰੀ : ਇਹ ਸਵਾਲ ਲਿਖ ਕੇ ਭੇਜ ਦੇਣ ਮੈਂ ਜਵਾਬ ਦੇ ਦਿਆਂਗਾ । (ਵਿਘਨ)

Memoranda from the President, P.W.D. Workers' Union, Batala regarding regularisation of Research Assistants

***2371. Comrade Raj Kumar :** Will the Minister of State for Public Works be pleased to state—

(a) whether he received any memoranda/copies of memoranda dated the 21st May, 1973 and 25th October, 1973, respectively addressed to the Chief Minister, Punjab, from the President, P.W.D. Workers' Union, Batala, regarding regularization of Research Assistants and their attachment with Research Laboratory of Punjab P.W.D. (B&R) Chandigarh ; if so, copies of the memoranda be laid on the Table of the House ;

(b) the details of the action so far taken by the Government on the said Memoranda ?

Shri Joginder Pal Pandey : (a) Yes, memoranda, dated 21st May, 1973, only was received, A copy of the memoranda is enclosed.

(b) The comments of the Chief Engineer, PWD, B&R, Punjab, are being examined by the Government.

[ੳ] ਜੀ ਹਾਂ, ਕੇਵਲ ਇਕ ਮੈਮੋਰੈਂਡਾ ਮਿਤੀ 21-5-73 ਦਾ ਹੀ ਪ੍ਰਾਪਤ ਹੋਇਆ। ਇਸ ਮੈਮੋਰੈਂਡੇ ਦੀ ਇਕ ਕਾਪੀ ਨਾਲ ਨੱਥੀ ਕੀਤੀ ਜਾਂਦੀ ਹੈ ।

(ਅ) ਮੁੱਖ ਇੰਜੀਨੀਅਰ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਵਲੋਂ ਆਈਆਂ ਟਿਪਣੀਆਂ ਤੇ ਸਰਕਾਰ ਵਲੋਂ ਪ੍ਰੀਖਣਾ ਕੀਤੀ ਜਾ ਰਹੀ ਹੈ ।]

Copy of memoranda No. 14, dated 21st May, 1973, from the President, P. W. D., B. & R. Workers' Union, Batala, addressed to the Chief Minister, Punjab Chandigarh, and copy to others.

Subject.—Regularization of the post of Research Assistants.

I beg to lay down the following few lines for your favourable consideration:—

In general each and every Research Assistant must have his own field laboratory to perform tests, such as, density of Sub Grade lime stabillisation, Mechanical analysis constituency of samples, working out the C. M. C. of the soil, C. B.&R. Balues and all other tests based on soil mechanics, which are highly needed to maintain the quality of work.

The qualification for the post of Research Assistant as required is B. Sc. (Graduate in Science).

The Pay scale of each Research Assistant in Irrigation and Power and P. W. D. B. & R, Punjab, is the same, But in Irrigation Branch the Research Assistants are holding regualr cadre, whereas in B. and R. the Research Assistants remain on work-charged basis for years together.

[Minister of State for Public Works]

Being work-charged, Research Assistants are unable to maintain the quality of the work properly.

As they are graduates in science and would not be able to secure any other job after some time due to crossing the age limit, it is humbly requested that the above mentioned posts may kindly be brought on regular cadre as per existing cadre in Irrigation Branch.

I again request, since this Department often needs the services of Research Assistant in each sub-Division therefore this post may please be made regular cader so that they should not suffer at later stage. I again request that immediate action may be taken otherwise Union will take further necessary action.

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਸੁਆਲ ਵਿਚ ਕਿਹਾ ਸੀ ਕਿ ਉਨ੍ਹਾਂ ਨੇ ਏਸ਼ੀਆ ਵਿਚ ਦੂਸਰੇ ਨੰਬਰ ਤੇ ਵੱਡਾ ਪ੍ਰਾਜੈਕਟ ਸੜਕਾਂ ਬਣਾਉਣ ਦਾ ਹੱਥ ਵਿਚ ਲਿਆ ਹੈ । ਇਸ ਲਈ ਇਸ ਦੇ ਵਿਚ ਸੜਕਾਂ ਦੀ ਕੁਆਲਿਟੀ ਦਾ ਧਿਆਨ ਰਖਣਾ ਬਹੁਤ ਜ਼ਰੂਰੀ ਹੈ । ਮਿਤੀ 21 ਮਈ, 1973, ਨੂੰ ਇਨ੍ਹਾਂ ਨੂੰ ਇਕ ਮੈਮੋਰੈਂਡਮ ਵਰਕਚਾਰਜ ਕਰਮਚਾਰੀਆਂ ਦਾ ਮਿਲਿਆ ਅਤੇ ਉਨ੍ਹਾਂ ਨੇ ਦੋ ਤਜਵੀਜ਼ਾਂ ਇਨ੍ਹਾਂ ਅਗੇ ਰਖੀਆਂ । ਫੀਲਡ ਵਿਚ ਜਿਥੇ ਵੀ ਸੜਕਾਂ ਬਣ ਰਹੀਆਂ ਹਨ ਉਥੇ ਹੀ ਸੜਕਾਂ ਟੈਸਟ ਹੋ ਜਾਣ ਅਤੇ ਰਿਸਰਚ ਅਸਿਸਟੈਂਟ ਨੂੰ ਉਥੇ ਹੀ ਲਿਬਾਰਟਰੀ ਦਿੱਤੀ ਜਾਏ । ਦੂਜੀ ਗੱਲ ਉਨ੍ਹਾਂ ਨੇ ਇਹ ਤਜਵੀਜ਼ ਕੀਤੀ ਕਿ ਉਨ੍ਹਾਂ ਨੂੰ ਕੰਨਫਰਮ ਕੀਤਾ ਜਾਏ। ਇਨ੍ਹਾਂ ਨੇ ਜਵਾਬ ਦਿੱਤਾ ਕਿ 21 ਮਈ, 1973 ਨੂੰ ਇਨ੍ਹਾਂ ਨੂੰ ਮੈਮੋਰੈਂਡਮ ਮਿਲਿਆ ਅਤੇ ਅਜੇ ਤਕ ਉਹ ਜ਼ੇਰੇ ਗੌਰ ਹੈ । ਮੈਂ ਕਹਿੰਦਾ ਹਾਂ ਕਿ ਸੜਕਾਂ ਬਣਾਉਣ ਦਾ ਕੰਮ ਖ਼ਤਮ ਹੋ ਜਾਣਾ ਹੈ ਅਤੇ ਜਿਨੇ ਵੀ ਰਿਸਰਚ ਅਸਿਸਟੈਂਟਸ ਹਨ ਜਿਨ੍ਹਾਂ ਨੇ ਸੜਕਾਂ ਦੀ ਕੁਆਲਿਟੀ ਦਾ ਧਿਆਨ ਰਖਣਾ ਹੈ ਉਨ੍ਹਾਂ ਨੂੰ ਫੀਲਡ ਆਫੀਸਰਜ਼ ਦੇ ਗੂਠੇ ਥੱਲੇ ਰਖਣ ਲਈ ਉਨ੍ਹਾਂ ਨੂੰ ਵਰਕ ਚਾਰਜ ਰਖਿਆ ਹੋਇਆ ਹੈ। ਉਹ ਟੈਕਨੀਕਲ ਹੈਂਡਜ਼ ਹਨ ਅਤੇ ਹਾਇਲੀ ਕੁਆਲੀਫਾਈਡ ਹਨ । ਜੇ ਕਰ ਉਹ ਕਿਸੇ ਫ਼ੀਲਡ ਅਫਸਰ ਦੀ ਮਰਜ਼ੀ ਦੇ ਖਿਲਾਫ ਕੋਈ ਰਿਪੋਰਟ ਦਿੰਦੇ ਹਨ ਤਾਂ ਉਨ੍ਹਾਂ ਨੂੰ ਕੱਢਿਆ ਜਾ ਸਕਦਾ ਹੈ । ਇਸ ਲਈ ਉਨ੍ਹਾਂ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਕਨਫਰਮ ਕੀਤਾ ਜਾਏ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਕਿਹੜੇ ਵਜੂਹਾਤ ਹਨ, ਕਿਹੜੇ ਪਹਿਲੂ ਹਨ ਜਿਨ੍ਹਾਂ ਵਾਸਤੇ ਕੋਈ ਲਗ ਭਗ ਇਕ ਸਾਲ ਹੋ ਗਿਆ ਹੈ ਉਨ੍ਹਾਂ ਦੇ ਮੈਮੋਰੈਂਡਮ ਤੇ ਗੌਰ ਕੀਤਾ ਜਾ ਰਿਹਾ ਹੈ। ਕੀ ਇਹ ਚੀਜ਼ ਇਸ ਸਰਕਾਰ ਦੇ ਦੌਰਾਨ ਗੌਰ ਹੋ ਜਾਵੇਗੀ ?

ਰਾਜ ਮੰਤਰੀ, ਲੋਕ ਨਿਰਮਾਣ : ਸਪੀਕਰ ਸਾਹਿਬ, ਇਨ੍ਹਾਂ ਦਾ ਸੁਆਲ ਇਤਨਾ ਲੰਮਾ ਨਹੀਂ ਸੀ ਜਿਨਾਂ ਇਨ੍ਹਾਂ ਨੇ ਟਾਈਮ ਲੈ ਲਿਆ ਹੈ। ਵਰਕ ਚਾਰਜ ਦਾ ਕੰਮ ਕੁਆਲੀਫਾਈਡ ਬੰਦੇ ਹੀ ਕਰਦੇ ਹਨ ਦੂਸਰਾ ਕੋਈ ਕਰ ਹੀ ਨਹੀਂ ਸਕਦਾ । ਵਰਕ ਚਾਰਡ ਯੂਨੀਅਨ ਨੇ ਇਹ ਡਿਮਾਂਡ ਕੀਤੀ ਕਿ ਉਨ੍ਹਾਂ ਨੂੰ ਕਿਸੇ ਵੇਲੇ ਵੀ ਕਢਿਆ ਜਾ ਸਕਦਾ ਹੈ ਇਸ ਲਈ ਉਨ੍ਹਾਂ ਨੂੰ ਪੱਕਾ ਕੀਤਾ ਜਾਵੇ । ਮੈਂ ਇਹ ਜਵਾਬ ਦਿੱਤਾ ਹੈ ਕਿ ਉਨ੍ਹਾਂ ਦੇ ਮੈਮੋਰੈਂਡਮ ਤੇ ਗੌਰ ਕਰ ਰਹੇ ਹਾਂ । ਇਸ ਦਾ ਕਾਰਨ ਇਹ ਹੈ ਕਿ ਅਸੀਂ ਪੱਕੇ ਆਦਮੀ ਉਤਨੇ ਰਖਦੇ ਹਾਂ ਜਿਤਨੇ ਰੈਗੂਲਰਲੀ ਜ਼ਰੂਰੀ ਹੋਣ । ਡਿਪਾਰਟਮੈਂਟ ਦਾ ਕੰਮ ਬਾਕਾਇਦਗੀ ਨਾਲ ਚਲਦਾ ਹੈ ਅਤੇ ਕੰਮ ਦੇ ਮੁਤਲੱਕ ਕਿਸੇ ਦੀ ਕੋਈ ਕੰਪਲੇਂਟ ਨਹੀਂ । ਅਸੀਂ ਗੌਰ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਰੈਗੂਲਰ ਕਦੋਂ ਕਰੀਏ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਫ਼ਰਮਾਇਆ ਹੈ ਕਿ ਜਿਨ੍ਹਾਂ ਦੀ ਸਰਵਿਸ 10 ਸਾਲ ਹੋ ਗਈ ਹੈ ਉਨ੍ਹਾਂ ਨੂੰ ਕਨਫਰਮ ਕੀਤਾ ਗਿਆ ਹੈ । ਇਨ੍ਹਾਂ ਨੇ ਸਵਾਲ ਦਾ ਦੂਜਾ ਹਿੱਸਾ ਪੜ੍ਹਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਇਸ ਲਈ ਮੈਨੂੰ ਹੀ ਪੜ੍ਹ ਕੇ ਸੁਣਾਨਾ ਪਵੇਗਾ। ਇਹ ਉਨ੍ਹਾਂ ਦੇ ਪ੍ਰੈਜ਼ੀਡੈਂਟ ਦੀ 21 ਮਈ, 1973, ਦੀ ਚਿੱਠੀ ਹੈ।

"In general each and every Research Assistant must have his own field laboratory to perform test such as density of Sub-Grade lime stabilisation, Mechanical analysis constituency of samples, working out the C. M. C. of the soil, CB. and R. Balues and all other tests based on soil mechanics, which are highly needed to maintain the quality of work. ਜਿਹੜੀ ਗਲ ਇਨ੍ਹਾਂ ਨੂੰ ਸੂਟ ਕਰਦੀ ਸੀ ਉਸ ਦਾ ਜਵਾਬ ਦੇ ਦਿੱਤਾ ਹੈ । ਉਹ ਸਾਰੇ ਲੜਕੇ ਸਾਇੰਸ ਗਰੈਜੂਏਟ ਹਨ, ਟੈਕਨੀਸ਼ਨਜ਼ ਹਨ ਪਰ ਇਹ ਕਹਿੰਦੇ ਹਨ ਕਿ ਉਹ ਕੰਮ ਨਹੀਂ ਕਰਦੇ । ਜਿਨ੍ਹਾਂ ਦਾ ਜ਼ਿਕਰ ਪਹਿਲੇ ਪਹਿਰੇ ਵਿਚ ਹੈ ਉਹ ਫ਼ੀਲਡ ਵਿਚ ਕੁਲ 25 ਜਾਂ 30 ਆਦਮੀ ਹਨ। ਮੈਂ ਪੁੱਛਦਾ ਹਾਂ ਕਿ ਇਨ੍ਹਾਂ ਨੂੰ ਕੀ ਦਿੱਕਤ ਹੈ ਉਨ੍ਹਾਂ ਨੂੰ ਵਰਕ-ਚਾਰਜ ਤੋਂ ਪੱਕਾ ਬਣਾਉਣ ਵਿਚ ?

ਸ੍ਰੀ ਸਪੀਕਰ : ਉਨ੍ਹਾਂ ਨੇ ਇਸ ਦਾ ਜਵਾਬ ਦੇ ਦਿੱਤਾ ਹੈ । ਇਸ ਤੇ ਡਿਸਕਸ਼ਨ ਨਹੀਂ ਹੋ ਸਕਦੀ। ਤੁਸੀਂ ਸਵਾਲ ਕਰੋ । (The hon. Minister has already given the reply. No discussion can be made thereon. The hon. Member may put his question)

ਕਾਮਰੇਡ ਰਾਜ ਕੁਮਾਰ : ਮੇਰਾ ਕੁਐਸਚਨ, ਸਪੀਕਰ ਸਾਹਿਬ, ਇਹ ਹੈ ਕਿ ਸਾਰੇ ਪੰਜਾਬ ਵਿਚ ਇਹ 25, 30 ਆਦਮੀ ਹਨ, ਇਨ੍ਹਾਂ ਨੂੰ ਕਨਫ਼ਰਮ ਕਰਨ ਦੇ ਰਸਤੇ ਵਿਚ ਕੀ ਰੁਕਾਵਟ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, 15 ਅਗਸਤ, 1972, ਤਕ ਜਿਨ੍ਹਾਂ ਦੀ ਸਰਵਿਸ 10 ਸਾਲ ਦੀ ਪੂਰੀ ਹੋ ਗਈ ਸੀ ਉਹ ਅਸੀਂ ਰੈਗੂਲਰ ਕਰ ਦਿੱਤੇ ਸੀ। ਜਿਨ੍ਹਾਂ ਦੀ 10 ਸਾਲ ਦੀ ਸਰਵਿਸ ਹਾਲੇ ਨਹੀਂ ਹੋਈ ਉਨ੍ਹਾਂ ਦਾ ਕੇਸ ਜ਼ੇਰੇ ਗੌਰ ਹੈ। ਮੈਂ ਇਸ ਬਾਰੇ ਸਿੰਪੈਥੈਟਿਕ ਹਾਂ । ਇਹ 25, 30 ਆਦਮੀਆਂ ਦਾ ਸਵਾਲ ਹੈ । ਹਾਲਾਤ ਦੇ ਮੁਤਾਬਿਕ ਜਿਥੇ ਜਿਥੇ ਲੋੜ ਹੋਵੇਗੀ ਉਸ ਦੇ ਮੁਤਾਬਿਕ ਅਸੀਂ ਐਕਸ਼ਨ ਲਵਾਂਗੇ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਤੁਹਾਡੀ ਆਗਿਆ ਨਾਲ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹਾਂਗਾ ਕਿ ਸਾਰੇ ਪੰਜਾਬ ਵਿਚ ਸੜਕਾਂ ਅਤੇ ਲਿੰਕ ਰੋਡਜ਼ ਬਣਾਉਣ ਦਾ ਸਰਕਾਰ ਨੇ ਐਲਾਨ ਕੀਤਾ ਸੀ। ਅੱਜ ਕਿਸੇ ਥਾਂ ਮਿੱਟੀ ਹੀ ਪਾਈ ਹੈ । ਇਨ੍ਹਾਂ ਕੋਲ ਵਰਕਰ ਥੋੜੇ ਹਨ ਅਤੇ ਕੰਮ ਬਹੁਤ ਵੱਧ ਰਿਹਾ ਹੈ । ਜਿਹੜੀਆਂ ਸੜਕਾਂ ਤੇ ਮਿੱਟੀ ਪਾਈ ਪਈ ਹੈ, ਉਹ ਰੁੜ੍ਹ ਗਈਆਂ ਹਨ, ਜਿਨ੍ਹਾਂ ਸੜਕਾਂ ਤੇ ਇੱਟਾਂ ਸਿੱਟੀਆਂ ਗਈਆਂ ਹਨ, ਉਹ ਪੁੱਟੀਆਂ ਗਈਆਂ ਹਨ ਤੇ ਜਿਥੇ ਰੋੜੀ ਪਾਈ ਗਈ ਹੈ, ਉਹ ਭੀ ਰੁੜ੍ਹ ਗਈ ਹੈ । (ਸ਼ੋਰ)

(ਇਸ ਸਮੇਂ ਸਰਦਾਰ ਧੰਨਾ ਸਿੰਘ ਗੁਲਸ਼ਨ ਬੋਲਦੇ ਰਹੇ ਪਰ ਬਹੁਤ ਸ਼ੋਰ ਹੋਣ ਕਾਰਨ ਕੁਝ ਸੁਣਾਈ ਨਹੀਂ ਦਿੱਤਾ) ** ** **

ਸ੍ਰੀ ਸਪੀਕਰ : ਇਹ ਜੋ ਕੁਝ ਗੁਲਸ਼ਨ ਸਾਹਿਬ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। ਕੁਐਸਚਨ ਆਵਰ ਦਾ ਮਿਸਯੂਜ਼ ਨਹੀਂ ਹੋਣਾ ਚਾਹੀਦਾ । ਬਹੁਤ ਸਾਰੇ ਸਵਾਲ ਹਰ ਰੋਜ਼ ਰਹਿ ਜਾਂਦੇ ਹਨ । (Whatever Sardar Dhanna Singh Gulshan is saying may not be recorded. The question hour should not be misused. A number of questions remain unanswered every day.)

**Not recorded as ordered by the Chair.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮਾਨ ਯੋਗ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਜਿਨ੍ਹਾਂ ਦੀ ਸਰਵਿਸ 10 ਸਾਲ ਦੀ ਹੋ ਗਈ ਹੈ ਉਨ੍ਹਾਂ ਨੂੰ ਰੈਗੂਲਰ ਕਰ ਦਿੱਤਾ ਗਿਆ ਹੈ । ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮਨਿਸਟਰ ਸਾਹਿਬ ਇਸ ਗੱਲ ਦੀ ਵਜ੍ਹਾ ਦਸਣ ਕਿ ਜੂਨ 1972, ਵਿਚ ਪੰਜਾਬ ਇੰਡਸਟਰੀਅਲ ਟ੍ਰਿਬਿਊਨਲ ਨੇ ਇੱਕ ਅਵਾਰਡ ਦਿੱਤਾ ਸੀ ਇਕ ਚੀਫ ਇੰਜੀਨੀਅਰ (ਪੀ. ਡਬਲਿਯੂ. ਡੀ.) ਦੇ ਵਰਕਰਜ਼ ਦੇ ਕੇਸ ਉਤੇ । ਉਸ ਦੇ ਵਿਚ ਉਨ੍ਹਾਂ ਨੇ ਕਿਹਾ ਹੈ ਕਿ ਪੀ. ਡਬਲਿਯੂ. ਡੀ. ਵਿਭਾਗ ਵਿਚ ਜਿਤਨੇ ਵੀ ਮਕੈਨੀਕਲ ਵਰਕਰ ਹਨ, ਜਿਨ੍ਹਾਂ ਦੀ ਸਰਵਿਸ ਤਿੰਨ ਸਾਲ ਦੀ ਕੰਟੀਨਿਊਡ ਹੈ, ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਜਿਨ੍ਹਾਂ ਦੀ ਪੰਜ ਸਾਲ ਦੀ ਸਰਵਿਸ ਹੋ ਗਈ ਹੋਵੇ ਉਨ੍ਹਾਂ ਨੂੰ ਕਨਫਰਮ ਕੀਤਾ ਜਾਵੇ । ਮਨਿਸਟਰ ਸਾਹਿਬ ਇਹ ਦਸਣ ਕਿ ਇਸ ਅਵਾਰਡ ਨੂੰ ਦਿੱਤਿਆਂ ਲਗ-ਭਗ ਦੋ ਸਾਲ ਹੋ ਗਏ ਹਨ, ਹੁਣ ਤਕ ਇਸ ਸਰਕਾਰ ਨੇ ਇਸ ਨੂੰ ਇੰਪਲੀਮੈਂਟ ਕਿਉਂ ਨਹੀਂ ਕੀਤਾ ?

ਰਾਜ ਮੰਤਰੀ: ਇਹ ਲਿੱਖ ਕੇ ਦੇ ਦੇਣ । ਮੈਂ ਜਵਾਬ ਦੇ ਦੇਵਾਂਗਾ ।

Construction of Bridges on Ropar-Chamkaur Sahib-Doraha Road etc.

***2408. Sardar Gurbachan Singh** : Will the Minister of State for Public Works be pleased to state—

(a) whether the construction of important bridges on Ropar-Chamkaur Sahib-Doraha road along with Sirhind Canal and on Ropar-Bela-Machhiwara Road have been included in the Fifth Five Year Plan ;

(b) if the reply to part (a) above be in the affirmative whether the said bridges would be constructed in the 1st Year of the Fifth Plan ?

Shri Joginder Pal Pandey (a) No.

(b) Question does not arise.

[(ੳ) ਨਹੀਂ

(ਅ) ਸਵਾਲ ਹੀ ਪੈਦਾ ਨਹੀਂ ਹੁੰਦਾ ।]

ਸਰਦਾਰ ਗੁਰਬਚਨ ਸਿੰਘ : ਸਪੀਕਰ ਸਾਹਿਬ, ਗਿਆਨੀ ਜੀ ਨੇ ਪਿਛੇ ਦਸੰਬਰ ਵਿਚ ਚਮਕੌਰ ਸਾਹਿਬ ਦੇ ਸਲਾਨਾ ਮੇਲੇ ਵਿਚ ਅਤੇ ਖੇੜੀ ਸਲਾਮਤਪੁਰ ਵਿਚ ਇਹ ਐਲਾਨ ਕੀਤਾ ਸੀ ਕਿ ਮੈਂ ਰੋਪੜ ਦੇ ਇਲਾਕੇ ਵਿਚ ਪੁਲ ਬਣਵਾ ਦੇਵਾਂਗਾ । ਚਾਰ ਮਹੀਨੇ ਉਥੇ ਕੋਈ ਗੱਡਾ, ਸਾਈਕਲ ਅਤੇ ਬੱਸ ਵਗੈਰਾ ਨਹੀਂ ਲੰਘ ਸਕਦੀ ਹੈ ਅਤੇ ਸੜਕ ਬੰਦ ਰਹਿੰਦੀ ਹੈ । ਰੋਪੜ ਤਾਂ ਜੋ ਯਾਤਰੀ ਲੰਘਦੇ ਹਨ ਉਨ੍ਹਾਂ ਨੂੰ ਮੁਸ਼ਕਲ ਆਉਂਦੀ ਹੈ ਅਤੇ ਲੋਕਾਂ ਨੂੰ ਆਵਾਜਾਈ ਵਿਚ ਬੜੀ ਮੁਸ਼ਕਲ ਆਉਂਦੀ ਹੈ। ਕੀ ਵਜ਼ੀਰ ਸਾਹਿਬ ਦਸਣਗੇ ਕਿ ਕੀ ਇਨ੍ਹਾਂ ਸੜਕਾਂ ਤੇ ਪੁਲ ਬਣਾਉਣ ਦਾ ਪ੍ਰੋਗਰਾਮ ਪੰਜ-ਸਾਲਾ ਪਲਾਨ ਵਿਚ ਰਖਿਆ ਹੈ ; ਜੇ ਰਖਿਆ ਹੈ ਤਾਂ ਕਦੋਂ ਤਕ ਬਣਾ ਦੇਣਗੇ ?

ਰਾਜ ਮੰਤਰੀ, ਲੋਕ ਨਿਰਮਾਣ : ਸਪੀਕਰ ਸਾਹਿਬ, ਇਨ੍ਹਾਂ ਦੇ ਜਜ਼ਬਾਤ ਦੀ ਮੈਂ ਕਦਰ ਕਰਦਾ ਹਾਂ । ਇਨ੍ਹਾਂ ਦੇ ਨਾਲ ਜਾ ਕੇ ਅਸੀਂ ਉਸ ਇਲਾਕੇ ਨੂੰ ਵੇਖਾਂਗੇ ਅਤੇ ਜੋ ਇਨ੍ਹਾਂ ਨੇ ਤਕਲੀਫ਼ਾਂ ਦਸੀਆਂ

ਹਨ ਅਸੀਂ ਬੈਠ ਕੇ ਉਨ੍ਹਾਂ ਤੇ ਵਿਚਾਰ ਕਰਾਂਗੇ ਅਤੇ ਵਿਚਾਰ ਕਰਨ ਤੋਂ ਬਾਅਦ ਡਿਪਾਰਟਮੈਂਟ ਵਾਲਿਆਂ ਨਾਲ ਵੀ ਗੱਲ ਬਾਤ ਕਰਾਂਗੇ । ਇਹ ਮਸਲਾ ਗੌਰਮਿੰਟ ਆਫ਼ ਇੰਡੀਆ ਤਕ ਜਾਣਾ ਹੈ। ਅਸੀਂ ਪੂਰੀ ਕੋਸ਼ਿਸ਼ ਕਰਾਂਗੇ । ਜੋ ਮੌਜੂਦਾ ਪੁਜ਼ੀਸ਼ਨ ਹੈ, ਉਹ ਮੈਂ ਦੱਸ ਦਿੱਤੀ ਹੈ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਰਾਹੋਂ ਤੋਂ ਮਤੇਵਾੜਾ ਰੋਡ ਨਾਲ ਮਿਲਾਉਣ ਲਈ ਸਰਕਾਰੀ ਤੌਰ ਤੇ ਐਲਾਨ ਕੀਤਾ ਗਿਆ ਸੀ, ਕਿ ਨਵਾਂ ਪੁੱਲ ਬਣਾਇਆ ਜਾਵੇਗਾ । ਲੇਕਿਨ ਇਹ ਪੁੱਲ ਅਜੇ ਦੁਬਾਰਾ ਚਾਲੂ ਨਹੀਂ ਹੋਇਆ ।

ਰਾਜ ਮੰਤਰੀ : ਸਪੀਕਰ ਸਾਹਿਬ, ਸਰਦਾਰ ਦਿਲਬਾਗ ਸਿੰਘ ਹੋਰਾਂ ਨੇ ਵੀ ਇਸ ਦਾ ਜ਼ਿਕਰ ਕੀਤਾ ਸੀ। ਰਾਹੋਂ ਨੂੰ ਲੁਧਿਆਣੇ ਵਾਲੀ ਸਾਈਡ ਨਾਲ ਮਿਲਾਉਣ ਲਈ ਅਤੇ ਇਸੇ ਤਰ੍ਹਾਂ ਰਾਹੋਂ ਨੂੰ ਮਾਛੀਵਾੜਾ ਨਾਲ ਮਿਲਾਉਣ ਦੀ ਡਿਮਾਂਡ ਬਾਰੇ ਡਿਪਾਰਟਮੈਂਟ ਨਾਲ ਵਿਚਾਰ ਕੀਤਾ ਸੀ । ਰਾਹੋਂ ਲੁਧਿਆਣੇ ਵਾਲੀ ਸਾਇਡ ਨੂੰ ਪੂਰੇ ਵਕਤ ਵਿਚ ਪੂਰੇ ਹਿਸਾਬ ਨਾਲ ਅਸੀਂ ਮਿਲਾ ਦਿੱਤਾ ਸੀ ਅਤੇ ਰਾਹੋਂ ਤੋਂ ਮਾਛੀਵਾੜੇ ਨੂੰ ਵੀ ਇਸੇ ਤਰ੍ਹਾਂ ਮਿਲਾ ਦਿੱਤਾ ਜਾਵੇਗਾ ਤਾਂ ਕਿ ਲੋਕਾਂ ਨੂੰ 8, 9 ਮੀਲ ਜ਼ਿਆਦਾ ਨਾ ਚਲਣਾ ਪਵੇ, ਸਿਰਫ਼ ਇਹ ਹੀ ਨਹੀਂ ਸਗੋਂ ਬਲਾਚੌਰ ਤੋਂ ਚਮਕੌਰ ਸਾਹਿਬ ਜਾਣ ਲਈ ਰੋਪੜ ਵਲ ਘੁੰਮ ਕੇ ਫ਼ਾਲਤੂ ਸਫਰ ਕਰਨਾ ਪੈਂਦਾ ਹੈ । ਅਸੀਂ ਇਸ ਤੇ ਵੀ ਪੁੱਲ ਬਣਾ ਕੇ ਉਹ ਹਿੱਸਾ ਪੂਰਾ ਕਰ ਦੇਵਾਂਗੇ । ਅਸੀਂ ਪੱਕਾ ਪੁੱਲ ਬਣਾਉਣ ਦਾ ਕੋਈ ਵਾਇਦਾ ਨਹੀਂ ਕੀਤਾ । ਹਾਊਸ ਦਾ ਰਿਕਾਰਡ ਅਵੇਲੇਬਲ ਹੈ । ਤੁਸੀਂ ਚੈੱਕ ਕਰ ਲਵੋ ਸਰਕਾਰ ਨੇ ਪੱਕਾ ਪੁੱਲ ਬਣਾਉਣ ਦਾ ਕੋਈ ਵਾਇਦਾ ਨਹੀਂ ਕੀਤਾ ਸੀ ਅਤੇ ਨਾ ਹੀ ਹੁਣ ਕਰਦੀ ਹੈ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਪੁੱਲਾਂ, ਸੜਕਾਂ ਅਤੇ ਸਕੂਲਾਂ ਦੇ ਬਾਰੇ ਚੀਫ਼ ਮਨਿਸਟਰ ਸਾਹਿਬ ਅਤੇ ਹੋਰ ਵਜ਼ੀਰ ਸਾਹਿਬ ਜਦੋਂ ਦੌਰੇ ਤੇ ਜਾਂਦੇ ਹਨ ਤਾਂ ਪਬਲਿਕ ਨਾਲ ਵਾਇਦੇ ਕਰ ਕੇ ਆਉਂਦੇ ਹਨ ਲੇਕਿਨ ਉਨ੍ਹਾਂ ਨੂੰ ਪੂਰਾ ਨਹੀਂ ਕਰਦੇ। ਕੀ ਹਾਊਸ ਦੀ ਕਮੇਟੀ ਬਣਾਈ ਜਾਵੇਗੀ ਤਾਂ ਕਿ ਲੋਕਾਂ ਨੂੰ ਇਹ ਇਸ ਤਰ੍ਹਾਂ ਧੋਖਾ ਨਾ ਦੇ ਸਕਣ ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਜਿਹੜੇ ਐਲਾਨ ਕਰਦੀ ਹੈ ਅਤੇ ਵਾਇਦੇ ਕਰਦੀ ਹੈ, ਉਹ ਜ਼ਰੂਰ ਪੂਰੇ ਕੀਤੇ ਜਾਂਦੇ ਹਨ । ਜਿਤਨੇ ਵੀ ਪੰਜਾਬ ਸਰਕਾਰ ਨੇ ਵਾਇਦੇ ਕੀਤੇ ਹਨ, ਉਹ ਅਸੀਂ ਸਾਰੇ ਪੂਰੇ ਕੀਤੇ ਹਨ ।

आचार्य पृथ्वी सिंह आज़ाद : अध्यक्ष महोदय, वज़ीर साहिब ने अपने जवाब में कहा है कि मौके पर जाकर देखेंगे और विचार करेंगे। मैं उनके नोटिस में लाना चाहता हूं कि रोपड़ से चमकौर साहिब को जो सड़क जाती है उस को सरदार ज्ञान सिंह राड़ेवाला बतौर मिनिस्टर देख आए, सरदार प्रताप सिंह कैरों भी देख आए, ज्ञानी ज़ैल सिंह भी देख आए। सरदार स्वर्ण सिंह भी देख आए और Chief Engineers भी देख आए। मैं दरखास्त करूंगा कि Chief Engineers को बुला कर सरकार फैसला करे और यह पुल भी जल्दी से जल्दी बनाया जाए।

ਰਾਜ ਮੰਤਰੀ : ਸਪੀਕਰ ਸਾਹਿਬ, ਆਜ਼ਾਦ ਸਾਹਿਬ ਨੇ ਜੋ ਫਰਮਾਇਆ ਹੈ ਉਹ ਠੀਕ ਹੀ ਹੋਣਾ ਹੈ। ਜਿਥੋਂ ਤਕ ਸੜਕਾਂ ਅਤੇ ਪੁਲ ਬਣਾਉਣ ਦਾ ਮਸਲਾ ਹੈ, ਮੈਂ ਇਹ ਅਰਜ਼ ਕਰਾਂਗਾ ਕਿ ਇਸ ਤੇ ਕਾਫ਼ੀ ਖ਼ਰਚ ਆਉਂਦਾ ਹੈ। ਅਸੀਂ ਆਜ਼ਾਦ ਸਾਹਿਬ ਨੂੰ ਅਤੇ ਚੀਫ਼ ਇੰਜੀਨੀਅਰ ਸਾਹਿਬ ਨੂੰ ਬੁਲਾ ਲਵਾਂਗੇ ਅਤੇ ਇਸ ਬਾਰੇ ਗੱਲ ਕਰ ਲਵਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕਾਂਗਰਸ ਦੇ ਸਰਦਾਰ ਗੁਰਬਚਨ ਸਿੰਘ ਜੀ ਨੇ ਇਤਰਾਜ਼ ਕੀਤਾ ਹੈ ਕਿ ਉਨ੍ਹਾਂ ਦੇ ਹਲਕੇ ਵਿਚ ਮੁੱਖ ਮੰਤਰੀ ਗਏ ਔਰ ਐਲਾਨ ਕਰ ਕੇ ਆਏ। ਮੈਂ ਵੀ ....

ਸ਼੍ਰੀ ਸਪੀਕਰ : ਤੁਹਾਡਾ ਕੀ ਇਤਰਾਜ਼ ਹੈ ਤੁਸੀਂ ਉਨ੍ਹਾਂ ਦੀ ਗੱਲ ਨਾ ਕਰੋ। (Please raise your own objection, leave his objection aside.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰਾ ਇਤਰਾਜ਼ ਇਹ ਹੈ ਕਿ ਮੇਰੇ ਹਲਕੇ ਵਿਚ ਵੀ ਇਕ ਵਾਰੀ ਗ਼ਲਤੀ ਨਾਲ ਮੁੱਖ ਮੰਤਰੀ ਸਾਹਿਬ ਚਲੇ ਗਏ ਸਨ ਅਤੇ ਗੜੇ ਮਾਜਰਾ ਵਿਚ ਇਹ ਐਲਾਨ ਕਰ ਆਏ ਸਨ ਅਤੇ ਕਿਹਾ ਸੀ ਕਿ ਮੈਂ ਅਫ਼ਸਰਾਂ ਨੂੰ ਬੁਲਾ ਕੇ ਕਹਾਂਗਾ ਕਿ ਜਿਹੜੀ ਕੁਰਾਲੀ ਤੋਂ ਸੁਸੀਲ ਦੀ ਸੜਕ ਹੈ ਉਸ ਦਾ ਮੈਨੂੰ ਐਸਟੀਮੇਟ ਬਣਾ ਕੇ ਭੇਜ ਦਿਉ ਤਾਕਿ ਮੈਂ ਉਸ ਪੁੱਲ ਨੂੰ ਬਣਵਾ ਦੇਵਾਂ ਅਤੇ ਲੋਕਾਂ ਦੀ ਤਕਲੀਫ਼ ਦੂਰ ਕਰ ਦਿਆਂ। ਮੈਂ ਮੁੱਖ ਮੰਤਰੀ ਸਾਹਿਬ ਨੂੰ ਇਹ ਰਾਏ ਦੇਵਾਂਗਾ ਕਿ ਉਹ ਇਸੇ ਤਰ੍ਹਾਂ ਲੋਕਾਂ ਨੂੰ ਲਾਰੇ ਨਾ ਲਾਇਆ ਕਰਨ; ਕੁਝ ਕੰਮ ਵੀ ਕਰਿਆ ਕਰਨ।

ਸ਼੍ਰੀ ਸਪੀਕਰ : ਇਹ ਤਾਂ ਸਵਾਲ ਨਹੀਂ ਬਣਦਾ। (This is not a supplementary question.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਇਸ ਗੱਲ ਦੇ ਪੇਸ਼ੇ ਨਜ਼ਰ ਕਿ ਹੁਸ਼ਿਆਰਪੁਰ, ਰੋਪੜ ਅਤੇ ਗੁਰਦਾਸਪੁਰ ਦੇ ਜਿਹੜੇ ਕੰਡੀ ਦੇ ਇਲਾਕੇ ਹਨ ਉਥੇ ਨਾਲਿਆਂ ਤੇ ਪੁੱਲ ਬਣਾਉਣ, ਲਿੰਕ ਰੋਡਾਂ ਬਣਾਉਣ ਅਤੇ ਸੜਕਾਂ ਬਣਾਉਣ ਲਈ ਕੀ ਪੰਜਾਬ ਸਰਕਾਰ ਕਰੈਸ਼ ਪ੍ਰੋਗਰਾਮ ਬਣਾਉਣ ਤੇ ਵਿਚਾਰ ਕਰੇਗੀ ਜਿਸ ਤਰ੍ਹਾਂ ਕਿ ਪੰਜਾਬ ਵਿਚ ਸੜਕਾਂ ਬਣਾਉਣ ਲਈ ਕਰੈਸ਼ ਪ੍ਰੋਗਰਾਮ ਬਣਾਇਆ ਗਿਆ ਸੀ।

ਰਾਜ ਮੰਤਰੀ : ਪੰਜਾਬ ਸਰਕਾਰ ਅੱਗੋਂ ਤੋਂ ਯੂ. ਪੀ. ਦੇ ਪੈਟਰਨ ਤੇ ਬ੍ਰਿਜ ਕਾਰਪੋਰੇਸ਼ਨ ਬਣਾਉਣ ਦਾ ਪ੍ਰੋਗਰਾਮ ਤਿਆਰ ਕਰ ਰਹੀ ਹੈ। ਜੇ ਅਸੀਂ ਇਸ ਨੂੰ ਠੀਕ ਸਮਝਾਂਗੇ ਅਤੇ ਇਨ੍ਹਾਂ ਦੇ ਬਣਾਉਣ ਨਾਲ ਸਾਡੇ ਜਿਹੜੇ ਮਸਲੇ ਹਨ ਉਹ ਹਲ ਹੋ ਸਕਦੇ ਹੋਣਗੇ ਤਾਂ ਇਹ ਪ੍ਰੋਗਰਾਮ ਬਣਾਵਾਂਗੇ ਪਰ ਫਿਰ ਵੀ ਇਸ ਦੇ ਬਾਵਜੂਦ ਪੰਜਾਬ ਸਰਕਾਰ ਕੰਡੀ ਦੇ ਇਲਾਕੇ ਅਤੇ ਬਾਰਡਰ ਦੇ ਜ਼ਿਲ੍ਹਿਆਂ ਲਈ ਸਪੈਸ਼ਲ ਪ੍ਰੋਗਰਾਮ ਬਣਾ ਰਹੀ ਹੈ। ਜਿੰਨੀ ਜਲਦੀ ਹੋ ਸਕੇਗਾ ਇਹ ਤਿਆਰ ਕਰਾਂਗੇ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਿੰਡ ਸਿੱਟਾ ਤੋਂ ਬਾਰੀਵਾਲ ਜੋ ਸੜਕ ਹੈ ਅਤੇ ਇਸ ਦੇ ਵਿਚ ਜੋ ਨਦੀ ਚਲਦੀ ਹੈ ਗੱਡੇ ਇਸ ਨਦੀ ਦੇ ਵਿਚ ਚਲਦੇ ਹਨ ਕੀ ਸਰਕਾਰ ਇਸ ਤੇ ਕੋਈ ਪੁੱਲ ਬਣਾਉਣ ਦਾ ਪ੍ਰਬੰਧ ਕਰੇਗੀ?

ਸ਼੍ਰੀ ਸਪੀਕਰ : ਇਸ ਵਾਸਤੇ ਤੁਸੀਂ ਲਿੱਖ ਕੇ ਨੋਟਿਸ ਦੇ ਦਿਓ। (Please give a notice in writing in this regard.)

ਡਾਕਟਰ ਅਮੀਰ ਸਿੰਘ ਕਲਕਟ : ਜਿਹੜੇ ਕੰਡੀ ਅਤੇ ਬੈਕਵਰਡ ਏਰੀਆਜ਼ ਹਨ, ਉਨ੍ਹਾਂ ਨੂੰ ਪਰੈਫ਼ਰੈਂਸ ਦਿੱਤੀ ਜਾ ਰਹੀ ਹੈ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਹੁਸ਼ਿਆਰਪੁਰ ਵਿਚ ਕੰਡੀ ਦੇ ਅਤੇ ਬੈਕਵਰਡ ਏਰੀਆਜ਼ ਹਨ ਉਨ੍ਹਾਂ ਤਰਫ਼ ਹਾਲੇ ਤਕ ਕੋਈ ਪੁੱਲ

ਨਹੀਂ ਬਣਾਇਆ । ਕੰਡੀ ਦੇ ਏਰੀਆਜ਼ ਨੂੰ ਆਜ਼ਾਦੀ ਮਿਲਣ ਤੋਂ ਬਾਅਦ ਸਿਵਿਲਾਈਜ਼ੇਸ਼ਨ ਦੀ ਲੋਅ ਤਕ ਨਹੀਂ ਮਿਲੀ । ਇਨ੍ਹਾਂ ਨੇ ਜਿਹੜੀ ਅਸ਼ੋਰੈਂਸ ਦਿੱਤੀ ਹੈ, ਕੀ ਸਰਕਾਰ ਉਸ ਨੂੰ ਪਰੈਕਟੀਕਲ ਸ਼ੇਪ ਦੇਵੇਗੀ ?

ਰਾਜ ਮੰਤਰੀ : ਸਪੀਕਰ ਸਾਹਿਬ, ਹੁਸ਼ਿਆਰਪੁਰ ਵਿਚ ਅਸੀਂ ਸਪੈਸ਼ਲ ਪ੍ਰੋਗਰਾਮ ਸ਼ੁਰੂ ਕੀਤਾ ਹੈ। ਚੋਆਂ ਜਿਹੜੀਆਂ ਕਿ ਬਹੁਤ ਦੁਖਦਾਈ ਹਨ ਉਨ੍ਹਾਂ ਦਾ ਅਸੀਂ ਪ੍ਰਬੰਧ ਪੁੱਲ ਬਣਾ ਕੇ ਕਰਾਂਗੇ। ਮੈਂ ਡਾਕਟਰ ਸਾਹਿਬ ਨੂੰ ਦਸਦਾ ਹਾਂ ਕਿ ਹੁਣ ਵੀ ਕੁਝ ਪੁੱਲ ਕੰਪਲੀਟ ਹੋ ਚੁਕੇ ਹਨ ਅਤੇ ਕੁਝ ਸ਼ੁਰੂ ਹੋਣ ਵਾਲੇ ਹਨ ।

ਸਰਦਾਰ ਰਣਧੀਰ ਸਿੰਘ ਚੀਮਾ : ਸਰਕਾਰ ਨੇ ਐਲਾਨ ਕੀਤਾ ਸੀ ਕਿ ਸਾਰੀਆਂ ਲਿੰਕ ਰੋਡਜ਼ 1974 ਤਕ ਬਣਾ ਦਿਆਂਗੇ ਅਤੇ ਇਸ ਵਾਸਤੇ ਸਾਰਿਆਂ ਐਮ. ਐਲ. ਏਜ਼. ਤੋਂ ਲਿਸਟ ਵੀ ਮੰਗੀ ਗਈ ਸੀ ਪਰ ਫ਼ਿਰ ਵੀ ਹੁਣ ਤਕ 4 ਹਜ਼ਾਰ ਲਿੰਕ ਰੋਡਜ਼ ਰਹਿ ਗਈਆਂ ਹਨ । ਤਿੰਨ ਸਰਕਲ ਇਨ੍ਹਾਂ ਨੇ ਬੰਦ ਕਰ ਦਿੱਤੇ ਹਨ।

ਸ਼੍ਰੀ ਸਪੀਕਰ : ਤੁਸੀਂ ਸਵਾਲ ਕਰੋ ਇਹ ਤਾਂ ਕੋਈ ਸਵਾਲ ਨਹੀਂ । (Please put a proper supplementary. This is not a supplementary question.)

Application from some residents of village Hans, District Ludhiana

***2065. Master Chand Singh** : Will the Minister of State for Development be pleased to state whether the then Minister-in-charge, Development, Punjab, received any application dated 19th April, 1973 from some residents of village Hans (Ludhiana) for converting the said village into Jayanti village; if so, a copy of the same be laid on the Table of the House ?

Sardar Santokh Singh Randhawa : Yes. A copy of the application dated 19th April, 1973 received from Shri Kirpal Singh Lt. I.N.A., Member, Panchayat Samiti, Village and Post Office, Hans (District Ludhiana) for converting village "Hans" into a Jayanti village is placed on the Table of the House.

[ਜੀ ਹਾਂ ਸ੍ਰੀ ਕਿਰਪਾਲ ਸਿੰਘ ਲੈਫਟੀਨੈਂਟ, ਆਈ. ਐਨ. ਏ. ਮੈਂਬਰ, ਪੰਚਾਇਤ ਸੰਮਤੀ, ਪਿੰਡ ਅਤੇ ਡਾਕਖਾਨਾ ਹਾਂਸ, ਬਲਾਕ ਜਗਰਾਉਂ ਦੀ ਅਰਜ਼ੀ ਮਿਤੀ 19 ਅਪ੍ਰੈਲ, 1973 ਜਿਸ ਰਾਹੀਂ ਉਨ੍ਹਾਂ ਨੇ ਹਾਂਸ ਪਿੰਡ ਨੂੰ ਜੈਂਤੀ ਪਿੰਡ ਵਿਚ ਤਬਦੀਲ ਕਰਨ ਲਈ ਬੇਨਤੀ ਕੀਤੀ ਸੀ, ਦੀ ਨਕਲ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।]

Copy of the Application

Chandigarh,
The 19th April, 1973.

To

The Development Minister,
Punjab.

Subject :—Jayanti Village Scheme.

Sir,

I beg to request you to bring to your notice that you were kind enough to select my village Hans, Block Jagraon, district Ludhiana under the Jayanti Scheme. It is understood that the name of my village has been deleted and some other village Kaunke Kalan has been selected under the said scheme. This decision has adversely affected the residents of my village which has a historical background. Shaheed Uttam Singh alias Ragho Singh was hanged on 18th June, 1916 in the II Lahore Conspiracy Case, in the Shaheed Kartar Singh Saraba case. Moreover 12 men took part in the I. N. A. movement.

[Minister of State for Development]

Kindly look into this and reconsider your decision and accommodate our village. In view of the above facts my Hans village is justified to be taken in the said scheme.

A line in reply is requested.

Yours faithfully,

Sd/-
KIRPAL SINGH Lt. I.N.A.,
Member, Panchayat Samiti,
V. & P. O. Hans, *via* Jagraon,
District Ludhiana.

ਜਯੰਤੀ ਪਿੰਡ ਬਣਾਉਣ ਦੀ ਪੁਰਜ਼ੋਰ ਸਿਫ਼ਾਰਸ਼ ਕੀਤੀ ਜਾਂਦੀ ਹੈ, ਕਿਉਂਕਿ ਇਹ ਪਿੰਡ ਪਹਿਲਾਂ ਲਿਸਟ ਵਿਚ ਸੀ ਪਰ ਬਾਦ ਵਿਚ ਕੱਟ ਦਿੱਤਾ ।

ਸਹੀ . . .,
ਚੰਦ ਸਿੰਘ, 19 ਅਪ੍ਰੈਲ, 1973.
ਐਮ. ਐਲ. ਏ.

ਮਾਸਟਰ ਚੰਦ ਸਿੰਘ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹਾਂਸ ਨੂੰ ਪਹਿਲੇ ਮਿਲਾਇਆ ਗਿਆ ਸੀ ਪਰ ਬਾਅਦ ਵਿਚ ਉਸ ਨੂੰ ਕੱਢ ਦਿੱਤਾ । ਉਸ ਤੋਂ ਬਾਅਦ ਮੈਂ ਸਰਦਾਰ ਕਿਰਪਾਲ ਸਿੰਘ, ਮੈਂਬਰ ਪੰਚਾਇਤ ਨੂੰ ਲੈ ਕੇ ਕੈਪਟਨ ਸਾਹਿਬ ਨੂੰ ਮਿਲਿਆ । ਉਨ੍ਹਾਂ ਨੇ ਵਿਸ਼ਵਾਸ ਦਿਵਾਇਆ ਕਿ ਜਿਹੋ ਜਿਹਾ ਜਯੰਤੀ ਨੂੰ ਬਣਾਇਆ ਗਿਆ ਹੈ ਉਸੇ ਤਰ੍ਹਾਂ ਹੀ ਇਸ ਨੂੰ ਬਣਾਇਆ ਜਾਵੇਗਾ । ਮੈਂ ਪੁੱਛਦਾ ਹਾਂ ਕੀ ਇਹ, ਇਹ ਵਾਇਦਾ ਪੂਰਾ ਕਰਨਗੇ, ਜੇ ਕਰਨਗੇ ਤਾਂ ਕਦੋਂ ਤਕ ਪੂਰਾ ਕਰਨਗੇ । ਇਸ ਦੇ ਨਾਲ ਹੀ ਮੈਂ ਇਹ ਪੁੱਛਦਾ ਹਾਂ ਕਿ ਬਾਕੀ ਪਿੰਡਾਂ ਨੂੰ ਕਦੋਂ ਤਕ ਕੰਪਲੀਟ ਕਰ ਦਿੱਤਾ ਜਾਵੇਗਾ ।

ਰਾਜ ਮੰਤਰੀ, ਵਿਕਾਸ : ਸ਼ੁਰੂ ਵਿਚ ਪਿੰਡ ਹਾਂਸ ਸਰਦਾਰ ਜਗਦੇਵ ਸਿੰਘ ਤਲਵੰਡੀ ਦੇ ਕਹਿਣ ਤੇ ਸ਼ਾਮਲ ਕੀਤਾ ਗਿਆ ਫਿਰ ਪਿੰਡ ਕੰਕੋ ਕਲਾਂ ਨੂੰ ਬਲਾਕ ਵਿਚ ਚੁਣ ਲਿਆ ਅਤੇ ਹਾਂਸ ਪਿੰਡ ਕੈਂਸਲ ਕਰ ਦਿੱਤਾ । 12 ਫਰਵਰੀ, 1973 ਨੂੰ ਉਸ ਵੇਲੇ ਦੇ ਵਿਕਾਸ ਮੰਤਰੀ ਨੇ ਹੁਕਮ ਦਿੱਤਾ ਸੀ ਕਿ ਜੇ ਸੰਭਵ ਹੋਵੇ ਤਾਂ ਜਗਰਾਉਂ ਬਲਾਕ ਵਿਚ ਸ਼ਾਮਲ ਕੀਤਾ ਜਾਵੇ ਅਤੇ ਸਿਧਵਾਂ ਬੇਟ ਬਲਾਕ ਵਿਚ ਕੰਕੋ ਕਲਾਂ ਨੂੰ ਕੈਂਸਲ ਕੀਤਾ ਜਾਵੇ ਜਿਸ ਨੂੰ ਪਹਿਲਾਂ ਲਿਆ ਗਿਆ ਸੀ । ਫਿਰ ਗੋਰਮੀਆਂ ਕਾਦਰ ਦੀ ਚੋਣ ਕੈਂਸਲ ਕਰ ਦਿੱਤੀ ਸੀ । ਫਿਰ ਕ੍ਰਿਪਾਲ ਸਿੰਘ, ਪੰਚਾਇਤ ਮੈਂਬਰ ਨੇ 19 ਅਪ੍ਰੈਲ, 1973 ਨੂੰ ਅਰਜ਼ੀ ਦਿੱਤੀ । ਕੇਸ ਪੜਤਾਲ ਕਰਨ ਤੋਂ ਅਜਿਹਾ ਸੰਭਵ ਨਾ ਹੋਇਆ ਅਤੇ ਕੰਕੋ ਕਲਾਂ ਪਿੰਡ ਚੇਂਜ ਨਾ ਹੋ ਸਕਿਆ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਜੈਂਤੀ ਪਿੰਡਾਂ ਦੀ ਸਕੀਮ ਨੂੰ ਤਿਆਰ ਹੋਇਆਂ ਬਹੁਤ ਅਰਸਾ ਹੋ ਗਿਆ ਹੈ ਪਰ ਅਜੇ ਤਕ ਕੰਮ ਸ਼ੁਰੂ ਨਹੀਂ ਹੋਇਆ । ਕੀ ਇਹ ਇਸ ਦਾ ਕਾਰਨ ਦੱਸਣਗੇ ਕਿ ਕੰਮ ਕਿਉਂ ਨਹੀਂ ਸ਼ੁਰੂ ਕੀਤਾ ਗਿਆ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਆਨਰੇਬਲ ਮੈਂਬਰ ਦੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਜਦੋਂ ਭਾਰਤ ਨੇ 25 ਸਾਲਾ ਸਿਲਵਰ ਜੁਬਲੀ ਮਨਾਈ ਤਾਂ ਭਾਰਤ ਸਰਕਾਰ ਨੇ ਜੈਂਤੀ ਵਿਲੇਜ ਸਕੀਮ ਚਲਾਈ ਸੀ । ਅਸੀਂ ਉਨ੍ਹਾਂ ਨੂੰ ਲਿਖਿਆ ਕਿ ਸਾਨੂੰ ਭਾਵੇਂ ਸੀ. ਡੀ. ਫ਼ੰਡਜ਼ ਵਿਚੋਂ ਹੀ ਪੈਸਾ ਦਿਓ ਪਰ ਦਿਓ ਜ਼ਰੂਰ ਤਾਂਕਿ ਅਸੀਂ ਪਿੰਡਾਂ ਦਾ ਸੁਧਾਰ ਕਰ ਸਕੀਏ । ਅਸੀਂ ਪਿੰਡ ਚੁਣੇ ਸਨ । ਫ਼ੀ ਬਲਾਕ ਇਕ ਪਿੰਡ ਚੁਣਿਆ ਸੀ । ਪਰ ਸੈਂਟਰ ਦੀ ਸਰਕਾਰ ਨੇ ਸਾਨੂੰ ਜਵਾਬ ਦੇ ਦਿਤਾ । ਉਸ ਤੋਂ ਬਾਅਦ ਮੈਂ ਸਬੰਧਤ ਮਹਿਕਮਿਆਂ ਦੇ ਮੁਖੀਆਂ ਦੀਆਂ ਮੀਟਿੰਗ ਬੁਲਾਈ । ਉਸ ਦੇ ਵਿਚ ਮੈਂ ਕਿਹਾ ਕਿ ਪਲਾਨ ਔਰ ਨਾਨ-ਪਲਾਨ ਸਕੀਮਾਂ ਵਿਚੋਂ ਜਿਹੜੀਆਂ ਹੁਣ ਚਲ ਰਹੀਆਂ ਹਨ, ਇਸ ਸਕੀਮ ਦੇ ਮੁਤਾਬਿਕ ਪਿੰਡਾਂ ਵਿਚ ਕੰਮ ਸ਼ੁਰੂ ਕਰ ਦਿਓ । ਉਸ ਦੇ ਮੁਤਾਬਿਕ ਕਈਆਂ ਪਿੰਡਾਂ ਵਿਚ ਕੰਮ ਸ਼ੁਰੂ ਹੋ ਗਿਆ ਹੈ । ਔਰ ਕੁਝ ਵਿਚ ਇਸ ਮਾਲੀ ਸਾਲ ਤੋਂ ਸ਼ੁਰੂ ਹੋ ਜਾਵੇਗਾ ਔਰ ਕੁਝ ਵਿਚ ਅਗਲੇ ਮਾਲੀ ਸਾਲ ਤੋਂ ਸ਼ੁਰੂ ਕੀਤਾ ਜਾਵੇਗਾ ।

ਸਰਦਾਰ ਸੁਰਜੀਤ ਸਿੰਘ ਅਟਵਾਲ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸੈਂਟਰ ਨੇ ਤਾਂ ਇਨ੍ਹਾਂ ਨੂੰ ਜਵਾਬ ਦੇ ਦਿੱਤਾ, ਉਸ ਨੇ ਇਨ੍ਹਾਂ ਨੂੰ ਪੈਸੇ ਨਹੀਂ ਦਿੱਤੇ ਤਾਂ ਕੀ ਇਹ ਆਪਣੇ ਪੈਸੇ ਨਾਲ ਸਾਰੇ ਜੈਂਤੀ ਪਿੰਡਾਂ ਨੂੰ ਇਸ ਸਾਲ ਕੰਪਲੀਟ ਨਹੀਂ ਕਰ ਸਕਦੇ, ਜੇਕਰ ਨਹੀਂ ਕਰ ਸਕਦੇ ਤਾਂ ਫਿਰ ਕਿਤਨੇ ਅਰਸੇ ਦੇ ਅੰਦਰ ਅੰਦਰ ਇਹ ਕੰਮ ਕੰਪਲੀਟ ਕਰ ਦੇਣਗੇ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਵੀ ਦੱਸ ਬੈਠਾ ਹਾਂ ਕਿ ਜਿਉਂ ਜਿਉਂ ਪੈਸਾ ਆਵੇਗਾ ਅਸੀਂ ਕੰਮ ਸ਼ੁਰੂ ਕਰਦੇ ਜਾਵਾਂਗੇ । ਇਸ ਮਸਲੇ ਨੂੰ 31 ਅਕਤੂਬਰ, 1973, ਦੀ ਕੈਬਨਿਟ ਮੀਟਿੰਗ ਵਿਚ ਵੀ ਵਿਚਾਰਿਆ ਗਿਆ ਸੀ ਔਰ ਫ਼ੈਸਲਾ ਹੋਇਆ ਸੀ ਕਿ ਸਬੰਧਤ ਵਿਭਾਗ ਇਸ ਸਕੀਮ ਅਧੀਨ ਪੁੱਜਣ ਵਾਲੀਆਂ ਸਹੂਲਤਾਂ ਨੂੰ ਚਾਲੂ ਵਿੱਤੀ ਸਾਲ ਜਾਂ ਅਗਲੇ ਮਾਲੀ ਸਾਲ ਵਿਚ ਇਸ ਸਕੀਮ ਨੂੰ ਪਹਿਲ ਦੇਣਗੇ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤਾਂ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨਾਲ ਗੌਰਮਿੰਟ ਆਫ਼ ਇੰਡੀਆ ਨੇ ਵਾਇਦਾ ਕੀਤਾ ਸੀ ਉਸ ਤੋਂ ਤਾਂ ਗੌਰਮਿੰਟ ਆਫ਼ ਇੰਡੀਆ ਨੱਸ ਗਈ ਹੈ । ਜਿਹੜੀਆਂ ਸਹੂਲਤਾਂ ਇਹ ਕਹਿੰਦੇ ਹਨ ਕਿ ਜੈਂਤੀ ਵਿਲੇਜ ਸਕੀਮ ਹੇਠ ਪਿੰਡਾਂ ਨੂੰ ਦੇਣੀਆਂ ਹਨ, ਉਹ ਉਹ ਹੀ ਸਹੂਲਤਾਂ ਹਨ ਜਿਹੜੀਆਂ ਕਿ ਆਮ ਪਿੰਡਾਂ ਨੂੰ ਐਕਸਪੈਕੱਟਿਡ ਹਨ :— ਪ੍ਰਾਇਮਰੀ ਸਕੂਲ ਖੋਲ੍ਹਣੇ, ਡਿਸਪੈਂਸਰੀਆਂ ਬਣਾਉਣੀਆਂ ਵਗੈਰਾ, ਇਹ ਸਹੂਲਤਾਂ ਤਾਂ ਸਾਰੇ ਹੀ ਪਿੰਡਾਂ ਨੂੰ ਚਾਹੀਦੀਆਂ ਹਨ । ਇਹ ਇਸ ਤਰ੍ਹਾਂ ਦੀਆਂ ਸਕੀਮਾਂ ਦਾ ਨਾਮ ਲੈ ਕੇ ਐਮ. ਐਲ. ਏਜ਼. ਨੂੰ ਆਪਸ ਵਿਚ ਕਿਉਂ ਲੜਾ ਰਹੇ ਹਨ । ਇਹ ਸਾਰੇ ਪਿੰਡਾਂ ਨੂੰ ਹੀ ਜੈਂਤੀ ਪਿੰਡ ਕਿਉਂ ਨਹੀਂ ਕਹਿ ਦਿੰਦੇ, ਕਿਉਂਕਿ ਇਹ ਤਾਂ ਇਨ੍ਹਾਂ ਨੂੰ ਵੀ ਪਤਾ ਹੈ ਕਿ ਮਿਲਣਾ ਮਿਲਾਣਾ ਤਾਂ ਕੁਝ ਹੈ ਨਹੀਂ । (ਹਾਸਾ)

——————

Panchayat Land sold by the Sarpanch of village Mirza Dialpura, Bhatinda

***2325. Comrade Jangir Singh Joga** : Will the Minister of State for Development be pleased to state—

(a) whether it is a fact that the Sarpanch of village Mirza Dialpura, Sub-Division, Phool, district Bhatinda has sold 2 Kanal 8 Marlas of Panchayat Land without the permission of the Director of Panchayats, Punjab ;

(b) if the answer to part (a) above be in the affirmative, whether any action has been taken or is being taken against the said Sarpanch ;

(c) if no action has been taken, the reasons therefor ?

Sardar Santokh Singh Randhawa : (a) A complaint, dated 15th January, 1973, was received from Shri Malkiat Singh, Panch, Gram Panchayat, Mirza Dialpura, Sub-Division Phool, district Bhatinda, against Shri Bhupinder Singh, Sarpanch, that he has sold 2 Kanal, 7 Marlas Shamlat Land to Sard Co-operative Agricultural Service Society on 19th December,

[Minister of State for Development]

1972, at the cost of Rs 150 only without the permission of the Director of Panchayats, Punjab. It was further alleged that the cost of the said Shamlat Land was about Rs. 3,000.

(b) The original complaint was sent to the Deputy Commissioner, Bhatinda, on 23rd April, 1973, for enquiry and report. The Deputy Commissioner, Bhatinda has been reminded to expedite report. The report of the Deputy Commissioner, Bhatinda, is awaited.

(c) Question does not arise.

[(ੳ) ਸ੍ਰੀ ਮਲਕੀਅਤ ਸਿੰਘ ਪੰਚ ਨੇ ਸ੍ਰੀ ਭੁਪਿੰਦਰ ਸਿੰਘ, ਸਰਪੰਚ, ਗਰਾਮ ਪੰਚਾਇਤ, ਮਿਰਜ਼ਾ ਦਿਆਲਪੁਰਾ, ਸਬ-ਡਵੀਜ਼ਨ ਫੂਲ, ਜ਼ਿਲ੍ਹਾ ਬਠਿੰਡਾ, ਦੇ ਵਿਰੁਧ ਸ਼ਿਕਾਇਤ ਮਿਤੀ 15 ਜਨਵਰੀ, 1973 ਨੂੰ ਕੀਤੀ ਸੀ ਕਿ ਸਰਪੰਚ ਨੇ 2 ਕਨਾਲ 7 ਮਰਲੇ ਸ਼ਾਮਲਾਤ ਜ਼ਮੀਨ ਸਰਦ ਕੋਆਪਰੇਟਿਵ ਐਗਰੀਕਲ-ਚਰ ਸਰਵਿਸ ਸੋਸਾਇਟੀ ਨੂੰ ਮਿਤੀ 19 ਦਸੰਬਰ, 1972, ਨੂੰ ਕੇਵਲ 150 ਰੁਪਏ ਵਿੱਚ ਡਾਇਰੈਕਟਰ, ਪੰਚਾਇਤ, ਪੰਜਾਬ ਦੀ ਮਨਜ਼ੂਰੀ ਤੋਂ ਬਿਨਾਂ ਵੇਚ ਦਿੱਤੀ ਜਦੋਂ ਕਿ ਇਸ ਦੀ ਕੀਮਤ 3,000 ਰੁਪਏ ਦੇ ਕਰੀਬ ਸੀ ।

(ਅ) ਇਹ ਸ਼ਿਕਾਇਤ ਮੂਲ ਰੂਪ ਵਿਚ ਡਿਪਟੀ ਕੀਮਸ਼ਨਰ, ਬਠਿੰਡਾ, ਨੂੰ ਪੜਤਾਲ ਕਰਨ ਅਤੇ ਰਿਪੋਰਟ ਲਈ ਮਿਤੀ 23 ਅਪਰੈਲ, 1973, ਨੂੰ ਭੇਜੀ ਗਈ ਸੀ। ਡਿਪਟੀ ਕਮਿਸ਼ਨਰ, ਬਠਿੰਡਾ, ਨੂੰ ਜਲਦੀ ਰਿਪੋਰਟ ਭੇਜਣ ਲਈ ਯਾਦ ਕਰਵਾਇਆ ਗਿਆ ਸੀ । ਡਿਪਟੀ ਕਮਿਸ਼ਨਰ, ਬਠਿੰਡਾ, ਤੋਂ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ।]

(ੲ) ਸੁਆਲ ਪੈਦਾ ਨਹੀਂ ਹੁੰਦਾ] ।

ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜਦੋਂ ਐਸ. ਡੀ. ਐਮ. ਫੂਲ ਨੇ ਡਿਪਟੀ ਕਮਿਸ਼ਨਰ ਨੂੰ ਅੱਠ ਮਹੀਨੇ ਪਹਿਲਾਂ ਦਾ ਕੇਸ ਭੇਜਿਆ ਹੋਇਆ ਹੈ ਤਾਂ ਕੀ ਕਾਰਨ ਹੈ ਕਿ ਅਜੇ ਤਕ ਉਸ ਦਾ ਫੈਸਲਾ ਨਹੀਂ ਕੀਤਾ ?

ਰਾਜ ਮੰਤਰੀ, ਵਿਕਾਸ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਜਵਾਬ ਵਿਚ ਕਹਿ ਦਿੱਤਾ ਹੈ ਕਿ ਅਸੀਂ ਡਿਪਟੀ ਕਮਿਸ਼ਨਰ ਨੂੰ ਰੀਮਾਈਂਡਰ ਵੀ ਭੇਜਿਆ ਹੈ ਪਰ ਸਾਨੂੰ ਉਸ ਵਲੋਂ ਇਨਫਰਮੇਸ਼ਨ ਨਹੀਂ ਆਈ। ਇਨਫਰਮੇਸ਼ਨ ਆਉਣ ਤੇ ਅਸੀਂ ਡੀਸੀਜ਼ਨ ਕਰ ਦਿਆਂਗੇ ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਸਿਰਫ ਇਨਕੁਆਇਰੀ ਕਰਨਾ ਕਿਸੇ ਦੇ ਬਿਆਨ ਨੂੰ ਲਿਖਣਾ ਹੈ ਔਰ ਇਸ ਵਿਚ ਇਹ ਪਤਾ ਹੀ ਕਰਨਾ ਹੈ ਕਿ ਆਇਆ ਰਜਿਸਟਰੀ ਹੋਈ ਹੈ ਜਾਂ ਕਿ ਨਹੀਂ। 24 ਅਪਰੈਲ, 1973 ਦਾ ਡਿਪਟੀ ਕਮਿਸ਼ਨਰ ਪਾਸ ਕੇਸ ਗਿਆ ਹੋਇਆ ਹੈ । ਆਇਆ ਵਜ਼ੀਰ ਸਾਹਿਬ, ਉਸ ਡਿਪਟੀ ਕੀਮਸ਼ਨਰ ਦੀ ਐਕਸਪਲੇਨੇਸ਼ਨ ਕਾਲ ਕਰਨਗੇ ਕਿ ਉਸ ਨੇ ਅਜੇ ਤਕ ਰਿਪੋਰਟ ਕਿਉਂ ਨਹੀਂ ਭੇਜੀ ?

ਰਾਜ ਮੰਤਰੀ : ਮੈਂ ਤਾਂ ਅਗੇ ਵੀ ਕਿਹਾ ਹੈ ਕਿ ਰੀਮਾਈਂਡਰ ਭੇਜਿਆ ਹੋਇਆ ਹੈ ਔਰ ਹੁਣ ਦੁਬਾਰਾ ਲਿਖਾਂਗੇ ਕਿ ਉਸ ਨੇ ਰਿਪੋਰਟ ਕਿਉਂ ਨਹੀਂ ਭੇਜੀ ?

ਸ੍ਰੀ ਸਪੀਕਰ : ਮੈਂ ਵਜ਼ੀਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਕ ਸਾਲ ਦਾ ਡਿਪਟੀ ਕਮਿਸ਼ਨਰ ਨੂੰ ਲਿਖਿਆ ਹੋਇਆ ਕਿ ਉਹ ਇਨਕੁਆਇਰੀ ਕਰਕੇ ਰਿਪੋਰਟ ਭੇਜੇ ਪਰ ਇਕ ਸਾਲ ਵਿਚ ਰਿਪੋਰਟ

ਨਹੀਂ ਭੇਜੀ ਗਈ, ਇਹ ਗੱਲ ਸ਼ੋਭਾ ਨਹੀਂ ਦਿੰਦੀ । ਇਸ ਲਈ ਮੈਂ ਇਹ ਸਵਾਲ ਸੱਸਪੈਂਡ ਕਰਦਾ ਹਾਂ । ਇਸ ਉਪਰ ਇਕ ਹਫ਼ਤੇ ਬਾਅਦ ਸਪਲੀਮੈਂਟਰੀ ਹੋਣਗੇ । ਇਤਨੀ ਦੇਰ ਤਕ ਤੁਸੀਂ ਡਿਪਟੀ ਕਮਿਸ਼ਨਰ ਪਾਸੋਂ ਜਵਾਬ ਮੰਗਵਾ ਲੈਣਾ । (ਥੰਪਿੰਗ) (I may point out to the hon. Minister that even after one year of asking the Deputy Commissioner to make enquiries into the matter and send the report, the same is still awaited. I, therefore, suspend this question and the supplementaries thereon be put after one week. In the meanwhile the hon. Minister may please get the report from the Deputy Commissioner. (*Thumping*)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਨਾਬ ਅੱਜ ਤੁਸਾਂ ਸਪੀਕਰੀ ਦੀ ਸ਼ਾਨ ਵਿਖਾਈ ਹੈ । (ਥੰਪਿੰਗ)

ਸਰਦਾਰ ਕਰਨੈਲ ਸਿੰਘ ਮਰੜੀ: ਸਪੀਕਰ ਸਾਹਿਬ, ਮੈਂ ਵੀ ਇਸ ਗੱਲ ਦੀ ਸ਼ਲਾਘਾ ਕਰਦਾ ਹਾਂ ਕਿ ਤੁਸੀਂ ਬੜਾ ਚੰਗਾ ਕੰਮ ਕੀਤਾ ਹੈ ।

————

Letter from a Legislator regarding selection of villages under the Environmental Improvement Schemes for Harijan Bastis

***2372. Comrade Raj Kumar :** Will the Minister of State for Social Welfare be pleased to state—

(a) whether she received from a legislator, a letter, dated 10th December, 1973 regarding allegation of discrimination in the selection of villages for improvement under the Environmental Improvement Schemes for Harijan Bastis during the year 1973; if so, a copy thereof be laid on the Table of the House;

(b) whether the said allegation has been looked into ; if so, whether any responsibility has been fixed on any one for the alleged discrimination ;

(c) the detailed measures adopted by the Government to stop recurrence of such practices in future ?

Miss Sarla Prasher : (a) Yes. (Copy enclosed).

(b) Yes, the scheme called Environmental Improvement of Harijan Bastis was introduced in the year 1972-73 and the names of such villages as were recommended by various M.L.As. and which were eligible under the rules were included in the scheme for the year 1972-73. The allegation alleged in the letter, dated 10th December, 1973 is, thus, without any foundation, as villages under the scheme were not selected on the basis of the Constituencies in which they happened to be located. The question, therefore, of the fixing of responsibility for the alleged discrimination does not arise.

(c) In view of what has already been said the question does not arise.

[Minister of State for Social Welfare]

[(ੳ) ਹਾਂ ਜੀ (ਕਾਪੀ ਨਾਲ ਨੱਥੀ ਹੈ)

(ਅ) ਹਾਂ ਜੀ, ਹਰੀਜਨ ਬਸਤੀ ਸੁਧਾਰ ਸਕੀਮ ਸਾਲ 1972-73 ਵਿਚ ਲਾਗੂ ਕੀਤੀ ਗਈ ਸੀ ਅਤੇ ਅਜਿਹੇ ਪਿੰਡਾਂ ਦੇ ਨਾਂ, ਜਿਹੜੇ ਵੱਖ ਵੱਖ ਐਮ. ਐਲ. ਏਜ਼. ਨੇ ਸਿਫਾਰਸ਼ ਕੀਤੇ ਸਨ ਅਤੇ ਜਿਹੜੇ ਯੋਗ ਸਨ ਉਨ੍ਹਾਂ ਨੂੰ ਰੂਲਾਂ ਅਧੀਨ ਸਾਲ 1972-73 ਲਈ ਸਕੀਮ ਵਿਚ ਸ਼ਾਮਲ ਕੀਤਾ ਗਿਆ। ਇਸ ਤਰ੍ਹਾਂ ਪੱਤਰ ਮਿਤੀ 10 ਦਸੰਬਰ, 1973 ਵਿਚ ਲਗਾਏ ਦੋਸ਼ ਨਿਰਮੂਲ ਹਨ ਕਿਉਂਕਿ ਹਲਕੇ ਦੇ ਆਧਾਰ ਤੇ, ਜਿਨ੍ਹਾਂ ਵਿਚ ਉਹ ਆਉਂਦੇ ਹੋਣ, ਸਕੀਮ ਅਧੀਨ ਪਿੰਡ ਨਹੀਂ ਚੁਣੇ ਜਾਂਦੇ । ਇਸ ਲਈ ਵਿਤਕਰੇ ਦੇ ਦੂਸ਼ਨ ਸਬੰਧੀ ਜੁਮੇਵਾਰੀ ਨਿਸਚਤ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ।

(ੲ) ਉਪਰੋਕਤ ਦੱਸੇ ਨੂੰ ਮੁੱਖ ਰੱਖਦੇ ਹੋਏ, ਸਵਾਲ ਹੀ ਪੈਦਾ ਨਹੀਂ ਹੁੰਦਾ ।]

Copy of the Letter

From

Comrade Raj Kumar, M.L.A.,
345, Sector 21-A, Chandigarh.

To

Miss Sarla Prasher,
Minister for Social and Harijan Welfare,
Punjab, Chandigarh.

No. 2170, dated Chandigarh, the 12th December, 1973.

Subject :—Villages selected for improvement under the environmental improvement schemes for Harijan Bastis.

Memo.

In reply to question No. 1765, the then Minister for Social and Harijan Welfare Shri Gurmail Singh named certain villages in Gurdaspur District as having been selected under the above mentioned scheme for the year 1972-73 for (i) paving of streets and provision of surface drains; (ii) removal of Rooris and purchase of sites thereof (iii) construction of community baths with adequate arrangements for water supply (iv) development of ponds, etc. for bathing tanks and fisheries, (v) and development of parks etc.

These villages are : (1) Behrampur, (2) Dalia, (3) Kalichpur, (4) Ghasitpur, (5) Sarupwali, (6) Bali, (7) Hassanpur, (8) Deburji, (9) Paniar, (10) Padoma, (11) Sujjanpur Ward No. I, (12) Ward No. 2, (13) Ward No. 9, (14) Panjote, (15) Mohalla Mandi Sahib Dera Baba Nanak, (16) Kotli Soorat Mallhi and (17) Bhagowal.

It goes without saying that all these villages fall in Assembly Constituencies which are held by Congressmen. Not one village belonging to my constituency nor of constituency belonging to Akali M.L.As. is included in it. Thus a sum of Rs 4,52,843 of the State funds has been set apart with a view to politically benefit M.L.As. belonging to the ruling party alone. It is a discrimination against M.L.As. of other parties in the House.

I do not know if at this stage you can do anything to undo this obvious wrong. But still it must be pointed out that this pattern of administering public funds fails to reveal genuine concern for Harijan Community as such. It is a revealing of attitude which smacks of partisan behaviour. I want to be assured that decisions, which would be taken when you are in charge of the portfolio, would reflect protection of interests of all parties in the House from each district. Here under, I am suggesting some villages of my constituency for selection under the scheme :—

(1) Fatehnangal Gram Panchayat (Dhariwal Block).

(2) Kotla Chahlan Gram Panchayat.

(3) Babri Gram Panchayat.

(4) Dhariwal Wards No. (8-A) and (No. 10).

I will much appreciate if the needful is done now.

Sd/-
(RAJ KUMAR, M.L.A.).

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬਾ ਨੂੰ ਲਿਖਿਆ ਸੀ ਕਿ ਗੁਰ-ਦਾਸਪੁਰ ਦੇ ਜ਼ਿਲ੍ਹੇ ਵਿਚੋਂ ਜਿਹੜੇ 17 ਪਿੰਡ ਚੁਣੇ ਹਨ ਉਨ੍ਹਾਂ ਵਿਚੋਂ ਇਕ ਵੀ ਪਿੰਡ ਐਸਾ ਨਹੀਂ ਹੈ ਜਿਹੜਾ ਕਿ ਕਾਂਗਰਸੀ ਐਮ. ਐਲ. ਏਜ਼ ਤੋਂ ਸਿਵਾ ਕਿਸੇ ਹੋਰ ਪਾਰਟੀ ਦੇ ਐਮ. ਐਲ. ਏ. ਦੇ ਹਲਕੇ ਵਿਚ ਹੋਵੇ । ਇਨ੍ਹਾਂ ਵਿਚੋਂ ਇਕ ਵੀ ਪਿੰਡ ਐਸਾ ਨਹੀਂ ਹੈ ਜਿਹੜਾ ਕਿ ਮੇਰੇ ਹਲਕੇ ਵਿਚ ਹੋਵੇ, ਕਿਉਂਕਿ ਮੈਂ ਕਾਂਗਰਸ ਨਾਲ ਤੁਅੱਲਕ ਨਹੀਂ ਰਖਦਾ । ਇਹ ਡਿਸਕਰੀਮੀਨੇਸ਼ਨ ਕੀਤੀ ਗਈ ਹੈ । ਜੇਕਰ ਇਹ ਡਿਸਕਰੀਮੀਨੇਸ਼ਨ ਨਹੀਂ ਹੈ ਤਾਂ ਵਜ਼ੀਰ ਸਾਹਿਬਾ ਇਹ ਦੱਸਣ ਕਿ ਹੋਰ ਕੀ ਕਾਰਨ ਹੈ ਕਿ ਜਿਤਨੇ ਵੀ ਪਿੰਡ ਇਸ ਸਕੀਮ ਦੇ ਹੇਠ ਚੁਣੇ ਗਏ ਹਨ, ਜਿਨ੍ਹਾਂ ਵਾਸਤੇ 4 ਲੱਖ 52 ਹਜ਼ਾਰ 843 ਰੁਪਏ ਰਖੇ ਗਏ ਹਨ ਉਨ੍ਹਾਂ ਪਿੰਡਾਂ ਵਿਚੋਂ ਇਕ ਵੀ ਪਿੰਡ ਮੇਰੇ ਹਲਕੇ ਵਿਚੋਂ ਨਹੀਂ ਚੁਣਿਆ ਗਿਆ ?

ਰਾਜ ਮੰਤਰੀ, ਸਮਾਜ ਭਲਾਈ : ਸਪੀਕਰ ਸਾਹਿਬ, ਜਿਹੜਾ ਰਾਜ ਕੁਮਾਰ ਜੀ ਨੇ ਪੱਤਰ ਲਿਖਿਆ ਹੈ ਉਹ ਇਸੇ ਟਾਈਪ ਦਾ ਹੈ। ਇਸ ਸਕੀਮ ਹੇਠ ਸੰਨ 1972-73 ਲਈ ਜਿਤਨੇ ਪਿੰਡ ਲੈਣੇ ਸਨ ਉਹ ਚੁਣੇ ਜਾ ਚੁੱਕੇ ਸਨ ਜਿਸ ਵੇਲੇ ਕਿ ਇਨ੍ਹਾਂ ਦਾ ਪੱਤਰ ਆਇਆ ਸੀ। ਔਰ ਉਸ ਵੇਲੇ ਫੰਡਜ਼ ਵੀ ਨਹੀਂ ਸਨ, ਇਸ ਲਈ ਉਨ੍ਹਾਂ ਦੇ ਹਲਕੇ ਵਿਚੋਂ ਕੋਈ ਪਿੰਡ ਨਹੀਂ ਚੁਣਿਆ ਗਿਆ।

10.00 A.M.

ਕਾਮਰੇਡ ਸੱਤ ਪਾਲ ਡਾਂਗ: ਜਿਹੜੀਆਂ 1972-73 ਵਿਚ ਸਰਦਾਰ ਗੁਰਮੇਲ ਸਿੰਘ ਨੇ ਕੀਤੀਆਂ ਸਨ, ਉਨ੍ਹਾਂ ਦਾ ਕਰਾਈਟੇਰੀਆ ਕੀ ਸੀ ? ਜਾਂ ਇਹ ਕਹਿਣ ਕਿ ਸ੍ਰੀ ਗੁਰਮੇਲ ਸਿੰਘ ਨੇ ਗਲਤ ਕੀਤਾ ਸੀ ਅਤੇ ਉਨ੍ਹਾਂ ਨੇ ਸਾਰੇ ਗਲਤ ਕੰਮ ਕੀਤੇ। (ਅਕਾਲੀ ਮੈਂਬਰਾਂ ਵਲੋਂ ਥੰਪਿੰਗ)

ਵਿਦਿਆ ਮੰਤਰੀ : ਅਸੀਂ ਧਰਮਸ਼ਾਲਾਵਾਂ ਜਾਂ ਹਰੀਜਨ ਬਸਤੀਆਂ ਦੀ ਇੰਪਰੂਵਮੈਂਟ ਬਾਰੇ.........

ਸਰਦਾਰ ਜਸਦੇਵ ਸਿੰਘ ਸੰਧੂ : ਇਹ ਧਰਮਸ਼ਾਲਾ ਨਹੀਂ ਹੈ।

ਮੰਤਰੀ : ਪਿੰਡਾਂ ਨੂੰ ਐਨਵਾਇਰਨਮੈਂਟਲ ਸਕੀਮ ਵਿਚ ਸ਼ਾਮਲ ਕਰਨ ਲਈ ਐਮ. ਐਲ. ਏਜ਼. ਦੀ ਰਾਏ ਵੀ ਜ਼ਰੂਰ ਲੈਂਦੇ ਹਾਂ...............

ਸਰਦਾਰ ਜਸਦੇਵ ਸਿੰਘ ਸੰਧੂ : ਇਹ ਗ਼ਲਤ ਹੈ ।

ਮੰਤਰੀ : ਲੇਕਿਨ ਸਰਕਾਰ ਹਲਕਿਆਂ ਵਾਈਜ਼ ਡਿਸਟਰੀਬਿਊਸ਼ਨ ਨਹੀਂ ਕਰਦੀ ਹੈ, ਅਸੀਂ ਹਲਕਾ-ਵਾਈਜ਼ ਫਿਗਰਜ਼ ਨਹੀਂ ਰਖਦੇ ਹਾਂ । ਅਸੀਂ ਇਸ ਬਾਰੇ ਕੋਈ ਸਿਸਟਮ ਇਵਾਲਵ ਨਹੀਂ ਕੀਤਾ ਹੈ ਕਿ ਕਿੰਨੀਆਂ ਧਰਮਸ਼ਾਲਾਵਾਂ ਅਤੇ ਕਿੰਨਿਆਂ ਪਿੰਡਾਂ ਨੂੰ ਇਨਕਲੂਡ ਕਰਨਾ ਹੈ, ਇਨ੍ਹਾਂ ਨੇ ਭਾਵੇਂ ਕੀਤਾ ਹੋਵੇਗਾ । ਸਾਡੀ ਤਾਂ ਫੇਅਰ ਡਿਸਟਰੀਬਿਊਸ਼ਨ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਤੁਹਾਡੀ ਅਨ ਫੇਅਰ ਡਿਸਟਰੀਬਿਊਸ਼ਨ ਹੈ।

Mr. Speaker : Question Hour is over. Further supplementary questions on Starred Question No. 2372 will be allowed tomorrow. The remaining questions shall be deemed to have been answered under rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Passenger Buses being plied on Bhatinda-Malout Route

***2395. Sardar Surjit Singh Sidhu :** Will the Minister of State for Transport and Civil Aviation be pleased to state—

(a) the number of passenger buses being plied on the Bhatinda-Malout route ;

(b) whether any trips of the buses on the said route were cancelled during the year 1973 ; if so, their number monthwise;

(c) whether there is any proposal under the consideration of the Government to allow any private bus company also to ply its buses, keeping in view the increasing number of passengers on the said route; if so, the name of such company, if not, the reasons therefor ?

Sardar Dilbagh Singh Daleke : (a) Twenty-two buses.

(b) No, Sir.

(c) No, Sir. There is monopoly operation of P.R.T.C. on this route and the number of bus services is considered adequate at the moment.

[(ੳ) 22 ਬੱਸਾਂ
(ਅ) ਨਹੀਂ ਜੀ ।

(ੲ) ਨਹੀਂ ਜੀ । ਰੂਟ ਤੇ ਕੇਵਲ ਪੀ. ਆਰ. ਟੀ. ਸੀ ਦੀਆਂ ਬੱਸਾਂ ਚੱਲਦੀਆਂ ਹਨ ਅਤੇ ਇਸ ਉਤੇ ਚੱਲ ਰਹੀਆਂ ਬੱਸਾਂ ਦੀ ਗਿਣਤੀ ਹਾਲ ਦੀ ਘੜੀ ਕਾਫੀ ਹੈ ।]

Proposed construction of Bus Stand by State Government at Delhi

***2401. Sardar Surjit Singh Sidhu :** Will the Minister of State for Transport and Civil Aviation be pleased to state whether the Punjab Government proposes to construct its own bus stand at Delhi ?

Sardar Dilbagh Singh Daleke : No Sir. [ਨਹੀਂ ਜੀ ।]

Samples of Vanaspati seized in the State during 1973

***2082. 1. Com. Dana Ram**
2. Com. Satya Pal Dang } Will the Minister of State for Health and Family Planning be pleased to state—

(a) the number of samples of Vanaspati seized in the State during the year 1973 districtwise ;

(b) the number of samples out of those referred to in part (c) above which were of the Vanaspati Ghee manufactured by the Markfed Factory at Khanna (Sohna Ghee) ;

(c) the number of samples found upto the mark and of those which were found defective ;

(d) whether any action in the case of the said defective samples was taken by the Government against the Management of the Markfed Factory; if so, the details thereof ?

Sardar Balbir Singh : (a), (b) and (c) A statement is laid on the **Table of the House.**

(d) Prosecutions have been launched in Court in all the four cases of Markfed, Khanna (Sohna Brand) adulterated Samples of Vanaspati.

[(ੳ), (ਅ), (ੲ) ਇੱਕ ਸਟੇਟਮੈਂਟ ਸਭਾ ਦੇ ਮੇਜ਼ ਤੇ ਰੱਖੀ ਜਾਂਦੀ ਹੈ ।

(ਸ) ਮਾਰਕਫੈਡ, ਖੰਨਾ (ਸੋਹਣਾ ਬਰਾਂਡ) ਦੇ ਚਾਰੇ ਮਿਲਾਵਟਦਾਰ) ਨਮੂਨਿਆਂ ਦੇ ਕੇਸ ਅਦਾਲਤ ਵਿਚ ਦਾਇਰ ਕੀਤੇ ਗਏ ਹਨ ।]

STATEMENT

Statement showing the Vanaspati seized and analysed from 1st January, 1973 to 31st December, 1973

Name of District ਜ਼ਿਲ੍ਹੇ ਦਾ ਨਾਮ			Total No. seized ਤਾਦਾਦ ਕੁਲ ਬਨਾਸਪਤੀ ਸੈਂਪਲ Seized ਫੜੇ ਗਏ	Samples of Sohna Brand ਸੋਹਣਾ ਬਰਾਂਡ ਦੇ ਨਮੂਨੇ Genuine ਠੀਕ	Adulterated ਮਿਲਾਵਟ ਦਾਰ	other Brands of Vanaspati ਬਾਕੀ ਬਨਾਸਪਤੀ ਮਾਰਕੇ	Genuine ਠੀਕ	Adulterated ਮਿਲਾਵਟ ਦਾਰ
1. Sangrur	(ਸੰਗਰੂਰ)	..	10	1	1	..	3	6
2. Patiala	(ਪਟਿਆਲਾ)	..	22	3	..	3	6	13
3. Bhatinda	(ਬਠਿੰਡਾ)	..	2	1	1	..	..	1
4. Kapurthala	(ਕਪੂਰਥਲਾ)	..	6	..	..	..	2	4
5. Ludhiana	(ਲੁਧਿਆਣਾ)	..	8	1	1	..	3	4
6. Gurdaspur	(ਗੁਰਦਾਸਪੁਰ)	..	3	..	..	..	..	3
7. Ropar	(ਰੋਪੜ)	..	..	..	..	..	..	..
8. Ferozepur	(ਫ਼ਿਰੋਜ਼ਪੁਰ)	..	1	..	..	..	1	..
9. Faridkot	(ਫ਼ਰੀਦਕੋਟ)	..	3	..	..	..	3	..
10. Jullundur	(ਜਲੰਧਰ)	..	7	..	..	..	..	7
11. Amritsar	(ਅੰਮ੍ਰਿਤਸਰ)	..	9	..	..	..	8	1
12. Hoshiarprur	(ਹੁਸ਼ਿਆਰਪੁਰ)	..	11	1	..	1	8	2
Total	ਜੋੜ	..	82	7	3	4	34	41

Health Centres and Rural Dispensaries in Bhatinda District.

*2326. **Comrade Jangir Singh Joga:** Will the Minister of State for Health and Family Planning be pleased to state—

(a) the total numbeı of Health Centres and Rural Dispensaries in Bhatinda District at present;

(b) the number of the said centres/dispensaries which are without doctors and since when;

(c) the steps being taken to post doctors there in;

(d) whether the Government is considering any proposal to open any new Rural Dispensaries/Health centres in the said district; if so, their number in each case and the time by which these are likely to be opened ?

Sardar Balbir Singh: (a) The requisite information is as under:

P.H.C.	Rural dispensaries
9	26

(In addition there are 33 Ayurvedic dispensaries).

(b) One P.H.C. (since October, 1973) and 13 dispensaries (since November 1973) were without doctors.

(c) Posting orders in respect of all but one dispensary have been issued from the candidates recommended by the Punjab Public Service Commission.

(d) No please. Not during 1973-74.

[(ੳ) ਲੋੜੀਂਦੀ ਸੂਚਨਾ ਇਸ ਤਰ੍ਹਾਂ ਹੈ :—

ਮੁੱਢਲਾ ਸਿਹਤ ਕੇਂਦਰ	ਦਿਹਾਤੀ ਡਿਸਪੈਂਸਰੀਆਂ
9	26

ਇਸ ਤੋਂ ਇਲਾਵਾ 33 ਆਯੁਰਵੈਦਿਕ ਡਿਸਪੈਂਸਰੀਆਂ ਵੀ ਹਨ ।

(ਅ) ਇੱਕ ਮੁਢਲਾ ਸਿਹਤ ਕੇਂਦਰ (ਅਕਤੂਬਰ, 1973 ਤੋਂ) ਅਤੇ 13 ਡਿਸਪੈਂਸਰੀਆਂ (ਨਵੰਬਰ 1973 ਤੋਂ) ਡਾਕਟਰਾਂ ਤੋਂ ਬਿਨਾਂ ਸਨ ।

(ੲ) ਇਕ ਡਿਸਪੈਂਸਰੀ ਤੋਂ ਬਿਨ੍ਹਾਂ ਬਾਕੀ ਸਾਰੇ ਥਾਵਾਂ ਤੇ ਪੰਜਾਬ ਲੋਕ ਸੇਵਾ ਕੀਮਸ਼ਨ ਵਲੋਂ ਸਿਫਾਰਸ਼ ਕੀਤੇ ਉਮੀਦਵਾਰਾਂ ਵਿਚੋਂ ਮੈਡੀਕਲ ਅਫਸਰ ਨਿਯੁਕਤ ਕਰਨ ਦੇ ਹੁਕਮ ਜਾਰੀ ਕਰ ਦਿਤੇ ਗਏ ਹਨ ।

(ਸ) ਨਹੀਂ ਜੀ । 1973-74 ਵਿਚ ਨਹੀਂ ।]

Compensation for land Acquired for a Drain Passing Through village Raisar, District Sangrur

(b) whether it is also a fact that the rise in prices of foodgrains is mainly for the reasons that there are no fair price shops in the villages causing widespread hardships to the poor people ; if so, the steps proposed to be taken to remove these hardships ?

Sardar Gurdarshan Singh : (a) (i) The Market price of wheat ranges between Rs. 90 per quintal and Rs. 110 per quintal. Therefore, Rs. 110 per quintal is not the ruling rate in the State, but the maximum rate of wheat in the markets in the State.

(ii) Maize is selling at Rs. 90 per quintal.

(b) No Sir.

[(ੳ) (1) ਕਣਕ ਦਾ ਭਾਅ ਮਾਰਕਿਟ ਵਿਚ 90 ਰੁਪਏ ਪ੍ਰਤੀ ਕੁਵਿੰਟਲ ਅਤੇ 110 ਰੁਪਏ ਪ੍ਰਤੀ ਕੁਵਿੰਟਲ ਦੀ ਰੇਂਜ ਵਿਚ ਹੈ । ਇਸ ਲਈ 110 ਰੁਪਏ ਪ੍ਰਤੀ ਕੁਵਿੰਟਲ ਰਾਜ ਵਿਚ ਪ੍ਰਚੱਲਤ ਭਾਅ ਨਹੀਂ ਬਲਕਿ ਵੱਧ ਤੋਂ ਵੱਧ ਭਾਅ ਹੈ ।

(2) ਮੱਕੀ ਦਾ ਪ੍ਰਚੱਲਤ ਭਾਅ 90 ਰੁਪਏ ਪ੍ਰਤੀ ਕੁਵਿੰਟਲ ਹੈ ।

(ਅ) ਨਹੀਂ ਜੀ ।]

Sewerage System in Towns in the State

781. Comrade Satya Pal Dang : Will the Minister for Finance be pleased to state:—

(a) the names of towns where work connected with the sewerage system for disposal of sullage water etc. has already been completed/partially completed ;

(b) the names of the towns (Municipal Committees) where work connected with the construction of sewerages for the disposal of sullage water etc. has been started during the year 1973-74 ?

Shri Hans Raj Sharma : (a) 1. Patiala
2. Khanna.
3. Malerkotla.
4. Bhatinda.
5. Ludhiana.

(b) Nil.

Schools without Principals/Headmasters

782. Sardar Gurdev Singh Badal : Will the Minister for Education be pleased to state—

(a) the number of Government Schools which are without Principals and Headmasters in the State at present;

(b) whether it is a fact that five Higher Secondary Schools and nine High Schools are wihtout Principals/Headmasters in Faridkot District at present ?

Shri Gurmail Singh : (a) 32

(b) No. Only four Higher Secondary Schools and two High Schools are without Principals/Headmasters.

[(ੲ) 32

(ਅ) ਨਹੀਂ ਜੀ। ਕੇਵਲ ਚਾਰ ਹਾਇਰ ਸੈਕੰਡਰੀ ਸਕੂਲ ਅਤੇ ਦੋ ਹਾਈ ਸਕੂਲ ਪ੍ਰਿੰਸਿਪਲਾਂ ਮੁੱਖ ਅਧਿਆਪਕਾਂ ਤੋਂ ਬਿਨਾਂ ਹਨ ।]

Unstarred Question No. 783

ਸਭਾ ਦੇ ਸੁਆਲ ਨੰਬਰ 783, ਜੋ ਮਿਤੀ 26 ਫਰਵਰੀ, 1974, ਲਈ ਅਨਸਟਾਰਡ ਸੁਆਲਾਂ ਦੀ ਸੂਚੀ ਵਿਚ ਸਰਦਾਰ ਜਸਵਿੰਦਰ ਸਿੰਘ ਬਰਾੜ, ਐਮ. ਐਲ. ਏ., ਦੇ ਵਲੋਂ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋਇਆ ਹੈ ।

2. ਸਬੰਧਤ ਸੂਚਨਾ ਇਕਤਰ ਹੋ ਜਾਣ ਤੇ ਜਵਾਬ ਤੁਰੰਤ ਭੇਜ ਦਿੱਤਾ ਜਾਵੇਗਾ ।

ਸਹੀ -
(ਗੁਰਮੇਲ ਸਿੰਘ)
ਸਿਖਿਆ ਮੰਤਰੀ, ਪੰਜਾਬ ।

ਸਕੱਤਰ, ਪੰਜਾਬ ਵਿਧਾਨ ਸਭਾ ।

ਗ. ਸ. ਨੰ: 1815-1 ਸੀ (2) ਮਿਤੀ, ਚੰਡੀਗੜ੍ਹ 25 ਫਰਵਰੀ, 1974

QUESTIONS OF PRIVILEGE

Mr. Speaker : Sardar Surjit Singh Barnala and six other Members of Akali Party have given notice of a Privilege Motion wherein they have alleged that the Chief Minister intentionally gave wrong reply to Starred Question No. 2076 indicated in the list of Questions for 18th February, 1974.

As per past practice, I am writing to the Minister concerned i.e. Chief Minister, requesting him to clarify the position. On receipt of his clarification I will give my ruling.

Then there is another notice of Privilege Motion which has been given by Comrades Satya Pal Dang, Shamsher Singh Josh and Raj Kumar. They have alleged that the Minister for Parliamentary Affairs made a wrong statement yesterday regarding the C.I.D. personnel and thereby mis-led the House.

I am examining the matter and will give my ruling later on.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਕ ਗੱਲ ਮੈਂ ਫਿਰ ਦੁਬਾਰਾ ਕਹਿ ਦੇਵਾਂ ਮੈਂ ਕਲ ਬਿਲਕੁਲ ਗਲਤ ਗੱਲ ਨਹੀਂ ਕਹੀ। ਮੈਂ ਸਪਸ਼ਟ ਤੌਰ ਤੇ ਕਿਹਾ ਸੀ ਕਿ ਸੀ. ਆਈ. ਡੀ. ਵਿਚ ਕੋਈ ਕੇਡਰ ਨਹੀਂ ਅਤੇ ਜਿਹੜੇ ਪੁਲਿਸ ਅਤੇ ਪੀ. ਏ. ਪੀ. ਵਿਚ ਕਰਮਚਾਰੀ ਹੁੰਦੇ ਹਨ, ਉਹ ਪੁਲਿਸ ਐਕਟ ਦੇ ਥਲੇ ਟਰਾਂਸਫਰ ਹੋ ਕੇ ਹੀ, ਸੀ. ਆਈ. ਡੀ. ਵਿਚ ਜਾਂਦੇ ਹਨ ।

ਸ੍ਰੀ ਸਪੀਕਰ : ਜੋ ਤੁਸੀਂ ਕਲ ਕਿਹਾ, ਉਹ ਮੈਂ ਐਗਜ਼ਾਮਿਨ ਕਰ ਲਵਾਂਗਾ (Whatever the honble Minister had stated yesterday that I will examine).

ਮਾਲ ਅਤੇ ਚੋਣ ਮੰਤਰੀ : ਠੀਕ ਹੈ ਜੀ ।

ਕਾਮਰੇਡ ਸੱਤ ਪਾਲ ਡਾਂਗ : ਤੁਸੀਂ ਮੇਰੀ ਪ੍ਰਿਵੀਲੇਜ ਮੋਸ਼ਨ ਸਾਰੀ ਨਹੀਂ ਪੜ੍ਹੀ ਹੈ । ਇਹ ਸਰਦਾਰ ਉਮਰਾਓ ਸਿੰਘ ਦਾ ਤਾਂ ਪ੍ਰਿਵੀਲੇਜ ਹੈ ਕਿ ਜੋ ਮਰਜ਼ੀ ਬੋਲ ਲੈਣ । ਇਨ੍ਹਾਂ ਨੇ ਫਰਮਾਇਆ ਸੀ ਕਿ ....

ਸ੍ਰੀ ਸਪੀਕਰ : ਉਹ ਮੈਂ ਵੇਖ ਲਵਾਂਗਾ। (I will examine that .)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਪੰਜਾਬ ਦਾ ਸਾਰੇ ਦਾ ਸਾਰਾ ਸੀ. ਆਈ. ਡੀ. ਦਾ ਮਹਿਕਮਾ ਦੂਜੇ ਮਹਿਕਮਿਆਂ ਵਿਚੋਂ ਡੈਪੂਟੇਸ਼ਨ ਤੇ ਆਉਂਦਾ ਹੈ, ਇਹ ਸਟੇਟਮੈਂਟ ਡੈਲੀਬਰੇਟਲੀ ਕੀਤੀ ਗਈ ਇਸ ਗੱਲ ਨੂੰ ਲੁਕਾਉਣ ਕਰ ਕੇ ਕਿਉਂਕਿ ਇਨ੍ਹਾਂ ਨੇ ਕਿਹਾ ਸੀ ਕਿ ਸੀ. ਆਈ. ਡੀ. ਸਾਰੀ ਡੈਪੂਟੇਸ਼ਨ ਤੇ ਹੈ ਅਤੇ ਡੈਪੂਟੇਸ਼ਨ ਵਾਲੇ ਕਿਸੇ ਹੋਰ ਥਾਂ ਤੇ ਡੈਪੂਟੇਸ਼ਨ ਤੇ ਨਹੀਂ ਜਾ ਸਕਦੇ । ਮੈਂ ਇਹ ਕਹਾਂਗਾ ਕਿ ਜਾਂ ਤਾਂ ਇਹ ਇਗਨੋਰੈਂਟ ਹਨ ਜਾਂ ਇਸ ਤਰ੍ਹਾਂ ਜਾਣ ਬੁਝ ਕੇ ਕਹਿ ਰਹੇ ਹਨ।

Sardar Jasdev Singh Sandhu : He is always misleading the House.

ਮਾਲ ਅਤੇ ਚੋਣ ਮੰਤਰੀ : ਪੁਲਿਸ ਜਾਂ ਪੀ. ਏ. ਪੀ. ਦੇ ਮਹਿਕਮਿਆਂ ਵਿਚੋਂ ਜਿਹੜੇ ਕਰਮ-ਚਾਰੀ ਟਰਾਂਸਫਰ ਹੁੰਦੇ ਹਨ, ਉਹ ਟੈਕਨੀਕਲੀ ਡੈਪੂਟੇਸ਼ਨ ਤੇ ਸੀ. ਆਈ. ਡੀ. ਵਿਚ ਜਾਂਦੇ ਹਨ।

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੈਂ ਕਲ ਵੀ ਜਨਾਬ ਦੀ ਸੇਵਾ ਵਿਚ ਬੇਨਤੀ ਕੀਤੀ ਸੀ ਅਤੇ ਉਸ ਵੇਲੇ ਤਾਂ ਮੈਨੂੰ ਇਹ ਕਿਹਾ ਗਿਆ ਸੀ ਕਿ ਡੀਜ਼ਲ..........

ਸ੍ਰੀ ਸਪੀਕਰ : ਕਲ ਇਸ ਤੇ ਕਾਫੀ ਗੱਲ ਹੋ ਗਈ ਸੀ (A lot of discussion had taken place on this issue yesterday..)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਇਹ ਫੁਰਮਾਇਆ ਹੈ ਕਿ ਇਕ ਕਾਲ ਅਟੈਨਸ਼ਨ ਮੋਸ਼ਨ ਨੰ: 9 ਪਹਿਲਾਂ ਐਡਮਿਟ ਹੋਈ ਹੈ ਅਤੇ ਇਹ ਕਿਹਾ ਕਿ ਮੇਰੀ ਨਹੀਂ ਹੋ ਸਕਦੀ । ਉਸ ਦਾ ਜਵਾਬ ਚੀਫ਼ ਮਨਿਸਟਰ ਸਾਹਿਬ ਜਾਂ ਸਰਕਾਰ ਨੇ ਦੇਣਾ ਨਹੀਂ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਨੂੰ ਡੀਜ਼ਲ ਬਾਰੇ ਕੋਈ ਪ੍ਰਬੰਧ ਕਰਨਾ ਚਾਹੀਦਾ ਹੈ। ਨਾ ਤਾਂ ਇਨ੍ਹਾਂ ਸਟੇਟ-ਮੈਂਟ ਦੇਣੀ ਹੈ ਅਤੇ ਨਾ ਕੋਈ ਡੀਜ਼ਲ ਦਾ ਪ੍ਰਬੰਧ ਕਰਨਾ ਹੈ । (ਅਕਾਲੀ ਮੈਂਬਰਾਂ ਵਲੋਂ ਸ਼ੇਮ, ਸ਼ੇਮ ਦੇ ਨਾਅਰੇ) ਸਪੀਕਰ ਸਾਹਿਬ, ਮੈਂ 3-4 ਦਿਨ ਸਾਰੇ ਪੰਜਾਬ ਵਿਚ ਫਿਰ ਕੇ ਆਇਆ ਹਾਂ ਕਿਸੇ ਵੀ ਪੈਟਰੋਲ ਪੰਪ ਤੇ ਵੇਖ ਲਵੋ ਟਰੱਕਾਂ ਅਤੇ ਟਰਾਲੀਆਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਸਨ, ਕੋਈ ਪੈਟਰੋਲ ਪੰਪ ਅਜਿਹਾ ਨਹੀਂ ਸੀ ਜਿਥੇ ਕਿ ਲਾਈਨਾਂ ਨਾ ਲੱਗੀਆਂ ਹੋਣ। ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਲੋਕਾਂ ਨਾਲ ਬੜਾ ਜ਼ੁਲਮ ਹੋ ਰਿਹਾ ਹੈ। ਜਗਰਾਉਂ ਵਿਚ ਇਕ ਪਿਆਰਾ ਸਿੰਘ ਨੂੰ ਗੋਲੀ ਮਾਰ ਕੇ ਮਾਰ ਦਿਤਾ। ਡੀਜ਼ਲ ਦੀ ਸਪਲਾਈ ਬਾਰੇ ਸਰਕਾਰ ਕੁਝ ਨਹੀਂ ਕਰ ਰਹੀ।

ਕਾਮਰੇਡ ਰਾਜ ਕੁਮਾਰ : ਆਨ.ਏ.ਪੁਆਇੰਰ ਆਫ ਆਰਡਰ, ਸਰ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦਾ ਤਾਂ ਪੁਆਇੰਟ ਆਫ਼ ਡਿਸਆਰਡਰ ਹੈ। ਮੈਂ ਇਹ ਕਹਿੰਦਾ ਹਾਂ ਕਿ ਜਿਹੜਾ ਪੁਆਇੰਟ ਰੇਜ਼ ਹੋਇਆ ਸੀ, ਉਹ ਸੀ. ਆਈ. ਡੀ. ਦੇ ਬਾਰੇ ਸੀ ।

ਸ੍ਰੀ ਸਪੀਕਰ : ਉਹ ਗੱਲ ਖਤਮ ਹੋ ਗਈ ਹੈ। ਮੈਂ ਉਸ ਤੇ ਰੂਲਿੰਗ ਰਿਜ਼ਰਵ ਰਖਿਆ ਹੈ । ਇਸ ਤੇ ਡਿਸਕਸ਼ਨ ਦਾ ਸਵਾਲ ਪੈਦਾ ਨਹੀਂ ਹੁੰਦਾ । ਕਾਮਰੇਡ ਰਾਜ ਕੁਮਾਰ ਜੀ, ਤੁਸੀਂ ਮੇਰੇ ਨਾਲ ਚੈਂਬਰ ਵਿਚ ਗੱਲ ਕਰ ਲੈਣਾ । (That issue has come to an end. I have reserved my ruling thereon. There is no question of raising discussion thereon. The hon. Member may please discuss this matter with me in my Chamber..)

Comrade Raj Kumar: C. I. D. personnel are still sitting in the Gallery.

(ਅਕਾਲੀ ਪਾਰਟੀ ਵਲੋਂ ਸ਼ੇਮ, ਸ਼ੇਮ ਦੇ ਨਾਅਰੇ)

ਸ੍ਰੀ ਸਪੀਕਰ : ਕਾਮਰੇਡ ਰਾਜ ਕੁਮਾਰ ਜੀ, ਜਿਹੜੇ ਸੱਜਣ ਵੀਜ਼ੀਟਰਜ਼ ਗੈਲਰੀ ਵਿਚ ਆਉਂਦੇ ਹਨ ਉਹ ਆਨਰੇਬਲ ਮੈਂਬਰਜ਼ ਦੇ ਪਾਸਿਜ਼ ਤੇ ਹੀ ਆਉਂਦੇ ਹਨ। ਕੋਈ ਵੀ ਕਰਮਚਾਰੀ, ਭਾਵੇਂ ਉਹ ਪੁਲਿਸ ਦਾ ਹੋਵੇ, ਸੈਸ਼ਨ ਵੇਖਣ ਲਈ ਆ ਸਕਦਾ ਹੈ । (ਵਿਘਨ) (Com. Raj Kumar ji, those who sit in the visitors gallery do so on passes issued through the hon. Members. Any employee even of the Police Department can visit the Gallery to watch the proceedings of the House.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਪੁਆਇੰਟ ਆਫ ਆਰਡਰ ਸਰਦਾਰ ਅਜਾਇਬ ਸਿੰਘ ਸੰਧੂ ਨੇ ਰੇਜ਼ ਕੀਤਾ ਹੈ ਕੀ ਉਹ ਇਨ ਆਰਡਰ ਸੀ ?

Mr. Speaker : That was not in order.

ਕੈਪਟਨ ਰਤਨ ਸਿੰਘ: ਤਾਂ ਫਿਰ ਇਸ ਗੱਲ ਨੂੰ ਖਤਮ ਕਰੋ ਅਤੇ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇ ।

ਸਰਦਾਰ ਅਜਾਇਬ ਸਿੰਘ ਸੰਧੂ: ਤੁਹਾਨੂੰ ਬਾਹਰ ਬੈਠ ਕੇ ਵੀ ਕਾਰਵਾਈ ਦਾ ਖਿਆਲ ਆ ਰਿਹਾ ਹੈ।

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਅਜਾਇਬ ਸਿੰਘ ਸੰਧੂ ਨੇ ਹੁਣੇ ਹੀ ਜ਼ਿਕਰ ਕੀਤਾ ਕਿ ਡੀਜ਼ਲ ਬਾਰੇ ਸਰਕਾਰ ਨੇ................. (ਵਿਘਨ)

ਸ੍ਰੀ ਸਪੀਕਰ : ਇਸ ਤਰ੍ਹਾਂ ਲਗਦਾ ਹੈ ਜਿਵੇਂ ਕਲ ਸੰਧੂ ਜੀ ਨੇ ਦੋ ਘੰਟੇ ਤਕਰੀਰ ਕੀਤੀ ਸੀ, ਉਹ ਥਕ ਗਏ ਹੋਣਗੇ ਸ਼ਾਇਦ ਸਾਰਾ ਰਿਪਲਾਈ ਉਨ੍ਹਾਂ ਨੇ ਨਾ ਪੜ੍ਹਿਆ ਹੋਵੇ। (I feel that hon. Member Sardar Ajaib Singh Sandhu, got tired while speaking for two hours yesterday. He might not have gone through whole of the reply.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਪਹਿਲੀ ਬੇਨਤੀ ਤਾਂ ਮੇਰੀ ਇਹ ਹੈ ਕਿ Do not come to the rescue of the Government.

Mr Speaker : I am no t doing so.

DHARNA BY A MEMBER

ਸਰਦਾਰ ਕਰਨੈਲ ਸਿੰਘ ਮਰੜ੍ਹੀ : : ** ** **

ਸ੍ਰੀ ਸਪੀਕਰ : ਜੋ ਕੁਝ ਵੀ ਮਰੜ੍ਹੀ ਸਾਹਿਬ ਕਹਿ ਰਹੇ ਹਨ ਉਹ ਰੀਕਾਰਡ ਨਾ ਕੀਤਾ ਜਾਵੇ । (Whatever the hon. Member Sardar Karnail Singh Marhari is saying, should not be recorded.)

(ਇਸ ਵੇਲੇ ਸਰਦਾਰ ਕਰਨੈਲ ਸਿੰਘ ਮਰੜ੍ਹੀ ਕਹਿੰਦੇ ਹੋਏ ** ** ** ਪ੍ਰੋਟੈਸਟ ਦੇ ਤੌਰ ਤੇ ਹਾਊਸ ਦੇ ਫਲੋਰ ਤੇ ਬੈਠ ਗਏ ।)

(ਇਸ ਵੇਲੇ ਅਕਾਲੀ ਪਾਰਟੀ ਵੱਲੋਂ ** ** ** ਦੇ ਨਾਅਰੇ ਲਾਏ ਗਏ ।)

ਸ੍ਰੀ ਸਪੀਕਰ : ਜੋ ਵੀ ਨਾਹਰੇ ਲਾਏ ਜਾ ਰਹੇ ਹਨ ਉਹ ਰੀਕਾਰਡ ਨਾ ਕੀਤੇ ਜਾਣ । (ਸ਼ੋਰ) ਜੋ ਕੁਝ ਵੀ ਮੈਂਬਰਜ਼ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ ਉਹ ਰੀਕਾਰਡ ਨਾ ਕੀਤਾ

**Not recorded as ordered by the Chair.

[Mr. Speaker]

ਜਾਵੇ। (Whatever is being said without the permission of the Chair including the slogans, should not be recorded.) (Noise.)

ਡਾਕਟਰ ਅਮੀਰ ਸਿੰਘ ਕਲਕਟ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਡਾਕਟਰ ਅਮੀਰ ਸਿੰਘ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever hon. Member Dr. Amir Singh Kalkat is saying that should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਵਿਘਨ)

ਇਕ ਮਾਨ ਯੋਗ ਮੈਂਬਰ : ** ** ** (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਸ਼ੋਰ)

ਮਾਲ ਅਤੇ ਚੋਣ ਮੰਤਰੀ : ** ** ** (ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਸ਼ੋਰ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਉਨ੍ਹਾਂ ਦਾ ਜਵਾਬ ਪੰਜਾਬੀ ਵਿਚ ਵੀ ਪੜ੍ਹਿਆ ਹੈ ਅਤੇ ਅੰਗਰੇਜ਼ੀ ਵਿਚ ਵੀ ਪੜ੍ਹਿਆ ਹੈ। ਉਹ ਜੋ ਕੁਝ ਵੀ ਕਹਿੰਦੇ ਹਨ ਬਿਲਕੁਲ ਗਲਤ ਗੱਲ ਹੈ।

ਸ੍ਰੀ ਸਪੀਕਰ : ਵਿਸ਼ਵਾਸ ਕਰ ਲੈਂਦੇ ਹਾਂ, ਤੁਸੀਂ ਵੀ ਪੜ੍ਹ ਕੇ ਆਏ ਹੋਵੋਗੇ। (I believe that you had studied his reply .)

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਇਹ ਗੱਲ ਦਾਵੇ ਨਾਲ ਕਹਿੰਦਾ ਹਾਂ ਕਿ ਅਜ ਵੀ ਤੁਸੀਂ ਪੰਜਾਬ ਦੇ ਪੈਟਰੋਲ ਪੰਪਾਂ ਤੇ ਜਾ ਕੇ ਵੇਖੋ ਹਜ਼ਾਰਾਂ ਲੋਕਾਂ ਦੀਆਂ ਲਾਈਨਾਂ ਲਗੀਆਂ ਹੋਈਆਂ ਹਨ। ਇਹ ਜਿਹੜਾ ਹਾਊਸ ਦੇ ਵਿਚ ਸਟੇਟਮੈਂਟ ਦਿੱਤਾ ਗਿਆ ਹੈ ਇਹ ਬਿਲਕੁਲ ਗਲਤ ਹੈ। (ਸ਼ੋਰ)

ਸ੍ਰੀ ਸਪੀਕਰ : ਤੁਸੀਂ ਜੇ ਤਸ਼ਰੀਫ ਰਖੋਗੇ ਤਾਂ ਹੀ ਵਜ਼ੀਰ ਸਾਹਿਬ ਕੁਝ ਜਵਾਬ ਦੇ ਸਕਣਗੇ। (The Minister can give a reply only if you resume your seat.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਡਾਕਟਰ ਜੀ ਸ਼ਾਇਦ ਇਹ ਕਹਿ ਰਹੇ ਹਨ ਕਿ ਤੁਹਾਨੂੰ ਅਲਰਜੀ ਹੋ ਗਈ ਹੈ, ਸਾਨੂੰ ਤਾਂ ਫਿਕਰ ਹੋ ਗਿਆ ਹੈ। (ਸ਼ੋਰ)

ਸ੍ਰੀ ਸਪੀਕਰ : ਅਲਰਜੀ ਕਿਸੇ ਨੂੰ ਨਹੀਂ ਹੋਈ। ਤੁਸੀਂ ਕੋਈ ਫਿਕਰ ਨਾ ਕਰੋ। ਖਾਸ ਤੌਰ ਤੇ ਇਹ ਤੁਹਾਨੂੰ ਨਹੀਂ ਹੋਣੀ ਚਾਹੀਦੀ। (No body has the allergy. Especially you should not worry. You should not be allergic.)

(ਇਕ ਮਾਨਯੋਗ ਮੈਂਬਰ ਗੈਲਰੀ ਵਲ ਇਸ਼ਾਰਾ ਕਰਕੇ : ਉਹ ਵੇਖੋ ਸੀ. ਆਈ. ਡੀ. ਬੈਠੀ ਹੈ।)

(ਵਿਘਨ) (ਸ਼ੋਰ)

**Not recorded/Expunged as ordered by the Chair.

ਸ੍ਰੀ ਸਪੀਕਰ : ਆਨਰੇਬਲ ਮੈਂਬਰਜ਼ ਪੁਆਇੰਟ ਆਫ ਆਰਡਰ ਦਾ ਮਿਸਯੂਜ਼ ਨਾ ਕਰਨ । ਇਹ ਹਾਊਸ ਦਾ ਟਾਈਮ ਬੜਾ ਕੀਮਤੀ ਹੈ। (ਸ਼ੋਰ) ਸੀ. ਆਈ. ਡੀ. ਦੇ ਬੰਦੇ ਵੀ ਪਾਸ ਲੈ ਕੇ ਗੈਲਰੀਜ਼ ਵਿਚ ਬੈਠ ਸਕਦੇ ਹਨ, ਤੁਸੀਂ ਰੋਕ ਨਹੀਂ ਸਕਦੇ । (ਸ਼ੋਰ)

(The hon. Members should not misuse the right to raise points of order (Noise) The time of the House is very precious (Noise) C.I.D. personnel can also sit in the galleries after obtaining the necessary passes. No one can debar them.) (Noise) ** **

(ਇਸ ਵੇਲੇ ਨਾਹਰੇ ਲਗੇ ਅਤੇ ਸਰਦਾਰ ਕਰਨੈਲ ਸਿੰਘ ਮਰੜ੍ਹੀ ਉਠ ਕੇ ਆਪਣੀ ਸੀਟ ਤੇ ਜਾ ਬੈਠੇ ।)

ਸ੍ਰੀ ਸਪੀਕਰ : ਜੋ ਵੀ ਨਾਹਰੇ ਲਗ ਰਹੇ ਹਨ ਇਹ ਲਿਖੇ ਨਾ ਜਾਣ । (The slogans being raised may not be recorded.)

ਡਾਕਟਰ ਅਮੀਰ ਸਿੰਘ ਕਲੱਟਟ ** ** **

Mr. Speaker : This is no point of order.

ਕਾਮਰੇਡ ਸੱਤ ਪਾਲ ਡਾਂਗ : ਆਨ ਏ ਪੁਆਇੰਟ ਆਫ ਆਰਡਰ, ਸਰ । ਸਪੀਕਰ ਸਾਹਿਬ, ਡਾਕਟਰ ਸਾਹਿਬ ਨੇ ਬਹੁਤ ਵਡੀਆਂ ਗੱਲਾਂ ਕਹੀਆਂ ਹਨ, ਇਕ ਇਹ ਕਿ ਇਹ ਸ਼ਾਰਟੇਜ ਕੌਣ ਪੈਦਾ ਕਰ ਦਾ ਹੈ। ਸ਼ਾਰਟੇਜ ਪੈਦਾ ਕਰਨ ਵਿਚ ਕਿਹੜੀ ਕਿਹੜੀ ਪਾਰਟੀ ਦਾ ਹੱਥ ਹੈ । ਮੈਂ ਸਮਝਦਾ ਹਾਂ ਇਹ ਸਭ ਨੂੰ ਪਤਾ ਹੈ । ਪਰ ਇਹ ਸਰਕਾਰ ਵੀ ਇਸ ਜ਼ਿਮੇਵਾਰੀ ਤੋਂ ਬੱਚ ਨਹੀਂ ਸਕਦੀ । ਅੰਮ੍ਰਿਤਸਰ ਵਿਚ 1600 ਟੀਨ ਘਿਓ ਦੇ ਫੜੇ ਗਏ, ਫੇਰ 2000 ਬੋਰੀ ਖੰਡ ਦੀ ਫੜੀ ਗਈ, ਗਰੀਜ਼ ਫੜੀ ਗਈ ਪਰ ਸਰਕਾਰ ਨੇ ਕੀ ਕੀਤਾ ਕਿ ਉਨ੍ਹਾਂ ਤੋਂ ਇਹ ਮੁਕਦਮੇ ਵਾਪਸ ਲੈ ਰਹੇ ਹਨ। ਸਪੀਕਰ ਸਾਹਿਬ, ਮੈਂ ਡੀਜ਼ਲ ਦੀ ਗੱਲ ਕਰਦਾ ਹਾਂ। ਇਹ ਸ਼ਾਰਟੇਜ ਵੀ ਮੈਨ ਮੇਡ ਹੈ । ਸਾਰਾ ਡੀਜ਼ਲ ਬਲੈਕ ਹੁੰਦਾ ਹੈ, ਇਸ ਨੂੰ ਬਲੈਕ ਕਰਦੇ ਐਗਰੋ ਇੰਡਸਟਰੀ ਦੇ ਆਫੀਸਰ ਫੜੇ ਗਏ । ਪਰ ਜਗਰਾਉਂ ਵਿਚ ਤੇਲ ਦੀ ਭੀੜ ਤੇ ਗੋਲੀ ਚਲੀ ਅਤੇ ਇਸ ਦਾ ਸ਼ਿਕਾਰ ਇਕ ਹਰੀਜਨ ਹੋਇਆ । ਅਸੀਂ ਕਹਿੰਦੇ ਹਾਂ ਉਸ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਜੇ ਹਾਲਤ ਰਹੀ ਤਾਂ ਗੁਜ-ਰਾਤ ਵਰਗੀ ਹਾਲਤ ਹੋਣੀ ਕੋਈ ਗੱਲਤ ਗੱਲ ਨਹੀਂ ਹੋਵੇਗੀ । ਇਸ ਦੀ ਜ਼ਿਮੇਵਾਰੀ ਗਿਆਨੀ ਜ਼ੈਲ ਸਿੰਘ ਤੇ ਹੋਵੇਗੀ ਉਸ ਦੀ ਸ਼ਰਕਾਰ ਤੇ ਹੋਵੇਗੀ ।

ਸ੍ਰੀ ਸਪੀਕਰ : ਪੁਆਇੰਟ ਆਫ ਆਰਡਰ ਕਹਿਕੇ ਹਾਊਸ ਦਾ ਟਾਈਮ ਲਿਆ ਜਾ ਰਿਹਾ ਹੈ । ਅਗੋਂ ਲਈ ਜਿਹੜਾ ਵੀ ਕੋਈ ਪੁਆਇੰਟ ਆਫ ਆਰਡਰ ਨਹੀਂ ਹੋਵੇਗਾ ਉਹ ਰਿਕਾਰਡ ਨਹੀਂ ਕੀਤਾ ਜਾਵੇਗਾ। ਇਸ ਲਈ ਮੈਂਬਰ ਸਾਹਿਬਾਨ ਨੂੰ ਮੇਰੀ ਬੇਨਤੀ ਹੈ ਕਿ ਉਹ ਸੋਚ ਵਿਚਾਰ ਕੇ ਹੀ ਪੁਆਇੰਟ ਆਫ ਆਰਡਰ ਲਈ ਸਮਾਂ ਲੈਣ। (A good deal of time of the House is being taken on the pretext of raising a point of order. In future any point of order which does not constitute point of order will not be recorded. Honble Members are requested that they should aske for time for raising a point of order after due thought.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** ** (ਸ਼ੋਰ) ।

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲਈ ਇਜਾਜ਼ਤ ਨਹੀਂ ਦਿਤੀ ਜਾ ਸਕਦੀ । (This is no point of order. Such matters cannot be allowed to be raised.)

**Not recorded/Expunged as ordered by the Chair.

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ (ਵਿਘਨ)।.. ......

ਸਰਦਾਰ ਧੰਨਾ ਸਿੰਘ ਗੁਲਸ਼ਨ : ** ** (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਸਰਦਾਰ ਧੰਨਾ ਸਿੰਘ ਗੁਲਸ਼ਨ : ** **

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰ ਬਗੈਰ ਚੇਅਰ ਦੀ ਇਜਾਜ਼ਤ ਦੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (ਵਿਘਨ) Please co-operate. (Whatever the hon. Member is saying without the permission of the Chair that should not be recorded. (*Interruption*) Please co-operate.)

ਸਰਦਾਰ ਅਜਾਇਬ ਸਿੰਘ : ਸੰਧੂ ** ** ** (ਵਿਘਨ)।

ਇਕ ਅਵਾਜ਼ : ਫੇਰ ਇਹਦੀ ਲੋੜ ਨਹੀਂ। ਇਹਨੂੰ ਬੋਲਣ ਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ** ** (ਵਿਘਨ) ।

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਸਰਦਾਰ ਅਜਾਇਬ ਸਿੰਘ ਸੰਧੂ : ਜੋ ਕੁਝ ਡਾਕਟਰ ਅਮੀਰ ਸਿੰਘ ਨੇ ਕਿਹਾ ਹੈ ਅਤੇ ** ** ਵਰਡ ਇਹ ਦੋਵੇਂ ਐਕਸਪੰਜ ਹੋਣੇ ਚਾਹੀਦੇ ਹਨ ।

ਸ੍ਰੀ ਸਪੀਕਰ : ਉਹ ਵੀ ਐਕਸਪੰਜ ਕਰ ਦਿਉ ਅਤੇ * * * * ਲਫਜ਼ ਵੀ ਐਕਸਪੰਜ ਕਰ ਦਿਓ । (The remarks made by Dr. Amir Singh Kalkat as well as the word ** be expunged .)

ਸ੍ਰੀ ਸਰਦਾਰੀ ਲਾਲ ਕਪੂਰ : ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਅਸੈਂਬਲੀ ਸੈਸ਼ਨ ਦੇ ਦੌਰਾਨ ਇਹ ਪਾਰਲੀ-ਮੈਂਟਰੀ ਰਿਵਾਇਤ ਹੈ ਕਿ ਜੇ ਕੋਈ ਅਹਿਮ ਘਟਨਾ ਵਾਪਰ ਜਾਏ ਤਾਂ ਇਹ ਗੌਰਮਿੰਟ ਦਾ ਫਰਜ਼ ਬਣਦਾ ਹੈ ਕਿ ਹਾਲਾਤ ਦੀ ਵਾਕਫੀਅਤ ਲੈ ਕੇ ਇਥੇ ਹਾਊਸ ਵਿਚ ਬਿਆਨ ਦਿਤਾ ਜਾਵੇ । (ਵਿਘਨ) ਸਪੀਕਰ ਸਾਹਿਬ, ਇਸ ਤੇ ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਪੰਜ ਛੇ ਦਿਨ ਤੋਂ ਸੈਸ਼ਨ ਚਲ ਰਿਹਾ ਹੈ, ਹਜ਼ਾਰਾਂ ਕਿਸਾਨ ਪੀਪੀਆਂ ਲੈ ਕੇ ਤੇਲ ਲਭਣ ਲਈ ਪੈਟਰੋਲ ਪੰਪਾਂ ਤੇ ਜਾ ਰਹੇ ਹਨ । (ਵਿਘਨ)

ਸ੍ਰੀ ਸਪੀਕਰ : ਮੈਂ ਰੂਲਿੰਗ ਦੇਣ ਲਗਿਆ ਹਾਂ। (ਵਿਘਨ) (I am just going to give my ruling .) (*Interruptions*)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੇਰੀ ਗੱਲ ਤਾਂ ਸੁਣ ਲਵੋ (ਵਿਘਨ)

ਸ੍ਰੀ ਸਪੀਕਰ : ਕਾਲ ਅਟੈਨਸ਼ਨ ਸ਼ਾਰਟੇਜਿਜ਼ ਦੇ ਬਾਰੇ ਵਿਚ ਹੋਈਆਂ ਹਨ ਅਤੇ ਉਹਦਾ ਬਾਕਾ-ਇਦਾ ਰਿਪਲਾਈ ਲੇ ਕੀਤਾ ਗਿਆ ਹੈ । ਜਿਨ੍ਹਾਂ ਨੇ ਕਾਲ ਅਟੈਨਸ਼ਨ ਦੇ ਜਵਾਬ ਪੜ੍ਹੇ ਹਨ ਉਹ ਫਰਦਰ ਉਸ ਤੇ ਸਵਾਲ ਕਰ ਸਕਣਗੇ। ਅੱਜ ਚੀਫ ਮਨਿਸਟਰ ਸਾਹਿਬ ਨੇ ਜਵਾਬ ਦੇਣਾ ਹੈ, ਜੋ ਸਾਰੇ ਪੰਜਾਬ ਦੇ ਹਾਲਾਤ ਹਨ, ਉਨ੍ਹਾਂ ਬਾਰੇ ਇਹ ਜਵਾਬ ਦੇਣਗੇ । ਹਾਊਸ ਦੀ ਕਾਰਵਾਈ ਨੂੰ ਚਲਣ ਦਿਉ । Please resume your seat. (There have been Call Attention Notices regarding shortages and the replies thereto have also been laid

**Not recorded/Expunged as ordered by the Chair.

on the Table of the House. Those Members who have gone through the replies of the Call Attention Notices can put further questions thereon. The Chief Minister will make a statement with regard to the position prevalent in whole of Punjab. Let the proceedings of the House continue. Please resume your seat.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਆਨ ਏ ਪੁਆਇੰਟ ਆਫ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਸਰਕਾਰ ਨੇ ਗਲਤ ਬਿਆਨ ਦਿਤਾ ਹੈ ਉਹ ਮੈਂ ਪੜ੍ਹਿਆ ਹੈ। ਹੁਣ ਮੇਰੀ ਗਲ ਸੁਣ ਲਉ।

ਸ੍ਰੀ ਸਪੀਕਰ : ਕੀ ਤੁਹਾਡੀ ਕਾਲ ਅਟੈਨਸ਼ਨ ਮੋਸ਼ਨ ਸੀ ? (Was the notice of the relevant Call Attention Motion given by you ?)

ਸਰਦਾਰ ਬਲਵਿੰਦਰ ਸਿੰਘ ਭੂੰਦੜ : ** ** (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। Call Attention Motion by Comrade Samsher Singh Josh. (This is no point of order. Call attention Motion by Comrade Shamsher Singh Josh.)

CALL ATTENTION NOTICES UNDER RULE 66

(Serial No. 32)

Comrade Shamsher Singh Josh : Sir, I beg to draw the attention of the Government towards a matter of urgent public importance, namely, non implementation of commitment regarding Service Security Act for Teachers of affiliated Colleges given on 13th February, 1972. This has resulted in great resentment in the ranks of Private Colleges Teachers. Hence this notice. The Government may kindly be asked to make a statement on this important matter.

Mr. Speaker : Admitted. The Minister concerned may please make a statement .

ਕਾਮਰੇਡ ਸੱਤ ਪਾਲ ਡਾਂਗ :ਲੋਕ ਘਿਉ ਨੂੰ ਰੋਂਦੇ ਹਨ ਹੁਣ ਇਥੇ ਪਾਣੀ ਵੀ ਬੰਦ ਹੋ ਗਿਆ ਹੈ (ਵਿਘਨ)

ਸ੍ਰੀ ਸਪੀਕਰ : ਪਾਣੀ ਵੀ ਮਿਲੇਗਾ। (The water will also be made available).

(ਕ੍ਰਮ ਨੰ 33)

ਕਾਮਰੇਡ ਅਰਜਨ ਸਿੰਘ ਮਸਤਾਨਾ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ ਹਾਂ, ਅਰਥਾਤ, ਹਿੰਦ-ਪਾਕ ਜੰਗ ਦੇ ਦੌਰਾਨ ਕਈ ਪਿੰਡ ਤੇ ਕਈਆਂ ਪਿੰਡਾਂ ਦਾ ਰਕਬਾ ਪਾਕਿਸਤਾਨ ਦੇ ਕਬਜ਼ੇ ਵਿਚ ਰਿਹਾ। ਚੀਫ ਮਨਿਸਟਰ ਨੇ ਪਿੰਡ ਛੀਨਾ ਬਿਦੀ ਚੰਦ, ਜ਼ਿਲ੍ਹਾ ਅੰਮ੍ਰਿਤਸਰ, ਵਿਚ ਇਕ ਆਮ ਸਭਾ ਵਿਚ ਕਈਆਂ ਮੰਤਰੀਆਂ ਤੇ ਐਮ. ਐਲ. ਏਜ਼ ਤੇ ਹਜ਼ਾਰਾਂ ਕਿਸਾਨਾਂ ਦੇ ਸਾਹਮਣੇ ਐਲਾਨ ਕੀਤਾ ਸੀ ਕਿ ਪਾਕਿਸਤਾਨ ਦੇ ਥੱਲੇ ਆਈ ਜ਼ਮੀਨ ਦਾ ਜੇ ਹਿੰਦ ਸਰਕਾਰ ਨੇ ਮੁਆਵਜ਼ਾ ਨਾ ਵੀ ਦਿਤਾ ਤਾਂ ਪੰਜਾਬ ਸਰਕਾਰ ਆਪ ਪੂਰਾ ਪੂਰਾ ਮੁਆਵਜ਼ਾ ਦੇਵੇਗੀ। ਸਰਕਾਰ ਹੁਣ ਟਾਲ ਮਟੋਲ ਕਰ ਰਹੀ ਹੈ। ਕਿਸਾਨਾਂ ਵਿਚ ਬੜੀ ਬੇਚੈਨੀ ਹੈ। ਸਰਕਾਰ ਬਿਆਨ ਦੇਣ ਦੀ ਕਿਰਪਾ ਕਰੇ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ। ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕਿਰਪਾਲਤਾ ਕਰਨ। (Admitted. The Minister concernd may please make a statement).

**Expunged as ordered by the Chair.

(Serial No. 40)

Comrade Satya Pal Dang : Sir, I beg to draw the attention of the Government towards a matter of urgent public importance, namely, water supply to the Shiv Nagar Colony (a Government Labour Colony consisting of about 500 quarters) Amritsar has been cut off by the Amritsar Municipal Committee because of the failure of the Government to pay to it the water charges which it has been collecting from the worker tenants month after month.

There is much discontentment and resentment among the people of the whole area. In view of the obvious and urgent importance of the matter, the Government may please be asked to make a statement in the House.

Mr. Speaker : Admitted. The Minister concerned may please make a statement.

(ਕ੍ਰਮ ਨੰ : 52)

ਮਾਸਟਰ ਦਲੀਪ ਚੰਦ : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ, ਬਲਾਚੌਰ ਤੋਂ ਨੂਰਪੁਰ ਬੇਦੀ ਲਗ ਭਗ 60-70 ਸਾਲ ਤੋਂ ਬੱਸਾਂ ਚਲਦੀਆਂ ਸਨ । ਹੁਣ ਇਹ ਬੱਸਾਂ ਬੰਦ ਕਰ ਦਿਤੀਆਂ ਗਈਆਂ ਹਨ, ਕਿਉਂਕਿ ਇਸ ਸੜਕ ਦਾ 3 ਮੀਲ ਦਾ ਟੋਟਾ ਮਾਮੂਲੀ ਖਰਾਬ ਹੋ ਗਿਆ ਹੈ। ਇਸ ਸੜਕ ਤੇ ਲੋਕਾਂ ਦੀ ਆਵਾਜਾਈ ਨਵਾਂ ਸ਼ਹਿਰ ਤੋਂ ਬਰਾਸਤਾ ਨੂਰਪੁਰ ਬੇਦੀ ਦੀ ਅਨੰਦਪੁਰ ਸਾਹਿਬ ਨੂੰ ਬਹੁਤ ਰਹਿੰਦੀ ਹੈ । ਹੁਣ ਜਦੋਂ ਕਿ ਹੋਲੇ ਦਾ ਮੇਲਾ ਨੇੜੇ ਆ ਰਿਹਾ ਹੈ ਲੋਕਾਂ ਵਿਚ ਬਹੁਤ ਬੇਚੈਨੀ ਹੈ ਕਿ ਸਰਕਾਰ ਨੇ ਅਜੇ ਤਕ ਬੱਸਾਂ ਨਹੀਂ ਚਲਾਈਆਂ । ਇਸ ਰਸਤੇ ਘੱਟ ਤੋਂ ਘੱਟ ਇਕ ਲੱਖ ਲੋਕਾਂ ਨੇ ਹੋਲੇ ਦੇ ਮੇਲੇ ਤੇ ਅਨੰਦਪੁਰ ਸਾਹਿਬ ਜਾਣਾ ਹੈ । ਸਰਕਾਰ ਇਸ ਸਬੰਧ ਵਿਚ ਸਦਨ ਵਿਚ ਬਿਆਨ ਦੇਣ ਦੀ ਕ੍ਰਿਪਾ ਕਰੇ ।

ਸ੍ਰੀ ਸਪੀਕਰ : ਪਰਵਾਨ ਕੀਤੀ ਜਾਂਦੀ ਹੈ । ਸਬੰਧਤ ਵਜ਼ੀਰ ਸਾਹਿਬ ਬਿਆਨ ਦੇਣ ਦੀ ਕ੍ਰਿਪਾਲਤਾ ਕਰਨ । (Admitted. The hon. Minister concerned may please make a statement)

STATEMENT LAID ON THE TABLE OF THE HOUSE IN REPLY TO CALL ATTENTION NOTICE No. 19

Chief Parliamentary Secretary (Sardar Gurcharan Singh Nihalsinghwala) : Sir, I beg to lay on the Table of the House in reply to Call Attention Notice No. 19 :

(Serial No. 19)

Comrade Raj Kumar : to draw the attention of the Government towards a matter of urgent public importance namely the reorganization of Community Developmnt Blocks in Gurdaspur District and the resultant abolition of Dhariwal Block. Eighty Gram Panchayats within six miles, radius of Dhariwal have been lumped in a District and District Administrative Block of Kalanaur. People are undergoing great hardship on this score.

There is widespread resentment among people due to this and protest meetings are being held daily where resolutions of protest are passed.

In view of obvious importance of the matter, the Government may please be asked to make a statement in the House.

Sardar Santokh Singh Randhawa, Minister of State for Development : In pursuance of the recommendation of the Punjab State Border Area Advisory Council held on 16th February, 1973, at Amritsar that the Community Development Block should be treated as a basic unit for the purpose of implementation of various schemes and the Community Development Blocks in the border areas should, therefore, be re-demarcated and readjusted in such a way that the entire block on the major part of it falls within the 16 kilometre belt from the International border so that there are no diffulties in the implementation

of the schemes. the redemarcation of Dhariwal Block was taken into hand. Several representations had also been received from members of the public of the illaqa that the Headquarters of the block be shifted to Kalanaur for convenience of the people of the border areas. After through consideration the headquarters of Dhariwal block were decided to be shifted to Kalanaur and 17 and 11 villages from Dhariwal block were transferred to Gurdaspur and Kahnuwan blocks respectively. 27 villages from the then Dorangla block were added to new Kalanaur block. With these changes Kalanuar block includes 169 villages with a population of 1,17,036.

2. Some representations have been received from members of the public and various Village Panchayats regarding further redemarcation of villages in Kalanaur and neighbouring blocks. These representations are under the consideration of the State Government.

3. Comrade Raj Kumar M.L.A. also suggested in his memorandum, dated 2nd February, 1974 that a new Dhariwal block with 80 village Panchayats be formed by taking 69,6 and 5 village Panchayats from Kalanuar Kahnuwan and Gurdaspur blocks respectively. This memroandum is also under the consideation of the State Government. A suggestion to open a sub office of the Kalanaur block at Dhariwal is also under the consideration of Governmnet.

QUESTIONS ON STATEMENTS MADE IN REPLY TO CALL ATTENTION NOTICES

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਬੇਨਤੀ ਕਰਨਾ ਚਾਹੁੰਦਾ ਹਾਂ। ਮੇਰੀ ਬੇਨਤੀ ਇਹ ਹੈ ਕਿ ਸਾਰੇ ਪੰਜਾਬ ਦੇ ਲਈ ਇਕ ਬੜਾ ਗੰਭੀਰ ਮਸਲਾ ਹੈ। ਤੁਹਾਨੂੰ ਪਤਾ ਹੈ ਕਿ ਬਠਿੰਡਾ ਥਰਮਲ ਪਲਾਂਟ ਬਾਰੇ ਰੀਪੀਟਡਲੀ ਕਿਹਾ ਗਿਆ ਹੈ ਕਿ ਉਸ ਦੀ ਇਨਆਗੂਰੇਸ਼ਨ ਦਾ ਕੰਮ ਸ਼ੁਰੂ ਹੋ ਜਾਏ, ਬਿਜਲੀ ਚਾਲੂ ਹੋ ਜਾਏ, ਉਸ ਬਾਰੇ ਰੀਪੀਟਿਡਲੀ ਕਿਹਾ ਗਿਆ ਹੈ ਕਿ ਉਹ ਪੋਸਟਪੋਨ ਹੋ ਗਿਆ ਹੈ। ਡੀਲੇ ਹੋਈ ਹੈ। ਹੁਣ ਪੁਜੀਸ਼ਨ ਇਹ ਹੈ ਕਿ ਜਦੋਂ ਇੰਜਨੀਅਰਾਂ ਨੇ ਹੜਤਾਲ ਕੀਤੀ ਸੀ (ਵਿਘਨ) ਇਹ ਸਾਰੇ ਪੰਜਾਬ ਦਾ ਮਾਮਲਾ ਹੈ। ਮੈਨੂੰ ਉਮੀਦ ਹੈ ਤੁਸੀਂ ਗੌਰ ਕਰੋਗੇ। ਤੁਹਾਡੇ ਹਲਕੇ ਨਾਲ ਕਨਸਰਨ ਕਰਦਾ ਹੈ। ਇੰਜਨੀਅਰਾਂ ਨੇ ਵਰਕ-ਟੂ-ਰੂਲ ਲਹਿਰ ਸ਼ੁਰੂ ਕੀਤੀ। ਇਨ੍ਹਾਂ ਨੂੰ ਕੁਟੱਣ ਲਈ ਗੁੰਡੇ ਭਰਤੀ ਕੀਤੇ ਗਏ। 21 ਅਤੇ 22 ਦੀ ਹੜਤਾਲ ਦੇ ਸਿਲਸਲੇ ਵਿਚ ਚੀਫ ਇੰਜਨੀਅਰ ਸਾਹਿਬ ਬਠਿੰਡਾ ਗਏ। ਉਨ੍ਹਾਂ ਨੇ ਵਰਕ ਚਾਰਜਡ ਐਂਪਲਾਈਜ਼ ਦੀ ਮੀਟਿੰਗ ਸੱਦੀ ਕਿ ਉਹ ਹੜਤਾਲ ਤੇ ਨਾ ਜਾਣ। ਉਨ੍ਹਾਂ ਦੇ ਗੁੰਡਿਆਂ ਨੇ ਐਂਪਲਾਈਜ਼ ਨੂੰ ਕੁਟਿਆ ਜਦੋਂ ਕਿ ਉਹ ਤਲਵਾੜ ਸਾਹਿਬ ਨੂੰ ਆਪਣਾ ਮੈਮੋਰੈਂਡਮ ਦੇਣ ਗਏ ਸੀ। ਮੁੜ ਕੇ ਫੇਰ ਦੋ ਦਿਨ ਦੀ ਸਟੇ ਇਨ ਸਟ੍ਰਾਈਕ ਹੋਈ ਹੋਈ ਹੈ। ਬਠਿੰਡਾ ਥਰਮਲ ਪਲਾਂਟ ਅੰਦਰ ਪੁਲਿਸ ਰਿਪ੍ਰੈਸ਼ਨ ਹੋ ਰਹੀ ਹੈ। ਬਠਿੰਡਾ ਥਰਮਲ ਪਲਾਂਟ ਅੰਦਰ ਉਥੇ ਦੀ ਮਨੇਜਮੈਂਟ ਗੁੰਡੇ ਬੁਲਾ ਕੇ.... (ਵਿਘਨ)

ਸ੍ਰੀ ਸਪੀਕਰ : ਬੈਠੋ, ਹੁਣ ਤੁਸੀਂ ਗੱਲ ਕਰ ਲਈ ਹੈ। (ਵਿਘਨ) (Please resume your seat. You have stated whatever you wanted to say.) (*Interruption*)

ਕਾਮਰੇਡ ਸੱਤ ਪਾਲ ਡਾਂਗ : ** ** ** **

ਸ੍ਰੀ ਸਪੀਕਰ : ਜੋ ਕੁਝ ਇਹ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ। (Whatever the hon. Member is saying without the permission of the Chair may not be recorded.)

---

*Not recorded as ordered by the Chair.

(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਬੋਲਣ ਵਾਸਤੇ ਖੜੇ ਹੋਏ)

ਸਰਦਾਰ ਅਜਾਇਬ ਸਿੰਘ ਸੰਧੂ : ** **

ਸ੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permission of the Chair that should not be recorded.)

ਸਰਦਾਰ ਗੁਰਦੇਵ ਸਿੰਘ ਬਾਦਲ : ** **

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying that should not be recorded.)

ਮਾਲ ਅਤੇ ਚੋਣ ਮੰਤਰੀ : ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ । ....(ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ , ਮੈਂ 2 ਕਾਲ ਅਟੈਨਸ਼ਨ ਮੋਸ਼ਨਜ਼ ਦਿਤੀਆਂ ਸਨ ਕਿ ਦੇਸੀ ਘੀ ਤਾਂ ਮਿਲਣਾ ਕੀ ਹੈ, ਡਾਲਡਾ ਘੀ ਵੀ ਨਹੀਂ ਮਿਲ ਰਿਹਾ । (ਵਿਘਨ)

ਸ੍ਰੀ ਸਪੀਕਰ : ਤੁਸੀਂ ਕਹਿਣਾ ਕੀ ਚਾਹੁੰਦੇ ਹੋ ? (What do you want to say ?)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਕਾਲ ਅਟੈਨਸ਼ਨ ਮੋਸ਼ਨਜ਼ ਦੇ ਜਵਾਬ ਕੱਲ ਹਾਊਸ ਵਿਚ ਲੇ ਹੋ ਗਏ ਹਨ ਉਨ੍ਹਾਂ ਤੇ ਮੈਂ ਸਵਾਲ ਪੁਛਣਾ ਚਾਹੁੰਦਾ ਹਾਂ ।

ਸ੍ਰੀ ਸਪੀਕਰ : ਤੁਸੀਂ ਸਵਾਲ ਪੁਛ ਲਵੋ । (Please put your question.)

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਸਪੀਕਰ ਸਾਹਿਬ, ਮੇਰੀ ਵੀ ਕਾਲ ਅਟੈਨਸ਼ਨ ਮੋਸ਼ਨ ਨਹੀਂ ਆਈ ।

ਸ੍ਰੀ ਸਪੀਕਰ : ਕੀ ਉਸ ਦੀ ਰਿਜੈਕਸ਼ਨ ਦਾ ਤੁਹਾਨੂੰ ਜੁਆਬ ਆ ਗਿਆ ਹੈ, ਜਾਂ ਨਹੀਂ ? (Have you received the reply regarding the rejection of your Call Attention Motion ?)

ਸ੍ਰੀ ਵਿਸ਼ਵਾ ਮਿੱਤਰ ਸੇਖੜੀ : ਉਸ ਦਾ ਜਵਾਬ ਆ ਗਿਆ ਹੈ ।

ਸ੍ਰੀ ਸਪੀਕਰ : ਫਿਰ ਤੁਸੀਂ ਮੈਨੂੰ ਚੈਂਬਰ ਵਿਚ ਮਿਲ ਲੈਣਾ । (ਵਿਘਨ) ਉਹ ਕੱਲ ਆਵੇਗੀ। (You may see me in my Chamber (*Interruption*) That will be taken up tomorrow.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਇਹ ਮੇਰੀਆਂ ਦੋ ਕਾਲ ਅਟੈਨਸ਼ਨ ਮੋਸ਼ਨਾਂ ਸਨ । (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੀ ਵੀ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਨਹੀਂ ਹੋਈ । ਸਾਡੇ ਨਾਲ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ ?

ਸ੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਕੇ ਗੱਲ ਕਰ ਲੈਣਾ । (Please discuss this matter with me in my Chamber.)

ਸਰਦਾਰ ਗੁਰਦੇਵ ਸਿੰਘ ਬਾਦਲ : ਕੀ ਇਹ ਸਾਡੀ ਬਦਕਿਸਮਤੀ ਹੈ ਕਿ ਅਸੀਂ ਪਛੜੀਆਂ ਸ਼੍ਰੇਣੀਆਂ ਵਿਚ ਪੈਦਾ ਹੋਏ ਹਾਂ...........(ਵਿਘਨ)

ਸ੍ਰੀ ਸਪੀਕਰ : ਤੁਹਾਡੀ ਖੁਸ਼ਕਿਸਮਤੀ ਹੈ ਕਿ ਤੁਸੀਂ ਪਛੜੀਆਂ ਸ਼੍ਰੇਣੀਆਂ ਵਿਚ ਪੈਦਾ ਹੋਏ ਹੋ। (ਵਿਘਨ) (You are lucky to be born among Backward Classes.)

**Not recorded as ordered by the Chair.

(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਬੋਲਣ ਵਾਸਤੇ ਖੜੇ ਹੋਏ ।)

ਸਰਦਾਰ ਅਜਾਇਬ ਸਿੰਘ ਸੰਧੂ : ** **

ਸ੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿੰਦੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying without the permision of the Chair that should not be recorded.)

ਸਰਦਾਰ ਗੁਰਦੇਵ ਸਿੰਘ ਬਾਦਲ : ** **

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ । This should not be recorded.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਦਾ ਗੌਰਮਿੰਟ ਨੇ ਜਵਾਬ ਦਿਤਾ ਹੈ ਮੈਂ ਉਸ ਤੇ ਸਵਾਲ ਪੁਛਣਾ ਹੈ । ਪੰਜਾਬ ਗੌਰਮਿੰਟ ਦੇ ਮੁਲਾਜ਼ਮ 5 ਲੱਖ ਹਨ । ਉਨ੍ਹਾਂ ਨੇ ਜਿਹੜੀ ਡੀਅਰਨੈਸ ਅਲਾਊਂਸ ਦੀ ਮੰਗ ਕੀਤੀ ਸੀ ਸੈਂਟਰਲ ਪੈਟਰਨ ਉਤੇ, ਉਸ ਸਬੰਧ ਵਿਚ ਮੇਰਾ ਸਵਾਲ ਸੀ ਕਿ ਪੰਜਾਬ ਸਰਕਾਰ ਨੇ ਉਨ੍ਹਾਂ ਦੀ ਇਹ ਮੰਗ ਕਿਉਂ ਨਹੀਂ ਮੰਨੀ । ਜਦ ਕਦੇ ਵੀ ਉਨ੍ਹਾਂ ਦੀ ਇਹ ਮੰਗ ਸਰਕਾਰ ਦੇ ਨੋਟਿਸ ਵਿਚ ਲਿਆਂਦੀ ਗਈ, ਗਿਆਨੀ ਜ਼ੈਲ ਸਿੰਘ ਨੇ ਕਿਹਾ ਕਿ ਮੈਂ ਅੰਡਰ ਸਟਰਾਈਕ ਥਰੈਟ ਉਨ੍ਹਾਂ ਦੀ ਮੰਗ ਤੇ ਗੌਰ ਕਰਨ ਲਈ ਤਿਆਰ ਨਹੀਂ ਹਾਂ । ਉਹ ਸੈਂਟਰਲ ਪੈਟਰਨ ਤੇ ਮੁਲਾਜ਼ਮਾਂ ਨੂੰ ਅਲਾਊਂਸ ਦੇਣ ਲਈ ਤਿਆਰ ਨਹੀਂ ਹੁੰਦੇ । ਮੁਲਾਜ਼ਮਾਂ ਦੀਆਂ ਹੁਣ ਸਾਰੀਆਂ ਫੈਡਰੇਸ਼ਨਾਂ ਨੇ 21 ਅਤੇ 22 ਫਰਵਰੀ ਦੀ ਹੜਤਾਲ ਨਹੀਂ ਕੀਤੀ । ਉਨ੍ਹਾਂ ਨੇ ਆਪਣੇ ਆਪ ਇਹ ਹੜਤਾਲ ਨਹੀਂ ਕੀਤੀ । ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਮੰਗ ਵੱਲ ਧਿਆਨ ਦੇਵੇ ਅਤੇ ਹੁਣ ਕੀ ਪੰਜਾਬ ਸਰਕਾਰ ਮੁਲਾਜ਼ਮ ਫੈਡਰੇਸ਼ਨ ਦੇ ਨੁਮਾਇੰਦਿਆਂ ਨੂੰ ਗੱਲਬਾਤ ਕਰਨ ਲਈ ਬੁਲਾਏਗੀ ਅਤੇ ਉਨ੍ਹਾਂ ਦੀ ਗੱਲ ਮੰਨੇਗੀ ?

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਨੂੰ ਧਿਆਨ ਦਿਵਾਊ ਨੋਟਿਸ ਪੜ੍ਹਨ ਦੀ ਆਗਿਆ ਦਿੱਤੀ ਜਾਵੇ ? (ਵਿਘਨ)

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਵਿੱਤ ਮੰਤਰੀ : ਸਪੀਕਰ ਸਾਹਿਬ, ਸਰਕਾਰ ਨੇ ਜੋ ਵਾਇਦਾ ਇਥੇ ਅਸੈਂਬਲੀ ਵਿਚ ਕੀਤਾ ਸੀ ਕਿ ਅਸੀਂ ਸੈਂਟਰਲ ਪੈਟਰਨ ਤੇ ਡੀ. ਏ. ਦੇਣਾ ਹੈ, ਉਸ ਤੇ ਸਾਡੀ ਸਰਕਾਰ ਬਚਨਬੱਧ ਹੈ । ਅਸੀਂ ਉਸ ਤੇ ਪੂਰਾ ਅਮਲ ਕਰ ਰਹੇ ਹਾਂ । (ਵਿਘਨ)

ਕਾਮਰੇਡ ਸਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰਾ ਦੂਜਾ ਸਵਾਲ ਹੈ ਫਰਟੇਲਾਈਜ਼ਰ ਅਤੇ ਡੀਜ਼ਲ, ਤੇਲ ਦੀ ਸਪਲਾਈ ਦੇ ਸਬੰਧ ਵਿਚ । ਇਸ ਦਾ ਸਰਕਾਰ ਨੇ ਜਵਾਬ ਦਿਤਾ ਹੈ । ਮੈਂ ਉਸ ਮੋਸ਼ਨ ਵਿਚ ਪੁਛਿਆ ਸੀ ਕਿ ਜਿਹੜੀ ਥੋੜ੍ਹੀ ਬਹੁਤ ਡੀਜ਼ਲ ਦੀ ਸਪਲਾਈ ਵੀ ਕੀਤੀ ਜਾਂਦੀ ਹੈ ਉਸ ਦੇ ਨਾਲ ਡੀਜ਼ਲ ਪੰਪਾਂ ਦੇ ਮਾਲਿਕ ਜਿਸ ਵੇਲੇ ਡੀਜ਼ਲ ਦਿਤਾ ਜਾਂਦਾ ਹੈ ਤਾਂ ਕਿ ਇਕ ਡੀਜ਼ਲ ਦੀ ਪੀਪੀ ਨਾਲ ਸਾਬਣ ਅਤੇ ਮੋਮਬੱਤੀਆਂ ਦੇਂਦੇ ਹਨ ।............. (ਵਿਘਨ)

ਸ੍ਰੀ ਸਪੀਕਰ : ਤੁਸੀਂ ਸਵਾਲ ਪੁਛੋ । (Please put your question,)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਪੈਟਰੋਲ ਪੰਪਾਂ ਦੇ ਮਾਲਿਕਾਂ ਨੂੰ ਹਦਾਇਤ ਦਿਤੀ ਜਾਵੇ ਕਿ ਡੀਜ਼ਲ ਲੈਣ ਲਈ ਮੋਮ ਬੱਤੀਆਂ ਅਤੇ ਸਾਬਣ ਲੈਣ ਦੀ ਸ਼ਰਤ ਨਾ ਹੋਵੇ ।

**Not recorded as ordered by the Chair.

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਪੈਟਰੋਲ ਪੰਪਾਂ ਤੇ ਅਗਰ ਕੋਈ ਮੋਮ ਬੱਤੀਆਂ ਅਤੇ ਸਾਬਣ ਦਿੰਦੇ ਹਨ ਤਾਂ ਇਸ ਸਬੰਧ ਵਿਚ ਅਸੀਂ ਉਨ੍ਹਾਂ ਨੂੰ ਇੰਸਟਰੱਕਸ਼ਨਜ਼ ਦਿੱਤੀਆਂ ਹਨ ਕਿ ਇਹ ਚੀਜ਼ਾਂ ਫੋਰਸ ਨਾ ਕੀਤੀਆਂ ਜਾਣ । ਜਿਹੜਾ ਕਿਸਾਨ ਮਰਜ਼ੀ ਨਾਲ ਲੈਣਾ ਚਾਹੁੰਦਾ ਹੈ ਉਸ ਨੂੰ ਦਿਓ ਨਹੀਂ ਤਾਂ ਫੋਰਸ ਨਾ ਕੀਤੀਆਂ ਜਾਣ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਕਾਲ ਅਟੈਨਸ਼ਨ ਮੋਸ਼ਨ ਨੰ: 8 ਤੇ ਸਵਾਲ ਹੈ । ਵਜ਼ੀਰ ਸਾਹਿਬ ਨੇ ਤਿੰਨ ਸਫੇ ਦਾ ਜਵਾਬ ਦਿਤਾ ਹੈ । ਇਹ ਜਿਹੜਾ ਤਿੰਨ ਸਫੇ ਦਾ ਜਵਾਬ ਦਿਤਾ ਹੈ ਇਸ ਦਾ ਮਤਲਬ ਹੈ ਕਿ ਲੋਕਾਂ ਨੂੰ ਬਨਾਸਪਤੀ ਘੀ, ਖੰਡ ਅਤੇ ਹੋਰ ਲੋੜੀਂਦੀਆਂ ਵਸਤਾਂ ਨਹੀਂ ਮਿਲ ਰਹੀਆਂ ।

ਸ੍ਰੀ **ਸਪੀਕਰ** : ਤੁਸੀਂ ਸਵਾਲ ਪੁਛੋ । (Please put a specific question.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਸਵਾਲ ਇਹ ਹੈ ਕਿ ਮੈਂ ਪੁਛਣਾ ਚਾਹੁੰਦਾ ਹਾਂ ਕਿ ਇਹ ਧਰਮ ਇਮਾਨ ਨਾਲ ਇਹ ਦੱਸਣ ਕਿ ਕੀ ਇਹ ਹਕੀਕਤ ਹੈ ਜਾਂ ਨਹੀਂ ਕਿ ਜਵਾਬ ਇਨ੍ਹਾਂ ਦਾ ਸਾਰਾ ਗਲਤ ਹੈ । ਅਸਲੀਅਤ ਇਹ ਹੈ ਕਿ ਜਿਥੇ ਲੋਕ ਪਹਿਲਕਦਮੀ ਕਰਕੇ ਬਨਾਸਪਤੀ, ਖੰਡ ਅਤੇ ਹੋਰ ਵਸਤਾਂ ਦੇ ਜਿਹੜੇ ਜ਼ਖੀਰੇਬਾਜ਼ ਹਨ ਉਨ੍ਹਾਂ ਨੂੰ ਫੜਾਉਂਦੇ ਹਨ ਤਾਂ ਇਹ ਉਨ੍ਹਾਂ ਕੋਲੋਂ ਯੂ. ਪੀ. ਦੀਆਂ ਇਲੈਕਸ਼ਨਾਂ ਵਾਸਤੇ ਫੰਡ ਲੈ ਕੇ ਉਨ੍ਹਾਂ ਨੂੰ ਛੱਡ ਦਿੰਦੇ ਹਨ । (ਵਿਘਨ)

ਰਾਜ ਮੰਤਰੀ, ਖੁਰਾਕ ਅਤੇ ਸਪਲਾਈ : ਧਰਮ ਇਮਾਨ ਦਾ ਪਤਾ ਨਹੀਂ ਡਾਂਗ ਸਾਹਿਬ ਇਸ ਤੇ ਵਿਸ਼ਵਾਸ ਕਰਦੇ ਹਨ ਜਾਂ ਨਹੀਂ, ਬਾਕੀ ਜੋ ਕੁਝ ਉਨ੍ਹਾਂ ਨੇ ਕਿਹਾ ਹੈ ਇਹ ਗਲਤ ਬਿਆਨੀ ਕੀਤੀ ਹੈ । ਪੰਜਾਬ ਸਰਕਾਰ ਦੀ ਪੂਰੀ ਕੋਸ਼ਿਸ਼ ਹੈ (ਵਿਘਨ) ਮਹਿੰਗਾਈ ਸਾਰੇ ਦੇਸ਼ ਵਿਚ ਹੈ, ਮਹਿੰਗਾਈ ਸਾਰੀ ਦੁਨੀਆਂ ਵਿਚ ਹੈ ਅਸੀਂ ਵੀ ਉਸ ਦੇ ਨਾਲ ਹੀ ਹਾਂ । ਇਸ ਸਬੰਧੀ ਜੋ ਅਸੀਂ ਕਦਮ ਚੁਕੇ ਹਨ ਉਹ ਤੁਹਾਡੇ ਸਾਹਮਣੇ ਹਨ । ਜਿਥੋਂ ਤੱਕ ਆਟੇ ਦਾ ਸਵਾਲ ਹੈ, 12 ਹਜ਼ਾਰ ਟਨ ਸੈਂਟਰ ਸਾਨੂੰ ਦਿੰਦਾ ਹੈ ਅਤੇ ਬਾਕੀ ਅਸੀਂ ਆਪਣੇ ਖਾਤੇ ਵਿਚੋਂ ਪਾਉਂਦੇ ਹਾਂ । (ਵਿਘਨ) ਪਿਛਲੇ ਜਨਵਰੀ ਦੇ ਮਹੀਨੇ ਵਿਚ 14,600 ਟਨ ਡਿਪੂਆਂ ਰਾਹੀਂ ਦਿੱਤਾ ਸਬਸਡਾਈਜ਼ ਕਰਕੇ । ਇਸੇ ਤਰ੍ਹਾਂ 21 ਹਜ਼ਾਰ ਟਨ ਫਰਵਰੀ ਵਾਸਤੇ ਰੱਖਿਆ ਹੈ ਜਦੋਂ ਸਾਨੂੰ ਸੈਂਟਰ ਤੋਂ ਸਿਰਫ 12 ਹਜ਼ਾਰ ਟਨ ਹੀ ਮਿਲਣਾ ਹੈ । ਪੰਜਾਬ ਸਰਕਾਰ ਨੇ 50 ਲੱਖ ਰੁਪਏ ਤੱਕ ਸਬਸਡਾਈਜ਼ ਕਰਨ ਦਾ ਇੰਤਜ਼ਾਮ ਕੀਤਾ ਹੈ ।

ਸ੍ਰੀ **ਸਪੀਕਰ**: ਕੀ ਕਿਸੇ ਨੇ ਹੋਰ ਕਾਲ ਅਟੈਨਸ਼ਨ ਮੋਸ਼ਨ ਤੇ ਸਵਾਲ ਪੁਛਣਾ ਹੈ ? (Would any hon. Member like to ask any question regarding any of the Call Attention Motion's).

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਜਿਹੜੀ ਹੁਣੇ ਹੀ ਕਾਲ ਅਟੈਨਸ਼ਨ ਮੋਸ਼ਨ ਹੋ ਕੇ ਹਟੀ ਹੈ ਉਸ ਤੇ ਮੈਂ ਸਵਾਲ ਪੁਛਣਾ ਚਾਹੁੰਦਾ ਹਾਂ ।

ਸ੍ਰੀ **ਸਪੀਕਰ** : ਨਹੀਂ ਜੀ, ਇਕੋ ਹੀ ਸਵਾਲ ਹੋ ਸਕਦਾ ਹੈ । (No, only one question can be asked.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 19 ਤੇ ਇਕ ਸਵਾਲ ਹੈ । .. .. .. (ਵਿਘਨ)

ਸਰਦਾਰ ਕਰਨੈਲ ਸਿੰਘ ਮਰੜ੍ਹੀ : ** **

ਸ੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ । (Whatever is being said without the permission of the Chair that should not be recorded.)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਸਾਨੂੰ ਵੀ ਟਾਈਮ ਦਿਓ ?

ਸ੍ਰੀ **ਸਪੀਕਰ** : ਤੁਸੀਂ ਫਿਰ ਕਹਿ ਲੈਣਾ । (You can put your question later on.)

ਕਾਮਰੇਡ ਰਾਜ਼ ਕੁਮਾਰ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 19 ਤੇ ਇਕ ਸਵਾਲ ਹੈ, ਜਿਸ ਦਾ ਜਵਾਬ ਮਨਿਸਟਰ ਸਾਹਿਬ ਨੇ ਅੱਜ ਦਿਤਾ ਹੈ । ਮੈਂ ਮਨਿਸਟਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਜਵਾਬ ਦਿਤਾ ਹੈ ਕਿ ਧਾਰੀਵਾਲ ਦਾ ਬਲਾਕ ਇਸ ਕਰਕੇ ਉਥੋਂ ਹਟਾ ਲਿਆ ਗਿਆ ਹੈ ਕਿਉਂਕਿ ਸੈਂਟਰਲ ਗੌਰਮਿੰਟ ਨੇ ਕਿਹਾ ਸੀ ਕਿ ਬਾਰਡਰ ਦੇ ਇਲਾਕੇ ਨੂੰ ਐਡਜਸਟ ਕਰਨਾ ਹੈ ਅਤੇ ਉਨ੍ਹਾਂ ਦੀ ਰੀਡੀਮਾਰਕੇਸ਼ਨ ਕਰੋ । ਇਨ੍ਹਾਂ ਨੇ ਕਿਹਾ ਹੈ ਕਿ ਗੁਰਦਾਸਪੁਰ ਦੇ ਜ਼ਿਲ੍ਹੇ ਵਿਚ ਬਾਰਡਰ ਦੇ ਬਲਾਕ ਨੂੰ ਬੇਸਿਕ ਯੂਨਿਟ ਬਣਾਉਣ ਲਈ ਰੀਐਡਜਸਟ-ਮੈਂਟ ਕੀਤੀ ਹੈ । ਜਿਹੜਾ ਦਰਾਂਗਲਾਂ ਦਾ ਇਲਾਕਾ ਜਿਹੜਾ ਕਿ ਡੇਢ ਮੀਲ ਦੇ ਫਾਸਲੇ ਤੇ ਬਾਰਡਰ ਤੋਂ ਅਤੇ ਧਾਰੀਵਾਲ ਜਿਹੜਾ ਕਿ 16 ਕਿਲੋ ਮੀਟਰ ਦੀ ਹੱਦ ਵਿਚ ਹੈ.... । (ਵਿਘਨ)

ਸ੍ਰੀ **ਸਪੀਕਰ** : ਤੁਸੀਂ ਸਵਾਲ ਪੁਛੋ । (Please put a question only.)

ਕਾਮਰੇਡ ਰਾਜ ਕੁਮਾਰ : ਮੈਂ ਇਨ੍ਹਾਂ ਦੇ ਨੋਟਿਸ ਵਿਚ ਗੱਲ ਲਿਆਂਦੀ ਸੀ ਅਤੇ ਇਨ੍ਹਾਂ ਨੇ ਮੈਨੂੰ ਐਸ਼ੋਰੈਂਸ ਦਿਵਾਈ ਸੀ ਅਤੇ ਉਹ ਯਕੀਨ ਦਵਾਇਆ ਸੀ ਕਿ ਇਹ ਸੈਂਟਰਲ ਗੌਰਮਿੰਟ ਦੇ ਨਾਲ ਇਸ ਮਾਮਲੇ ਨੂੰ ਪਰਸਨਲੀ ਟੇਕ ਅੱਪ ਕਰਨਗੇ ਕਿ ਧਾਰੀਵਾਲ ਦੇ ਬਲਾਕ ਨੂੰ ਰਿਵਾਈਵ ਕੀਤਾ ਜਾਵੇ ਅਤੇ ਜੇ ਸੈਂਟਰ ਨਹੀਂ ਮੰਨਦਾ ਤਾਂ ਇਹ ਗੱਲ ਕੈਬਿਨਿਟ ਵਿਚ ਰੱਖ ਕੇ ਹਰਿਆਣਾ ਦੀ ਤਰ੍ਹਾਂ ਜਦ 4 ਬਲਾਕ ਉਨ੍ਹਾਂ ਨੇ ਆਪ ਕਰੀਏਟ ਕੀਤੇ ਹਨ ਤਾਂ ਕੀ ਪੰਜਾਬ ਸਰਕਾਰ ਆਪ ਫੈਸਲਾ ਕਰਕੇ ਆਪ ਬਲਾਕ ਕਰੀਏਟ ਕਰੇਗੀ ?

ਰਾਜ ਮੰਤਰੀ, ਵਿਕਾਸ : ਸੈਂਟਰ ਨੇ ਸਾਨੂੰ ਕੋਈ ਮਜਬੂਰ ਨਹੀਂ ਕੀਤਾ । ਬਾਰਡਰ ਐਡਵਾਇਜ਼ਰੀ ਕੌਂਸਲ ਦੀ ਮੀਟਿੰਗ ਅੰਮ੍ਰਿਤਸਰ ਵਿਚ ਹੋਈ ਸੀ ਜਿਸ ਦੇ ਵਿਚ ਕਾਮਰੇਡ ਰਾਜ ਕੁਮਾਰ ਵੀ ਸ਼ਾਮਿਲ ਸਨ । ਉਸ ਦੇ ਵਿਚ ਇਹ ਫੈਸਲਾ ਹੋਇਆ ਸੀ ਕਿ ਬਾਰਡਰ ਦੇ ਬਲਾਕ ਦੀ ਰੀਡੀਮਾਰਕੇਸ਼ਨ 10 ਮੀਲ ਦੀ ਪੱਟੀ ਦੇ ਅੰਦਰ ਕੀਤੀ ਜਾਵੇ । ਉਸ ਦੇ ਮੁਤਾਬਿਕ ਧਾਰੀਵਾਲ ਦਾ ਹੈਡ ਆਫਿਸ ਬਦਲ ਕੇ ਕਲਾਨੌਰ ਬਣਾ ਦਿਤਾ ਗਿਆ ਹੈ । ਹੁਣ ਇਨ੍ਹਾਂ ਨੇ ਜਿਹੜਾ 2 ਫਰਵਰੀ,

---

**Not recorded as ordered by the Chair.

[ਰਾਜ ਮੰਤਰੀ, ਵਿਕਾਸ]

1974 ਨੂੰ ਮੈਨੂੰ ਰਿਪਰੀਜ਼ੈਂਟੇਸ਼ਨ ਦਿਤਾ ਸੀ ਉਸ ਤੇ ਸਰਕਾਰ ਵਿਚਾਰ ਕਰ ਰਹੀ ਹੈ ਅਤੇ ਹਮਦਰਦੀ ਨਾਲ ਗੌਰ ਕਰ ਰਹੀ ਹੈ ਅਤੇ ਅਸੀਂ ਕੇਂਦਰੀ ਸਰਕਾਰ ਨੂੰ ਵੀ ਲਿਖ ਰਹੇ ਹਾਂ ਕਿ ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਕੁਝ ਗੁਰਦਾਸਪੁਰ ਦੀ ਪੰਚਾਇਤ ਅਤੇ ਕੁਝ ਕਲਾਨੌਰ ਅਤੇ ਕੁਝ ਹੋਰ ਇਲਾਕੇ ਨੂੰ ਮਿਲਾ ਕੇ ਕੋਈ ਨਵਾਂ ਬਲਾਕ ਕਰੀਏਟ ਹੋ ਸਕਦਾ ਹੈ ਤਾਂ ਤਿਆਰ ਕੀਤਾ ਜਾਵੇ। ਅਗਰ ਕੋਈ ਨਵਾਂ ਬਲਾਕ ਕਰੀਏਟ ਹੋ ਸਕਦਾ ਹੈ ਤਾਂ ਜ਼ਰੂਰ ਕਰ ਦਿਤਾ ਜਾਵੇਗਾ।

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੈਨੂੰ ਵੀ ਦੋ ਮਿੰਟ ਵਾਸਤੇ ਬੋਲਣ ਦੀ ਇਜਾਜ਼ਤ ਦਿਉ। ਸਪੀਕਰ ਸਾਹਿਬ, ਮੈਨੂੰ ਅਫਸੋਸ ਹੈ ਕਿ ਮੇਰੀਆਂ ਸਾਰੀਆਂ ਕਾਲ ਅਟੈਨਸ਼ਨ ਮੋਸ਼ਨਜ਼ ਰਿਜੈਕਟ ਕਰ ਦਿਤੀਆਂ ਹਨ। ਇਕ ਧਿਆਨ ਦਿਵਾਊ ਮਤਾ ਮੈਂ ਜਗਰਾਓਂ ਦੇ ਬਾਰੇ ਦਿਤਾ ਸੀ ਉਹ ਤੁਸੀਂ ਰਿਜੈਕਟ ਕਰ ਦਿਤਾ ਅਤੇ ਇਕ ਹੋਰ ਧਿਆਨ ਦਿਵਾਊ ਨੋਟਿਸ ਦਿਤਾ ਸੀ ਉਹ ਵੀ ਤੁਸੀਂ ਰਿਜੈਕਟ ਕਰ ਦਿਤਾ। ਚਲੋ ਮੈਂ ਇਹ ਮੰਨ ਲੈਂਦਾ ਹਾਂ ਪਰ ਤੀਸਰੇ ਧਿਆਨ ਦਿਵਾਊ ਮਤੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਜ਼ਰੂਰ ਮਨਜ਼ੂਰ ਕਰਨਾ ਚਾਹੀਦਾ ਸੀ। ਤੀਸਰਾ ਮੇਰਾ ਧਿਆਨ ਦਿਵਾਊ ਮਤਾ ਜੋ ਸੀ ਉਹ ਇਹ ਸੀ ਕਿ ਪੰਜਾਬ ਸਰਕਾਰ ਨੇ ਪਛੜੀਆਂ ਸ਼੍ਰੇਣੀਆਂ ਨਾਲ ਬੜਾ ਧੱਕਾ ਕੀਤਾ ਹੈ..............

ਸ੍ਰੀ **ਸਪੀਕਰ** : ਤੁਸੀਂ ਮੇਰੇ ਕੋਲ ਤਸ਼ਰੀਫ ਲੈ ਆਉਣਾ ਉਥੇ ਡਿਸਕਸ ਕਰ ਲਵਾਂਗੇ। (ਵਿਘਨ) (You may come to my Chamber and we will discuss the matter there.) (*Interruption*)

ਸਰਦਾਰ ਗੁਰਦੇਵ ਸਿੰਘ ਬਾਦਲ : ** ** ** **

ਸ੍ਰੀ **ਸਪੀਕਰ** : ਇਹ ਜੋ ਕੁਝ ਵੀ ਹੁਣ ਇਨ੍ਹਾਂ ਨੇ ਕਿਹਾ ਹੈ ਇਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (ਸ਼ੋਰ) (Whatever the hon. member has just now said that should not be recorded.) (*Interruption and noise in the House.*)

(ਇਸ ਵਕਤ ਕਈ ਆਨਰੇਬਲ ਮੈਂਬਰ ਸਾਹਿਬਾਨ ਬੋਲ ਰਹੇ ਸਨ)

ਸ੍ਰੀ ਸਪੀਕਰ : ਜੋ ਕੁਝ ਵੀ ਆਨਰੇਬਲ ਮੈਂਬਰਜ਼ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। (Whatever the hon. Members are saying without the permission of the Chair that should not be recorded.)

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰਬਰ 15 ਬਾਰੇ ਸਵਾਲ ਪੁਛਣਾ ਚਾਹੁੰਦਾ ਹਾਂ ਜਿਹੜੀ ਕਿ ਰਾਜਪੁਰੇ ਦੀ ਫੈਕਟਰੀ ਦੇ ਮਜ਼ਦੂਰਾਂ ਬਾਰੇ ਹੈ। ਸਵਾਲ ਮੈਂ ਇਹ ਕਰਨਾ ਚਾਹੁੰਦਾ ਹਾਂ ਕਿ ਉਥੇ ਪੁਲਿਸ ਅਤੇ ਮੈਨੇਜਮੈਂਟ ਜਿਹੜੀ ਹੈ ਉਹ ਮਜ਼ਦੂਰਾਂ ਨੂੰ ਫੈਕਟਰੀਆਂ ਵਿਚ ਰੱਖ ਕੇ ਉਨ੍ਹਾਂ ਤੇ ਤਸ਼ੱਦਦ ਕਰਦੀ ਹੈ ਅਤੇ ਉਨ੍ਹਾਂ ਤੋਂ ਧੱਕੇ ਨਾਲ ਅਸਤੀਫੇ

**Not recorded as ordered by the Chair.

ਲੈਂਦੀ ਹੈ ਅਤੇ ਉਨ੍ਹਾਂ ਦਾ ਜੋ ਪਿਛਲਾ ਬਕਾਇਆ ਸੀ ਉਸ ਨੂੰ ਰਫੂ ਦਫੂ ਕਰਨ ਵਾਸਤੇ ਉਨ੍ਹਾਂ ਦੇ ਦਸਤਖ਼ਤ ਅਤੇ ਅੰਗੂਠੇ ਵਗੈਰਾ ਜ਼ਬਰਦਸਤੀ ਲਵਾਏ ਜਾਂਦੇ ਹਨ। ਕੀ ਇਹ ਰੋਕਣ ਵਾਸਤੇ ਸਰਕਾਰ ਕੋਈ ਜਵਾਬ ਦੇਵੇਗੀ, ਆਪਣਾ ਕੋਈ ਬਿਆਨ ਦੇਵੇਗੀ ?

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਸ ਕਾਲ ਅਟੈਨਸ਼ਨ ਮੋਸ਼ਨ ਦੇ ਜਵਾਬ ਵਿਚ ਸਪੱਸ਼ਟ ਤੌਰ ਤੇ ਦੱਸ ਦਿਤਾ ਗਿਆ ਹੈ ਔਰ 15 ਜਨਵਰੀ ਤੋਂ ਬਾਅਦ ਮਿਲ ਖੁਲ੍ਹ ਗਈ ਹੈ ਅਤੇ ਕੰਮ ਹਾਰਮੋਨੀਅਸ ਤਰੀਕੇ ਨਾਲ ਚੱਲ ਰਿਹਾ ਹੈ। ਅਜੇ ਵੀ ਕਾਮਰੇਡ ਸਾਥੀ ਮਜ਼ਦੂਰਾਂ ਨੂੰ ਉਕਸਾਉਣ ਦੀ ਕੋਸ਼ਿਸ਼ ਕਰ ਰਹੇ ਹਨ ਪਰ ਉਹ ਹੁਣ ਨਹੀਂ ਉਨ੍ਹਾਂ ਦੇ ਕਹਿਣੇ ਵਿਚ ਆਉਣਗੇ। (ਵਿਘਨ)

RESUMPTION OF DISCUSSION ON GOVERNOR'S ADDRESS

ਸ਼੍ਰੀ ਸਪੀਕਰ : Discussion, on Motion of thanks for the Governor's Address(ਵਿਘਨ)** ਮੈਂ ਹਾਊਸ ਦੇ ਅੱਗੇ ਇਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਡਿਸਕਸ਼ਨ ਵਿਚ ਕਾਂਗਰਸ ਪਾਰਟੀ ਨੇ ਹੁਣ ਤੱਕ 2 ਘੰਟੇ 18 ਮਿੰਟ ਹਿੱਸਾ ਲਿਆ ਹੈ, ਅਕਾਲੀ ਪਾਰਟੀ ਨੇ 2 ਘੰਟੇ 47 ਮਿੰਟ ਹਿੱਸਾ ਲਿਆ ਹੈ ਅਤੇ ਸੀ. ਪੀ. ਆਈ. ਨੇ 31 ਮਿੰਟ ਹਿੱਸਾ ਲਿਆ ਹੈ। ਜਿਹੜਾ ਟਾਈਮ ਡਿਯੂ ਸੀ ਵੰਡ ਦੇ ਮੁਤਾਬਕ ਉਹ ਕਾਂਗਰਸ ਪਾਰਟੀ ਲਈ 6 ਘੰਟੇ 35 ਮਿੰਟ, ਅਕਾਲੀ ਪਾਰਟੀ ਲਈ 2 ਘੰਟੇ 5 ਮਿੰਟ, ਸੀ. ਪੀ. ਆਈ. ਲਈ 50 ਮਿੰਟ ਅਤੇ ਸੀ. ਪੀ. ਆਈ. ਐਮ. ਲਈ ਪੰਜ ਮਿੰਟ। ਅਕਾਲੀ ਪਾਰਟੀ 42 ਮਿੰਟ ਜ਼ਿਆਦਾ ਲੈ ਚੁਕੀ ਹੈ। ਸੀ. ਪੀ ਆਈ. ਨੂੰ ਹਾਲੀ ਹੋਰ ਟਾਈਮ ਹੈ ਅਤੇ ਉਨ੍ਹਾਂ ਦਾ ਇਕ ਮੈਂਬਰ ਬੋਲ ਸਕਦਾ ਹੈ। (ਵਿਘਨ) (Now the House will take up the discussion on motion of thanks for the Governor's Address** (*Interruption*) I may inform the House that the Congress Party has so far taken 2 hours and 18 minutes, Akali Party 2 hours and 47 minutes and C. P. I. 31 minutes, during the discussion on Governor's Address. The proportionate time allotted to Congress Legislature Party, Akali Legislature Party, C.P.I. and C.P.I. (M) is 6 hours and 35 minutes 2 hours and 5 minutes, 50 minutes and 5 minutes, respectively. The Akali Party has already taken 42 minutes in excess. C. P. I. has not yet taken its full time and one more Member can speak.) (*Interruption*)

**On 19th February, 1974, Chaudhri Darshan Singh moved the following motion which was seconded by Dr. Amir Singh Kalkat:

> "That the Members of this House assembled in this Session are deeply grateful to the Governor for the Address which he has been pleased to deliver to the House on the 18th February, 1974."

Sardar Ajaib Singh Sandhu : No, no. I was winding up.

ਸ੍ਰੀ ਸਪੀਕਰ : ਤੁਸੀਂ ਇਕ ਘੰਟਾ 57 ਮਿੰਟ ਬੋਲ ਚੁਕੇ ਹੋ, ਹੋਰ ਕਿੰਨੇ ਮਿੰਟ ਹੁਣ ਲਵੋਗੇ? (You have already spoken for one hour and fifty-seven minutes. How much more time would you like to take?)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਜਦੋਂ ਡਿਪਟੀ ਸਪੀਕਰ ਸਾਹਿਬ ਨੇ ਕੱਲ੍ਹ ਹਾਊਸ ਐਡਜਰਨ ਕੀਤਾ ਸੀ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਇਨ੍ਹਾਂ ਨੇ ਆਪਣੀ ਸਪੀਚ ਖ਼ਤਮ ਕਰ ਲਈ ਹੈ । (ਵਿਘਨ)

Sardar Ajaib Singh Sandhu (Morinda S.C.) : I was winding up when the House adjourned. I was on my legs. I want to wind up.

ਸ੍ਰੀ ਸਪੀਕਰ : ਸੰਧੂ ਸਾਹਿਬ, ਪੰਜ ਮਿੰਟ ਵਿਚ ਤੁਸੀਂ ਵਾਈਂਡ ਅੱਪ ਕਰ ਦਿਉ । (Sandhu Sahib, please wind up within five minutes.)

ਸਰਦਾਰ ਅਜਾਇਬ ਸਿੰਘ ਸੰਧੂ: ਠੀਕ ਹੈ ਜੀ, ਪਰ ਕਲ ਇਨ੍ਹਾਂ ਨੇ ਮੇਰਾ ਇੱਕ ਘੰਟਾ ਟਾਈਮ ਖਾ ਲਿਆ ਹੈ । ਜਿੰਨਾਂ ਟਾਈਮ ਕੱਲ੍ਹ ਇਨ੍ਹਾਂ ਨੇ ਮੇਰਾ ਲਿਆ ਹੈ ਉਤਨਾ ਮੈਨੂੰ ਹੋਰ ਦੇ ਦਿਉ । (ਵਿਘਨ)

ਮਾਨਯੋਗ ਸਪੀਕਰ ਸਾਹਿਬ, ਕੱਲ ਇਸ ਸਦਨ ਵਿਚ ਕਾਂਗਰਸ ਔਰ ਕਮਿਊਨਿਸਟ ਬੈਂਚਾਂ ਵਲੋਂ ਇਹ ਦੂਸ਼ਣ ਲਾਇਆ ਗਿਆ ਕਿ ਜਨਵਰੀ, 1970 ਵਿਚ ਅਕਾਲੀ ਲੀਡਰਾਂ ਨੇ ਸੈਂਟਰ ਨਾਲ ਕੋਈ ਖੁਫੀਆ ਗੱਲ ਬਾਤ ਸਰਦਾਰ ਗੁਰਨਾਮ ਸਿੰਘ, ਸਰਦਾਰ ਕਰਨੈਲ ਸਿੰਘ ਔਰ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਰਾਹੀਂ ਕੀਤੀ । ਸਪੀਕਰ ਸਾਹਿਬ, ਸਰਦਾਰ ਗੁਰਨਾਮ ਸਿੰਘ ਅੱਜ ਇਥੇ ਮੌਜੂਦ ਨਹੀਂ, ਸਰਦਾਰ ਕਰਨੈਲ ਸਿੰਘ ਇਥੇ ਨਹੀਂ । ਸਰਦਾਰ ਹਰਕਿਸ਼ਨ ਸਿੰਘ ਜੀ ਸੁਰਜੀਤ ......

ਡਾਕਟਰ ਅਮੀਰ ਸਿੰਘ ਕਲਕਟ : ਆਨ ਏ ਪੁਆਇੰਟ ਆਫ ਆਰਡਰ ਸਰ । ਸਪੀਕਰ ਸਾਹਿਬ ਉਨ੍ਹਾਂ ਨੇ ਖੁਫੀਆ ਗੱਲ ਬਾਤ ਨਹੀਂ ਕਿਹਾ ਸੀ ਉਨ੍ਹਾਂ........... (ਵਿਘਨ) ਇਸ ਹਾਊਸ ਨੂੰ ਮਿਸਲੀਡ ਕਰ ਰਹੇ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਸਰਦਾਰ ਹਰਕਿਸ਼ਨ ਸਿੰਘ ਜੀ ਸੁਰਜੀਤ ਅੱਜ ਚੰਡੀਗੜ੍ਹ ਵਿਚ ਮੌਜੂਦ ਹਨ । ਮੈਂ ਅੱਜ ਸਵੇਰੇ ਹੀ ਉਨ੍ਹਾਂ ਨੂੰ ਮਿਲਿਆ ਹਾਂ ਅਤੇ ਉਨ੍ਹਾਂ ਨੂੰ ਪੁਛਿਆ। ਉਨ੍ਹਾਂ ਨੇ ਕਿਹਾ ਕਿ ਇਹ ਸਾਰੇ ਦੂਸ਼ਣ ** ** ਹਨ । (ਵਿਘਨ)

ਸ੍ਰੀ ਸਪੀਕਰ : ** ** ਸ਼ਬਦ ਐਕਸਪੰਜ ਕਰ ਦਿਤਾ ਜਾਵੇ । (The word ** used by the hon Member be expunged)

ਸਰਦਾਰ ਅਜਾਇਬ ਸਿੰਘ ਸੰਧੂ : ਚਲੋ ** ** ਨਹੀਂ ਤਾਂ ਝੂਠ ਦਾ ਪਲੰਦਾ ਹੈ। ਉਨ੍ਹਾਂ ਨੇ ਕਿਹਾ ਸੀ ਕਿ ਜੇ * * * ਨਾ ਮੰਨਣ ਤਾਂ ਇਹ ਕਹਿਣਾ ਕਿ ਝੂਠ ਦਾ ਪਲੰਦਾ ਹੈ ।

ਦੂਜੀ ਗੱਲ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਆਪਣੀ ਵਲੋਂ ਅਤੇ ਆਪਣੀ ਪਾਰਟੀ ਵੱਲੋਂ ਕਹਿੰਦਾ ਹਾਂ ਕਿ ਕੋਈ ਖੁਫੀਆ ਗੱਲ ਨਹੀਂ ਕੀਤੀ । ਇਹ ਜਿਹੜਾ ਦੂਸ਼ਣ ਮੇਰੀ ਪਾਰਟੀ ਤੇ ਜਾਣ ਬੁਝ ਕੇ ਔਰ ਕਿਸੇ ਮਨ ਘੜਤ ਗੱਲ ਨਾਲ ਲਾਇਆ ਗਿਆ ਹੈ ਇਹ ਬਿਲਕੁਲ ਬੇਬੁਨਿਆਦ ਹੈ ਔਰ ਬਿਲਕੁਲ ਸ਼ਰਾਰਤ ਭਰਪੂਰ ਹੈ । ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ

**Expunged as ordered by the Chair.

ਇਹ ਇਕ ਮੇਰੇ ਕੋਲ 17 ਫਰਵਰੀ, 1974 ਦਾ 'ਟ੍ਰਿਬੀਯੂਨ' ਅਖ਼ਬਾਰ ਹੈ ਜਿਸ ਦੇ ਵਿਚ ਹਿੰਦੁਸਤਾਨ ਦੇ ਹੋਮ ਮਨਿਸਟਰ ਸਾਹਿਬ, ਸ਼੍ਰੀ ਦੀਕਸ਼ਿਤ ਦਾ ਬਿਆਨ ਹੈ । ਇਹ ਮੈਂ ਪੜ੍ਹ ਕੇ ਸੁਣਾਉਂਦਾ ਹਾਂ ਅਤੇ ਇਹ ਬਿਆਨ ਵੀ ਸਾਬਤ ਕਰੇਗਾ ਕਿ ਇਸਦੇ ਵਿਚ ਅਕਾਲੀਆਂ ਦੀ ਕੋਈ ਗਲਤੀ ਨਹੀਂ ਸੀ । 'ਟ੍ਰਿਬਿਯੂਨ' ਦੇ ਪਹਿਲੇ ਸਫੇ ਤੇ ਹੀ ਲਿਖਿਆ ਹੈ......

'Steps to Implement Decision on Fazilka and Chandigarh soon.

'Home Minister Uma Shankar Dikshit said here today that steps would soon be taken to implement the Centre's decision of January 28, 1970, proposing the transfer of Chandigarh to Punjab and Fazilka to Haryana.

Mr. Dikshit told a meeting of the Consultative Committee of Parliament attached to his Ministry that the Government's decision was "not the personal award of an individual (the Prime Minister)" but the considered view of the Centre.'

ਇਸ ਕਰਕੇ, ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੈਂਟਰ ਨੇ ਇਹ ਫੈਸਲਾ ਦਿਤਾ ਹੈ ।

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਫਾਰ ਇਨਫਰਮੇਸ਼ਨ ਮੈਂ ਇਹ ਪੁਛਣਾ ਚਾਹੁੰਦਾ ਹਾਂ ਇਹ ਫੈਸਲਾ ਕਿਹੜੀ ਡੇਟ ਦਾ ਹੈ ?

ਸਰਦਾਰ ਅਜਾਇਬ ਸਿੰਘ ਸੰਧੂ : 28 ਜਨਵਰੀ, 1970 ਦਾ ਫੈਸਲਾ ਸੀ । (ਵਿਘਨ) ਇਹ ਇਨ੍ਹਾਂ ਦੇ ਹੋਮ ਮਨਿਸਟਰ ਸਾਹਿਬ ਦਾ ਬਿਆਨ ਹੈ ਮੇਰੇ ਮੁੱਖ ਮੰਤਰੀ ਸਾਹਿਬ ਦਾ ਨਹੀਂ । ਇਹ ਜਿਹੜਾ ਫੈਸਲਾ ਸੀ ਇਹ ਸੈਂਟਰ ਵਲੋਂ ਕਨਸਿਡਰਡ ਵਿਊ ਸੀ । ਉਨ੍ਹਾਂ ਨੇ ਕਿਹਾ ਕਿ ਸੈਂਟਰ ਨੇ ਕਨਸਿਡਰਡ ਵਿਊ ਦਿਤਾ ਹੈ ।

ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੈਂਟਰਲ ਸਰਕਾਰ ਦਾ ਇਹ ਫੈਸਲਾ ਬਿਲਕੁਲ ਐਂਟੀ-ਨੈਸ਼ਨਲ ਅਤੇ ਕਮਿਊਨਲ ਸੀ, ਜਿਸ ਨੂੰ ਪੰਜਾਬ ਨੇ ਨਾ ਇਨ ਟੋਟੋ ਸਵੀਕਾਰ ਕੀਤਾ ਹੈ, ਨਾ ਕਰਦਾ ਹੈ ਅਤੇ ਨਾ ਕਰੇਗਾ ਅਤੇ ਨਾ ਕਰ ਰਿਹਾ ਹੈ । ਇਸ ਲਈ ਸਾਡੀ ਪੋਜ਼ੀਸ਼ਨ ਬਿਲਕੁਲ ਸਾਫ ਹੈ । ਇਨ੍ਹਾਂ ਨੇ ਅੱਗੇ ਆਪਣੇ ਬਿਆਨ ਵਿਚ ਇਹ ਕਿਹਾ ਹੈ ਕਿ ਮੈਂ ਪੰਜਾਬ ਦੇ ਮੁੱਖ ਮੰਤਰੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਬੁਲਾ ਕੇ ਡਿਸਕਸ਼ਨ ਕਰ ਲਈ ਹੈ । ਮੈਂ ਕੱਲ ਵੀ ਬੇਨਤੀ ਕੀਤੀ ਸੀ ਅਤੇ ਅੱਜ ਵੀ ਕਰਦਾ ਹਾਂ ਕਿ ਜੇਕਰ ਪੰਜਾਬ ਦੇ ਮੁੱਖ ਮੰਤਰੀ ਸਾਹਿਬ ਸੈਂਟਰ ਦੇ ਲੀਡਰਾਂ ਨੂੰ ਖੁਸ਼ ਕਰਨ ਵਾਸਤੇ ਪੰਜਾਬ ਨੂੰ ਵੇਚ ਆਉਣਗੇ ਤਾਂ ਅਕਾਲੀ ਦਲ ਬਿਲਕੁਲ ਨਹੀਂ ਮੰਨੇਗਾ ਅਤੇ ਉਸ ਦੀ ਡੱਟ ਕੇ ਮੁਖਾਲਫਤ ਕਰੇਗਾ । (ਵਿਘਨ) ਮੇਰੇ ਬਾਰੇ ਅਖ਼ਬਾਰ ਵਿਚ ਛਪਿਆ ਹੈ ਕਿ ਜੇਕਰ ਅਕਾਲੀ ਦਲ ਨੇ ਕੋਈ ਗਲਤੀ ਕੀਤੀ ਹੋਵੇ ਤਾਂ ਉਹ ਮੁਆਫ ਕਰ ਦੇਵੇ (ਵਿਘਨ) ਮੈਂ ਇਹ ਚੀਜ਼ ਬਿਲਕੁਲ ਨਹੀਂ ਕਹੀ ਸੀ, ਬਲਕਿ ਮੈਂ ਇਹ ਕਿਹਾ ਸੀ ਕਿ ਅਗਰ ਤੁਸੀਂ ਸਾਰੇ ਇਕੱਠੇ ਹੋ ਕੇ ਇਹ ਕਰੋ ਤਾਂ ਅਸੀਂ ਸਾਰਿਆਂ ਦੀ ਮੁਖਾਲਫਤ ਕਰਾਂਗੇ । ਮੈਂ ਅਰਜ਼ ਕਰਦਾ ਹਾਂ ਕਿ ਸਾਡਾ ਸਟੈਂਡ ਕਲੀਅਰ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਪੰਜਾਬ ਨੂੰ ਮਿਲਣਾ ਚਾਹੀਦਾ ਹੈ (ਵਿਘਨ) ਚੰਡੀਗੜ੍ਹ ਤੁਰੰਤ ਪੰਜਾਬ ਨੂੰ ਮਿਲਣਾ ਚਾਹੀਦਾ ਹੈ ਇਸ ਦੇ ਵਿਚ ਕੋਈ ਡੀਲਿੰਗ ਨਹੀਂ ਹੋਣੀ ਚਾਹੀਦੀ । ਦੂਜੀ ਗੱਲ ਇਹ ਕਿ ਇਕ ਲੈਂਗੂਏਜ ਐਕਸਪਰਟਸ ਦਾ ਕਮਿਸ਼ਨ ਬਣਾ ਕੇ ਜਿਹੜੇ ਇਲਾਕੇ ਬਾਹਰ ਰਹਿ ਗਏ ਹਨ ਉਨ੍ਹਾਂ ਸਾਰਿਆਂ ਨੂੰ ਇਕ ਪਿੰਡ ਦੀ ਇਕਾਈ ਮੰਨ ਕੇ ਸਰਵੇ ਕਰਵਾਇਆ ਜਾਏ ਅਤੇ ਜਿਹੜੇ ਪੰਜਾਬੀ ਸਪੀਕਿੰਗ ਏਰੀਆਜ਼ ਹਨ ਉਨ੍ਹਾਂ ਨੂੰ ਪੰਜਾਬ ਵਿਚ ਮਿਲਾਉਣਾ ਚਾਹੀਦਾ ਹੈ ਅਤੇ

[ਸਰਦਾਰ ਅਜਾਇਬ ਸਿੰਘ ਸੰਧੂ]

ਇਹ ਬਿਟਰੇ ਨਾ ਕਰਨ। ਮੈਨੂੰ ਪਤਾ ਹੈ ਕਿ ਕਾਮਰੇਡਾਂ ਦਾ ਕਾਂਗਰਸ ਨਾਲ ਸਮਝੌਤਾ ਹੈ ਅਤੇ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੂੰ ਰਾਜ ਸਭਾ ਦੀ ਸੀਟ ਦਿਵਾਉਣੀ ਹੈ। ਕਦੇ ਵੀ ਮੇਰੇ ਕਾਮਰੇਡ ਭਰਾ ਡਾਂਗ ਸਾਹਿਬ ਅਤੇ ਸਰਦਾਰ ਉਮਰਾਓ ਸਿੰਘ ਨੇ ਨਹੀਂ ਕਿਹਾ ਸੀ ਕਿ ਸਾਨੂੰ ਮਨਜ਼ੂਰ ਨਹੀਂ। ਧੰਨਵਾਦ।

PERSONAL EXPLANATION BY SARDAR UMRAO SINGH, MINISTER FOR REVENUE AND ELECTION

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲਾ-ਨੇਸ਼ਨ। ਸਪੀਕਰ ਸਾਹਿਬ, ਕੱਲ ਸੰਧੂ ਸਾਹਿਬ ਨੇ ਆਪਣੇ ਲੈਕਚਰ ਵਿਚ ਇਹ ਕਿਹਾ ਸੀ ਕਿ ਜਦੋਂ ਇਹ ਫ਼ੈਸਲਾ ਅਨਾਊਂਸ ਕੀਤਾ ਗਿਆ ਤਾਂ ਉਸ ਵੇਲੇ ਆਲ ਪਾਰਟੀਜ਼ ਮੀਟਿੰਗ ਹੋਈ, ਉਸ ਵਿਚ ਸਰਦਾਰ ਉਮਰਾਓ ਸਿੰਘ ਨੇ ਆਲ ਪਾਰਟੀਜ਼ ਨਾਲ ਇਹ ਫ਼ੈਸਲਾ ਮਨਜ਼ੂਰ ਕੀਤਾ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਉਹ ਸਾਰੇ ਫ਼ੈਕਟਸ ਨਹੀਂ ਦੱਸੇ। ਪਹਿਲਾਂ ਤਾਂ ਅਜ ਇਨ੍ਹਾਂ ਨੇ ਸ੍ਰੀ ਵਿਕਸ਼ਿਤ ਦੀ ਸਟੇਟਮੈਂਟ ਪੜ੍ਹ ਦਿੱਤੀ ਅਤੇ ਨਾਲ ਹੀ ਉਨ੍ਹਾਂ ਨੇ ਦੱਸਿਆ ਹੈ ਕਿ ਇਹ ਫ਼ੈਸਲਾ 28 ਜਨਵਰੀ, 1970 ਵਿਚ ਹੋਇਆ ਸੀ ਅਤੇ ਕੱਲ ਸਰਦਾਰ ਗੁਰਨਾਮ ਸਿੰਘ ਦੀ 28 ਜਨਵਰੀ ਦੀ ਚਿੱਠੀ ਹਾਊਸ ਵਿੱਚ ਪੜ੍ਹ ਕੇ ਸੁਣਾਈ ਜਿਸ ਨਾਲ ਇਨ੍ਹਾਂ ਨੇ ਆਪਣੀ ਪੋਜ਼ੀਸ਼ਨ ਸਪੱਸ਼ਟ ਕਰ ਦਿੱਤੀ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਫ਼ੈਸਲਾ ਸੈਂਟਰ ਦੀ ਸਰਕਾਰ ਨੇ ਸੁਣਾਇਆ ਸੀ। (ਵਿਘਨ)

ਮਾਲ ਅਤੇ ਚੋਣ ਮੰਤਰੀ : 28 ਤਾਰੀਖ਼ ਨੂੰ ਫ਼ੈਸਲਾ ਸੁਣਾਇਆ ਅਤੇ 28 ਤਾਰੀਖ਼ ਨੂੰ ਹੀ ਇਨ੍ਹਾਂ ਨੇ ਚਿੱਠੀ ਲਿਖੀ। ਜਿਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਹ ਚਿੱਠੀ ਫ਼ੈਸਲੇ ਦੇ ਬਾਅਦ ਲਿਖੀ ਗਈ ਇਹ ਉਥੇ ਮੰਨ ਕੇ ਆਏ ਸੀ। ਇਹ ਲੋਕਾਂ ਤੋਂ ਬਚਣ ਵਾਸਤੇ ਇਨ੍ਹਾਂ ਨੇ ਇਹ ਡਰਾਮਾ ਕੀਤਾ। (ਵਿਘਨ) (ਸ਼ੋਰ)

ਸਰਦਾਰ ਰਣਧੀਰ ਸਿੰਘ ਚੀਮਾ : ਇਹ ਗ਼ਲਤ ਕਹਿੰਦੇ ਹਨ (ਵਿਘਨ) (ਸ਼ੋਰ) ਇਨ੍ਹਾਂ ਨੇ ਮੀਟਿੰਗ ਅਟੈਂਡ ਕੀਤੀ ਅਤੇ ਇਹ..............(ਵਿਘਨ) (ਸ਼ੋਰ)

ਮਾਲ ਅਤੇ ਚੋਣ ਮੰਤਰੀ : ਮੈਂ ਪਾਰਟੀ ਦੇ ਬਤੌਰ ਜਨਰਲ ਸੈਕਟਰੀ ਦੇ ਗਿਆ ਸੀ। (ਵਿਘਨ)

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਆਪਣੇ ਰਿਮਾਰਕਸ ਪਰਸਨਲ ਐਕਸਪਲਾਨੇਸ਼ਨ ਤੱਕ ਹੀ ਕਨਫਾਈਨ ਕਰੋ। (Sardar Umrao Singh Ji, please confine your remarks to your personal explanation only.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਹੈ ਕਿ ਜਿਸ ਵੇਲੇ ਫ਼ੈਸਲਾ ਅਨਾਊਂਸ ਹੋਇਆ ਉਸ ਵੇਲੇ ਸਾਨੂੰ ਸਨੇਹੇ ਆਏ ਅਤੇ ਆਲ ਪਾਰਟੀਜ਼ ਕਾਨਫ਼ਰੰਸ ਅਮ੍ਰਿਤਸਰ ਵਿਚ ਬੁਲਾਈ ਗਈ। ਉਸ ਕਾਨਫਰੈਂਸ ਵਿਚ ਇਹ ਫ਼ੈਸਲਾ ਦੱਸਿਆ ਗਿਆ। ਉਥੇ ਸਾਰੀਆਂ ਪਾਰਟੀਆਂ ਸਨ ਜਿਸ ਵਿਚ ਕਾਂਗਰਸ, ਜਨ-ਸੰਘ, ਸੋਸ਼ਲਿਸਟ ਅਤੇ ਸਾਡੇ ਕਾਮਰੇਡ ਭਰਾ ਸਨ। ਸਿਵਾਏ ਉਨ੍ਹਾਂ ਦੇ ਜਿਨ੍ਹਾਂ ਦੀ ਇਹ ਤਾਰੀਫ਼ ਕਰ ਰਹੇ ਸਨ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਗ਼ਲਤ ਕਹਿ ਰਹੇ ਹਨ। (ਵਿਘਨ) ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ। (ਵਿਘਨ)

ਮਾਲ ਅਤੇ ਚੋਣ ਮੰਤਰੀ : ਸਾਰਿਆਂ ਨੇ ਪਹਿਲਾਂ ਇਸ ਚੀਜ਼ ਦਾ ਇਤਰਾਜ਼ ਕੀਤਾ ਕਿ ਜਿਸ ਦਿਨ ਸੰਤਾਂ ਨੇ ਮਰਨਵਰਤ ਰੱਖਿਆ ਸੀ ਉਦੋਂ ਸਾਰੀਆਂ ਪਾਰਟੀਆਂ ਕਿਉਂ ਨਹੀਂ ਸੀ ਬੁਲਾਈਆਂ ਗਈਆਂ ਅਤੇ ਅੱਜ ਸੰਤਾਂ ਦਾ ਵਰਤ ਖੁਲਾਉਣ ਵਾਸਤੇ ਸਾਰੀਆਂ ਪਾਰਟੀਆਂ ਦੀ ਆੜ ਲਈ ਜਾ ਰਹੀ ਹੈ । ਇਹ ਠੀਕ ਨਹੀਂ । ਸਾਰੀਆਂ ਪਾਰਟੀਆਂ ਨਹੀਂ ਸਨ ਚਾਹੁੰਦੀਆਂ ਕਿ ਪੰਜਾਬ ਦੀ ਹਾਲਤ ਵਿਗਾੜੀ ਜਾਏ। ਕਨੇਡੀਅਨ ਸਾਹਿਬ ਇਸ ਚੀਜ਼ ਦੇ ਗਵਾਹ ਹਨ । ਸੰਤ ਚੰਨਣ ਸਿੰਘ ਨੇ ਇਹ ਕਿਹਾ ਸੀ ਕਿ ਅਗਰ ਸਾਰੀਆਂ ਪਾਰਟੀਆਂ ਇਹ ਫ਼ੈਸਲਾ ਮਨਜ਼ੂਰ ਨਹੀਂ ਕਰਦੀਆਂ ਤਾਂ ਪੰਜਾਬ ਵਿਚ ਅੱਗਾਂ ਲੱਗ ਜਾਣਗੀਆਂ ਅਤੇ ਪੰਜਾਬ ਦਾ ਅਮਨ ਖ਼ਤਮ ਹੋ ਜਾਵੇਗਾ । ਸਰਦਾਰ ਗੁਰਨਾਮ ਸਿੰਘ ਉਸ ਵੇਲੇ ਚੀਫ ਮਨਿਸਟਰ ਸਨ, ਨੇ ਬਿਲਕੁਲ ਤਰਦੀਦ ਨਹੀਂ ਕੀਤੀ ਕਿ ਇਹ ਚੀਜ਼ ਸੰਤ ਜੀ ਗ਼ਲਤ ਕਹਿੰਦੇ ਹਨ ਅਤੇ ਪੰਜਾਬ ਦਾ ਲਾਅ ਐਂਡ ਆਰਡਰ ਕਾਇਮ ਰੱਖਿਆ ਜਾਵੇਗਾ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੇ ਅੱਜ ਤੱਕ ਕਦੇ ਇਸ ਗੱਲ ਦੀ ਤਰਦੀਦ ਕੀਤੀ ਹੈ ? (ਵਿਘਨ)

ਜੱਥੇਦਾਰ ਗੁਰਬਚਨ ਸਿੰਘ : ਇਹ ਅੱਜ ਤੱਕ ਕਿਉਂ ਨਹੀਂ ਬੋਲੇ (ਵਿਘਨ)

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਆਪਣੀ ਪਰਸਨਲ ਐਕਸਪਲਾਨੇਸ਼ਨ ਤਕ ਹੀ ਕੰਫਾਈਨ ਰੱਖੋ । (ਵਿਘਨ) (Sardar Umrao Singh ji, please confine yourself to your personal explanation only.) (*Interruption*)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਸੱਚ ਉਹ ਜਿਹੜਾ ਸਿਰ ਚੜ੍ਹ ਕੇ ਬੋਲੇ । (ਵਿਘਨ) ਸਪੀਕਰ ਸਾਹਿਬ ਇਸ ਵਿਚ ਇਨ੍ਹਾਂ ਨੇ ਮੈਨੂੰ ਹਿੱਸੇਦਾਰ ਕਿਹਾ ਹੈ, ਮੈਂ ਇਹ ਦੱਸਣ ਲੱਗਾ ਹਾਂ ਕਿ ਮੈਂ ਕਿਸ ਤਰ੍ਹਾਂ ਹਿੱਸੇਦਾਰ ਸੀ । ਉਥੇ ਇਹ ਕਿਹਾ ਗਿਆ ਸਰਦਾਰ ਗੁਰਨਾਮ ਸਿੰਘ ਅਤੇ ਸਰਦਾਰ ਚੰਨਣ ਸਿੰਘ ਵੱਲੋਂ ਕਿ ਇਹ ਜਿਹੜਾ ਸੈਂਟਰ ਦਾ ਫ਼ੈਸਲਾ ਹੈ ਇਸ ਨੂੰ ਵੈਲਕਮ ਕੀਤਾ ਜਾਏ (ਵਿਘਨ)। ਔਰ ਇਹ ਕਿਹਾ ਗਿਆ ਕਿ ਉਨੀਂ ਦੇਰ ਤੱਕ ਸੰਤ ਫ਼ਤਿਹ ਸਿੰਘ ਵਰਤ ਨਹੀਂ ਛਡੇਗਾ ਜਿਨੀਂ ਦੇਰ ਤਕ ਸਾਰੀਆਂ ਪਾਰਟੀਆਂ ਇਸ ਫ਼ੈਸਲੇ ਨੂੰ ਨਹੀਂ ਮੰਨਦੀਆਂ। ਮੈਂ ਕਹਿੰਦਾ ਹਾਂ ਕਿ ਉਸ ਰੈਜ਼ੋਲਿਊਸ਼ਨ ਤੋਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਸਾਰੀਆਂ ਪਾਰਟੀਆਂ ਨੇ ਕਿਹਾ ਸੀ ਕਿ ਇਸ ਫ਼ੈਸਲੇ ਨੂੰ ਨਹੀਂ ਮੰਨਦੇ । (ਵਿਘਨ) ਸਾਰੀਆਂ ਪਾਰਟੀਆਂ ਨੂੰ ਸਰਦਾਰ ਗੁਰਨਾਮ ਸਿੰਘ ਨੇ ਕਿਹਾ ਤੁਸੀਂ (ਵਿਘਨ) (ਸ਼ੋਰ) ਸਪੀਕਰ ਸਾਹਿਬ, ਉਸ ਦਿਨ ਅਕਾਲੀ ਦਲ ਦਾ ਇਕ ਇਕ ਕਾਰਕੁਨ ਆਲ ਪਾਰਟੀਜ਼ ਦੇ ਨੁਮਾਇੰਦਿਆਂ ਕੋਲ ਗਿਆ ਸੀ ਅਤੇ ਉਨ੍ਹਾਂ ਦੇ ਗੋਡੇ ਫੜ ਰਹੇ ਸੀ ਕਿ ਸੰਤਾਂ ਨੂੰ ਬਚਾਓ । ਇਹ ਉਥੇ ਮੂਵਮੈਂਟ ਚੱਲ ਰਹੀ ਸੀ । (ਵਿਘਨ) ਸਪੀਕਰ ਸਾਹਿਬ, ਮੈਂ ਉਹ ਦੱਸ ਰਿਹਾ ਹਾਂ ਜੋ ਉਸ ਵੇਲੇ ਮੀਟਿੰਗ ਵਿਚ ਹੋਇਆ ਸੀ (ਵਿਘਨ) ਫਿਰ ਉਸ ਤੋਂ ਬਾਅਦ, ਸਪੀਕਰ ਸਾਹਿਬ, ਮੈਂਬਰਜ਼ ਨੇ ਸੁਆਲ ਕੀਤਾ ਕਿ ਇਕ ਪਾਸੇ ਤਾਂ ਤੁਸੀਂ ਪੰਜਾਬ ਵਿਚ ਦੀਪਮਾਲਾ ਕਰਨ ਅਤੇ ਦੋ ਦਿਨ ਦੀ ਛੁੱਟੀ ਅਨਾਊਂਸ ਕੀਤੀ ਹੈ (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾਂ : ਸਪੀਕਰ ਸਾਹਿਬ, ਕੀ ਇਹ ਪਰਸਨਲ ਐਕਸਪਲਾਨੇਸ਼ਨ ਹੈ ? (ਵਿਘਨ)

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ, ਤੁਸੀਂ ਆਪਣੀ ਪਰਸਨਲ ਐਕਸਪਲਾਨੇਸ਼ਨ 2—4 ਫਿਕਰਿਆਂ ਵਿਚ ਖ਼ਤਮ ਕਰ ਦਿਓ । (ਵਿਘਨ) (Sardar Umrao Singh, please limit your personal explanation to a few sentences only.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਜੋ ਕੁਝ ਮੀਟਿੰਗ ਵਿਚ ਹੋਇਆ ਮੈਂ ਉਹ ਦੱਸ ਰਿਹਾ ਹਾਂ ।

Mr. Speaker : Please resume your seat. (*Interruption*)

Revenue and Election Minister : Sir, I have not finished as yet. (*Noise*)

ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲਾਨੇਸ਼ਨ ਕਰਨੀ ਚਾਹੁੰਦਾ ਹਾਂ । (ਵਿਘਨ)

Comrade Satya P l Dang: Mr. Speaker, it is a gross mis-use of the Rules by Sardar Umrao Singh in the name of pesonal explanation. He is making a speech. Our Party has been malciously attacked and slandered by absolutely false statement made by Sardar Ajaib Singh Sandhu. Our Member is standing and you are not allowing him to speak. Sardar Umrao Singh is making a prolonged speech in the name of personal explanation.

Mr. Speaker : I am asking him to confine himself to pesonal explanation.

ਮਾਲ ਅਤੇ ਚੋਣ ਮੰਤਰੀ: ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਇਹ ਹੈ ਕਿ ਉਸ ਪਾਰਟੀ ਨੇ ਨਾ ਤਾਂ ਸੰਤ ਜੀ ਦੇ ਵਰਤ ਨੂੰ ਐਪਰੀਸ਼ੀਏਟ ਕੀਤਾ ਅਤੇ ਨਾ ਹੀ ਇਹ ਕਿਹਾ ਕਿ ਇਹ ਜੋ ਕੰਮ ਕੀਤਾ ਹੈ ਇਹ ਠੀਕ ਹੈ । ਕਾਂਗਰਸ ਪਾਰਟੀ ਦੀ ਰਾਏ ਸੀ ਕਿ ਸੰਤ ਜੀ ਦਾ ਸਟੈਪ ਠੀਕ ਨਹੀਂ । ਇਨ੍ਹਾਂ ਗੱਲਾਂ ਲਈ ਮਰਨ ਵਰਤ ਰੱਖਣਾ ਠੀਕ ਨਹੀਂ । ਅਸੀਂ ਨਿਰਣਾ ਕੀਤਾ ਕਿ ਫ਼ਾਜ਼ਿਲਕਾ ਅਤੇ ਅਬੋਹਰ ਦਾ ਜਿਹੜਾ ਇਲਾਕਾ ਪੰਜਾਬ ਤੋਂ ਕੱਢਣ ਦਾ ਡਿਸੀਜ਼ਨ ਹੈ ਇਸ ਨਾਲ ਅਸੀਂ ਸਹਿਮਤ ਨਹੀਂ ਹਾਂ; ਇਹ ਆਲ ਪਾਰਟੀਜ਼ ਦਾ ਡਿਸੀਜ਼ਨ ਨਹੀਂ ਸੀ। ਇਸ ਚੀਜ਼ ਨੂੰ ਇਨ੍ਹਾਂ ਨੂੰ ਵੈਲਕਮ ਕੀਤਾ ਸੀ, ਇਨ੍ਹਾਂ ਨੇ ਲੱਡੂ ਵੰਡੇ ਸੀ, ਇਨ੍ਹਾਂ ਨੇ ਦੋ ਦਿਨ ਦੀ ਛੁੱਟੀ ਕੀਤੀ ਸੀ ਅਤੇ ਦੀਪਮਾਲਾ ਮੰਨਾਈ ਸੀ।

11-00 a.m.

(ਕਾਂਗਰਸ ਬੈਂਚਾਂ ਵੱਲੋਂ ਸ਼ੇਮ, ਸ਼ੇਮ ਦੀਆਂ ਆਵਾਜ਼ਾਂ)

ਸ੍ਰੀ ਕੇਸ਼ੋ ਰਾਮ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਮਾਮਲੇ ਨੂੰ ਬੜਾ ਕਨਫਿਊਜ਼ ਕਰ ਦਿੱਤਾ ਹੈ । ਆਇਆ ਇਨ੍ਹਾਂ ਨੇ ਬਿਟਰੇ ਕੀਤਾ ਹੈ ਜਾਂ ਕਿਸੇ ਹੋਰ ਨੇ, ਇਸ ਲਈ ਹਾਊਸ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ ਅਤੇ ਉਹ ਫ਼ੈਸਲਾ ਕਰ ਦੇਵੇ (ਸ਼ੋਰ) (ਵਿਘਨ)।

Sardar Ajaib Singh Sandhu : We welcome it.

Captain. Rattan Singh : On a point of order, Sir.

(ਇਸ ਸਮੇਂ ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਵੀ ਬੋਲਣ ਲਈ ਖੜ੍ਹੇ ਹੋਏ ।)

ਸ੍ਰੀ ਸਪੀਕਰ : ਪਹਿਲਾਂ ਕੈਪਟਨ ਸਾਹਿਬ ਨੂੰ ਗੱਲ ਕਰ ਲੈਣ ਦਿਓ, ਫ਼ਿਰ ਤੁਸੀਂ ਕਹਿ ਲੈਣਾ । (Let Capt. Rattan Singh speak first. You may speak after him.)

Comrade Satya Pal Dang : Mr. Speaker, Comrade Malhotra is not a Member of this House. He has been attacked by name. Comrade Josh is standing for the last half an hour to explain the position. Why don't you allow him?

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਹਾਊਸ ਦਾ ਕੀਮਤੀ ਟਾਈਮ ਇਹ ਨਜਾਇਜ਼ ਤੌਰ ਤੇ ਖਰਚ ਕਰ ਰਹੇ ਹਨ । ਇਸ ਦਾ ਹੱਲ ਇਹ ਹੈ ਕਿ ਤੁਸੀਂ ਅਸੈਂਬਲੀ ਦਾ ਰਿਕਾਰਡ ਮੰਗਾ ਲਵੋ । ਉਸ ਦਿਨ ਜਿਸ ਵੇਲੇ ਸਰਦਾਰ ਗੁਰਨਾਮ ਸਿੰਘ

ਪੰਜਾਬ ਦੇ ਚੀਫ਼ ਮਨਿਸਟਰ ਸਨ ਅਤੇ ਅਕਾਲੀ ਪਾਰਟੀ ਪਾਵਰ ਵਿਚ ਸੀ, ਉਸ ਵੇਲੇ ਦਾ ਅਸੈਂਬਲੀ ਦਾ ਰਿਕਾਰਡ ਵੇਖ ਲਓ ਅਤੇ ਉਸ ਰਿਕਾਰਡ ਵਿਚ ਕਾਂਗਰਸ ਪਾਰਟੀ ਦੀ ਤਰਫ਼ੋਂ ਮੈਂ ਜੋ ਸਟੇਟਮੈਂਟ ਉਸ ਵੇਲੇ ਦਿੱਤੀ ਸੀ ਉਹ ਵੀ ਵੇਖ ਲਓ । ਉਸ ਤੋਂ ਪਤਾ ਲੱਗ ਜਾਵੇਗਾ । ਮੈਂ ਬੇਨਤੀ ਕਰਾਂਗਾ ਕਿ ਇਹ ਮਾਮਲਾ ਹੁਣ ਬੰਦ ਕਰਾ ਦਿਓ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ ਇਤਨਾ ਵੱਡਾ ਅਤੇ ਗੰਭੀਰ ਮਸਲਾ ਹੋਵੇ ਜਿਸ ਵਿਚ ਸਾਰੀ ਸਟੇਟ ਦਾ ਹਰ ਇਕ ਬੱਚਾ ਇੰਟਰੈਸਟਿਡ ਹੋਵੇ ਅਤੇ ਇਸ ਨੂੰ ਇਤਨਾ ਲਾਈਟਲੀ ਲਿਆ ਜਾਵੇ ਅਤੇ ਜਿਹੜੇ ਸਾਹਮਣੇ ਬੈਠੇ ਭਰਾ ਹਨ ਜਿਨ੍ਹਾਂ ਦੇ ਸਿਰ ਤੇ ਬਹੁਤ ਜ਼ਿੰਮੇਵਾਰੀ ਹੈ ਇਹ ਦੂਸਰਿਆਂ ਤੇ ਚਿੱਕੜ ਸੁਟਣ ਤੋਂ ਬਿਨਾਂ ਕੁਝ ਨਾ ਕਰਨ । ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਚੀਫ਼ ਮਨਿਸਟਰ ਸਾਹਿਬ ਸੈਂਟਰ ਨਾਲ ਕਮਿੱਟ ਕਰ ਕੇ ਆਏ ਹਨ ਕਿ ਫ਼ਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਉਨ੍ਹਾਂ ਨੂੰ ਦੇ ਦਿਉ ।

(ਅਕਾਲੀ ਬੈਂਚਾਂ ਵੱਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਸਰਦਾਰ ਗੁਰਮੇਜ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ ।

(ਅਕਾਲੀ ਬੈਂਚਾਂ ਵੱਲੋਂ ਸਰਦਾਰ ਗੁਰਮੇਜ ਸਿੰਘ ਵੱਲ ਇਸ਼ਾਰਾ ਕਰਦੇ ਹੋਏ 'ਜ਼ਮੀਨ ਚੋਰ' 'ਜ਼ਮੀਨ ਚੋਰ' ਦੀਆਂ ਆਵਾਜ਼ਾਂ)

ਸ੍ਰੀ ਸਪੀਕਰ : ਬਾਦਲ ਸਾਹਿਬ, ਤੁਸੀਂ ਪੁਆਇੰਟ ਆਫ਼ ਆਰਡਰ ਤੇ ਬੋਲ ਰਹੇ ਹੋ ਜਾਂ ਕੁਝ ਹੋਰ ਕਹਿਣਾ ਹੈ ? (Sardar Parkash Singh Badal, are you raising a point of order or something else?)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਨੂੰ ਬੜੀ ਖ਼ੁਸ਼ੀ ਹੁੰਦੀ ਜੇ ਇਸ ਤਰ੍ਹਾਂ ਦੇ ਇਮਪਾਰਟੈਂਟ ਮਸਲੇ ਤੇ............

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਬਾਦਲ ਸਾਹਿਬ ਕਿਹੜੇ ਰੂਲ ਦੇ ਥੱਲੇ ਬੋਲ ਰਹੇ ਹਨ ।

ਸ੍ਰੀ ਸਪੀਕਰ : ਬਾਦਲ ਸਾਹਿਬ ਲੀਡਰ ਆਫ਼ ਦੀ ਅਪੋਜ਼ੀਸ਼ਨ ਹਨ । ਹੋ ਸਕਦਾ ਹੈ ਉਨ੍ਹਾਂ ਦੀ ਗੱਲ ਨਾਲ ਹਾਊਸ ਸ਼ਾਂਤ ਹੋ ਜਾਵੇ । (Sardar Parkash Singh Badal is Leader of the Opposition. His views may restore calm in the House.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਇਸ ਚੀਜ਼ ਦੀ ਇੰਪਾਰਟੈਂਸ ਨੂੰ ਸਮਝਦੇ ਹੋਏ ਗਿਆਨੀ ਜ਼ੈਲ ਸਿੰਘ ਜੀ ਨੂੰ ਸੁਜੈਸਟ ਕਰਾਂਗਾ ਕਿ ਇਹ ਬਿਹਤਰ ਹੁੰਦਾ ਜੇ ਸਾਰੀਆਂ ਪਾਰਟੀਆਂ ਦੀ ਮੀਟਿੰਗ ਬੁਲਾ ਕੇ ਕੋਈ ਨਾ ਕੋਈ ਐਸਾ ਪ੍ਰੋਗਰਾਮ ਬਣਾਇਆ ਜਾਂਦਾ ਜਿਸ ਨਾਲ ਫ਼ਾਜ਼ਿਲਕਾ ਅਤੇ ਅਬੋਹਰ ਦਾ ਇਲਾਕਾ ਬਚਾਇਆ ਜਾ ਸਕਦਾ । ਪਰ ਬੜੇ ਅਫ਼ਸੋਸ ਦੀ ਗੱਲ ਹੈ ਕਿ ਇਥੇ ਇਲਜ਼ਾਮ ਲਾਇਆ ਜਾਂਦਾ ਹੈ ਕਿ ਅਸੀਂ ਸਭ ਕੁਝ ਕੀਤਾ ਹੈ । ਸਪੀਕਰ ਸਾਹਿਬ, ਆਜ਼ਾਦੀ ਤੋਂ ਪਹਿਲਾਂ ਪੰਜਾਬ ਵੱਡਾ ਸੀ ਫਿਰ ਛੋਟਾ ਹੋ ਗਿਆ ।

ਕਾਂਗਰਸੀ ਬੈਂਚਾਂ ਵਲੋਂ ਅਵਾਜ਼ਾਂ : ਹੁਣ ਤੁਸੀਂ ਛੋਟਾ ਬਣਾਇਆ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਤਾਂ ਨੰਦੇ ਅਤੇ ਇੰਦਰਾ ਗਾਂਧੀ ਨੇ ਕੀਤਾ ਹੈ ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਅਕਾਲੀ ਪਾਰਟੀ ਹਮੇਸ਼ਾ ਪੰਜਾਬ ਦੇ ਹਿੱਤ ਵਾਸਤੇ ਲੜਦੀ ਰਹੀ ਹੈ । (ਅਕਾਲੀ ਬੈਂਚਾਂ ਵਲੋਂ ਤਾੜੀਆਂ) (ਸ਼ੋਰ) ਅਸੀਂ ਇਹ ਕਦੇ ਨਹੀਂ ਕਿਹਾ ਕਿ ਪੰਜਾਬੀ ਸੂਬਾ ਵੱਡਾ ਹੋਣਾ ਚਾਹੀਦਾ ਹੈ । ਅਸੀਂ ਤਾਂ ਇਹ ਡਿਮਾਂਡ ਕਰਦੇ ਰਹੇ ਹਾਂ ਕਿ ਲੈਂਗੁਏਂਜ਼ ਦੇ ਅਧਾਰ ਤੇ..........

ਸ੍ਰੀ ਸਪੀਕਰ : ਤੁਸੀਂ ਤਾਂ ਤਕਰੀਰ ਕਰਨ ਲੱਗ ਪਏ ਹੋ । (You have started making a speech.)

ਸਰਦਾਰ ਪਰਕਾਸ਼ ਸਿੰਘ ਬਾਦਲ : ਅਸੀਂ ਇਹ ਕਦੇ ਨਹੀਂ ਕਿਹਾ ਕਿ ਸੂਬੇ ਦਾ ਸਾਈਜ਼ ਇਤਨਾ ਹੋਣਾ ਚਾਹੀਦਾ ਹੈ । ਮੈਂ ਸਮਝਦਾ ਹਾਂ ਕਿ ਆਜ਼ਾਦੀ ਤੋਂ ਬਾਅਦ ਪੰਜਾਬ ਨਾਲ ਕਾਂਗਰਸ ਪਾਰਟੀ ਵਿਤਕਰਾ ਕਰਦੀ ਰਹੀ ਹੈ । ਇਸ ਦੇ ਲਈ ਹੀ ਅਸੀਂ ਲੜਦੇ ਰਹੇ ਹਾਂ ।

Mr. Speaker : Please resume your seat.

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਅਫ਼ਸੋਸ ਹੈ ਕਿ.....

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ ।

ਸ੍ਰੀ ਸਪੀਕਰ : ਚੀਫ ਮਨਿਸਟਰ ਸਾਹਿਬ ਨੂੰ ਪਹਿਲਾਂ ਬੋਲ ਲੈਣ ਦਿਓ । (Please let the Chief Minister have his say first.)

ਕਾਮਰੇਡ ਸੱਤ ਪਾਲ ਡਾਂਗ : ** **

ਸ੍ਰੀ ਸਪੀਕਰ : ਇਹ ਜੋ ਕੁਝ ਡਾਂਗ ਸਾਹਿਬ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ । (Whatever Comrade Satya Pal Dang is saying, should not be recorded.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਿਰਫ਼ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਆਪੋਜ਼ੀਸ਼ਨ ਦੇ ਲੀਡਰ ਨੇ ਇਹ ਬਹੁਤ ਗਲਤ ਗੱਲ ਕਹੀ ਹੈ । ਇਹ ਬਹੁਤ ਜ਼ਿੰਮੇਵਾਰ ਆਦਮੀ ਨੇ ਅਤੇ ਇਹ ਮੁੱਖ ਮੰਤਰੀ ਵੀ ਰਹਿ ਚੁਕੇ ਹਨ । ਇਨ੍ਹਾਂ ਨੇ ਜੋ ਗੱਲ ਕੀਤੀ ਹੈ ਕਿ ਮੈਂ ਕੁਮਿੱਟ ਕਰਕੇ ਆਇਆ ਹਾਂ ਉਹ ਬਿਲਕੁਲ ਗਲਤ ਅਤੇ ਬੇਬੁਨਿਆਦ ਹੈ । ਸਪੀਕਰ ਸਾਹਿਬ, ਜਾਂ ਤਾਂ ਇਹ ਉਸ ਗੱਲ ਨੂੰ ਵਾਪਿਸ ਲੈ ਲੈਣ ਜਾਂ ਸਾਬਤ ਕਰ ਕੇ ਵਿਖਾਉਣ । (ਸ਼ੋਰ) (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾਂ : ਸਪੀਕਰ ਸਾਹਿਬ, ਮੈਨੂੰ ਟਾਈਮ ਦਿਉ ਮੈਂ ਕੁਝ ਕਹਿਣਾ ਚਾਹੁੰਦਾ ਹਾਂ (ਸ਼ੋਰ) (ਵਿਘਨ) (ਇਸ ਵੇਲੇ ਬਹੁਤ ਸਾਰੇ ਆਪੋਜ਼ੀਸ਼ਨ ਦੇ ਮੈਂਬਰ ਖੜ੍ਹੇ ਹੋ ਕੇ ਬੋਲ ਰਹੇ ਸਨ । ** ** **)

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ । (Whatever the hon. Members are saying, should not be recorded.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ ਆਰਡਰ, ਸਰ.......

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ)

ਸ੍ਰੀ ਸਪੀਕਰ : ਆਨਰੇਬਲ ਮੈਂਬਰ ਸਾਹਿਬ, ਤੁਸੀਂ ਬੈਠ ਜਾਉ, ਮੈਂ ਬੋਲਣ ਲਈ ਖੜ੍ਹਾ ਹਾਂ । (The hon. Members may please resume their seats; I am on my legs.)

**Not recorded as ordered of the Chair.

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਤੁਸੀਂ ਮੈਨੂੰ ਕਾਲ ਅਪੌਨ ਕੀਤਾ ਸੀ, ਇਸ ਲਈ ਤੁਸੀਂ ਮੈਨੂੰ ਸੁਣ ਲਉ ।

ਸ਼੍ਰੀ ਸਪੀਕਰ : ਮੈਂ ਹਾਊਸ ਦੇ ਮੈਂਬਰਾਂ ਅੱਗੇ ਬੇਨਤੀ ਕਰਦਾ ਹਾਂ ਕਿ ਹਾਊਸ ਦਾ ਬਹੁਤ ਸਾਰਾ ਸਮਾਂ ਇਕ ਰਾਹ ਚੱਲਦੀ ਡਿਸਕਸ਼ਨ ਵਿਚ ਖ਼ਤਮ ਹੋ ਚੁੱਕਾ ਹੈ; ਸੋ ਪੁਆਇੰਟ ਆਫ਼ ਆਰਡਰਜ਼ ਨੂੰ ਹੁਣ ਇਥੇ ਹੀ ਖ਼ਤਮ ਕਰ ਦਿਉ । ਜੇ ਇਸੇ ਤਰ੍ਹਾਂ ਹੀ ਪੁਆਇੰਟ ਆਫ਼ ਆਰਡਰ ਚਲਦੇ ਰਹੇ ਤਾਂ ਹਾਊਸ ਦਾ ਜਿਹੜਾ ਬਹੁਤ ਜ਼ਰੂਰੀ ਬਿਜ਼ਨੈਸ ਹੈ ਉਹ ਸ਼ਾਇਦ ਪੂਰਾ ਨਾ ਹੋ ਸਕੇ । ਇਸ ਕਰਕੇ ਮੈਂ ਬੇਨਤੀ ਕਰਦਾ ਹਾਂ ਕਿ ਹੁਣ ਇਸ ਇਸ਼ੂ ਨੂੰ ਕਲੋਜ਼ ਕਰ ਦਿਤਾ ਜਾਵੇ ਤਾਂ ਚੰਗਾ ਹੈ । ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ ਜੀ ਕੁਝ ਕਹਿਣਾ ਚਾਹੁੰਦੇ ਹਨ, ਮੈਂ ਸਮਝਦਾ ਹਾਂ ਕਿ ਉਨ੍ਹਾਂ ਨੂੰ 2 ਮਿੰਟ ਸੁਣ ਲਿਆ ਜਾਵੇ । ਤੁਹਾਨੂੰ ਵੀ ਵਾਰੀ ਵਾਰੀ ਸੁਣ ਲਿਆ ਜਾਵੇ । ਜੇ ਇਕ ਵਾਰੀ ਇਕੱਠੇ ਬੋਲੋਗੇ ਤਾਂ ਸਾਰਿਆਂ ਨੂੰ ਸੁਣਨਾ ਮੁਸ਼ਕਲ ਹੈ । (ਵਿਘਨ) (ਸ਼ੋਰ) (I would like to make a request to the hon. Members to stop raising points of order as a lot of time of the House has been devoted to side issues. If the points of order continue to be raised in this manner, then the House may not be able to dispose of the important business before it. I would, therefore, request that it would be better if this discussion is closed now. Com. Shamsher Singh Josh wants to say something, and I think that he may be listened to a couple of minutes. You too will be heard one by one. It would be difficult to follow if all the hon. Members start speaking together.)

ਸਰਦਾਰ ਅਜਾਇਬ ਸਿੰਘ ਸੰਧੂ : ** **

ਸ਼੍ਰੀ ਸਪੀਕਰ : ਜੋ ਕੁਝ ਇਹ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying, should not be recorded.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਆਪਣੀ ਪਾਰਟੀ ਦੀ ਪੁਜੀਸ਼ਨ ਕਲੀਅਰ ਕਰਨਾ ਚਾਹੁੰਦਾ ਹਾਂ ਜਿਹੜਾ ਕਿ ਅਕਾਲੀ ਪਾਰਟੀ ਨੇ ਚਾਰਜ ਲਾਇਆ ਹੈ ਕਿ ਕਾਂਗਰਸ ਅਤੇ ਕਮਿਊਨਿਸਟ ਪਾਰਟੀ ਦਾ ਸਮਝੌਤਾ ਹੋਇਆ ਹੈ ਅਤੇ ਸਰਦਾਰ ਅਵਤਾਰ ਸਿੰਘ ਮਲਹੋਤਰਾ ਨੂੰ ਪਾਰਲੀਮੈਂਟ ਵਿਚ ਰਾਜ ਸਭਾ ਦੀ ਸੀਟ ਤੇ ਲਿਆਉਣਾ ਚਾਹੁੰਦੇ ਹਨ । I want to refute this allegation with all the force that I have at my command.

ਸ਼੍ਰੀ ਸਪੀਕਰ : ਜੋਸ਼ ਸਾਹਿਬ, ਤੁਸੀਂ ਗੱਲ ਕਹਿ ਲਈ ਹੈ, ਹੁਣ ਤੁਸੀਂ ਤਸ਼ਰੀਫ ਰੱਖੋ । *Addressing Comrade Shamsher Singh Josh* : Since you have had your say, please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਕਾਂਗਰਸ ਨੇ ਮਲਹੋਤਰੇ ਨੂੰ ਇਹ ਸੀਟ ਦੇਣੀ ਹੈ, ਇਹ ਸੱਚਾਈ ਦੀ ਗੱਲ ਕੀਤੀ ਹੈ ।

**Not recorded as ordered of the Chair.

ਸਰਦਾਰ ਜਸਦੇਵ ਸਿੰਘ ਸੰਧੂ : ** **

ਸ੍ਰੀ ਸਪੀਕਰ : ਇਹ ਜੋ ਕੁਝ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying, should not be recorded.)

ਸਰਦਾਰ ਧੰਨਾ ਸਿੰਘ ਗੁਲਸ਼ਨ : ਆਨ ਏ ਪੁਆਇੰਟ ਆਫ਼ ਆਰਡਰ, ਸਰ ।......

ਸ੍ਰੀ ਸਪੀਕਰ : ਗੁਲਸ਼ਨ ਜੀ, ਜੇਕਰ ਕੋਈ ਤੁਹਾਡਾ ਪੁਆਇੰਟ ਆਫ ਆਰਡਰ ਹੈ ਤਾਂ ਠੀਕ ਹੈ .. ...(Sardar Dhanna Singh Gulshan, if you have to raise a point of order then it is alright.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਤਾਂ ਕਾਲ ਅਟੈਨਸ਼ਨ ਮੋਸ਼ਨ ਹੈ ।

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਇਹ ਹੈ..... (ਹਾਸਾ)

ਸ੍ਰੀ ਸਪੀਕਰ : ਗੁਲਸ਼ਨ ਜੀ, ਤੁਸੀਂ ਪਾਰਲੀਮੈਂਟ ਦੇ ਮੈਂਬਰ ਰਹੇ ਹੋ, ਇਸ ਵੇਲੇ ਕਾਲ ਅਟੈਨਸ਼ਨ ਦਾ ਮਸਲਾ ਨਹੀਂ ਚੱਲ ਰਿਹਾ । (Gulshan ji, you have been a Member of Parliament. At present Call Attention Notices are not before the House.)

ਸਰਦਾਰ ਧੰਨਾ ਸਿੰਘ ਗੁਲਸ਼ਨ : ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੋ ਕੁਝ ਹੋ ਗਿਆ ਹੈ ਬੱਸ ਹੋ ਗਿਆ ਹੈ ਮੈਂ ਸਮਝਦਾ ਹਾਂ ਕਿ ਹੁਣ ਇਹ ਖ਼ਤਮ ਹੋਣਾ ਚਾਹੀਦਾ ਹੈ। ਸਰਦਾਰ ਉਮਰਾਓ ਸਿੰਘ ਦੀ ਨਾਟਕੀ ਢੰਗ ਨਾਲ ਸਟੇਟਮੈਂਟ ਆਈ ਹੈ । ਇਸ ਤੇ ਆਪੋਜ਼ੀਸ਼ਨ ਦੇ ਮੈਂਬਰਾਂ ਅਤੇ ਆਪੋਜ਼ੀਸ਼ਨ ਦੇ ਲੀਡਰ ਨੇ ਵੀ ਆਪਣੇ ਵਿਚਾਰ ਦਿਤੇ ਹਨ। ਮੇਜਰ ਹਰਿੰਦਰ ਸਿੰਘ ਦਾ ਭਤੀਜਾ ਸੰਧੇਵਾਲੀਆ ਦੀ ਉਸ ਵੇਲੇ ਸਟੇਟਮੈਂਟ ਆਈ ਜਿਸ ਵੇਲੇ ਕਿ ਸਰਦਾਰ ਫ਼ਤਿਹ ਸਿੰਘ ਨੇ ਵਰਤ ਰੱਖਿਆ ਅਤੇ ਇਹ ਫ਼ੈਸਲਾ ਕੀਤਾ ਗਿਆ ਇਹ ਸਟੇਟਮੈਂਟ 6 ਫ਼ਰਵਰੀ, 1970 ਨੂੰ ਦਿੱਤੀ ਸੀ ਇਸ ਤੇ ਸਰਦਾਰ ਉਮਰਾਓ ਸਿੰਘ ਦੇ ਦਸਖਤ ਇਸ ਫੈਸਲੇ ਤੇ ਕੀਤੇ ਹੋਏ ਹਨ। ਪਰ ਮੇਰੀ ਇਸ ਲਈ ਸੁਜੈਸ਼ਨ ਹੈ ਕਿ ਇਸ ਮਸਲੇ ਨੂੰ ਇਥੇ ਬੰਦ ਕਰ ਦਿਤਾ ਜਾਵੇ ।

Mr. Speaker : Please resume your seat.

ਸਰਦਾਰ ਧੰਨਾ ਸਿੰਘ ਗੁਲਸ਼ਨ : ** **

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ । (This should not be recorded.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਪੁਆਇੰਟ ਆਫ਼ ਆਰਡਰ ਤੇ ਪਰਸਨਲ ਐਕਸਪਲੇਨੇਸ਼ਨ ਦੇ ਬਹਾਨੇ ਤੁਸੀਂ ਇਕ ਡਿਸਕਸ਼ਨ ਅਲਾਓ ਕਰ ਦਿੱਤੀ ਹੈ ।

ਸ੍ਰੀ ਸਪੀਕਰ: ਅਲਾਓ ਤਾਂ ਨਹੀਂ ਕੀਤੀ । (It was never allowed.)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਮੇਰੀ ਅਰਜ਼ ਤਾਂ ਸੁਣ ਲਓ । I am helping you. ਮੇਰੇ ਵਰਗੇ ਮੈਂਬਰਜ਼ ਜਿਹੜੇ ਹਨ ਉਹ ਪੁਆਇੰਟ ਆਫ਼ ਆਰਡਰ ਥੱਲੇ ਕੋਈ ਆਬਜ਼ਰਵੇਸ਼ਨ ਨਹੀਂ ਕਰ ਸਕਦੇ ਕਿਉਂਕਿ ਉਨ੍ਹਾਂ ਨੂੰ ਆਪਣਾ ਖਿਆਲ ਹੁੰਦਾ ਹੈ ਕਿ ਕਿਹੜੀ ਗੱਲ ਕਹਿਣੀ ਹੈ ਪੁਆਇੰਟ ਆਫ਼ ਆਰਡਰ ਥੱਲੇ ਔਰ ਕਿਹੜੀ ਨਹੀਂ ਕਹਿਣੀ । I also want to make observations on this issue. ਪਰ ਮੈਂ ਪੁਆਇੰਟ ਆਫ਼ ਆਰਡਰ ਥੱਲੇ ਨਹੀਂ ਕਰਾਂਗਾ । ਮੈਂ ਇਹ ਰੀਕੁਐਸਟ ਕਰਾਂਗਾ ਕਿ ਤੁਸੀਂ ਇਕ ਘੰਟੇ ਵਾਸਤੇ ਡਿਸਕਸ਼ਨ ਅਲਾਓ ਕਰ

**Not recorded as ordered of the Chair.

ਦਿਓ । (ਥੰਪਿੰਗ) ਇਹ ਇਸ ਤਰ੍ਹਾਂ point of order ਦਾ ਜਿਹੜਾ ਮਿਸਯੂਜ਼ ਹੁੰਦਾ ਹੈ, ਉਹ ਮੈਂਬਰ ਸਾਹਿਬਾਨ ਤਾਂ ਭਾਵੇਂ ਕਰਨ ਪਰ ਤੁਸੀਂ ਤਾਂ ਨਾ ਕਰੋ । ਤੁਹਾਡੇ ਵੱਲੋਂ ਮਿਸਯੂਜ਼ ਹੋ ਰਿਹਾ ਹੈ । Time may be fixed for discussion. Then you go on hearing and let it go on record.

ਸ਼੍ਰੀ ਸਪੀਕਰ : ਇਸ ਦੀ ਬਾਕਾਇਦਾ ਮੋਸ਼ਨ ਆ ਜਾਵੇ ਤਾਂ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਵਿਚ ਗੌਰ ਕਰ ਲਿਆ ਜਾਵੇਗਾ । (On the receipt of motion in this behalf it will be discussed in the meeting of the Business Advisory Committee.)

ਸਰਦਾਰ ਸੁਰਿੰਦਰ ਸਿੰਘ ਕੈਰੋਂ : ਸਪੀਕਰ ਸਾਹਿਬ, ਇਹ ਮਸਲਾ ਐਸਾ ਗੰਭੀਰ ਹੈ ਕਿ ਮੈਂ ਸਮਝਦਾ ਹਾਂ ਕਿ ਸਾਡੇ ਚੀਫ ਮਨਿਸਟਰ ਸਾਹਿਬ ਤੇ ਇਲਜ਼ਾਮ ਵੀ ਲਗਾਇਆ ਗਿਆ ਕਿ ਇਹ ਮੰਨ ਕੇ ਆਏ ਹਨ । ਮੇਰੀ ਅਰਜ਼ ਹੈ ਕਿ ਇਸ ਦੇ ਉਪਰ ਡਿਸਕਸ਼ਨ ਕਰਾਉ । ਸਾਡੇ ਚੀਫ ਮਨਿਸ-ਟਰ ਸਾਹਿਬ ਵੀ ਆਪਣਾ ਸਟੈਂਡ ਵਾਜ਼ਿਆ ਕਰਨ । (ਥੰਪਿੰਗ) ਅਕਾਲੀ ਪਾਰਟੀ ਵੀ ਆਪਣਾ ਸਟੈਂਡ ਵਾਜ਼ੇ ਕਰੇ, ਔਰ ਕਮਿਊਨਿਸਟ ਪਾਰਟੀ ਵੀ ਆਪਣਾ ਸਟੈਂਡ ਵਾਜ਼ੇ ਕਰੇ ਆਇਆ ਪੰਜਾਬੀ ਬੋਲਦੇ ਇਲਾਕੇ ਉਹ ਲੈਣਾ ਚਾਹੁੰਦੇ ਹਨ ਜਾਂ ਨਹੀਂ । (ਥੰਪਿੰਗ) ਅਗਰ ਤੁਸੀਂ ਇਕ ਦਿਨ ਐਸਾ ਰਖ ਲਵੋ ਤਾਂ ਕਿਸੇ ਨੂੰ ਇਤਰਾਜ਼ ਨਹੀਂ ਹੋਵੇਗਾ ।

ਸਪੀਕਰ ਸਾਹਿਬ, ਚੌਧਰੀ ਬੰਸੀ ਲਾਲ ਨੇ ਆਪਣੇ ਨੰਗੇ ਮੂੰਗੇ ਵਿਯੂਜ਼ ਲੋਕਾਂ ਦੇ ਸਾਹਮਣੇ ਰੱਖੇ ਹਨ । ਕਾਂਗਰਸ ਪਾਰਟੀ ਨੂੰ ਵੀ ਆਪਣੇ ਨੰਗੇ ਮੂੰਗੇ ਵਿਯੂਜ਼ ਰੱਖਣ ਦਿਓ ।

PERSONAL EXPLANATION BY COMRADE DARSHAN SINGH CANADIAN

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਪਰਸਨਲ ਐਕਸਪਲੇਨੇਸ਼ਨ ਦੇਣਾ ਚਾਹੁੰਦਾ ਹਾਂ ।

ਸ਼੍ਰੀ ਸਪੀਕਰ : ਤੁਹਾਡਾ ਕਿਸੇ ਨੇ ਨਾਮ ਨਹੀਂ ਲਿਆ । (No body has referred to your name.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਕੱਲ ਸੰਧੂ ਸਾਹਿਬ ਨੇ ਮੇਰਾ ਨਾਮ ਲਿਆ ਸੀ ।

ਸ਼੍ਰੀ ਸਪੀਕਰ : ਕਨੇਡੀਅਨ ਸਾਹਿਬ, ਤੁਸੀਂ ਤਸ਼ਰੀਫ ਰੱਖੋ, ਤੁਹਾਡਾ ਕਿਸੇ ਨੇ ਨਾਮ ਨਹੀਂ ਲਿਆ । (Canadian Sahib please resume your seat. Nobody has mentioned your name.)

ਇਕ ਆਵਾਜ਼ : ਲਿਆ ਸੀ, ਸਪੀਕਰ ਸਾਹਿਬ ।

Mr. Speaker : Comrade Darshan Singh Canadian is on a point of personal explanation.

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਕੱਲ ਅਜਿਹੀ ਕੋਈ ਗਲ ਕਹੀ ਸੀ ਜਿਸ ਵਿਚ ਮੈਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦਾ ਨਾਮ ਲਿਆ ਸੀ । ਅੱਜ (ਅਕਾਲੀ ਪਾਰਟੀ ਦੇ ਮੈਂਬਰ ਸਾਹਿਬ ਵਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਨੇ ਕਿਹਾ ਹੈ ਕਿ ਜੋ ਮੈਂ ਸੁਰਜੀਤ ਜੀ ਦੇ ਬਾਰੇ ਕਿਹਾ ਸੀ ਉਹ ** ** ਹੈ, ਝੂਠ ਦਾ ਪਲੰਦਾ ਹੈ ।

**Expunged as ordered by the Chair.

ਸ੍ਰੀ ਸਪੀਕਰ : * ** ਸ਼ਬਦ ਹਾਊਸ ਦੀ ਕਾਰਵਾਈ ਵਿਚੋਂ ਕਢ ਦਿਓ। (The word ** ** used by the hon. Member should be expunged from the proceedings of the House.)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਗੱਲ ਤਾਂ ਉਥੇ ਹੀ ਰਹੀ। ਮੈਂ ਰੀਇਟਰੇਟ ਕਰਦਾ ਹਾਂ ਕਿ ਜਦੋਂ ਸਰਦਾਰ ਗੁਰਨਾਮ ਸਿੰਘ ਜੀ ਸਮਝੌਤਾ ਕਰਕੇ ਆਏ, ਜਿਸ ਵੇਲੇ ਸਾਰੇ ਇਕੱਠੇ ਹੋਏ ....

ਸ੍ਰੀ ਸਪੀਕਰ : ਕਨੇਡੀਅਨ ਸਾਹਿਬ, ਇਹ ਪਰਸਨਲ ਐਕਸਪਲਾਨੇਸ਼ਨ ਨਹੀਂ ਹੈ, ਤੁਸੀਂ ਤਸ਼ਰੀਫ ਰੱਖੋ। (Canadian Sahib, this is not a personal explanation, please resume your seat.)

ਸਰਦਾਰ ਜਸਦੇਵ ਸਿੰਘ ਸੰਧੂ : ** ** (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ** ** (ਵਿਘਨ)

(ਸ਼ੇਮ ਸ਼ੇਮ ਦੀਆਂ ਆਵਾਜ਼ਾਂ) (ਵਿਘਨ) (ਸ਼ੋਰ) (ਇਸ ਸਮੇਂ ਵਿਰੋਧੀ ਧਿਰ ਵਲੋਂ ਕਈ ਮੈਂਬਰ ਸਾਹਿਬਾਨ ਖੜੇ ਸਨ)

ਸ੍ਰੀ ਸਪੀਕਰ : ਜੋ ਕੁਝ ਮੈਂਬਰ ਸਾਹਿਬਾਨ ਚੇਅਰ ਦੀ ਆਗਿਆ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever the hon'ble Members are saying without the permission of the Chair, should not be recorded.) (*Interruptions*)

ਸ੍ਰੀ ਸਪੀਕਰ : ਆਨਰੇਬਲ ਮੈਂਬਰਜ਼ ਨੇ ਕਾਫੀ ਸਮਾਂ ਇਸ ਇਕ ਇਸ਼ੂ ਵਾਸਤੇ ਲੈ ਲਿਆ ਹੈ ਜਿਸ ਦੇ ਵਿਚ ਦੋਹਾਂ ਪਾਸਿਆਂ ਤੋਂ ਐਲੀਗੇਸ਼ਨਜ਼ ਲਗੇ ਹਨ। ਕੁਝ ਮੈਂਬਰਜ਼ ਵਲੋਂ ਸੁਜੈਸ਼ਨ ਆਈ ਹੈ ਕਿ ਇਸ ਮਸਲੇ ਤੇ ਡਿਸਕਸ਼ਨ ਹੋਣੀ ਚਾਹੀਦੀ ਹੈ। ਕੱਲ ਨੂੰ ਬਿਜ਼ਨੈਸ ਐਡਵਾਇਜ਼ਰੀ ਕਮੇਟੀ ਦੀ ਮੀਟਿੰਗ ਹੋਵਗੀ ਉਸ ਵਿਚ ਵਿਚਾਰ ਕਰ ਲਵਾਂਗੇ ਔਰ ਕੋਸ਼ਿਸ਼ ਕਰਾਂਗੇ ਕਿ ਅਗਰ ਸਾਰੇ ਮੈਂਬਰਜ਼ ਮੰਨ ਗਏ ਤਾਂ ਅਸੀਂ ਡਿਸਕਸ਼ਨ ਅਲਾਓ ਕਰ ਸਕਾਂਗੇ। (ਥੰਪਿੰਗ) Hon. Members have taken sufficient time on this issue during which allegations have been levelled from both the sides. Some of the Members have made a suggestion that discussion should be allowed over this issue. The matter will be considered in the meeting of the Business Advisory Committee, which is to be held tomorrow. And if all the hon'ble Members agree, discussion on this issue will be allowed.)

ਕਾਮਰੇਡ ਸੱਤਪਾਲ ਡਾਂਗ : ਸਪੀਕਰ ਸਾਹਿਬ, ਮੈਂ ਵੀ ਤੁਹਾਡੇ ਨਾਲ ਸ਼ੇਅਰ ਕਰਦਾ ਹਾਂ ਕਿ ਹਾਊਸ ਵਿਚੋਂ ਕੁਝ ਇਨਟਰੈਸਟਿਡ ਐਲੀਮੈਂਟਸ ਹਨ ਜਿਹੜੇ ਕਿ ਇਸ ਮਾਮਲੇ ਨੂੰ ਐਕਸਪਲਾਇਟ ਕਰਨਾ ਚਾਹੁੰਦੇ ਹਨ। ਉਹ ਚਾਹੁੰਦੇ ਹਨ ਕਿ ਲੋਕਾਂ ਨੂੰ ਲੜਾਇਆ ਜਾਵੇ। ਦੋਨਾਂ ਪਾਸਿਆਂ ਤੇ ਬੈਠੇ ਇਹ ਸੱਜਣ ਇਸ ਤਰ੍ਹਾਂ ਕਰ ਰਹੇ ਹਨ। (ਵਿਘਨ)

**Expunged/Not recorded as ordered by the Chair.

ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਉਮਰਾਓ ਸਿੰਘ ਪਰਸਨਲ ਐਕਸ-ਪਲੇਨੇਸ਼ਨ ਤੇ 12 ਮਿੰਟ ਤਕਰੀਰ ਕਰਨ ਤਾਂ ਤੁਸੀਂ ਉਨ੍ਹਾਂ ਨੂੰ ਅਲਾਓ ਕਰੋ ਪਰ ਦਰਸ਼ਨ ਸਿੰਘ ਕਨੇਡੀਅਨ ਨੂੰ ਤੁਸੀਂ ਦੂਸਰਾ ਫਿਕਰਾ ਨਾ ਬੋਲਣ ਦਿਓ, ਜੋਸ਼ ਸਾਹਿਬ ਨੂੰ ਤੁਸੀਂ ਦੂਸਰਾ ਫਿਕਰਾ ਨਾ ਬੋਲਣ ਦਿਓ। ** ** **

Mr. Speaker : This is an aspersion on the Chair. This should be expunged.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਜੋ ਦੂਸ਼ਣ ਮੇਰੇ ਤੇ ਲਗੇ ਸਨ ਮੈਂ ਤਾਂ ਉਨ੍ਹਾਂ ਬਾਰੇ ਹੀ ਬੋਲਿਆ ਹਾਂ।

DISCUSSION ON GOVERNOR'S ADDRESS (*Resumption*)

ਸ੍ਰੀ ਸਪੀਕਰ : ਹੁਣ ਚੋਪੜਾ ਜੀ ਗਵਰਨਰ ਸਾਹਿਬ ਦੇ ਭਾਸ਼ਣ ਤੇ ਜਿਹੜਾ ਹਾਊਸ ਵਿਚ ਧੰਨਵਾਦ ਦਾ ਮਤਾ ਲਿਆਂਦਾ ਗਿਆ ਹੈ ਉਸ ਤੇ ਬੋਲਣਗੇ। (Now Chopra Ji will speak on the Motion of Thanks for the Governor's Address.)

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰੀ ਇਹ ਦਰਖਾਸਤ ਹੈ ਕਿ ਜੋਸ਼ ਜੀ ਨੂੰ ਆਪਣੀ ਬਾਤ ਕਹਿਣ ਲਈ ਟਾਈਮ ਘੱਟ ਮਿਲਿਆ ਹੈ, ਉਨ੍ਹਾਂ ਨੂੰ ਹੋਰ ਟਾਈਮ ਮਿਲਣਾ ਚਾਹੀਦਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਜੋਸ਼ ਸਾਹਿਬ ਦੇ ਵਕੀਲ ਹਨ। (ਹਾਸਾ)

PERSONAL EXPLANATION BY CHAUDHRI DARSHAN SINGH

ਚੌਧਰੀ ਦਰਸ਼ਨ ਸਿੰਘ : ਮੈਂ, ਸਪੀਕਰ ਸਾਹਿਬ, ਪਰਸਨਲ ਐਕਸਪਲੇਨੇਸ਼ਨ ਦੇਣੀ ਚਾਹੁੰਦਾ ਹਾਂ। ਮੈਂ ਸਿਰਫ਼ ਦੋ ਮਿੰਟ ਹੀ ਲਵਾਂਗਾ। ਸਪੀਕਰ ਸਾਹਿਬ, ਸੰਧੂ ਸਾਹਿਬ ਨੇ ਬੋਲਦਿਆਂ ਉਸ ਐਕਸ਼ਨ ਕਮੇਟੀ ਬਾਰੇ ਕਿਹਾ ਸੀ ਜਿਸ ਵਿਚ ਮੈਂ ਵੀ ਕਾਂਗਰਸ ਪਾਰਟੀ ਵਲੋਂ ਉਸ ਦੀ ਮੀਟਿੰਗ ਵਿਚ ਗਿਆ ਸੀ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਚੌਧਰੀ ਦਰਸ਼ਨ ਸਿੰਘ ਤਾਂ ਨਹੀਂ ਸੀ ਕਿਹਾ ਬਲਕਿ ਦਰਸ਼ਨ ਸਿੰਘ ਹੀ ਕਿਹਾ ਸੀ। (ਹਾਸਾ)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਐਕਸ਼ਨ ਕਮੇਟੀ ਦੀ ਮੀਟਿੰਗ ਹੋਈ। ਉਸ ਵੇਲੇ ਮਾਹੌਲ ਹੀ ਐਸਾ ਸੀ। ਜਿਹੜੀ ਚਿੱਠੀ ਇਥੇ ਸਰਦਾਰ ਗੁਰਨਾਮ ਸਿੰਘ ਜੀ ਦੀ ਪੜ੍ਹੀ ਹੈ ਉਸ ਵਿਚ ਸਰਦਾਰ ਗੁਰਨਾਮ ਸਿੰਘ ਨੇ 28 ਤਾਰੀਖ਼ ਨੂੰ ਲਿਖਿਆ ਸੀ ਕਿ ਲਾਅ ਐਂਡ ਆਰਡਰ ਦੀ ਸਿਚੂਏਸ਼ਨ ਐਸੀ ਹੋ ਜਾਵੇਗੀ ਜਿਹੜੀ ਕਿ ਸੰਭਾਲਣੀ ਮੁਸ਼ਕਲ ਹੋਵੇਗੀ। ਉਸ ਵਿਚ ਲਿਖਿਆ ਹੈ "I shudder to face the responsibility of Law and Order in the State if Abohar and Fazilka is given to the other side."

WALK-OUT

Comrade Satya Pal Dang : You are behaving as a partisan. As a protest we walk out. (At this stage all the present Members of the C.P.I. walked out)

**Expunged as ordered by the Chair.

PERSONAL EXPLANATION BY CHAUDHRI DARSHAN SINGH
(*Resumption*)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਸੰਤ ਫਤਿਹ ਸਿੰਘ ਜੀ ਨੇ ਅਕਾਲ ਤਖਤ ਤੇ ਇਕ ਚਿੱਠੀ ਰੱਖੀ ਔਰ ਕਿਹਾ ਕਿ ਜੇਕਰ ਚੰਡੀਗੜ੍ਹ ਨਾ ਮਿਲਿਆ ਤਾਂ ਮੈਂ ਸੜ ਕੇ ਮਰਾਂਗਾ। ਤੋ ਸੂਬੇ ਦੇ ਹਾਲਾਤ ਨੂੰ ਮੱਦੇਨਜ਼ਰ ਰਖਦਿਆਂ ਹੋਇਆਂ ਸਾਰੀਆਂ ਪਾਰਟੀਆਂ ਬੈਠੀਆਂ। ਉਹ ਇਕੱਠੀਆਂ ਹੋ ਕੇ ਸੰਤ ਫ਼ਤਿਹ ਸਿੰਘ ਜੀ ਪਾਸ ਗਈਆਂ ਔਰ ਉਨ੍ਹਾਂ ਨੂੰ ਰੀਕੁਐਸਟ ਕੀਤੀ ਔਰ ਮੀਟਿੰਗ ਵਿਚ ਅਸੀਂ ਫ਼ੈਸਲਾ ਕੀਤਾ। ਅਸੀਂ ਸੈਂਟਰ ਦੇ ਫ਼ੈਸਲੇ ਨੂੰ ਵੈਲਕੰਮ ਨਹੀਂ ਸੀ ਕੀਤਾ। ਸਪੀਕਰ ਸਾਹਿਬ, ਅਸੀਂ ਸੋਚਿਆ ਕਿ ਸੂਬੇ ਦੇ ਹਾਲਾਤ ਵਿਗੜ ਨਾ ਜਾਣ। ਖੈਰ ਸੰਤ ਫ਼ਤਿਹ ਸਿੰਘ ਜੀ ਨੇ ਵਰਤ ਛੱਡ ਦਿੱਤਾ ਲੇਕਿਨ ਜਿਸ ਵੇਲੇ ਸੰਤ ਫ਼ਤਿਹ ਸਿੰਘ ਜੀ ਦੀ ਚਿੱਠੀ ਪੜ੍ਹੀ ਤਾਂ ਉਨ੍ਹਾਂ ਨੇ ਲਿਖਿਆ ਹੋਇਆ ਸੀ ਕਿ ਮੈਂ ਸੜ ਕੇ ਨਹੀਂ ਮਰਾਂਗਾ ਸਗੋਂ ਮਰਕੇ ਸੜਾਂਗਾ। ਉਨ੍ਹਾਂ ਨੇ ਇਹ ਲਿਖਿਆ ਹੋਇਆ ਸੀ। (ਵਿਘਨ) (ਸ਼ੋਰ)।

(ਇਸ ਸਮੇਂ ਸਰਦਾਰ ਗੁਰਮੇਜ ਸਿੰਘ ਜੀ ਖੜੇ ਸਨ ਅਤੇ ਵਿਰੋਧੀ ਧਿਰ ਵਲੋਂ ਜ਼ੋਰ ਦੀਆ ਆਵਾਜ਼ਾਂ ਆ ਰਹੀਆਂ ਸਨ: ਮੀਆਂ ਬੀਵੀ...... ਦੋਨੋਂ ਚੋਰ)

Mr. Speaker : Order please.

DISCUSSION ON GOVERNOR'S ADDRESS (*Resumption*)

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਸਪੀਕਰ ਸਾਹਿਬ, ਅੱਜ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ। ਆਸ ਸੀ ਕਿ ਸਰਕਾਰ ਉਸ ਉਪਰ ਚਿੰਤਾ ਦਾ ਪਰਗਟਾਵਾ ਕਰਦੀ ਪਰ ਉਹ ਨਹੀਂ ਕੀਤਾ ਗਿਆ। ਗਵਰਨਰ ਐਡਰੈਸ ਨੂੰ ਸਰਕਾਰ ਦੀ ਪਾਲੇਸੀ ਕਿਹਾ ਜਾਂਦਾ ਹੈ। ਕੋਈ ਸਟੇਟਮੈਂਟ ਨਹੀਂ ਦਿੱਤਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਡਿਪਟੀ ਲੀਡਰ ਆਫ਼ ਦੀ ਆਪੋਜ਼ੀਸ਼ਨ ਹਨ। ਜੋ ਅਸੈਂਬਲੀ ਵਿਚ ਕਾਗਜ਼ ਲੇ ਕੀਤੇ ਜਾਂਦੇ ਹਨ, ਉਨ੍ਹਾਂ ਬਾਰੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਪੜ੍ਹ ਲੈਣ। ਮੈਨੂੰ ਇਹ ਹੈਰਾਨੀ ਹੈ ਕਿ ਗੌਰਮਿੰਟ ਨੇ ਡੀਜ਼ਲ ਬਾਰੇ ਅਤੇ ਫ਼ਰਟੇਲਾਈਜ਼ਰ ਬਾਰੇ ਕਾਲ ਅਟੈਨਸ਼ਨ ਨੋਟਿਸ ਦੇ ਜਵਾਬ ਵਿਚ ਸਟੇਟਮੈਂਟ ਹਾਊਸ ਵਿਚ ਲੇ ਕਰ ਦਿੱਤੀ ਹੈ ਅਤੇ ਸਾਰੇ ਮੈਂਬਰਾਂ ਨੂੰ ਉਸ ਦੀ ਕਾਪੀ ਚਲੀ ਗਈ ਹੈ। ਇਸ ਬਾਰੇ ਮੈਂ ਇਹ ਅਰਜ਼ ਵੀ ਕਰਨਾ ਚਾਹੁੰਦਾ ਹਾਂ ਕਿ ਉਸ ਜਵਾਬ ਦਾ ਪੰਜਾਬੀ ਵਿਚ ਤਰਜਮਾ ਵੀ ਭੇਜਿਆ ਹੈ, ਮੈਂਬਰ ਸਾਹਿਬ ਉਹੀ ਪੜ੍ਹ ਲੈਣ। ਜਦੋਂ ਸਟੇਟਮੈਂਟ ਲੇ ਹੋ ਚੁਕੀ ਹੈ ਤਾਂ ਇਹ ਹਾਊਸ ਨੂੰ ਮਿਸਲੀਡ ਕਰ ਰਹੇ ਹਨ।

Sardar Ajaib Singh Sandhu : Not at all.

ਸਰਦਾਰ ਜਸਦੇਵ ਸਿੰਘ ਸੰਧੂ: ਵਜ਼ੀਰ ਸਾਹਿਬ ਹਾਊਸ ਨੂੰ ਮਿਸਲੀਡ ਕਰ ਰਹੇ ਹਨ, ਇਹ ਵਜ਼ੀਰ ਹੋਣ ਦਾ ਅਨਡਿਊ ਐਡਵਾਂਟੇਜ ਉਠਾ ਰਹੇ ਹਨ।

ਇਉਂ ਜਾਪਦਾ ਹੈ ਕਿ ਜੋ ਕੁਝ ਸੈਕਰੇਟੇਰੀਏਟ ਵਿਚ ਹੋ ਰਿਹਾ ਹੈ ਅਤੇ ਲੋਕਾਂ ਨਾਲ ਜੋ ਵਾਪਰ ਰਹੀ ਹੈ, ਉਸ ਦਾ ਕੋਈ ਮੇਲ ਨਹੀਂ। ਜੇਕਰ ਦੋ ਸ਼ਬਦਾਂ ਵਿਚ ਇਹ ਕਹਿ ਦਿੱਤਾ ਜਾਵੇ ਕਿ 'ਸਭ ਅੱਛਾ ਹੈ' ਅਤੇ ਹੋਰ ਅਗਾਂਹ ਵੀ ਅੱਛਾ ਹੋਵੇਗਾ ਇਸ ਤੋਂ ਵੱਧ ਕੁਝ ਨਹੀਂ।

11.31 A.M. (*Mr. Deputy Speaker in the Chair.*)

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਕਿਸਾਨਾਂ ਦੀ ਹਾਲਤ ਬਾਰੇ ਦਸਦਾ ਹਾਂ। ਮੈਂ ਬਰਨਾਲੇ ਤੋਂ ਆਇਆ ਹਾਂ। ਉਥੇ ਮੈਂ ਇਹ ਵੇਖਿਆ ਹੈ ਕਿ ਪੈਟਰੋਲ ਪੰਪਾਂ ਤੇ ਹਜ਼ਾਰਾਂ ਦੀ ਗਿਣਤੀ ਵਿਚ ਕਿਸਾਨ ਖੜ੍ਹੇ ਸਨ ਜਿਹੜੇ ਕਿ ਗਿਆਨੀ ਜ਼ੈਲ ਸਿੰਘ ਦੀ ਸਰਕਾਰ ਨੂੰ ਅਸੀਸਾਂ ਦੇ ਰਹੇ ਸਨ। ਕਿਸਾਨਾਂ ਨੂੰ ਕੋਈ ਚੀਜ਼ ਨਹੀਂ ਮਿਲਦੀ। ਜੇਕਰ ਕਿਸਾਨ ਖੇਤਾਂ ਵਿਚ ਪਾਣੀ ਲਗਾਉਂਦਾ ਹੈ ਤਾਂ ਜਦੋਂ ਨੱਕੇ ਵਿਚ ਪਾਣੀ ਜਾਂਦਾ ਹੈ ਤਾਂ ਬਿਜਲੀ ਚਲੀ ਜਾਂਦੀ ਹੈ ਅਤੇ ਕਿਸਾਨ ਡੰਡ ਬੈਠਕਾਂ ਹੀ ਕਢਦੇ ਰਹਿ ਜਾਂਦੇ ਹਨ। ਫ਼ਸਲਾਂ ਨੂੰ ਉਗਾਉਣ ਲਈ ਪਾਣੀ ਜ਼ਰੂਰੀ ਹੈ, ਉਹ ਮਿਲਦਾ ਨਹੀਂ ਕਿਉਂਕਿ ਬਿਜਲੀ ਦੀ ਸ਼ਾਰਟੇਜ਼ ਹੈ। ਖਾਦ ਨਹੀਂ ਮਿਲਦੀ, ਡੀਜ਼ਲ ਨਹੀਂ ਮਿਲਦਾ। ਇਨ੍ਹਾਂ ਕਾਰਨਾਂ ਕਰਕੇ ਕਿਸਾਨਾਂ ਨੂੰ ਬੜੀ ਮੁਸ਼ਕਿਲ ਹੈ ਅਤੇ ਉਹ ਬੜੇ ਦੁਖੀ ਹਨ।

ਇਹ ਸਰਕਾਰ ਪ੍ਰੈਸ ਵਿਚ ਬੜੀਆਂ ਡੀਂਗਾਂ ਮਾਰਦੀ ਹੈ ਕਿ ਅਸੀਂ ਗਰੀਨ ਇਨਕਲਾਬ ਲਿਆ ਦਿੱਤਾ ਹੈ ਅਤੇ ਹੁਣ ਚਿੱਟਾ ਇਨਕਲਾਬ ਲਿਆ ਰਹੇ ਹਾਂ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਹਰਾ ਇਨਕਲਾਬ ਪਾਣੀ ਵੀ ਮੰਗਦਾ ਹੈ, ਖਾਦ ਵੀ ਮੰਗਦਾ ਹੈ, ਬਿਜਲੀ ਵੀ ਮੰਗਦਾ ਹੈ, ਡੀਜ਼ਲ ਵੀ ਮੰਗਦਾ ਹੈ। ਇਹ ਸਾਰੀਆਂ ਚੀਜ਼ਾਂ ਤਾਂ ਕਿਸਾਨਾਂ ਨੂੰ ਮਿਲ ਨਹੀਂ ਰਹੀਆਂ ਤਾਂ ਫਿਰ ਗਰੀਨ ਇਨਕਲਾਬ ਕਿਸ ਤਰ੍ਹਾਂ ਕਾਇਮ ਰਹਿ ਸਕੇਗਾ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਚੀਜ਼ਾਂ ਦੀ ਘਾਟ ਨਹੀਂ, ਕਿਉਂਕਿ ਮੈਂ ਇਹ ਦਸਣਾ ਚਾਹੁੰਦਾ ਹਾਂ ਕਿ ਇਹ ਚੀਜ਼ਾਂ ਚੋਰ ਬਾਜ਼ਾਰ ਵਿਚੋਂ ਤਾਂ ਮਿਲ ਜਾਂਦੀਆਂ ਹਨ ਕਿਉਂਕਿ ਇਸ ਸਰਕਾਰ ਨੇ ਚੋਰ ਬਾਜ਼ਾਰੀ ਦੇ ਲਾਈਸੈਂਸ ਦਿੱਤੇ ਹੋਏ ਹਨ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਿੰਨਾਂ ਚੰਗਾ ਹੋਵੇ ਜੇ ਇਹ ਸਰਕਾਰ ਆਪਣੇ ਪਬਲਿਕ ਰਿਲੇਸ਼ਨ ਦੇ ਮਹਿਕਮੇ ਰਾਹੀਂ ਇਹ ਡਿਕਲੇਅਰ ਕਰਾਵੇ ਕਿ ਚੋਰ ਬਾਜ਼ਾਰੀ ਦੀਆਂ ਦੁਕਾਨਾਂ ਹਨ, ਉਥੋਂ ਹਰ ਚੀਜ਼ ਮਿਲ ਸਕਦੀ ਹੈ, ਉਥੋਂ ਲੈ ਲਵੋ।

ਇਸ ਵੇਲੇ ਪੁਜ਼ੀਸ਼ਨ ਇਹ ਹੈ ਕਿ ਸਿਮੈਂਟ ਨਹੀਂ ਮਿਲਦਾ, ਰੇਹ ਨਹੀਂ ਮਿਲਦੀ, ਤੇਲ ਨਹੀਂ ਮਿਲਦਾ। ਲੋਕ ਦੋ-ਦੋ, ਤਿੰਨ-ਤਿੰਨ ਰਾਤਾਂ ਪੈਟਰੋਲ ਪੰਪਾਂ ਤੇ ਖੜੇ ਰਹਿੰਦੇ ਹਨ ਅਤੇ ਇਨ੍ਹਾਂ ਲੋਕਾਂ ਦੀ ਹਾਲਤ ਬਹੁਤ ਭੈੜੀ ਹੈ, ਇਹ ਬੜੇ ਦੁਖੀ ਹਨ।

ਡਿਪਟੀ ਸਪੀਕਰ ਸਾਹਿਬ, ਬਾਕੀ ਇਨ੍ਹਾਂ ਨੇ ਗੱਲ ਕੀਤੀ ਹੈ ਕਿ ਅਸੀਂ ਆਪਣੀਆਂ ਪ੍ਰਾਪਤੀਆਂ ਕਰਨ ਵਿਚ ਬੜੇ ਕਾਮਯਾਬ ਹੋਏ ਹਾਂ। ਜਿਵੇਂ ਕਿ ਇਨ੍ਹਾਂ ਨੇ ਗਵਰਨਰ ਐਡਰੈਸ ਵਿਚ ਕਿਹਾ ਕਿ ਚੌਥੀ ਪਲੈਨ ਲਈ 293 ਕਰੋੜ ਰੁਪਿਆ ਰਖਿਆ ਗਿਆ ਸੀ, ਪਰ ਉਹ ਖ਼ਰਚ 425 ਕਰੋੜ ਰੁਪਏ ਤੋਂ ਵੀ ਵੱਧ ਹੋਣ ਦੀ ਸੰਭਾਵਨਾ ਹੈ। ਡਿਪਟੀ ਸਪੀਕਰ ਸਾਹਿਬ, ਆਰਥਿਕ ਤਰੱਕੀ ਇਸ ਗੱਲ ਤੇ ਨਹੀਂ ਮਿਥੀ ਜਾਂਦੀ ਕਿ ਕਿੰਨਾਂ ਖ਼ਰਚ ਹੋ ਗਿਆ, ਮਿਥੀ ਇਸ ਗੱਲ ਤੇ ਜਾਂਦੀ ਹੈ ਕਿ ਇਸ ਦਾ ਲਾਭ ਕੌਣ ਉਠਾ ਰਹੇ ਹਨ। ਇਸ ਰੁਪਏ ਵਿਚ ਅੱਧਾ ਤਾਂ ਕੁਰੱਪਸ਼ਨ ਤੇ ਹੀ ਖ਼ਰਚ ਹੋ ਜਾਂਦਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅੱਧਾ ਰੁਪਿਆ ਤਾਂ ਮੱਖਣੀ ਲਾਉਣ ਵਾਲੇ ਇਨ੍ਹਾਂ ਦੇ ਸਰਪੰਚ ਹੀ ਲੈ ਜਾਂਦੇ ਹਨ, ਗਰੀਬਾਂ ਦੇ ਪੱਲੇ ਤਾਂ ਲੱਸੀ ਵੀ ਨਹੀਂ ਪੈਂਦੀ। ਜੇ ਹਰੇ ਇਨਕ-ਲਾਬ ਦਾ ਸਰਵੇਖਣ ਕੀਤਾ ਜਾਵੇ ਤਾਂ ਇਹ ਪਤਾ ਲਗਦਾ ਹੈ ਕਿ ਗ਼ਰੀਬ ਹੋਰ ਗ਼ਰੀਬ ਹੋਇਆ ਹੈ ਅਤੇ ਅਮੀਰ ਹੋਰ ਅਮੀਰ ਹੋਇਆ ਹੈ। ਜਿਸ ਤਰ੍ਹਾਂ ਸਵੀਡਨ ਦੇ ਜਨਰਲ ਗਰੀਨ ਨੇ ਵੀ ਕਿਹਾ ਹੈ ਕਿ ਅਮੀਰ ਹੋਰ ਅਮੀਰ ਹੋ ਗਿਆ ਹੈ ਅਤੇ ਗ਼ਰੀਬ ਹੋਰ ਗ਼ਰੀਬ ਹੋ ਗਿਆ ਹੈ। ਇਹ ਜਨਰਲ ਗਰੀਨ ਇਕਨੌਮਿਕਸ ਦਾ ਮਾਹਿਰ ਹੈ।

ਸਰਦਾਰ ਜਸਦੇਵ ਸਿੰਘ ਸੰਧੂ : ਉਹ ਰਸ਼ੀਆ ਦੇ ਨਹੀਂ ਹਨ।

ਮਾਸਟਰ ਚੰਦ ਸਿੰਘ: ਆਈ ਐਮ ਸੌਰੀ। ਇਹ ਸਵੀਡਨ ਦੇ ਹਨ। ਵਰਲਡ ਬੈਂਕ ਦੇ ਪ੍ਰਤੀ-ਨਿਧੀਆਂ ਨੇ ਵੀ ਇਹ ਗੱਲ ਕੀਤੀ ਸੀ ਕਿ ਅਮੀਰ ਹੋਰ ਅਮੀਰ ਹੋਇਆ ਹੈ ਅਤੇ ਗ਼ਰੀਬ ਹੋਰ ਗ਼ਰੀਬ ਹੋਇਆ ਹੈ। ਸੋ ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਥੇ ਤਾਂ ਸਰਪੰਚ ਅਤੇ ਖੜਪੰਚ ਹੀ ਖਾ ਜਾਂਦੇ ਹਨ, ਗ਼ਰੀਬਾਂ ਨੂੰ ਤਾਂ ਕੁਝ ਨਹੀਂ ਮਿਲਦਾ।

ਸਰਕਾਰ ਨੇ ਡਿਵੈਲਪਮੈਂਟ ਦੀ ਗੱਲ ਕੀਤੀ ਹੈ। ਇਸ ਵਿਚ ਸਵਾਲ ਤਾਂ ਇਹ ਹੈ ਕਿ ਵੰਡ ਕਿਸ ਤਰ੍ਹਾਂ ਹੋ ਰਹੀ ਹੈ, ਇਸ ਬਾਰੇ ਸਰਕਾਰ ਦਾ ਕੀ ਤਰੀਕਾ ਹੈ। ਇਨ੍ਹਾਂ ਨੇ ਅਨਾਜ ਦੇ ਭੰਡਾਰਾਂ ਵਿਚ ਕਣਕ ਜਮ੍ਹਾਂ ਕਰਨ ਦੀ ਗਲ ਕੀਤੀ ਹੈ, ਪਰ ਕੀ ਇਨ੍ਹਾਂ ਨੇ ਇਹ ਵੀ ਸੋਚਿਆ ਕਿ ਕਣਕ ਕਿਸਾਨ ਤੋਂ 76 ਰੁਪਏ ਕੁਇੰਟਲ ਦੇ ਹਿਸਾਬ ਨਾਲ ਲੈ ਕੇ ਅੱਜ ਉਸੇ ਹੀ ਕਣਕ ਦੇ ਆਟੇ ਦਾ ਭਾਓ ਡੇਢ੍ਹ ਰੁਪਏ ਕਿਲੋ ਹੈ ਅਤੇ ਮੱਕੀ ਦਾ ਆਟਾ ਇਕ ਰੁਪਿਆ ਕਿਲੋ ਦੇ ਹਿਸਾਬ ਨਾਲ ਵਿੱਕ ਰਿਹਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਰਕਾਰ ਦੇ ਆਦਮੀਆਂ ਨੂੰ ਇਸ ਭਾਅ ਇਹ ਚੀਜ਼ਾਂ ਖਰੀਦਣ ਦੀ ਕੀ ਲੋੜ ਪਈ ਹੈ? ਚੀਨੀ ਸਾਢੇ ਚਾਰ-ਪੰਜ ਰੁਪਏ ਕਿਲੋ ਵਿੱਕ ਰਹੀ ਹੈ। ਘਿਓ ਦਾ ਹਾਲ ਵੇਖ ਲਵੋ, ਕਿੰਨਾਂ ਮਹਿੰਗਾ ਹੈ ਅਤੇ ਇਹ ਮਿਲਦਾ ਫਿਰ ਵੀ ਨਹੀਂ ਅਤੇ ਲੋਕਾਂ ਵਿਚ ਹਾਹਾਕਾਰ ਮੱਚੀ ਹੋਈ ਹੈ। ਇਸ ਕਰਕੇ ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਾਂਗਾ ਕਿ ਜਿਹੜਾ ਇਨ੍ਹਾਂ ਦੇ ਗਰੀਨ ਇਨਕਲਾਬ ਦਾ ਹਸ਼ਰ ਹੋਇਆ ਹੈ, ਉਹੀ ਇਨ੍ਹਾਂ ਦੇ ਚਿੱਟੇ ਇਨਕਲਾਬ ਦਾ ਹਸ਼ਰ ਹੋਵੇਗਾ ਕਿਉਂਕਿ ਜਿਨ੍ਹਾਂ ਲੋਕਾਂ ਨੇ ਡੇਅਰੀਆਂ ਖੋਲ੍ਹਣੀਆਂ ਹਨ, ਉਨ੍ਹਾਂ ਨੇ ਪਹਿਲਾਂ ਹੀ ਮੈਸਾਂ ਨੂੰ ਬਿਮਾਰੀ ਲਗਾ ਦੇਣੀ ਹੈ ਅਤੇ ਇਸ ਕੰਮ ਵਿਚ ਵੀ ਕੁਰੱਪਸ਼ਨ ਸ਼ੁਰੂ ਹੋ ਜਾਣੀ ਹੈ।

ਮੈਨੂੰ ਇਸ ਗੱਲ ਦਾ ਬੜਾ ਅਫ਼ਸੋਸ ਹੈ ਕਿ ਇਹ ਸਰਕਾਰ ਅੱਜ 1972 ਤੋਂ 1974 ਵਿਚ ਪੁੱਜ ਗਈ ਹੈ ਪਰ 2-3 ਸਾਲਾਂ ਵਿਚ ਇਹ ਅਹਿਮ ਪ੍ਰਾਜੈਕਟਾਂ ਦੀ ਮਨਜ਼ੂਰੀ ਵੀ ਨਹੀਂ ਲੈ ਸਕੀ। ਇਹ ਗਵਰਨਰ ਦੇ ਐਡਰੈਸ ਵਿਚ ਦਰਜ ਹੈ ਕਿ "ਬਹੁਤ ਸਾਰੇ ਬਿਜਲੀ ਪ੍ਰਾਜੈਕਟਾਂ, ਜਿਵੇਂ ਅਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ, ਸ਼ਾਨਨ ਹਾਈਡਲ ਪ੍ਰਾਜੈਕਟ ਅਤੇ ਥੀਨ ਡੈਮ ਦੀ ਮਨਜ਼ੂਰੀ ਲਈ ਹਰ ਪੱਧਰ ਤੇ ਯਤਨ ਕੀਤੇ ਗਏ ਹਨ ਅਤੇ ਅਜੇ ਵੀ ਕੀਤੇ ਜਾ ਰਹੇ ਹਨ"। ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਜੇ ਤਕ ਇਹ ਮਨਜ਼ੂਰੀ ਨਹੀਂ ਲੈ ਸਕੇ, ਪਤਾ ਨਹੀਂ ਕਦੋਂ ਤਕ ਲੈ ਸਕਣਗੇ। ਵਜ਼ੀਰ ਦਿੱਲੀ ਤਾਂ ਜਾਂਦੇ ਹਨ, ਪਰ ਆਪਣੀਆਂ ਵਜ਼ੀਰੀਆਂ ਬਚਾਉਣ ਦੀ ਖਾਤਰ ਜਾਂਦੇ ਹਨ। ਇਨ੍ਹਾਂ ਪ੍ਰਾਜੈਕਟਾਂ ਦੀ ਮਨਜ਼ੂਰੀ ਬਾਰੇ ਕੁਝ ਨਹੀਂ ਕਰਦੇ। ਮੈਂ ਤਾਂ ਪਿਛਲੇ ਗਵਰਨਰ ਦੇ ਐਡਰੈਸ ਵੇਲੇ ਵੀ ਕਿਹਾ ਸੀ ਕਿ ਇਹ ਆਪਣੀ ਪਲੈਨ ਸਮੇਂ ਸਿਰ ਨਹੀਂ ਪੂਰੀ ਕਰ ਸਕਣਗੇ, ਕਿਉਂਕਿ ਇਨ੍ਹਾਂ ਦੀ ਪਾਲਿਸੀ ਹੀ ਗ਼ਲਤ ਸੀ। ਇਨ੍ਹਾਂ ਨੇ ਕਿਹਾ ਸੀ ਕਿ ਥਰਮਲ ਪਲਾਂਟ ਜੁਲਾਈ, 1974 ਵਿਚ ਚਾਲੂ ਹੋ ਜਾਵੇਗਾ। ਪਰ ਇਹ ਡੀਗਾਂ ਮਾਰਦੇ ਹਨ ਅਤੇ ਕਰਦੇ ਕੁਝ ਨਹੀਂ। ਮੈਂ ਤਾਂ ਇਹ ਕਹਾਂਗਾ ਕਿ ਜੇ ਅਜੇ ਵੀ ਜੁਲਾਈ ਤਕ ਇਹ ਥਰਮਲ ਪਲਾਂਟ ਚਾਲੂ ਹੋ ਜਾਵੇ ਤਾਂ ਬੜੀ ਗੱਲ ਹੈ, ਪਰ ਮੈਨੂੰ ਜਾਪਦਾ ਹੈ ਕਿ ਇਸ ਤਰ੍ਹਾਂ ਨਹੀਂ ਹੋ ਸਕਣਾ ਅਤੇ ਲੋਕਾਂ ਦੀਆਂ ਤਕਲੀਫ਼ਾਂ ਦੂਰ ਨਹੀਂ ਹੋਣੀਆਂ ਅਤੇ ਲੋਕਾਂ ਨੂੰ ਬਿਜਲੀ ਨਹੀਂ ਮਿਲਣੀ।

ਹੁਣ ਮੈਂ ਸਨੱਅਤ ਬਾਰੇ ਕਹਿਣਾ ਚਾਹੁੰਦਾ ਹਾਂ। ਇਸ ਸਰਕਾਰ ਨੇ ਭਾਰੀ ਸਨੱਅਤਾਂ ਲਗਾਉਣ ਲਈ ਕੋਈ ਪਲੈਨ ਨਹੀਂ ਬਣਾਈ। ਬਿਜਲੀ ਲੋਕਾਂ ਨੂੰ ਮਿਲਦੀ ਨਹੀਂ, ਮਜ਼ਦੂਰ ਬੇਕਾਰ ਹੋ ਰਹੇ ਹਨ, ਕਾਰਖਾਨੇ ਬੰਦ ਹੋ ਰਹੇ ਹਨ। ਮੈਂ ਤੁਹਾਨੂੰ ਰਾਜਪੁਰਾ ਦੀ ਧਾਗੇ ਦੀ ਫੈਕਟਰੀ ਦੀ ਗੱਲ ਦਸਦਾ ਹਾਂ। ਉਥੇ ਮਜ਼ਦੂਰਾਂ ਨੂੰ ਕੱਢ ਦਿੱਤਾ, ਉਨ੍ਹਾਂ ਦੇ ਜ਼ਬਰਦਸਤੀ ਅਸਤੀਫ਼ੇ ਲੈ ਕੇ

ਉਨ੍ਹਾਂ ਦਾ ਪਿਛਲਾ ਹਿਸਾਬ ਕਿਤਾਬ ਵੀ ਨਹੀਂ ਕੀਤਾ। ਅੱਜ ਹਾਲਤ ਇਹ ਹੈ ਕਿ ਹਰ ਪਾਸੇ ਖਲਬਲੀ ਮਚੀ ਹੋਈ ਹੈ, ਬੇਚੈਨੀ ਪੈਦਾ ਹੋ ਰਹੀ ਹੈ, ਖਾਸ ਕਰ ਵਿਦਿਆਰਥੀਆਂ ਵਿਚ ਬੜੀ ਬੇਚੈਨੀ ਹੈ। ਚੰਡੀਗੜ੍ਹ, ਲੁਧਿਆਣਾ ਵਿਚ ਕੀ ਹੋਇਆ, ਉਥੇ ਵਿਦਿਆਰਥੀਆਂ ਨਾਲ ਜ਼ਿਆਦਤੀਆਂ ਹੋਈਆਂ। ਪਟਿਆਲਾ, ਚੰਡੀਗੜ੍ਹ ਵਿਚ ਇਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ। ਉਥੇ ਸਟੂਡੈਂਟਸ ਦੀ ਮੰਗ ਇਹ ਸੀ ਕਿ ਪਹਿਲਾਂ ਗ੍ਰਿਫਤਾਰ ਕੀਤੇ ਹੋਏ ਵਿਦਿਆਰਥੀਆਂ ਨੂੰ ਰਿਲੀਜ਼ ਕੀਤਾ ਜਾਵੇ। ਉਥੇ ਦੇ ਪ੍ਰਿੰਸੀਪਲ ਨੇ ਵੀ ਇਹ ਕਿਹਾ ਕਿ ਕਿਸੇ ਕਿਸਮ ਦਾ ਰੋਸ਼ ਨਹੀਂ ਹੈ, ਪਰ ਫਿਰ ਵੀ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੇ ਪਟਿਆਲੇ ਵਿਚ ਹੋਸਟਲ ਵਿਚੋਂ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕੀਤਾ। ਸੋ ਇਹ ਗੱਲ ਬਹੁਤ ਮਾੜੀ ਹੈ ਕਿ ਬਗੈਰ ਕਿਸੇ ਗੱਲ ਦੇ ਵਿਦਿਆਰਥੀਆਂ ਨੂੰ ਹੋਸਟਲ ਵਿਚੋਂ ਗ੍ਰਿਫ਼ਤਾਰ ਕੀਤਾ ਜਾਵੇ। ਇਸ ਤਰ੍ਹਾਂ ਤਾਂ ਅੰਗਰੇਜ਼ ਵੀ ਨਹੀਂ ਸੀ ਕਰਦੇ। ਇਸ ਵੇਲੇ ਹਰ ਤਰਫ਼ ਹਾਹਾਕਾਰ ਮੱਚੀ ਹੋਈ ਹੈ, ਹੜਤਾਲਾਂ ਹੋ ਰਹੀਆਂ ਹਨ ਅਤੇ ਇਸ ਤਰ੍ਹਾਂ ਨਾਲ ਇਕਨੌਮਿਕ ਕਰਾਈਸਿਜ਼ ਡੀਪਨ ਹੋ ਰਿਹਾ ਹੈ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਸੰਤੁਸ਼ਟੀ ਨਹੀਂ।

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਕ ਸਾਲ ਵਿਚ 25 ਪ੍ਰਤੀਸ਼ਤ ਮਹਿੰਗਾਈ ਵੱਧ ਗਈ ਹੈ। ਜੇ ਕੋਈ ਮੁਲਾਜ਼ਮ ਪਿਛਲੇ ਸਾਲ 400 ਰੁਪਏ ਲੈਂਦਾ ਸੀ ਤਾਂ ਉਹ ਇਸ ਵੇਲੇ 300 ਰੁਪਿਆ ਸਮਝਿਆ ਜਾਂਦਾ ਹੈ, ਯਾਨੀ 100 ਰੁਪਏ ਮਹਿੰਗਾਈ ਵੱਧ ਗਈ ਹੈ ਅਤੇ ਹੋਰ ਵੱਧ ਰਹੀ ਹੈ ਅਤੇ ਜੇ ਇਸ ਤਰ੍ਹਾਂ ਦੀ ਹੀ ਹਾਲਤ ਰਹੀ ਤਾਂ ਗਰੀਬ ਲੋਕਾਂ ਦਾ ਕੀ ਬਣੇਗਾ, ਉਹ ਤਾਂ ਅੱਗੇ ਹੀ ਬਹੁਤ ਦੁਖੀ ਹਨ।

ਡਿਪਟੀ ਸਪੀਕਰ ਸਾਹਿਬ, ਇਹ ਇਕਨਾਮਿਕ ਕਰਾਈਸਿਜ਼ ਨੂੰ ਵਧਾ ਰਹੇ ਹਨ। ਲੋਕ ਇਸ ਦਾ ਮੁਕਾਬਲਾ ਕਰਨ ਲਈ ਜੱਥੇਬੰਦ ਹੋ ਰਹੇ ਹਨ। ਉਹ ਵਕਤ ਦੂਰ ਨਹੀਂ ਕਿ ਇਨ੍ਹਾਂ ਨੂੰ ਠੀਕ ਕਰਨ।

ਦਿਆ ਨੰਦ ਮੈਡੀਕਲ ਕਾਲਜ ਦੇ ਸਟੂਡੈਂਟ 40 ਦਿਨਾਂ ਤੋਂ ਹੜਤਾਲ ਤੇ ਹਨ। ਮੰਗ ਉਨ੍ਹਾਂ ਦੀ ਕੀ ਹੈ ਕਿ ਹਸਪਤਾਲ ਅਤੇ ਕਾਲਜ ਨੂੰ ਗੌਰਮਿੰਟ ਟੇਕਓਵਰ ਕਰੇ। ਕਿਉਂਕਿ ਮੈਨੇਜਮੈਂਟ ਲੋਕਾਂ ਨੂੰ ਨਜਾਇਜ਼ ਤੰਗ ਕਰਦੀ ਹੈ। ਜਿਥੇ ਦਿਆਨੰਦ ਮੈਡੀਕਲ ਕਾਲਜ ਹੈ ਉਥੇ ਹੀ ਦਿਆਨੰਦ ਹਸਪਤਾਲ ਹੈ। ਉਥੇ ਦੇ ਮੁਲਾਜ਼ਮ ਵਰਕਰ ਅਤੇ ਸਟੂਡੈਂਟਸ ਸਰਕਾਰ ਨੂੰ ਬਾਰ ਬਾਰ ਇਹੋ ਮੰਗ ਕਰ ਰਹੇ ਹਨ ਕਿ ਕਾਲਜ ਅਤੇ ਹਸਪਤਾਲ ਨੂੰ ਟੇਕਓਵਰ ਕਰੋ। ਇਨ੍ਹਾਂ ਨੂੰ ਉਨ੍ਹਾਂ ਦੀ ਵਰਕਰ ਯੂਨੀਅਨ ਦੀ ਮੰਗ ਹੁਣ ਤੱਕ ਮੰਨ ਲੈਣੀ ਚਾਹੀਦੀ ਸੀ। ਪਰ ਇਹ ਧਿਆਨ ਨਹੀਂ ਦੇ ਰਹੇ। ਇਹ ਹਸਪਤਾਲ ਤੇ ਕਾਲਜ ਟੇਕਓਵਰ ਕਰ ਲੈਣਾ ਚਾਹੀਦਾ ਹੈ। ਜਿਥੋਂ ਤੱਕ ਸ਼ਹਿਰੀ ਆਜ਼ਾਦੀ ਦਾ ਸਵਾਲ ਹੈ, ਇਨ੍ਹਾਂ ਨੂੰ ਬੁਰੀ ਤਰ੍ਹਾਂ ਕੁਚਲਿਆ ਜਾ ਰਿਹਾ ਹੈ। ਮੈਂ ਇਕ ਮਿਸਾਲ ਸੁਨਾਮ ਦੇ ਵਾਕੇ ਦੀ ਦਿੰਦਾ ਹਾਂ। 15-16-17 ਫ਼ਰਵਰੀ ਨੂੰ ਉਥੇ ਕਿਸਾਨ ਸਭਾ ਦਾ ਇਜਲਾਸ ਬੁਲਾਇਆ ਗਿਆ ਸੀ, ਪਰ ਡੀ. ਸੀ. ਨੇ ਦਫ਼ਾ 144 ਜਿਹੜੀ ਪਹਿਲਾਂ ਹੀ ਲਗੀ ਹੋਈ ਸੀ ਉਸ ਦੀ ਮਿਆਦ ਵਧਾ ਕੇ 17 ਤਾਰੀਖ਼ ਤੱਕ ਕਰ ਦਿੱਤੀ। ਅਸੀਂ ਇਜਲਾਸ ਕਰ ਰਹੇ ਹਾਂ ਪਰ ਐਸ.ਡੀ.ਐਮ. ਨੇ ਢਾਈ ਸੌ ਵਰਕਰਜ਼ ਦੇ ਖਿਲਾਫ਼ ਉਲਟੇ ਚਾਰਜ ਲਾ ਕੇ ਕੇਸ ਬਣਾਏ ਅਤੇ ਅੰਦਰ ਕੀਤਾ। ਲੋਕਾਂ ਤੇ ਲਾਠੀ ਚਾਰਜ਼ ਕੀਤਾ, ਰੋੜੇ ਮਰਵਾਏ ਅਤੇ ਅਥਰੂ ਗੈਸ ਦੀ ਵਰਤੋਂ ਕੀਤੀ। ਇਸ ਤਰ੍ਹਾਂ ਦੀ ਤੁਹਾਡੇ ਲੋਕ ਰਾਜ ਵਿਚ ਸ਼ਹਿਰੀ ਆਜ਼ਾਦੀ ਮਿਲੀ ਹੋਈ ਹੈ। ਇਸ ਨਾਲੋਂ ਤਾਂ ਅੰਗਰੇਜ਼ਾਂ ਵੇਲੇ ਹੀ ਕੁਝ ਨਾ ਕੁਝ ਆਜ਼ਾਦੀ ਸੀ। ਉਥੇ ਸਵਾਗਤੀ ਕਮੇਟੀ ਦੇ ਦਫ਼ਤਰ ਵਿਚੋਂ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ, ਕਾਮਰੇਡ ਜੌਹਲ,

[ਮਾਸਟਰ ਚੰਦ ਸਿੰਘ]

ਕਾਮਰੇਡ ਜਗਜੀਤ ਸਿੰਘ, ਕਾਮਰੇਡ ਲਾਇਲਪੁਰੀ ਅਤੇ ਕਾਮਰੇਡ ਉਗਰਾਹਾਂ ਨੂੰ ਵੀ ਫੜ ਲਿਆ ਗਿਆ। ਇਸ ਤਰ੍ਹਾਂ ਇਕ ਪਾਰਟੀ ਦੇ ਪਰਮੁੱਖ ਲੀਡਰਾਂ ਨੂੰ ਫੜਨਾ ਕਿ ਉਹ ਲੋਕਾਂ ਦੀਆਂ ਦੁੱਖ ਦੀਆਂ ਗੱਲਾਂ ਵੀ ਨਾ ਕਰ ਸਕਣ, ਇਸ ਤਰ੍ਹਾਂ ਦੀਆਂ ਗੱਲਾਂ ਤਾਂ ਅੰਗਰੇਜ਼ੀ ਰਾਜ ਵੇਲੇ ਵੀ ਨਹੀਂ ਸੀ ਹੁੰਦੀਆਂ। ਇਨ੍ਹਾਂ ਕਾਮਰੇਡਾਂ ਨੂੰ ਥਾਣੇਦਾਰ ਟੇਕ ਚੰਦ ਨੇ ਇਸ ਤਰ੍ਹਾਂ ਇਹੋ ਜਿਹੀ ਥਾਂ ਵਿਚ ਰਖਿਆ ਹੋਇਆ ਹੈ ਕਿ ਜਿਥੋਂ ਟੱਟੀ ਦੀ ਬਦਬੂ ਆਉਂਦੀ ਹੈ। ਇਸ ਤਰ੍ਹਾਂ ਸੈਂਕੜੇ ਵਰਕਰ ਫੜੇ ਜਿਨ੍ਹਾਂ ਨੂੰ 307 ਅਤੇ 107/51 ਦੇ ਹੇਠ ਗ੍ਰਿਫ਼ਤਾਰ ਕੀਤਾ ਅਤੇ ਝੂਠੇ ਕੇਸ ਬਣਾਏ। 9 ਜਨਵਰੀ ਨੂੰ ਬਰਨਾਲੇ ਇਕ ਹੜਤਾਲ ਹੋਈ, ਇਨ੍ਹਾਂ ਕਾਂਗਰਸੀਆਂ ਨੇ ਛੋਟੇ ਜਿਹੇ ਮੁੰਡਿਆਂ ਨੂੰ ਚੰਭਲਾ ਕੇ ਰੋੜੇ ਮਰਵਾਏ, ਇਸ ਤਰ੍ਹਾਂ ਦੀ ਆਜ਼ਾਦੀ ਇਹ ਸਰਕਾਰ ਸਾਨੂੰ ਦੇ ਰਹੀ ਹੈ। ਮੈਂ ਮੰਗ ਕਰਦਾ ਹਾਂ ਕਿ ਸਾਰੇ ਫੜੇ ਸਾਥੀ ਰਿਹਾ ਕੀਤੇ ਜਾਣ ਤੇ ਮੁਕੱਦਮੇ ਵਾਪਸ ਲਏ ਜਾਣ। ਕੱਲ ਕਾਮਰੇਡ ਕਨੇਡੀਅਨ ਨੇ ਕਿਹਾ ਸੀ ਕਿ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਨੇ ਪੰਜਾਬੀ ਸੂਬੇ ਬਾਰੇ ਇਕ ਫਾਰਮੂਲਾ ਤਿਆਰ ਕੀਤਾ ਹੈ। ਇਹ ਸਾਡੇ ਤੋਂ ਕੀ ਗੱਲਾਂ ਪੁਛਦੇ ਹੋ ਮੈਂ ਇਨ੍ਹਾਂ ਕਹਿੰਦਾ ਹਾਂ ਕਿ ਇਨ੍ਹਾਂ ਦੀ ਤਾਂ ਸੈਂਟਰ ਦੀ ਸਰਕਾਰ ਹੈ, ਉਨ੍ਹਾਂ ਤੋਂ ਪਤਾ ਕਰਨ। ਐਵੇਂ ਗੱਲਤ ਗਲਾਂ ਬਣਾ ਕੇ ਕਾਮਰੇਡ ਸੁਰਜੀਤ ਦਾ ਨਾਉਂ ਕਿਉਂ ਇਹ ਵਿਚ ਲੈਂਦੇ ਹਨ। ਇਹ ਬਿਲਕੁਲ ਬੇਬੁਨਿਆਦ ਗੱਲਾਂ ਤੇ ਕੇਸ ਹਨ। ਡਿਪਟੀ ਸਪੀਕਰ ਸਾਹਿਬ, ਜਿਸ ਤਰ੍ਹਾਂ ਦੀ ਮੌਜੂਦਾ ਸਰਕਾਰ ਦੀ ਪਾਲੀਸੀ ਹੈ, ਇਸ ਤੋਂ ਲੋਕ ਬਹੁਤ ਦੁਖੀ ਹਨ ਅਤੇ ਭੜਕੇ ਹੋਏ ਹਨ। ਪਿਛਲੇ ਕੁਝ ਦਿਨਾਂ ਦੀ ਗੱਲ ਹੈ ਜਗਰਾਉਂ ਵਿਚ ਤੇਲ ਲੈਣ ਆਏ ਲੋਕਾਂ ਤੇ ਲਾਠੀ-ਚਾਰਜ ਕਰਵਾ ਦਿੱਤਾ। ਉਥੇ ਗੋਲੀ ਚਲੀ ਅਤੇ ਮਰਿਆ ਕੌਣ? ਪਿਆਰਾ ਸਿੰਘ, ਇਕ ਗਰੀਬ ਹਰੀਜਨ ਜਿਹੜਾ ਕਿਸੇ ਜਾਗੀਰਦਾਰ ਵਾਸਤੇ ਤੇਲ ਲੈਣ ਲਈ ਆਇਆ ਸੀ। ਜਾਗੀਰਦਾਰ ਤਾਂ ਮੌਜ ਨਾਲ ਆਪਣੇ ਘਰ ਬੈਠੇ ਰਹਿੰਦੇ ਹਨ ਅਤੇ ਮਿਹਨਤ ਕਰਨ ਵਾਲੇ ਗੋਲੀਆਂ ਦਾ ਸ਼ਿਕਾਰ ਹੁੰਦੇ ਹਨ। ਮੈਂ ਬੇਨਤੀ ਕਰਾਂਗਾ ਕਿ ਇਸ ਮੁਆਮਲੇ ਦੀ ਬਾਕਾਇਦਾ ਇਨਕੁਆਇਰੀ ਕਰਵਾਈ ਜਾਵੇ ਅਤੇ ਉਸ ਡੀ.ਐਸ.ਪੀ. ਦੇ ਖਿਲਾਫ਼ ਜਿਸ ਨੇ ਗੋਲੀ ਚਲਾਈ ਬਾਕਾਇਦਾ ਐਕਸ਼ਨ ਲਿਆ ਜਾਵੇ। (ਵਿਘਨ) (ਸ਼ੋਰ)

ਸਰਦਾਰ ਗੁਰਬਚਨ ਸਿੰਘ: ਇਹ ਹੁਣ ਕਹਿੰਦੇ ਹਨ ਕਿ ਇਨਕੁਆਇਰੀ ਕਰਾਉਣੀ ਚਾਹੀਦੀ ਹੈ, ਪਰ ਇਨ੍ਹਾਂ ਨੂੰ ਪਤਾ ਨਹੀਂ ਕਿ ਕੇਸ ਰਜਿਸਟਰ ਹੋ ਚੁੱਕਾ ਹੈ। ਬਾਕਾਇਦਾ ਕਾਰਵਾਈ ਹੋ ਰਹੀ ਹੈ। ਆਨਰੇਬਲ ਮੈਂਬਰ ਗੈਲਰੀਜ਼ ਨੂੰ ਦਸਣ ਵਾਸਤੇ, ਇਸ ਤਰ੍ਹਾਂ ਦੀਆਂ ਗੱਲਾਂ ਕਹਿਕੇ, ਹਾਊਸ ਨੂੰ ਮਿਸਲੀਡ ਕਰ ਰਹੇ ਹਨ।

Mr. Deputy Speaker : Please wind up .(Noise)

ਮਾਸਟਰ ਚੰਦ ਸਿੰਘ: ਮੈਂ ਕੀ ਕਰਾਂ ਜਦੋਂ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਅਦਾਲਤੀ ਕਾਰਵਾਈ ਕੀ ਹੁੰਦੀ ਹੈ। ਮੈਂ ਉਨ੍ਹਾਂ ਨੂੰ ਪੜ੍ਹਾਉਣ ਉਨ੍ਹਾਂ ਦੇ ਦਫ਼ਤਰ ਵਿਚ ਥੋੜ੍ਹਾ ਜਾਣਾ ਹੈ ਇਸ ਤਰ੍ਹਾਂ ਦਾ ਝਾਮਪੁਰ ਦਾ ਕੇਸ ਹੈ। ** **

ਸ੍ਰੀ ਡਿਪਟੀ ਸਪੀਕਰ: ਜਿਹੜਾ ਕੇਸ ਕਿਸੇ ਅਦਾਲਤ ਦੇ ਵਿਚ ਚਲਦਾ ਹੈ, ਉਹ ਇਸ ਡੀਬੇਟ ਦਾ ਪਾਰਟ ਨਹੀਂ ਬਣ ਸਕਦਾ। ((Any sub-judice case cannot form part of the proceedings.)

ਮਾਸਟਰ ਚੰਦ ਸਿੰਘ: * * ** **

ਸ੍ਰੀ ਡਿਪਟੀ ਸਪੀਕਰ: ਇਹ ਸਟੇਟਮੈਂਟ ਉਨ੍ਹਾਂ ਗੱਲਾਂ ਦਾ ਹੀ ਪਾਰਟ ਹੈ ਜੋ ਅਦਾਲਤੀ ਜਾਂਚ ਲਈ ਪੈਂਡਿੰਗ ਹਨ। ਇਸ ਲਈ ਇਹ ਪ੍ਰੋਸੀਡਿੰਗ ਦਾ ਭਾਗ ਨਾ ਬਣੇ। (This statement also forms part of that case which is a sub -judice one. Hence it should not form part of the proceedings.)

**Expunged as ordered by the Chair.

ਮਾਸਟਰ ਚੰਦ ਸਿੰਘ : ਇਹ ਸਰਕਾਰ ਦਾ ਤਾਂ ਨਿਰਾ ਪੁਲਿਸ ਰਾਜ ਹੈ। ਇਹ ਪੁਲਿਸ ਰਾਹੀਂ ਜਿਸ ਨੂੰ ਫੜਨਾ ਹੋਵੇ ਨਜਾਇਜ਼ ਕੇਸ ਤਿਆਰ ਕਰ ਲੈਂਦੇ ਹਨ। ਕਿਸੇ ਕੋਲੋਂ ਅਫ਼ੀਮ ਫੜਦੇ ਹਨ ਅਤੇ ਕਿਸੇ ਦੇ ਘਰ ਨਾਜਾਇਜ਼ ਅਸਲਾ ਰਖਾ ਕੇ ਫੜ ਲੈਂਦੇ ਹਨ, ਕਿਸੇ ਦੇ ਸ਼ਰਾਬ ਦੀਆਂ ਬੋਤਲਾਂ ਰਖਵਾ ਕੇ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ, ਕਿਸੇ ਤੇ ਕੁਰੱਪਸ਼ਨ ਦੇ ਚਾਰਜ ਲਾਉਣ ਦੀ ਇਹ ਜ਼ਿਮੇਵਾਰ ਹਨ। ਮੈਂ ਹੋਰ ਵੀ ਤੁਹਾਡਾ ਟਾਈਮ ਲੈਣਾ ਸੀ ਕਿਉਂਕਿ ਜੋ ਕੁਝ ਵੀ ਹੋ ਰਿਹਾ ਹੈ ਇਸ ਤੋਂ ਸਾਫ਼ ਜ਼ਾਹਿਰ ਹੈ ਕਿ ਇਹ ਪੁਲਿਸ ਰਾਜ ਹੈ। ਗਵਰਨਰ ਸਾਹਿਬ ਨੇ ਇਸ ਤਰ੍ਹਾਂ ਦੇ ਰਾਜ ਬਾਰੇ ਕੋਈ ਨੋਟ ਨਹੀਂ ਦਿੱਤਾ। ਸਭ ਅੱਛਾ ਕਹਿਕੇ ਆਪਣਾ ਭਾਸ਼ਨ ਪੜ੍ਹ ਦਿੱਤਾ। ਇਹ ਸਰਕਾਰ ਦੀ ਗ਼ਲਤ ਪਾਲਿਸੀ ਹੈ, ਇਸ ਲਈ ਮੈਂ ਇਸ ਐਡਰੈਸ ਦਾ ਸਮੱਰਥਨ ਨਹੀਂ ਕਰਦਾ। ਇਹ ਇਕ ਪਾਰਟੀ ਦੇ ਪੱਖ ਨੂੰ ਪੂਰਦਾ ਜਨਤਾ ਦਾ ਸਹੀ ਪੱਖ ਇਸ ਵਿਚ ਨਹੀਂ ਹੈ।

ਸਰਦਾਰ ਸੁਰਿੰਦਰ ਸਿੰਘ ਕੈਰੋਂ (ਪੱਟੀ) : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਗਵਰਨਰ ਸਾਹਿਬ ਦੇ ਐਡਰੈਸ ਵਿਚ ਜੋ ਪਾਲੀਸੀ ਬਿਆਨ ਕੀਤੀ ਹੈ, ਉਸ ਬਾਰੇ ਕੁਝ ਅਰਜ਼ ਕਰਨੀ ਚਾਹੁੰਦਾ ਹਾਂ। ਡਾਕਟਰ ਪਾਵਟੇ ਨੇ 27 ਫ਼ਰਵਰੀ, 1973 ਨੂੰ ਜੋ ਐਡਰੈਸ ਪੜ੍ਹਿਆ ਸੀ, ਉਸ ਤੇ ਵੀ ਮੈਂ ਕੁਝ ਕਿਹਾ ਸੀ। ਇਹ ਐਡਰੈਸ ਉਹਦੇ ਨਾਲ ਸਬੰਧਤ ਹੈ ਅਤੇ ਜਿਹੜੀਆਂ ਚੀਜ਼ਾਂ ਉਹਦੇ ਵਿਚ ਲਈਆਂ ਗਈਆਂ ਸਨ ਉਹਦੇ ਬਾਰੇ ਦਸਿਆ ਗਿਆ ਹੈ ਕਿ ਕੀ ਕੁਝ ਕੀਤਾ ਗਿਆ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹਦੇ ਵਿਚ ਕਿਹਾ ਗਿਆ ਹੈ ਕਿ ਸਾਡੀ ਸਰਕਾਰ ਨੇ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ, ਨਾਲ ਹੀ ਇਹ ਕਿਹਾ ਗਿਆ ਹੈ ਕਿਸਾਨਾਂ ਲਈ ਕਣਕ ਦੇ ਭਾਅ ਠੀਕ ਬਣਨੇ ਚਾਹੀਦੇ ਹਨ, ਕੁਝ ਖਾਦ ਦੇ ਮੁਤੱਲਕ ਕਿਹਾ ਗਿਆ ਹੈ। ਇਸ ਤੋਂ ਇਲਾਵਾ ਵ੍ਹਾਈਟ ਰੈਵੋਲਿਊਸ਼ਨ ਦਾ ਜ਼ਿਕਰ ਕੀਤਾ ਗਿਆ ਹੈ। ਅਸੀਂ ਦੁੱਧ ਦੀਆਂ ਨਦੀਆਂ ਵਗਾਉਣਾ ਚਾਹੁੰਦੇ ਹਾਂ। ਮੈਂ ਗਰੀਨ ਰੈਵੋਲਿਊਸ਼ਨ ਤੇ ਕਹਿਣਾ ਚਾਹੁੰਦਾ ਹਾਂ ਕਿ ਮੈਂ ਪੰਜਾਬ ਦੇ ਕਿਸਾਨ ਨੂੰ ਪੰਜਾਬ ਦੇ ਹੱਲ-ਵਾਹਕਾਂ ਨੂੰ ਔਰ ਉਨ੍ਹਾਂ ਹਰੀਜਨਾਂ ਨੂੰ ਵਧਾਈ ਦਿੰਦਾ ਹਾਂ ਜਿਨ੍ਹਾਂ ਨੇ ਪੰਜਾਬ ਵਿਚ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ। ਅਸੀਂ ਉਨ੍ਹਾਂ ਨੂੰ ਡੀਜ਼ਲ ਨਹੀਂ ਦੇ ਸਕੇ ਡੀਜ਼ਲ ਲੈਣ ਆਏ ਤਾਂ ਗੋਲੀ ਚਲਾਈ ਗਈ। ਖਾਦ ਵਿਚ ਖੇਹ ਮਿਲਾਈ ਫੇਰ ਵੀ ਬਹਾਦਰ ਪੰਜਾਬ ਦੇ ਕਿਸਾਨ ਨੇ ਇਸ ਪੰਜਾਬ ਵਿਚ ਗਰੀਨ ਰੈਵੋਲਿਊਸ਼ਨ ਲਿਆਂਦਾ ਹੈ (ਥੰਪਿੰਗ) ਐਥੇ ਹੀ ਬਸ ਨਹੀਂ ਮੈਂ ਅਰਜ਼ ਕਰਨਾ ਚਾਹੁੰਦਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਪੰਜਾਬ ਨੇ ਦੇਸ਼ ਦੇ ਅੰਨ ਭੰਡਾਰੇ ਵਿਚ ਆਪਣਾ ਬਹੁਤ ਹਿੱਸਾ ਪਾਇਆ ਹੈ। 60 ਪ੍ਰਤੀ-ਸ਼ਤ ਸਾਡੇ ਇਕੱਲੇ ਪੰਜਾਬ ਦਾ ਹੀ ਹਿੱਸਾ ਹੈ। ਜਿਥੇ ਸਾਨੂੰ ਤਾਮਰ ਪੱਤਰ, ਗੋਲਡ ਮੈਡਲ, ਮਿਲਣੇ ਚਾਹੀਦੇ ਸਨ ਉਥੇ ਮੈਨੂੰ ਇਹ ਵੇਖ ਕੇ ਦੁੱਖ ਹੁੰਦਾ ਹੈ ਕਿ ਇਕ ਵੀਰ ਨੂੰ ਗੋਲੀ ਵੱਜੀ ਹੈ। ਕਣਕ ਦੇ ਭਾਅ 76 ਰੁਪਏ ਨਿਸਚਿਤ ਕੀਤੇ ਸੀ ਅਤੇ ਇਸ ਤੇ ਮੈਂ ਪਿਛਲੇ ਸੈਸ਼ਨ ਵਿਚ ਵੀ ਕਹਿ ਚੁਕਿਆ ਹਾਂ ਕਿ ਉਦੋਂ ਵੀ ਡੀਜ਼ਲ ਆਦਿ ਬਹੁਤ ਮਹਿੰਗਾ ਸੀ ਅਤੇ ਇਹ ਸਭ ਕੁਝ ਹੁੰਦੇ ਹੋਏ ਵੀ ਇਨ੍ਹਾਂ ਕਿਸਾਨਾਂ ਨੇ ਆਪਣੇ ਸੂਬੇ ਦਾ ਨਾਂ ਉਚਿਆਂ ਚੁਕਿਆ ਅਤੇ ਸਾਰੇ ਦੇਸ਼ ਨੂੰ ਭੋਜਨ ਦਿੱਤਾ। ਗਰੀਨ ਰੈਵੋਲਿਊਸ਼ਨ ਪੰਜਾਬ ਦੇ ਕਿਸਾਨ ਨੇ ਲਿਆਂਦਾ। ਉਦੋਂ ਕਣਕ ਇਥੇ 76 ਰੁਪਏ ਕੁਇੰਟਲ ਵਿਕੀ ਅਤੇ ਇਥੇ ਮੈਂ ਇਹ ਬੇਨਤੀ ਕਰਦਾ ਹਾਂ ਕਿ ਉਸ ਵੇਲੇ ਸਾਡੀ ਸਰਕਾਰ ਨੂੰ ਕਣਕ ਇਥੇ ਕੁਝ ਰੱਖ ਲੈਣੀ ਚਾਹੀਦੀ ਸੀ ਤਾਂ ਕਿ ਜਿਹੜੀ ਹੁਣ ਇਥੇ ਲੋਕਾਂ ਨੂੰ ਡੇਢ ਰੁਪਏ ਕਿਲੋ ਲੈਣੀ ਪੈ ਰਹੀ ਹੈ ਉਹ ਇੰਝ ਨਾ ਹੁੰਦਾ। ਇਸ ਬਾਰੇ ਮੈਂ ਆਪਣੀ ਸਰਕਾਰ ਨੂੰ ਦੋਸ਼ੀ ਨਹੀਂ ਠਹਿਰਾਉਂਦਾ ਬਲਕਿ ਦੋਸ਼ ਸਰਕਾਰੀ ਮਸ਼ੀਨਰੀ ਦਾ ਹੈ ਜਿਸ ਨੇ ਮੌਕੇ ਤੇ ਸਰਕਾਰ ਨੂੰ ਚੰਗੀ ਰਾਏ ਨਾ ਦਿੱਤੀ। ਮੇਰੀ ਚੰਗੀ ਪਾਰਟੀ ਦੀ ਸਰਕਾਰ ਜਿਹੜੀ ਕਿ ਸ੍ਰੀਮਤੀ ਇੰਦਰਾ ਗਾਂਧੀ ਜੀ ਦੀ ਲੀਡਰਸ਼ਿਪ ਹੇਠ ਚੱਲ ਰਹੀ ਹੈ,

[ਸਰਦਾਰ ਸੁਰਿੰਦਰ ਸਿੰਘ ਕੈਰੋਂ]
ਬੜਾ ਅੱਛਾ ਕੰਮ ਕਰ ਰਹੀ ਹੈ ਪਰ ਸਰਕਾਰੀ ਮਸ਼ੀਨਰੀ ਨੇ ਇਨ੍ਹਾਂ ਨੂੰ ਵਕਤ ਸਿਰ ਠੀਕ ਰਾਏ ਨਹੀਂ ਦਿੱਤੀ ਹੈ। ਇਸ ਲਈ ਇਹ ਕਸੂਰ ਸਰਕਾਰੀ ਮਸ਼ੀਨਰੀ ਦਾ ਹੈ।

ਵਾਈਟ ਰੈਵੋਲਿਊਸ਼ਨ ਲਿਆਉਣ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਤਿੰਨ ਕਰੋੜ ਰੁਪਏ ਇੰਡੀਅਨ ਡੇਅਰੀ ਡਿਵੈਲਪਮੈਂਟ ਨੇ ਪੰਜਾਬ ਡੇਅਰੀ ਡਿਵੈਲਪਮੈਂਟ ਨੂੰ ਦਿੱਤੇ ਹਨ। ਪਰ ਮੈਂ ਇਸ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਇਥੇ ਗਰੀਬ ਕਿਸਾਨਾਂ ਨੇ ਆਪਣਾ ਦੁੱਧ ਵੇਚਿਆ ਹੈ ਅਤੇ ਉਸਦਾ ਪਾਊਡਰ ਬਣ ਕੇ ਦੂਜੇ ਸੂਬਿਆਂ ਵਿਚ ਚਲਾ ਗਿਆ ਹੈ। ਸਾਡੇ ਜਵਾਨ ਦੁੱਧ ਖੁਣੋਂ ਵਿਲਕਦੇ ਫਿਰਦੇ ਹਨ ਉਨ੍ਹਾਂ ਨੂੰ ਦੁੱਧ ਨਹੀਂ ਮਿਲ ਰਿਹਾ ਹੈ। ਪੰਜਾਬ ਵਿਚ ਦੁੱਧ ਅਤੇ ਕਣਕ ਸਬਸੀਡਾਈਜ਼ਡ ਰੇਟਸ ਤੇ ਮਿਲਣੇ ਚਾਹੀਦੇ ਹਨ। ਪੰਜਾਬ ਦੇ ਸਕੂਲਾਂ ਵਿਚ ਜਿਹੜੇ ਮੁੰਡੇ ਪੜ੍ਹਦੇ ਹਨ ਉਨ੍ਹਾਂ ਨੂੰ ਦੁੱਧ ਮੁਫ਼ਤ ਮਿਲਣਾ ਚਾਹੀਦਾ ਹੈ। ਇਥੋਂ ਮਿਲਕ ਪਾਊਡਰ ਦੂਜਿਆਂ ਸੂਬਿਆਂ ਨੂੰ ਭੇਜ ਕੇ ਗੁਜਰਾਤੀ ਤਾਂ ਤਕੜੇ ਹੋ ਰਹੇ ਹਨ ਪਰ ਸਾਡੇ ਪੰਜਾਬੀ ਊਂਝ ਹੀ ਤੁਰੀ ਫਿਰਦੇ ਹਨ। (ਵਿਘਨ)

ਇਸ ਤੋਂ ਇਲਾਵਾ ਮੈਂ ਕੁਝ ਇੰਡਸਟਰੀਜ਼ ਦੇ ਬਾਰੇ ਵਿਚ ਕਹਿਣਾ ਚਾਹੁੰਦਾ ਹਾਂ। ਮੈਂ ਪਿਛਲੇ ਸੈਸ਼ਨ ਵਿਚ ਵੀ ਕਿਹਾ ਸੀ ਕਿ ਅਸੀਂ ਪਬਲਿਕ ਸੈਕਟਰ ਲਈ 20 ਲਾਈਸੈਂਸ ਲਏ ਸੀ, ਟੈਲੀਵੀਜ਼ਨ, ਬੈਟਰੀ ਅਤੇ ਟਰੈਕਟਰ ਆਦਿ ਲਈ। ਪਰ ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਟੀਲ ਇਕ ਬੇਸਿਕ ਇੰਡਸਟਰੀ ਹੈ, ਪਰ ਇਸ ਨੂੰ ਭਾਵੇਂ ਇਸ ਦੇ ਕਿ ਮੇਰੀ ਪਾਰਟੀ ਦੀ ਸਰਕਾਰ ਇਥੇ ਸੋਸ਼ਲਿਜ਼ਮ ਲਿਆਉਣਾ ਚਾਹੁੰਦੀ ਹੈ ਅਤੇ ਗਿਆਨੀ ਜ਼ੈਲ ਸਿੰਘ ਜੀ ਚੀਫ਼ ਮਨਿਸਟਰ ਜਿਨ੍ਹਾਂ ਨੇ ਕਿ ਜੇਲ੍ਹਾਂ ਕੱਟੀਆਂ ਹਨ, ਪੂਰੇ ਸੋਸ਼ਲਿਜ਼ਮ ਦੇ ਹਾਮੀ ਹਨ, ਪਰ ਸਰਕਾਰੀ ਮਸ਼ੀਨਰੀ ਦੇ ਪੁੱਠੇ ਪਾਸੇ ਲਾਉਣ ਕਰਕੇ ਮੇਰੀ ਸਰਕਾਰ ਨੇ ਸਟੀਲ ਇੰਡਸਟਰੀ ਪ੍ਰਾਈਵੇਟ ਸੈਕਟਰ ਨੂੰ ਦੇ ਦਿੱਤੀ ਹੈ। ਜਿਥੇ ਪੰਜਾਬ ਦੀ ਇੰਡਸਟਰੀ ਨੇ ਤਰੱਕੀ ਕਰਨੀ ਸੀ, ਉਥੇ ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪਹਿਲਾ ਘਾਟਾ ਹੁਣ ਸਰਕਾਰ ਨੂੰ ਪਏਗਾ। ਇਹਦਾ ਫਾਇਦਾ ਸਰਮਾਇਦਾਰਾਂ ਨੂੰ ਪਹੁੰਚਾ ਏਗਾ। ਇਹ 20 ਪ੍ਰਾਜੈਕਟ ਸਰਮਾਇਦਾਰਾਂ ਨੇ ਸਾਂਭ ਲਏ ਹਨ। ਪਹਿਲਾਂ ਵੀ ਜਦੋਂ ਅਕਾਲੀ ਗੌਰਮਿੰਟ ਵੇਲੇ ਪੋਲੇਸਟਰ ਪਲਾਂਟ ਪ੍ਰਾਈਵੇਟ ਸੈਕਟਰ ਨੂੰ ਜਾਣ ਲਗਾ ਸੀ ਉਸ ਵੇਲੇ ਵੀ ਮੈਂ ਕਿਹਾ ਸੀ ਕਿ ਇੰਞ ਨਹੀਂ ਹੋਣਾ ਚਾਹੀਦਾ ਸੀ। ਪਰ ਹੁਣ ਇਹ ਵੀਹ ਦੇ ਵੀਹ ਪ੍ਰਾਜੈਕਟ ਪ੍ਰਾਈਵੇਟ ਸੈਕਟਰ ਨੂੰ ਟਰਾਂਸਫ਼ਰ ਹੋ ਗਏ ਹਨ (ਸ਼ੇਮ ਸ਼ੇਮ)।

ਇਸ ਤੋਂ ਇਲਾਵਾ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਥੇ ਬਿਜਲੀ ਘੱਟ ਹੈ। ਪੰਜਾਬ ਦੀ ਬਿਜਲੀ ਘੱਟ ਰਹਿ ਨਹੀਂ ਸਕਦੀ। ਅਸੀਂ ਬਠਿੰਡਾ ਥਰਮਲ ਪਲਾਂਟ ਬਣਾਇਆ। ਇਹ ਅਕਾਲੀ ਸਰਕਾਰ ਵੇਲੇ ਸੈਂਕਸ਼ਨ ਹੋਇਆ ਸੀ। ਮੈਂ ਉਦੋਂ ਵੀ ਕਿਹਾ ਸੀ ਕਿ ਇਹ ਬਠਿੰਡੇ ਨਾ ਬਣਾਉ ਕਿਉਂਕਿ ਇਸ ਲਈ 90 ਵੈਗਨਾਂ ਕੋਲੇ ਦੀਆਂ ਰੋਜ਼ ਦੀਆਂ ਚਾਹੀਦੀਆਂ ਹਨ। ਅਤੇ 70 ਕਰੋੜ ਰੁਪਏ ਥਰਮਲ ਪਲਾਂਟ ਤੇ ਖ਼ਰਚ ਹੋ ਚੁਕੇ ਹਨ। ਪਹਿਲਾਂ ਤਾਂ ਇਹ 90 ਵੈਗਨਾਂ ਕੋਲੇ ਦੀਆਂ ਰੋਜ਼ ਪਹੁੰਚ ਨਹੀਂ ਸਕਦੀਆਂ ਹਨ ਜੇ ਪਹੁੰਚ ਵੀ ਜਾਣ ਤਾਂ ਉਥੇ ਲਭਣੀਆਂ ਨਹੀਂ ਹਨ। 70 ਕਰੋੜ ਰੁਪਏ ਪੰਜਾਬ ਸਰਕਾਰ ਦੇ ਲਗ ਗਏ ਹਨ। ਇਸ ਲਈ ਹੁਣ ਇਸ ਪਲਾਂਟ ਨੂੰ ਤਕੜੇ ਹੋ ਕੇ ਚਲਾਉਣਾ ਚਾਹੀਦਾ ਹੈ। ਇੱਕ ਹੋਰ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਅਸੀਂ ਕਹਿ ਰਹੇ ਹਾਂ ਕਿ 100 ਕਰੋੜ ਰੁਪਏ ਦੀ ਹੋਰ ਇਕ ਫਰਟੇਲਾਈਜ਼ਰ ਫ਼ੈਕਟਰੀ ਬਠਿੰਡੇ ਲਗਾਉਣੀ ਹੈ। ਸਰਕਾਰ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ ਜੇ ਬਿਜਲੀ ਉਸ ਨੂੰ ਪੂਰੀ ਨਾ ਦੇ ਸਕੀਏ ਤਾਂ ਸੋਚ ਸਮਝ ਕੇ ਕੰਮ ਚਲਾਉਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਥਰਮਲ ਪਲਾਂਟ ਵੀ ਨਾ ਚਲੇ ਅਤੇ ਫ਼ਰਟੇਲਾਈਜ਼ਰ ਫ਼ੈਕਟਰੀ ਵੀ ਨਾ

ਚਲ ਸਕੇ । ਇਹ ਗੱਲ ਨਹੀਂ ਕਿ ਕੋਈ ਕੰਮ ਪੰਜਾਬ ਵਿਚ ਨਹੀਂ ਹੋ ਸਕਦਾ। ਪੰਜਾਬ ਦੇ ਬੰਦੇ ਜਦ ਕਿ ਹਿੰਦੁਸਤਾਨ ਵਿਚ ਆਪਣਾ ਨਾਂ ਪੈਦਾ ਕਰ ਸਕਦੇ ਹਨ ਤਾਂ ਇਹ ਇਥੇ ਕੋਈ ਵੀ ਕੰਮ ਕਰ ਸਕਦੇ ਹਨ। ਪਰ ਲੋੜ ਇਸ ਗੱਲ ਦੀ ਹੈ ਕਿ ਪਲੈਨਿੰਗ ਠੀਕ ਹੋਣੀ ਚਾਹੀਦੀ ਹੈ। ਮੈਂ ਪਿਛੇ ਵੀ ਪਾਰਟੀ ਮੀਟਿੰਗ ਵਿਚ ਕਿਹਾ ਸੀ ਕਿ ਅਟਾਮਿਕ ਥਰਮਲ ਪਲਾਂਟ ਲਗਾਉਣ ਦੀ ਲੋੜ ਹੈ ਅਤੇ ਇਸ ਲਈ ਲੜਨਾ ਚਾਹੀਦਾ ਹੈ। ਹੈਵੀ ਵਾਟਰ ਦਾ ਸਰਵੇ ਨੰਗਲ ਵਿਖੇ ਅਗੇ ਹੀ ਹੋਇਆ ਹੋਇਆ ਹੈ। ਸਾਨੂੰ ਇਸ ਲਈ ਲੜਨਾ ਚਾਹੀਦਾ ਹੈ ਤਾਂਕਿ ਪੰਜਾਬ ਵਿਚ ਬਿਜਲੀ ਦੀ ਕਮੀ ਮਹਿਸੂਸ ਨਾ ਹੋਵੇ। ਸਤਲੁਜ-ਬਿਆਸ ਲਿੰਕ ਨੂੰ ਜਲਦੀ ਕੰਪਲੀਟ ਕਰਨਾ ਚਾਹੀਦਾ ਹੈ। ਆਨੰਦਪੁਰ ਸਾਹਿਬ ਹਾਈਡਲ ਪ੍ਰਾਜੈਕਟ, ਸ਼ਾਨਨ ਹਾਈਡਲ ਪ੍ਰਾਜੈਕਟ ਅਤੇ ਥੀਨ ਡੈਮ ਬਾਰੇ ਜੋ ਲਿਖਾਰੀ ਨੇ ਪਹਿਲਾਂ ਐਡਰੈਸ ਵਿਚ ਲਿਖਿਆ ਸੀ ਉਹ ਹੀ ਹੁਣ ਇਥੇ ਰਿਪੀਟ ਕਰ ਦਿੱਤਾ ਹੈ। ਇਹ ਨਹੀਂ ਕਿਹਾ ਗਿਆ ਕਿ ਇਸ ਵਿਚੋਂ ਐਨੀ ਡਿਵੈਲਪਮੈਂਟ ਹੋ ਗਈ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸੋਚਣਾ ਅਸੀਂ ਇਹ ਹੈ ਕਿ ਅਸੀਂ ਪੰਜਾਬ ਨੂੰ ਉਤੇ ਕਿਵੇਂ ਚੁਕਣਾ ਹੈ । ਸਾਨੂੰ ਸਤਲੁਜ-ਬਿਆਸ ਲਿੰਕ ਜਲਦੀ ਕੰਪਲੀਟ ਕਰਨਾ ਚਾਹੀਦਾ ਹੈ। ਅਟਾਮਿਕ ਪਲਾਂਟ ਬਾਰੇ ਲੜਨਾ ਚਾਹੀਦਾ ਹੈ। ਥੀਨ ਡੈਮ ਦੀ ਮਨਜ਼ੂਰੀ ਜਲਦੀ ਲੈ ਕੇ ਆਪਣੇ ਹੱਥ ਵਿਚ ਇਹ ਪ੍ਰਾਜੈਕਟ ਲੈਣਾ ਚਾਹੀਦਾ ਹੈ । ਸਤਲੁਜ-ਬਿਆਸ ਲਿੰਕ ਦੇ ਇੰਜਨੀਅਰਾਂ ਨੂੰ ਉਥੋਂ ਕੰਮ ਕੰਪਲੀਟ ਕਰਕੇ ਥੀਨ ਡੈਮ ਤੇ ਲਗਾਉਣਾ ਚਾਹੀਦਾ ਹੈ। ਇਹ ਸਾਰੀਆਂ ਗੱਲਾਂ ਨੂੰ ਮੇਰੀ ਸਰਕਾਰ ਭਾਈ ਲਾਲੋ ਦੀ ਸਰਕਾਰ ਜੋ ਦੋ ਸਾਲ ਪਹਿਲਾਂ ਬਣੀ ਸੀ ਉਹ ਪੂਰੀ ਕਰ ਸਕਦੀ ਹੈ। ਮੈਨੂੰ ਮੇਰੀ ਪਾਰਟੀ ਦੀ ਸਰਕਾਰ ਤੋਂ, ਜੋ ਕਿ ਇੰਦਰਾ ਗਾਂਧੀ ਦੀ ਲੀਡਰਸ਼ਿਪ ਹੇਠ ਕੰਮ ਕਰ ਰਹੀ ਹੈ, ਆਸ ਹੈ ਕਿ ਉਹ ਇਹ ਕੰਮ ਪੂਰਾ ਕਰੇਗੀ।

ਹਿੰਦੁਸਤਾਨ ਵਿਚ ਮਹਿੰਗਾਈ ਦਾ ਮਸਲਾ ਹੈ। ਇਹ ਮਹਿੰਗਾਈ ਇਕ ਜਨਰਲ ਫਿਨੋਮਿਨਾ ਹੈ। ਇਹ ਠੀਕ ਹੈ ਕਿ ਡਿਸਟ੍ਰੀਬਿਊਸ਼ਨ ਸਿਸਟਮ ਵਿਚ ਗ਼ਲਤੀ ਹੋ ਸਕਦੀ ਹੈ । ਮਗਰ ਇਹ ਕਹਿਣਾ ਕਿ ਭਾਰਤ ਸਰਕਾਰ ਜਾਂ ਮੇਰੀ ਸਰਕਾਰ ਇਸ ਨੂੰ ਦੂਰ ਕਰਨ ਵਿਚ ਕੋਈ ਕੋਸ਼ਿਸ਼ ਨਹੀਂ ਕਰ ਰਹੀ ਇਹ ਗ਼ਲਤ ਗੱਲ ਹੈ।

ਜਿਥੋਂ ਤਕ ਡੀਜ਼ਲ ਦਾ ਤਅੱਲੁਕ ਹੈ ਜਾਂ ਹੋਰ ਚੀਜ਼ਾਂ ਦੀ ਸ਼ਾਰਟੇਜ ਦਾ ਤਅੱਲੁਕ ਹੈ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਹਿੰਦੁਸਤਾਨ ਨੂੰ ਪੰਜਾਬ ਨੇ ਕਣਕ ਦੇਣੀ ਹੈ ਕਿਉਂਕਿ ਅਸੀਂ ਨੈਸ਼ਨਲਿਸਟ ਪਹਿਲਾਂ ਹਾਂ ਅਤੇ ਪੰਜਾਬੀ ਬਾਅਦ ਵਿਚ, ਪਰ ਕਣਕ ਦੇਣ ਤੋਂ ਪਹਿਲਾਂ ਜੋ ਸਾਡੀਆਂ ਜ਼ਰੂਰਤਾਂ ਹਨ ਉਨ੍ਹਾਂ ਬਾਰੇ ਜਿਵੇਂ ਕਿ ਲੋਹਾ ਹੈ, ਕੋਲਾ ਹੈ, ਆਦਿ ਇਨ੍ਹਾਂ ਚੀਜ਼ਾਂ ਬਾਰੇ ਉਨ੍ਹਾਂ ਨੂੰ ਪਹਿਲਾਂ ਮੰਨਾ ਲੈਣਾ ਚਾਹੀਦਾ ਹੈ।

12-00 Noon

ਮੈਂ ਅਰਜ਼ ਕਰਦਾ ਹਾਂ ਕਿ ਐਤਕੀ ਖ਼ਾਸ ਕਰਕੇ ਤਕਲੀਫ਼ ਲੋਕਾਂ ਨੂੰ ਆਈ ਹੈ ਕਿ ਡੀਜ਼ਲ ਨਹੀਂ ਮਿਲਿਆ। ਲੋਕਾਂ ਨੂੰ ਬਿਜਲੀ ਨਹੀਂ ਮਿਲੀ। ਇਸੇ ਤਰ੍ਹਾਂ ਲੋਕਾਂ ਨੂੰ ਕਈ ਹੋਰ ਔਕੜਾਂ ਹਨ ਜਿਸ ਕਰਕੇ ਕਣਕ ਦੀ ਪੈਦਾਵਾਰ ਘੱਟੀ ਹੈ । ਜਿਸ ਤਰ੍ਹਾਂ ਰਾਜਪਾਲ ਦੇ ਭਾਸ਼ਣ ਵਿਚ ਕਿਹਾ ਗਿਆ ਹੈ ਕਿ ਭਾਅ ਮੁਕੱਰਰ ਹੋਣੇ ਚਾਹੀਦੇ ਹਨ, ਮੈਂ ਸਮਝਦਾ ਹਾਂ ਕਿ ਭਾਅ ਪਹਿਲਾਂ ਮੁਕਰਰ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਗ਼ਰੀਬਾਂ ਲਈ ਕਣਕ ਸਾਨੂੰ ਸਬਸੇਡਾਈਜ਼ ਦੇਣੀ ਚਾਹੀਦੀ ਹੈ।

ਇਸ ਰਾਜਪਾਲ ਦੇ ਭਾਸ਼ਣ ਵਿਚ ਸਟੂਡੈਂਟਸ ਦਾ ਜ਼ਿਕਰ ਕੀਤਾ ਗਿਆ ਹੈ । ਮੈਂ ਸ਼ੁਰੂ ਤੋਂ ਹੀ ਕਾਂਗਰਸੀ ਹੁੰਦਾ ਸੀ। ਜਦ ਅਸੀਂ ਜੱਦੋ ਜਹਿਦ ਵਿਚ ਹਿੱਸਾ ਪਾਇਆ ਤਾਂ ਮੈਨੂੰ ਪਤਾ ਹੈ ਕਿ ਸਟੂਡੈਂਟਸ ਦੀ ਕੀ ਫ਼ੀਲਿੰਗਜ਼ ਰਹੀ ਹੈ। ਇਸ ਵੇਲੇ ਸਟੂਡੈਂਟਸ ਦੇ ਸਾਹਮਣੇ ਘੁੱਪ ਹਨੇਰਾ ਹੈ। ਇਸ ਭਾਸ਼ਣ

[ਸਰਦਾਰ ਸੁਰਿੰਦਰ ਸਿੰਘ ਕੈਰੋਂ]

ਵਿਚ ਕਿਹਾ ਗਿਆ ਹੈ ਕਿ ਐਜੂਕੇਸ਼ਨ ਦੇ ਸਿਸਟਮ ਵਿਚ ਚੇਂਜ ਕਰਨੀ ਚਾਹੀਦੀ ਹੈ। ਮੈਂ ਵੀ ਕਹਿੰਦਾ ਹਾਂ ਕਿ ਇਹ ਪੁਰਾਣੀ ਐਜੂਕੇਸ਼ਨ ਦਾ ਸਿਸਟਮ ਬੰਦ ਹੋਣਾ ਚਾਹੀਦਾ ਹੈ। ਅੱਜ ਵੀ ਐਜੂਕੇਸ਼ਨ ਦਾ ਸਿਸਟਮ ਉਹੀ ਹੈ ਜਿਹੜਾ ਕਿ ਅੰਗਰੇਜ਼ਾਂ ਦੇ ਵੇਲੇ ਹੁੰਦਾ ਸੀ। ਅੰਗਰੇਜ਼ ਗੁਲਾਮ ਬਣਾਉਣ ਵਾਲੀ ਸਿਖਿਆ ਦਿੰਦਾ ਸੀ ਅਤੇ ਕਲਰਕ ਬਣਾਉਣ ਦੀ ਸਿਖਿਆ ਦਿੰਦਾ ਸੀ। ਹੁਣ ਅਸੀਂ ਐਸੀ ਐਜੂਕੇਸ਼ਨ ਨਹੀਂ ਦੇਣੀ। ਸਾਨੂੰ ਅਜਿਹੀ ਐਜੂਕੇਸ਼ਨ ਦੇਣੀ ਚਾਹੀਦੀ ਹੈ ਜਿਸ ਨਾਲ ਪੰਜਾਬ ਡਿਵੈਲਪ ਹੋਵੇ ਅਤੇ ਪੰਜਾਬ ਦੀ ਇੰਡਸਟਰੀ ਵੱਧੇ। ਮੈਂ ਅਰਜ਼ ਕਰਦਾ ਹਾਂ ਕਿ ਸਟੂਡੈਂਟਸ ਦੇਸ਼ ਨੂੰ ਉਪਰ ਕਰਦੇ ਹਨ, ਉਹ ਪੰਜਾਬ ਨੂੰ ਉਪਰ ਉਠਾਉਂਦੇ ਹਨ। ਉਹ ਚਾਹੁੰਦੇ ਹਨ ਕਿ ਜਦ ਅਸੀਂ ਪੜ੍ਹਕੇ ਹਟੀਏ ਤਾਂ ਸਾਨੂੰ ਨੌਕਰੀ ਮਿਲੇ ਅਤੇ ਅਸੀਂ ਕਿਤੇ ਲੱਗ ਸਕੀਏ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਿੰਨਾ ਚਿਰ ਅਸੀਂ ਇਹ ਚੇਂਜ ਨਹੀਂ ਕਰ ਸਕਦੇ ਉਨਾ ਚਿਰ ਸਾਨੂੰ ਸਟੂਡੈਂਟਸ ਲਈ ਵਜ਼ੀਫੇ ਮੁਕੱਰਰ ਕਰਨੇ ਚਾਹੀਦੇ ਹਨ ਅਤੇ ਜਦ ਉਹ ਇੰਜੀਨੀਅਰਿੰਗ ਜਾਂ ਮੈਡੀਕਲ ਆਦਿ ਪੜ੍ਹ ਕੇ ਨਿਕਲਣ ਤਾਂ ਉਨ੍ਹਾਂ ਨੂੰ ਉਹ ਮਿਲ ਸਕਣ।

ਰਾਜਪਾਲ ਦੇ ਭਾਸ਼ਣ ਵਿਚ ਲਿੰਕ ਰੋਡਜ਼ ਦੇ ਮੁਤੱਲਕ ਕਿਹਾ ਗਿਆ ਹੈ। ਮੈਂ ਇਹ ਗੱਲ ਸਾਫ ਕਰਨੀ ਚਾਹੁੰਦਾ ਹਾਂ ਕਿ ਪਿਛਲੇ ਸੈਸ਼ਨ ਵਿਚ ਵੀ ਮੈਂ ਕਿਹਾ ਸੀ ਅਤੇ ਹੁਣ ਵੀ ਕਹਾਂਗਾ ਕਿ ਮਾਰਕੀਟਿੰਗ ਬੋਰਡ ਦਾ 10 ਲੱਖ ਰੁਪਿਆ, ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੇਰੇ ਹਲਕੇ ਦੀਆਂ ਸੜਕਾਂ ਪੁੱਟਕੇ ਦੇਖ ਲਵੋ, ਕਿਵੇਂ ਐਕਸੀਅਨ ਅਤੇ ਓਵਰਸੀਅਰਜ਼ ਨੇ ਖਾਧਾ ਹੈ। ਉਦੋਂ ਐਸ਼ੋਰੈਂਸ ਦਿੱਤੀ ਸੀ ਕਿ ਅਸੀਂ ਸੜਕਾਂ ਪੁੱਟ ਕੇ ਦੇਖਾਂਗੇ ਪਰ ਹੋਇਆ ਕੁਝ ਨਹੀਂ ਹੈ। ਮੈਂ ਕਹਿੰਦਾ ਹਾਂ ਕਿ ਇਹ ਜਿਹੜੇ ਕੁਰੱਪਟ ਅਫਸਰ ਹਨ, ਭਾਵੇਂ ਉਹ ਕੋਈ ਵੀ ਕਿਉਂ ਨਾ ਹੋਵੇ ਜਿੰਨਾਂ ਚਿਰ ਉਨ੍ਹਾਂ ਨੂੰ ਦੂਰ ਨਹੀਂ ਰੱਖਾਂਗੇ ਇਹ ਕੰਮ ਠੀਕ ਨਹੀਂ ਚੱਲਣੇ। ਕੁਰੱਪਟ ਅਫਸਰਾਂ ਨੂੰ ਦੂਰ ਰੱਖਣਾ ਚਾਹੀਦਾ ਹੈ। ਜਿੰਨਾ ਚਿਰ ਉਨ੍ਹਾਂ ਨੂੰ ਦੂਰ ਨਹੀਂ ਕਰਦੇ ਉਦੋਂ ਤਕ ਇਹ ਲਿੰਕ ਰੋਡਜ਼ ਜੋ ਬਣੀਆਂ ਹਨ ਜਾਂ ਜਿਹੜੀਆਂ ਬਣਾਉਣੀਆਂ ਹਨ ਉਹ ਬਣਨ ਤੋਂ ਪਹਿਲਾਂ ਹੀ ਟੁੱਟ ਜਾਣਗੀਆਂ। ਬਣਦੀਆਂ ਬਾਅਦ ਵਿਚ ਹਨ ਪਰ ਟੁੱਟ ਪਹਿਲਾਂ ਜਾਂਦੀਆਂ ਹਨ। ਮੈਂ ਆਪਣੀ ਸਰਕਾਰ ਕੋਲੋਂ ਆਸ ਰੱਖਦਾ ਹਾਂ ਕਿ ਉਹ ਇਸ ਪਾਸੇ ਧਿਆਨ ਦੇਵੇਗੀ।

ਰਾਜਪਾਲ ਦੇ ਭਾਸ਼ਣ ਵਿਚ ਪੰਚਾਇਤੀ ਰਾਜ ਦਾ ਜ਼ਿਕਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਹੈ ਕਿ ਪੰਚਾਇਤੀ ਰਾਜ ਲਈ ਪੰਚਾਇਤੀ ਇੰਸਟੀਚਿਊਸ਼ਨ ਤਕੜਾ ਕਰਨਾ ਹੈ। ਮੈਂ ਸਮਝਦਾ ਹਾਂ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਪੰਚਾਇਤੀ ਰਾਜ ਦੇ ਵਿਚ ਸਾਨੂੰ ਦੁਬਾਰਾ ਇਲੈਕਸ਼ਨ ਕਰਾਉਣੇ ਚਾਹੀਦੇ ਹਨ ਅਤੇ ਪਿੰਡਾਂ ਦੇ ਲੋਕਾਂ ਨੂੰ ਕਾਨਫੀਡੈਂਸ ਵਿਚ ਲੈਣਾ ਚਾਹੀਦਾ ਹੈ। ਮੈਂ ਵਾਈਂਡ ਅੱਪ ਕਰਦਾ ਹੋਇਆ ਇਹ ਕਹਾਂਗਾ ਕਿ ਜਿਥੇ ਅਸੀਂ ਰਾਈਸ ਦੀ ਕੀਮਤ ਵਧਾ ਦਿੱਤੀ ਹੈ ਉਥੇ ਪੰਜਾਬ ਦੇ ਕਿਸਾਨ ਲਈ ਕਣਕ ਦੀ ਵੀ ਕੋਈ ਕੀਮਤ ਮੁਕੱਰਰ ਕਰਨੀ ਚਾਹੀਦੀ ਹੈ। ਜੇ ਮਕਈ ਅਤੇ ਬਾਜਰਾ ਜਦ ਨਿਕਲ ਕੇ ਚਲਾ ਗਿਆ ਦੁਕਾਨਦਾਰ ਕੋਲ ਅਤੇ ਫਿਰ ਉਸ ਦੇ ਭਾਅ ਨਿਸਚਿਤ ਕੀਤੇ ਗਏ ਤਾਂ ਫਿਰ ਇਸ ਤਰ੍ਹਾਂ ਸਰਾਸਰ ਧੋਖਾ ਹੈ। ਮੈਂ ਆਪਣੀ ਸਪੀਚ ਬੰਦ ਕਰਨ ਤੋਂ ਪਹਿਲਾਂ ਇਹ ਜ਼ਰੂਰ ਕਹਾਂਗਾ ਕਿ ਜਿੰਨਾ ਚਿਰ ਉਨ੍ਹਾਂ ਨੂੰ ਪੂਰੀ ਕੀਮਤ ਨਹੀਂ ਦਿੱਤੀ ਜਾਵੇਗੀ। ਉਨਾ ਚਿਰ ਇਹ ਕੰਮ ਨਹੀਂ ਚੱਲ ਸਕਦਾ। ਮੈਂ ਆਸ ਕਰਦਾ ਹਾਂ ਕਿ ਪੰਜਾਬ ਦਾ ਕਿਸਾਨ ਵੱਧ ਕਣਕ ਪੈਦਾ ਕਰੇਗਾ। ਮੈਂ ਅਰਜ਼ ਕਰਦਾ ਹਾਂ ਕਿ ਮੇਰੀ ਸਰਕਾਰ ਇਕ ਚੰਗੀ ਲੀਡਰਸ਼ਿਪ ਥੱਲੇ, ਜਿਹੜੀਆਂ ਗੱਲਾਂ ਮੈਂ ਕਹੀਆਂ ਹਨ, ਉਨ੍ਹਾਂ ਵੱਲ ਧਿਆਨ ਦੇਵੇਗੀ ਅਤੇ ਸਭ ਕੁਝ ਕਰੇਗੀ। ਦੋਸਤੋ, ਇਕ ਗੱਲ ਨਾ ਭੁੱਲੋ

ਇਹ ਜਿਹੜੀ ਮਹਿੰਗਾਈ ਹੈ ਇਹ ਮਹਿੰਗਾਈ ਇੰਟਰਨੈਸ਼ਨਲ ਫ਼ਿਨੌਮੀਨਾ ਹੈ। ਇਹ ਸਾਰੇ ਪੰਜਾਬ ਦਾ ਮਸਲਾ ਹੈ, ਇਹ ਸਾਰੇ ਹਿੰਦੁਸਤਾਨ ਦਾ ਮਸਲਾ ਹੈ ਅਤੇ ਇਹ ਸਾਰੀ ਦੁਨੀਆਂ ਦਾ ਮਸਲਾ ਹੈ। ਸਾਡੀ ਸਰਕਾਰ ਨੂੰ ਕਰੈਡਿਟ ਦਿਓ ਕਿ ਅਸੀਂ ਐਨੀ ਕੋਸ਼ਿਸ਼ ਕਰਦੇ ਪਏ ਹਾਂ, ਇਹ ਨਾ ਕਹੋ ਕਿ ਅਸੀਂ ਕੁਝ ਨਹੀਂ ਕੀਤਾ। ਮੈਂ ਆਪਣੀ ਸਰਕਾਰ ਦੀ ਇਨ੍ਹਾਂ ਐਫ਼ਰਟਸ ਨੂੰ ਐਪਰੀਸ਼ਿਏਟ ਕਰਦਾ ਹਾਂ ਅਤੇ ਆਪਣੀ ਸਪੀਚ ਬੰਦ ਕਰਦਾ ਹਾਂ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ (ਖਰੜ) : ਡਿਪਟੀ ਸਪੀਕਰ ਸਾਹਿਬ, ਗਵਰਨਰ ਸਾਹਿਬ ਨੇ ਆਪਣੇ ਭਾਸ਼ਣ ਵਿਚ ਪੰਚਾਇਤੀ ਰਾਜ ਦੇ ਡਾਇਰੈਕਟੋਰੇਟ ਦੀ ਸਥਾਪਨਾ ਦਾ, ਪੰਜਾਬ ਸਟੇਟ ਸਿਵਿਲ ਸਪਲਾਈਜ਼ ਕਾਰਪੋਰੇਸ਼ਨ ਦੀ ਸਥਾਪਨਾ ਦਾ ਅਤੇ ਰਾਜ ਵਿਚ ਸੈਂਕੜੇ ਡੂੰਘੇ ਟਿਊਬਵੈਲ ਲਾਉਣ ਦਾ ਜੋ ਜ਼ਿਕਰ ਕੀਤਾ ਹੈ, ਉਸ ਦਾ ਮੈਨੂੰ ਹਾਰਦਿਕ ਸਵਾਗਤ ਹੈ ਅਤੇ ਇਸ ਦੇ ਉਤੇ ਗਿਆਨੀ ਜ਼ੈਲ ਸਿੰਘ ਅਤੇ ਉਨ੍ਹਾਂ ਦੀ ਸਰਕਾਰ ਨੂੰ ਵਧਾਈ ਦਿੰਦਾ ਹਾਂ। (ਤਾੜੀਆਂ) ਨਾਲ ਹੀ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਚਾਇਤੀ ਰਾਜ ਪੇਂਡੂ ਖੇਤਰ ਵਿਚ ਜਮਹੂਰੀਅਤ ਦਾ ਨੀਂਹ ਪੱਥਰ ਹੈ। ਇਸ ਨੂੰ ਜਦ ਤੱਕ ਮਜ਼ਬੂਤ ਨਹੀਂ ਕੀਤਾ ਜਾਂਦਾ, ਪੰਜਾਬ ਵਿਚ ਜਮਹੂਰੀਅਤ ਮਜ਼ਬੂਤ ਨਹੀਂ ਹੋ ਸਕਦੀ। ਸਾਡਾ ਇਹ ਕਹਿਣਾ ਹੈ ਕਿ ਪਿਛਲੇ 6-7 ਮਹੀਨਿਆਂ ਤੋਂ ਬਲਾਕ ਸੰਮਿਤੀਆਂ ਦੀਆਂ ਚੋਣਾਂ ਨਾ ਕਰਾਉਣਾ ਇਹ ਪਿੰਡਾਂ ਦੇ ਵਾਸੀਆਂ ਦੇ ਨਾਲ ਬੜੀ ਭਾਰੀ ਬੇਇਨਸਾਫ਼ੀ ਹੈ। ਹੁਣ ਪੰਚਾਇਤੀ ਰਾਜ ਡਾਇਰੈਕਟੋਰੇਟ ਦੀ ਸਥਾਪਨਾ ਦਾ ਜ਼ਿਕਰ ਕੀਤਾ ਗਿਆ ਹੈ ਲੇਕਿਨ ਮੈਨੂੰ ਇਹ ਜਾਣਕਾਰੀ ਹੈ ਕਿ ਅਜੇ ਇਸ ਨੂੰ ਪਰੈਜ਼ੀਡੈਂਟ ਨੇ ਵੀ ਪਰਵਾਨ ਨਹੀਂ ਕੀਤਾ। ਬਿਊਰੋਕਰੇਸੀ ਦਾ ਬਹੁਤ ਵੱਡਾ ਹਿੱਸਾ ਹਾਈ-ਐਸਟ ਅਫ਼ਸਰਾਂ ਦਾ ਜੋ ਤਬਕਾ ਹੈ, ਉਹ ਨਹੀਂ ਚਾਹੁੰਦਾ ਕਿ ਪੰਚਾਇਤੀ ਰਾਜ ਡਾਇਰੈਕਟੋਰੇਟ ਸਥਾਪਤ ਕੀਤਾ ਜਾਵੇ। ਮੈਂ ਗਿਆਨੀ ਜੀ ਦਾ ਧਿਆਨ ਇਸ ਪਾਸੇ ਦਿਵਾਉਂਦਾ ਹਾਂ ਕਿ ਉਹ ਇਸ ਦੇ ਉਤੇ ਅਮਲ ਦੀ ਕਾਰਵਾਈ ਕਰਾਉਣ।

ਗਵਰਨਰ ਦੇ ਐਡਰੈੱਸ ਵਿਚ ਇਹ ਗੱਲ ਕਹੀ ਗਈ ਕਿ ਪਿਛਲਾ ਸਾਲ ਅਹਿਮ ਪ੍ਰਾਪਤੀਆਂ ਦਾ ਸਾਲ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਉਸ ਦੇ ਨਾਲ ਸਹਿਮਤ ਨਹੀਂ ਹਾਂ। ਜੇ ਇਹ ਕਿਹਾ ਜਾਵੇ ਕਿ ਪਿਛਲਾ ਸਾਲ ਪਿਛਲੇਰੇ ਸਾਲ ਨਾਲੋਂ ਸਰਕਾਰ ਦੀਆਂ ਨਾ-ਕਾਮਯਾਬ ਨੀਤੀਆਂ ਦਾ ਸਾਲ ਰਿਹਾ ਹੈ ਤਾਂ ਇਹ ਬਹੁਤ ਠੀਕ ਹੋਵੇਗਾ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦਾ ਧਿਆਨ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜੋ ਹੁਣੇ ਜਿਹੇ ਭੂਮੀ ਸੁਧਾਰ ਕਾਨੂੰਨ ਦੇ ਬਾਰੇ ਵਿਚ ਆਪਣਾ ਫ਼ੈਸਲਾ ਦਿੱਤਾ ਹੈ, ਉਸ ਵੱਲ ਦਿਵਾਉਣਾ ਚਾਹੁੰਦਾ ਹਾਂ। ਮੈਨੂੰ ਦੁੱਖ ਹੈ ਹਾਲਾਂ ਕਿ ਵਿਧਾਨ ਸਭਾ ਦਾ ਸਮਾਗਮ ਸ਼ੁਰੂ ਹੋਣ ਤੋਂ ਦੋ ਦਿਨ ਪਹਿਲਾਂ ਹਾਈ ਕੋਰਟ ਦਾ ਫ਼ੈਸਲਾ ਛੱਪ ਚੁੱਕਿਆ ਹੈ। ਪਰ ਰਾਜਪਾਲ ਨੇ ਇਸ ਦਾ ਨੋਟਿਸ ਲੈਣਾ ਜ਼ਰੂਰੀ ਨਹੀਂ ਸਮਝਿਆ। ਪੰਜਾਬ ਸਰਕਾਰ ਨੇ ਵੀ ਉਹ ਜਿਹੜਾ ਫ਼ੈਸਲਾ ਹੋਇਆ ਹੈ ਉਸ ਸਬੰਧ ਵਿਚ ਕੋਈ ਕਾਰਵਾਈ ਨਹੀਂ ਕੀਤੀ। ਇਹ ਜਿਹੜਾ ਹਾਈ ਕੋਰਟ ਨੇ ਫ਼ੈਸਲਾ ਕੀਤਾ ਹੈ ਇਸ ਨੇ ਭੂਮੀ ਸੁਧਾਰ ਦੇ ਕਾਨੂੰਨ ਨੂੰ ਬਰੇਕ ਲਗਾ ਦਿੱਤੀ ਹੈ। ਮੈਂ ਸਮਝਦਾ ਹਾਂ ਕਿ ਇਸ ਕਿਸਮ ਦੇ ਜਿਹੜੇ ਲੋਕ ਕਾਂਸਟੀਚਿਊਸ਼ਨਲ ਤਰੀਕਿਆਂ ਦੇ ਨਾਲ ਦੇਸ਼ ਦੇ ਅੰਦਰ ਬੁਨਿਆਦੀ ਸਮਾਜਿਕ ਤਬਦੀਲੀਆਂ ਲਿਆਉਣ ਦਾ ਯਤਨ ਕਰਦੇ ਹਨ ਅਤੇ ਲੋਕਾਂ ਨੂੰ ਪਿਛਾਂਹ ਨੂੰ ਲਿਜਾ ਰਹੇ ਹਨ ਅਤੇ ਜਿਹੜੇ ਸਾਡੇ ਰਸਤੇ ਵਿਚ ਅਜਿਹੇ ਲੋਕ ਰਸਤੇ ਦਾ ਰੋੜਾ ਬਣਦੇ ਹਨ ਉਨ੍ਹਾਂ ਨੂੰ ਵੀ ਲਾਂਭੇ ਕਰ ਦੇਣਾ ਚਾਹੀਦਾ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਫ਼ੈਸਲਾ ਦੇ ਕੇ ਫ਼ਿਰ ਇਹ ਸਾਬਤ ਕਰ ਦਿੱਤਾ ਹੈ ਕਿ ਜੇ ਦੇਸ਼ ਨੇ ਸ਼ਾਂਤੀ ਪੂਰਵਕ ਕਾਂਸਟੀਚਿਊਸ਼ਨਲ ਢੰਗ ਨਾਲ ਸਮਾਜ ਵਿਚ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਬੁਨਿਆਦੀ ਤਬਦੀਲੀ ਲਿਆਉਣੀ ਹੈ (ਵਿਘਨ) ਦੇਸ਼ ਦੀਆਂ ਅਦਾਲਤਾਂ ਜਿਹੜੀਆਂ ਇਸ ਵੇਲੇ ਪਛੜੇ ਖਿਆਲਾਂ ਦੇ ਜੱਜਾਂ ਨਾਲ ਭਰੀਆਂ ਪਈਆਂ ਹਨ ਉਨ੍ਹਾਂ ਵਿਚ ਵੀ ਤਬਦੀਲੀ ਲਿਆਉਣੀ ਪਵੇਗੀ। ਇਸ ਤੋਂ ਬਿਨਾਂ ਇਹ ਤਬਦੀਲੀ ਨਹੀਂ ਆ ਸਕਦੀ। ਜਿਥੋਂ ਤੱਕ ਇਸ ਫ਼ੈਸਲੇ ਦਾ ਤੁਅੱਲਕ ਹੈ, ਡਿਪਟੀ ਸਪੀਕਰ ਸਾਹਿਬ, ਇਸ ਦੇ ਪੰਜ ਨੁਕਤੇ ਹਨ। ਇਹ 5 ਇਤਰਾਜ਼ ਕੀਤੇ ਹਨ ਹਾਈਕੋਰਟ ਨੇ। ਪਹਿਲਾ ਇਤਰਾਜ਼ ਇਹ ਸੀ ਕਿ ਇਹ ਭੂਮੀ ਸੁਧਾਰ ਕਾਨੂੰਨ ਹੀ ਨਹੀਂ ਹੈ ਅਤੇ ਦੂਜਾ ਇਹ ਸੀ ਕਿ ਬਾਲਗ ਮੁੰਡੇ ਨੂੰ ਜ਼ਮੀਨ ਵੱਖਰਾ ਯੂਨਿਟ ਦੇ ਕੇ ਬਾਲਗ ਕੁੜੀ ਨੂੰ ਨਾ ਦੇ ਕੇ ਵਿਤਕਰਾ ਕੀਤਾ ਗਿਆ ਹੈ। ਤੀਜਾ ਪੁਆਇੰਟ ਇਹ ਹੈ ਕਿ ਜਿਹੜਾ 24 ਜਨਵਰੀ, 1971 ਅਤੇ 2 ਅਪ੍ਰੈਲ, 1973 ਦੇ ਦਰਮਿਆਨ ਦਾ ਸਮਾਂ ਹੈ। ਇਸ ਨੂੰ ਇਲਲੀਗਲ ਕਰਾਰ ਦਿੱਤਾ ਹੈ ਅਤੇ ਇਹ ਮੈਲਾਫਾਈਡ ਹੈ। ਕਿਹਾ ਗਿਆ ਹੈ ਕਿ ਇਹ ਗਲਤ ਹੈ ਅਤੇ ਇਹ ਸਰਕਾਰ ਨਹੀਂ ਦੇ ਸਕਦੀ। ਚੌਥਾ ਇਹ ਹੈ ਕਿ ਜਿਹੜੇ ਥੋੜ੍ਹੀ ਜ਼ਮੀਨ ਵਾਲੇ ਹਨ ਉਨ੍ਹਾਂ ਨੂੰ ਮੁਆਵਜ਼ਾ ਜ਼ਿਆਦਾ ਅਤੇ ਜਿਸ ਦੀ ਸਾਰੀ ਸਰਪਲੱਸ ਨਿਕਲਦੀ ਹੈ ਉਸ ਦਾ ਮੁਆਵਜ਼ਾ ਘੱਟ। ਇਸ ਲਈ ਇਹ ਜਿਹੜਾ ਹੈ ਇਹ ਕੁਐਂਟਮ ਆਫ ਕੰਪੈਨਸੇਸ਼ਨ ਦਾ ਸਲੈਬ ਸਿਸਟਮ ਗ਼ਲਤ ਹੈ। ਪੰਜਾਬ ਭੂਮੀ ਸੁਧਾਰ ਐਕਟ ਜੋ ਪਾਸ ਕੀਤਾ ਗਿਆ ਹੈ, ਹਾਈ ਕੋਰਟ ਉਸ ਨੂੰ ਰੱਦ ਨਹੀਂ ਕਰ ਸਕਦੀ। ਪੰਜਵੇਂ ਪੁਆਇੰਟ ਦੇ ਉਤੇ ਉਨ੍ਹਾਂ ਨੇ ਫ਼ੈਮਿਲੀ ਦੇ ਸਵਾਲ ਉਤੇ ਕਿਹਾ ਹੈ ਕਿ 5 ਜੀਆਂ ਦੀ ਫ਼ੈਮਿਲੀ ਜਿਸ ਵਿਚ ਪਤੀ, ਪਤਨੀ ਅਤੇ 3 ਉਨ੍ਹਾਂ ਦੇ ਬਾਲਗ ਬੱਚੇ ਹਨ। ਜੋ ਟੱਬਰ ਵੱਖ ਕੀਤੇ ਗਏ ਹਨ ਇਸ ਕਾਨੂੰਨ ਵਿਚ ਹਾਈਕੋਰਟ ਦੀ ਜਜਮੈਂਟ ਨੇ ਕਿਹਾ ਹੈ ਕਿ ਇਹ ਗ਼ਲਤ ਹੈ। ਉਨ੍ਹਾਂ ਕਿਹਾ ਹੈ ਕਿ ਇਹ ਆਰਟੀ-ਫ਼ੀਸ਼ਲ ਹੈ। ਇਹ ਕਹਿਕੇ ਉਨ੍ਹਾਂ ਨੇ ਇਸ ਐਕਟ ਨੂੰ ਨਜਾਇਜ਼ ਕਰਾਰ ਦੇ ਦਿੱਤਾ ਹੈ।

ਸ੍ਰੀ ਡਿਪਟੀ ਸਪੀਕਰ : ਅਸੀਂ ਹਾਈ ਕੋਰਟ ਦੀ ਜਜਮੈਂਟ ਨੂੰ ਡਿਸਕੱਸ ਨਹੀਂ ਕਰ ਰਹੇ ਬਲਕਿ ਗਵਰਨਰ ਦੇ ਐਡਰੈਸ ਤੇ ਡਿਸਕੱਸ਼ਨ ਹੋ ਰਹੀ ਹੈ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਤੁਸੀਂ ਉਸ ਦੇ ਉਤੇ ਹੀ ਬੋਲੋ। (We are not discussing the judgement of the High Court, Governor's Address is under discussion So, I would request you to confine yourself to the Governor's Address only.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਤਾਂ ਇਹ ਗੱਲ ਕਰਨੀ ਚਾਹੁੰਦਾ ਹਾਂ ਕਿ ਐਕਟ ਦੇ ਬਾਰੇ ਹਾਈ ਕੋਰਟ ਨੇ ਜੱਜਮੈਂਟ ਦਿੱਤੀ ਹੈ ਮੈਂ ਉਸ ਦੇ ਬਾਰੇ ਪੰਜਾਬ ਸਰਕਾਰ ਨੂੰ ਇਕ ਸੁਝਾਵ ਦੇਣਾ ਚਾਹੁੰਦਾ ਹਾਂ। ਮੈਂ ਇਸ ਗੱਲ ਦਾ ਨੋਟਿਸ ਲੈ ਰਿਹਾ ਹਾਂ ਕਿ ਰਾਜਪਾਲ ਜੀ ਨੂੰ ਆਪਣੇ ਐਡਰੈਸ ਵਿਚ ਗੱਲ ਦੱਸਣੀ ਚਾਹੀਦੀ ਸੀ। ਉਨ੍ਹਾਂ ਨੇ ਕਿਹਾ ਕਿ ਇਸ ਐਕਟ ਦੀ ਇਕ ਸੈਕਸ਼ਨ ਦਾ ਹਿੱਸਾ ਸਬ-ਸੈਕਸ਼ਨ ਹੈ ਕਿ ਇਕ ਆਦਮੀ ਸਾਰੇ ਟੱਬਰ ਦੀ ਜਾਇਦਾਦ ਨਹੀਂ ਲੈ ਸਕਦਾ ਔਰ ਉਨ੍ਹਾਂ ਨੂੰ ਨਜਾਇਜ਼ ਕਰ ਦਿੱਤਾ ਹੈ। ਮੈਂ ਪੰਜਾਬ ਦੀ ਸਰਕਾਰ ਨੂੰ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਉਹ ਕੋਈ ਫ਼ੌਰੀ ਕਦਮ ਚੁਕੇ। ਪੰਜਾਬ ਦੀ ਸਰਕਾਰ ਸੈਂਟਰ ਦੀ ਸਰਕਾਰ ਨੂੰ ਐਪਰੋਚ ਕਰੇ ਅਤੇ ਕਿ ਜੋ ਨੌਵਾਂ ਸ਼ਡਿਊਲ ਹੈ ਉਸ ਨੌਵੇਂ ਸ਼ਡਿਊਲ ਦੇ ਵਿਚ ਇਹ ਕਾਨੂੰਨ ਸ਼ਾਮਲ ਹੋ ਜਾਵੇ। ਇਹ ਕਾਨੂੰਨ ਸ਼ਾਮਲ ਹੋ ਜਾਣ ਨਾਲ ਹਾਈ ਕੋਰਟ ਦੀ ਜੱਜਮੈਂਟ ਪੰਜਾਬ ਸਰਕਾਰ ਇਗਨੋਰ ਕਰ ਸਕਦੀ ਹੈ। ਕਾਂਸਟੀਚਿਊਸ਼ਨ ਦੀ ਧਾਰਾ 31 (ਬੀ) ਵਿਚ ਲਿਖਿਆ ਹੈ ਕਿ—

"Without prejudice to the generality of the provisions contained in Article 31-A, none of the Acts and Regulations specified in the Ninth Schedule nor of any of the provisions thereof shall be deemed to be void, or ever to have become void. "

ਇਹ ਲਫ਼ਜ਼ ਹਨ । ਜੇ ਇਹ ਬਜਟ ਸੈਸ਼ਨ ਵਿਚ ਨੌਵੇਂ ਸ਼ਡਿਊਲ ਵਿਚ ਇਹ ਸ਼ਾਮਲ ਕਰ ਲਵੇ ਤਾਂ ਹਾਈ ਕੋਰਟ ਦੀ ਜੱਜਮੈਂਟ ਇਗਨੋਰ ਹੋ ਸਕਦੀ ਹੈ । ਮੈਂ ਗਿਆਨੀ ਜੀ ਨੂੰ ਕਹਾਂਗਾ ਕਿ ਉਹ ਇਸ ਮਾਮਲੇ ਨੂੰ ਆਪ ਟੇਕ ਅੱਪ ਕਰਨ । ਕੇਰਲਾ ਦਾ ਜੋ ਭੂਮੀ ਸੁਧਾਰ ਐਕਟ ਹੈ 1964 ਦਾ ਉਸ ਦੇ ਵਿਚ ਫ਼ੈਮਿਲੀ ਦੀ ਇਹੀ ਵਿਆਖਿਆ ਰੱਖੀ ਹੈ ਲੇਕਿਨ ਉਨ੍ਹਾਂ ਨੇ ਹਾਈ ਕੋਰਟ ਦੀ ਜਜਮੈਂਟ ਤੋਂ ਬਚਣ ਲਈ ਮਲਕੀਅਤ ਦੇ ਖਾਨੇ ਵਿਚ ਇਹ ਲਿਖਿਆ ਹੈ ਕਿ ਜ਼ਮੀਨ ਇਕ ਦੇ ਨਾਮ ਹੀ ਹੋਵੇਗੀ ਪਰ ਮਲਕੀਅਤ ਸਾਰੇ ਟੱਬਰ ਦੀ ਹੋਵੇਗੀ । ਮੈਂ ਇਹ ਸੁਝਾਵ ਦੇਣਾ ਚਾਹੁੰਦਾ ਹਾਂ ਕਿ ਭੂਮੀ ਸੁਧਾਰ ਐਕਟ ਜੋ ਪਾਸ ਕੀਤਾ ਸੀ ਉਸ ਦੇ ਲਈ ਹਾਈ ਕੋਰਟ ਦੀ ਜੱਜਮੈਂਟ ਦੇ ਆਬਜੈਕਸ਼ਨ ਨੂੰ ਮੀਟ ਵਿਦ ਕਰਨ ਲਈ ਇਕ ਦੋ ਅੱਖਰਾਂ ਦੀ ਅਮੈਂਡਮੈਂਟ ਦੀ ਲੋੜ ਹੈ । ਸੈਕਸ਼ਨ 4 ਅਤੇ ਸਬ-ਸੈਕਸ਼ਨ 4 ਵਿਚ ਕਈ ਪ੍ਰੋਵੀਜ਼ੋ ਲਗਾਏ ਗਏ ਹਨ । ਇਕ ਪ੍ਰੋਵੀਜ਼ੋ ਹੋਰ ਲਗਾਇਆ ਜਾਵੇ ਕਿ—

"shall be deemed to be the property of the entire family."

ਇੰਨੀ ਗੱਲ ਕਰ ਦਿਉ ਤਾਂ ਹਾਈ ਕੋਰਟ ਦੀ ਆਬਜੈਕਸ਼ਨ ਨੂੰ ਮੀਟ ਵਿਦ ਕੀਤਾ ਜਾ ਸਕਦਾ ਹੈ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਪੰਜਾਬ ਸਰਕਾਰ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਤਨੀਆਂ ਵੀ ਇੰਪਾਰਟੈਂਟ ਲੈਜਿਸਲੇਸ਼ਨਜ਼ ਹਨ ਉਹ ਪਾਸ ਕਰਨ ਤੋਂ ਪਹਿਲਾਂ ਐਡਵੋਕੇਟ ਜਨਰਲ ਦੀ ਕਨਸਲਟੇਸ਼ਨ ਲੈਣ ਦੀ ਰਵਾਇਤ ਬਣਾਉਣੀ ਚਹੀਦੀ ਹੈ । ਫਿਰ ਐਡਵੋਕੇਟ ਜਨਰਲ ਹਾਊਸ ਦਾ ਮੈਂਬਰ ਵੀ ਹੈ । ਮੈਂ ਸਮਝਦਾ ਹਾਂ ਕਿ ਇਹ ਰਿਵਾਜ ਬਣਾਉਣਾ ਚਾਹੀਦਾ ਹੈ ਕਿ ਜਿਹੜੀ ਇਮਪਾਰਟੈਂਟ ਲੈਜਿਸਲੇਸ਼ਨ ਹੈ ਉਹ ਐਡਵੋਕੇਟ ਜਨਰਲ ਦੀ ਕਨਸਲਟੇਸ਼ਨ ਨਾਲ ਹੋਣੀ ਚਾਹੀਦੀ ਹੈ । ਇਸ ਹਾਊਸ ਵਿਚ ਐਡਵੋਕੇਟ ਜਨਰਲ ਨੂੰ ਬੁਲਾਇਆ ਜਾਵੇ, ਜੋ ਹਾਈ ਕੋਰਟ ਦੀ ਜੱਜਮੈਂਟ ਹੈ ਉਨ੍ਹਾਂ ਦੀ ਵਿਆਖਿਆ ਕਰੇ ਅਤੇ ਜੋ ਮੈਂ ਸੁਝਾਵ ਦਿਤਾ ਹੈ ਉਹ ਦੇਖ ਕੇ ਇਸ ਹਾਊਸ ਨੂੰ ਉਹ ਆਪਣੀ ਰਾਏ ਦੇਵੇ ਅਤੇ ਇਹ ਕੰਮ ਮੈਂ ਕਹਾਂਗਾ ਕਿ ਤੁਰੰਤ ਕੀਤਾ ਜਾਣਾ ਚਾਹੀਦਾ ਹੈ ਅਤੇ ਇਸ ਦੇ ਵਿਚ ਬਿਲਕੁਲ ਕੋਈ ਦੇਰੀ ਨਹੀਂ ਕਰਨੀ ਚਾਹੀਦੀ ।

ਫਿਰ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਕਿਸਾਨਾਂ ਨਾਲ ਇਨਸਾਫ਼ ਨਹੀਂ ਕੀਤਾ । ਉਨ੍ਹਾਂ ਨੇ ਕਿਸਾਨਾਂ ਨਾਲ, ਇੰਡਸਟਰੀਜ਼ ਮਜ਼ਦੂਰਾਂ, ਖੇਤ ਮਜ਼ਦੂਰਾਂ ਅਤੇ ਇਸ ਤਰ੍ਹਾਂ ਦੇ ਹੋਰ ਵਰਗਾਂ ਦੇ ਸਾਹਮਣੇ ਜੋ ਮਸਲੇ ਹਨ ਉਨ੍ਹਾਂ ਵੱਲ ਜਿੰਨਾ ਧਿਆਨ ਦੇਣ ਦੀ ਲੋੜ ਸੀ ਉਤਨਾ ਨਹੀਂ ਦਿਤਾ । ਫਰਟੇਲਾਈਜ਼ਰ ਦੀ ਕਮੀ ਹੋ ਰਹੀ ਹੈ, ਡੀਜ਼ਲ ਦੀ ਕਮੀ ਹੋ ਰਹੀ ਹੈ, ਵੱਧ ਰਹੇ ਭਾਵਾਂ ਅਤੇ ਸਮੇਂ ਸਿਰ ਉਚਿਤ ਭਾਵਾਂ ਨਾਲ ਮੁਨਾਸਿਬ ਮਿਕਦਾਰ ਨਾਲ ਲੋਕਾਂ ਨੂੰ ਚੀਜ਼ਾਂ ਨਹੀਂ ਮਿਲ ਰਹੀਆਂ, ਇਸ ਤਰ੍ਹਾਂ ਦੀਆਂ ਜੋ ਔਕੜਾਂ ਲੋਕਾਂ ਦੇ ਸਾਹਮਣੇ ਹਨ ਉਨ੍ਹਾਂ ਦਾ ਜ਼ਿਕਰ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਕੋਈ ਖਾਸ ਨਹੀਂ ਕੀਤਾ । ਪੰਜਾਬ ਦੀ ਸਰਕਾਰ ਨੂੰ ਪੰਜਾਬ ਦੇ ਕਿਸਾਨਾਂ ਨੂੰ ਕਣਕ ਦਾ, ਉਨ੍ਹਾਂ ਦੀ ਫ਼ਸਲ ਦਾ ਪੂਰਾ ਭਾਅ ਦੇਣ ਲਈ ਅੱਗੇ ਹੋ ਕੇ ਕੰਮ ਕਰਨਾ ਚਾਹੀਦਾ ਹੈ । 76 ਰੁਪਏ ਭਾਅ ਕੋਈ ਯੋਗ ਭਾਅ ਨਹੀਂ ਹੈ । ਫਿਰ ਕਿਸਾਨਾਂ ਨੂੰ 5 ਰੁਪਏ ਬੋਨਸ ਜੋ ਦਿਤਾ ਹੈ ਉਹ ਵੀ ਉਨ੍ਹਾਂ ਦੇ ਪੱਲੇ ਨਹੀਂ ਪਿਆ । ਉਹ ਪੈਸਾ ਵੀ ਆੜ੍ਹਤੀਆਂ ਨੇ ਖਾ ਲਿਆ ਅਤੇ ਗਰੀਬ ਕਿਸਾਨ ਨੂੰ ਨਹੀਂ ਮਿਲਿਆ । ਡਿਪਟੀ ਸਪੀਕਰ ਸਾਹਿਬ, ਸਾਡੀ ਪਾਰਟੀ ਦੀ ਇਹ ਪੁਰਜ਼ੋਰ ਮੰਗ ਹੈ ਕਿ ਕਿਸਾਨਾਂ ਨੂੰ ਲਾਭਕਾਰੀ ਭਾਅ

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਮਿਲਣੇ ਚਾਹੀਦੇ ਹਨ । ਮੈਨੂੰ ਇਸ ਗੱਲ ਦਾ ਬੜਾ ਖੇਦ ਹੈ ਕਿ ਰਾਜਪਾਲ ਜੀ ਨੇ ਆਪਣੇ ਭਾਸ਼ਣ ਵਿਚ ਉਨ੍ਹਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਕੋਈ ਜ਼ਿਕਰ ਨਹੀਂ ਕੀਤਾ । ਸਰਕਾਰ ਨੇ ਇਨ੍ਹਾਂ ਮਸਲਿਆਂ ਦਾ ਹੱਲ ਲੱਭਣ ਲਈ ਆਪਣੀ ਨੀਤੀ ਦਾ ਕੋਈ ਐਲਾਨ ਨਹੀਂ ਕੀਤਾ ।

ਇਸ ਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਪਿਛਲਾ ਸਾਲ ਪੰਜਾਬ ਦੇ ਵਿਚ ਇਕ ਪੁਲਿਸ ਰਾਜ ਦਾ ਸਾਲ ਕਿਹਾ ਜਾ ਸਕਦਾ ਹੈ । ਪੰਜਾ ਬ ਦੇ ਵਿਚ ਸਰਕਾਰ ਵੱਲੋਂ ਇਕ ਧੱਕੇਸ਼ਾਹੀ ਦਾ ਰਵੱਈਆ ਅਪਣਾਇਆ ਗਿਆ ਹੈ । ਜੇ ਕਿਸਾਨ ਨੇ ਡੀਜ਼ਲ ਮੰਗਣ ਲਈ ਆਪਣੀ ਆਵਾਜ਼ ਉਠਾਈ, ਮੁਜ਼ਾਹਿਰਾ ਕੀਤਾ ਅਤੇ ਜਲੂਸ ਕੱਢਿਆ ਤਾਂ ਉਨ੍ਹਾਂ ਤੇ ਲਾਠੀ-ਚਾਰਜ ਕੀਤੀ ਗਈ । ਸੁਨਾਮ ਦੇ ਵਿਚ ਤੁਹਾਨੂੰ ਪਤਾ ਹੀ ਹੈ ਕਿ ਜਦੋਂ ਕਿਸਾਨਾਂ ਨੇ ਜਲੂਸ ਕੱਢਿਆ ਤਾਂ ਉਨ੍ਹਾਂ ਤੇ ਅਕਾਰਣ ਹੀ ਲਾਠੀਆਂ ਚਲਾਈਆਂ ਗਈਆਂ, ਗੋਲੀਆਂ ਚਲਾਈਆਂ ਗਈਆਂ ਅਤੇ ਇਕ ਕਿਸਾਨ ਨੂੰ ਸ਼ਹੀਦ ਹੋਣਾ ਪਿਆ । ਜੇ ਦਯਾਨੰਦ ਕਾਲਜ ਦਾ ਮਸਲਾ ਉਠਿਆ ਤਾਂ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ । ਜੇ ਸੁਲਤਾਨਪੁਰ ਕਾਲਜ ਦਾ ਮਸਲਾ ਸਾਹਮਣੇ ਆਇਆ ਜਦ ਕਿ ਉਨ੍ਹਾਂ ਦੀ ਹੱਕੀ ਮੰਗ ਸੀ ਕਿ ਇਹ ਪ੍ਰਬੰਧ ਗ਼ਲਤ ਹੈ ਇਹ ਠੀਕ ਹੋਣਾ ਚਾਹੀਦਾ ਹੈ ਤਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਔਰ ਜੇ ਕੋਈ ਵਿਦਿਆਰਥੀ ਆਪਣੀ ਹੱਕੀ ਮੰਗ ਕਰਨ ਲਈ ਕੋਈ ਗੱਲ ਕਰਦਾ ਹੈ ਤਾਂ ਗ੍ਰਿਫ਼ਤਾਰੀਆਂ ਕੀਤੀਆਂ ਜਾਂਦੀਆਂ ਹਨ । ਰਾਜ ਦੇ ਵਿਚ ਦਫ਼ਾ 144 ਅਕਾਰਣ ਹੀ ਲਾਇਆ ਹੋਇਆ ਹੈ । ਇਸ ਲਈ ਮੈਂ ਗਿਆਨੀ ਜੀ ਨੂੰ ਕਹਿੰਦਾ ਹਾਂ ਕਿ ਇਸ ਟਰੈਂਡ ਦੀ ਜੋ ਨੀਤੀ ਹੈ ਉਹ ਬਦਲਣੀ ਚਾਹੀਦੀ ਹੈ । ਮੇਰਾ ਖ਼ਿਆਲ ਹੈ ਕਿ ਕੋਈ ਲੋਕ ਗਿਆਨੀ ਜੀ ਨੂੰ ਇਹ ਮਸ਼ਵਰਾ ਦਿੰਦੇ ਹਨ ਕਿ ਉਨ੍ਹਾਂ ਨੂੰ ਇਕ ਸਟਰੌਂਗ ਚੀਫ਼ ਮਨਿਸਟਰ ਬਣਨਾ ਚਾਹੀਦਾ ਹੈ । ਅੱਜ ਉਹ ਜ਼ਮਾਨਾ ਹੈ ਜਿਸ ਦੇ ਵਿਚ ਚੀਫ਼ ਮਨਿਸਟਰ ਸਟਰੌਂਗ ਉਹੀ ਹੋ ਸਕਦਾ ਹੈ ਜਿਸ ਦੇ ਪਿਛੇ ਪੁਲੀਟੀਕਲ ਮਾਸਿਜ਼ ਦੀ ਬੈਕਿੰਗ ਹੋਵੇ । ਮੈਜਾਰਿਟੀ ਨਾਲ ਹੀ ਸਟਰੌਂਗ ਚੀਫ ਮਨਿਸਟਰ ਨਹੀਂ ਬਣਿਆ ਜਾ ਸਕਦਾ । ਤੁਸੀਂ ਦੇਖੋ ਕਿ ਗੁਜ਼ਰਾਤ ਦੇ ਵਿਚ, ਉਤਰ ਪਰਦੇਸ਼ ਦੇ ਵਿਚ ਕੀ ਹੋਇਆ । ਉਥੇ ਕਾਂਗਰਸ ਦੀਆਂ ਮੈਜਾਰਿਟੀਜ਼ ਸਨ ਅਤੇ ਬੜੀਆਂ ਤਕੜੀਆਂ ਮੈਜਾਰਿਟੀਆਂ ਸਨ ਪਰ ਇਸ ਦੇ ਬਾਵਜੂਦ ਉਥੇ ਦੀਆਂ ਸਰਕਾਰਾਂ ਟੁਟੀਆਂ । ਉਥੇ ਦੇ ਚੀਫ਼ ਮਨਿਸਟਰਾਂ ਨੂੰ ਅਸਤੀਫਾ ਦੇਣਾ ਪਿਆ । ਕਿਉਂ ? ਕਿਉਂਕਿ ਉਥੇ ਦੀਆਂ ਸਰਕਾਰਾਂ ਨੇ ਜਨਤਾ ਦੀ ਪੁਲਿਟੀਕਲ ਬੈਕਿੰਗ ਖੁਆ ਲਈ ਸੀ । ਗੁਜ਼ਰਾਤ ਦਾ ਹੱਠ ਧਰਮੀ ਚੀਫ਼ ਮਨਿਸਟਰ ਮੈਜਾਰਿਟੀ ਦੇ ਅਧਾਰ ਤੇ ਜੀਉਣਾ ਚਾਹੁੰਦਾ ਸੀ ਪਰ ਉਥੇ ਦੀ ਜਨਤਾ ਨੇ ਉਸ ਨੂੰ ਗੱਦੀ ਤੋਂ ਲਾਅ ਕੇ ਪਰੇ ਸੁੱਟਿਆ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਸਟੇਬਲ ਹਕੂਮਤ ਇਸ ਸੂਬੇ ਨੂੰ ਦੇਣੀ ਹੈ ਤਾਂ ਤੁਹਾਨੂੰ ਆਪਣੀ ਪਾਲਿਸੀ ਬਦਲਣੀ ਪਵੇਗੀ ਅਤੇ ਇਹ ਪਾਲਿਸੀ ਪਰੋ-ਵਰਕਰ, ਪਰੋ-ਕਿਸਾਨ ਬਣਾਉਣੀ ਪਵੇਗੀ । ਪਰ ਇਸ ਵੇਲੇ ਇਥੇ ਜਨਤਾ ਵਿਰੁੱਧ ਪਾਲਿਸੀਆਂ ਹਾਵੀ ਹੋ ਰਹੀਆਂ ਹਨ ਜੇ ਇਹੀ ਹਾਲਤ ਰਹੇ ਤਾਂ ਇਥੇ ਵੀ ਇਹੀ ਹਾਲ ਹੋਵੇਗਾ ਜੋ ਗੁਜਰਾਤ ਵਿਚ ਜਾਂ ਉੱਤਰ ਪ੍ਰਦੇਸ਼ ਵਿਚ ਹੋਇਆ ਹੈ । ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਆਪਣੀਆਂ ਪਾਲਿਸੀਆਂ ਬਦਲਣੀਆਂ ਚਾਹੀਦੀਆਂ ਹਨ ਅਤੇ ਇਹ ਪਾਲਿਸੀਆਂ ਜਨਤਾ ਦੇ ਹੱਕ ਵਿਚ ਹੋਣੀਆਂ ਚਾਹੀਦੀਆਂ ਹਨ । ਨਹੀਂ ਤਾਂ ਜਨਤਾ ਜਿਹੜੀ ਹੈ ਉਹ ਗੁਜਰਾਤ ਵਾਂਗ, ਉੱਤਰ ਪ੍ਰਦੇਸ਼ ਵਾਂਗ ਇਸ ਰਸਤੇ ਤੇ ਆ ਜਾਵੇਗੀ । ਅਸੀਂ ਇਹ ਨਹੀਂ ਚਾਹੁੰਦੇ ਕਿ ਏਥੇ ਪੰਜਾਬ ਵਿਚ ਪੁਲਿਸ ਨਾਲ, ਲਾਠੀਆਂ ਨਾਲ ਜਾਂ ਗੋਲੀਆਂ ਨਾਲ ਸਰਕਾਰ ਇਥੇ ਚੱਲੇ । ਇਸ ਲਈ ਪੰਜਾਬ ਸਰਕਾਰ ਇਹ ਸੋਚੇ ਅਤੇ ਆਪਣੀਆਂ ਪਾਲਿਸੀਆਂ ਵਿਚ ਮੋੜ ਲਿਆਉਣ ਦੀ ਕੋਸ਼ਿਸ਼ ਕਰੇ । ਮਸਲਿਆਂ ਨੂੰ ਲਮਕਾਉਣ ਨਾ ਅਤੇ ਜਲਦੀ ਤੋਂ ਜਲਦੀ ਫ਼ੈਸਲਾ ਕਰੇ । ਗੌਰਮਿੰਟ

ਮੁਲਾਜ਼ਮਾਂ ਦਾ ਮਸਲਾ ਹੈ ਇਹ ਵੀ ਹੱਲ ਕਰਨਾ ਚਾਹੀਦਾ ਹੈ । ਦਯਾਨੰਦ ਕਾਲਜ ਦਾ ਮਸਲਾ ਹੈ, ਜਗਰਾਉਂ ਦਾ ਮਸਲਾ ਹੈ । ਇਨ੍ਹਾਂ ਸਭ ਵੱਲ ਸਰਕਾਰ ਨੂੰ ਆਪਣਾ ਧਿਆਨ ਦੇਣਾ ਚਾਹੀਦਾ ਹੈ । ਫਿਰ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਕੋਈ ਪ੍ਰਾਈਵੇਟ ਮੈਡੀਕਲ ਕਾਲਜ ਰਾਜ ਵਿਚ ਨਹੀਂ ਹੋਣਾ ਚਾਹੀਦਾ । ਫ਼ਰੀਦਾਬਾਦ ਕਾਲਜ ਲਈ ਕਿਸੇ ਸਟੰਟੀ ਆਦਮੀ ਨੇ ਲੱਖਾਂ ਰੁਪਿਆ ਉਗਰਾਹ ਲਿਆ। ਮੈਂ ਕਹਿੰਦਾ ਹਾਂ ਕਿ ਗਿਆਨੀ ਜੀ ਨੇ ਚੰਗਾ ਕੀਤਾ ਕਿ ਫਰੀਦਾਬਾਦ ਮੈਡੀਕਲ ਕਾਲਜ ਦੀਆਂ ਸਾਰੀਆਂ ਲੈਣਦਾਰੀਆਂ ਅਤੇ ਦੇਣਦਾਰੀਆਂ ਆਪਣੇ ਜ਼ਿੰਮੇ ਲੈ ਲਈਆਂ ਅਤੇ ਫ਼ਰੀਦਕੋਟ ਵਿਚ ਮੈਡੀਕਲ ਕਾਲਜ ਸ਼ੁਰੂ ਕਰ ਦਿੱਤਾ । ਇਸੇ ਤਰ੍ਹਾਂ ਹੀ ਮੈਂ ਕਹਿੰਦਾ ਹਾਂ ਕਿ ਦਯਾਨੰਦ ਮੈਡੀਕਲ ਕਾਲਜ ਜਿਹੜਾ ਹੈ ਉਹ ਵੀ ਗੌਰਮਿੰਟ ਨੂੰ ਟੇਕ ਓਵਰ ਕਰ ਲੈਣਾ ਚਾਹੀਦਾ ਹੈ । ਪ੍ਰਾਈਵੇਟ ਮੈਡੀਕਲ ਕਾਲਜ ਰਾਜ ਵਿਚ ਕੋਈ ਵੀ ਨਹੀਂ ਹੋਣਾ ਚਾਹੀਦਾ । ਮੈਂ ਦੇਸ਼ ਭਗਤ ਸਰਦਾਰ ਤੇਜਾ ਸਿੰਘ ਸੁਤੰਤਰ ਦੀ ਯਾਦ ਕਰਵਾਉਣਾ ਚਾਹੁੰਦਾ ਹਾਂ । ਉਸ ਦੇਸ਼ ਭਗਤ ਨੇ ਉਹ ਕਾਲਜ ਖੋਲ੍ਹਿਆ ਸੀ ਅਤੇ ਉਨ੍ਹਾਂ ਦੀ ਮਿਰਤੂ ਤੋਂ ਪਿਛੋਂ ਉਨ੍ਹਾਂ ਦੇ ਫ਼ਾਈਨਾਂਸ਼ਲ ਪ੍ਰਬੰਧ ਨਹੀਂ ਹੋ ਸਕੇ । ਮੈਂ ਕਹਿੰਦਾ ਹਾਂ ਕਿ ਜਿਸ ਤਰ੍ਹਾਂ ਦਯਾਨੰਦ ਕਾਲਜ ਹੈ, ਗੁਰੂ ਗੋਬਿੰਦ ਸਿੰਘ ਕਾਲਜ ਹੈ ਉਸੇ ਤਰ੍ਹਾਂ ਸੁਤੰਤਰ ਜੀ ਦਾ ਕਾਲਜ ਹੈ ਉਸ ਨੂੰ ਸਰਕਾਰ ਟੇਕ ਓਵਰ ਕਰੇ ਅਤੇ ਉਸ ਦੇ ਨਾਮ ਉਤੇ ਜਿਸ ਨੇ ਪੰਜਾਬ ਲਈ ਬੜੀਆਂ ਬੜੀਆਂ ਕੁਰਬਾਨੀਆਂ ਕੀਤੀਆਂ ਉਹ ਕਾਲਜ ਸਥਾਪਤ ਕੀਤਾ ਜਾਏ ।

ਇਸ ਦੇ ਨਾਲ ਹੀ ਮੈਂ ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ ਕਿ ਪੰਚਾਇਤਾਂ ਅਤੇ ਕੋਆਪ੍ਰੇਟਿਵ ਸੋਸਾਇਟੀਆਂ ਦੀਆਂ ਚੋਣਾਂ ਬਾਰੇ ਲੋਕਾਂ ਵਿਚ ਇਹ ਗੱਲ ਚੱਲ ਰਹੀ ਹੈ ਔਰ ਅਸੀਂ ਇਹ ਮਹਿਸੂਸ ਕਰਦੇ ਹਾਂ ਕਿ ਹੇਠਲੇ ਲੈਵਲ ਤੋਂ ਲੋਕਲ ਅਦਾਰਿਆਂ ਦੀਆਂ ਚੋਣਾਂ ਨਹੀਂ ਕਰਵਾਈਆਂ ਜਾ ਰਹੀਆਂ ਕਿਉਂਕਿ ਲੋਕਲ ਅਦਾਰਿਆਂ ਦੀਆਂ ਚੋਣਾਂ ਨਹੀਂ ਹੋਈਆਂ ।

ਇਸ ਤੋਂ ਇਲਾਵਾ ਹੁਣ ਇਹ ਹਰਚੰਦ ਸਿੰਘ ਕਮੇਟੀ ਨੂੰ ਭੁਲ ਗਏ । ਪੰਜਾਬ ਦੀ ਸਰਕਾਰ ਨੇ ਪਿਛਲੇ ਸੈਸ਼ਨ ਵਿਚ ਇਸ ਬਾਰੇ ਬੜਾ ਰੌਲਾ ਪਾਇਆ ਸੀ ਅਤੇ ਬੜੇ ਇਲਾਨ ਕੀਤੇ ਸੀ ਕਿ ਫਾਲੋ-ਅੱਪ ਕੀਤਾ ਜਾਏਗਾ । ਸਾਡੇ ਪੁਰਾਣੇ ਸਪੀਕਰ ਸਾਹਿਬ ਅਤੇ ਕੁਝ ਮੰਤਰੀ ਵੀ ਉਧਰ ਹੋ ਗਏ । ਪਰ ਸਾਡਾ ਵਾਸਤਾ ਇਸ ਗੱਲ ਨਾਲ ਹੈ ਕਿ ਲੱਖਾਂ ਏਕੜ ਜ਼ਮੀਨ ਜਿਹੜੀ ਕਿ ਬੜੇ ਬੜੇ ਰਾਜਨੀਤਕਾਂ ਨੇ ਅਤੇ ਬੜੇ ਬੜੇ ਅਫ਼ਸਰਾਂ ਨੇ ਆਪਣੇ ਕਬਜ਼ੇ ਵਿਚ ਕੀਤੀ ਹੋਈ ਹੈ ਉਹ ਉਨ੍ਹਾਂ ਤੋਂ ਡੀਗਰੈਬ ਕਰਨ ਵਾਸਤੇ ਪੰਜਾਬ ਗੌਰਮਿੰਟ ਲੈਜਿਸਲੇਸ਼ਨ ਲਿਆਵੇ । ਗਿਆਨੀ ਜੀ ਕੋਈ ਇਲਾਨ ਕਰਨ ਕਿ ਉਹ ਜ਼ਮੀਨ ਗਰੀਬ ਹਰੀਜਨਾਂ ਨੂੰ ਦਿੱਤੀ ਜਾਵੇਗੀ ।

ਕੁਰੱਪਸ਼ਨ ਦਾ ਬੜਾ ਰੌਲਾ ਹੈ ਸਾਰੇ ਰਾਜ ਵਿਚ ਔਰ ਕੋਆਪ੍ਰੇਟਿਵ ਡਿਪਾਰਟਮੈਂਟ ਤਾਂ ਕੁਰੱਪਸ਼ਨ ਡਿਪਾਰਟਮੈਂਟ ਬਣ ਚੁਕਾ ਹੈ ਚਾਰ ਚੁਫੇਰੇ ਇਸ ਗੱਲ ਦਾ ਰੌਲਾ ਪਿਆ ਹੋਇਆ ਹੈ । ਪਬਲਿਕ ਸਰਵਿਸ ਕਮਿਸ਼ਨ ਦਾ ਰੌਲਾ ਪਿਆ ਹੋਇਆ ਹੈ ਅਤੇ ਲੋਕ ਸਾਨੂੰ ਆ ਦੱਸਦੇ ਹਨ ਉਹ ਕਹਿੰਦੇ ਹਨ ਕਿ ਜੇ ਕਰ ਐਸ. ਡੀ. ਓ. ਲੱਗਣਾ ਹੈ ਤਾਂ 20 ਹਜ਼ਾਰ ਰੁਪਏ ਦਿਓ, ਜੇਕਰ ਓਵਰਸੀਅਰ ਲੱਗਣਾ ਹੈ ਤਾਂ 10 ਹਜ਼ਾਰ ਰੁਪਏ ਅਤੇ ਉਸ ਤੋਂ ਹੇਠਾਂ 5 ਹਜ਼ਾਰ ਰੁਪਏ । ਮੈਂ ਕਹਿੰਦਾ ਹਾਂ ਕਿ ਅਗਰ ਕੋਈ ਗੱਲ ਹੁੰਦੀ ਹੈ ਤਾਂ ਹੀ ਬਾਹਰ ਆਉਂਦੀ ਹੈ । ਜੇਕਰ ਥੋੜੀ ਬਹੁਤੀ ਅੱਗ ਕਿਤੇ ਲੱਗੀ ਹੁੰਦੀ ਹੈ ਤਾਂ ਹੀ ਧੂੰਆਂ ਨਿਕਲਦਾ ਹੈ । ਮੈਂ ਕਹਿੰਦਾ ਹਾਂ ਕਿ ਪੰਜਾਬ ਗੌਰਮਿੰਟ ਨੂੰ ਇਸ ਤੇ ਕੁਝ ਸੋਚਣਾ ਚਾਹੀਦਾ ਹੈ । ਅੱਜ ਕੁਰੱਪਸ਼ਨ ਫ਼ੈਲ ਰਹੀ ਏ ਉਸ ਵਿਚ ਬੜੇ ਬੜੇ ਲੋਕ ਆ ਰਹੇ ਹਨ, ਇਹ ਭਾਵਨਾ ਜਨਤਾ ਵਿਚ ਜਾ ਰਹੀ ਹੈ । ਅਗਰ ਇਹ ਚਲੀ ਗਈ ਤਾਂ ਇਸ ਵਿਚ ਨਾ ਤਾਂ ਸਰਕਾਰ ਦਾ ਫ਼ਾਇਦਾ ਹੈ, ਨਾ ਸੂਬੇ ਦਾ ਅਤੇ ਨਾ ਹੀ ਜਨਤਾ ਦਾ ।

[ਕਾਮਰੇਡ ਸ਼ਮਸ਼ੇਰ ਸਿੰਘ ਜੋਸ਼]

ਹੁਣ, ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਪਿੱਛੇ ਜੋ ਇਸ ਸਦਨ ਵਿਚ ਸਾਡੇ ਅਕਾਲੀ ਪਾਰਟੀ ਦੇ ਡਿਪਟੀ ਲੀਡਰ, ਸਰਦਾਰ ਅਜਾਇਬ ਸਿੰਘ ਸੰਧੂ ਨੇ ਇਕ ਇਲਜ਼ਾਮ ਲਾਇਆ ਸੀ ਸਾਡੀ ਪਾਰਟੀ ਤੇ, ਉਸ ਵਕਤ ਮੈਨੂੰ ਮੌਕਾ ਨਹੀਂ ਮਿਲਿਆ ਹੁਣ ਮੈਂ ਉਸ ਦਾ ਜਵਾਬ ਦਿੰਦਾ ਹਾਂ। ਉਨ੍ਹਾਂ ਨੇ ਕਿਹਾ ਸੀ ਕਿ ਕਾਂਗਰਸ ਨਾਲ ਸੀ. ਪੀ. ਆਈ. ਨੇ ਸਮਝੌਤਾ ਕੀਤਾ ਹੋਇਆ ਹੈ ਕਿ ਕਾਮਰੇਡ ਅਵਤਾਰ ਸਿੰਘ ਮਲਹੋਤਰਾ ਨੂੰ ਇਹ ਰਾਜ ਸਭਾ ਵਿਚ ਲਿਜਾਣਾ ਚਾਹੁੰਦੇ ਹਨ । ਇਹ ਬਿਲਕੁਲ ਰੌਂਗ ਅਤੇ ਮੈਲੇਸ਼ੀਅੱਸ ਚਾਰਜ ਹੈ, ਜਿਥੇ ਕਿ ਅਸਲ ਗੱਲ ਇਸ ਦੇ ਬਿਲਕੁਲ ਉਲਟ ਹੈ । ਮੈਨੂੰ ਐਸ. ਜੀ. ਪੀ. ਸੀ. ਦੇ ਪ੍ਰਧਾਨ ਟੌਹੜਾ ਸਾਹਿਬ ਐਮ. ਐਲ. ਏ. ਹੋਸਟਲ ਵਿਚ ਮਿਲੇ ਉਨ੍ਹਾਂ ਨੇ ਕਿਹਾ ਕਿ ਚੋਣਾਂ ਆ ਰਹੀਆਂ ਹਨ 24 ਵੋਟਾਂ ਸਾਡੀਆਂ ਹਨ ਅਤੇ ਇਕ ਸੀ. ਪੀ. ਆਈ. (ਐਮ.) ਦੀ ਹੈ ਸੀ. ਪੀ. ਆਈ. (ਐਮ.) ਨੂੰ ਵੀ ਜੇਬ ਵਿਚ ਪਾਈ ਫਿਰਦੇ ਹਨ । ਤੁਸੀਂ ਆਪਣਾ ਕੈਂਡੀਡੇਟ ਖੜ੍ਹਾ ਕਰੋ ਅਸੀਂ ਤੁਹਾਨੂੰ ਪਾ ਦਿਆਂਗੇ । ਇਹ ਸਮਝੌਤੇ ਦੀਆਂ ਇਸ ਤਰ੍ਹਾਂ ਗੱਲਾਂ ਮੇਰੇ ਨਾਲ ਕਰਦੇ ਹਨ ਅਤੇ ਇਥੇ ਕਹਿੰਦੇ ਹਨ..........

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ੍ਰੀ ਡਿਪਟੀ ਸਪੀਕਰ : ਇਹ ** ** ਰਿਕਾਰਡ ਤੇ ਨਾ ਆਵੇ । (This should not come on the record.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਸਾਡਾ ਕਾਂਗਰਸ ਨਾਲ ਕੋਈ ਸਮਝੌਤਾ ਨਹੀਂ ਅਤੇ ਕਾਂਗਰਸ ਦਾ ਸਾਡੇ ਨਾਲ ਕੋਈ ਸਮਝੌਤਾ ਨਹੀਂ । ਅਸੀਂ ਅੱਜ ਤੋਂ ਦੋ ਸਾਲ ਪਹਿਲਾਂ ਇਨ੍ਹਾਂ ਦਾ ਮੱਕੂ ਬੰਨ੍ਹਣ ਵਾਸਤੇ ਚੋਣਾਂ ਦਾ ਸਮਝੌਤਾ ਕੀਤਾ ਸੀ। (ਵਿਘਨ)

ਸਰਦਾਰ ਜਸਦੇਵ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਅੱਗੇ ਕਈ ਵੇਰ ਰੂਲਿੰਗ ਦੇ ਚੁਕੇ ਹੋ ਕਿ ਜਿਹੜਾ ਵਿਅਕਤੀ ਇਥੇ ਹਾਊਸ ਵਿਚ ਹਾਜ਼ਰ ਨਹੀਂ ਉਸ ਦਾ ਨਾਂ ਲੈ ਕੇ ਕੋਈ ਗੱਲ ਇੰਪਿਊਟ ਨਾ ਕੀਤੀ ਜਾਵੇ । ਸਰਦਾਰ ਗੁਰਚਰਨ ਸਿੰਘ ਟੌਹੜਾ, ਐਮ. ਪੀ. ਇਥੇ ਹਾਊਸ ਵਿਚ ਹਾਜ਼ਰ ਨਹੀਂ, ਪਰ ਉਨ੍ਹਾਂ ਦਾ ਨਾਂ ਲੈ ਕੇ ਜੋਸ਼ ਸਾਹਿਬ ਨੇ ਕਿਹਾ ਹੈ ਕਿ ਉਨ੍ਹਾਂ ਨੇ ਕਿਹਾ ਹੈ ਸਾਡੇ ਨਾਲ ਸਮਝੌਤਾ ਕਰੋ । ਮੈਂ ਕਹਿੰਦਾ ਹਾਂ ਕਿ ਇਹ ਸ਼ਬਦ ਕਢਵਾ ਦਿਓ ਨਹੀਂ ਤਾਂ ਅੱਗੇ ਲਈ ਪ੍ਰੈਸੀਡੈਂਟ ਬਣਾ ਦਿਓ । ਫਿਰ ਜੇਕਰ ਅਸੀਂ ਕਿਸੇ ਦਾ ਨਾਂ ਲਿਆ ਤਾਂ ਪ੍ਰੋਸੀਡਿੰਗਜ਼ ਵਿਚੋਂ ਕਢਾਉਣਾ ਨਾਂਹ । ਇਹ ਚੀਜ਼ ਸਾਰੇ ਹਾਊਸ ਵਿਚ ਦੱਸੀ ਜਾਏ ਤਾ ਕਿ ਅਸੀਂ ਵੀ ਜੋ ਕੁਝ ਕਿਸੇ ਬਾਰੇ ਕਹਿਣਾ ਹੈ ਕਹਿ ਸਕੀਏ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਇਹ ਮੈਨੂੰ ਆਫ਼ਰ ਦਿੱਤੀ ਹੈ ਉਨ੍ਹਾਂ ਨੇ ਕਿ ਮੈਂ ਇਹ ਉਨ੍ਹਾਂ ਦਾ ਸੁਨੇਹਾ ਆਪਣੀ ਪਾਰਟੀ ਤੱਕ ਪਹੁੰਚਾ ਦਿਆਂ । (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲੇਨੇਸ਼ਨ ਹੈ ਕਿ ਜੋਸ਼ ਸਾਹਿਬ ਨੇ ਮੇਰੀ ਪਾਰਟੀ ਦੇ ਲੀਡਰ ਬਾਰੇ ਗੱਲ ਕਹੀ ਹੈ ਔਰ ਮੈਂ ਪਰਸਨਲ ਐਕਸਪਲੇਨੇਸ਼ਨ ਆਪਣੀ ਪਾਰਟੀ ਵੱਲੋਂ ਦਿੰਦਾਂ ਹਾਂ ਕਿ ਮੇਰਾ ਲੀਡਰ ਇਹ ਗੱਲ ਕਦੇ ਨਹੀਂ ਕਹਿ ਸਕਦਾ । ਇਹ ਸਾਰੇ ਹਾਊਸ ਵਿਚ ਕਾਂਗਰਸ ਦਾ ** ** ਬਣੇ ਹੋਏ ਹਨ । ਕਾਂਗਰਸ ਗਾਂ ਹੈ ਅਤੇ ਇਹ ਉਸ ਦੇ ਵੱਛੇ ਹਨ ਅਤੇ ਇਹ ਤਿੰਨ ਸਾਲਾਂ ਤੋਂ ਉਸ ਦਾ ਦੁੱਧ ਪੀ ਰਹੇ ਹਨ ਅਤੇ ਕਹਿੰਦੇ ਹਨ ਕਿ ਉਨ੍ਹਾਂ ਨਾਲ ਕੋਈ ਸਮਝੌਤਾ ਨਹੀਂ ।

**Not recorded as ordered by the Chair.

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪਰਸਨਲ ਐਕਸਪਲੇਨੇਸ਼ਨ ਨਹੀਂ। ** ** ਸ਼ਬਦ ਕੱਢ ਦਿਤਾ ਜਾਵੇ । (This is no personal explanation. The word ** ** be expunged from the proceedings.)

ਸਰਦਾਰ ਜਸਦੇਵ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਤੁਸੀਂ ਮੇਰੇ ਪੁਆਇੰਟ ਆਫ਼ ਆਰਡਰ ਦੀ ਕੋਈ ਰੂਲਿੰਗ ਨਹੀਂ ਦਿੱਤੀ ਔਰ ਜੋ ਸਾਡੀ ਮਰਜ਼ੀ ਹੋਵੇਗੀ ਅਸੀਂ ਕਹਿ ਦਿਆ ਕਰਾਂਗੇ.................(ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਹ ਠੀਕ ਨਹੀਂ ਕਿ ਜੋ ਤੁਹਾਡੀ ਮਰਜ਼ੀ ਆਏ ਕਹਿ ਦਿਓ । ਇਹ ਠੀਕ ਹੈ ਕਿ ਜਿਹੜਾ ਵਿਅੱਕਤੀ ਹਾਊਸ ਵਿਚ ਹਾਜ਼ਰ ਨਹੀਂ ਅਸੀਂ ਉਸ ਦੇ ਖਿਲਾਫ਼ ਕੋਈ ਸ਼ਬਦ ਨਹੀਂ ਕਹਿ ਸਕਦੇ । ਪਰ ਹਰ ਗੱਲ ਦੇ ਹਾਲਾਤ ਅੱਡ ਅੱਡ ਹੁੰਦੇ ਹਨ । ਜੋ ਗੱਲ ਜੋਸ਼ ਜੀ ਨੇ ਕਹੀ ਅਤੇ ਜਿਸ ਲਹਿਜੇ ਵਿਚ ਕਹੀ ਉਨ੍ਹਾਂ ਨੇ ਉਸ ਦੇ ਜ਼ਰੀਏ ਕੋਈ ਐਲੀਗੇਸ਼ਨ ਨਹੀਂ ਲਾਏ । ਉਨ੍ਹਾਂ ਦੇ ਨਾਲ ਜਿਹੜੀ ਗੱਲ ਹੋਈ ਉਹ ਉਨ੍ਹਾਂ ਨੇ ਹਾਊਸ ਦੇ ਨੋਟਿਸ ਵਿਚ ਲਿਆਂਦੀ ਹੈ । (ਵਿਘਨ)

(It is not proper to utter here everything that comes to ones mind. There is no doubt that nothing can be said against a person who is not in the House. However, circumstances in each case differ. Com. Josh, by uttering what he said and by the tone in which he placed it before the House, did not level any allegation. He merely brought the conversation to the notice of the House.)

ਸਰਦਾਰ ਜਸਦੇਵ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਅਗਰ ਟੌਹੜਾ ਸਾਹਿਬ ਦੀ ਕੋਈ ਚਿੱਠੀ ਇਨ੍ਹਾਂ ਦੇ ਨਾਮ ਹੁੰਦੀ ਤਾਂ ਇਹ ਉਸ ਨੂੰ ਰੈਫ਼ਰ ਕਰਦੇ, ਜਾਂ ਫਿਰ ਉਨ੍ਹਾਂ ਦੀ ਕੋਈ ਪਬਲਿਕ ਸਟੇਟਮੈਂਟ ਹੁੰਦੀ ਤਾਂ ਇਹ ਕਹਿ ਸਕਦੇ ਸੀ । ਇਹ ਇਨ੍ਹਾਂ ਦੀ ਇਕ ਮਨ ਘੜਤ ਗੱਲ ਹੈ ਇਹ ਇਥੇ ਹਾਊਸ ਵਿਚ ਨਹੀਂ ਕਹੀ ਜਾ ਸਕਦੀ ਇਸ ਚੀਜ਼ ਦੀ ਕਿਸੇ ਮੈਂਬਰ ਸਾਹਿਬ ਨੂੰ ਇਜਾਜ਼ਤ ਨਹੀਂ ਹੋਣੀ ਚਾਹੀਦੀ।

ਆਬਕਾਰੀ ਅਤੇ ਕਰ ਮੰਤਰੀ (ਸ਼੍ਰੀ ਯਸ਼ ਪਾਲ) : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਤੁਸੀਂ ਬਿਲਕੁਲ ਠੀਕ ਗੱਲ ਕਹੀ ਹੈ ਕਿ ਜਿਸ ਲਹਿਜ਼ੇ ਨਾਲ ਜੋਸ਼ ਸਾਹਿਬ ਨੇ ਨਾਂ ਰੈਫ਼ਰ ਕੀਤਾ ਹੈ ਉਸ ਦਾ ਉਸ ਨਾਲ ਕੋਈ ਤੁਅੱਲਕ ਨਹੀਂ ਕਿ ਹਾਊਸ ਵਿਚ ਕਿਸੇ ਦਾ ਨਾਂ ਨਹੀਂ ਲੈਣਾ । ਅਸੀਂ ਹਾਊਸ ਵਿਚ ਉਸ ਇੰਡੀਵਿਜੂਅਲ ਦਾ ਨਾਂ ਨਹੀਂ ਲੈ ਸਕਦੇ ਜੋ ਆਪਣੇ ਆਪ ਨੂੰ ਡਿਫ਼ੈਂਡ ਨਹੀਂ ਕਰ ਸਕਦੇ । ਜਿਸ ਦੀ ਪਾਰਟੀ ਦੇ 28 ਪਹਿਲਵਾਨ ਬੈਠੇ ਹੋਣ ਡਿਫ਼ੈਂਡ ਕਰਨ ਵਾਸਤੇ ਇਸ ਹਾਊਸ ਵਿਚ ਅਗਰ ਉਸ ਬਾਰੇ ਕੋਈ ਗਲ ਬਾਤ ਜਾਂ ਰੈਫਰੈਂਸ ਇਸ ਤਰ੍ਹਾਂ ਦਾ ਕੀਤਾ ਜਾਏ ਤਾਂ ਕੋਈ ਗੱਲ ਨਹੀਂ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਤੋਂ ਪਹਿਲਾਂ ਜਿਸ ਵੇਲੇ ਮੈਂ ਪੁਆਇੰਟ ਆਫ਼ ਆਰਡਰ ਉਠਾਇਆ ਸੀ ਕਿ ਇਹ ਡਾਕਟਰ ਜਗਜੀਤ ਸਿੰਘ ਨੂੰ ਬੁਲਾ ਰਹੇ ਹਨ ਅਤੇ ਇਸ ਗੱਲ ਦਾ ਸ਼ੱਕ ਹੈ ਤਾਂ ਇਨ੍ਹਾਂ ਦੀ ਪਾਰਟੀ ਦੇ ਡਿਪਟੀ ਲੀਡਰ ਨੇ ਕਿਹਾ ਸੀ ਕਿ ਮੈਂ ਕਾਂਗਰਸ ਪਾਰਟੀ ਦਾ ਬੁੱਲਡੌਗ ਹਾਂ, ਤਾਂ ਮੈਂ ਹੁਣ ਇਹ ਕਹਾਂਗਾ ਕਿ ਇਨ੍ਹਾਂ ਦੀ ਪਾਰਟੀ ਦੇ ਜਿਹੜੇ ਬੋਲਦੇ ਹਨ ਉਹ ਕੁੱਤੀਆਂ ਹਨ । (ਵਿਘਨ) (ਸ਼ੋਰ)

**Expunged as ordered by the chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਆਨ ਏ ਪੁਆਇੰਟ ਆਫ਼ ਆਰਡਰ, ਸਰ।

PERSONAL EXPLANATION BY SARDAR DARBARA SINGH

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ
** **

ਸ੍ਰੀ ਡਿਪਟੀ ਸਪੀਕਰ : ਹਰਚੰਦ ਸਿੰਘ ਕਮੇਟੀ ਬਾਰੇ ਜਿਹੜੇ ਲਫਜ਼ ਕਹੇ ਗਏ ਉਹ ਰਿਕਾਰਡ ਤੇ ਨਾ ਆਉਣ (The references made to the Harchand Singh Committee Report may not come on the record.)

ਸਰਦਾਰ ਦਰਬਾਰਾ ਸਿੰਘ ** **

Mr. Deputy Speaker : This cannot come on record. You cannot comment on any Committee formed by the Government or by the House.

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਮੈਂ ਇਕ ਬੇਨਤੀ ਕਰਨੀ ਸੀ। ਹਾਊਸ ਦਾ ਡੈਕੋਰਮ ਰੱਖਣ ਵਾਸਤੇ ਇਹ ਜ਼ਰੂਰੀ ਹੈ ਕਿ ਇਥੇ ਠੀਕ ਗੱਲਾਂ ਹੋਣ। ਇਥੇ ਕਈ ਗੱਲਾਂ ਗਲਤ ਹੁੰਦੀਆਂ ਹਨ। ਇਸ ਚੀਜ਼ ਨੂੰ ਰੋਕਣ ਲਈ ਮੈਂਬਰ ਸਾਹਿਬਾਨ ਦੀ ਇਕ ਕਮੇਟੀ ਬਣਾ ਦਿਓ ਜਿਹੜੀ ਇਸ ਗਲ ਨੂੰ ਨਜਿੱਠੇ ਕਿ ਗਲਤ ਗੱਲ ਕਿਸ ਪਾਰਟੀ ਨੇ ਕਹੀ ਹੈ। ਇਥੇ ਬਹੁਤ ਗਲਤ ਗੱਲਾਂ ਹੁੰਦੀਆਂ ਅਤੇ ਇਕ ਦੂਜੇ ਤੇ ਚਿੱਕੜ ਸੁੱਟਿਆ ਜਾਂਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਇਸ ਚੀਜ਼ ਦਾ ਕੋਈ ਹੱਲ ਕੱਢੋ ਤਾਂ ਕਿ ਇਹ ਜਿਹੜਾ ਚਿੱਕੜ ਇਧਰੋਂ ਉਧਰੋਂ ਇਕ ਦੂਜੇ ਤੇ ਸੁੱਟਿਆ ਜਾਂਦਾ ਹੈ ਇਹ ਬੰਦ ਹੋ ਜਾਵੇ।

ਸ੍ਰੀ ਡਿਪਟੀ ਸਪੀਕਰ : ਬਰਾੜ ਸਾਹਿਬ ਨੇ ਜਿਹੜੀ ਰਾਏ ਦਿੱਤੀ ਹੈ, ਇਹ ਬਹੁਤ ਚੰਗੀ ਹੈ ਇਸ ਨੂੰ ਮੰਨ ਲੈਣਾ ਚਾਹਿਦਾ ਹੈ ਅਤੇ ਇਕ ਦੂਜੇ ਤੇ ਚਿੱਕੜ ਨਹੀਂ ਸੁੱਟਣਾ ਚਾਹੀਦਾ। (The suggestion made by Sardar Jaswinder Singh Brar is laudable. We should accept it and avoid mud slinging.)

ਕਾਮਰੇਡ ਦਰਸ਼ਨ ਸਿੰਘ ਕੇਨੇਡੀਅਨ : ਡਿਪਟੀ ਸਪੀਕਰ ਸਾਹਿਬ, ਅਕਾਲੀ ਪਾਰਟੀ ਦੇ ਡਿਪਟੀ ਲੀਡਰ ਨੇ ਕਿਹਾ ਹੈ ਕਿ ਗਾਂ ਦਾ ਦੁੱਧ ਚੁੰਘਦੇ ਹਨ ਅਤੇ ਵੱਛਾ ਮਗਰ ਦੌੜੀ ਫਿਰਦਾ ਹੈ। ਮੈਂ ਬੇਨਤੀ ਕਰਦਾ ਹਾਂ ਕਿ ਗਾਂ ਦਾ ਦੁੱਧ ਕੋਈ ਮਾੜੀ ਚੀਜ਼ ਨਹੀਂ। ਥੋੜਾ ਬਹੁਤ ਛੱਕ ਲਿਆ ਕਰਨ, ਹੋ ਸਕਦਾ ਹੈ ਕਿ ਇਨ੍ਹਾਂ ਨੂੰ ਅੱਕਲ ਆ ਜਾਵੇ। ਬਜ਼ੁਰਗ ਇਹ ਕਹਿੰਦੇ ਹਨ। ਡਿਪਟੀ ਸਪੀਕਰ ਸਾਹਿਬ ਪੁਲਿਟੀਕਲ ਸਮਝੌਤੇ ਹੁੰਦੇ ਰਹਿਦੇ ਹਨ। ਜੇ ਫਿਰਕੂ ਤਾਕਤਾਂ ਨੇ ਫਿਰ ਦੇਸ਼ ਵਿਚ ਜ਼ੋਰ ਪਕੜਿਆ ਤਾਂ ਇਨ੍ਹਾਂ ਨੂੰ ਹਰਾਉਣ ਲਈ ਫਿਰ ਸਮਝੌਤੇ ਹੋਣੇ ਹਨ। ਅਸੀਂ ਕਦੇ ਗੱਦੀ ਲੈਣ ਲਈ ਦਿੱਲੀ ਜਾ ਕੇ ਗੋਡੇ ਨਹੀਂ ਰਗੜੇ ਅਤੇ ਦਸਤਾਰਾਂ ਨੂੰ ਚਰਨਾਂ ਵਿਚ ਨਹੀਂ ਰੱਖਿਆ। ਮੇਰੀ ਪਾਰਟੀ ਦਾ ਕੋਈ ਅਜਿਹਾ ਆਦਮੀ ਨਹੀਂ ਜਿਹੜਾ ਪਾਕਿਸਤਾਨ ਰੇਡੀਓ ਤੇ ਬੋਲੇ, ਯੂ. ਐਨ. ਓ. ਵਿਚ ਜਾ ਜਾ ਕੇ ਬੋਲੇ, ਨਿਕਸਨ ਦੀ ਹਮਾਇਤ ਕਰੇ। ਮੇਰੀ ਪਾਰਟੀ ਦਾ ਕੋਈ ਆਦਮੀ ਸਿੱਖ ਹੋਮ-ਲੈਂਡ ਦੀ, ਹਮਾਇਤ ਨਹੀਂ ਕਰਦਾ। ਇਸ ਕਰਕੇ ਇਹ ਪਹਿਲਾਂ ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨ, ਫਿਰ ਇਹੋ ਜਿਹੀਆਂ ਗੱਲਾਂ ਕਰਨ। (ਕਾਂਗਰਸ ਅਤੇ ਕਮਿਊਨਿਸਟ ਬੈਂਚਾਂ ਵੱਲੋਂ ਤਾੜੀਆਂ।)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ। ਵੱਛਿਆਂ ਨੂੰ ਦੁੱਧ ਨਾ ਚੁੰਘਾਓ।

---

*Not recorded as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ** **

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਬਰਾੜ ਸਾਹਿਬ ਨੇ ਕਿਹਾ ਹੈ, ਇਹ ਪਰੋਸਿਡਿੰਗਜ਼ ਦਾ ਭਾਗ ਨਾ ਬਣੇ, ਕਿਉਂਕਿ ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ ।
(Whatever the hon. Member, Sardar Jaswinder Singh Brar has said, should not form part of the Proceedings because it is no point of order.)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ ਤੁਸੀਂ ਹੇਠਲੀ ਕੁਰਸੀ ਤੇ ਨਹੀਂ ਬੈਠੇ, ਤੁਸੀਂ ਇਕ ਮਹਾਨ ਕੁਰਸੀ ਤੇ ਬੈਠੇ ਹੋ । ਜਿਹੜੀ ਗੱਲ ਮੇਰੀ ਪਾਰਟੀ ਦੇ ਖਿਲਾਫ਼ ਆਉਂਦੀ ਹੈ, ਉਸ ਨੂੰ ਤਾਂ ਤੁਸੀਂ ਰਿਕਾਰਡ ਕਰਾਈ ਜਾਂਦੇ ਹੋ ਅਤੇ ਜਦ ਅਸੀਂ ਉਸ ਨੂੰ ਰਿਫਿਊਟ ਕਰਨਾ ਚਾਹੁੰਦੇ ਹਾਂ ਤਾਂ ਤੁਸੀਂ ਉਸ ਨੂੰ ਰਿਕਾਰਡ ਵਿਚੋਂ ਕਟਾਈ ਜਾਂਦੇ ਹੋ । ਸਰਦਾਰ ਜਸਵਿੰਦਰ ਸਿੰਘ ਬਰਾੜ ਦੀ ਸਾਰੀ ਸਪੀਚ ਤੁਸੀਂ ਕਟਾ ਦਿੱਤੀ ਹੈ ।

ਸ੍ਰੀ ਡਿਪਟੀ ਸਪੀਕਰ : ਇਹ ਐਲੀਗੇਸ਼ਨ ਗਲਤ ਹੈ, ਮੈਂ ਤਾਂ ਵਿਧਾਨ ਦੇ ਅਨੁਸਾਰ ਹੀ ਸਭਾ ਦੀ ਕਾਰਵਾਈ ਚਲਾਉਣੀ ਹੈ । (It is a wrong allegation. I am to conduct the proceedings of the House in accordance with the Rules.)

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਅਸੀਂ ਬਣਾਈ ਰੱਖਣੀ ਹੈ ਅਤੇ ਪੰਜਾਬ ਦੇ ਅਮਨ ਨੂੰ ਭੰਗ ਨਹੀਂ ਹੋਣ ਦੇਣਾ । ਹਿੰਦੂ-ਸਿੱਖ ਦੀਆਂ ਗੱਲ ਵਕੜੀਆਂ ਪਵਾ ਕੇ ਰੱਖਣੀਆਂ ਹਨ ।

DISCUSSION ON GOVERNOR'S ADDRESS (*Resumption*)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਰਾਜ ਪਾਲ ਨੇ ਸਿੱਖ ਹੋਮ-ਲੈਂਡ ਅਤੇ ਫਿਰਕਾਪ੍ਰਸਤੀ ਬਾਰੇ ਜੋ ਪ੍ਰਚਾਰ ਸਾਡੀ ਸਟੇਟ ਵਿਚ ਹੋ ਰਿਹਾ ਹੈ, ਉਸ ਦਾ ਨੋਟਿਸ ਨਹੀਂ ਲਿਆ ** **

ਸ੍ਰੀ ਡਿਪਟੀ ਸਪੀਕਰ : ਇਹ ਰਿਕਾਰਡ ਦਾ ਭਾਗ ਨਾ ਬਣੇ । (This should not form part of the record.)

ਸਰਦਾਰ ਅਜਾਇਬ ਸਿੰਘ ਸੰਧੂ : ** **

ਸ੍ਰੀ ਡਿਪਟੀ ਸਪੀਕਰ: ਜੋ ਕੁਝ ਮੈਂਬਰ ਸਾਹਿਬ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying, should not be recorded.)

ਕਾਮਰੇਡ ਸ਼ਮਸ਼ੇਰ ਸਿਘ ਜੋਸ਼: ਫ਼ਾਜ਼ਿਲਕਾ, ਅਬੋਹਰ ਹਰਿਆਣਾ ਅਤੇ ਚੰਡੀਗੜ੍ਹ ਦੇ ਮਸਲੇ ਤੇ ਸਰਦਾਰ ਜੀਵਨ ਸਿੰਘ ਉਮਰਾ ਨੰਗਲ ਨੇ ਤਲਵਾਰਾਂ ਖੋਲ੍ਹ ਦਿਤੀਆਂ ਸਨ । ਪਰ ਹੁਣ ਇਹ ਉਨ੍ਹਾਂ ਨਾਲ ਡਿਸ-ਐਸੋਸਿਏਟ ਕਰਦੇ ਹਨ ਅਤੇ ਨਾਲ ਹੀ ਇਸ ਗੱਲ ਨੂੰ ਕੰਡੇਮ ਕਰਦੇ ਹਨ ।

12.43 p.m. | (ਇਸ ਵੇਲੇ ਸਪੀਕਰ ਸਾਹਿਬ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ।)

ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਆਪਣੀ ਪਾਰਟੀ ਦੀ ਪੁਜ਼ੀਸ਼ਨ ਕਲੀਅਰ ਕਰਨੀ ਚਾਹੀਦੀ ਹੈ ਕਿ ਇਹ ਸਿੱਖ ਹੋਮ-ਲੈਂਡ ਦੇ ਵਿਰੋਧੀ ਹਨ ਜਾਂ ਹਮਾਇਤੀ ਹਨ ।

**Expunged/Not recorded as ordered by the Chair.

ਸ੍ਰੀ ਸਪੀਕਰ : ਹੁਣ ਤੁਸੀਂ ਤਸ਼ਰੀਫ ਰੱਖੋ ।(Please resume your seat now.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਜਦੋਂ ਇਥੇ ਫ਼ਾਜ਼ਿਲਕਾ, ਹਰਿਆਣਾ ਅਤੇ ਚੰਡੀਗੜ੍ਹ ਦੀ ਬਹਿਸ ਚੱਲੀ ਤਾਂ ਇਨ੍ਹਾਂ ਨੇ ਇਥੇ ਇਕ ਬਿਆਨ ਦਿੱਤਾ......... (ਸ਼ੋਰ) (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ** **

Mr. Speaker : This is no point of order.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਚੰਡੀਗੜ੍ਹ ਦੇ ਸਵਾਲ ਤੇ ਇਹ ਬੜੀ ਲੰਬੀ ਚੌੜੀ ਬਹਿਸ ਕਰਦੇ ਹਨ । ਮੈਂ ਸਮਝਦਾ ਹਾਂ ਕਿ ਅਕਾਲੀ ਪਾਰਟੀ ਸਿੱਖ ਹੋਮ-ਲੈਂਡ ਦੀ ਪੂਰੀ ਜ਼ਿੰਮੇਵਾਰੀ ਹੈ ਅਤੇ ਇਹ ਇਸ ਤੋਂ ਬੱਚ ਨਹੀਂ ਸਕਦੇ । ਜਿਸ ਤਰ੍ਹਾਂ ਕਿ ਇਕ ਮਾਂ ਨਜਾਇਜ਼ ਬੱਚਾ ਜਣ ਕੇ ਫਿਰ ਓਨ ਕਰਨ ਤੋਂ ਇਨਕਾਰ ਕਰਦੀ ਹੈ ਇਸੇ ਤਰ੍ਹਾਂ ਇਹ ਕਰਦੇ ਹਨ । ਮੈਂ ਸਾਬਤ ਕਰਦਾ ਹਾਂ । ਸਾਡੀ ਪਾਰਟੀ ਨੇ ਅਕਾਲੀ ਪਾਰਟੀ ਨੂੰ ਕਿਹਾ ਸੀ ਕਿ ਸ਼ਾਹ ਕਮਿਸ਼ਨ ਨਾਲ ਨਾ ਮਿਲੋ । ਅਗਰ ਇਹ ਪਾਰਟੀ ਸਾਡੀ ਗੱਲ ਮੰਨ ਲੈਂਦੀ ਤਾਂ ਪੰਜਾਬ ਦਾ ਇਲਾਕਾ ਨਾ ਨਿਕਲਦਾ । ਪਰ ਇਨ੍ਹਾਂ ਨੇ ਸ਼ਾਹ ਕਮਿਸ਼ਨ ਦਾ ਬਾਈਕਾਟ ਨਾ ਕੀਤਾ । ਅਕਾਲੀ ਦਲ ਨੇ ਆਪਣਾ ਵਕੀਲ ਸ਼ਾਹ ਕਮਿਸ਼ਨ ਅੱਗੇ ਪੇਸ਼ ਕੀਤਾ । ਸ਼ਾਹ ਕਮਿਸ਼ਨ ਨੇ ਅਨਪ੍ਰਿੰਸੀਪਲ ਫ਼ੈਸਲਾ ਕੀਤਾ ।

(ਆਪੋਜ਼ੀਸ਼ਨ ਵਲੋਂ ਸ਼ੋਰ)

ਸਰਦਾਰ ਅਜਾਇਬ ਸਿੰਘ ਸੰਧੂ : ** ** **

Mr. Speaker : This is no point of order.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਅਸੀਂ ਸੈਕੂਲਰ ਅਤੇ ਡੈਮੋਕਰੇਟਿਕ ਤਰੀਕੇ ਨਾਲ ਚੰਡੀਗੜ੍ਹ, ਅਬੋਹਰ ਅਤੇ ਫ਼ਾਜ਼ਿਲਕਾ ਦੀ ਸਮੱਸਿਆ ਹਲ ਕਰਨਾ ਚਾਹੁੰਦੇ ਹਾਂ ਅਤੇ ਕੋਈ ਇਸ ਮਾਮਲੇ ਉਤੇ ਕਮਿਊਨਲ ਫ਼ੀਲਿੰਗ ਨਹੀਂ ਪੈਦਾ ਕਰਨਾ ਚਾਹੁੰਦੇ ।

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਜਦੋਂ ਜੋਸ਼ ਸਾਹਿਬ ਬੋਲ ਰਹੇ ਸਨ ਮੈਂ ਉਸ ਵੇਲੇ ਇਹ ਨੁਕਤਾ ਉਠਾਇਆ ਸੀ ਜਿਹੜਾ ਪਾਰਟੀ ਲੀਡਰ ਜਾਂ ਵਿਅਕਤੀ ਹਾਊਸ ਵਿਚ ਹਾਜ਼ਰ ਨਾ ਹੋਵੇ ਉਸ ਦੀ ਗੱਲ ਨਾ ਕੀਤੀ ਜਾਵੇ ਔਰ ਜੇਕਰ ਕਿਸੇ ਪਬਲਿਕ ਮੈਨ ਦਾ ਬਿਆਨ ਹੋਵੇ ਜਾਂ ਉਸ ਦੀ ਚਿੱਠੀ ਹੋਵੇ ਤਾਂ ਉਹ ਬੇਸ਼ਕ ਇਥੇ ਰੈਫ਼ਰ ਕੀਤਾ ਜਾਵੇ ਉਸ ਤੇ ਮੈਂ ਕਿਹਾ ਸੀ ਕਿ ਇਹ ਠੀਕ ਨਹੀਂ ਹੈ । ਇਸ ਤੇ ਡਿਪਟੀ ਸਪੀਕਰ ਸਾਹਿਬ ਨੇ ਰੂਲਿੰਗ ਦਿੱਤੀ ਕਿਉਂਕਿ ਪਾਰਟੀ ਇਥੇ ਹਾਜ਼ਰ ਹੈ ਇਸ ਕਰਕੇ ਆਪਣੇ ਲੀਡਰ ਨੂੰ ਡਿਫ਼ੈਂਡ ਕਰ ਸਕਦੀ ਹੈ। (ਸ਼ੋਰ) ਜਾਂ ਤਾਂ ਤੁਹਾਨੂੰ ਇਸ ਰੂਲਿੰਗ ਤੇ ਵਿਚਾਰ ਕਰਨਾ ਚਾਹੀਦਾ ਹੈ ਜਾਂ ਫਿਰ ਸਾਨੂੰ ਵੀ ਦੁਬਾਰਾ ਮੌਕਾ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਜੋ ਕੁਝ ਕਿਹਾ ਗਿਆ ਸੀ ਉਸ ਨੂੰ ਮੈਂ ਰਿਕਾਰਡ ਤੇ ਵੇਖ ਲਵਾਂਗਾ ਅਤੇ ਉਸ ਦੇ ਬਾਅਦ ਰੂਲਿੰਗ ਦੇਵਾਂਗਾ । (I will give my ruling, about what has been said, after consulting the record.)

ਸਰਦਾਰ ਧੰਨਾ ਸਿੰਘ ਗੁਲਸ਼ਨ : ** **

ਸ੍ਰੀ ਸਪੀਕਰ : ਜੋ ਕੁਝ ਮੈਂਬਰ ਸਾਹਿਬ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ । (Whatever the hon. Member is saying, should not be recorded.)

**Expunged/Not recorded as ordered by the Chair.

ਰਾਜ ਮੰਤਰੀ, ਮਕਾਨ ਉਸਾਰੀ (ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ) : ਸਪੀਕਰ ਸਾਹਿਬ, ਕੱਲ ਇਸ ਹਾਊਸ ਦੇ ਵਿਚ ਗਵਰਨਰ ਐਡਰੈੱਸ ਤੇ ਬਹਿਸ ਕਰਦੇ ਹੋਏ ਆਪੋਜੀਸ਼ਨ ਦੇ ਮੈਂਬਰਾਂ ਨੇ ਭੂਮੀ-ਰਹਿਤ ਕਿਰਤੀਆਂ ਨੂੰ ਪਿੰਡਾਂ ਵਿਚ ਮਕਾਨ ਉਸਾਰੀ ਲਈ ਪਲਾਟ ਦੇਣ ਦੀ ਸਕੀਮ ਤੇ ਆਪਣੇ ਵਿਚਾਰ ਪ੍ਰਗਟ ਕੀਤੇ ਜਿਹੜੇ ਕਿ ਬਿਲਕੁਲ ਹੀ ਬੇਬੁਨਿਆਦ ਹਨ । ਰਾਜ ਸਰਕਾਰ ਇਸ ਸਕੀਮ ਨੂੰ ਚਾਲੂ ਕਰਨ ਵਾਸਤੇ ਅਤੇ ਇਸ ਨੂੰ ਚਲਾਉਣ ਵਾਸਤੇ ਵੱਧ ਤੋਂ ਵੱਧ ਮਹੱਤਤਾ ਦੇ ਰਹੀ ਹੈ । ਇਹ ਸਕੀਮ 1973 ਵਿਚ ਇਨਟਰੋਡਿਊਸ ਕੀਤੀ ਗਈ ਸੀ । ਇਹ ਸੈਂਟਰ ਸਪੌਂਨਸਰਡ ਸਕੀਮ ਹੈ । ਭਾਰਤ ਸਰਕਾਰ ਦੇ ਆਦੇਸ਼ ਉਤੇ ਰਾਜ ਸਰਕਾਰ ਰਾਹੀਂ ਇਹ ਲਾਗੂ ਕੀਤੀ ਜਾ ਰਹੀ ਹੈ । ਇਥੇ ਇਕ ਗੱਲ ਮੈਂ ਕਹਿਣੀ ਚਾਹੁੰਦੀ ਹਾਂ ਕਿ ਇਹ ਜਿਹੜੀ ਸਕੀਮ ਹੈ ਇਹ ਪਿੰਡਾਂ ਵਿਚ ਰਹਿ ਰਹੇ ਕਿਰਤੀਆਂ ਤਕ ਹੀ ਸੀਮਿਤ ਹੈ । ਆਨਰੇਬਲ ਮੈਂਬਰਾਂ ਦੀ ਜਾਣਕਾਰੀ ਲਈ ਮੈਂ 2, 3 ਗੱਲਾਂ ਕਹਿਣੀਆਂ ਚਾਹੁੰਦੀ ਹਾਂ ਕਿ ਕੌਣ ਕੌਣ ਇਸ ਸਕੀਮ ਦੇ ਤਹਿਤ ਹੱਕਦਾਰ ਹਨ । ਨਾ ਤਾਂ ਉਹ ਹੱਕਦਾਰ ਹਨ ਜਿਨ੍ਹਾਂ ਦੇ ਪਰਿਵਾਰਾਂ ਦੇ ਮੁੱਖੀ ਅਤੇ ਨਾ ਹੀ ਪਰਿਵਾਰ ਦੇ ਕਿਸੇ ਮੈਂਬਰ ਕੋਲ ਪਿੰਡ ਵਿਚ ਕੋਈ ਜ਼ਰਾਇਤੀ ਜਾਂ ਦੂਸਰੀ ਜ਼ਮੀਨ ਹੋਣੀ ਚਾਹੀਦੀ ਹੈ । ਉਹ ਹੱਕਦਾਰ ਹੋ ਸਕਦਾ ਹੈ ਜਿਸ ਦੇ ਕੋਲ ਇਸ ਤਰ੍ਹਾਂ ਦੀ ਜ਼ਮੀਨ ਨਾ ਹੋਵੇ ਦੂਸਰਾ ਉਸ ਦਾ ਪਰਿਵਾਰ ਆਪਣੇ ਮੈਂਬਰਾਂ ਦੀ ਅਨਸਕਿੱਲਡ ਲੇਬਰ ਤੇ ਨਿਰਭਰ ਹੋਣਾ ਚਾਹੀਦਾ ਹੈ ਯਾਨੀ ਭੂਮੀ ਰਹਿਤ ਕਾਮੇ । ਤੀਸਰੇ ਉਸ ਪਰਿਵਾਰ ਦੇ ਮੈਂਬਰ ਸਾਲ ਵਿਚ ਜ਼ਿਆਦਾ ਚਿਰ ਪਿੰਡ ਵਿਚ ਰਹਿੰਦੇ ਹੋਣ । ਇਸ ਸਕੀਮ ਦੇ ਤਹਿਤ, ਉਸਦੀ ਧਰਮ ਪਤਨੀ, ਮਾਤਾ ਪਿਤਾ ਅਤੇ ਬਾਲ ਬੱਚੇ ਉਸ ਤੇ ਡਿਪੈਂਡੈਂਟ ਹੋਣਗੇ । 18 ਸਾਲ ਤੋਂ ਘੱਟ ਉਮਰ ਦਾ ਬੱਚਾ ਇਸ ਸਕੀਮ ਦੇ ਅਧੀਨ ਹੱਕਦਾਰ ਨਹੀਂ ਹੋਵੇਗਾ ।

ਜਿਹੜਾ ਪਿਛਲੇ ਸਾਲ ਦੇ ਬੱਜਟ ਵਿਚ ਵਜ਼ੀਰ ਸਾਹਿਬ ਨੇ ਪਲਾਟਾਂ ਵਾਸਤੇ ਕਿਹਾ ਸੀ ਉਸ ਬਾਰੇ ਮੈਂ ਵੀ ਇਹ ਗੱਲ ਕਲੀਅਰ ਕਰਨੀ ਚਾਹੁੰਦੀ ਹਾਂ । ਇਸ ਦੇ ਸਰਵੇ ਵਾਸਤੇ 4 ਨੁਕਤੇ ਰੱਖ ਕੇ ਸਰਵੇ ਕੀਤੀ ਗਈ । ਸਰਵੇ ਕਰਨ ਤੋਂ ਬਾਅਦ 3,13,942 ਵਿਅਕਤੀ ਇਸ ਸਕੀਮ ਦੇ ਅਧੀਨ ਪਲਾਟਾਂ ਦੇ ਹੱਕਦਾਰ ਹੋਏ ਉਸ ਤੋਂ ਬਾਅਦ 6,561 ਹੋਰ ਅਰਜ਼ੀਆਂ ਆਈਆਂ ਇਸ ਤਰ੍ਹਾਂ ਟੋਟਲ 3,20,503 ਵਿਅਕਤੀ ਇਨ੍ਹਾਂ ਪਲਾਟਾਂ ਵਾਸਤੇ ਹੱਕਦਾਰ ਹੋਏ । ਉਸ ਦੇ ਬਾਰੇ ਮੈਂ ਦੱਸਣਾ ਚਾਹੁੰਦੀ ਹਾਂ ਕਿ 8,462.9 ਏਕੜ ਜ਼ਮੀਨ ਸਾਨੂੰ ਉਪਲਬਧ ਹੋਈ । 1,86,242 ਹੱਕਦਾਰ ਵਿਅਕਤੀਆਂ ਨੂੰ ਅਲਾਟਮੈਂਟ ਕੀਤੀ ਗਈ । ਸੀ. ਐਮ. ਸਾਹਿਬ ਦੱਸਣਗੇ ਕਿ ਉਨ੍ਹਾਂ ਨੇ ਔਰ ਵਿੱਤ ਮੰਤਰੀ ਸਾਹਿਬ ਨੇ ਕਿਵੇਂ ਉੱਚੇ ਪੱਧਰ ਦੀਆਂ ਮੀਟਿੰਗਜ਼ ਕੀਤੀਆਂ । ਇਹ ਸਾਰਾ ਕੁਝ ਉਹ ਆਪਣੀ ਸਪੀਚ ਵਿਚ ਦੱਸਣਗੇ । 26 ਫਰਵਰੀ, 1974 ਤਕ ਜਿਹੜੀ ਰਿਪੋਰਟ ਹੈ ਉਹ ਮੈਂ ਤੁਹਾਡੀਆਂ ਨਜ਼ਰਾਂ ਵਿਚ ਲਿਆਉਣਾ ਚਾਹੁੰਦੀ ਹਾਂ ।

ਪਟਿਆਲੇ ਵਿਚ ਸੈਂਟ ਪਰ ਸੈਂਟ ਅਲਾਟਮੈਂਟ ਹੋ ਚੁਕੀ ਹੈ । (ਥਪਿੰਗ) 13,603 ਪਲਾਟ ਸਨ ਔਰ ਸਾਰਿਆਂ ਨੂੰ ਕਬਜ਼ੇ ਦਿੱਤੇ ਗਏ ਹਨ । ਸੰਗਰੂਰ ਵਿਚ 14,974 ਨੂੰ ਫਿਜ਼ੀਕਲ ਪੁਜ਼ੈਸ਼ਨ ਦਿੱਤੇ ਗਏ । ਉਥੇ ਕਬਜ਼ਿਆਂ ਦਾ ਕੰਮ 100 ਫ਼ੀ ਸਦੀ ਹੋਇਆ ਹੈ । ਫ਼ਰੀਦਕੋਟ ਵਿਚ 8,516 ਨੂੰ ਅਲਾਟਮੈਂਟ ਹੋਈ ਔਰ ਸੈਂਟ ਪਰਸੈਂਟ ਕਬਜ਼ੇ ਦਿਤੇ ਗਏ । ਬਠਿੰਡੇ ਵਿਚ 18,676 ਵਿਚੋਂ 17,695 ਨੂੰ ਕਬਜ਼ਾ ਦਿਤਾ ਗਿਆ ਹੈ । ਇਹ 94 ਫ਼ੀ ਸਦੀ ਬਣਦਾ ਹੈ । ਲੁਧਿਆਣੇ ਵਿਚ 19,760 ਵਿਅਕਤੀਆਂ ਨੂੰ ਅਲਾਟਮੈਂਟ ਹੋਈ ਔਰ ਉਥੇ ਸੈਂਟ ਪਰਸੈਂਟ ਕਬਜ਼ਾ ਦਿੱਤਾ ਗਿਆ ਹੈ । ਜਲੰਧਰ ਵਿਚ 15,875 ਵਿਚੋਂ 15,261 ਨੂੰ ਦਿੱਤਾ ਗਿਆ ਔਰ ਇਹ 90 ਫ਼ੀ ਸਦੀ ਬਣਦਾ ਹੈ । ਕਪੂਰਥਲੇ ਵਿਚ 6,869 ਨੂੰ ਕਬਜ਼ਾ ਦਵਾ ਕੇ 48 ਫ਼ੀ ਸਦੀ ਕਾਮਯਾਬੀ ਹਾਸਲ ਕੀਤੀ ਹੈ ਔਰ ਦੋ ਤਿੰਨਾਂ ਦਿਨਾਂ ਵਿਚ ਇਹ 100 ਫ਼ੀ ਸਦੀ ਹੋ ਜਾਵੇਗਾ । ਫ਼ਿਰੋਜ਼ਪੁਰ ਵਿਚ 19,471 ਨੂੰ ਫ਼ਿਜ਼ੀਕਲ ਕਬਜ਼ਾ ਦੇ ਕੇ 100

[ਰਾਜ ਮੰਤਰੀ, ਮਕਾਨ ਉਸਾਰੀ]

ਫ਼ੀ ਸਦੀ ਕਾਮਯਾਬੀ ਹਾਸਲ ਕੀਤੀ । ਅੰਮ੍ਰਿਤਸਰ ਵਿਚ 33,002 ਵਿਚੋਂ 31,061 ਨੂੰ ਕਬਜ਼ਾ ਮਿਲਿਆ, ਇਹ 99 ਫ਼ੀ ਸਦੀ ਬਣਦਾ ਹੈ । ਹੁਸ਼ਿਆਰਪੁਰ ਵਿਚ 10,370 ਵਿਚੋਂ 8,421 ਨੂੰ ਕਬਜ਼ਾ ਦਿੱਤਾ ਗਿਆ ਇਹ ਕੋਈ 81 ਫ਼ੀ ਸਦੀ ਬਣਦਾ ਹੈ ।

ਇਥੇ ਮੈਂ ਇਹ ਗੱਲ ਵੀ ਦੱਸਣਾ ਚਾਹੁੰਦੀ ਹਾਂ ਕਿ ਰੋਪੜ ਵਿਚ ਸਿਰਫ਼ 15 ਫ਼ੀ ਸਦੀ ਹੀ ਕੰਮ ਹੋਇਆ ਹੈ । ਮੇਰੀ ਨਜ਼ਰ ਵਿਚ ਆਇਆ ਹੈ ਕਿ ਉਥੇ ਦੇ ਕੁਝ ਲੋਕਾਂ ਨੇ ਕੋਸ਼ਿਸ਼ ਕੀਤੀ ਹੈ ਕਿ ਪੰਚਾਇਤਾਂ ਨੂੰ ਕਿਹਾ ਜਾਵੇ ਕਿ ਉਹ ਰੈਜ਼ੋਲਿਊਸ਼ਨ ਪਾਸ ਨਾ ਕਰਨ । ਇਸ ਤਰ੍ਹਾਂ ਹੀ ਗੁਰਦਾਸਪੁਰ ਵਿਚ ਵੀ ਘੱਟ ਕੰਮ ਹੋਇਆ ਹੈ ।

ਇਕ ਗੱਲ ਮੈਂ ਹੋਰ ਮੈਂਬਰ ਸਾਹਿਬਾਨ ਦੀ ਜਾਣਕਾਰੀ ਲਈ ਦੱਸਣਾ ਚਾਹੁੰਦੀ ਹਾਂ ਕਿ ਇੱਕੀ ਬਲਾਕਾਂ ਵਿਚੋਂ ਵੇਰਕਾ, ਜੰਡਿਆਲਾ ਤੇ ਤਿੱਖੀਵਿੰਡ ਬਲਾਕਾਂ ਨੂੰ ਸੈਂਟਰ ਨੇ ਇਸ ਸਕੀਮ ਅਧੀਨ ਸੈਂਕਸ਼ਨ ਦਿੱਤੀ । ਇਨ੍ਹਾਂ ਬਲਾਕਾਂ ਵਾਸਤੇ 30—32 ਲੱਖ ਰੁਪਏ ਪੰਜਾਬ ਸਰਕਾਰ ਨੂੰ ਮਿਲੇ ਹਨ । ਮੈਂ ਜ਼ਿਆਦਾ ਟਾਈਮ ਨਹੀਂ ਲੈਣਾ ਚਾਹੁੰਦੀ ਲੇਕਿਨ ਸਾਰੇ ਮੈਂਬਰ ਸਾਹਿਬਾਨ ਇਕ ਨੂੰ ਇਕ ਰੀਕੁਐਸਟ ਕਰਨਾ ਚਾਹੁੰਦੀ ਹਾਂ ਕਿ ਆਪ ਸਹਿਯੋਗ ਦਿਓ ਔਰ ਇਹ ਜਿਹੜੀ ਸਕੀਮ ਹੈ ਇਸ ਨੂੰ ਅੱਛੇ ਤੋਂ ਅੱਛੇ ਤਰੀਕੇ ਨਾਲ ਜਲਦੀ ਤੋਂ ਜਲਦੀ ਇਹ ਕੰਮ ਸਿਰੇ ਚਾੜ੍ਹੀਏ । ਔਰ ਮੈਨੂੰ ਇਹ ਦੱਸਣ ਵਿਚ ਖੁਸ਼ੀ ਮਹਿਸੂਸ ਹੁੰਦੀ ਹੈ ਕਿ ਸਰਕਾਰ ਕੋਆਪ੍ਰੇਟਿਵ ਹਾਊਸਿੰਗ ਸੋਸਾਇਟੀਜ਼ ਬਣਾ ਕੇ, ਹਾਊਸਿੰਗ ਡਿਪਾਰਟਮੈਂਟ ਰਾਹੀਂ ਔਰ ਜ਼ਿਲ੍ਹੇ ਪੱਧਰ ਦੇ ਅਫ਼ਸਰਾਂ ਦੀ ਮੱਦਦ ਨਾਲ ਜਲਦੀ ਤੋਂ ਜਲਦੀ ਇਹ ਕੰਮ ਕੰਪਲੀਟ ਕਰਨ ਦੀ ਕੋਸ਼ਿਸ਼ ਕਰ ਰਹੀ ਹੈ । ਹਾਊਸਿੰਗ ਡਿਪਾਰਟਮੈਂਟ ਨਮੂਨੇ ਦੇ ਤੌਰ ਤੇ ਇਕ ਮਕਾਨ ਬਣਾ ਕੇ ਦੇਵੇਗਾ ਔਰ ਸਰਕਾਰ ਚਾਹੁੰਦੀ ਹੈ ਕਿ ਬਾਕੀ ਮਕਾਨ ਇਸੇ ਹੀ ਨਮੂਨੇ ਦੇ ਬਣਾਏ ਜਾਣ । (ਥੰਪਿੰਗ)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਆਨਰੇਬਲ ਲੇਡੀ ਮੈਂਬਰ ਆਪਣੀ ਸਪੀਚ ਦੇ ਦੌਰਾਨ ਕਹਿ ਗਏ ਹਨ ਕਿ ਸੈਂਟ ਪਰਸੈਂਟ ਕਬਜ਼ੇ ਅਲਾਟੀਆਂ ਨੂੰ ਮਿਲ ਗਏ ਹਨ । ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ 100 ਫ਼ੀ ਸਦੀ ਕਬਜ਼ਿਆਂ ਬਾਰੇ ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਬਿਲਕੁਲ ਗ਼ਲਤ ਹੈ । ਬੜੀ ਹੀ ਘੱਟ ਗਿਣਤੀ ਵਿਚ ਪਲਾਟਸ ਦਾ ਕਬਜ਼ਾ ਦਿੱਤਾ ਗਿਆ ਹੈ ।

ਰਾਜ ਮੰਤਰੀ, ਮਕਾਨ ਉਸਾਰੀ : ਸਪੀਕਰ ਸਾਹਿਬ. ਲੀਡਰ ਆਫ਼ ਦੀ ਆਪੋਜ਼ੀਸ਼ਨ ਨੇ ਖੜ੍ਹੇ ਹੋ ਕੇ ਕਿਹਾ ਹੈ ਔਰ ਅਫ਼ਸੋਸ ਹੈ ਪ੍ਰਗਟ ਕੀਤਾ ਹੈ ਕਿ ਸੈਂਟ ਪਰਸੈਂਟ ਕਬਜ਼ੇ ਨਹੀਂ ਮਿਲੇ । ਸਪੀਕਰ ਸਾਹਿਬ, ਮੈਂ ਇਸ ਹਾਊਸ ਦੀ ਇਕ ਜ਼ਿੰਮੇਵਾਰ ਮੈਂਬਰ ਹਾਂ । ਮੇਰੇ ਪਾਸ ਜਿਤਨੀ ਦੇਰ ਤੱਕ ਰਿਪੋਰਟ ਨਹੀਂ ਆਉਂਦੀ ਮੈਂ ਕੁਝ ਨਹੀਂ ਕਹਿੰਦੀ । (ਥੰਪਿੰਗ)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਇਹ ਗੱਲ ਕਿਸੇ ਹੋਰ ਵਜ਼ੀਰ ਪਾਸੋਂ ਅਖਵਾ ਦਿੰਦੇ ਤਾਂ ਠੀਕ ਗੱਲ ਸੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਵਜ਼ੀਰ ਸਾਹਿਬਾ ਨੂੰ ਵਾਕਫ਼ੀਅਤ ਨਹੀਂ ਹੈ । ਡਿਪਟੀ ਕਮਿਸ਼ਨਰਜ਼ ਜਿਹੜੀਆਂ ਰਿਪੋਰਟਸ ਭੇਜਦੇ ਹਨ ਉਹ ਉਨ੍ਹਾਂ ਪਰਚੀਆਂ ਦੇ ਅਧਾਰ ਤੇ ਹੀ ਭੇਜਦੇ ਹਨ ਜਿਹੜੀਆਂ ਕਿ ਉਹ ਕਬਜ਼ੇ ਲਈ ਦਿੰਦੇ ਹਨ ।

ANNOUNCEMENTS BY THE SPEAKER

ਸ੍ਰੀ ਸਪੀਕਰ : ਅੱਜ ਸਾਢੇ ਚਾਰ ਵਜੇ ਹੋਸਟਲ ਵਿਚ ਨਵਾਂ ਟੈਲੀਫੋਨ ਐਕਸਚੇਂਜ ਜਿਹੜਾ ਲੱਗਾ ਹੈ ਉਸ ਦਾ ਉਦਘਾਟਨ ਇਸ ਹਾਊਸ ਦੇ ਪੁਰਾਣੇ ਲੈਜਿਸਲੇਟਰ ਚੌਧਰੀ ਸੁੰਦਰ ਸਿੰਘ ਜੀ ਕਰਨਗੇ। ਉਥੇ ਚਾਹ ਵੀ ਪਿਲਾਈ ਜਾਵੇਗੀ । ਸਾਰੇ ਮੈਂਬਰ ਸਾਹਿਬਾਨ ਉਥੇ ਤਸ਼ਰੀਫ ਲਿਆਉਣ ਦੀ ਖੇਚਲ ਕਰਨ।

(New Telephone Exchange recently installed in the MLAs. Hostel will be inaugurated by Ch. Sunder Singh, a senior Member of this House at 4.30 p.m. to-day. Tea will also be served there. All the Members are requested to grace the occasion.)

(ਇਸ ਸਮੇਂ ਮੁੱਖ ਮੰਤਰੀ ਬੋਲਣ ਲਈ ਖੜ੍ਹੇ ਹੋਏ ।)

ਸ੍ਰੀ ਸਪੀਕਰ : ਸੀ. ਐਮ. ਸਾਹਿਬ, ਇਕ ਮਿੰਟ ਜ਼ਰਾ ਮੈਂ ਤੁਹਾਨੂੰ ਇਨਟਰੱਪਟ ਕਰਨ ਲੱਗਾ ਹਾਂ ।

ਮੈਂ ਸਾਰੇ ਮੈਂਬਰ ਸਾਹਿਬਾਨ ਦੀ ਗਿਆਤ ਲਈ ਇਹ ਦੱਸਣਾ ਚਾਹੁੰਦਾ ਹਾਂ ਕਿ ਅੱਜ ਸਾਢੇ ਚਾਰ ਵਜੇ ਰੈਜ਼ੋਲਿਊਸ਼ਨਜ਼ ਨੂੰ ਬੈਲੱਟ ਕਰਨ ਦਾ ਟਾਈਮ ਰੱਖਿਆ ਹੋਇਆ ਸੀ ਪਰ ਇਹ ਟਾਈਮ ਹੋਸਟਲ ਦੇ ਟੈਲੀਫੋਨ ਐਕਸਚੇਂਜ ਦੇ ਉਦਘਾਟਨ ਦੇ ਟਾਈਮ ਨਾਲ ਕਲੈਸ਼ ਕਰਦਾ ਹੈ । ਇਸ ਕਰਕੇ ਜੇਕਰ ਮੈਂਬਰ ਸਾਹਿਬਾਨ ਐਗਰੀ ਕਰਨ ਤਾਂ ਹਾਊਸ ਤੋਂ ਫ਼ੌਰਨ ਬਾਅਦ ਹੀ ਰੈਜ਼ੋਲਿਊਸ਼ਨਜ਼ ਬੈਲੱਟ ਕਰ ਲਏ ਜਾਣ ।

(**ਆਵਾਜ਼ਾਂ** : ਠੀਕ ਹੈ ਜੀ ।)

ਜਿਹੜੇ ਮੈਂਬਰ ਸਾਹਿਬਾਨ ਇਨਟਰੈੱਸਟਿਡ ਹਨ ਉਹ ਸਕੱਤਰ ਸਾਹਿਬ ਪਾਸ ਹਾਊਸ ਖ਼ਤਮ ਹੋਣ ਪਿਛੋਂ ਤਸ਼ਰੀਫ਼ ਲੈ ਆਉਣ ।

(*Addressing the hon. Chief Minister* : I am sorry to interrupt you.)

I would inform all the Members that the time for balloting of the resolutions was fixed at 4.30 p. m. But this time clashes with the time of Inauguration Ceremony of the newly installed Telephone Exchange in the Hostel. Therefore, if the House agrees, the resolutions may be ballotted immediately after the Session is over.

(**Voices : Yes Yes.**)

The Members who are interested may visit the room of the Secretary, after the sitting of the House is over.

DISCUSSION ON GOVERNOR'S ADDRESS (*Resumption*)

ਮੁੱਖ ਮੰਤਰੀ : (ਗਿਆਨੀ ਜ਼ੈਲ ਸਿੰਘ) ਸਪੀਕਰ ਸਾਹਿਬ, ਗਵਰਨਰ ਸਾਹਿਬ ਦੇ ਐਡਰੈੱਸ ਉਤੇ ਵਿਰੋਧੀ ਦੱਲ ਦੇ ਨੇਤਾ ਅੌਰ ਸੀ.ਪੀ.ਆਈ ਗਰੁੱਪ ਦੇ ਨੇਤਾ ਨੇ ਆਪਣੀਆਂ ਆਪਣੀਆਂ ਤਕਰੀਰਾਂ ਵਿਚ ਬਹੁਤ ਹੱਦ ਤਕ ਤਾਮੀਰੀ ਨੁਕਤਾਚੀਨੀ ਕਰਨ ਵਲ ਧਿਆਨ ਰਖਿਆ ਹੈ ਅੌਰ ਕਾਫ਼ੀ ਚੰਗੇ ਸੁਝਾਓ ਦਿੱਤੇ ਹਨ ਜਿਨ੍ਹਾਂ ਦੀ ਮੈਂ ਕਦਰ ਕਰਦਾ ਹਾਂ । ਭਾਂਵੇ ਕੁਝ ਗੱਲਾਂ ਵਿਚ ਉਹ ਜ਼ਿਆਦਤੀ ਕਰ ਗਏ ਹਨ ਅੌਰ ਉਸ ਬਾਰੇ ਮੈਂ ਸਮਝਦਾ ਹਾਂ ਕਿ ਆਪੋਜ਼ੀਸ਼ਨ ਪਾਰਟੀ ਦੀਆਂ ਮਜ਼ਬੂਰੀਆਂ ਹੁੰਦੀਆਂ ਹਨ। ਉਨ੍ਹਾਂ ਮਜ਼ਬੂਰੀਆਂ ਕਰਕੇ ਉਨ੍ਹਾਂ ਨੇ ਕੁਝ ਕੁਝ ਜ਼ਿਆਦਤੀ ਕੀਤੀ ਹੈ। ਬਾਕੀ ਦੇ ਹਾਊਸ ਦੇ ਮੈਂਬਰ ਸਾਹਿਬਾਨ ਨੇ ਬੜੇ ਚੰਗੇ ਮਾਹੌਲ ਵਿਚ ਗਵਰਨਰ ਸਾਹਿਬ ਦੇ ਐਡਰੈੱਸ ਨੂੰ ਵਿਚਾਰਿਆ ਹੈ। ਕੁਝ ਚੀਜ਼ਾਂ ਜਿਹੜੀਆਂ ਕਿ ਇਸ ਹਾਊਸ ਵਿਚ ਨਾ ਵੀ ਆਉਦੀਆਂ ਤਾਂ ਵੀ ਕੋਈ ਨੁਕਸਾਨ ਨਹੀਂ ਸੀ ਪੰਜਾਬ ਦਾ ਪਰ ਬਦਕਿਸਮਤੀ ਨਾਲ ਉਹ ਵੀ ਆਈਆਂ। ਬਰਾੜ ਸਾਹਿਬ ਨੇ ਜੋ ਸੁਝਾਓ ਦਿਤੇ ਹਨ ਮੈਂ ਉਨ੍ਹਾਂ ਪ੍ਰਤੀ ਤੁਹਾਡੀ ਸੇਵਾ ਵਿਚ ਇਹ ਬੇਨਤੀ ਕਰ ਦੇਣੀ ਮੁਨਾਸਿਬ ਸਮਝਦਾ ਹਾਂ ਕਿ ਜੋ ਬਿਜ਼ਨਿਸ ਐਡਵਾਇਜ਼ਰੀ ਕਮੇਟੀ ਬਣੀ ਹੈ, ਉਸ ਵਿਚ ਸਾਰੀਆਂ ਪਾਰਟੀਆਂ ਦੇ

[ਮੁੱਖ ਮੰਤਰੀ]

ਮੈਂਬਰਜ਼ ਹਨ, ਉਹ ਸੋਚ ਵਿਚਾਰ ਕੇ ਜੋ ਚੀਜਾਂ ਸਾਡੇ ਹਾਊਸ ਦੇ ਔਰ ਪਾਰਲੀਮੈਂਟਰੀ ਲੋਕ ਰਾਜੀ ਸਿਧਾਂਤ ਦੇ ਅਨੁਕੂਲ ਹੁੰਦੀਆਂ ਹਨ ਉਨ੍ਹਾਂ ਤੇ ਅਮਲ ਕਰਨ ਲਈ ਪ੍ਰੋਗਰਾਮ ਬਣਾਉਂਦੇ ਹਨ ਅਤੇ ਉਸ ਦੀ ਪ੍ਰਵਾਨਗੀ ਹਾਊਸ ਦਿੰਦਾ ਹੈ । ਸਾਨੂੰ ਉਸ ਅਨੁਸਾਰ ਕਾਰਵਾਈ ਅਤੇ ਕੋਸ਼ਿਸ਼ ਕਰਨੀ ਚਾਹੀਦੀ ਹੈ । ਔਰ ਹਾਊਸ ਦੀ ਡਿਗਨਿਟੀ ਨੂੰ ਕਾਇਮ ਰੱਖਣਾ ਚਾਹੀਦਾ ਹੈ । ਕਿਸੇ ਪਾਸੇ ਦਾ ਵੀ ਮੈਂਬਰ ਹੋਵੇ ਜੋ ਉਹ ਦੂਸਰੇ ਮੈਂਬਰ ਦੀ ਬੇਇੱਜ਼ਤੀ ਕਰਦਾ ਹੈ ਤਾਂ ਮੈਂ ਮਹਿਸੂਸ ਕਰਦਾ ਹਾਂ ਕਿ ਉਹ ਸਾਰੇ ਹੀ ਪੰਜਾਬ ਦੀ ਬੇਇਜ਼ਤੀ ਹੁੰਦੀ ਹੈ, ਕਿਉਂਕਿ ਉਹ ਲੋਕਾਂ ਦਾ ਨੁਮਾਇੰਦਾ ਹੁੰਦਾ ਹੈ । ਇਸ ਲਈ ਸਾਨੂੰ ਹਰ ਮੈਂਬਰ ਦੀ ਇੱਜ਼ਤ ਆਪਣੀ ਇੱਜ਼ਤ ਸਮਝਣੀ ਚਾਹੀਦੀ ਹੈ । (ਥੰਪਿੰਗ)

ਸਪੀਕਰ ਸਾਹਿਬ, ਇਹ ਪਹਿਲਾ ਮੌਕਾ ਹੈ ਜਦੋਂ ਕਿ ਸਰਕਾਰੀ ਕਰਮਚਾਰੀਆਂ ਨੇ ਆਪਣੀ ਤਜਵੀਜ਼ ਕੀਤੀ ਹੋਈ ਹੜਤਾਲ ਨੂੰ ਬੰਦ ਕਰ ਦਿਤਾ ਔਰ ਕੀਤਾ ਵੀ ਅਨਿਸਚਿਤ ਸਮੇਂ ਲਈ ਔਰ ਬਿਨਾਂ ਕਿਸੇ ਸ਼ਰਤ ਦੇ । ਮੈਂ ਉਨ੍ਹਾਂ ਕਰਮਚਾਰੀਆਂ ਦਾ, ਕਰਮਚਾਰੀਆਂ ਦੇ ਆਗੂਆਂ ਦਾ ਪ੍ਰਸ਼ੰਸ਼ਕ ਹਾਂ ਔਰ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਨੇ ਸਾਡੇ ਦੇਸ਼ ਦੀ ਔਰ ਸੂਬੇ ਦੀ ਹਾਲਤ ਨੂੰ ਮੱਦੇ-ਨਜ਼ਰ ਰੱਖ ਕੇ ਹੜਤਾਲ ਔਰ ਐਜੀਟੇਸ਼ਨ ਦਾ ਰਸਤਾ ਇਖ਼ਤਿਆਰ ਨਹੀਂ ਕੀਤਾ । ਇਸ ਬਾਰੇ ਸਰਕਾਰ ਦੀ ਜੋ ਪੁਜ਼ੀਸ਼ਨ ਹੈ, ਉਹ ਬਿਲਕੁਲ ਸਾਫ਼ ਹੈ । ਅਸੀਂ ਆਪਣੇ ਦਰਵਾਜ਼ੇ ਸਾਰਿਆਂ ਲਈ, ਬਾਤਚੀਤ ਲਈ ਖੁਲ੍ਹੇ ਰਖੇ ਸਨ, ਹੁਣ ਵੀ ਖੁਲ੍ਹੇ ਹਨ । ਮੈਂ ਚਾਹਾਂਗਾ ਕਿ ਸਾਰੇ ਜਾਂ ਕੋਈ ਕਰਮਚਾਰੀ ਇੰਡੀ-ਵਿਜੁਅਲ ਵੀ ਆਪਣੀ ਬਾਤ ਕਹਿਣਾ ਚਾਹੁੰਦਾ ਹੋਵੇਗਾ ਤਾਂ ਉਸ ਨੂੰ ਫ਼ੁਲ ਟਾਈਮ ਦਿੱਤਾ ਜਾਵੇਗਾ, ਵਿਚਾਰਿਆ ਜਾਵੇਗਾ ਅਤੇ ਜੋ ਮੁਨਾਸਿਬ ਉਨ੍ਹਾਂ ਦੀ ਮੰਗ ਹੋਵੇਗੀ, ਜਾਂ ਮੰਗਾਂ ਹੋਣਗੀਆਂ, ਉਨ੍ਹਾਂ ਤੇ ਹਮਦਰਦੀ ਅਤੇ ਪਿਆਰ ਨਾਲ ਸੋਚਿਆ ਜਾਵੇਗਾ (ਸਰਕਾਰੀ ਬੈਂਚਿਜ਼ ਵਲੋਂ ਥੰਪਿਗ) ਮੈਂ ਇਹ ਵਿਸ਼-ਵਾਸ ਰਖਦਾ ਹਾਂ ਕਿ ਜਿਹੜੇ ਵੱਡੇ ਤੇ ਛੋਟੇ ਕਰਮਚਾਰੀ ਸਰਕਾਰ ਦੇ ਹਨ, ਉਹ ਸਰਕਾਰ ਦਾ ਇਕ ਅੰਗ ਹਨ ਅਤੇ ਇਹ ਅਸੀਂ ਨਹੀਂ ਚਾਹੁੰਦੇ ਕਿ ਕਿਸੇ ਵੀ ਅੰਗ ਨੂੰ ਕਮਜ਼ੋਰ ਹੋਣ ਦਿੱਤਾ ਜਾਵੇ । ਪਰ ਇਸ ਦੇ ਨਾਲ ਮੈਂ ਇਹ ਵੀ ਕਹਾਂਗਾ ਸਾਰੇ ਪੁਲਿਟੀਕਲ ਸੈਕਸ਼ਨਜ਼ ਨੂੰ, ਹਰ ਖਿਆਲ ਦੇ ਲੋਕਾਂ ਨੂੰ ਕਿ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਜਿਹੜੇ ਲੋਕ ਆਰਗੇਨਾਈਜ਼ ਨਹੀਂ ਹੋ ਸਕਦੇ, ਜਿਨ੍ਹਾਂ ਕੋਲ ਘਰ ਵੀ ਨਹੀਂ; ਰੋਟੀ ਵੀ ਨਹੀਂ ਮਿਲਦੀ, ਕਪੜਾ ਵੀ ਨਹੀਂ ਮਿਲਦਾ ਅਤੇ ਕੰਮ ਵੀ ਨਹੀਂ ਮਿਲਦਾ, ਉਨ੍ਹਾਂ ਲੋਕਾਂ ਦੀ ਹਾਲਤ ਸੁਧਾਰਨ ਵਾਸਤੇ ਸਾਨੂੰ ਖ਼ਾਸ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਸ ਮੁਸੀਬਤ ਵਿਚੋਂ ਇਸ ਵੇਲੇ ਸਾਡਾ ਦੇਸ਼, ਆਰਥਿਕ ਸੰਕਟ ਵਿਚੋਂ ਲੰਘ ਰਿਹਾ ਹੈ, ਉਸ ਨੂੰ ਧਿਆਨ ਵਿਚ ਰਖ ਕੇ ਸਾਨੂੰ ਆਪਣੇ ਫ਼ੈਸਲੇ ਅਤੇ ਨੀਤੀ ਬਣਾਉਣੀ ਚਾਹੀਦੀ ਹੈ, ਤਾਂ ਜੋ ਜਿਹੜਾ ਬੇਜ਼ਬਾਨ ਤਬਕਾ ਹੈ, ਨਾ ਹੜਤਾਲ ਕਰ ਸਕਦਾ ਹੈ, ਨਾ ਐਜੀਟੇਸ਼ਨ ਕਰ ਸਕਦਾ ਹੈ ਅਤੇ ਨਾ ਜੱਥੇਬਦੀ ਬਣਾ ਕੇ ਕਿਤੇ ਜਾ ਸਕਦਾ ਹੈ, ਉਨ੍ਹਾਂ ਦਾ ਧਿਆਨ ਰਖਿਆ ਜਾਵੇ ।

ਸਪੀਕਰ ਸਾਹਿਬ, ਮੈਨੂੰ ਇਹ ਗੱਲ ਦੱਸਣ ਵਿਚ ਪ੍ਰਸੰਨਤਾ ਹੈ ਕਿ ਪ੍ਰਾਇਮਰੀ ਟੀਚਰਜ਼ ਦੀ ਜਿਹੜੀ ਬੜੀ ਦੇਰ ਤੋਂ ਇਹ ਮੰਗ ਸੀ ਕਿ ਪ੍ਰਾਇਮਰੀ ਐਜੂਕੇਸ਼ਨ ਦਾ ਡਾਇਰੈਕਟਰੇਟ ਜੁਦਾ ਕਰ ਦਿੱਤਾ ਜਾਵੇ । ਉਸ ਨੂੰ ਸਰਕਾਰ ਨੇ ਪ੍ਰਵਾਨ ਕਰ ਲਿਆ ਹੈ ਗੌਰਮਿੰਟ ਨੇ ਇਹ ਫ਼ੈਸਲਾ ਲੈ ਲਿਆ ਹੈ ਕਿ ਪ੍ਰਾਇਮਰੀ ਐਜੂਕੇਸ਼ਨ ਦਾ ਡਾਇਰੈਕਟੋਰੇਟ ਬਣਾ ਦਿੱਤਾ ਜਾਵੇ। (ਟਰੇਜ਼ਰੀ ਬੈਂਚਾਂ ਵਲੋਂ ਥੰਪਿੰਗ ।)

ਪ੍ਰਾਈਵੇਟ ਕਾਲੇਜ ਟੀਚਰਜ਼ ਯੂਨੀਅਨ, ਉਨ੍ਹਾਂ ਦੀ ਐਸੋਸੀਏਸ਼ਨ ਦੇ ਕੁਝ ਮੈਂਬਰ ਸਾਹਿਬਾਨ ਮਿਲੇ ਸਨ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਾਂਗਰਸ ਦੀ ਸੰਸਥਾ ਦਾ ਪਰੈਜ਼ੀਡੈਂਟ ਹੁੰਦਾ ਹੋਇਆ ਵੀ ਕੁਮਿੱਟਿਡ ਹਾਂ ਅਤੇ ਮੁੱਖ ਮੰਤਰੀ ਦੇ ਤੌਰ ਤੇ ਵੀ ਕੁਮਿੱਟਿਡ ਹਾਂ ਕਿ ਉਨ੍ਹਾਂ ਦੀ ਸੈਕਿਉਰਿਟੀ ਆਫ਼ ਸਰਵਿਸ ਦਾ ਬਿਲ ਲਿਆਉਣਾ ਚਾਹੀਦਾ ਹੈ । ਅਸੀਂ ਇਸੇ ਸੈਸ਼ਨ ਵਿਚ ਉਹ ਬਿੱਲ ਲਿਆ ਰਹੇ ਹਾਂ ।

ਸਪੀਕਰ ਸਾਹਿਬ, ਸ਼ਹਿਰੀ ਆਜ਼ਾਦੀ ਦੇ ਸੰਬੰਧ ਵਿਚ ਕੁਝ ਦੋਸਤਾਂ ਨੇ ਸ਼ਿਕਾਇਤ ਕੀਤੀ ਹੈ। ਮੈਂ ਉਨ੍ਹਾਂ ਦੇ ਸੈਂਟੀਮੈਂਟਸ ਨਾਲ ਆਪਣੇ ਆਪ ਨੂੰ ਸ਼ਾਮਲ ਕਰਦਾ ਹਾਂ ਔਰ ਉਨ੍ਹਾਂ ਨੂੰ ਇਹ ਵੀ ਅਪੀਲ ਕਰਦਾ ਹਾਂ ਕਿ ਜਮਹੂਰੀਅਤ ਦੇ ਸੁਨਿਹਰੀ ਅਸੂਲਾਂ ਨੂੰ ਮੁੱਖ ਰਖਦੇ ਹੋਏ ਉਹ ਮੇਰੇ ਨਾਲ ਸਹਿਮਤੀ ਪ੍ਰਗਟ ਕਰਨਗੇ ਕਿ ਸ਼ਹਿਰੀ ਆਜ਼ਾਦੀ ਦਾ ਮਤਲਬ ਇਹ ਹੈ ਕਿ ਲੋਕਾਂ ਦੀ ਜਾਨ ਤੇ ਮਾਲ ਸੁਰੱਖਿਅੱਤ ਹੋਵੇ, ਆਜ਼ਾਦੀ ਨਾਲ ਲੋਕ ਟੁਰ ਸਕਣ ਔਰ ਦਰੁੱਸਤ ਬਾਤ ਲੋਕਾਂ ਨੂੰ ਕਹਿ ਸਕਣ ਔਰ ਜਿੱਥੇ ਕੋਈ ਗ਼ਲਤ ਬਾਤ ਹੋ ਰਹੀ ਹੋਵੇ, ਉਸ ਨੂੰ ਰੋਕਣ ਵਾਸਤੇ ਆਪਣੀ ਆਵਾਜ਼ ਬੁਲੰਦ ਕਰ ਸਕਣ। ਪਰ ਜਿਸ ਜਗ੍ਹਾ ਇਹ ਹੋ ਜਾਵੇ ਕਿ ਕਿਸੇ ਪਾਰਟੀਕੁਲਰ ਸੈਕੱਸ਼ਨ ਨੂੰ ਖੁਲ੍ਹ ਦਿੱਤੀ ਜਾਵੇ ਕਿ ਉਹ ਕਿਸੇ ਨੂੰ ਬੋਲਣ ਨਾ ਦੇਵੇ ਔਰ ਇਸ ਤਰ੍ਹਾਂ ਦੀ ਹਾਲਤ ਜਿਸ ਨਾਲ ਐਜੀਟੇਸ਼ਨ ਹੁੰਦੀ ਹੈ ਔਰ ਲੋਕ ਜੋਸ਼ ਵਿਚ ਆ ਕੇ ਕੋਈ ਗਲਤ ਕੰਮ ਕਰ ਸਕਦੇ ਹਨ ਜਾਂ ਪਬਲਿਕ ਦੀ ਆਜ਼ਾਦੀ ਨੂੰ ਬਰਬਾਦ ਕਰਨ ਦਾ ਅੰਦੇਸ਼ਾ ਹੋਵੇ ਅਤੇ ਲੋਕਾਂ ਦੀ ਜਾਨ ਖ਼ਤਰੇ ਵਿਚ ਪੈਣ ਦਾ ਅੰਦੇਸ਼ਾ ਹੋਵੇ ਅਤੇ ਕੁਝ ਲੋਕ ਸ਼ਹਿਰੀ ਆਜ਼ਾਦੀ ਦਾ ਨਾਜਾਇਜ਼ ਫ਼ਾਇਦਾ ਉਠਾਉਣਾ ਚਾਹੁੰਦੇ ਹੋਣ, ਇਸ ਤਰ੍ਹਾਂ ਦੀਆਂ ਗੱਲਾਂ ਨੂੰ ਰੋਕਣ ਵਾਸਤੇ ਸਰਕਾਰ ਦੀ ਪਹਿਲੀ ਡਿਊਟੀ ਹੈ ਕਿ ਇਸ ਤਰ੍ਹਾਂ ਦੇ ਐਲੀਮੈਂਟ ਨੂੰ ਦਬਾ ਦਿੱਤਾ ਜਾਵੇ । ਸਰਕਾਰ ਕਾਨੂੰਨ ਤੋਂ ਬਿਨਾ ਲੋਕਾਂ ਦੀ ਜਾਨ ਅਤੇ ਮਾਲ ਦੀ ਰਖਿਆ ਨਹੀਂ ਕਰ ਸਕਦੀ ਅਤੇ ਪਬਲਿਕ ਦੀ ਆਜ਼ਾਦੀ ਦੀ ਰਖਿਆ ਨਹੀਂ ਕਰ ਸਕਦੀ, ਜੇ ਸੰਕਟ ਦੇ ਸਮੇਂ ਹੋਰ ਸੰਕਟ ਪੈਦਾ ਕਰਨ ਦਾ ਉਪਾਏ ਕੀਤਾ ਜਾਂਦਾ ਹੈ ਔਰ ਪੁਲਿਟੀਕਲ ਹੈਂਡਜ਼ ਵਾਸਤੇ, ਆਪਣਾ ਫ਼ਾਇਦਾ ਉਠਾਉਣ ਵਾਸਤੇ ਕੁਝ ਲੋਕਾਂ ਨੂੰ ਮੋਹਰੇ ਲਗਾਇਆ ਜਾਂਦਾ ਹੈ। ਐਸੇ ਹਾਲਾਤ ਵਿਚ ਸਰਕਾਰ ਦਾ ਫ਼ਰਜ਼ ਹੈ ਕਿ ਉਹ ਅਮਨ ਕਾਇਮ ਰੱਖੇ ਅਤੇ ਜੇ ਕਰ ਲੋੜ ਹੋਵੇ ਤਾਂ ਸਖ਼ਤੀ ਵੀ ਕਰਨੀ ਚਾਹੀਦੀ ਹੈ ਔਰ ਐਸੇ ਹਾਲਾਤ ਪੈਦਾ ਕਰਨ ਵਾਲੇ ਆਦਮੀ ਨੂੰ ਬਿਲਕੁਲ ਉੱਠਣ ਨਹੀਂ ਦੇਣਾ ਚਾਹੀਦਾ ਅਤੇ ਸਖ਼ਤ ਕਦਮ ਚੁਕੇ ਜਾਣੇ ਚਾਹੀਦੇ ਹਨ। (ਟਰੇਜ਼ਰੀ ਬੈਂਚਾਂ ਵਲੋਂ ਥੰਪਿੰਗ ।)

ਸਪੀਕਰ ਸਾਹਿਬ, ਦਫਾ 144 ਦਾ ਬੜਾ ਚਰਚਾ ਕੀਤਾ ਹੈ ਔਰ ਕਾਮਰੇਡ ਜੋਸ਼ ਜੀ ਨੇ ਇਹ ਕਾਫ਼ੀ ਜੋਸ਼ ਵਿਚ ਆ ਕੇ ਕਿਹਾ ਔਰ ਜਿਥੇ ਉਨ੍ਹਾਂ ਨੇ ਬਹੁਤ ਚੰਗੇ ਸੁਝਾਓ ਵੀ ਦਿੱਤੇ, ਉਥੇ ਉਨ੍ਹਾਂ ਨੇ ਬੜੀ ਜ਼ਿਆ-ਦਤੀ ਵੀ ਕੀਤੀ ਹੈ। ਦਫ਼ਾ 144 ਕਿਉਂ ਲਗਾਉਣੀ ਪੈਂਦੀ ਹੈ? ਇਸ ਵਾਸਤੇ ਦਫਾ 144 ਲਗਾਉਣੀ ਪੈਂਦੀ ਹੈ ਕਿ ਪਿਛਲੇ ਸਾਲ ਟਰਾਂਸਪੋਰਟ ਦੀਆਂ ਬੱਸਾਂ ਦਾ 24 ਲੱਖ ਰੁਪਏ ਦਾ ਨੁਕਸਾਨ ਹੋਇਆ ਸੀ ਅਤੇ ਬਾਕੀ ਦੇ ਨੁਕਸਾਨ ਨੂੰ ਗਿਣਿਆ ਜਾਵੇ ਤਾਂ ਕਰੋੜ ਦੇ ਨੇੜੇ ਪੁੱਜ ਜਾਂਦਾ ਹੈ। ਇਹੋ ਜਿਹਾ ਨੁਕਸਾਨ ਅਗਰ ਹੋਣ ਦੀ ਸੰਭਾਵਨਾ ਹੋਵੇ ਔਰ ਇਸ ਵਿਚ ਕੁਝ ਐਸੇ ਐਲੀਮੈਂਟ ਵੀ ਹੋਣ ਜਿਹੜੇ ਕੰਟਰੋਲ ਵਿਚ ਨਾ ਆ ਸਕਦੇ ਹੋਣ ਤਾਂ ਇਸ ਚੀਜ਼ ਦਾ ਇੰਤਜ਼ਾਮ ਕਰਨਾ ਹੀ ਚਾਹੀਦਾ ਹੈ। ਮਿਸਾਲ ਦੇ ਤੌਰ ਤੇ ਅਕਾਲੀ ਪਾਰਟੀ ਦੇ ਨੇਤਾ ਸਰਦਾਰ ਜਸਵਿੰਦਰ ਸਿੰਘ ਬਰਾੜ ਨੇ ਦਰੁੱਸਤ ਕਿਹਾ ਹੈ ਕਿ ਉਨ੍ਹਾਂ ਦਾ ਸਿੱਖ ਹੋਮ-ਲੈਂਡ ਨਾਲ ਕੋਈ ਤਆਲੁਕ ਨਹੀਂ ਹੈ ਔਰ ਨਾ ਹੀ ਉਨ੍ਹਾਂ ਦੀ ਇਹ ਮੰਗ ਹੈ। ਮੈਨੂੰ ਵੀ ਵਿਸ਼ਵਾਸ਼ ਹੈ ਕਿ ਇਹ ਅਕਾਲੀ ਪਾਰਟੀ ਦੀ ਮੰਗ ਨਹੀਂ ਹੈ ਅਤੇ ਨਾ ਇਸ ਪਾਰਟੀ ਦਾ ਇਹ ਮਸਲਾ ਹੈ। ਲੇਕਿਨ ਜਦੋਂ ਪਾਰਟੀ ਦੇ ਕੁਝ ਅਹੁਦੇਦਾਰ ਇਸ ਗੱਲ ਦੀਆਂ ਧਮਕੀਆਂ ਦੇ ਦਿੰਦੇ ਹਨ ਕਿ ਅਸੀਂ ਤਲਵਾਰ ਦੇ ਜ਼ੋਰ ਤੇ ਲੈ ਲਵਾਂਗੇ ਤਾਂ ਪਾਰਟੀ ਨੂੰ ਵੀ ਮਜ਼ਬੂਰ ਕਰਦੇ ਹਨ। ਐਸੇ ਹਾਲਾਤ ਵਿਚ ਸਾਨੂੰ ਸੋਚਣਾ ਪੈਂਦਾ ਹੈ ਕਿ ਅਸੀਂ ਕੀ ਨੀਤੀ ਅਖ਼ਤਿਆਰ ਕਰੀਏ ਅਤੇ ਕਿਸ ਤਰ੍ਹਾਂ ਅਮਨ ਕਾਇਮ ਰਖੀਏ। ਜੇ ਕਾਨੂੰਨ ਦੀ ਉਲੰਘਣਾ ਹੁੰਦੀ ਹੋਵੇ ਤਾਂ ਸਰਕਾਰ ਦਾ ਫ਼ਰਜ਼ ਬਣ ਜਾਂਦਾ ਹੈ ਕਿ ਅਸੀਂ ਉਨ੍ਹਾਂ ਪੁਲਿਟੀਕਲ ਲੀਡਰਜ਼ ਦੀ ਇੱਜ਼ਤ ਵੀ ਰਖੀਏ ਅਤੇ ਅਮਨ ਵੀ ਕਾਇਮ ਰਖੀਏ। ਦਫ਼ਾ 144 ਲਗਾ ਦਿਤੀ ਤਾਂ ਕੋਈ ਬਦਅਮਨੀ ਨਹੀਂ ਫ਼ੈਲੀ, ਕੋਈ ਨੁਕਸਾਨ ਨਹੀਂ ਹੋਇਆ ਅਤੇ ਕੋਈ ਝਗੜਾ ਨਹੀਂ ਹੋਇਆ। ਇਸ ਗੱਲ ਦੀ ਖੁਸ਼ੀ ਮੈਂ ਹਾਊਸ ਤੋਂ ਲੈਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਅੱਜ ਕਿਸੇ ਵੀ ਹਿੱਸੇ ਵਿਚ ਦਫ਼ਾ 144 ਨਹੀਂ ਲੱਗੀ ਹੋਈ (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ।) ਦਫ਼ਾ 144 ਦਾ ਅਸੀਂ ਹਰ ਵੇਲੇ ਖ਼ਿਆਲ ਰਖਦੇ ਹਾਂ ਕਿ ਨਾ ਲਗੇ ਅਤੇ ਪੂਰੀ ਆਜ਼ਾਦੀ ਅਸੀਂ ਲੋਕਾਂ ਨੂੰ ਦੇਣਾ ਚਾਹੁੰਦੇ ਹਾਂ।

[ਮੁੱਖ ਮੰਤਰੀ]

ਮੈਂ ਪੰਜਾਬ ਦੇ ਸਟੂਡੈਂਟਸ ਦਾ ਵੀ ਬੜਾ ਮਸ਼ਕੂਰ ਹਾਂ ਕਿ ਉਨ੍ਹਾਂ ਨੂੰ ਕਾਫ਼ੀ ਹੱਦ ਤਕ ਉਕਸਾਨ ਦੀ ਕੋਸ਼ਿਸ਼ ਕੀਤੀ ਗਈ ਉਨ੍ਹਾਂ ਨੇ, ਜਿਨ੍ਹਾਂ ਨੂੰ ਅਤੀਵਾਦੀ ਕਹਿੰਦੇ ਹਨ ਅਤੇ ਜਿਹੜੇ ਬਦਅਮਨੀ ਫ਼ੈਲਾਉਣ ਤੇ ਯਕੀਨ ਰਖਦੇ ਹਨ ਅਤੇ ਅਮਨ ਸ਼ਾਂਤੀ ਵਿਚ ਯਕੀਨ ਨਹੀਂ ਰਖਦੇ, ਸਾਰਿਆਂ ਕੰਮਾਂ ਨੂੰ ਖ਼ਰਾਬ ਕਰਨ ਵਿਚ ਯਕੀਨ ਰਖਦੇ ਹਨ ਇਨ੍ਹਾਂ ਨੇ ਬੜੀ ਕੋਸ਼ਿਸ਼ ਕੀਤੀ, ਇਸ ਐਲੀਮੈਂਟ ਨੇ ਬੜਾ ਜ਼ੋਰ ਲਗਾਇਆ, ਪਰ ਉਹ ਇਸ ਕੋਸ਼ਿਸ਼ ਵਿਚ ਨਾਕਾਮਯਾਬ ਰਹੇ। ਸਟੂਡੈਂਟਸ ਤਾਂ ਪੜ੍ਹਣ, ਲਿਖਣ ਅਮਨ ਅਤੇ ਸ਼ਾਂਤੀ ਚਾਹੁੰਦੇ ਹਨ ਅਤੇ ਇਹ ਗੱਲ ਸਾਬਤ ਹੋਈ ਕਿ ਉਸ ਐਲੀਮੈਂਟ ਨੇ ਸਟੂਡੈਂਟਸ ਨੂੰ ਬਿਲਕੁਲ ਪ੍ਰਭਾਵਿਤ ਨਹੀਂ ਕੀਤਾ। ਸਰਕਾਰ ਸਟੂਡੈਂਟਸ ਦਾ ਹਰ ਤਰ੍ਹਾਂ ਨਾਲ ਖ਼ਿਆਲ ਰਖਣਾ ਚਾਹੁੰਦੀ ਹੈ ਅਤੇ ਇਹ ਚਾਹੁੰਦੀ ਹੈ ਕਿ ਉਹ ਕਿਸੇ ਗ਼ਲਤ ਰਸਤੇ ਤੇ ਨਾ ਪੈਣ। ਜਿਸ ਤਰ੍ਹਾਂ ਮਾਪਿਆਂ ਦਾ ਵੀ ਫ਼ਰਜ਼ ਹੋਂਦਾ ਹੈ ਕਿ ਉਹ ਆਪਣੇ ਬੱਚਿਆਂ ਦਾ ਪੂਰਾ ਪੂਰਾ ਖਿਆਲ ਰਖਣ ਅਤੇ ਜੇ ਬੱਚੇ ਕੋਈ ਗ਼ਲਤ ਕੰਮ ਕਰਦੇ ਹਨ ਅਤੇ ਗ਼ਲਤ ਰਸਤੇ ਤੇ ਚਲਦੇ ਹਨ ਤਾਂ ਮਾਪੇ ਵੀ ਪਿਆਰ ਨਾਲ ਥੱਪੜ ਮਾਰ ਦਿੰਦੇ ਹਨ, ਉਨ੍ਹਾਂ ਨੂੰ ਵੀ ਇਸ ਤਰ੍ਹਾਂ ਕਰਨਾ ਪੈਂਦਾ ਹੈ ਤਾਂ ਜੋ ਬੱਚੇ ਗਲਤ ਰਸਤੇ ਤੇ ਨਾ ਲਗ ਜਾਣ। ਮੈਂ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਨਾ ਹੀ ਕਿਸੇ ਸਰਕਾਰੀ ਕਰਮਚਾਰੀ ਅਤੇ ਨਾ ਹੀ ਕਿਸੇ ਸਟੂਡੈਂਟ ਨਾਲ ਬਦਲਾ ਲੈਣਾ ਚਾਹੁੰਦੇ ਹਾਂ। ਅਸੀਂ ਤਾਂ ਸਰਕਾਰ ਠੀਕ ਤਰੀਕੇ ਨਾਲ ਚਲਾਉਣੀ ਹੈ ਅਤੇ ਜਿਹੜੇ ਗ਼ਲਤ ਤਰੀਕੇ ਨਾਲ ਐਜੀਟੇਸ਼ਨ ਹੁੰਦੇ ਹਨ ਅਤੇ ਜਿਹੜੀ ਹੋਰ ਗੜਬੜ ਫ਼ੈਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਉਨ੍ਹਾਂ ਨੂੰ ਅਸੀਂ ਮਜ਼ਬੂਤੀ ਅਤੇ ਫ਼ਰਮਨੈੱਸ ਨਾਲ ਦਬਾਉਣਾ ਹੈ। ਸਪੀਕਰ ਸਾਹਿਬ, ਜੇ ਫ਼ਰਮਨੈੱਸ ਨਾ ਹੋਵੇ ਤਾਂ ਸਰਕਾਰ ਚੱਲ ਨਹੀਂ ਸਕਦੀ। ਇਸ ਕਰਕੇ ਸਰਕਾਰ ਪੂਰੀ ਫ਼ਰਮਨੈੱਸ ਨਾਲ ਐਡਮਿਨਿਸਟਰੇਸ਼ਨ ਨੂੰ ਚਲਾਏਗੀ ਅਤੇ ਜਿਹੜਾ ਖ਼ਰਾਬ ਐਲੀਮੈਂਟ ਹੈ ਉਸ ਨੂੰ ਗ਼ਲਤ ਕੰਮ ਕਰਨ ਦੀ ਇਜ਼ਾਜ਼ਤ ਨਹੀਂ ਦਿੱਤੀ ਜਾਵੇਗੀ (ਟਰੇਜ਼ਰੀ ਬੈਂਚਾਂ ਵਲੋਂ ਥੰਪਿੰਗ) ਇਥੇ ਮੈਂ ਇਹ ਕਹਿਣਾ ਚਾਹੁੰਦਾ ਹਾਂ "ਨਾ ਕਸੀਦੇ ਸੇ ਚਲੇਗੀ ਨਾ ਦੋਹੇ ਸੇ ਚਲੇਗੀ, ਕਾਰਵਾਨੇ ਹਕੂਮਤ ਲੋਹੇ ਸੇ ਚਲੇਗੀ"

ਸਪੀਕਰ ਸਾਹਿਬ, ਹਾਊਸ ਇਸ ਗੱਲ ਨਾਲ ਇਤਫ਼ਾਕ ਕਰੇਗਾ ਕਿ ਇਹ ਹਕੂਮਤ ਜਿਹੜੀ ਸਾਡੇ ਹੱਥਾਂ ਵਿਚ ਪੰਜਾਬ ਦੀ ਜਨਤਾ ਨੇ ਦਿੱਤੀ ਹੈ, ਉਸ ਜਨਤਾ ਦਾ ਪੂਰਾ ਪੂਰਾ ਖ਼ਿਆਲ ਰਖਣਾ ਹਕੂਮਤ ਦਾ ਵੀ ਫ਼ਰਜ਼ ਬਣ ਜਾਂਦਾ ਹੈ। ਬੁਰੇ ਐਲੀਮੈਂਟ ਦੇ ਕਾਰਨ ਲੋਕਾਂ ਨੂੰ ਤਕਲੀਫ ਨਹੀਂ ਹੋਣੀ ਚਾਹੀਦੀ ਅਤੇ ਉਨ੍ਹਾਂ ਦਾ ਨੁਕਸਾਨ ਨਹੀਂ ਹੋਣਾ ਚਾਹੀਦਾ। ਅਸੀਂ ਜਨਤਾ ਦੇ ਜਜ਼ਬਾਤ ਨੂੰ ਸਤਿਕਾਰ ਦੀ ਨਿਗਾਹ ਨਾਲ ਵੇਖਿਆ ਹੈ, ਸਾਡੀ ਇਹ ਪੂਰੀ ਪੂਰੀ ਕੋਸ਼ਿਸ਼ ਹੈ ਕਿ ਜਨਤਾ ਦੇ ਹਿਤਾਂ ਨੂੰ ਪੂਰਾ ਕਰਨਾ ਸਾਡਾ ਸਭ ਤੋਂ ਵਡਾ ਫ਼ਰਜ਼ ਹੈ।

ਆਪੋਜ਼ੀਸ਼ਨ ਦੇ ਲੀਡਰ ਸਾਹਿਬ ਨੇ ਅੰਦਰ ਵੀ ਅਤੇ ਬਾਹਰ ਵੀ ਇਹ ਗੱਲ ਕਈ ਵਾਰ ਆਖੀ ਹੈ ਕਿ ਪੰਜਾਬ ਸਰਕਾਰ ਕਿਸਾਨਾਂ ਦੀ ਵਿਰੋਧੀ ਸਰਕਾਰ ਹੈ। ਮੈਂ ਉਨ੍ਹਾਂ ਨੂੰ ਇਹ ਗੱਲ ਦਸਣੀ ਚਾਹੁੰਦਾ ਹਾਂ ਕਿ ਸਰਕਾਰ ਨੇ ਹੁਣ ਤੱਕ ਮਜ਼ਦੂਰਾਂ ਕਿਸਾਨਾਂ, ਸਰਕਾਰੀ ਕਰਮਚਾਰੀਆਂ ਅਤੇ ਵਿਉਪਾਰੀ ਤਬਕੇ ਦੇ ਲੋਕਾਂ ਵਿਚਕਾਰ ਪੂਰੀ ਨਿਰਪਖਤਾ ਰਖੀ ਹੈ। ਨਿਰਪੱਖਤਾ ਭਰਪੂਰ ਨੀਤੀ ਹੁਣ ਤਕ ਬਣਾਈ ਰਖਣ ਦੇ ਯਤਨ ਕਰ ਰਹੇ ਹਾਂ ਅਤੇ ਅਗੋਂ ਲਈ ਵੀ ਕਰਦੇ ਰਹਾਂਗੇ। ਇਸ ਦੇ ਲਈ ਮੈਂ ਥੋੜੀ ਜਿਹੀ ਵੰਨਗੀ ਦੇ ਦੇਣੀ ਚਾਹੁੰਦਾ ਹਾਂ। ਪਹਿਲਾਂ ਤਾਂ ਕਿਸਾਨਾਂ ਦੀ ਗੱਲ ਹੀ ਲੈ ਲਓ। ਇਹ ਗਲ ਤੁਸੀਂ ਜਾਣਦੇ ਹੋ ਕਿ ਪਿਛਲੇ 4-5 ਸਾਲ ਤੋਂ ਕਣਕ ਦੀ ਕੀਮਤ 76 ਰੁਪਏ ਪ੍ਰਤੀ ਕੁਇੰਟਲ ਚਲੀ ਆ ਰਹੀ ਸੀ। ਪੰਜਾਬ ਦੇ ਪਹਿਲੇ ਮੁੱਖ-ਮੰਤਰੀਆਂ ਨੇ ਕੀਮਤ ਵਧਾਉਣ ਲਈ ਪੂਰਾ ਜ਼ੋਰ ਲਾਇਆ ਪਰ ਉਹ ਸਫ਼ਲ ਨਾ ਹੋਏ। ਮੈਂ ਵੀ ਜਦੋਂ ਮੁਖ-ਮੰਤਰੀਆਂ ਦੀ ਕਾਨਫ਼ਰੰਸ ਹੋਈ ਪੂਰੀ ਕੋਸ਼ਿਸ਼ ਕੀਤੀ। ਫੇਰ ਨੈਸ਼ਨਲ ਡਿਵੈਲਪਮੈਂਟ ਕੌਂਸਲ ਦੀ ਮੀਟਿੰਗ ਵਿਚ ਵੀ ਕੋਸ਼ਿਸ਼

ਕੀਤੀ ਕਿ ਇਹ ਕੀਮਤ ਘੱਟ ਹੈ, ਵਧਾਈ ਜਾਵੇ। ਪਰ ਸਰਕਾਰ ਨੇ ਇਹ ਘੱਟ ਕੀਮਤ ਵਧਾਈ ਨਾ ਕਿਉਂਕਿ ਹਿੰਦੁਸਤਾਨ ਦੀ ਸਰਕਾਰ ਉਨ੍ਹਾਂ ਦੂਸਰੀਆਂ ਸਟੇਟਸ ਨਾਲ ਸੀ ਜਿਹੜੀਆਂ ਕਿ ਕਨਜ਼ਿਊਮਰ ਸਟੇਟਸ ਸਨ। ਇਸ ਤਰ੍ਹਾਂ ਕੀਮਤਾਂ ਨਾ ਵਧੀਆਂ ਉਥੇ ਹੀ ਰਹੀਆਂ। ਅਸੀਂ ਫਿਰ ਇਹ ਵਿਚਾਰ ਕੀਤਾ ਕਿ ਕਿਵੇਂ ਆਪਣੀ ਸਟੇਟ ਦੀ ਉਪਜ ਦਾ ਲਾਭ ਉਠਾਇਆ ਜਾਵੇ। ਜਿਸ ਦੇ ਫਲ ਸਰੂਪ ਸਰਕਾਰ ਖੁਦ ਵਪਾਰ ਦੇ ਵਿਚ ਸ਼ਾਮਲ ਹੋਈ। ਅਸੀਂ ਹੋਲ ਸੇਲ ਦੇ ਵਿਉਪਾਰੀ ਨੂੰ ਲਾਂਭੇ ਕੀਤਾ ਅਤੇ ਉਸ ਦੀ ਬਜਾਏ ਕਚੇ ਆੜ੍ਹਤੀਏ ਦੀ ਮਿਲਵਰਤਣ ਦੇ ਨਾਲ ਉਹ ਸਾਰੀ ਕਣਕ ਖਰੀਦੀ ਜਿਹੜੀ ਪਹਿਲਾਂ ਹੋਲ ਸੇਲ ਵਿਉਪਾਰੀ ਆਪ ਖਰੀਦ ਕਰਿਆ ਕਰਦੇ ਸਨ ਪਰ ਸਰਕਾਰ ਕਣਕ ਦੇ ਖਰੀਦ ਮੁਲ ਤੇ ਸੰਤੁਸ਼ਟ ਨਹੀਂ ਸੀ ਸਪੀਕਰ ਸਾਹਿਬ, ਇਹ ਪਹਿਲਾ ਮੌਕਾ ਹੈ ਜਦੋਂ ਜ਼ਿਮੀਂਦਾਰ ਨੇ ਆਪਣੀ ਕਣਕ ਵੇਚ ਦਿੱਤੀ ਹੋਵੇ ਅਤੇ ਦੁਬਾਰਾ ਵੇਚੀ ਹੋਈ ਕਣਕ ਤੇ ਦੁਬਾਰਾ ਹੋਰ ਪੈਸੇ ਮਿਲੇ ਹੋਣ। ਅਸੀਂ ਇਹ ਅਹਿਸਾਸ ਕਰਕੇ ਕਿ ਜ਼ਿਮੀਂਦਾਰ ਨੂੰ ਘੱਟ ਪੈਸੇ ਮਿਲੇ ਹਨ 5 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਹੋਰ ਦਿੱਤੇ ਇਸ ਤਰ੍ਹਾਂ $13\frac{1}{2}$ ਕਰੋੜ ਰੁਪਿਆ ਹੋਰ ਕਣਕ ਵੇਚਣ ਤੋਂ ਬਾਅਦ ਅਸੀਂ ਕਿਸਾਨਾਂ ਨੂੰ ਦਿੱਤਾ ਹੈ।(ਤਾੜੀਆਂ) ਇਹ ਗੱਲ ਬਿਲਕੁਲ ਗ਼ਲਤ ਹੈ ਕਿ ਅਸੀਂ ਰੁਪਿਆ ਕਿਸਾਨਾਂ ਨੂੰ ਨਹੀਂ ਦਿੱਤਾ। ਜੋਸ਼ ਸਾਹਿਬ ਦਾ ਹਲਕਾ ਬਿਲਕੁਲ ਨੇੜੇ ਹੈ, ਜੇ ਇਸ ਤਰ੍ਹਾਂ ਦਾ ਉਨ੍ਹਾਂ ਨੂੰ ਸ਼ੱਕ ਹੈ, ਉਹ ਦੋ ਬੰਦੇ ਪੇਸ਼ ਕਰ ਦੇਣ ਜਿਨ੍ਹਾਂ ਨੂੰ ਪੈਸੇ ਨਾ ਮਿਲੇ ਹੋਣ। ਇਹ ਹੋ ਸਕਦਾ ਹੈ ਕਿ ਕਿਸੇ ਨੂੰ ਪਹੁੰਚੇ ਨਾ ਹੋਣ ਪਰ ਅਸੀਂ ਪੂਰੀ ਕੋਸ਼ਿਸ਼ ਕੀਤੀ ਹੈ ਕਿ ਜਿਹੜਾ ਵੀ ਕੋਈ ਹੱਕਦਾਰ ਹੈ ਉਸ ਨੂੰ ਜ਼ਰੂਰ ਮਿਲਣ। (ਵਿਘਨ) ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਜਿਤਨੇ ਅਦਬ ਅਤੇ ਸਤਿਕਾਰ ਨਾਲ ਮੈਂ ਆਨਰੇਬਲ ਮੈਂਬਰਜ਼ ਨੂੰ ਸੁਣਿਆ ਹੈ, ਉਹ ਮੇਰੀਆਂ ਗੱਲਾਂ ਵੀ ਸੁਣ ਲੈਣ। ਮੇਰੀਆਂ ਗੱਲਾਂ ਤੇ ਟੀਕਾ ਟਿਪਣੀ ਕਰਨ ਲਈ ਉਨ੍ਹਾਂ ਨੂੰ ਬਜਟ ਸੈਸ਼ਨ ਵਿਚ ਬਹੁਤ ਸਮਾਂ ਮਿਲਣਾ ਹੈ, ਜੇ ਕੋਈ ਗ਼ਲਤ ਗੱਲ ਸਮਝਦੇ ਹਨ ਤਾਂ ਇਹ ਦਲੀਲ ਨਾਲ ਉਸ ਵੇਲੇ ਕਹਿ ਸਕਦੇ ਹਨ। (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾ: ਸਪੀਕਰ ਸਾਹਿਬ, ਮੈਂ ਇਹ ਇਨਫਰਮੇਸ਼ਨ ਲੈਣੀ ਚਾਹੁੰਦਾ ਹਾਂ ਕਿ ਕਿਸਾਨ ਤੋਂ 76 ਰੁਪਏ ਕੁਇੰਟਲ ਕਣਕ ਲੈ ਕੇ 97 ਰੁਪਏ ਲੋਕਾਂ ਨੂੰ ਵੇਚਦੇ ਹਨ। ਕੀ ਇਹ ਇਸ ਗੱਲ ਦੀ ਗਰੰਟੀ ਦੇਂਦੇ ਹਨ ਕਿ ਉਹ ਫਰਕ ਵੀ ਜੋ 21 ਰੁਪਏ ਦਾ ਹੈ ਕਿਸਾਨਾਂ ਨੂੰ ਦੇਣਗੇ ?

ਮੁੱਖ ਮੰਤਰੀ: ਅਗਲੀ ਫਸਲ ਦੀ ਕੀਮਤ ਬਾਰੇ ਵੀ ਅਜੇ ਮੀਟਿੰਗ ਹੋਣ ਵਾਲੀ ਹੈ। ਪਹਿਲੀ ਮੀਟਿੰਗ ਵਿਚ ਵੀ ਗੱਲ ਹੋਈ ਸੀ ਅਸੀਂ ਕਿਹਾ ਸੀ ਕਿ 85 ਰੁਪਏ ਕੁਇੰਟਲ ਸਾਨੂੰ ਕੀਮਤ ਮਨਜ਼ੂਰ ਨਹੀਂ ਹੈ। ਹੁਣ ਵੀ ਅਸੀਂ ਇਹੋ ਕਹਿਣਾ ਹੈ ਕਿ ਇਹ ਕੀਮਤ ਸਾਨੂੰ ਮਨਜ਼ੂਰ ਨਹੀਂ ਹੈ। ਪਿਛਲੀ ਵਾਰੀ ਵੀ ਕੀਮਤ ਸਾਉਂਣੀ ਦੀਆਂ ਫਸਲਾਂ ਦੀਆਂ ਕੀਮਤਾਂ ਘੱਟ ਸਨ, ਪ੍ਰਾਈਸ ਕਮਿਸ਼ਨ ਨਹੀਂ ਸੀ ਮੰਨਦਾ ਅਤੇ ਪਲੈਨਿੰਗ ਕਮਿਸ਼ਨ ਵੀ ਨਹੀਂ ਸੀ ਮੰਨਦਾ ਕਿ ਇਹ ਵਧਾਈਆਂ ਜਾਣ। ਮੈਂ ਉਚੇਚੇ ਪ੍ਰਾਈਮ-ਮਨਿਸਟਰ ਨੂੰ ਬੇਨਤੀ ਕੀਤੀ ਅਤੇ ਉਨ੍ਹਾਂ ਦੇ ਦਖਲ ਦੇਣ ਤੇ ਇਹ ਕੀਮਤ ਰਖਵਾਈ ਸੀ। ਤੁਹਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਪਿਛਲੇ ਸਾਲ ਝੋਨਾ 53 ਰੁਪਏ ਕੁਇੰਟਲ ਸੀ ਇਸ ਦੀ ਕੀਮਤ 53 ਰੁਪਏ ਤੋਂ ਵਧਾਈ ਗਈ ਸੀ। ਇਹ ਵੀ ਖੁਦ ਪ੍ਰਾਈਮ ਮਨਿਸਟਰ ਨੇ ਦਖਲ ਦੇ ਕੇ ਫਿਕਸ ਕਰਵਾਈ ਸੀ। ਇਹ ਕੇਵਲ ਮੈਂ ਵਡਿਆਈ ਲਈ ਨਹੀਂ ਕਹੀ, ਇਹ ਇਕ ਰਿਕਾਰਡ ਦੀ ਗੱਲ ਹੈ ਪਹਿਲਾਂ ਇਕੱਲਾ ਪੰਜਾਬ ਹੀ ਕਹਿੰਦਾ ਸੀ ਕਿ ਕੀਮਤਾਂ ਵਧਾਓ। ਜਦੋਂ ਪੰਜਾਬ ਦੇ ਨਾਲ ਸ਼ਾਮਲ ਹੋ ਕੇ ਉਤਰ ਪ੍ਰਦੇਸ਼ ਅਤੇ ਹਰਿਆਣੇ ਨੇ ਵੀ ਇਹੋ ਆਵਾਜ਼ ਉਠਾਈ ਤਾਂ ਝੋਨੇ ਦੀ ਕੀਮਤ 70 ਰੁਪਏ ਫਿਕਸ ਹੋਈ। ਇਸ ਤਰ੍ਹਾਂ ਪੰਜਾਬ ਦੇ ਕਿਸਾਨ ਨੂੰ ਅਸੀਂ 38.29 ਕਰੋੜ ਰੁਪਏ ਦੀ ਵਾਧੂ ਆਮਦਨ ਕਰਵਾਈ ਹੈ। ਏਥੇ ਹੀ ਬੱਸ ਨਹੀਂ, ਸਪੀਕਰ ਸਾਹਿਬ, ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਹੈ ਕਿ ਅਮਰੀਕਨ ਕਪਾਹ ਦੀ ਕੀਮਤ ਜਿਹੜੀ 1972-73 ਵਿਚ ਲੱਗ ਭੱਗ 233.56 ਰੁਪਏ ਕੁਇੰਟਲ ਸੀ 1973-74 ਵਿਚ 303.45 ਰੁਪਏ ਕੁਇੰਟਲ ਰਹੀ ਇਸ ਤਰ੍ਹਾਂ ਕਾਟਨ ਕਾਰਪੋਰੇਸ਼ਨ ਵਲੋਂ ਕਪਾਹ ਦਾ ਜ਼ਿਆਦਾ ਭਾ ਦੇਣ ਕਾਰਨ ਕਿਸਾਨਾਂ ਨੂੰ 26.26 ਕਰੋੜ ਰੁਪਏ ਦਾ ਫਾਇਦਾ

[ਮੁੱਖ ਮੰਤਰੀ]

ਹੋਇਆ (ਤਾੜੀਆਂ) ਇਹ ਪੰਜਾਬ ਸਰਕਾਰ ਸਪੀਕਰ ਸਾਹਿਬ, ਸਾਉਂਣੀ ਦੀਆਂ ਫਸਲਾਂ, ਕਪਾਹ ਅਤੇ ਗੰਨੇ ਆਦਿ ਦੀਆਂ ਕੀਮਤਾਂ ਦਾ ਜੇ ਕਰ ਪਿਛਲੇ ਸਾਲ ਦੀਆਂ ਕੀਮਤਾਂ ਨਾਲ ਟਾਕਰਾ ਕੀਤਾ ਜਾਵੇ ਤਾਂ ਪੰਜਾਬ ਦੇ ਕਿਸਾਨ ਨੂੰ 70 ਕਰੋੜ ਦੇ ਲੱਗ ਭੱਗ ਜ਼ਿਆਦਾ ਕੀਮਤ ਮਿਲੀ ਹੈ। ਇਹ ਰੁਪਿਆ ਬਾਹਰ ਜਾਣ ਤੋਂ ਬਚਿਆ ਅਤੇ ਪੰਜਾਬ ਦੇ ਕਿਸਾਨ ਨੂੰ ਮਿਲਿਆ ਇਸ ਦੇ ਨਾਲ ਪੰਜਾਬ ਦੇ ਕਿਸਾਨ ਦੀ ਖੁਸ਼ਹਾਲੀ ਹੋਈ ਹੈ। ਸਪੀਕਰ ਸਾਹਿਬ, ਮੇਰੇ ਦੋਸਤ ਇਹ ਗੱਲ ਵੀ ਜਾਣਦੇ ਹੋਣਗੇ ਕਿ ਇਸ ਵੇਲੇ ਪੰਜਾਬ ਵਿਚ ਢਾਈ-ਲੱਖ ਟਿਊਬਵੈਲ ਹਨ ਅਤੇ 50 ਹਜ਼ਾਰ ਟਰੈਕਟਰ ਵੀ ਚਲਦੇ ਹਨ, ਜਦੋਂ ਕਿ ਪਹਿਲਾਂ ਇਕ ਲੱਖ ਟਿਊਬਵੈਲ ਸਨ ਅਤੇ 35 ਹਜ਼ਾਰ ਟਰੈਕਟਰ ਚਲਦੇ ਸਨ। ਇਹ ਵਾਧਾ ਕਿਸਾਨ ਦੀ ਮੇਹਨਤ ਕਰਕੇ ਅਤੇ ਜੋ ਉਸ ਨੇ ਮੇਹਨਤ ਕੀਤੀ ਹੈ ਉਸ ਦੀ ਉਪਜ ਦੀ ਮਜ਼ਦੂਰੀ ਪੂਰੀ ਮਿਲਣ ਕਰਕੇ ਹੋਇਆ ਹੈ। ਇਹ ਲਾਜ਼ਮੀ ਹੈ ਕਿ ਜਿਥੇ ਅਗੇ ਨਾਲੋਂ ਡੀਜ਼ਲ ਦੀ ਇਤਨੀ ਖ਼ੱਪਤ ਵਧੀ ਹੈ ਇਸ ਦੀ ਮਿਕਦਾਰ ਵਿਚ ਵੀ ਜੋ ਪੰਜਾਬ ਨੂੰ ਮਿਲਦਾ ਹੈ ਵਾਧਾ ਹੋਣਾ ਚਾਹੀਦਾ ਸੀ। ਤੁਸੀਂ ਮੇਰੀ ਇਸ ਗੱਲ ਨਾਲ ਇਤਫਾਕ ਰਖੋਗੇ ਕਿ ਪਿਛਲੇ ਸਾਲ ਨਾਲੋਂ ਜਿਹੜਾ ਡੀਜ਼ਲ ਆਇਆ ਹੈ ਉਹ ਕਿਤੇ ਵਧ ਆਇਆ ਹੈ। ਹੁਣ ਤੱਕ 3.90 ਕਰੋੜ ਲਿਟਰ ਡੀਜ਼ਲ ਪੰਜਾਬ ਵਿਚ ਫਰਵਰੀ ਦੇ ਮਹੀਨੇ ਆ ਚੁੱਕਾ ਹੈ। ਇਹ ਫਰਵਰੀ ਤੱਕ ਦੇ ਆਂਕੜੇ ਹਨ। ਜਦੋਂ ਕਿ ਪਿਛਲੇ ਸਾਲ ਇਹ ਕੇਵਲ 1.80 ਕਰੋੜ ਲਿਟਰ ਆਇਆ ਸੀ। ਇਸ ਵੇਲੇ ਵੀ ਸਬੰਧਤ ਵਜ਼ੀਰ ਸਾਹਿਬ ਇਸ ਕੰਮ ਲਈ ਦਿੱਲੀ ਗਏ ਹੋਏ ਹਨ। ਇਹ ਕਮੀ ਦਾ ਇਕ ਕਾਰਨ ਤਾਂ ਇਹ ਹੈ ਕਿ ਤੇਲ ਦੀ ਖਪਤ ਵਿਚ ਬਹੁਤ ਵਾਧਾ ਹੋਇਆ ਹੈ। ਦੂਸਰਾ ਕਾਰਨ ਇਹ ਵੀ ਹੈ ਕਿ ਹਰ ਆਦਮੀ ਇਹ ਸੋਚਦਾ ਹੈ ਕਿ ਡੀਜ਼ਲ ਦਾ ਕਾਲ ਪੈ ਜਾਣਾ ਹੈ, ਮਾਰਚ ਅਪ੍ਰੈਲ ਵਿਚ ਇਹ ਮਿਲਣਾ ਹੀ ਨਹੀਂ। ਹਰ ਕੋਈ ਚਾਹੁੰਦਾ ਹੈ ਕਿ ਪੰਜ-ਦਸ ਟੀਨ ਮੈਂ ਰਿਜ਼ਰਵ ਕਰ ਲਵਾਂ ਇਹ ਗੱਲ ਵੀ ਸਾਡੇ ਨੋਟਿਸ ਦੇ ਵਿਚ ਆਈ ਹੈ ਕਿ ਜਿਨ੍ਹਾਂ ਪਾਸ ਕੋਈ ਜ਼ਮੀਨ ਨਹੀਂ ਅਤੇ ਉਹ ਰਕਸ਼ਾ ਵਾਹੁੰਦੇ ਹਨ, ਉਨ੍ਹਾਂ ਨੇ ਵੀ ਡੀਜ਼ਲ ਲੈਣਾ ਸ਼ੁਰੂ ਕਰ ਦਿੱਤਾ ਹੈ। ਇਸ ਤਰ੍ਹਾਂ ਨਾਲ ਇਸ ਥੁੜ੍ਹ ਨੂੰ ਮੁੱਖ ਰੱਖ ਕੇ ਮੁਜ਼ਾਹਰੇ ਕਰਨ ਲਈ ਵੀ ਲੋਕਾਂ ਨੂੰ ਉਕਸਾਇਆ ਜਾ ਰਿਹਾ ਹੈ! ਔਰ ਉਸ ਦਾ ਨਤੀਜਾ ਇਹ ਹੋਇਆ ਕਿ ਲੋਕਾਂ ਨੂੰ ਭੈ-ਭੀਤ ਕੀਤਾ ਜਾ ਰਿਹਾ ਹੈ। ਲੋੜ ਇਸ ਗੱਲ ਦੀ ਸੀ ਕਿ ਅਸੀਂ ਜ਼ਖੀਰਾ ਅੰਦੋਜ਼, ਜੋ ਛੁਪਾ ਕੇ ਰਖਣਾ ਚਾਹੁੰਦੇ ਸੀ ਜੋ ਬਲੈਕ ਵਿਚ ਵੇਚਣਾ ਚਾਹੁੰਦੇ ਸੀ, ਇਕ ਥਾਂ ਡੀਜ਼ਲ ਲੈ ਕੇ ਪੈਟ੍ਰੋਲ ਪੰਪਾਂ ਤੋਂ ਦਸ ਕੋਹਾਂ ਤੇ ਬਲੈਕ ਵੇਚ ਦਿੰਦੇ ਸੀ, ਉਨ੍ਹਾਂ ਦਾ ਬਾਈਕਾਟ ਕੀਤਾ ਜਾਣਾ ਇਸ ਦੀ ਰੋਕ ਥਾਮ ਵਾਸਤੇ ਸਰਕਾਰ ਦਾ ਅਤੇ ਲੋਕਾਂ ਦਾ ਫਰਜ਼ ਬਣਦਾ ਹੈ। ਇਸੇ ਕਰਕੇ ਸਰਕਾਰ ਨੇ ਫੈਸਲਾ ਕੀਤਾ ਕਿ ਹਰ ਪੈਟ੍ਰੋਲ ਪੰਪ ਤੇ ਲੋਕਾਂ ਦੀਆਂ ਕਮੇਟੀਆਂ ਬਣਾਈਆਂ ਜਾਣ। ਜਿਨ੍ਹਾਂ ਨੂੰ ਲੋੜ ਨਹੀਂ ਉਹ ਡੀਜ਼ਲ ਨਾ ਲੈਣ ਅਤੇ ਜਿਨ੍ਹਾਂ ਨੂੰ ਲੋੜ ਹੈ ਉਹ ਡੀਜ਼ਲ ਲੈਣ। ਮੈਂ ਦਸ ਰਿਹਾ ਸਾਂ ਕਿ 4 ਕਰੋੜ 25 ਲੱਖ ਲਿਟਰ ਹੈ ਤੋਂ ਡੀਜ਼ਲ ਇਕ ਮਹੀਨੇ ਵਿਚ ਆ ਰਿਹਾ ਹੈ 2 ਸਪੈਸ਼ਲ ਟਰੇਨਾਂ ਚੱਲ ਚੁਕੀਆਂ ਹਨ ਇੱਕ ਟ੍ਰੇਨ ਜਲੰਧਰ ਪਹੁੰਚੇਗੀ ਅਤੇ ਇੱਕ ਪਟਿਆਲੇ ਪਹੁੰਚੇਗੀ। ਇਹ ਦੋ ਟ੍ਰੇਨਾਂ ਚਲ ਪਈਆਂ ਹਨ। ਉਹ ਹਾਲੇ ਚਲੀ ਨਹੀਂ ਹੈ। (ਵਿਘਨ) ਇਸ ਤੋਂ ਬਿਨਾਂ ਇੱਕ ਸਪੈਸ਼ਲ ਟ੍ਰੇਨ ਕੋਟ ਕਪੂਰੇ ਪਹੁੰਚੇਗੀ ਜਿਸ ਵਿਚ ਤਕਰੀਬਨ 500 ਕਿਲੋ ਲਿਟਰ ਐਲ. ਡੀ. ਓ. ਹੋਏਗਾ।

ਸ੍ਰੀ ਸਪੀਕਰ: ਹੋਰ ਸਮਾਂ ਕਿੰਨਾ ਲਉਗੇ ? (How much time the Chief Minister would like to take?

ਮੁੱਖ ਮੰਤਰੀ: ਅਜੇ ਤਾਂ ਮੈਂ ਸ਼ੁਰੂ ਕੀਤਾ ਹੈ।

EXTENSION OF TIME OF THE SITTING

ਸ੍ਰੀ ਸਪੀਕਰ: ਹਾਊਸ ਦੀ ਮਰਜ਼ੀ ਨਾਲ ਹਾਊਸ ਦਾ ਸਮਾਂ ਅਧੇ ਘੰਟੇ ਲਈ ਵਧਾ ਦਿਤਾ ਜਾਂਦਾ ਹੈ। (With the consent of the House, the time of the sitting is extended by half an hour.)

DISCUSSION ON GOVERNOR'S ADDRESS (*Resumption*)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਆਪਣੇ ਦੋਸਤਾਂ ਨੂੰ ਇਤਲਾਹ ਦੇ ਤੌਰ ਤੇ ਦਸਣਾ ਚਾਹੁੰਦਾ ਹਾਂ ਕਿ ਮਸਨੂਈ ਖਾਦ ਦੀ ਕੀਮਤ ਖਪਤ ਵਿਚ ਬਹੁਤ ਵਾਧਾ ਹੋਇਆ ਹੈ ਕਿਉਂਕਿ ਕਿਸਾਨਾਂ ਵਿਚ ਜਾਗ੍ਰਿਤੀ ਆਈ ਹੈ। ਚੰਗੀ ਪੈਦਾਵਾਰ ਕਰਨ ਲਈ ਮਹਿਕਮੇ ਨੇ ਕੰਮ ਕੀਤਾ ਹੈ, ਲੋਕਾਂ ਨੇ ਕੰਮ ਕੀਤਾ ਹੈ। ਛੋਟੀਆਂ ਜ਼ਮੀਨਾਂ ਵਾਲੇ ਸਿਆਣੇ ਹੋ ਗਏ ਹਨ ਅਤੇ ਉਹ ਵੀ ਖਾਦ ਦੀ ਖਪਤ ਜ਼ਿਆਦਾ ਕਰਨ ਲਗ ਪਏ ਹਨ। ਇਸ ਸਾਲ 21 ਲੱਖ ਟਨ ਦੀ ਖਪਤ ਹੋਈ ਹੈ ਜਦ ਕਿ 1969-70 ਵਿਚ ਕੇਵਲ 8 ਲੱਖ ਟਨ ਪੰਜਾਬ ਵਿਚ ਖਪਤ ਹੋਈ ਸੀ। ਹੁਣ 21 ਲੱਖ ਟਨ ਦੀ ਖਪਤ ਹੋਣ ਤੋਂ ਬਾਅਦ ਵੀ ਕਮੀ ਆ ਰਹੀ ਹੈ ਔਰ ਡੀਜ਼ਲ ਦੀ ਕਮੀਜਾਂ ਖਾਦ ਦੀ ਕਮੀ ਕੇਵਲ ਪੰਜਾਬ ਵਿਚ ਹੀ ਨਹੀਂ ਬਲਕਿ ਸਭ ਜਗ੍ਹਾ ਹੈ। ਮੈਂ ਇਹ ਗੱਲ ਕਹਿ ਸਕਦਾ ਹਾਂ ਕਿ ਇਨ੍ਹਾਂ ਦਾ ਸਭ ਤੋਂ ਜ਼ਿਆਦਾ ਹਿੱਸਾ ਇਥੇ ਆਉਂਦਾ ਹੈ। ਇਹ ਇਸ ਕਰਕੇ ਹੈ ਕਿਉਂਕਿ ਅਸੀਂ ਅਨਾਜ ਦਾ ਜ਼ਿਆਦਾ ਹਿੱਸਾ ਦਿਤਾ ਸੀ, ਇਸੇ ਕਰਕੇ ਹੀ ਖਾਦ ਦੀ ਐਲੋ-ਕੇਸ਼ਨ ਔਰ ਡੀਜ਼ਲ ਆਇਲ ਦੀ ਐਲੋਕੇਸ਼ਨ ਸਪੈਸ਼ਲ ਵੀ ਕਰਾਈ ਹੈ ਕਿਉਂਕਿ ਇਹ ਹਕੀਕਤ ਬਣਦੀ ਸੀ ਹਿੰਦ ਸਰਕਾਰ ਨੇ ਨਿਸ਼ਚਿਤ ਲੋੜ ਅਨੁਸਾਰ ਪੰਜਾਬ ਨੂੰ 95 ਪ੍ਰਤੀਸ਼ਤ ਔਰ ਬਾਕੀ ਸੂਬਿਆਂ ਨੂੰ ਕਿਸੇ ਨੂੰ 70 ਪ੍ਰਤੀਸ਼ਤ ਕਿਸੇ ਨੂੰ 80 ਪ੍ਰਤੀਸ਼ਤ ਔਰ ਕਿਸੇ ਨੂੰ 60 ਪ੍ਰਤੀਸ਼ਤ ਖਾਦ ਦੇਣ ਦਾ ਵਾਇਦਾ ਕੀਤਾ ਸੀ ਸਪੀਕਰ ਸਾਹਿਬ, ਸਾਨੂੰ 95 ਪ੍ਰਤੀਸ਼ਤ ਦੀ ਬਜਾਏ 80 ਪ੍ਰਤੀਸ਼ਤ ਮਿਲਿਆ ਹੈ। ਹੋਰ ਕਿਸੇ ਵੀ ਰਾਜ ਨੂੰ ਐਨਾ ਨਹੀਂ ਮਿਲਿਆ। ਡੀਜ਼ਲ ਅਤੇ ਖਾਦ ਦੀਆਂ ਕੀਮਤਾਂ ਵਿਚ ਵਾਧਾ ਜਾਂ ਇਸ ਦੀ ਘਾਟ, ਇਹ ਇੰਟਰਨੈਸ਼ਨਲ ਮਾਮਲਾ ਹੈ। ਤੁਸੀਂ ਜਾਣਦੇ ਹੋ ਕਿ ਅਰਬ ਦੇਸ਼ਾਂ ਨੇ ਕਰੂਡ ਆਇਲ ਕਢਣਾ ਘਟ ਕਰ ਦਿਤਾ ਹੈ, ਤਾਂ ਕਿ ਉਨ੍ਹਾਂ ਕੋਲ ਜ਼ਖੀਰਾ ਬਹੁਤ ਚਿਰ ਤਕ ਰਹੇ। ਹਿੰਦੁਸਤਾਨ ਹੀ ਨਹੀਂ ਬਲਕਿ ਹੋਰ ਅਮੀਰ ਦੇਸ਼ ਜਿਵੇਂ ਕਿ ਅਮਰੀਕਾ, ਜਾਪਾਨ ਜਾਂ ਬਰਤਾਨੀਆ ਵਰਗੇ ਦੇਸ਼ ਵੀ ਇਸ ਸੰਕਟ ਤੋਂ ਬਚ ਨਹੀਂ ਸਕੇ ਹਨ। ਮੈਂ ਸਪੀਕਰ, ਸਾਹਿਬ, ਬੜੇ ਅਦਬ ਨਾਲ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਖਾਦ ਦੀ ਕਮੀ ਕਿਉਂ ਸਾਨੂੰ ਆਈ ਇਹ ਵੀ ਸੋਚਣਾ ਪਵੇਗਾ। ਜਦੋਂ ਕੋਲੇ ਜਾਂ ਲੋਹੇ ਦੀ ਘਾਟ ਆਉਂਦੀ ਹੈ ਉਸ ਵੇਲੇ ਰੇਲਵੇ ਦੇ ਡੱਬੇ ਨਹੀਂ ਮਿਲਦੇ। ਇਹ ਜਿਹੜੇ ਐਲੀਮੈਂਟ ਹੜਤਾਲ ਵਗੈਰਾ ਵਿਚ ਵਿਸ਼ਵਾਸ ਰਖਦੇ ਹਨ ਰੇਲਾਂ ਬੰਦ ਕਰਦੇ ਹਨ, ਇਹਨਾਂ ਇਹ ਨਹੀਂ ਸੋਚਿਆ ਕਿ ਪੈਦਾਵਾਰ ਉਤੇ ਇਸ ਗੱਲ ਦਾ ਬੁਰਾ ਅਸਰ ਪੈਂਦਾ ਹੈ। ਸਪੀਕਰ ਸਾਹਿਬ, ਹਿੰਦੋ-ਸਤਾਨ ਦੇ ਖਿਲਾਫ ਬਹੁਤ ਬੜੀ ਸਾਜਿਸ਼ ਹੈ। ਬੰਗਲਾ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਾਡੇ ਦੁਸ਼ਮਣ, ਬੰਗਲਾ ਦੇਸ਼ ਦੀ ਅਜ਼ਾਦੀ ਨੂੰ ਅਤੇ ਸਾਡੇ ਦੇਸ਼ ਦੀ ਵਡਿਆਈ ਨੂੰ ਬਰਦਾਸ਼ਤ ਨਹੀਂ ਕਰ ਸਕੇ ਔਰ ਉਹ ਡਾਇਰੈਕਟ ਔਰ ਇਨਡਾਇਰੈਕਟ ਤਰੀਕੇ ਨਾਲ ਬੜੀ ਕੋਸ਼ਿਸ਼ ਕਰਦੇ ਹਨ ਕਿ ਇਥੋਂ ਦੀ ਪੈਦਾਵਾਰ ਘਟਾਈ ਜਾਏ ਔਰ ਜੋ ਪੈਦਾ ਹੋਵੇ ਉਹ ਚੰਦ ਹੱਥਾਂ ਵਿਚ ਰੱਖਿਆ ਜਾਏ, ਬਦਅਮਨੀ ਪੈਦਾ ਕੀਤੀ ਜਾਏ। ਕਿਉਂਕਿ ਲੋਕ ਰਾਏ ਨਾਲ ਉਹ ਹਿੰਦੁਸਤਾਨ ਅਤੇ ਸੂਬਿਆਂ ਦੀਆਂ ਸਰਕਾਰਾਂ ਨੂੰ ਉਹ ਬਦਲ ਨਹੀਂ ਸਕਦੇ। ਦੂਸਰੇ ਤਰੀਕੇ ਅਪਣਾਕੇ ਇਨ੍ਹਾਂ ਨੂੰ ਬਦਲਣਾ ਚਾਹੁੰਦੇ ਹਨ। ਤੁਸੀਂ ਜਾਣਦੇ ਹੋ ਕਿ ਜੇ ਰੇਲਵੇ ਬੰਦ ਹੋ ਗਈ ਤਾਂ ਕੋਲਾ ਨਹੀਂ ਆ ਸਕਦਾ, ਖਾਦ ਨਹੀਂ ਆ ਸਕਦੀ, ਕਦੇ ਹਵਾਈ ਜਹਾਜ਼ ਬੰਦ ਕਰਦੇ ਹਨ, ਕਦੇ ਕਾਰਖਾਨੇ ਬੰਦ ਕਰਦੇ ਹਨ। ਜਿਸ ਵੇਲੇ ਕੋਲੇ ਦੀਆਂ ਖਾਨਾਂ ਨੂੰ ਨੈਸ਼ਨੇਲਾਈਜ਼ ਕੀਤਾ ਗਿਆ, ਇਹ ਇਕ ਬਹੁਤ ਵੱਡਾ ਕਦਮ ਸੀ ਜੋ ਕਿ ਸਮਾਜਵਾਦ ਵਲ ਉਠਿਆ ਸੀ ਲੇਕਿਨ ਇਹ ਸਾਜ਼ਿਸ਼ ਕੀਤੀ ਗਈ ਕਿ ਰੇਲਵੇ ਬੰਦ ਹੋ ਜਾਏ, ਮਜ਼ਦੂਰ ਹੜਤਾਲ ਕਰ ਦੇਣ ਤਾਂ ਜੋ ਇਹ ਸਾਬਤ ਕਰ ਦਿਤਾ ਜਾਏ ਕਿ ਪਬਲਿਕ ਸੈਕਟਰ ਕਾਮਯਾਬ ਨਹੀਂ ਹੋ ਸਕਦਾ। ਇਸ ਲਈ ਨੈਸ਼ਨੇਲਾਈਜ਼ੇਸ਼ਨ ਦੀ ਸਕੀਮ ਵਲ ਧਿਆਨ ਨਾ ਦਿਤਾ ਜਾਏ। ਸਪੀਕਰ ਸਾਹਿਬ, ਅਸੀਂ ਕਾਨੂੰਨ ਦੀ ਇੱਜ਼ਤ ਕਰਦੇ ਹਾਂ। ਅਸੀਂ ਆਪਣੇ ਵਿਧਾਨ ਦੇ ਮੁਤਾਬਕ ਚਲਦੇ ਹਾਂ ਲੇਕਿਨ ਕੁਝ ਲੋਕ ਮੌਜੂਦਾ ਵਿਧਾਨ ਤੋਂ ਨਾਜਾਇਜ਼ ਫਾਇਦਾ ਉਠਾਉਂਦੇ ਹੋਏ ਹਿੰਦੁਸਤਾਨ ਦੇ ਅਮਨ ਔਰ ਸ਼ਾਂਤੀ ਨੂੰ ਭੰਗ ਕਰਕੇ ਦੇਸ਼ ਦੇ ਅਮਨ ਨੂੰ ਤਬਾਹ ਕਰਨਾ ਚਾਹੁੰਦੇ ਹਨ। ਕੁਝ ਦੋਸਤਾਂ ਨੇ ਇਥੇ ਗੁਜਰਾਤ ਹੋਏ ਵਾਕਿਆਤ ਦਾ ਜ਼ਿਕਰ

[ਮੁੱਖ ਮੰਤਰੀ]

ਕੀਤਾ। ਮੈਂ ਉਨ੍ਹਾਂ ਦੋਸਤਾਂ ਦਾ ਬੜਾ ਮਸ਼ਕੂਰ ਹਾਂ ਕਿ ਉਹ ਦੋਸਤ ਇਥੇ ਉਹ ਕੁਝ ਨਹੀਂ ਚਾਹੁੰਦੇ। ਮੈਂ ਨਹੀਂ ਜਾਣਦਾ ਕਿ ਉਹ ਇਹ ਚੀਜ਼ ਚਾਹੁੰਦੇ ਹਨ ਜਾਂ ਨਹੀਂ ਲੇਕਿਨ ਉਨ੍ਹਾਂ ਨੇ ਇਨਡਾਇਰੈਕਟ ਤੌਰ ਤੇ ਧਮਕੀ ਦਿਤੀ ਹੈ ਕਿ ਉਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਸਕਦੇ ਹਨ ਮਤਲਬ ਉਹ ਅਜਿਹੇ ਹਾਲਾਤ ਇਥੇ ਪੈਦਾ ਕਰਨਾ ਚਾਹੁੰਦੇ ਹਨ। ਮੈਂ ਅਦਬ ਨਾਲ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਇਸ ਤਰ੍ਹਾਂ ਦੇ ਹਾਲਾਤ ਪੈਦਾ ਨਹੀਂ ਹੋਣ ਦਿਤੇ ਜਾਣਗੇ। (ਥੰਪਿੰਗ) ਫਾਜ਼ਿਲਕਾ ਦੇ ਮਸਲੇ ਬਾਰੇ ਕੁਝ ਗੱਲਾਂ ਕਹੀਆਂ ਗਈਆਂ। ਇਸ ਤੇ ਕੁਝ ਚਿਰ ਠਹਿਰ ਕੇ ਗੱਲ ਕਰਾਂਗਾ। (ਵਿਘਨ)

ਘੁਮਣ ਕਲਾਂ ਪਿੰਡ ਦੇ ਕਤਲ ਦੀ ਗਲ ਕੀਤੀ ਗਈ। ਬਾਦਲ ਸਾਹਿਬ ਵਲੋਂ ਘਟਨਾ ਬਾਰੇ ਪ੍ਰਧਾਨ ਮੰਤਰੀ ਨੂੰ ਲੈਟਰ ਲਿਖਿਆ ਗਿਆ। ਲੇਕਿਨ ਮੈਂ ਬਾਦਲ ਸਾਹਿਬ ਨੂੰ ਕਹਾਂਗਾ ਕਿ ਜੋ ਇਸ ਵਿਚ ਅਸਲੀਅਤ ਹੈ ਉਸ ਨੂੰ ਵੀ ਦੇਖ ਲੈਣ ਇਨ੍ਹਾਂ ਨੇ ਜੋ ਹਾਲਾਤ ਬਿਆਨ ਕੀਤੇ ਹਨ ਅਸਲੀਅਤ ਉਸ ਦੇ ਉਲਟ ਹੈ। ਸਮਾਂ ਥੋੜ੍ਹਾ ਹੈ ਇਸ ਲਈ ਮੈਂ ਜ਼ਿਆਦਾ ਵਿਸਥਾਰ ਵਿਚ ਨਹੀਂ ਜਾਂਦਾ। ਆਪੋਜ਼ੀਸ਼ਨ ਦੇ ਲੀਡਰ ਨੇ ਇਹ ਵੀ ਇਲਜ਼ਾਮ ਲਗਾਇਆ ਕਿ ਪੁਲਿਸ ਵਿਚ ਸਿਆਸੀ ਦਖਲ ਦਿਤਾ ਜਾਂਦਾ ਹੈ। ਇਹ ਖਿਲਕੁਲ ਬੇ-ਬੁਨਿਆਦ ਗਲ ਹੈ। ਗੌਰਮਿੰਟ ਸਿਆਸੀ ਦਖਲ ਐਡਮਨਿਸਟ੍ਰੇਸ਼ਨ ਵਿਚ ਜਾਂ ਡੇ-ਟੂ-ਡੇ ਦੀ ਵਰਕਿੰਗ ਵਿਚ ਨਹੀਂ ਦੇਣਾ ਚਾਹੁੰਦੀ। ਲੇਕਿਨ ਜੋ ਵਾਕਿਆ ਇਕ ਇਨਸਪੈਕਟਰ ਦਰਸ਼ਨ ਸਿੰਘ ਦਾ ਹੈ। ਜਿਸ ਦੀ ਇਨ੍ਹਾਂ ਨੇ ਮਿਸਾਲ ਦਿੱਤੀ ਹੈ, ਉਹਦੇ ਲਈ ਤਾਂ ਮੈਂ ਕਹਾਂਗਾ ਕਿ ਜੇ ਇਹ ਕੇਸ ਵੱਡੀ ਤੋਂ ਵੱਡੀ ਅਦਾਲਤ ਦੇ ਸਾਹਮਣੇ ਰਖ ਦਿਤਾ ਜਾਵੇ ਅਤੇ ਸਰਦਾਰ ਪਰਕਾਸ਼ ਸਿੰਘ ਬਾਦਲ ਉਹ ਨੂੰ ਬੇਗੁਨਾਹ ਸਾਬਤ ਕਰ ਦੇਣ ਤਾਂ ਮੈਂ ਇਹ ਗੱਲ ਮੰਨ ਲਵਾਂਗਾ ਉਹ ਦਰੁਸਤ ਹਨ ਅਤੇ ਮੈਂ ਗਲਤੀ ਤੇ ਹਾਂ। ਇਨ੍ਹਾਂ ਨੇ ਕਿਹਾ ਕਿ, ਫਰੀਦਕੋਟ ਦਾ ਸੀ. ਆਈ. ਏ. ਇਨਸਪੈਕਟਰ ਦਰਸ਼ਨ ਸਿੰਘ ਇਸ ਕਰਕੇ ਮੁਅੱਤਲ ਕੀਤਾ ਗਿਆ ਕਿਉਂਕਿ ਇਹਨੇ ਚੋਰੀ ਦਾ ਮਾਲ ਬਰਾਮੱਦ ਕੀਤਾ ਸੀ ਅਤੇ ਉਸ ਨੂੰ ਮਜਬੂਰ ਕੀਤਾ ਜਾ ਰਿਹਾ ਸੀ ਕੀ ਉਹ ਇਹ ਮਾਲ ਅਦਾਲਤ ਦੇ ਹੁਕਮ ਤੋਂ ਬਿਨਾਂ ਹੀ ਦੇ ਦੇਵੇ ਇਹ ਗਲਤ ਗਲ ਹੈ ਅਸਲ ਗੱਲ ਇਸ ਦੇ ਬਿਲਕੁਲ ਉਲਟ ਹੈ। ਇਸ ਦੀ ਤਹਿ ਵਿਚ ਜਾਣ ਦੀ ਕੋਸ਼ਿਸ਼ ਕੀਤੀ ਗਈ (ਵਿਘਨ) ਅਸਲ ਗੱਲ ਇਹ ਹੈ ਕਿ ਇਸ ਨੇ ਨਕਦੀ ਔਰ ਜ਼ੇਵਰ ਦੋਸ਼ੀ ਤੋਂ ਲੈ ਕੇ ਉਸ ਨੂੰ ਭਜਾ ਦਿਤਾ ਸੀ (ਵਿਘਨ) ਇਸ ਤੇ ਆਈ. ਜੀ. ਪੀ. ਨੇ ਇਸ ਇਨਸਪੈਕਟਰ ਨੂੰ ਮੁਅੱਤਲ ਕਰ ਦਿਤਾ ਸੀ। ਇਸ ਵਿਚ ਕਿਸੇ ਵੀ ਐਮ. ਐਲ. ਏ. ਦਾ ਕੋਈ ਹੱਥ ਨਹੀਂ ਹੈ। ਇਹ ਮਨਘੜਤ ਕਹਾਣੀ ਹੈ। ਇਹ ਮਾਮਲੇ ਦੀ ਪੜਤਾਲ ਡੀ. ਆਈ. ਜੀ. ਫ਼ਿਰੋਜ਼ਪੁਰ ਤੋਂ ਵੀ ਕਰਾਈ ਗਈ ਅਤੇ ਉਸ ਨੇ ਵੀ ਐਸ. ਪੀ. ਬਠਿੰਡੇ ਦੀ ਇਨਕੁਆਇਰੀ ਨੂੰ ਦਰੁਸਤ ਕਰਾਰ ਦਿਤਾ।

ਸਪੀਕਰ ਸਾਹਿਬ, ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਮੇਰੇ ਕੁਝ ਦੋਸਤ ਆਨਰੇਬਲ ਮੈਂਬਰਾਂ ਨੇ ਕਿਹਾ ਕਿ ਜਗਰਾਉਂ ਵਿਚ ਜੋ ਗੋਲੀ ਚਲੀ ਹੈ ਉਹਦੀ ਲੋੜ ਨਹੀਂ ਸੀ। ਔਰ ਉਥੇ ਬੇਗੁਨਾਹ ਨੂੰ ਮਾਰਿਆ ਗਿਆ। ਉਹ ਤੇਲ ਲੈਣ ਗਏ ਸਨ ਮੈਂ ਸਦਨ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਇਕ ਇਸ਼ਤਿਹਾਰ ਹੈ ਜਿਹੜਾ ਕਿ ਪਹਿਲਾਂ ਉਥੇ ਕਢਾਇਆ ਗਿਆ। (ਵਿਘਨ) ਇਸ ਨੂੰ ਪੜ੍ਹਨ ਤੋਂ ਇਹ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਪਤਾ ਸੀ ਕਿ ਉਥੇ ਦਫਾ 144 ਲਗਾਈ ਹੋਈ ਹੈ। ਮਗਰ ਲੋਕਾਂ ਨੂੰ ਦਫਾ 144 ਤੋੜਨ ਲਈ ਬੁਲਾਇਆ ਗਿਆ। ਉਨ੍ਹਾਂ ਨੂੰ ਬੁਲਾਉਣ ਵਾਲੇ ਅਤਿਵਾਦੀ ਪਾਰਟੀ ਨਾਲ ਤੁਅੱਲਕ ਰੱਖਦੇ ਹਨ। (ਵਿਘਨ) ਜਿਹੜੀ ਮੈਂ ਪਹਿਲਾਂ ਸਟੇਟਮੈਂਟ ਦਿੱਤੀ ਹੈ ਉਸ ਨੂੰ ਮੈਂ ਦੁਹਰਾਉਣਾ ਨਹੀਂ ਚਾਹੁੰਦਾ। ਡੀ. ਐਸ. ਪੀ. ਨੇ ਕਿਹਾ ਕਿ ਦਫਾ 144 ਲੱਗੀ ਹੈ ਅਤੇ ਤੁਸੀਂ ਖਿੰਡ ਪੁੰਡ ਜਾਓ ਪਰ ਇਸ ਦੇ ਉਤੇ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਮਾਰਿਆ ਗਿਆ ਅਤੇ ਡੀ. ਐਸ. ਪੀ. ਅਜੇ ਤੱਕ ਹਸਪਤਾਲ ਵਿਚ ਹੈ। ਉਸ ਦੇ ਸਿਰ ਨੂੰ ਪਾੜ ਦਿੱਤਾ ਗਿਆ। ਪੰਜ ਸੱਟਾਂ ਡੀ. ਐਸ. ਪੀ. ਦੇ ਲੱਗੀਆਂ। ਉਸ ਦੇ ਵਿਚ 12 ਹੋਰ ਪੁਲਿਸ ਦੇ ਕਰਮਚਾਰੀ ਹਨ ਜਿਹੜੇ ਕਿ ਜ਼ਖਮੀ ਹੋਏ ਹਨ। ਤੁਸੀਂ ਮੈਨੂੰ ਦੱਸੋ, ਸਪੀਕਰ ਸਾਹਿਬ, ਕਿ ਕਿਹੜੀ ਸਰਕਾਰ ਹੈ ਜਿਹੜੀ

ਡੀਜ਼ਲ ਲਿਆਉਣ ਲਈ ਪੂਰਾ ਯਤਨ ਵੀ ਕਰ ਰਹੀ ਹੋਵੇ ਅਤੇ ਉਨ੍ਹਾਂ ਲੋਕਾਂ ਨੂੰ ਇਹ ਵੀ ਕਹੇ ਕਿ ਤੁਹਾਡੀ ਗੱਲ ਸੁਣ ਲਈ ਅਤੇ ਇਸ ਦੇ ਉਤੇ ਗੌਰ ਕੀਤਾ ਜਾਵੇਗਾ ਅਤੇ ਫਿਰ ਵੀ ਸਰਕਾਰੀ ਕਰਮਚਾਰੀਆਂ ਤੇ ਡਾਂਗਾਂ ਅਤੇ ਛਵੀਆਂ ਆਦਿ ਲੈ ਕੇ ਲੋਕੀਂ ਪੈ ਜਾਣ ਤਾਂ ਕੀ ਪੁਲਿਸ ਕਰਮਚਾਰੀ ਉਹ ਆਪਣੀ ਆਤਮ ਰੱਖਿਆ ਵਾਸਤੇ ਕੁਝ ਵੀ ਨਾ ਕਰਨ ? ਆਨਰੇਬਲ ਮੈਂਬਰਾਂ ਨੂੰ ਬੜੀ ਫਰਾਖਦਿਲੀ ਨਾਲ ਅਤੇ ਠੰਢੇ ਦਿਲ ਨਾਲ ਸੋਚ ਕੇ ਇਹ ਗੱਲ ਕਹਿਣੀ ਚਾਹੀਦੀ ਹੈ ਕਿ ਉਨ੍ਹਾਂ ਦਾ ਇਹ ਕਸੂਰ ਹੈ ਅਤੇ ਉਨ੍ਹਾਂ ਦੇ ਕਸੂਰ ਕਰਕੇ ਹੀ ਪੁਲਿਸ ਨੂੰ ਗੋਲੀ ਚਲਾਉਣੀ ਪਈ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਨੇ ਪੁਆਇੰਟ ਆਫ ਇਨਫਰਮੇਸ਼ਨ, ਸਰ। ਸਪੀਕਰ ਸਾਹਿਬ, ਇਹ ਜੋ ਜਗਰਾਉਂ ਵਿਚ ਮੁੰਡੇ ਦੇ ਕਤਲ ਬਾਰੇ ਜੋ ਬਿਆਨ ਦਿੱਤਾ ਹੈ, ਸਾਰੇ ਆਪੋਜ਼ੀਸ਼ਨ ਵਾਲੇ ਇਸ ਗੱਲ ਦੀ ਡੀਮਾਂਡ ਕਰਦੇ ਹਨ ਕਿ ਉਸ ਘਟਨਾ ਦੀ ਜੂਡੀਸ਼ਲ ਇਨਕੁਆਇਰੀ ਹੋਵੇ। ਸਾਰੀ ਆਪੋਜ਼ੀਸ਼ਨ ਉਸ ਘਟਨਾ ਦੀ ਜੂਡੀਸ਼ਲ ਇਨਕੁਆਇਰੀ ਦੀ ਮੰਗ ਕਰਦੀ ਹੈ। ਇਸ ਲਈ ਕੀ ਤੁਸੀਂ ਕਿਸੇ ਹਾਈ ਕੋਰਟ ਦੇ ਜੱਜ ਨੂੰ ਮੁਕੱਰਰ ਕਰਕੇ ਪਤਾ ਕਰਾਉਗੇ ? ਬਗੈਰ ਕਿਸੇ ਆਰਡਰ ਦੇ ਉਨ੍ਹਾਂ ਨਿਹੱਥਿਆਂ ਤੇ ਗੋਲੀ ਚਲਾਈ ਗਈ। (ਵਿਘਨ)

ਮੁੱਖ ਮੰਤਰੀ: ਇਸ ਮਾਮਲੇ ਵਿਚ ਜੂਡੀਸ਼ਲ ਇਨਕੁਆਇਰੀ ਦੀ ਜ਼ਰੂਰਤ ਨਹੀਂ ਹੈ। (ਵਿਘਨ) ਇਸ ਦੀ ਮੈਜਿਸਟੀਰੀਅਲ ਇਨਕੁਆਇਰੀ ਹੋਵੇਗੀ ਅਤੇ ਜੋ ਅਸਲੀਅਤ ਹੋਵੇਗੀ ਉਹ ਲੋਕਾਂ ਦੇ ਸਾਹਮਣੇ ਆ ਜਾਵੇਗੀ।

ਸਰਦਾਰ ਅਜਾਇਬ ਸਿੰਘ ਸੰਧੂ: ਪੁਲਿਸ ਨੇ ਮਾਰਿਆ ਅਤੇ ਮੈਜਿਸਟਰੇਟ ਦੀ ਇਨਕੁਆਇਰੀ। (ਵਿਘਨ) । We want Judicial Enquiry.

ਸਰਦਾਰ ਰਣਧੀਰ ਸਿੰਘ ਚੀਮਾ ; ਸਪੀਕਰ ਸਾਹਿਬ, ਮੈਂ ਜਗਰਾਉਂ ਦੀ ਘਟਨਾ ਬਾਰੇ ਕਹਿਣਾ ਚਾਹੁੰਦਾ ਹਾਂ। ਚੀਫ ਮਨਿਸਟਰ ਤਾਂ ਕਹਿ ਰਹੇ ਹਨ ਕਿ ਉਹ ਦੋਸ਼ੀ ਹਨ ਜੇ ਇਹ ਗੱਲ ਹੈ ਤਾਂ ਫਿਰ ਡੀ. ਸੀ. ਨੇ ਉਸ ਹਰੀਜਨ ਨੂੰ 2 ਹਜ਼ਾਰ ਰੁਪਿਆ ਦੇਣ ਦਾ ਐਲਾਨ ਕਿਉਂ ਕੀਤਾ ਹੈ? ਇਕ ਪਾਸੇ ਪੈਸੇ ਦੇ ਰਹੇ ਹੋ ਅਤੇ ਦੂਜੇ ਪਾਸੇ ਕਹਿੰਦੇ ਹੋ ਕਿ ਉਹ ਦੋਸ਼ੀ ਹੈ। (ਵਿਘਨ)

Mr. Speaker. Please resume your seat.

ਮੁੱਖ ਮੰਤਰੀ: ਮੈਨੂੰ ਅਫਸੋਸ ਇਸ ਗੱਲ ਦਾ ਹੈ ਕਿ ਜਦੋਂ ਵੀ ਦੇਖੋ ਇਨ੍ਹਾਂ ਦੀ ਮਨਸ਼ਾ ਇਹੀ ਹੁੰਦੀ ਹੈ ਕਿ ਸਰਕਾਰੀ ਕਰਮਚਾਰੀਆਂ ਨੂੰ ਅਗੇ ਕਰਕੇ ਫਸਾ ਦਿੱਤਾ ਜਾਵੇ ਜਾਂ ਹਰੀਜਨਾਂ ਨੂੰ ਫਸਾ ਦਿੱਤਾ ਜਾਵੇ ਜੇ ਇਹ ਦੋਵੇਂ ਨਾ ਮਿਲਣ ਤਾਂ ਵਿਦਿਆਰਥੀਆਂ ਨੂੰ ਫਸਾ ਦਿੱਤਾ ਜਾਵੇ। ਆਪ ਇਹ ਪਿਛੇ ਹੱਟ ਜਾਂਦੇ ਹਨ। ਦੋਸ਼ ਉਨ੍ਹਾਂ ਤੇ ਥੱਪਕੇ ਉਨ੍ਹਾਂ ਨੂੰ ਮਰਵਾ ਦਿੰਦੇ ਹਨ। (ਵਿਘਨ) ਪਰਮਾਤਮਾ ਮਿਹਰ ਕਰੇ ਅਤੇ ਇਨ੍ਹਾਂ ਲੀਡਰਾਂ ਨੂੰ ਅਕਲ ਦੇਵੇ। ਆਪ ਅੱਗੇ ਆਉਣਾ ਚਾਹੀਦਾ ਹੈ। ਕਿਸੇ ਹੋਰ ਨੂੰ ਅੱਗੇ ਕਰਨ ਦਾ ਕੋਈ ਫਾਇਦਾ ਨਹੀਂ ਹੈ। (ਸਰਦਾਰ ਅਜਾਇਬ ਸਿੰਘ ਸੰਧੂ ਵੱਲੋਂ ਵਿਘਨ) ਸਪੀਕਰ ਸਾਹਿਬ, ਮੈਂ ਸਰਦਾਰ ਅਜਾਇਬ ਸਿੰਘ ਸੰਧੂ ਨੂੰ ਵੀ ਆਪਣਾ ਹੀ ਸਮਝਦਾ ਹਾਂ। (ਤਾੜੀਆਂ)

ਸਰਦਾਰ ਅਜਾਇਬ ਸਿੰਘ ਸੰਧੂ ; ਆਨ ਏ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਪਰਸਨਲ ਐਕਸਪਲੇਨੇਸ਼ਨ ਇਹ ਹੈ ਕਿ ਮੈਂ ਗਿਆਨੀ ਜ਼ੈਲ ਸਿੰਘ ਦਾ ਕੋਈ ਨਹੀਂ ਹਾਂ ਮੈ ਸ਼੍ਰੋਮਣੀ ਅਕਾਲੀ ਦਲ ਦਾ ਹਾਂ। (ਹਾਸਾ)

ਮੁੱਖ ਮੰਤਰੀ: ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਸਰਦਾਰ ਅਜਾਇਬ ਸਿੰਘ ਸੰਧੂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਹਨ ਅਤੇ ਆਪੋਜ਼ੀਸ਼ਨ ਦੇ ਡਿਪਟੀ ਲੀਡਰ ਵੀ ਹਨ। ਇੰਨ੍ਹਾਂ ਕੁਝ ਹੁੰਦਿਆਂ ਹੋਇਆਂ ਵੀ ਇਹ ਮੇਰੇ ਹੋ ਸਕਦੇ ਹਨ। (ਹਾਸਾ) ਇਸ ਵਿਚ ਕੋਈ ਐਸੀ ਗੱਲ ਨਹੀਂ ਹੈ। (ਤਾੜੀਆਂ)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਇਨ੍ਹਾਂ ਦੇ ਕਹਿਣ ਨਾਲ ਮੈਂ ਆਪਣੀ ਪਾਰਟੀ ਨਾਲ ਗਦਾਰੀ ਕਰਨੀ ਨੂੰ ਤਿਆਰ ਨਹੀਂ ਹਾਂ। ਆਪਣੀ ਪਾਰਟੀ ਵਿਚ ਹੁੰਦਾ ਹੋਇਆ ਇਨ੍ਹਾਂ ਦੀ ਸੇਵਾ ਜ਼ਰੂਰ ਕਰਦਾ ਰਹਾਂਗਾ। (ਹਾਸਾ)

ਮੁੱਖ ਮੰਤਰੀ : ਮੈਨੂੰ ਕੋਈ ਸ਼ੱਕ ਨਹੀਂ ਕਿ ਉਹ ਗਦਾਰੀ ਕਰਨਗੇ। ਲੇਕਿਨ ਮੈਂ ਵਿਸ਼ਵਾਸ ਰੱਖਦਾ ਹਾਂ ਕਿ:

ਇਕ ਰੋਜ਼ ਇਧਰ ਇਕ ਰੋਜ਼ ਉਧਰ,
ਦੁਸ਼ਮਨ ਕੋ ਨਾ ਦੇਖੋ, ਸ਼ਾਇਦ ਉਹ ਮੁਹੱਬਤ ਕਰ ਬੈਠੇ।

ਇਸ ਕਰਕੇ ਮੈਨੂੰ ਵਿਸ਼ਵਾਸ ਹੈ। ਮੈਂ ਪਹਿਲਾਂ ਕਿਹਾ ਸੀ ਕਿ ਮੈਂ ਬਰਾੜ ਸਾਹਿਬ ਨਾਲ ਇਤ-ਫਾਕ ਰੱਖਦਾ ਹਾਂ। ਉਨ੍ਹਾਂ ਕਿਹਾ ਸੀ ਕਿ ਸਾਨੂੰ ਸਾਰਿਆਂ ਨੂੰ ਇਸ ਹਾਊਸ ਦੀ ਡਿਗਨਿਟੀ ਨੂੰ ਬੁਲੰਦ ਰੱਖਣਾ ਚਾਹੀਦਾ ਹੈ। ਜੇ ਲੜਨਾ ਹੋਵੇ ਤਾਂ ਲੜਾਈ ਇਹੋ ਜਿਹੀ ਲੜਨੀ ਚਾਹੀਦੀ ਹੈ ਕਿ ਸੁਲਾਹ ਕਰਾਉਣ ਵਾਲੇ ਨੂੰ ਅੱਖਾਂ ਨੀਂਦੀਆਂ ਨਾ ਕਰਨੀਆਂ ਪੈਣ। ਇਸ ਲਈ ਅਜਿਹੇ ਝਗੜਿਆਂ ਵਿਚ ਪੈ ਕੇ ਬਾਕੀਆਂ ਨੂੰ ਦੁਸ਼ਮਣ ਨਾ ਸਮਝੋ। (ਵਿਘਨ) ਮੈਂ ਸਮਝਦਾ ਹਾਂ ਕਿ ਮੈਂ ਕੋਈ ਇਨ੍ਹਾਂ ਨੂੰ ਗੱਦਾਰ ਨਹੀਂ ਕਿਹਾ। ਮੈਂ ਇਨ੍ਹਾਂ ਨੂੰ ਆਪਣਾ ਹੀ ਸਮਝਦਾ ਹਾਂ। (ਤਾੜੀਆਂ)

ਸਪੀਕਰ ਸਾਹਿਬ, ਜਿਸ ਦਿਨ ਗਵਰਨਰ ਸਾਹਿਬ ਨੇ ਐਡਰੈਸ ਪੜ੍ਹਨਾ ਸੀ ਉਸ ਤੋਂ ਪਹਿਲਾਂ ਸਰਦਾਰ ਪਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਦੋ ਹੋਰ ਸਾਥੀ ਉਨ੍ਹਾਂ ਨੂੰ ਇਹ ਗੱਲ ਕਹਿਣ ਗਏ ਕਿ ਤੁਸੀਂ ਐਡਰੈਸ ਨਾ ਪੜ੍ਹੋ। ਇਹ ਗੱਲ ਸਮਝ ਤੋਂ ਬਾਹਰ ਹੈ ਕਿ ਕਿਸੇ ਗਵਰਨਰ ਨੂੰ ਇਹ ਗੱਲ ਕਹੀ ਜਾਵੇ ਕਿ ਉਹ ਆਪਣੀਆਂ ਕੰਸਟੀਚਿਊਸ਼ਨਲ ਡਿਊਟੀਆਂ ਪੂਰੀਆਂ ਨਾ ਕਰੇ ਅਤੇ ਨਾਲ ਇਹ ਵੀ ਕਿਹਾ ਜਾਵੇ ਕਿ ਜੇ ਕਰੋਗੇ ਤਾਂ ਅਸੀਂ ਤੁਹਾਨੂੰ ਰੋਕਾਂਗੇ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ: ਨਾਟ ਐਟ ਆਲ। ਇਹ ਠੀਕ ਨਹੀਂ ਹੈ। ਪਹਿਲਾ ਠੀਕ ਹੈ ਅਤੇ ਦੂਸਰਾ ਠੀਕ ਨਹੀਂ ਹੈ।

ਮੁੱਖ ਮੰਤਰੀ: ਹਾਂ ਪਹਿਲਾ ਠੀਕ ਹੈ ਕਿ ਤੁਸੀਂ ਐਡਰੈਸ ਨਾ ਪੜ੍ਹੋ। ਜੇ ਪੜ੍ਹੋਗੇ ਤਾਂ ਰੋਕਾਂਗੇ। ਵਾਕਆਊਟ ਕਰਾਂਗੇ ਅਤੇ ਜਾਂ ਮੁਜ਼ਾਹਰਾ ਕਰਾਂਗੇ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਉਨ੍ਹਾਂ ਨੂੰ ਇਹ ਨਹੀਂ ਕਿਹਾ ਕਿ ਅਸੀਂ ਕੀ ਕਰਾਂਗੇ। ਉਨ੍ਹਾਂ ਨੂੰ ਇਹ ਕਿਹਾ ਸੀ ਕਿ ਪੜ੍ਹੋ ਨਾ। ਪਰ ਇਹ ਨਹੀਂ ਸੀ ਕਿਹਾ ਕਿ ਅਸੀਂ ਕੀ ਕਰਾਂਗੇ। ਇਹ ਕਿਹਾ ਕਿ ਸਾਨੂੰ ਤੁਹਾਡਾ ਪੂਰਾ ਸਨਮਾਨ ਹੈ ਅਸੀਂ ਜੋ ਮਰਜ਼ੀ ਕਰਾਂਗੇ ਭਾਵੇਂ ਵਾਕ ਆਊਟ ਕਰੀਏ ਅਤੇ ਜੋ ਮਰਜ਼ੀ ਪਏ ਕਰੀਏ ਇਹ ਸਾਡੀ ਮਰਜ਼ੀ ਹੈ। (ਵਿਘਨ)

ਮੁੱਖ ਮੰਤਰੀ: 'ਪਿਆਰ ਜੋ ਹਕੀਕਤ ਮੇਂ ਪਿਆਰ ਹੋਤਾ ਹੈ,
ਵੋਹ ਜ਼ਿੰਦਗੀ ਮੇਂ ਏਕ ਬਾਰ ਹੋਤਾ ਹੈ।

ਉਨ੍ਹਾਂ ਨੂੰ ਮੈਂ ਕਹਿੰਦਾ ਹਾਂ ਕਿ ਉਹ ਇਸ ਤਰ੍ਹਾਂ ਨਾ ਕਰਨ, ਇਸ ਤਰ੍ਹਾਂ ਗਰਮੀ ਹੋ ਜਾਂਦੀ ਹੈ। ਮੈਂ ਅਦਬ ਨਾਲ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਜਿਹੜੀ ਪਾਰਟੀ ਜਮਹੂਰੀਅਤ ਤੇ ਵਿਸ਼ਵਾਸ ਰੱਖਦੀ ਹੈ ਅਤੇ ਹਿੰਦੁਸਤਾਨ ਦੇ ਵਿਧਾਨ ਦੇ ਮੁਤਬਿਕ ਉਹ ਜਮਹੂਰੀਅਤ ਨੂੰ ਕਾਇਮ ਰੱਖਣਾ ਚਾਹੁੰਦੀ ਹੈ ਤਾਂ ਇਸ ਗੱਲ ਵਿਚ ਰੁਕਾਵਟ ਪਾਉਣਾ ਚੰਗੀ ਗੱਲ ਨਹੀਂ ਹੈ। ਮੈਨੂੰ ਇਹ ਰਾਏ ਐਕਸਪ੍ਰੈਸ ਕਰਨ ਦੀ ਇਸ ਵਾਸਤੇ ਲੋੜ ਪਈ ਤਾਕਿ ਗਲਤਫਹਿਮੀ ਨਾ ਰਹਿ ਜਾਏ। ਮੈਂ ਫਿਰ ਅਦਬ ਨਾਲ ਕਹਾਂਗਾ ਕਿ ਅੱਗੇ ਵਾਸਤੇ ਐਸਾ ਰਸਤਾ ਨਹੀਂ ਅਖਤਿਆਰ ਕਰਨਾ ਚਾਹੀਦਾ। ਇਸ ਹਾਊਸ ਵਿਚ ਜਿਹੜੇ ਮੈਂਬਰ ਹਨ ਉਹ ਸਾਰੇ ਬੋਲ ਸਕਦੇ ਹਨ ਅਤੇ ਆਪਣੀ ਰਾਏ ਦੇ ਸਕਦੇ ਹਨ। ਪਰ ਗੱਤੇ ਉਤੇ ਬੋਰਡ ਲਾਕੇ ਜਿਸ ਤਰ੍ਹਾਂ ਦਵਾਈ ਵੇਚਣ ਵਾਲਾ ਹੁੰਦਾ ਹੈ ਇਸ ਤਰ੍ਹਾਂ ਇਥੇ ਹਾਊਸ ਵਿਚ ਆਉਣਾ ਸ਼ੋਭਾ ਨਹੀਂ ਦਿੰਦਾ। ਸਪੀਕਰ ਸਾਹਿਬ, ਤੁਸੀਂ ਵੀ ਵਿਧਾਨ ਅਨੁਸਾਰ ਕੰਮ ਕਰਨ ਦੀ ਸੌਂਹ ਖਾਧੀ ਹੈ। ਅਤੇ ਗਵਰਨਰ ਸਾਹਿਬ ਨੇ ਵੀ ਭਾਰਤ ਦੇ ਵਿਧਾਨ ਦੇ ਅਨੁਸਾਰ ਕੰਮ ਕਰਨ ਲਈ ਸੌਂਹ ਖਾਧੀ ਹੈ। ਇਸੇ ਤਰ੍ਹਾਂ ਅਸੀਂ ਸਾਰਿਆਂ ਨੇ ਵਿਧਾਨ ਦੀ ਕਸਮ ਖਾਧੀ ਹੈ। ਇਨ੍ਹਾਂ (ਅਕਾਲੀ ਪਾਰਟੀ ਵੱਲ ਇਸ਼ਾਰਾ) ਨੇ ਵੀ ਵਿਧਾਨ ਦੀ ਕਸਮ ਖਾਧੀ ਹੈ। ਸਾਡੇ ਸੀ.ਪੀ.ਆਈ. ਦੇ ਦੋਸਤਾਂ ਨੇ ਵੀ ਵਿਧਾਨ ਦੀ ਕਸਮ ਖਾਧੀ ਹੈ, ਅਸੀਂ ਸਾਰੇ ਹੀ ਵਿਧਾਨ ਦੀ ਕਸਮ ਖਾ ਕੇ ਇਥੇ ਬੈਠੇ ਹਾਂ ਕਿ ਅਸੀਂ ਹਿੰਦੁਸਤਾਨ ਦੇ ਵਿਧਾਨ ਦੇ ਮੁਤਾਬਿਕ ਕਾਰਵਾਈ ਚਲਾਵਾਂਗੇ। ਸਪੀਕਰ ਸਾਹਿਬ, ਆਰਟੀਕਲ 176 ਅਧੀਨ ਗਵਰਨਰ ਦੀ ਜੋ ਜ਼ਿਮੇਵਾਰੀ ਹੈ, ਉਹ ਇਹ ਹੈ ਕਿ:

Article 176

"(1) At the commencement of the first session after each general election to the Legislative Assembly and at the commencement of the first session of each year the Governor shall address the Legislative Assembly or, in the case of a State having a Legislative Council, both Houses assembled together and inform the Legislature of the causes of its summons."

ਇਹ ਉਨ੍ਹਾਂ ਦੀ ਕੰਸਟੀਚਿਊਸ਼ਨਲ ਆਬਲੀਗੇਸ਼ਨ ਸੀ ਜਿਸ ਨੂੰ ਰੋਕਣਾ ਅਤੇ ਜਿਸ ਦੇ ਵਿਚ ਵਿਘਨ ਪਾਉਣਾ, ਇਹ ਹਿੰਦੁਸਤਾਨ ਦੇ ਵਿਧਾਨ ਦੀ ਬੇਇੱਜ਼ਤੀ ਕਰਨਾ ਹੈ। ਇਸ ਲਈ ਮੈਂ ਪੁਰਜ਼ੋਰ ਸ਼ਬਦਾਂ ਵਿਚ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਦਾ ਇਹ ਜਿਹੜਾ ਕਾਰਨਾਮਾ ਹੈ ਇਹ ਸਾਡੇ ਵਿਧਾਨ ਦੇ ਇਤਿਹਾਸ ਵਿਚ ਚੰਗਾ ਨਹੀਂ ਹੋਵੇਗਾ ਅਤੇ ਇਸ ਦਾ ਮੈਨੂੰ ਬੜਾ ਅਫਸੋਸ ਹੈ। ਇਸ ਤੋਂ ਜ਼ਿਆਦਾ ਮੈਂ ਇਸ ਸਬੰਧ ਵਿਚ ਕੁਝ ਨਹੀਂ ਕਹਿਣਾ ਚਾਹੁੰਦਾ।

ਸਪੀਕਰ ਸਾਹਿਬ, ਇਥੇ ਕੁਝ ਚੀਜ਼ਾਂ ਜੋ ਪੰਜਾਬ ਦੀ ਡਿਵੈਲਪਮੈਂਟ ਦੇ ਸਬੰਧ ਵਿਚ ਹਨ ਉਹ ਮੈਂ ਛੱਡ ਦਿੰਦਾ ਹਾਂ। ਇੰਡਸਟਰੀਜ਼ ਦੇ ਮੁਤੱਲਕ, ਖੇਤੀਬਾੜੀ ਦੇ ਮੁਤੱਲਕ ਬਹੁਤ ਚੀਜ਼ਾਂ ਹਨ ਜਿਹੜੀਆਂ ਕਿ ਲੋਕ ਜਾਣਦੇ ਹਨ ਪਰ ਇਥੇ ਜੋ ਕੁਝ ਕਿਹਾ ਗਿਆ ਹੈ ਉਸ ਦੇ ਸੰਬਧ ਵਿਚ ਮੈਂ ਦਸਣਾ ਚਾਹੁੰਦਾ ਹਾਂ ਕਿ ਬਹੁਤ ਸਾਰੀਆਂ ਚੀਜ਼ਾਂ ਇਥੇ ਐਸੀਆਂ ਕਹੀਆਂ ਗਈਆਂ ਹਨ ਜੋ ਬਿਲਕੁਲ ਬੇ-ਬੁਨਿਆਦ ਹਨ। ਫਾਜ਼ਿਲਕਾ ਅਤੇ ਅਬੋਹਰ ਦਾ ਮਸਲਾ ਸਾਡੇ ਸਾਹਮਣੇ ਆਇਆ। ਇਹ ਮਸਲਾ ਉਸ ਵਕਤ ਪੈਦਾ ਹੋਇਆ ਸੀ ਜਦੋਂ ਇਥੇ ਅਕਾਲੀ ਪਾਰਟੀ ਸਰਕਾਰ ਸੀ ਮੈਂ ਉਸ ਮਸਲੇ ਉਤੇ ਪਿਛਲੀ ਕਹਾਣੀ ਵਿਚ ਜਾਣ ਦੀ ਲੋੜ ਨਹੀਂ ਸਮਝਦਾ ਕਿਉਂਕਿ ਕਾਮਰੇਡ ਦਰਸ਼ਨ ਸਿੰਘ ਜੀ ਨੇ ਕਾਫੀ ਕੁਝ ਰੋਸ਼ਨੀ ਪਾ ਦਿਤੀ ਹੈ ਅਤੇ ਮੈਂ ਹੋਰ ਇਸ ਦੇ ਉਤੇ ਵਕਤ ਨਹੀਂ ਜ਼ਾਇਆ ਕਰਨਾ ਚਾਹੁੰਦਾ। ਇੰਨੀ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਇਹ ਇਕ ਬਰਨਿੰਗ ਪੁਆਇੰਟ ਹੈ ਅਤੇ

[ਮੁੱਖ ਮੰਤਰੀ]

ਸਾਰੇ ਪੰਜਾਬ ਦਾ ਮਾਮਲਾ ਹੈ। ਅਗਰ ਸਰਦਾਰ ਪਰਕਾਸ਼ ਸਿੰਘ ਬਾਦਲ ਕਹੇ ਕਿ ਪੰਜਾਬ ਦਾ ਮੁੱਖ ਮੰਤਰੀ ਉਥੇ ਮੰਨਿਆਂ ਹੈ ਜਾਂ ਨਹੀਂ ਮੰਨਿਆ ਹੈ ਇਨ੍ਹਾਂ ਗੱਲਾਂ ਨਾਲ ਸਾਡਾ ਕੇਸ ਕਮਜ਼ੋਰ ਹੁੰਦਾ ਹੈ ਤਕੜਾ ਨਹੀਂ ਹੁੰਦਾ। ਜੇ ਮੈਂ ਸਾਰੀਆਂ ਚੀਜ਼ਾਂ ਇਥੇ ਲਿਆ ਕੇ ਰੱਖਾਂ ਤਾਂ ਸਾਡਾ ਕੇਸ ਇਸ ਨਾਲ ਕਮਜ਼ੋਰ ਹੋਵੇਗਾ, ਤਕੜਾ ਨਹੀਂ ਹੋਵੇਗਾ। ਲੇਕਿਨ ਸਪੀਕਰ ਸਾਹਿਬ, ਅਕਾਲੀ ਪਾਰਟੀ ਦੇ ਲੀਡਰਾਂ ਨੂੰ ਤਹਮਲ ਮਿਜਾਜ਼ੀ ਨਾਲ ਮੰਨ ਲੈਣਾ ਚਾਹੀਦਾ ਹੈ ਕਿ ਉਸ ਵਕਤ ਜੋ ਗੱਲ ਹੋਈ ਸੀ ਉਹ ਬਿਲਕੁਲ ਗਲਤ ਗੱਲ ਹੋਈ ਸੀ ਔਰ ਉਸ ਵਕਤ ਪੰਜਾਬ ਦੀ ਸਰਕਾਰ ਨੂੰ ਛੁੱਟੀ ਨਹੀਂ ਕਰਨੀ ਚਾਹੀਦੀ ਸੀ, ਦੀਪ ਮਾਲਾ ਨਹੀਂ ਕਰਨੀ ਚਾਹੀਦੀ ਸੀ ਅਤੇ ਨਾ ਇਹ ਗੱਲ ਪ੍ਰਵਾਨ ਕਰਨੀ ਚਾਹੀਦੀ ਸੀ। (ਥੰਪਿੰਗ) ਲੇਕਿਨ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਸਰਦਾਰ ਗੁਰਨਾਮ ਸਿੰਘ ਜੋ ਉਸ ਵਕਤ ਮੁੱਖ ਮੰਤਰੀ ਸਨ ਪਰ ਇਸ ਵਕਤ ਇਸ ਦੁਨੀਆਂ ਵਿਚ ਨਹੀਂ ਹਨ ਨੇ ਇਕ ਚਿਠੀ ਲਿਖ ਕੇ ਸਾਡੇ ਹੱਥ ਮਜ਼ਬੂਤ ਕਰ ਦਿਤੇ ਹਨ ਭਾਵੇਂ ਇਹ ਚਿਠੀ ਮਗਰੋਂ ਲਿਖੀ ਹੈ ਜਾਂ ਪਹਿਲਾਂ ਉਨ੍ਹਾਂ ਨੇ ਆਪਣੇ ਵਲੋਂ ਗਲਾਵਾਂ ਲਾਹਿਆ ਸੀ। ਸੰਤ ਫਤਿਹ ਸਿੰਘ ਜੀ ਅਤੇ ਸੰਤ ਚੰਨਣ ਸਿੰਘ ਜੀ ਜੋ ਇਸ ਵੇਲੇ ਇਸ ਦੁਨੀਆਂ ਵਿਚ ਨਹੀਂ ਰਹੇ, ਮੈਂ ਉਨ੍ਹਾਂ ਦਾ ਪੂਰਾ ਅਦਬ ਕਰਦਾ ਹਾਂ ਅਤੇ ਅੱਜ ਅਗਰ ਮੈਂ ਉਨ੍ਹਾਂ ਦੇ ਬਾਰੇ ਕੋਈ ਗੱਲ ਕਹਾਂ ਤਾਂ ਇਹ ਗੱਲ ਠੀਕ ਨਹੀਂ। ਇਕ ਗੱਲ ਮੈਂ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਸਾਡਾ ਦੇਸ਼ ਇਕ ਹੈ। ਹਰਿਆਣਾ, ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਚੰਡੀਗੜ੍ਹ ਇਕੋ ਪੰਜਾਬ ਦੇ ਚਾਰ ਹਿੱਸੇ ਬਣੇ ਹਨ। ਮੇਰੇ ਆਨਰੇਬਲ ਦੋਸਤਾਂ ਨੇ ਕਿਹਾ ਹੈ ਕਿ ਪੰਜਾਬੀ ਸੂਬਾ ਅਸੀਂ ਬਣਾਇਆ ਹੈ ਅਤੇ ਇਸ ਦਾ ਕਰੈਡਿਟ ਸਾਨੂੰ ਜਾਂਦਾ ਹੈ। ਮੈਂ ਕਹਿੰਦਾ ਹਾਂ ਕਿ ਠੀਕ ਹੈ ਪੰਜਾਬੀ ਸੂਬਾ ਅਸੀਂ ਨਹੀਂ ਬਣਵਾਇਆ, ਇਸ ਪੰਜਾਬੀ ਸੂਬੇ ਨੂੰ ਬਣਾਉਣ ਦਾ ਕਰੈਡਿਟ ਇਨ੍ਹਾਂ ਦੋਸਤਾਂ ਨੂੰ (ਆਪੋਜ਼ੀਸ਼ਨ ਬੈਂਚਾਂ ਵਲ ਇਸ਼ਾਰਾ ਕਰਦੇ ਹੋਏ) ਜਾਂਦਾ ਹੈ ਜਿਨ੍ਹਾਂ ਦੀ ਮਿਹਰਬਾਨੀ ਨਾਲ ਪੰਜਾਬ ਵਿਚੋਂ ਕਾਂਗੜਾ ਗਿਆ, ਸ਼ਿਮਲਾ ਗਿਆ, ਹਰਿਆਣਾ ਬਣਿਆ ਅਤੇ ਹਿਮਾਚਲ ਪ੍ਰਦੇਸ਼ ਵਖਰਾ ਹੋਇਆ ਔਰ ਚੰਡੀਗੜ੍ਹ ਦਾ ਮਸਲਾ ਬਣਿਆ। ਚੰਡੀਗੜ੍ਹ ਦੇ ਮਸਲੇ ਤੇ ਮੈਂ ਕਹਿੰਦਾ ਹਾਂ ਕਿ ਕਮਿਸ਼ਨ ਨੇ ਫੈਸਲਾ ਕੀਤਾ ਸੀ ਔਰ ਖਰੜ ਤਹਿਸੀਲ ਸਾਰੀ ਹਰਿਆਣਾ ਨੂੰ ਦੇਣ ਲਈ ਕਮਿਸ਼ਨ ਨੇ ਰਿਕੁਮੈਂਡੇਸ਼ਨ ਕੀਤੀ ਸੀ ਲੇਕਿਨ ਮੈਂ ਫ਼ਖਰ ਨਾਲ ਕਹਿ ਸਕਦਾ ਹਾਂ ਕਿ ਮੇਰੀ ਪਾਰਟੀ ਦੇ ਸਾਰੇ ਮੈਂਬਰਾਂ ਨੇ ਸੈਂਟਰ ਵਿਚ ਅਸਤੀਫੇ ਦਿਤੇ, ਸਰਦਾਰ ਸਵਰਨ ਸਿੰਘ ਜੀ ਨੇ ਅਸਤੀਫਾ ਦਿਤਾ ਅਤੇ ਕਿਹਾ ਕਿ ਚੰਡੀਗੜ੍ਹ ਅਸੀਂ ਹਰਿਆਣੇ ਵਿਚ ਨਹੀਂ ਜਾਣ ਦੇਣਾ। ਇਸ ਲਈ ਖਰੜ ਸਾਡੇ ਕੋਲ ਰਿਹਾ ਅਤੇ ਕਾਲਕਾ ਹਰਿਆਣਾ ਵਿਚ ਚਲਾ ਗਿਆ ਔਰ ਚੰਡੀਗੜ੍ਹ ਸੈਂਟਰ ਵਿਚ ਰਹਿ ਗਿਆ...... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਅਸਤੀਫੇ ਸਾਨੂੰ ਦਿਖਾਉਣ ਕਿ ਕਿਥੇ ਰਖੇ ਹਨ। (ਵਿਘਨ)

ਮੁੱਖ ਮੰਤਰੀ : ਸਪੀਕਰ ਸਾਹਿਬ, ਹੁਣ ਸੋਚਣਾ ਇਹ ਹੈ ਕਿ ਚੰਡੀਗੜ੍ਹ ਪੰਜਾਬ ਨੇ ਇਕ ਬੜਾ ਬਿਊਟੀਫੁਲ ਸ਼ਹਿਰ ਵਸਾਇਆ। ਉਸ ਵਕਤ ਜੁਆਇੰਟ ਪੰਜਾਬ ਸੀ, ਪੰਜਾਬ ਅਤੇ ਹਰਿਆਣਾ ਇਕੱਠਾ ਸੀ। ਸਾਰੇ ਭਰਾਵਾਂ ਨੇ ਮਿਲ ਜੁਲ ਕੇ ਕੰਮ ਕੀਤਾ ਅਤੇ ਚੰਡੀਗੜ੍ਹ ਇਕ ਨਵਾਂ ਸ਼ਹਿਰ ਵਸਾਇਆ। ਅੱਜ ਵੀ ਕਈ ਲੋਕ ਹਰਿਆਣੇ ਵਿਚ ਚਲੇ ਗਏ ਹਨ ਜਿਨ੍ਹਾਂ ਨੇ ਸਾਡੇ ਨਾਲ ਮਿਲ ਜੁਲ ਕੇ ਕੰਮ ਕੀਤਾ ਹੈ। ਸਾਰਾ ਦੇਸ਼ ਇਕ ਹੈ। ਸਾਨੂੰ ਇਹ ਮਸਲਾ ਬੜੇ ਪਿਆਰ ਨਾਲ ਹੱਲ ਕਰਨਾ ਚਾਹੀਦਾ ਹੈ। ਸਾਨੂੰ ਐਸੀ ਕੋਈ ਗੱਲ ਨਹੀਂ ਕਰਨੀ ਚਾਹੀਦੀ ਜਿਸ ਨਾਲ ਸਾਡੀ ਔਰ ਸਾਡੇ ਗਵਾਂਢੀ ਪ੍ਰਾਂਤ ਦੀ ਵਸੋਂ ਦੇ ਵਿਚ ਕੋਈ ਕੜਵਾਪਨ ਹੋ ਜਾਏ ਜਿਸ ਤਰ੍ਹਾਂ ਕਿ ਕਈ ਥਾਂਵਾਂ ਤੇ ਹੋਇਆ

ਹੈ । ਅਸੀਂ ਹਰ ਗੱਲ ਨੂੰ ਠੰਢੇ ਦਿਲ ਅਤੇ ਦਿਮਾਗ ਨਾਲ ਸੋਚਣਾ ਹੈ ਅਤੇ ਇਸ ਦਾ ਹੱਲ ਲਭਣਾ ਹੈ। ਚੰਡੀਗੜ੍ਹ ਦੇ ਬਾਰੇ ਮੈਂ ਸਮਝਦਾ ਹਾਂ ਕਿ ਕੋਈ ਵੀ ਨਹੀਂ ਕਹਿੰਦਾ ਕਿ ਚੰਡੀਗੜ੍ਹ ਪੰਜਾਬ ਦਾ ਨਹੀਂ। ਚੰਡੀਗੜ੍ਹ ਨੂੰ ਅਸੀਂ ਪੰਜਾਬ ਵਿਚ ਲਿਆਉਣਾ ਹੈ। ਲੇਕਿਨ ਅਖ਼ਬਾਰਾਂ ਪੜ੍ਹ ਕੇ ਇਥੇ ਸਰਦਾਰ ਜੀ (ਆਪੋਜ਼ੀਸ਼ਨ ਵਲ ਇਸ਼ਾਰਾ ਕਰਦੇ ਹੋਏ) ਸੁਣਾਉਂਦੇ ਹਨ, ਉਨ੍ਹਾਂ ਅਖ਼ਬਾਰਾਂ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਦੋਵਾਂ ਪ੍ਰਾਂਤਾਂ ਦੇ ਮੁੱਖ ਮੰਤਰੀਆਂ ਨੂੰ ਬੁਲਾਇਆ ਜਾਵੇ । ਇਹ ਕਹਿੰਦੇ ਹਨ ਕਿ ਮੁੱਖ ਮੰਤਰੀਆਂ ਨੂੰ ਕਿਉਂ ਬੁਲਾਇਆ ਜਾਵੇ । ਜਿਹੜੇ ਮੁੱਖ ਮੰਤਰੀ ਦੀ ਚਿਠੀ ਨੂੰ ਲੈ ਕੇ ਇਹ ਆਪਣੇ ਆਪ ਨੂੰ ਡੀਫੈਂਡ ਕਰਦੇ ਹਨ ਮੈਂ ਸਮਝਦਾ ਹਾਂ ਕਿ ਇਹ ਉਹੀ ਗੱਲ ਹੈ ਅਤੇ ਮੁੱਖ ਮੰਤਰੀ , ਮੁੱਖ ਮੰਤਰੀ ਹੀ ਹੈ ਭਾਵੇਂ ਕੋਈ ਵੀ ਆਦਮੀ ਹੋਵੇ। ਸੂਬੇ ਦੇ ਬਾਰੇ ਕੋਈ ਵੀ ਫੈਸਲਾ ਲੈਣਾ ਹੋਵੇ ਉਸ ਨੂੰ ਪੁਛਣਾ ਪੈਂਦਾ ਹੈ। ...... (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਤੁਹਾਡੇ ਜਾਣ ਤੇ ਸਾਨੂੰ ਕੋਈ ਇਤਰਾਜ਼ ਨਹੀਂ।

ਮੁੱਖ ਮੰਤਰੀ : ਲਓ ਜੀ ਇਹ ਕਹਿੰਦੇ ਹਨ ਕਿ ਮੇਰੇ ਜਾਣ ਤੇ ਕੋਈ ਇਤਰਾਜ਼ ਨਹੀਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਪ੍ਰਾਈਮ ਮਨਿਸਟਰ ਸਾਹਿਬ ਦਾ ਅਵਾਰਡ ਨਹੀਂ। ਮੈਂ ਉਸ ਵੇਲੇ ਵੀ ਇਹ ਕਿਹਾ ਸੀ ਕਿ ਇਹ ਪ੍ਰਾਈਮ ਮਨਿਸਟਰ ਸਾਹਿਬ ਦਾ ਅਵਾਰਡ ਨਹੀਂ ਕਹਿਣਾ ਚਾਹੀਦਾ। ਮਗਰੋਂ ਹਰਿਆਣੇ ਵਾਲਿਆਂ ਨੇ ਅਵਾਰਡ ਕਹਿਣਾ ਸ਼ੁਰੂ ਕਰ ਦਿਤਾ ਕਿਉਂਕਿ ਉਨ੍ਹਾਂ ਨੂੰ ਇਹ ਗਲ ਸੂਟ ਕਰਦੀ ਸੀ ਅਤੇ ਪੰਜਾਬ ਵਾਲੇ ਵੀ ਇਹੀ ਗੱਲ ਕਹਿਣ ਲਗ ਪਏ। ਪਰ ਇਹ ਅਵਾਰਡ ਨਹੀਂ ਇਹ ਹਿੰਦ ਸਰਕਾਰ ਦਾ ਇਕ ਡਸੀਜ਼ਨ ਹੈ ਅਤੇ ਇਸ ਦੀ ਕਾਪੀ ਮੇਰੇ ਪਾਸ ਹੈ। ਹਿੰਦ ਸਰਕਾਰ ਨੇ ਉਮੀਦ ਜ਼ਾਹਿਰ ਕੀਤੀ ਹੈ ਕਿ ਇਹ ਡਿਸੀਜ਼ਨ ਦੋਨਾਂ ਸੂਬਿਆਂ ਨੂੰ ਮਨਜ਼ੂਰ ਹੋਵੇਗਾ। ਮੈਂ ਡਿਸੀਜ਼ਨ ਅਤੇ ਅਵਾਰਡ ਦਾ ਫਰਕ ਇਹ ਸਮਝਦਾ ਹਾਂ ਕਿ ਪ੍ਰਾਈਮ ਮਨਿਸਟਰ ਸਾਹਿਬ ਦਾ ਅਵਾਰਡ ਜਿਨ੍ਹਾਂ ਨੂੰ ਸਾਲਸ ਮੰਨਿਆ ਸੀ ਹਰ ਹਾਲਤ ਵਿਚ ਸਾਨੂੰ ਪ੍ਰਵਾਨ ਕਰਨਾ ਪਵੇਗਾ ਕਿਉਂਕਿ ਇਕ ਸਾਲਸ ਕਿਸੇ ਨੂੰ ਕੁਝ ਦੇ ਦੇਵੇ ਉਹ ਮੰਨਣਾ ਪੈਂਦਾ ਹੈ ਲੇਕਿਨ ਪ੍ਰਾਈਮ ਮਨਿਸਟਰ ਸਾਹਿਬ ਨੇ ਅਵਾਰਡ ਨਹੀਂ ਦਿਤਾ ਉਨ੍ਹਾਂ ਨੇ ਡਿਸੀਜ਼ਨ ਦਿਤਾ ਹੈ ਅਤੇ ਡਿਸੀਜ਼ਨ ਰੀਵਾਈਜ਼ ਕੀਤਾ ਜਾ ਸਕਦਾ ਹੈ। ਅਸੀਂ ਇਸ ਡਿਸੀਜ਼ਨ ਨੂੰ ਰੀਵਾਈਜ਼ ਕਰਾਉਣ ਵਾਸਤੇ ਹਿੰਦ ਸਰਕਾਰ ਨਾਲ ਗਲਬਾਤ ਕਰਨਾ ਚਾਹੁੰਦੇ ਹਾਂ। (ਥੰਪਿੰਗ) ਮੈਂ ਹਰਿਆਣੇ ਦੇ ਮੁੱਖ ਮੰਤਰੀ, ਸ਼੍ਰੀ ਬੰਸੀ ਲਾਲ ਜੀ ਦਾ ਮਸ਼ਕੂਰ ਹਾਂ ਭਾਵੇਂ ਅਸੈਂਬਲੀ ਵਿਚ ਮੈਂਬਰਾਂ ਨੂੰ ਨਹੀਂ ਰੋਕਿਆ ਗਿਆ, ਹਰਿਆਣਵੀ ਭਰਾ ਇਤਨੀਆਂ ਤਿਖੀਆਂ ਗੱਲਾਂ ਅਸੈਂਬਲੀ ਵਿਚ ਨਾ ਕਰਦੇ ਤਾਂ ਚੰਗੀ ਗੱਲ ਸੀ। ਉਹ ਸਾਡਾ ਅੰਗ ਹਨ ਅਤੇ ਅਸੀਂ ਉਨ੍ਹਾਂ ਦਾ ਅੰਗ ਹਾਂ । ਇਕ ਗੱਲ ਮੈਂ ਸਪੀਕਰ ਸਾਹਿਬ, ਬਾਦਲ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਸੀਂ ਬੰਸੀ ਲਾਲ ਜੀ ਨੂੰ ਗਲਬਾਤ ਨਾਲ, ਪਿਆਰ ਨਾਲ ਮਨਾਵਾਂਗੇ ਪਰ ਉਹ ਚੌਧਰੀ ਦੇਵੀ ਲਾਲ ਨੂੰ ਜਿਨ੍ਹਾਂ ਨੂੰ ਕਿ ਇਨ੍ਹਾਂ ਨੇ ਥੈਲੀ ਪੇਸ਼ ਕੀਤੀ ਹੈ ਉਸ ਨੂੰ ਇਹ ਮੰਨਾ ਲੈਣ। ਜੇ ਇਹ ਉਸ ਨੂੰ ਮੰਨਾ ਕੇ ਉਸ ਤੋਂ ਸਟੇਟਮੈਂਟ ਦਵਾ ਦੇਣ ਤਾਂ ਮੈਂ ਮੁੱਖ ਮੰਤਰੀ ਸਾਹਿਬ ਨੂੰ ਮੰਨਾ ਕੇ ਸਟੇਟਮੈਂਟ ਦੁਆ ਦਿਆਂਗਾ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਅਰਜ਼ ਕਰਾਂ ਕਿ ਇਨ੍ਹਾਂ ਦੀ ਸੀ. ਆਈ.ਡੀ. ਨੇ ਜੋ ਇਨਫਰਮੇਸ਼ਨ ਦਿਤੀ ਹੈ ਉਹ ਗਲਤ ਦਿਤੀ ਹੈ । ਅਸੀਂ ਕੋਈ ਥੈਲੀ ਚੌਧਰੀ ਦੇਵੀ ਲਾਲ ਨੂੰ ਭੇਂਟ ਨਹੀਂ ਕੀਤੀ। (ਵਿਘਨ)

Mr. Speaker : Order, order please.

ਮੁੱਖ ਮੰਤਰੀ : ਮੈਂ ਤਾਂ ਡੈਮੋਕਰੇਟਿਕ ਤਰੀਕੇ ਨਾਲ ਚਲਣ ਵਿਚ ਫ਼ਖਰ ਕਰਦਾ ਹਾਂ। ਜੇ ਮੈਂ ਕੋਈ ਗੱਲ ਗਲਤ ਕਹਿ ਦੇਵਾਂ ਤਾਂ ਉਸ ਨੂੰ ਵਾਪਸ ਲੈਣ ਨੂੰ ਵੀ ਤਿਆਰ ਹਾਂ ਅਤੇ ਇਸ ਦੇ ਵਿਚ ਮੈਂ ਕੋਈ ਹਾਨੀ ਨਹੀਂ ਸਮਝਦਾ, ਕੋਈ ਹੱਤਕ ਨਹੀਂ ਸਮਝਦਾ । ਲੇਕਿਨ ਸਪੀਕਰ ਸਾਹਿਬ, ਬਾਦਲ ਸਾਹਿਬ ਇਹ ਦਸ ਦੇਣ ਕਿ 25 ਹਜ਼ਾਰ ਰੁਪਏ ਦੀ ਥੈਲੀ ਕਿਸ ਨੂੰ ਦਿਤੀ ਸੀ।

ਸਰਦਾਰ ਅਜਾਇਬ ਸਿੰਘ ਸੰਧੂ : ਚੌਧਰੀ ਚਰਨ ਸਿੰਘ ਨੂੰ, ਤੁਹਾਡੀ ਇਲੈਕਸ਼ਨ ਵਾਸਤੇ ਸੇਵਾ ਕਰਨ ਲਈ ਕਾਰ ਦਿਤੀ ਸੀ।

ਮੁੱਖ ਮੰਤਰੀ : ਸਪੀਕਰ ਸਾਹਿਬ, ਡਿਪਟੀ ਲੀਡਰ ਸਾਹਿਬ ਨੇ ਕਿਹਾ ਹੈ ਕਿ ਥੈਲੀ ਨਹੀਂ ਭੇਂਟ ਕੀਤੀ ਸੀ ਪਰ ਉਨ੍ਹਾਂ ਨੇ ਚੌਧਰੀ ਚਰਨ ਸਿੰਘ ਨੂੰ ਸਾਡੀ ਸੇਵਾ ਕਰਨ ਵਾਸਤੇ, ਕਾਂਗਰਸ ਦੀ ਸੇਵਾ ਕਰਨ ਵਾਸਤੇ, ਕਾਰ ਦਿਤੀ ਸੀ।

ਸਰਦਾਰ ਦਰਬਾਰਾ ਸਿੰਘ : ਜਦੋਂ ਚੌਧਰੀ ਦੇਵੀ ਲਾਲ ਇਹ ਇਲਾਕੇ ਹਰਿਆਣੇ ਵਿਚ ਜਾਣ ਲਈ ਕਹਿੰਦੇ ਸਨ ਤਾਂ ਚੌਧਰੀ ਚਰਨ ਸਿੰਘ ਉਸ ਵੇਲੇ ਉਨ੍ਹਾਂ ਦੀ ਅਗਵਾਈ ਕਰਦੇ ਸਨ ।

ਮੁੱਖ ਮੰਤਰੀ : ਸਪੀਕਰ ਸਾਹਿਬ, ਚੌਧਰੀ ਚਰਨ ਸਿੰਘ ਹਿੰਦੁਸਤਾਨ ਦਾ ਇਕੋ ਇਕ ਮੁੱਖ ਮੰਤਰੀ ਸੀ ਜਿਸ ਨੇ ਸਾਡੇ ਖਿਲਾਫ ਕਿਹਾ ਸੀ ਕਿ ਇਹ ਇਲਾਕਾ ਹਰਿਆਣੇ ਨੂੰ ਮਿਲਣਾ ਚਾਹੀਦਾ ਹੈ। ਹੋਰ ਕਿਸੇ ਨੇ ਇਹ ਨਹੀਂ ਸੀ ਕਿਹਾ। ਉਨ੍ਹਾਂ ਦੀ ਮਦਦ ਕਰਨ ਵਾਸਤੇ ਇਨ੍ਹਾਂ ਨੇ ਕਾਰ ਦਿਤੀ ਹੈ । ਮੈਂ ਨਹੀਂ ਕਹਿ ਸਕਦਾ ਇਹ ਕੌਮੀ ਦਰਦ ਅਖ਼ਬਾਰ ਜਿਹੜੀ ਕਿ ਅਕਾਲੀਆਂ ਦੀ ਹੈ ਉਸ ਨੇ ਕਿਸੇ ਥਾਂ ਤੇ ਕਿਹਾ ਹੈ ਕਿ ਜਨਸੰਘ ਦੀ ਮਦਦ ਕਰੋ, ਕਿਸੇ ਥਾਂ ਕਿਹਾ ਹੈ ਇਨਡੀਪੈਂਡੈਂਟ ਦੀ ਮਦਦ ਕਰੋ ਅਤੇ ਕਿਸੇ ਥਾਂ ਤੇ ਕਿਹਾ ਹੈ ਕਿ ਕਾਂਗਰਸ ਦੀ ਮਦਦ ਕਰੋ...... (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਤਾਂ ਸਿਰਫ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਗਿਆਨੀ ਜੀ ਪੁਲੀਟੀਕਲੀ ਕਿਸੇ ਨੂੰ ਨੀਵਾਂ ਕਰਨ ਜਾਂ ਉਚਾ ਕਰਨ ਦੀ ਗੱਲ ਅਸੈਂਬਲੀ ਵਿਚ ਨਾ ਕਰਨ ਅਤੇ ਸਪੱਸ਼ਟ ਕਹਿਣ ਕਿ ਇਹ ਕਰਨਾ ਚਾਹੀਦਾ ਹੈ ਅਤੇ ਜਿਸ ਤਰੀਕੇ ਨਾਲ ਇਹ ਮੁਨਾਸਬ ਸਮਝਣ ਫਾਜ਼ਿਲਕਾ ਅਤੇ ਅਬੋਹਰ ਲੈਣ ਵਾਸਤੇ ਉਪਰਾਲਾ ਕਰਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਸੱਚ ਇਹ ਹੈ ਕਿ ਮੈਂ ਤਾਂ ਅੱਜ ਆਪਣੀ ਤਕਰੀਰ ਕਰਨ ਵਾਸਤੇ ਕਾਗਜ਼ ਲਿਆਂਦੇ ਸੀ, ਮੈਂ ਇਹ ਗਲ ਛੇੜਣ ਵਾਸਤੇ ਨਹੀਂ ਸੀ ਲਿਆਂਦੇ। ਮੈਂ ਚਾਹੁੰਦਾ ਸੀ ਕਿ ਮੈਂ ਪੰਜਾਬ ਦੀ ਤਾਮੀਰੀ ਚੀਜ਼ਾਂ ਵਲ ਧਿਆਨ ਦੇਵਾਂ, ਲੇਕਿਨ ਜਦੋਂ ਹਾਊਸ ਵਿਚ ਆਨਰੇਬਲ ਮੈਂਬਰ ਸਾਡੇ ਤੇ ਇਲਜ਼ਾਮ ਲਾਉਂਦੇ ਹਨ ਉਨ੍ਹਾਂ ਨੂੰ ਸਾਫ਼ ਕਰਨ ਵਾਸਤੇ ਕਹਿਣਾ ਪੈਂਦਾ ਹੈ । ਮੇਰੀ ਕੋਈ ਭਾਵਨਾਂ ਨਹੀਂ ਸੀ ਕਿ ਸਾਡਾ ਕੇਸ ਕਮਜ਼ੋਰ ਹੋਵੇ ਜਾਂ ਮੈਂ ਕਿਸੇ ਨੂੰ ਬਦਨਾਮ ਕਰਾਂ । ਮੈਂ ਹਕੀਕਤ ਰਾਹੀਂ ਇਹ ਦਸਣਾ ਚਾਹੁੰਦਾ ਹਾਂ ਕਿ ਸਾਡੇ ਆਪੋਜ਼ੀਸ਼ਨ ਪਾਰਟੀ ਦੇ ਲੀਡਰ ਦਾ ਇਹ ਕਹਿਣਾ ਕਿ ਕਾਂਗਰਸ ਦੀ ਸੇਵਾ ਕਰਨ ਵਾਸਤੇ ਰੁਪਏ ਦਿਤੇ ਸੀ ਅਤੇ ਸੰਧੂ ਸਾਹਿਬ ਨੇ ਕੁਰੈਕਟ ਕੀਤਾ ਕਿ ਰੁਪਏ ਨਹੀਂ ਕਾਰ ਦਿਤੀ ਸੀ। ਖੈਰ ਕਾਰ ਵੀ 20--25 ਹਜ਼ਾਰ ਰੁਪਏ ਦੀ ਹੋਵੇਗੀ, ਇਨ੍ਹਾਂ ਨੇ ਉਥੇ ਯਗ ਦੱਤ, ਚਰਨ ਸਿੰਘ ਅਤੇ ਦੇਵੀ ਲਾਲ ਜੀ ਨਾਲ ਸਾਂਝ ਪਾਈ। ਇਹ ਠੀਕ ਹੈ ਕਿ ਪੁਲੀਟੀਕਲ ਪਾਰਟੀਆਂ ਸਾਂਝਾ ਪਾਉਂਦੀਆਂ ਹੁੰਦੀਆਂ ਹਨ।

EXTENSION OF TIME OF THE SITTING

ਸ਼੍ਰੀ ਸਪੀਕਰ : ਹਾਊਸ ਦੀ ਮਰਜ਼ੀ ਨਾਲ ਸਿਟਿੰਗ ਦਾ ਸਮਾਂ 15 ਮਿੰਟ ਹੋਰ ਵਧਾਇਆ ਜਾਂਦਾ ਹੈ । (With the permission of the House the time of the sitting is further extended by 15 minutes.)

DISCUSSION ON GOVERNOR'S ADDRESS (*Resumption*)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਵੇਖਣਾ ਇਹ ਸੀ ਕਿ ਪੰਜਾਬ ਦੇ ਹਿੱਤ ਵਿਚ ਕਿਹੜੀ ਗਲ ਜਾਂਦੀ ਹੈ। ਇਹ ਸ੍ਰੀ ਯਗ ਦੱਤ, ਚੌਧਰੀ ਦੇਵੀ ਲਾਲ ਅਤੇ ਸ੍ਰੀ ਚਰਨ ਸਿੰਘ ਨੂੰ ਮੰਨਾ ਲੈਣ ਅਤੇ ਉਨ੍ਹਾਂ ਤੋਂ ਇਹ ਸਟੇਟਮੈਂਟ ਦਿਵਾ ਦੇਣ ਕਿ ਫਾਜ਼ਿਲਕਾ ਪੰਜਾਬ ਦਾ ਹਿੱਸਾ ਹੈ ਅਤੇ ਪੰਜਾਬ ਵਿਚ ਰਹਿਣਾ ਚਾਹੀਦਾ ਹੈ। ਉਨ੍ਹਾਂ ਨਾਲ ਜੋ ਇਨ੍ਹਾਂ ਨੇ ਸਾਂਝ ਪਾਉਣੀ ਹੈ ਉਨ੍ਹਾਂ ਤੋਂ ਇਹ ਗਲ ਕਹਿਲਵਾ ਦੇਣ ਨਹੀਂ ਤਾਂ ਇਨ੍ਹਾਂ ਨੂੰ ਉਨ੍ਹਾਂ ਨਾਲ ਸਾਂਝ ਪਾਉਣ ਦੀ ਕਿਹੜੀ ਲੋੜ ਸੀ। ਉਹ ਲੋਕ ਸਾਡੇ ਕੇਸ ਨੂੰ ਵੀਕ ਕਰਨ ਵਾਸਤੇ ਜਲੂਸ ਕੱਢਦੇ ਹਨ ਅਤੇ ਬਾਦਲ ਸਾਹਿਬ ਉਨ੍ਹਾਂ ਨੂੰ ਥੈਲੀਆਂ ਭੇਂਟ ਕਰਦੇ ਹਨ, ਇਸ ਤਰ੍ਹਾਂ ਉਹ ਕਿਵੇਂ ਉਹ ਇਲਾਕੇ ਰਖ ਸਕਣਗੇ। (ਵਿਘਨ)

PERSONAL EXPLANATION BY SARDAR PARKASH SINGH BADAL

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲਾਨੇਸ਼ਨ ਇਹ ਹੈ ਕਿ ਮੈਨੂੰ ਬੜਾ ਅਫਸੋਸ ਹੈ ਕਿ ਅਸੀਂ ਇਥੇ ਯੂ.ਪੀ. ਦੇ ਇਲੈਕਸ਼ਨ ਵਿਚ ਚਲੇ ਗਏ। ਮੈਨੂੰ ਬੜਾ ਦੁਖ ਹੁੰਦਾ ਹੈ ਕਿ ਅਸੀਂ ਆਪੋਜ਼ੀਸ਼ਨ ਪਾਰਟੀਆਂ ਨੇ ਆਪਣੇ ਕਿਸਾਨਾਂ ਤੋਂ ਪੈਸਾ ਇਕੱਠਾ ਕਰਕੇ ਉਥੇ ਭੇਜਿਆ। ਮੈਂ ਇਹ ਕਹਿੰਦਾ ਹਾਂ ਕਿ ਜਿਨ੍ਹਾਂ ਨੇ ਸਾਡੇ ਅਗੇਂਸਟ ਡਿਸੀਜ਼ਨ ਦਿਤਾ ਉਨ੍ਹਾਂ ਲਈ ਇਨ੍ਹਾਂ ਨੇ ਕਰੋੜਾਂ ਰੁਪਏ ਇਕਠੇ ਕਰਕੇ ਉਥੇ ਭੇਜੇ। (ਵਿਘਨ)

ਸਰਦਾਰ ਰਣਧੀਰ ਸਿੰਘ ਚੀਮਾਂ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਚੇਅਰ ਦੀ ਆਗਿਆ ਤੋਂ ਬਗੈਰ ਬੋਲ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ। (Whatever the hon. Members are saying without the permission of the Chair that should not be recorded.)

DISCUSSION ON GOVERNOR'S ADDRESS (*Resumption*)

ਮੁੱਖ ਮੰਤਰੀ : ਸਪੀਕਰ ਸਾਹਿਬ, ਵਿਰੋਧੀ ਦਲ ਦੇ ਲੀਡਰ ਅਤੇ ਡਿਪਟੀ ਲੀਡਰ ਦੋਹਾਂ ਨੇ ਪੁਆਇੰਟ ਆਫ ਆਰਡਰ ਕੀਤੇ। ਮੈਂ ਹੁਣ ਯੂ.ਪੀ. ਦੀ ਗੱਲ ਛਡਦਾ ਹਾਂ ਅਤੇ ਮੁਕਤਸਰ ਦੀ ਗੱਲ ਕਰਦਾ ਹਾਂ। ਫ਼ਾਜ਼ਿਲਕਾ ਅਤੇ ਮੁਕਤਸਰ ਦੇ ਲੋਕ ਮੇਲੇ ਵਿਚ ਇਕੱਠੇ ਹੁੰਦੇ ਹਨ। ਮੈਂ ਰਾਏ ਦਿਤੀ ਹੈ ਇਨ੍ਹਾਂ ਨੂੰ ਪਸੰਦ ਆਵੇ ਜਾਂ ਨਾ ਆਵੇ। ਮੈਂ ਇਹ ਕਹਿੰਦਾ ਹਾਂ ਕਿ ਇਨ੍ਹਾਂ ਗੱਲਾਂ ਨਾਲ ਸਾਡਾ ਕੇਸ ਕੰਮਜ਼ੋਰ ਹੁੰਦਾ ਹੈ। ਇਕ ਗੱਲ ਇਨ੍ਹਾਂ ਨੇ ਇਹ ਕਹੀ ਕਿ ਇਨ੍ਹਾਂ ਨੇ ਕਾਂਗਰਸ ਦੀ ਖਲ੍ਹ ਲਾਹੁਣ ਵਾਸਤੇ ਪੈਸੇ ਦਿਤੇ ਹਨ। ਮੇਰਾ ਤਾਂ ਖਿਆਲ ਸੀ ਕਿ ਸੰਧੂ ਸਾਹਿਬ ਨੇ ਖਲ੍ਹ ਲਾਹੁਣ ਦਾ ਕੰਮ ਛੱਡ ਦਿਤਾ ਹੋਵੇਗਾ। (ਹਾਸਾ)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੇਰੀ ਪਰਸਨਲ ਐਕਸਪਲੇਨੇਸ਼ਨ ਇਹ ਹੈ ਕਿ ਗਿਆਨੀ ਜੀ ਨੂੰ ਗਲਤ ਫ਼ੈਹਮੀ ਹੋ ਗਈ ਹੈ। ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਅਸੀਂ ਖਲ ਲਾਹੁਣ ਦਾ ਕੰਮ ਛਡਿਆ ਨਹੀਂ ਔਰ ਜਦ ਤਕ ਹਿੰਦੁਸਤਾਨ ਦੇ ਕੱਲੇ ਕੱਲੇ ਕਾਂਗਰਸੀ ਦੀ ਖਲ੍ਹ ਨਹੀਂ ਲਾਹ ਲੈਂਦੇ ਉਦੋਂ ਤਕ ਇਹ ਛੱਡਣਾ ਵੀ ਨਹੀਂ। (ਹਾਸਾ)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇਹ ਇਕ ਜ਼ਿਮੇਵਾਰ ਪਾਰਟੀ ਹੈ ਜਿਸ ਨੇ ਪੰਜਾਬ ਵਿਚ ਰਾਜ ਕੀਤਾ ਹੋਵੇ, ਅੱਜ ਇਤਫ਼ਾਕ ਨਾਲ ਆਪੋਜ਼ੀਸ਼ਨ ਵਿਚ ਬੈਠੀ ਹੈ ਉਨ੍ਹਾਂ ਨੂੰ ਜ਼ਿਮੇਵਾਰੀਆਂ ਤੋਂ ਗੁਰੇਜ਼ ਨਹੀਂ ਕਰਨਾ ਚਾਹੀਦਾ। ਡਿਪਟੀ ਲੀਡਰ ਅਜੇ ਤਕ ਵੀ ਖਲ੍ਹ ਲਾਹੁਣ ਦਾ

**Not recorded as ordered by the Chair.

[ਮੁੱਖ ਮੰਤਰੀ]

ਕੰਮ ਕਰਦਾ ਰਹੇ ਇਹ ਉਨ੍ਹਾਂ ਨੂੰ ਮੁਬਾਰਕ ਹੋਵੇ। ਮੈਂ ਤਾਂ ਸਮਝਦਾ ਸੀ ਕਿ ਇਹ ਤਾਂ ਕਹਿਣਗੇ ਕਿ ਇਹ ਸ਼ਬਦ ਕਢਾ ਦਿਤੇ ਜਾਣ, ਪਰ ਇਹ ਇਸ ਗੱਲ ਤੇ ਖੁਸ਼ ਹਨ। ਇਹ ਰੱਖ ਲੈਣ। ਮੈਂ ਕਹਿੰਦਾ ਹਾਂ ਕਿ ਜੇਕਰ ਸੰਧੂ ਸਾਹਿਬ ਆਪਣੇ ਬਾਕੀ ਸਾਥੀਆਂ ਨੂੰ ਵੀ ਇਸ ਕੰਮ ਲਈ ਨਾਲ ਰੱਖਣ ਤਾਂ ਸਾਨੂੰ ਕੋਈ ਇਤਰਾਜ਼ ਨਹੀਂ (ਵਿਘਨ)। ਸਪੀਕਰ ਸਾਹਿਬ, ਮੈਂ ਬੜੇ ਅਦਬ ਦੇ ਨਾਲ ਬੇਨਤੀ ਕਰਾਂਗਾ ਸਾਰੇ ਮੈਂਬਰ ਸਾਹਿਬਾਨ ਦੀ ਸੇਵਾ ਵਿਚ ਕਿ ਇਲਾਕਾਈ ਝਗੜੇ ਗਰਮਾ ਗਰਮੀ ਨਾਲ, ਐਜੀਟੇਸ਼ਨਾਂ ਨਾਲ, ਨਾਹਰਿਆਂ ਨਾਲ ਜਾਂ ਸਲੋਗਨਜ਼ ਨਾਲ ਨਹੀਂ ਨਿਬੜਦੇ ਔਰ ਨਾ ਹੀ ਨਬੇੜਨੇ ਚਾਹੀਦੇ ਹਨ। ਦੇਸ਼ ਦੀ ਯਕਜਾਹਿਤੀ ਨੂੰ ਮਦੇਨਜ਼ਰ ਰਖਦੇ ਹੋਏ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਆਪਣਾ ਕੇਸ ਮਜ਼ਬੂਤੀ ਨਾਲ ਪੇਸ਼ ਕਰੀਏ ਔਰ ਇਹੋ ਜਿਹੇ ਮਾਮਲਿਆਂ ਵਿਚ ਏਕਤਾ ਕਰੀਏ ਭਾਵੇਂ ਸਾਡੇ ਸੌ ਤਰ੍ਹਾਂ ਦੇ ਮਤ-ਭਦ ਹੋਣ। ਇਸ ਮਾਮਲੇ ਵਿਚ ਏਕਤਾ ਰੱਖਣੀ ਚਾਹੀਦੀ ਹੈ। ਡਾਂਗ ਸਾਹਿਬ, ਜਦੋਂ ਇਥੇ ਚਰਚਾ ਹੋ ਰਹੀ ਸੀ, ਉਨ੍ਹਾਂ ਨੇ ਵੀ ਇਹ ਗੱਲ ਆਖੀ ਸੀ ਮੈਂ ਉਨ੍ਹਾਂ ਦਾ ਮਸ਼ਕੂਰ ਹਾਂ ਕਿ ਉਨ੍ਹਾਂ ਨੇ ਇਸ ਰਾਹ ਨੂੰ ਪਸੰਦ ਕੀਤਾ ਹੈ। ਮੈਂ ਦੂਸਰੀ ਬੇਨਤੀ ਇਹ ਕਰਨੀ ਚਾਹੁੰਦਾ ਹਾਂ ਕਿ ਜਦੋਂ ਸਾਡੇ ਦੇਸ਼ ਤੇ ਜੰਗ ਦਾ ਮੌਕਾ ਆਇਆ ਉਦੋਂ ਸਾਡੇ ਦੇਸ਼ ਦਾ ਕੜਾ ਇਮਤਿਹਾਨ ਸੀ ਔਰ ਹਿੰਦੁਸਤਾਨ ਦੀਆਂ ਸਾਰੀਆਂ ਪਾਰਟੀਆਂ ਨੇ ਇਕ ਮੁਠ ਹੋ ਕੇ, ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੇ ਇਕ ਮੁਠ ਹੋ ਕੇ, ਅਕਾਲੀ, ਜੰਨ ਸੰਘ, ਕਾਂਗਰਸ, ਕਮਿਊਨਿਸਟ ਸਾਰਿਆਂ ਨੇ ਬਹਾਦਰੀ ਨਾਲ ਉਸ ਦਾ ਮੁਕਾਬਲਾ ਕੀਤਾ ਸੀ। ਉਸ ਦੇ ਨਾਲ ਸਾਡੇ ਦੇਸ਼ ਦੀ ਬੜੀ ਤਾਕਤ ਬਣੀ ਸੀ, ਸਾਡੇ ਦੇਸ਼ ਦੀ ਬੜੀ ਇੱਜ਼ਤ ਬਣੀ ਸੀ। ਅੱਜ ਵੀ ਸਾਡੇ ਦੇਸ਼ ਤੇ ਜੰਗ ਨਾਲੋਂ ਕੋਈ ਘੱਟ ਸੰਕਟ ਨਹੀਂ। ਇਹ ਸੰਕਟ ਇੰਟਰ-ਨੈਸ਼ਨਲ ਪ੍ਰਾਈਸਿਜ਼ ਵੱਧਣ ਦਾ ਹੈ ਔਰ ਉਸ ਦੇ ਨਾਲ ਇਕਨਾਮਿਕ ਕਰਾਈਸਿਜ਼ ਆਇਆ ਹੈ। ਨਾਲ ਦੀ ਨਾਲ ਕਈ ਤਾਕਤਾਂ ਸਾਡੇ ਦੇਸ਼ ਨੂੰ ਤਬਾਹ ਕਰਨ ਲਈ ਤੁਲੀਆਂ ਹੋਈਆਂ ਹਨ। ਇਸ ਸੰਕਟ ਤੋਂ ਫਾਇਦਾ ਨਹੀਂ ਉਠਾਉਣਾ ਚਾਹੀਦਾ ਔਰ ਇਸ ਸੰਕਟ ਤੋਂ ਫ਼ਾਇਦਾ ਉਠਾ ਕੇ ਆਪਣਾ ਪੁਲੀਟੀਕਲ ਪ੍ਰਭਾਵ ਕਾਇਮ ਰੱਖਣ ਲਈ ਜੇਕਰ ਇਹ ਤਰੀਕਾ ਵਰਤਿਆ ਜਾਏਗਾ ਤਾਂ ਇਸ ਨਾਲ ਦੇਸ਼ ਦਾ ਨੁਕਸਾਨ ਹੋਵੇਗਾ। ਮੈਂ ਇਸ ਗੱਲ ਲਈ ਬਿਲਕੁਲ ਤਿਆਰ ਹਾਂ ਕਿ ਆਪੋਜ਼ੀਸ਼ਨ ਦੇ ਲੀਡਰਾਂ ਨੂੰ ਬੁਲਾ ਕੇ, ਅਗੇ ਵੀ ਗੱਲਾਂ ਕੀਤੀਆਂ ਹਨ, ਹੁਣ ਵੀ ਤਿਆਰ ਹਾਂ। ਇਕ ਦਿਨ ਨਹੀਂ 10 ਦਿਨ ਲਗ ਜਾਣ ਕੋਈ ਸੁਝਾਵ ਦੇਣ, ਕੋਈ ਰਾਏ ਦੇਣ, ਹਰ ਠੀਕ ਰਾਏ ਮੰਨਣ ਨੂੰ ਤਿਆਰ ਹਾਂ। ਮੈਂ ਕਹਿੰਦਾ ਹਾਂ ਕਿ ਜਦ ਤਕ ਜ਼ਖੀਰਅੰਦੋਜ਼ੀ ਬਲੈਕਮਾਰਕੀਟਿੰਗ ਖ਼ਤਮ ਨਹੀਂ ਕੀਤੀ ਜਾਂਦੀ ਤਦ ਤਕ ਪ੍ਰਾਈਸਿਜ਼ ਠੀਕ ਨਹੀਂ ਹੋ ਸਕਦੀਆਂ ਅਤੇ ਸਕੇਰਸਿਟੀ ਵੀ ਦੂਰ ਨਹੀਂ ਹੋ ਸਕਦੀ। ਸਕੇਰਸਿਟੀ ਦਾ ਇੰਤਜ਼ਾਮ ਕਰਨਾ ਹੈ। ਮੇਰੀ ਇਹ ਰਾਏ ਹੈ ਕਿ ਆਪੋਜ਼ੀਸ਼ਨ ਦੇ ਲੀਡਰ ਸਾਥ ਦੇਣ। ਜੋ ਜ਼ਖੀਰਾ-ਅੰਦੋਜ਼ੀ ਕਰਦੇ ਹਨ, ਬਲੈਕ ਮਾਰਕੀਟਿੰਗ ਕਰਦੇ ਹਨ ਅਤੇ ਜਿਨ੍ਹਾਂ ਨੇ ਅਨਾਜ, ਘੀ, ਤੇਲ, ਡੀਜ਼ਲ ਲੁਕੋਏ ਹੋਏ ਹਨ ਉਨ੍ਹਾਂ ਨੂੰ ਫੜਾਉਣ ਅਤੇ ਫੜਾ ਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿਵਾਉਣ। ਜੇ ਕਰ ਅਸੀਂ ਉਨ੍ਹਾਂ ਤੇ ਕੋਈ ਸਖ਼ਤੀ ਕਰਦੇ ਹਾਂ ਤਾਂ ਇਹ ਉਨ੍ਹਾਂ ਦੀਆਂ ਹੜਤਾਲਾਂ ਅਤੇ ਜਲੂਸਾਂ ਵਿਚ ਸ਼ਾਮਲ ਨਾ ਹੋਇਆ ਕਰਨ ਅਤੇ ਇਸ ਗੱਲ ਦਾ ਫਾਇਦਾ ਨਾ ਉਠਾਉਣ। ਬਗੈਰ ਕਿਸੇ ਗਲ ਦੇ ਟਰੱਕਾਂ ਵਾਲਿਆਂ ਨੂੰ ਅਤੇ ਟਰੈਕਟਰਾਂ ਵਾਲਿਆਂ ਨੂੰ ਸ਼ਹਿ ਦੇ ਕੇ ਖ਼ਾਹਮਖ਼ਾਹ ਲਾਈਨਾਂ ਲਗਵਾ ਦਿੰਦੇ ਹਨ ਹਾਲਾਂਕਿ ਉਹ ਤੇਲ ਲੈ ਚੁਕੇ ਹੁੰਦੇ ਹਨ, ਇਸ ਤਰ੍ਹਾਂ ਤਲਖੀਆਂ ਪੈਦਾ ਕੀਤੀਆਂ ਜਾਂਦੀਆਂ ਹਨ।

ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਮੈਂ ਸਤਿਕਾਰ ਵੀ ਕਰਾਂਗਾ ਅਤੇ ਸਨਮਾਨ ਵੀ ਲੋਕਾਂ ਦਾ ਕਰਾਂਗਾ ਲੇਕਿਨ ਮੈਂ ਪੰਜਾਬ ਦੇ ਵਿਚ ਨਾ ਫਿਰਕੇਦਾਰੀ ਨੂੰ ਸਿਰ ਚੁਕਣ ਦੇਵਾਂਗਾ ਨਾ ਰਿਸ਼ਵਤਖੋਰੀ ਨੂੰ ਸਿਰ ਚੁਕਣ ਦੇਵਾਂਗਾ ਅਤੇ ਨਾ ਹੀ ਜ਼ਖ਼ੀਰੇਖੋਰਾਂ ਨੂੰ ਸਿਰ ਉਠਾਉਣ ਦੇਵਾਂਗਾ। ਇਨ੍ਹਾਂ

2.00 pm.

ਸਾਰਿਆਂ ਨੂੰ ਮਜ਼ਬੂਤ ਹੱਥਾਂ ਨਾਲ ਨਿਪਟਾਂਗਾ। ਮੈਂ ਤੁਹਾਡੀ ਸੇਵਾ ਵਿਚ ਬੇਨਤੀ ਕਰਾਂਗਾ ਕਿ ਗਵਰਨਰ ਸਾਹਿਬ ਦੇ ਐਡਰੈਸ ਤੇ ਜੋ ਧੰਨਵਾਦ ਦਾ ਮਤਾ ਹੈ ਇਹ ਸਰਵਸੰਮਤੀ ਨਾਲ ਪਾਸ ਕੀਤਾ ਜਾਵੇ। ਮੇਰੀ ਇਹ ਵੀ ਬੇਨਤੀ ਹੈ ਕਿ ਜਿਹੜੀਆਂ ਅਮੈਂਡਮੈਂਟਸ ਆਈਆਂ ਹਨ ਉਹ ਵੀ ਵਾਪਸ ਲੈ ਲਈਆਂ ਜਾਣ।

123	ਗੁਰਨਾਮ ਸਿੰਘ, ਪੁੱਤਰ ਹਰਨਾਮ ਸਿੰਘ ਲੁਬਾਣਾ, ਵਾਸੀ ਅਸਮਾਨਪੁਰ, ਜ਼ਿਲ੍ਹਾ ਕੁਰੂਕਸ਼ੇਤਰ ...	,,
124	ਗੁਰਬਖਸ਼ ਸਿੰਘ, ਪੁੱਤਰ ਸੁਚਾ ਸਿੰਘ ਜੱਟ, ਵਾਸੀ ਨਾਰਲਾ, ਥਾਨਾ ਖਾਲੜਾ, ਜਿਲ੍ਹਾ ਅਮ੍ਰਿਤਸਰ	
125	ਸੁੱਖਾ ਸਿੰਘ, ਪੁੱਤਰ ਹਾਕਮ ਸਿੰਘ, ਚਰਾਗਧਾਮੀ, ਥਾਨਾ ਸਿਟੀ ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ ...	,,
126	ਪਰੀਤਮ ਸਿੰਘ, ਪੁੱਤਰ ਗੁਰਮੀਤ ਸਿੰਘ ਵਾਸੀ, ਸਲਾਮਗੜ੍ਹ, ... ਥਾਨਾ ਸਦਰ ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ	,,
127	ਸੰਤੋਖ ਸਿੰਘ, ਪੁੱਤਰ ਗੁਰਦਿਤ ਸਿੰਘ ਕਬੋਹ, ਵਾਸੀ ... ਸਲਾਮਗੜ੍ਹ, ਥਾਨਾ ਸਦਰ ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ ...	,,
128	ਕੁਲਬੀਰ ਸਿੰਘ, ਪੁੱਤਰ ਗੁਰਦਿਤ ਸਿੰਘ, ਵਾਸੀ ਸਲਾਮਗੜ... ਥਾਨਾ ਸਦਰ ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ	,,
129	ਬਲਬੀਰ ਸਿੰਘ, ਪੁੱਤਰ ਗੁਰਦਿਤ ਸਿੰਘ, ਵਾਸੀ ਸਲਾਮਗੜ੍ਹ, ਥਾਨਾ ਸਦਰ ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ	,,
130	ਹਜਾਰਾ ਸਿੰਘ, ਪੁੱਤਰ ਖੜਕ ਸਿੰਘ, ਕਬੋਹ, ਵਾਸੀ ... ਸਲਾਮਗੜ੍ਹ, ਥਾਨਾ ਸਦਰ ਅਬੋਹਰ, ਜ਼ਿਲ੍ਹਾ ਫਿਰੋਜ਼ਪੁਰ	,,

[ਮੁਖ ਮੰਤਰੀ]

1	2		3
131	ਪਰਗਟ ਸਿੰਘ, ਪੁੱਤਰ ਹਰਬੰਸ ਸਿੰਘ ਕਮਬੋਜ, ਵਾਸੀ ਗੰਗਾਰਵਾਲਾ. ਥਾਨਾ ਵੀਰੋਵਾਲ, ਅੰਮ੍ਰਿਤਸਰ		
132	ਅਮਰੀਕ ਸਿੰਘ, ਪੁੱਤਰ ਸੇਵਾ ਸਿੰਘ, ਕਮਬੋਜ, ਵਾਸੀ ਸਾਹੂਬਾਣਾ ਭੂਨਾ, ਜ਼ਿਲ੍ਹਾ ਹਿਸਾਰ		
133	ਜਸਵੰਤ ਸਿੰਘ, ਪੁੱਤਰ ਸੁਬੇਗ ਸਿੰਘ ਜੱਟ, ਆਲਮਗੜ੍ਹ, ਥਾਣਾ ਸਦਰ ਅਬੋਹਰ, ਫਿਰੋਜ਼ਪੁਰ		,,
134	ਸਵਰਨ ਸਿੰਘ, ਪੁੱਤਰ ਆਤਮਾ ਸਿੰਘ ਜੱਟ, ਵਾਸੀ ਮਿਥਾ, ਥਾਣਾ ਸਦਰ ਮਲੋਟ, ਜ਼ਿਲ੍ਹਾ ਫਰੀਦਕੋਟ	...	,,
135	ਜਗਤਾਰ ਸਿੰਘ, ਪੁੱਤਰ ਮੱਸਾ ਸਿੰਘ, ਮਜ਼ਬੀ, ਵਾਸੀ ਡੋਡੇਵਾਲ, ਥਾਨਾ ਸਦਰ ਅਬੋਹਰ, ਫਿਰੋਜ਼ਪੁਰ	...	,,
136	ਮੁਖਤਿਆਰ ਸਿੰਘ, ਪੁੱਤਰ ਮੱਥਾ ਸਿੰਘ ਮਜ਼ਬੀ, ਵਾਸੀ ਡੋਡੇਵਾਲ, ਥਾਣਾ ਸਦਰ ਅਬੋਹਰ, ਫਿਰੋਜ਼ਪੁਰ	...	,,
137	ਪਾਲ ਸਿੰਘ, ਪੁੱਤਰ ਮੱਸਾ ਸਿੰਘ ਮਜ਼ਬੀ, ਵਾਸੀ ਡੋਡੇਵਾਲ, ਥਾਣਾ ਸਦਰ ਅਬੋਹਰ. ਫਿਰੋਜ਼ਪੁਰ	...	,,
138	ਜਗਤਾਰ ਸਿੰਘ, ਪੁੱਤਰ ਆਸਾ ਸਿੰਘ ਜੱਟ ਵਾਸੀ ਡੋਡੇਵਾਲ ਥਾਣਾ ਸਦਰ ਅਬੋਹਰ ਫਿਰੋਜ਼ਪੁਰ		
139	ਮਲਕੀਅਤ ਸਿੰਘ, ਪੁੱਤਰ ਜੋਗਿੰਦਰ ਸਿੰਘ ਜੱਟ ਵਾਸੀ ਗੋਬਿੰਦਗੜ, ਥਾਣਾ ਸਦਰ ਅਬੋਹਸ, ਫਿਰੋਜ਼ਪੁਰ	...	,,
140	ਭੋਲਾ ਸਿੰਘ, ਪੁੱਤਰ ਬਾਹਲ ਸਿੰਘ ਜੱਟ, ਵਾਸੀ ਮਲੋਟ ਥਾਣਾ ਸਿਟੀ ਮਲੋਟ ਫਿਰੋਜ਼ਪੁਰ	...	,,
141	ਬਸੰਤ ਸਿੰਘ, ਪੁੱਤਰ ਟੈਹਲ ਸਿੰਘ ਜੱਟ ਵਾਸੀ ਚਰਾਗਪਾਈ ਥਾਣਾ ਸਿਟੀ, ਅਬੋਹਰ, ਫਿਰੋਜਪੁਰ		,,
142	ਹਾਕਮ ਸਿੰਘ, ਪੁੱਤਰ ਵੀਰ ਸਿੰਘ ਮਜਹਬੀ, ਵਾਸੀ ਮਾਲੀ, ਥਾਣਾ ਸਿਟੀ ਮਲੋਟ, ਫਰੀਦਕੋਟ		,,
143	ਜੀਤ ਸਿੰਘ, ਪੁਤਰ ਤਾਰਾ ਸਿੰਘ ਕਬੋਜ, ਵਾਸੀ ਆਲਮਗੜ੍ਹ, ਥਾਣਾ ਸਦਰ ਅਬੋਹਰ, ਫਿਰੋਜ਼ਪੁਰ		,,
144	ਕੁਲਵੰਤ ਸਿੰਘ, ਪੁੱਤਰ ਨਾਜਰ ਸਿੰਘ ਜੱਟ, ਵਾਸੀ ਅਧੋਆ, ਥਾਣਾ ਪੇਹਵਾ, ਕੁਰਕਸ਼ੇਤਰ		,,
145	ਟੈਹਲ ਸਿੰਘ ਪੁੱਤਰ ਜਲੰਧਰ ਸਿੰਘ ਜੱਟ, ਵਾਸੀ ਪਸਰੀਆਂ, ਥਾਣਾ ਫਿਰੋਜ਼ਪੁਰ	...	,,
146	ਕਰਜ਼ ਸਿੰਘ, ਪੁੱਤਰ ਸਜਨ ਸਿੰਘ ਜੱਟ ਵਾਸੀ ਟਿਨਾਖੜ ਥਾਣਾ ਸਦਰ ਮਲੋਟ ਜ਼ਿਲ੍ਹਾ ਫਰੀਦਕੋਟ	...	,,
147	ਮੁਖਤਿਆਰ ਸਿੰਘ, ਪੁਤਰ ਗੰਗਾ ਸਿੰਘ ਜੱਟ ਵਾਸੀ	...	,,
148	ਗੁਰਮਖ ਸਿੰਘ, ਪੁਤਰ ਬਚਨ ਸਿੰਘ ਵਾਸੀ ਸਧੂਰਾ ਬਸਤੀ ਥਾਣਾ ਸਿਟੀ ਅਬੋਹਰ, ਫਿਰੋਜ਼ਪੁਰ		

149	ਰਾਮ ਸਿੰਘ, ਪੁੱਤਰ ਸੋਹਨ ਸਿੰਘ ਜੱਟ ਵਾਸੀ ਬੂਟੇਵਾਲਾ ਥਾਣਾ ਮੱਲਾਂਵਾਲਾ ਜ਼ਿਲ੍ਹਾ ਫਿਰੋਜ਼ਪੁਰ	...	,,
150	ਹਰਨਾਮ ਸਿੰਘ, ਪੁਤਰ ਸੋਹਨ ਸਿੰਘ ਜੱਟ, ਵਾਸੀ ਥਾਣਾ ਸਦਰ ਅਬੋਹਰ ਜ਼ਿਲ੍ਹਾ ਫਿਰੋਜ਼ਪੁਰ	...	,,
151	ਹੰਸਾ ਸਿੰਘ, ਪੁੱਤਰ ਤਾਰਾ ਸਿੰਘ ਉਰਫ ਕਰਤਾਰ ਸਿੰਘ ਜੱਟ ਵਾਸੀ ਮਸਤੀਵਾਲਾ ਥਾਣਾ ਸਿਟੀ ਅਬੋਹਰ ਜ਼ਿਲ੍ਹਾ ਫਿਰੋਜ਼ਪੁਰ	...	,,
152	ਬਘੇਲ ਸਿੰਘ, ਪੁੱਤਰ ਮੱਖਣ ਸਿੰਘ ਜੱਟ ਵਾਸੀ ਆਲਮਗੜ੍ਹ ਥਾਣਾ ਸਦਰ ਅਬੋਹਰ (ਫਿਰੋਜ਼ਪੁਰ)		,,
153	ਕੁਲਦੀਪ ਸਿੰਘ ਪੁੱਤਰ ਨਾਜ਼ਰ ਸਿੰਘ ਜੱਟ ਵਾਸੀ ਅਧੋਡਾ ਥਾਣਾ ਸਦਰ ਪੇਹਵਾ ਜ਼ਿਲ੍ਹਾ ਕੁਰਕਸ਼ੇਤਰ	...	,,

---

ਮੁਕਦਮਾ ਨੰ. 2	ਮੁਕਦਮਾ ਨੰ. 327 ਮਿਤੀ 25-11-1973 ਅ/ਧ 307 332 ਭ: ਦ: ਥਾਣਾ ਸਦਰ ਅਬੋਹਰ

ਦੋਸ਼ੀਆਂ ਦੇ ਨਾਂ

1. ਪੂਰਨ ਸਿੰਘ ਪੁੱਤਰ ਫੱਗਾ ਸਿੰਘ ਵਾਸੀ ਢਾਨੀ ਢੰਡਾ ਜ਼ਿਲ੍ਹਾ ਕਰਨਾਲ
2. ਕ੍ਰਿਪਾ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਢਾਨੀਚਰਾਮ ਆਲਮਗੜ੍ਹ
3. ਸ਼ੇਰ ਸਿੰਘ ਪੁੱਤਰ ਮੈਹਲ ਸਿੰਘ ਵਾਸੀ ਇਨਾਂ ਖੇੜਾ ਥਾਣਾ ਮਲੋਟ
4. ਹਰਿੰਦਰ ਸਿੰਘ ਪੁੱਤਰ ਜਲੌਰ ਸਿੰਘ ਵਾਸੀ ਜੀਵਨਵਾਲਾ।
5. ਕਾਕਾ ਪੁੱਤਰ ਕੇਹਰ ਸਿੰਘ ਵਾਸੀ ਚੂਹੜ ਥਾਣਾ ਮਲੋਟ ।
6. ਬੰਤਾ ਸਿੰਘ ਪੁੱਤਰ ਸਿਧੂ ਔਲੱਖ।
7. ਸਜਨ ਸਿੰਘ ਪੁੱਤਰ ਮੈਹਲ ਸਿੰਘ ਵਾਸੀ ਇਨਾਂ ਖੇੜਾ (ਮਾਰਿਆ ਗਿਆ) ।
8. ਜੇਠਾ ਸਿੰਘ ਪੁੱਤਰ ਜਵਾਲਾ ਸਿੰਘ ਪਲਾਟ ਨੰ. 13 ਕਲਸਾ ਥਾਣਾ ਪੇਵਾ (ਮਾਰਿਆ ਗਿਆ) ।

[ਮੁੱਖ ਮੰਤਰੀ]

ਮੁਕਦਮਾ ਨੰ: 3

ਮੁਕਦਮਾ ਨੰ: 328 ਮਿਤੀ 26-11-1973 ਅ/ਧ, 307/224/225 ਭ:ਦ: ਅਤੇ 25/27/54/59, ਅਸਲਾ ਐਕਟ, 4/5 ਐਕਸਪਲੋਸਿਵ ਐਕਟ, ਥਾਣਾ ਸਦਰ ਅਬੋਹਰ ।

ਦੋਸ਼ੀਆਂ ਦੇ ਨਾਮ

1. ਬਘੇਲ ਸਿੰਘ ਪੁੱਤਰ ਮੱਖਣ ਸਿੰਘ, ਵਾਸੀ ਆਲਮਗੜ੍ਹ (ਮਾਰਿਆ ਗਿਆ)
2. ਕੁਲਦੀਪ ਸਿੰਘ ਪੁੱਤਰ ਜਗੀਰ ਸਿੰਘ, ਵਾਸੀ ਆਲਮਗੜ੍ਹ (ਮਾਰਿਆ ਗਿਆ)
3. ਟੈਹਲ ਸਿੰਘ ਪੁੱਤਰ ਜਲੰਧਰ ਸਿੰਘ, ਵਾਸੀ ਆਲਮਗੜ੍ਹ ।

ਮੁਕਦਮਾ ਨੰ: 4 — ਦੋਸ਼ੀਆਂ ਦੇ ਨਾਮ

ਮੁ: ਨੰ: 329 ਮਿਤੀ 26-1-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ ਅਬੋਹਰ ।

1. ਸਜਨ ਸਿੰਘ ਪੁੱਤਰ ਮਹਿਲ ਸਿੰਘ ਜੱਟ, ਵਾਸੀ ਇਨਾਂ ਖੈੜਾ ।

ਮੁਕਦਮਾ ਨੰ: 5

ਮੁ: ਨੰ: 330 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ ਅਬੋਹਰ ।

ਮੁਲਜ਼ਮ ਨਾ ਮਾਲੂਮ ਹਨ ।

ਮੁਕਦਮਾ ਨੰ: 6

ਮੁ: ਨੰ: 331 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ ਅਬੋਹਰ ।

1. ਬੈਹਲ ਸਿੰਘ ਪੁੱਤਰ ਮੱਖਣ ਸਿੰਘ,
2. ਲਖਵਿੰਦਰ ਸਿੰਘ ਪੁੱਤਰ ਰਛਪਾਲ ਸਿੰਘ, ਜੱਟ, ਸਰੈਨਪੁਰ ।

ਮੁਕਦਮਾ ਨੰ: 7

ਮੁ: ਨੰ: 332 ਮਿਤੀ 26-11-1973 ਅ/ਧ 25/54/59 ਅਸਲਾ ਐਕਟ, ਥਾਣਾ ਸਦਰ, ਅਬੋਹਰ ।

ਰਾਮ ਸਿੰਘ ਪੁੱਤਰ ਬਚਨ ਸਿੰਘ, ਵਾਸੀ ਧਨੀ ਚਰਾਗ ।

ਮੁਕਦਮਾ ਨੰ: 8

ਮੁ: ਨੰ: 333 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ, ਅਬੋਹਰ ।

ਜਗਤਾਰ ਸਿੰਘ ਪੁੱਤਰ ਸੂਬਾ ਸਿੰਘ, ਵਾਸੀ ਦੌਦੇਵਾਲਾ

ਮੁਕਦਮਾ ਨੰ: 9

ਮੁਕਦਮਾ ਨੰ: 334 ਮਿਤੀ 26-11-1973 ਅ/ਧ 25/54/59 ਅਸਲਾ ਐਕਟ, ਥਾਣਾ ਸਦਰ ਅਬੋਹਰ।	ਬਸੰਤ ਸਿੰਘ ਪੁੱਤਰ ਟਹਿਲ ਸਿੰਘ, ਵਾਸੀ ਧਨੀ ਚਰਾਗ

ਮੁਕਦਮਾ ਨੰ: 10

ਮੁਕਦਮਾ ਨੰ: 335 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ, ਅਬੋਹਰ	ਕੁਲਤਾਰ ਸਿੰਘ ਪੁੱਤਰ ਨਾਜ਼ਰ ਸਿੰਘ, ਵਾਸੀ ਵਿਜਰੀ ਫਾਰਮ।

ਮੁਕਦਮਾ ਨੰ: 11

ਮੁ: ਨੰ: 336 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ ਅਬੋਹਰ	ਬਲਕਾਰ ਸਿੰਘ, ਪੁੱਤਰ ਉਜਾਗਰ ਸਿੰਘ, ਵਾਸੀ ਵਿਜਰੀ ਫਾਰਮ।

ਮੁਕਦਮਾ ਨੰ: 12

ਮੁ: ਨੰ: 337 ਮਿਤੀ 26-11-1974 ਅ/ਧ 25/54/59 ਅਸਲਾ ਐਕਟ, ਥਾਣਾ ਸਦਰ ਅਬੋਹਰ	ਗੁਰਮੇਜ ਸਿੰਘ ਪੁੱਤਰ ਨਾਰ ਸਿੰਘ, ਵਾਸੀ ਅੜੋਆ।

ਮੁਕਦਮਾ ਨੰ: 13

ਮੁ: ਨੰ: 338 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ ਅਬੋਹਰ	ਰੰਗਾ ਸਿੰਘ ਪੁੱਤਰ ਸੁਲਖਣ ਸਿੰਘ ਜਟ, ਵਾਸੀ ਕੋਟਲੀ।

ਮੁਕਦਮਾ ਨੰ: 14

ਮੁ: ਨੰ: 339 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ ਅਬੋਹਰ	ਮੇਹਰ ਸਿੰਘ ਪੁੱਤਰ ਇੰਦਰ ਸਿੰਘ, ਵਾਸੀ ਧਨੀ ਚਰਾਗ।

ਮੁਕਦਮਾ ਨੰ: 15

ਮੁ: ਨੰ: 340 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ ਅਬੋਹਰ	ਬਲਕਾਰ ਸਿੰਘ ਪੁੱਤਰ ਇੰਦਰ ਸਿੰਘ, ਵਾਸੀ ਅੜੋਆ।

ਮੁਕਦਮਾ ਨੰ: 16

ਮੁ: ਨੰ: 341 ਮਿਤੀ 26-11-1973 ਅ/ਧ 25/27/54/59 ਅਸਲਾ ਐਕਟ, ਥਾਣਾ ਸਦਰ ਅਬੋਹਰ	ਵਰਿਆਮ ਸਿੰਘ ਪੁੱਤਰ ਕੁੰਦਨ ਸਿੰਘ, ਵਾਸੀ ਇਨਾਂ ਖੇੜਾ।

ਮੁਕਦਮਾ ਨੰ: 17

ਮੁ: ਨੰ: 342 ਮਿਤੀ 26-11-1973 ਅ/ਧ 25/54/59 ਅਸਲਾ ਐਕਟ, ਥਾਣਾ ਸਦਰ ਅਬੋਹਰ	ਜਗਤਾਰ ਸਿੰਘ ਪੁੱਤਰ ਮਾਸ਼ਾ ਸਿੰਘ, ਵਾਸੀ ਡੋਡੇਵਾਲਾ।

[ਮੁੱਖ ਮੰਤਰੀ]

ਮੁਕਦਮਾ ਨੰ: 18

ਮੁ: ਨੰ: 343 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਗੁਰਬਖਸ਼ ਸਿੰਘ ਪੁੱਤਰ ਸੁਚਾ ਸਿੰਘ, ਵਾਸੀ ਨਿਰਾਲਾ।

ਮੁਕਦਮਾ ਨੰ: 19

ਮੁ: ਨੰ: 344 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ ਅਬੋਹਰ — ਕਸ਼ਮੀਰਾ ਸਿੰਘ ਪੁੱਤਰ ਬਹਾਦਰ ਸਿੰਘ

ਮੁਕਦਮਾ ਨੰ: 20

ਮੁ: ਨੰ: 345 ਮਿਤੀ 26-11-1973 ਅ/ਧ 25/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਰਘਬੀਰ ਸਿੰਘ ਪੁੱਤਰ ਜਗਤਾਰ ਸਿੰਘ, ਵਾਸੀ ਫਤਿਆਬਾਦ।

ਮੁਕਦਮਾ ਨੰ: 21

ਮੁ: ਨੰ: 346 ਮਿਤੀ 26-11-1973 ਅ/ਧ 25/27/54/59, ਅਸਲਾ, ਐਕਟ ਥਾਣਾ ਸਦਰ, ਅਬੋਹਰ — ਚਰਨਜੀਤ ਸਿੰਘ ਉਰਫ ਬੁਰਗਾ ਪੁੱਤਰ ਧਰਮ ਸਿੰਘ, ਵਾਸੀ ਅਸਮਾਨਵਾਲਾ।

ਮੁਕਦਮਾ ਨੰ: 22

ਮੁ: ਨੰ: 347 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਕੁਲਦੀਪ ਸਿੰਘ ਪੁੱਤਰ ਨਾਹਰ ਸਿੰਘ ਜੱਟ, ਵਾਸੀ ਅੜੋਆ।

ਮੁਕਦਮਾ ਨੰ: 23

ਮੁ: ਨੰ: 348 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਮੁਖਤਿਆਰ ਸਿੰਘ ਪੁੱਤਰ ਗੰਗਾ ਸਿੰਘ, ਵਾਸੀ ਨੂਰਪੁਰ।

ਮੁਕਦਮਾ ਨੰ: 24

ਮੁ: ਨੰ: 349 ਮਿਤੀ 26-11-1973 ਅ/ਧ 25/54/59, ਅਸਲਾ ਐਕਟ, ਥਾਣਾ, ਸਦਰ, ਅਬੋਹਰ — ਮਲਕੀਅਤ ਸਿੰਘ ਪੁੱਤਰ ਖੁਸ਼ਹਾਲ ਸਿੰਘ, ਵਾਸੀ ਪ੍ਰੇਮ ਨਗਰ।

ਮੁਕਦਮਾ ਨੰ: 25

ਮੁਕਦਮਾ ਨੰ: 350 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਦਰਸ਼ਨ ਸਿੰਘ ਪੁੱਤਰ ਸੰਤਾ ਸਿੰਘ, ਵਾਸੀ ਆਸਾਲ

ਮੁਕਦਮਾ ਨੰ: 26

ਮੁ: ਨੰ: 351 ਮਿਤੀ 26-11-1973 ਅ/ਧ 25/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਗੁਰਨਾਮ ਸਿੰਘ ਪੁੱਤਰ ਹਰਨਾਮ ਸਿੰਘ, ਵਾਸੀ ਮਾਨਪੁਰ।

ਮੁਕਦਮਾ ਨੰ: 27

ਮੁਕਦਮਾ ਨੰ: 352 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਿਟੀ, ਅਬੋਹਰ — ਸੰਤੋਖ ਸਿੰਘ ਪੁੱਤਰ ਕਾਬਲ ਸਿੰਘ, ਵਾਸੀ ਰਾਮ ਨਗਰ ।

ਮੁਕਦਮਾ ਨੰ: 28

ਮੁ: ਨੰ: 353 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਬਲਵੰਤ ਸਿੰਘ ਪੁੱਤਰ ਹਰਨਾਮ ਸਿੰਘ, ਵਾਸੀ ਆਲਮਗੜ੍ਹ ।

ਮੁਕਦਮਾ ਨੰ: 29

ਮੁਕਦਮਾ ਨੰ: 354 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਸੰਤੋਖ ਸਿੰਘ ਪੁੱਤਰ ਗੁਰਦਿੱਤ ਸਿੰਘ, ਵਾਸੀ ਆਲਮਗੜ੍ਹ ।

ਮੁਕਦਮਾ ਨੰ: 30

ਮੁ: ਨੰ: 355 ਮਿਤੀ 26-11-1973 ਅ/ਧ 25/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਇੰਦਰ ਸਿੰਘ ਪੁੱਤਰ ਰਾਮ ਸਿੰਘ, ਵਾਸੀ ਆਲਮਗੜ੍ਹ (ਹਰੀਜਨ)

ਮੁਕਦਮਾ ਨੰ: 31

ਮੁ: ਨੰ: 356 ਮਿਤੀ 26-11-1973 ਅ/ਧ 25/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਹਜ਼ਾਰਾ ਸਿੰਘ ਪੁੱਤਰ ਖੜਕ ਸਿੰਘ, ਵਾਸੀ ਆਲਮਗੜ੍ਹ ।

ਮੁਕਦਮਾ ਨੰ: 32

ਮੁ: ਨੰ: 357 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਪਰਗਟ ਸਿੰਘ ਪੁੱਤਰ ਹਰਬੰਸ ਸਿੰਘ, ਵਾਸੀ ਗਗਰੇਵਾਲ ।

ਮੁਕਦਮਾ ਨੰ: 33

ਮੁ: ਨੰ: 358 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਭੋਲਾ ਸਿੰਘ ਪੁੱਤਰ ਭਾਲ ਸਿੰਘ, ਵਾਸੀ ਮਲੋਟ ।

ਮੁਕਦਮਾ ਨੰ: 34

ਮੁ: ਨੰ: 359 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਬਲਬੀਰ ਸਿੰਘ ਪੁੱਤਰ ਗੁਰਦਿਤ ਸਿੰਘ, ਵਾਸੀ ਆਲਮਗੜ੍ਹ ।

ਮੁਕਦਮਾ ਨੰ: 35

ਮੁ: ਨੰ: 360 ਮਿਤੀ 26-11-1973 ਅ/ਧ 25/27/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਟੈਹਲ ਸਿੰਘ ਪੁੱਤਰ ਜਲੰਧਰ ਸਿੰਘ ਜੱਟ ਪਸਾਰੀਆ, ਥਾਣਾ ਸਦਰ, ਫਿਰੋਜ਼ਪੁਰ ।

[ਮੁੱਖ ਮੰਤਰੀ]

ਮੁਕਦਮਾ ਨੰ: 36

ਮੁ: ਨੰ: 361 ਮਿਤੀ 26-11-1973 ਅ/ਧ 25/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਜੀਤਾ ਸਿੰਘ ਪੁੱਤਰ ਤਾਰਾ ਸਿੰਘ, ਵਾਸੀ ਆਲਮਗੜ੍ਹ।

ਮੁਕਦਮਾ ਨੰ: 37

ਮੁ: ਨੰ: 362 ਮਿਤੀ 26-11-1973 ਅ/ਧ 25/54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਨਿਰਮਲ ਸਿੰਘ ਪੁੱਤਰ ਫੁਮਣ ਸਿੰਘ, ਵਾਸੀ ਛਗਾਵਾ।

ਮੁਕਦਮਾ ਨੰ: 38

ਮੁ: ਨੰ: 363 ਮਿਤੀ 26-11-1973 ਅ/ਧ 25/27/59,/ 59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਸੁੱਖਾ ਸਿੰਘ ਪੁੱਤਰ ਹਾਕਮ ਸਿੰਘ, ਵਾਸੀ ਧਨੀ ਚਰਾਗ।

ਮੁਕਦਮਾ ਨੰ: 39

ਮੁ: ਨੰ: 364 ਮਿਤੀ 26-11-1973 ਅ/ਧ 25/27/ 54/59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਭਗੇਲ ਸਿੰਘ ਪੁੱਤਰ ਮਖਣ ਸਿੰਘ, ਵਾਸੀ ਆਲਮਗੜ੍ਹ।

ਮੁਕਦਮਾ ਨੰ: 40

ਮੁ: ਨੰ: 365 ਮਿਤੀ 26-11-1973 ਅ/ਧ 25/27/54/ 59, ਅਸਲਾ ਐਕਟ, ਥਾਣਾ ਸਦਰ, ਅਬੋਹਰ — ਕੁਲਦੀਪ ਸਿੰਘ ਪੁੱਤਰ ਨਾਜ਼ਰ ਸਿੰਘ, ਵਾਸੀ ਅੜੋਆ।

ਮੁਕਦਮਾ ਨੰ. 41

ਮੁ. ਨੰ: 366 ਮਿਤੀ 26-11-1973 ਅ/ਧ 4/5 ਐਕਸ ਪੁਲੋਸਿਵ ਐਕਟ, ਥਾਣਾ ਸਦਰ, ਅਬੋਹਰ — ਟੈਹਲ ਸਿੰਘ ਪੁੱਤਰ ਜਲੰਧਰ ਸਿੰਘ, ਵਾਸੀ ਪਿਸਾਰੀਆਂ।

ਮੁਕਦਮਾ ਨੰ: 42

ਮੁ: ਨੰ: 367 ਮਿਤੀ 26-11-1973 ਅ/ਧ 29/30/54/ 59, ਥਾਣਾ ਸਦਰ, ਅਬੋਹਰ — ਰਛਪਾਲ ਸਿੰਘ ਪੁੱਤਰ ਬੰਤਾ ਸਿੰਘ, ਵਾਸੀ ਸ਼ਰਾਨਪੁਰ।

ਮੁਕਦਮਾ ਨੰ: 43

ਮੁ: ਨੰ: 368 ਮਿਤੀ 26-11-1973 ਅ/ਧ 29/30/54/ 59, ਥਾਣਾ ਸਦਰ, ਅਬੋਹਰ — ਅਵਤਾਰ ਸਿੰਘ ਪੁੱਤਰ ਤ੍ਰਿਲੋਕ ਸਿੰਘ ਜੱਟ, ਇਨਾ ਖੇੜਾ।

ਮੁਕਦਮਾ ਨੰ: 44

ਮੁਕਦਮਾ ਨੰ: 250 ਮਿਤੀ 12-12-1973 ਅ/ਧ 25/54/ 59/109/29/30/54/59, ਅਸਲਾ ਐਕਟ, ਥਾਣਾ ਸਿਟੀ ਅਬੋਹਰ। — ਹਰੀਸ਼ ਤਲਵਾੜ ਪੁੱਤਰ ਚਰਜੀਵਾ ਮਲਕ, ਵਾਸੀ ਫ਼ਾਜ਼ਿਲਕਾ।

Providing Ceiling Fans in Police Line Barracks, Bhatinda

***2157. Sardar Gurdev Singh Bakhshiwala** : Will the Chief Minister be pleased to state—

(a) whether ceiling fans are provided in the Police Lines Barracks of Bhatinda ;

(b) if the answer to part (a) above be in the negative, whether the Government propose to provide such fans there in view of hot climate of the said district ; if so, the time by which these are likely to be provided ?

Giani Zail Singh : (a) No.

(b) A proposal for the installation of ceiling fans in the Constables Barracks has been approved by the Government. Steps are being taken to provide ceiling fans in the Constables Barracks of Police Lines Bhatinda expeditiously.

[(ੲ) ਨਹੀਂ ਜੀ ।

(ਬੀ) ਪੁਲਿਸ ਦੀਆਂ ਬੈਰਕਾਂ ਵਿਚ ਛੱਤ ਵਾਲੇ ਬਿਜਲੀ ਦੇ ਪੱਖੇ ਲਗਾਏ ਜਾਣ ਦੀ ਤਜਵੀਜ਼ ਸਰਕਾਰ ਨੇ ਪਰਵਾਨ ਕਰ ਦਿਤੀ ਹੈ । ਪੁਲਿਸ ਲਾਈਨ, ਬਠਿੰਡਾ ਦੀਆਂ ਬੈਰਕਾਂ ਵਿਚ ਬਿਜਲੀ ਦੇ ਛੱਤ ਵਾਲੇ ਪੱਖੇ ਜਲਦੀ ਲਾਏ ਜਾਣ ਵਾਸਤੇ ਕਾਰਵਾਈ ਕੀਤੀ ਜਾ ਰਹੀ ਹੈ ।]

Pensions for Freedom Fighters in Ludhiana District

***2431. Giani Arjan Singh Litt** : Will the Chief Minister be pleased to state—

(a) the total number of freedom fighters in district Ludhiana who have so far been considered eligible for the grant of pensions ;

(b) the number of freedom fighters out of those mentioned in para (a) above who have been sanctioned pensions together with the number of those who have not yet been sanctioned pensions ;

(c) the reasons for the delay in the grant of pensions to them ?

Giani Zail Singh : (a) 823 freedom fighters of district Ludhiana have so far been considered eligible for the grant of pensions under the Government of India Scheme, by the District Freedom Fighters' Committees/ I.N.A. Committee.

(b) Pensions to 569 freedom fighters have so far been sanctioned by the Government of India. Applications of 102 freedom fighters have been rejected while those of 152 are yet under their consideration.

(c) The State Government are not in a position to explain the reasons for the alleged delay. The delay, if any, can only be explained by the Government of India.

[(ੳ) ਲੁਧਿਆਣੇ ਦੇ ਜ਼ਿਲ੍ਹੇ ਦੇ ਹੁਣ ਤੱਕ 823 ਸੁਤੰਤਰਤਾ ਸੰਗਰਾਮੀ, ਜ਼ਿਲ੍ਹਾ ਦੇਸ਼ ਭਗਤ ਕਮੇਟੀ/ਆਈ. ਐਨ. ਏ. ਕਮੇਟੀ ਨੇ ਭਾਰਤ ਸਰਕਾਰ ਦੀਂ ਸਕੀਮ ਅਧੀਨ ਪੈਨਸ਼ਨ ਦੇ ਯੋਗ ਸਮਝੇ ਹਨ ।

(ਅ) ਭਾਰਤ ਸਰਕਾਰ ਨੇ ਹੁਣ ਤੱਕ 569 ਸੁਤੰਤਰਤਾ ਸੰਗਰਾਮੀਆਂ ਦੀ ਪੈਨਸ਼ਨ ਮੰਨਜ਼ੂਰ ਕੀਤੀ ਹੈ । 102 ਸੁਤੰਤਰਤਾ ਸੰਗਰਾਮੀਆਂ ਦੀਆਂ ਅਰਜ਼ੀਆਂ ਉਨ੍ਹਾਂ ਨੇ ਨਾ ਮੰਨਜ਼ੂਰ ਕਰ ਦਿਤੀਆਂ ਹਨ ਅਤੇ 152 ਸੁਤੰਤਰਤਾ ਸੰਗਰਾਮੀਆਂ ਦੀਆਂ ਅਰਜ਼ੀਆਂ ਉਨ੍ਹਾਂ ਦੇ ਵਿਚਾਰ ਅਧੀਨ ਹਨ ।

(ੲ) ਰਾਜ ਸਰਕਾਰ ਕਥਿਤ ਦੇਰੀ ਦਾ ਕਾਰਨ ਦੱਸਣ ਤੋਂ ਅਸਮਰੱਥ ਹੈ । ਜੇ ਕਰ ਕੋਈ ਦੇਰੀ ਹੋਵੇ ਵੀ ਤਾਂ ਉਸ ਦਾ ਕਾਰਨ ਕੇਵਲ ਭਾਰਤ ਸਰਕਾਰ ਹੀ ਦੱਸ ਸਕਦੀ ਹੈ ।]

Land with Persons indicted in Harchand Singh Committee Report

***2079 Sardar Dhanna Singh Gulshan** : Will the Minister for Revenue be pleased to state—

(a) the district-wise and village-wise acreage of land got vacated from the Officers and Politicians indicted in Harchand Singh Committee Report upto 1st January, 1974 ;

[Sardar Dhanna Singh Gulshan]

(b) the number of landless families of Scheduled Castes to whom the said land has been allotted together with the names and full addresses of such families ?

Sardar Umrao Singh : (a) 72 applications had been filed in the Courts of the Collectors concerned, under the provisions of the Public Premises and Land (Eviction and Rent Recovery) Act, 1973, for the eviction of unauthorised occupants of rural evacuee agricultural land, indicted in the Harchand Singh Committee Report. So far 54 cases have been decided and the remaining 18 are pending for evidence etc. of the parties.

Land measuring 8 kanals situated in village Kotli Khera, Tehsil Ajnala, has since been retrieved in one case. In other cases, the action is in hand.

(b) In view of the reply given at (a) above, question of allotment of the aforesaid land to landless families of Scheduled Castes, does not arise, for the present. Moreover, this issue is linked with the disposal of surplus rural evacuee agricultural land, which matter is under the active consideration of Government.

[(ਏ) ਪੰਜਾਬ ਪਬਲਿਕ ਪਰੈਮਿਸਿਜ਼ ਐਂਡ ਲੈਂਡ (ਅਵਿਕਸ਼ਨ ਐਂਡ ਰੈਂਟ ਰਿਕਵਰੀ) ਐਕਟ, 1973 ਅਧੀਨ ਪੇਂਡੂ ਨਿਕਾਸੀ ਭੋਂ ਦੇ ਅਣਅਧਿਕਾਰਤ ਕਾਬਜ਼ ਜਿਨ੍ਹਾਂ ਦਾ ਉਲੇਖ ਹਰਚੰਦ ਸਿੰਘ ਕਮੇਟੀ ਦੀ ਰਿਪੋਰਟ ਵਿਚ ਕੀਤਾ ਗਿਅ ਸੀ, ਦੀ ਬੇਦਖਲੀ ਲਈ ਸਬੰਧਤ ਕੁਲੈਕਟਰਾਂ ਦੀਆਂ ਅਦਾਲਤਾਂ ਵਿਚ 72 ਦਰਖਾਸਤਾਂ ਦਾਇਰ ਕੀਤੀਆਂ ਗਈਆਂ ਹਨ । ਹੁਣ ਤਕ ਇਨ੍ਹਾਂ ਵਿਚੋ 54 ਦਾ ਨਿਪਟਾਰਾ ਹੋ ਚੁਕਿਆ ਹੈ ਅਤੇ ਬਾਕੀ 18 ਕੇਸ ਸ਼ਹਾਦਤ ਆਦਿ ਲਈ ਲਮਕਾਵਸਥਾ ਵਿਚ ਪਏ ਹਨ ।

ਇਕ ਕੇਸ ਜੋ ਪਿੰਡ ਕੋਟਲੀ ਖਹਿਰਾ, ਤਹਿਸੀਲ ਅਜਨਾਲਾ ਦਾ ਹੈ, ਵਿਚ 8 ਕਨਾਲ ਭੋਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਗਿਆ ਹੈ । ਬਾਕੀ ਦੇ ਕੇਸਾਂ ਵਿਚ ਲੋੜੀਂਦੀ ਕਾਰਵਾਈ ਹੋ ਰਹੀ ਹੈ ।

(ਬੀ) ਉਪ੍ਰੋਕਤ (ਏ) ਤੇ ਦਿਤੇ ਉਤਰ ਨੂੰ ਮੁਖ ਰਖਦਿਆਂ ਹੋਇਆ, ਅਨੁਸੂਚਿਤ ਜਾਤੀਆਂ ਦੇ ਭੂਮੀਹੀਣ ਪ੍ਰਵਾਰਾਂ ਨੂੰ ਹਾਲ ਦੀ ਘੜੀ, ਇਹ ਜ਼ਮੀਨ ਅਲਾਟ ਕਰਨ ਦਾ ਸੁਆਲ ਪੈਦਾ ਨਹੀਂ ਹੁੰਦਾ । ਇਸ ਤੋਂ ਛੁਟ, ਇਹ ਮਾਮਲਾ ਪੇਂਡੂ ਨਿਕਾਸੀ ਭੋਂ ਦੇ ਨਿਪਟਾਰ ਨਾਲ ਸਬੰਧਤ ਹੈ, ਜਿਸ ਤੇ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ ।]

Starred Question No. 2149

(Extension has been asked for in respect of Starred Question No. 2149.)

Labour Strike in Ludhiana during December, 1973

***2150. Comrade Mehtab Singh**
Comrade Satya Pal Dang : Will the Minister for Finance be pleased to state—

(a) whether any labour strike took place in Ludhiana during the month of December, 1973 to protest against misuse of staple yarns quota by the weaving factories or Mills ; if so, the number of the workers involved and the number of man-days lost.

(b) the steps taken, if any, to remedy the situation ?

Shri Hans Raj Sharma : (a) Yes. 1300 workers were involved and 2300 man-days were lost.

(b) The matter concerns the Industries Department.

[(ੲ) ਜੀ ਹਾਂ । 1300 ਕਾਮਿਆਂ ਨੇ ਭਾਗ ਲਿਆ ਅਤੇ 2300 ਕਿਰਤ ਦਿਹਾੜੀਆਂ ਜ਼ਾਇਅ ਹੋਈਆਂ ।

(ਬੀ) ਇਸ ਦਾ ਸਬੰਧ ਉਦਯੋਗਿਕ ਵਿਭਾਗ ਨਾਲ ਹੈ ।]

Nominations made in the Improvement Trusts

***2241. Comrade Achhra Singh**
Comrade Satya Pal Dang } : Will the Minister for Finance be pleased to state the names of the Improvement Trusts to which the nominees of the concerned Municipal Committees were not nominated by the Government but the nominations were made by the Government itself stating the reasons for the same in each case ?

Shri Hans Raj Sharma : (1) The question is not clear.

(2) In the case of the Improvement Trust, Jullundur, Government recently appointed three municipal commissioners as trustees under section 4 (4) of the Punjab Town Improvement Act, 1922, on account of the failure of the Municipal Committee Jullundur to elect the three trustees.

[(1) ਸਵਾਲ ਸਪੱਸ਼ਟ ਨਹੀਂ ਹੈ ।

(2) ਜਲੰਧਰ ਇੰਪਰੂਵਮੈਂਟ ਟਰੱਸਟ ਦੇ ਕੇਸ ਵਿਚ ਨਗਰਪਾਲਿਕਾ, ਜਲੰਧਰ ਦੁਆਰਾ ਤਿੰਨ ਟਰੱਸਟੀਜ਼ ਨੂੰ ਚੁਨਣ ਵਿਚ ਅਸਮਰਥ ਹੋਣ ਉਪਰੰਤ ਸਰਕਾਰ ਨੇ ਪੰਜਾਬ ਟਾਊਨ ਇੰਪਰੂਵਮੈਂਟ ਐਕਟ, 1922, ਦੀ ਧਾਰਾ 4(4) ਦੇ ਅਧੀਨ ਤਿੰਨ ਮਿਉਂਸਿਪਲ ਕਮਿਸ਼ਨਰਜ਼ ਨੂੰ ਪਿਛੇ ਜਿਹੇ ਨਿਯੁਕਤ ਕੀਤਾ ਹੈ ।]

Non-payment of House Rent to Teachers of Government Schools

***1860. Shri Sardari Lal Kapur :** Will the Minister for Education be pleased to state—

(a) the number of teachers of Government Schools in the State who are residing at places 8 to 10 Kms., from the schools but are not paid any house-rent ;

(b) the reasons for non-payment of house-rent to the teachers referred to in part (a) above ?

Shri Gurmail Singh : (a) 2462.

(b) Only those employees are entitled to house rent allowance whose place of posting is within 8 Kms. from the cities eligible for house rent. Others are not entitled to house rent allowance.

[(ੲ) 2462

(ਬੀ) ਕੇਵਲ ਉਹੀ ਅਧਿਆਪਕ ਮਕਾਨ ਕਿਰਾਇਆ ਭੱਤਾ ਲੈਣ ਲਈ ਯੋਗ ਹਨ ਜਿਨ੍ਹਾਂ ਦੀ ਡਿਊਟੀ ਦੀ ਥਾਂ ਸ਼ਹਿਰਾਂ ਤੋਂ 8 ਕਿਲੋਮੀਟਰ ਦੇ ਅੰਦਰ ਅੰਦਰ ਹੈ । ਬਾਕੀ ਦੇ ਅਧਿਆਪਕ ਮਕਾਨ ਕਿਰਾਇਆ ਭੱਤਾ ਲੈਣ ਦੇ ਹੱਕਦਾਰ ਨਹੀਂ ਹਨ ।]

Construction of School Buildings in the Border Area

***2113. Comrade Arjan Singh Mastana** : Will the Minister for Education be pleased to state—

(a) whether it is a fact that the vast backward area of three border districts falling in the border belt of ten miles, being financially very poor is unable to construct school buildings ;

(b) whether in the absence of school buildings, the students and teachers have to sit in the open in the area mentioned in para (a) above ;

(c) whether the State Government has framed a new policy to construct school buildings in the area where the economic condition of the village panchayats and the people is very poor, If so, whether the Government propose to construct school buildings in the said backward border area enabling the students to continue their studies in a better way?

Shri Gurmail Singh : (a) It is fact that the majority of people in the border belt of ten miles is very poor and is unable to construct school buildings.

(b) This is only true in the case of some Primary schools.

(c) While constructing new buildings for schools, preference is given to the schools situated in border areas.

[(ੲ) ਇਹ ਠੀਕ ਹੈ ਕਿ ਸਰਹੱਦੀ ਇਲਾਕੇ ਦੀ 10 ਮੀਲ ਦੀ ਪੱਟੀ ਦੇ ਬਹੁ-ਗਿਣਤੀ ਦੇ ਲੋਕ ਗਰੀਬ ਹਨ ਅਤੇ ਸਕੂਲਾਂ ਦੀਆਂ ਇਮਾਰਤਾਂ ਨਹੀਂ ਬਣਾ ਸਕਦੇ ।

(ਬੀ) ਇਹ ਕੇਵਲ ਕੁਝ ਕੁ ਪ੍ਰਾਇਮਰੀ ਸਕੂਲਾਂ ਬਾਰੇ ਠੀਕ ਹੈ ।

(ਸੀ) ਸਕੂਲਾਂ ਦੀਆਂ ਨਵੀਆਂ ਇਮਾਰਤਾਂ ਬਣਾਉਣ ਸਮੇਂ ਸਰਹੱਦੀ ਇਲਾਕੇ ਦੇ ਸਕੂਲਾਂ ਨੂੰ ਪਹਿਲ ਦਿਤੀ ਜਾਂਦੀ ਹੈ ।]

Privately Managed Schools in the Border Areas

***2114. Comrade Arjan Singh Mastana** : Will the Minister for Education be pleased to state —

(a) the total number of privately managed Schools functioning at present, in the areas falling within the ten miles belt of the border ;

(b) the number of schools out of those mentioned in part (a) above the Managing Committee of which have approached the Government for taking over their respective schools ;

(c) whether the Government propose to take over the schools mentioned in part (b) above and provide such facilities to the poor students of the said border area which are being enjoyed by the students of Government Schools ?

Shri Gurmail Singh : (a) 62 Schools.

(b) 10 Schools.

(c) The matter is under consideration.

[(ੲ) 62 ਸਕੂਲ

(ਬੀ) 10 ਸਕੂਲ

(ਸੀ) ਮਾਮਲਾ ਵਿਚਾਰ ਅਧੀਨ ਹੈ ।]

Government Schools without Headmasters/Headmistresses in Bhatinda District

***2156. Sardar Gurdev Singh Bakhshiwala** : Will the Minister for Education be pleased to state—

(a) whether there are any Government High/Shools in Bhatinda District which are without Headmaster pleadmistresses at present ; if so, a list ofthe said Schools beaced on the Table of the House ;

(b) if the answer to part (a) above be in the affirmative, whether the Government is taking any steps to fill these vacancies, the time by which all the said Schools are likely to be provided with Headmasters/Headmistresses ?

Shri Gurmail Singh : (a) Yes. A list of such schools is placed on the Table of the House.

(b) Total number of vacancies in the State is being worked out and these shall be filled up through promotion or direct recruitment, as the case may be, at a very early date.

[(ੳ) ਹਾਂ ਜੀ। ਅਜਿਹੇ ਸਕੂਲਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।

(ਅ) ਰਾਜ ਵਿਚ ਕੁਲ ਅਸਾਮੀਆਂ ਦੀ ਗਿਣਤੀ ਕੱਢੀ ਜਾ ਰਹੀ ਹੈ ਅਤੇ ਇਹ ਅਸਾਮੀਆਂ ਤਰੱਕੀ ਰਾਹੀਂ ਜਾਂ ਸਿੱਧੀ ਭਰਤੀ ਰਾਹੀਂ, ਜਿਸ ਤਰ੍ਹਾਂ ਵੀ ਹੋਇਆ, ਜਲਦੀ ਹੀ ਭਰ ਦਿਤੀਆਂ ਜਾਣਗੀਆਂ ।]

List of High Schools which are without Headmasters/Headmistresses at present.

1. Government High School, Chehlanwali.
2. Government High School, Fetta Malooka.
3. Government High School, Bir Hodla Kalan.
4. Government High School, Bhukhianwali.
5. Government High School, Raike Kalan.
6. Government High School, Poohla.
7. Government Girls High School, Phool.
8. Government High School, Khiala Kalan.

[ਹਾਈ ਸਕੂਲ ਦੀ ਸੂਚੀ ਜਿਨ੍ਹਾਂ ਵਿਚ ਇਸ ਵੇਲੇ ਮੁੱਖ ਅਧਿਆਪਕ/ਮੁੱਖ ਅਧਿਆਪਕਾਵਾਂ ਨਹੀ ਹਨ ।

1. ਸਰਕਾਰੀ ਹਾਈ ਸਕੂਲ, ਚਹਿਲਾਂ ਵਾਲੀ
2. ਸਰਕਾਰੀ ਹਾਈ ਸਕੂਲ, ਫਤਾ ਮਲੂਕਾਂ
3. ਸਰਕਾਰੀ ਹਾਈ ਸਕੂਲ, ਬੀਰ ਹੋਡਲਾਂ ਕਲਾਂ
4. ਸਰਕਾਰੀ ਹਾਈ ਸਕੂਲ, ਭੁਖਿਆਂ ਵਾਲੀ
5. ਸਰਕਾਰੀ ਹਾਈ ਸਕੂਲ, ਰਾਏਕੇ ਕਲਾਂ ।
6. ਸਰਕਾਰੀ ਹਾਈ ਸਕੂਲ, ਪੂਹਲਾ ।
7. ਸਰਕਾਰੀ ਗਰਲੋਜ਼ ਹਾਈ ਸਕੂਲ, ਫੂਲ ।
8. ਸਰਕਾਰੀ ਹਾਈ ਸਕੂਲ, ਖਿਆਲਾ ਕਲਾਂ ।]

PRESENTATION OF THE BUDGET FOR THE YEAR 1974-75

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਸ੍ਰੀਮਾਨ ਜੀ, ਮੈਂ ਸਾਲ 1974-75 ਦੇ ਬਜਟ ਅਨੁਮਾਨ ਪੇਸ਼ ਕਰਨ ਲਈ ਖੜਾ ਹੋਇਆ ਹਾਂ ।

ਆਰਥਕ ਹਾਲਤ

ਬਜਟ ਬਾਰੇ ਵਿਸਥਾਰ ਨਾਲ ਦੱਸਣ ਤੋਂ ਪਹਿਲਾਂ, ਮੈਂ ਸਤਿਕਾਰ ਯੋਗ ਮੈਂਬਰਾਂ ਨੂੰ ਰਾਜ ਦੀ ਆਰਥਕਤਾ ਦੇ ਕੁਝ ਅਹਿਮ ਪਹਿਲੂਆਂ ਬਾਰੇ ਜਾਣੂ ਕਰਾਉਣਾ ਚਾਹਾਂਗਾ ।

1973-74 ਦਾ ਸਾਲ ਦੇਸ਼ ਲਈ ਆਰਥਕ ਪੱਖ ਤੋਂ ਕੋਈ ਚੰਗਾ ਸਾਲ ਨਹੀਂ ਸੀ। ਦੇਸ਼ ਦੀ ਆਰਥਕਤਾ ਨੂੰ ਕਾਫ਼ੀ ਮੁਸ਼ਕਲਾਂ ਅਤੇ ਉਲਝਣਾਂ ਵਿਚੋਂ ਲੰਘਣਾ ਪਿਆ । ਕਰੰਸੀ ਦੇ ਫੈਲਾਓ, ਕੱਚੇ, ਮਾਲ, ਕੋਲੇ, ਬਿਜਲੀ, ਪੈਟਰੋਲੀਅਮ ਅਤੇ ਪਟਰੋਲ ਤੋਂ ਬਣੀਆਂ ਵਸਤਾਂ ਦੀ ਥੁੜ ਕਾਰਣ ਸਾਡਾ ਦੇਸ਼ ਆਰਥਕ ਵਿਕਾਸ ਦੇ ਮਿਥੇ ਟੀਚਿਆਂ ਨੂੰ ਪੂਰਾ ਨਾ ਕਰ ਸਕਿਆ । ਇਨ੍ਹਾਂ ਕਾਰਣਾਂ ਕਰ ਕੇ ਪੰਜਾਬ ਦੀ ਆਰਥਕਤਾ ਨੂੰ ਕਾਫ਼ੀ ਧੱਕਾ ਲਗਾ। ਪਰ ਕਿਉਂਕਿ ਪੰਜਾਬ ਮੁਖ ਤੌਰ ਤੇ ਇਕ ਖੇਤੀ ਪਰਧਾਨ ਰਾਜ ਹੈ, ਜੋ ਲੋੜ ਤੋਂ ਵਧ ਅਨਾਜ ਪੈਦਾ ਕਰਦਾ ਹੈ, ਇਸ ਲਈ ਹੋਰਨਾਂ ਰਾਜਾਂ ਨਾਲੋਂ ਪੰਜਾਬ ਵਿਚ ਕਰੰਸੀ ਦੇ ਫੈਲਾਉ ਦਾ ਅਸਰ ਘਟ ਹੈ। ਮੁਖ ਤੌਰ ਤੇ ਸਾਡੇ ਬਹਾਦਰ ਕਿਸਾਨਾਂ ਦੀ ਸਖਤ ਮਿਹਨਤ ਕਾਰਣ ਸਾਡੇ ਰਾਜ ਨੇ ਆਰਥਕ ਤਰੱਕੀ ਨੂੰ ਬਰਕਰਾਰ ਰਖਣ ਵਿਚ ਅਹਿਮ ਹਿੱਸਾ ਪਾਇਆ ਹੈ। ਇਹ ਪੰਜਾਬ ਦੀ ਆਰਥਕਤਾ ਦਾ ਇਕ ਵਿਸ਼ੇਸ਼ ਗੁਣ ਹੈ ।

ਸਥਿਰ ਕੀਮਤਾਂ (1960-61) ਦੇ ਅਧਾਰ ਤੇ ਰਾਜ ਦੀ ਆਮਦਨ 1970-71 ਵਿਚ 704,4 ਕਰੋੜ ਰੁਪਏ ਤੋਂ ਵਧ ਕੇ 1971-72 ਵਿਚ 740.1 ਕਰੋੜ ਰੁਪਏ ਹੋ ਗਈ। ਇਸ ਤਰ੍ਹਾਂ 5.1 ਫੀ ਸਦੀ ਦਾ ਵਾਧਾ ਹੋਇਆ। 1971-72 ਵਿਚ, ਰਾਜ ਦੀ ਜੀ ਪ੍ਰਤੀ ਆਮਦਨ 481 ਰੁਪਏ ਸੀ, ਜਦੋਂ ਕਿ ਦੇਸ਼ ਦੀ ਜੀ ਪ੍ਰਤੀ ਆਮਦਨ ਕੇਵਲ 344 ਰੁਪਏ ਸੀ। ਵਿਕਾਸ ਦਰ ਦੇ ਅਧਾਰ ਤੇ ਰਾਜ ਦੀ ਆਰਥਕ ਹਾਲਤ ਵਾਕਈ ਉਤਸ਼ਾਹ ਜਨਕ ਸੀ। ਸਾਲ 1968-69 ਤੋਂ 1971-72 ਤਕ, ਰਾਸ਼ਟਰੀ ਆਮਦਨ ਦੇ ਅਨੁਮਾਨਾਂ ਵਿਚ 3.7 ਫੀ ਸਦੀ ਵਿਕਾਸ ਦਰ ਦੇ ਮੁਕਾਬਲੇ ਤੇ ਰਾਜ ਦਾ ਵਿਕਾਸ ਦਰ 5.4 ਫੀ ਦੀ ਸਾਲਾਨਾ ਬਣਦਾ ਹੈ। ਇਸ ਸਮੇਂ ਦੇ ਦੌਰਾਨ, ਰਾਜ ਦੇ ਸਨਅਤੀ ਖੇਤਰ ਵਿਚ, ਸਲਾਨਾ ਵਿਕਾਸ ਦਰ, ਦੇਸ਼ ਦੇ 3.6 ਫ਼ੀ ਸਦੀ ਦੇ ਮੁਕਾਬਲੇ ਤੇ 4 ਫ਼ੀ ਸਦੀ ਹੈ। ਮੋਟੇ ਤੌਰ ਤੇ ਲਾਏ ਅਨੁਮਾਨਾਂ ਤੋਂ ਸਪਸ਼ਟ ਹੁੰਦਾ ਹੈ ਕਿ ਸਥਿਰ ਕੀਮਤਾਂ ਦੇ ਅਧਾਰ ਤੇ ਰਾਜ ਦੀ ਆਮਦਨ 1972-73 ਵਿਚ 784 ਕਰੋੜ ਰੁਪਏ ਤੋਂ ਵਧ ਕੇ 1973-74 ਵਿਚ 834 ਕਰੋੜ ਰੁਪਏ ਹੋ ਜਾਵੇਗੀ, ਜਿਸ ਨਾਲ 6.4 ਫ਼ੀ ਸਦੀ ਦਾ ਵਾਧਾ ਹੋਵੇਗਾ । ਇਸੇ ਸਮੇਂ ਦੇ ਦੌਰਾਨ ਹੀ ਸਥਿਰ ਕੀਮਤਾਂ ਦੇ ਅਧਾਰ ਤੇ ਜੀ ਪ੍ਰਤੀ ਆਮਦਨ 495 ਰੁਪਏ ਤੋਂ ਵਧ ਕੇ 512 ਰੁਪਏ ਹੋ ਜਾਣ ਦੀ ਸੰਭਾਵਨਾ ਹੈ। ਮੌਜੂਦਾ ਕੀਮਤਾਂ ਅਨੁਸਾਰ ਸਾਲ 1971-72 ਲਈ ਜੀ ਪ੍ਰਤੀ ਆਮਦਨ 10,54 ਰੁਪਏ ਬਣਦੀ ਹੈ।

ਸਨਅਤੀ ਖੇਤਰ ਵਿਚ ਇਨਵੈਸਟਮੈਂਟ ਦੀ ਪੋਜ਼ੀਸ਼ਨ ਯਕੀਨੀ ਤੌਰ ਤੇ ਸੁਧਰੀ ਹੈ, ਕਿਉਂ ਜੋ ਵੱਡੇ ਪੈਮਾਨੇ ਦੇ ਉਦਯੋਗਾਂ ਦੇ ਖੇਤਰ ਵਿਚ ਨਵੇਂ ਯੂਨਿਟਾਂ ਨੇ ਮਾਲ ਤਿਆਰ ਕਰਨਾ ਸ਼ੁਰੂ ਕਰ ਦਿਤਾ ਹੈ। ਰਾਜ ਨੇ ਸਨਅਤੀ ਉਤਪਾਦਨ ਦੀ ਉਨਤੀ ਨੂੰ ਬਰਕਰਾਰ ਰਖਿਆ ਹੈ ਅਤੇ ਕਿਸੇ ਕਿਸਮ ਦੀ ਕੋਈ ਤਾਲਾਬੰਦੀ ਜਾਂ ਛਾਂਟੀ ਨਹੀਂ ਹੋਈ।

ਸਾਲ 1972-73 ਦੇ ਦੌਰਾਨ ਜ਼ਰਾਇਤੀ ਪੈਦਾਵਾਰ ਵਿਚ ਕੁਝ ਕਮੀ ਹੋ ਜਾਣ ਦੇ ਬਾਵਜੂਦ ਰਾਜ ਨੇ ਹੋਰਨਾਂ ਰਾਜਾਂ ਨੂੰ 43 ਲੱਖ ਮੀਟਰਕ ਟਨ ਕਣਕ ਅਤੇ ਚਾਵਲ ਭੇਜੇ। 1974-75 ਦੇ ਦੌਰਾਨ ਅਨਾਜ ਦੀ ਪੈਦਾਵਾਰ ਵਧ ਕੇ 85 ਲੱਖ ਮੀਟਰਕ ਟਨ ਤਕ ਪੁਜ ਜਾਣ ਦੀ ਆਸ ਹੈ।

ਬਜਟ ਅਤੇ ਲੇਖਾ ਬਨਾਉਣ ਢੰਗ ਵਿਚ ਸੁਧਾਰ

ਬਜਟ ਅਤੇ ਲੇਖੇ ਦਾ ਮੌਜੂਦਾ ਢੰਗ 100 ਸਾਲ ਪੁਰਾਣਾ ਹੈ, ਜੋ ਕਿ ਖ਼ਰਚ ਮਿਥਣ ਅਤੇ ਇਸ ਤੇ ਕੰਟ-ਰੋਲ ਰਖਣ ਦੇ ਉਦੇਸ਼ ਨੂੰ ਪੂਰਾ ਕਰਨ ਲਈ ਅਪਣਾਇਆ ਗਿਆ ਸੀ। ਅਜ਼ਾਦੀ ਮਿਲਣ ਦੇ ਸਮੇਂ ਤੋਂ ਸਰਕਾਰ ਦਾ ਕੰਮ ਬਹੁ ਮੁਖੀ ਹੋ ਗਿਆ ਹੈ ਅਤੇ ਜਨਤਾ ਦੀ ਭਲਾਈ ਤੇ ਕੀਤਾ ਜਾਣ ਵਾਲਾ ਖਰਚ ਕਈ ਗੁਣਾ ਵਧ ਗਿਆ ਹੈ। ਜਿਸ ਕਾਰਣ ਹੁਣ ਜ਼ਿਆਦਾ ਜ਼ੋਰ ਖ਼ਰਚ ਤੇ ਕੇਵਲ ਕੰਟਰੋਲ ਰਖਣ ਦੀ ਬਜਾਏ, ਪ੍ਰੋਗਰਾਮਾਂ ਦੀ ਛਾਣ ਬੀਣ ਕਰਨ ਅਤੇ ਉਦੇਸ਼ਾਂ ਦੀ ਪ੍ਰਾਪਤੀ ਵਲ ਲਾਇਆ ਜਾਂਦਾ ਹੈ। ਹੁਣ ਲੇਖੇ ਦੀਆਂ ਮੱਦਾਂ ਨੂੰ ਪ੍ਰੋਗਰਾਮਾਂ ਅਤੇ ਸਰਗਰਮੀਆਂ ਅਨੁਸਾਰ ਨਵਾਂ ਰੂਪ ਦਿਤਾ ਗਿਆ ਹੈ ਅਤੇ ਉਨ੍ਹਾਂ ਨੂੰ ਜ਼ਿਆਦਾ ਫ਼ਾਇਦੇਮੰਦ ਬਣਾ ਦਿਤਾ ਗਿਆ ਹੈ। ਇਸ ਸਾਲ 1974-75 ਦਾ ਬਜਟ ਪਹਿਲੀ ਵਾਰ ਨਵੇਂ ਢੰਗ ਅਨੁਸਾਰ ਤਿਆਰ ਕਰਕੇ ਪੇਸ਼ ਕੀਤਾ ਗਿਆ ਹੈ।

1972-73 ਦੇ ਲੇਖੇ

ਸੋਧੇ ਹੋਏ ਅਨੁਮਾਨਾਂ ਅਨੁਸਾਰ ਆਸ ਸੀ ਕਿ 1972-73 ਦਾ ਸਾਲ 12.27 ਕਰੋੜ ਰੁਪਏ ਦੀ ਮਨਫ਼ੀ ਰੋਕੜ ਬਾਕੀ ਨਾਲ ਸਮਾਪਤ ਹੋਵੇਗਾ। ਪਰ ਅਕਾਉਂਟੈਂਟ ਜਨਰਲ, ਪੰਜਾਬ ਤੋਂ ਪ੍ਰਾਪਤ ਹੋਏ ਲੇਖਿਆਂ ਤੋਂ ਪਤਾ ਲਗਦਾ ਹੈ ਕਿ ਰਿਜ਼ਰਵ ਬੈਂਕ ਆਫ ਇੰਡੀਆ ਤੋਂ 4.19 ਕਰੋੜ ਰੁਪਏ ਦੀ ਪੇਸ਼ਗੀ ਨੂੰ ਧਿਆਨ ਵਿਚ ਰਖਦੇ ਹੋਏ ਇਹ ਸਾਲ 3.96 ਕਰੋੜ ਰੁਪਏ ਦੀ ਨਿਰੋਲ ਰੋਕੜ ਬਾਕੀ ਨਾਲ ਸਮਾਪਤ ਹੋਇਆ। ਇਸ ਤਰ੍ਹਾਂ 16.23 ਕਰੋੜ ਰੁਪਏ ਦਾ ਵਾਧਾ ਹੋਇਆ। ਇਸ ਵਾਧੇ ਦਾ ਵੇਰਵਾ ਵਿੱਤ ਸਕੱਤਰ ਦੇ ਯਾਦ ਪੱਤਰ ਵਿਚ ਦਿਤਾ ਗਿਆ ਹੈ। ਮੋਟੇ ਤੌਰ ਤੇ ਰਾਜ ਦੇ ਟੈਕਸਾਂ ਤੋਂ ਵਧ ਆਦਮਨ ਹੋਣ ਕਰਕੇ ਆਮਦਨ ਖਾਤੇ ਵਿਚ 10.56 ਕਰੋੜ ਰੁਪਏ ਦਾ ਵਾਧਾ ਹੋਇਆ ਹੈ। ਇਹ ਵਾਧਾ ਕਾਫ਼ੀ ਹਦ ਤਕ ਰਾਜ ਦੀ ਟੈਕਸ ਉਗਰਾਹੁਣ ਵਾਲੀ ਮਸ਼ੀਨਰੀ ਨੂੰ ਹਰ ਪੱਖੋਂ ਮਜ਼ਬੂਤ ਬਣਾਉਣ ਕਰ ਕੇ ਵੀ ਹੋਇਆ ਹੈ। ਇਸ ਸਮੇਂ ਦੇ ਦੌਰਾਨ ਮਾਲ ਖਾਤੇ ਖ਼ਰਚ ਵਿਚ 5.68 ਕਰੋੜ ਰੁਪਏ ਦੀ ਕਮੀ ਹੋਈ। ਖ਼ਰਚ ਵਿਚ ਇਹ ਕਮੀ ਕਰਜ਼ਾ ਸੇਵਾਵਾਂ, ਪੀ. ਡਬਲਿਊ. ਡੀ. ਅਤੇ ਰਲੀਫ਼ ਤੇ ਮੁੜ ਵਸਾਊ ਕਾਰਜਾਂ ਸਬੰਧੀ ਖ਼ਰਚੇ ਵਿਚ ਹੋਈ ਹੈ।

1973-74 ਦੇ ਸੋਧੇ ਅਨੁਮਾਨ

ਲੇਖਿਆਂ ਦੇ ਅਧਾਰ ਤੇ 1973-74 ਦਾ ਸਾਲ 3.96 ਕਰੋੜ ਰੁਪਏ ਦੀ ਨਿਰੋਲ ਰੋਕੜ ਬਾਕੀ ਨਾਲ ਸ਼ੁਰੂ ਹੋਇਆ। ਬਜਟ ਅਨੁਮਾਨਾਂ ਅਨੁਸਾਰ ਇਹ ਸਾਲ 37.21 ਕਰੋੜ ਰੁਪਏ ਦੀ ਮਨਫ਼ੀ ਬਾਕੀ ਨਾਲ ਸਮਾਪਤ ਹੋਣ ਦੀ ਸੰਭਾਵਨਾ ਸੀ। ਕਿਉਂਕਿ ਖਰਚ ਅਤੇ ਆਮਦਨ ਵਿਚ ਬਹੁਤ ਵਡਾ ਖੱਪਾ ਸੀ, ਇਸ ਲਈ ਇਸ ਘਾਟੇ ਨੂੰ ਪੂਰਾ ਕਰਨ ਲਈ ਇਹ ਫ਼ੈਸਲਾ ਕੀਤਾ ਗਿਆ ਕਿ ਟੈਕਸਾਂ ਤੋਂ ਬਿਨਾਂ ਹੋਰ ਸਾਧਨ ਅਪਣਾਏ ਜਾਣ ਅਤੇ ਆਮ ਜਨਤਾ ਤੇ ਬੋਝ ਪਾਏ ਬਿਨਾਂ ਕੁਝ ਹੋਰ ਟੈਕਸ ਲਾਏ ਜਾਣ। ਮੇਰੇ ਪਿਛਲੇ ਬਜਟ ਭਾਸ਼ਣ ਵਿਚ ਦਿਤੇ ਗਏ ਸੁਝਾਵਾਂ ਤੇ ਕਾਫ਼ੀ ਹਦ ਤਕ ਅਮਲ ਕੀਤਾ ਗਿਆ ਹੈ ਅਤੇ ਉਨ੍ਹਾਂ ਤੋਂ ਤਕਰੀਬਨ 20 ਕਰੋੜ ਰੁਪਏ ਦੀ ਆਮਦਨ ਹੋਣ ਦੀ ਆਸ ਹੈ। ਰਾਜ ਸਰਕਾਰ ਨੂੰ 10.77 ਕਰੋੜ ਰੁਪਏ ਦਾ ਅਜਿਹਾ ਖਰਚਾ ਕਰਨਾ ਪਿਆ, ਜਿਸ ਦਾ ਅਨੁਮਾਨ 1973-74 ਦਾ ਬਜਟ ਤਿਆਰ ਕਰਨ ਸਮੇਂ ਨਹੀਂ ਸੀ ਲਾਇਆ ਜਾ ਸਕਦਾ। ਇਹ ਖ਼ਰਚਾ ਵੀ ਨਵੇਂ ਟੈਕਸ ਲਾਏ ਬਗੈਰ ਪੁਰਾਣੇ ਟੈਕਸਾਂ ਤੋਂ ਹੀ ਪੂਰਾ ਕੀਤਾ ਗਿਆ, ਜਿਨ੍ਹਾਂ ਦਾ ਵੇਰਵਾ ਮਾਨ ਯੋਗ ਮੈਂਬਰਾਂ ਦੇ ਗਿਆਤ ਲਈ ਵਿੱਤ ਸਕੱਤਰ ਦੇ ਯਾਦ ਪੱਤਰ ਵਿਚ ਦਿਤਾ ਗਿਆ ਹੈ। ਇਹ ਦਸ ਦੇਣਾ ਵੀ ਉਚਿਤ ਹੋਵੇਗਾ ਕਿ ਇਸ ਸਾਲ ਦੇ ਦੌਰਾਨ ਪੰਜਾਬ ਨੇ ਭਾਰਤ ਸਰਕਾਰ ਤੋਂ ਕੇਂਦਰ ਦੁਆਰਾ ਚਲਾਈਆਂ ਸਕੀਮਾਂ ਨੂੰ ਪੂਰਾ ਕਰਨ ਲਈ 16.79 ਕਰੋੜ ਰੁਪਏ ਦੀ ਗ੍ਰਾਂਟ ਜ਼ਿਆਦਾ ਹਾਸਲ ਕੀਤੀ। ਆਮਦਨ ਅਤੇ ਖ਼ਰਚ ਦੇ ਸੋਧੇ ਅਨੁਮਾਨਾਂ ਦੇ ਅਧਾਰ ਤੇ 1973-74 ਦਾ ਸਾਲ

[ਵਿੱਤ ਮੰਤਰੀ]

ਬਜਟ ਵਿਚਲੀ 37.21 ਕਰੋੜ ਰੁਪਏ ਦੀ ਮਨਫ਼ੀ ਬਾਕੀ ਦੇ ਮੁਕਾਬਲੇ ਤੇ 18.75 ਕਰੋੜ ਰੁਪਏ ਦੀ ਮਨਫ਼ੀ ਬਾਕੀ ਨਾਲ ਸਮਾਪਤ ਹੋਵੇਗਾ । ਇਹ ਫ਼ਰਕ ਕਾਫ਼ੀ ਹਦ ਤਕ ਮੁਢਲੀ ਬਾਕੀ ਵਿਚ 16.23 ਕਰੋੜ ਰੁਪਏ ਦੇ ਵਾਧੇ ਕਾਰਣ ਪਿਆ ਹੈ। ਸਪਲੀਮੈਂਟਰੀ ਮੰਗਾਂ ਸੰਬੰਧੀ ਵਧੀਕ ਖ਼ਰਚਾ ਟੈਕਸਾਂ ਤੋਂ ਹੋਈ ਵਧ ਆਮਦਨ ਨਾਲ ਪੂਰਾ ਕੀਤਾ ਗਿਆ ਹੈ।

1974-75 ਦੇ ਬਜਟ ਅਨੁਮਾਨ

ਸਾਲ 1974-75 ਲਈ ਬਜਟ ਤਜਵੀਜ਼ਾਂ ਦੇ ਅਧਾਰ ਤੇ ਅਨੁਮਾਨ ਲਾਇਆ ਗਿਆ ਹੈ ਕਿ ਨਿਮਨ-ਲਿਖਤ ਲੈਣ ਦੇਣ ਦੇ ਸਿਟੇ ਵਜੋਂ ਸਮੁਚਾ ਘਾਟਾ 38.39 ਕਰੋੜ ਰੁਪਏ ਹੋਵੇਗਾ:—

(ਰੁਪਏ ਲਖਾਂ ਵਿਚ)

(1) ਮੁੱਢਲੀ ਬਾਕੀ	...	(—)18,75
(2) ਮਾਲ ਖਾਤਾ——		
ਆਮਦਨ		2,34,93
ਖ਼ਰਚ	...	2,13,61
ਵਾਧਾ		(+)21,32
(3) ਪੂੰਜੀਗਤ ਖ਼ਰਚ (ਨਿਰੋਲ)	...	31,03
(4) ਸਰਕਾਰੀ ਰਿਣ——		
ਲਏ ਰਿਣ	...	2,68,75
ਭੁਗਤਾਏ ਰਿਣ	...	2,51,47
ਨਿਰੋਲ	...	(+)17,28
(5) ਕਰਜ਼ੇ ਅਤੇ ਪੇਸ਼ਗੀਆਂ——		
ਪੇਸ਼ਗੀਆਂ	...	54,21
ਵਸੂਲੀਆਂ	...	11,28
(ਨਿਰੋਲ)	...	(—)42,93
(6) ਅੰਤਰ ਰਾਜੀ ਨਿਟਪਾਰਾ	...	(+)1,84
(7) ਫ਼ੰਡ ਰਹਿਤ ਰਿਣ (ਨਿਰੋਲ)	...	(+)5,36
(8) ਜਮ੍ਹਾਂ ਰਕਮਾਂ, ਪੇਸ਼ਗੀਆਂ ਅਤੇ ਭੇਜੀਆਂ ਰਕਮਾਂ (ਨਿਰੋਲ)	...	(+)8,52
(9) ਅੰਤਮ ਬਾਕੀ	...	(—)38,39

ਮੋਟੇ ਤੌਰ ਤੇ 38.39 ਕਰੋੜ ਰੁਪਏ ਦਾ ਇਹ ਘਾਟਾ ਵਡੀ ਸਾਲਾਨਾ ਯੋਜਨਾ (126.59 ਕਰੋੜ ਰੁਪਏ) ਮੁਕੰਮਲ ਪਲਾਨ ਸਕੀਮਾਂ ਤੇ ਹੋਇਆ ਜ਼ਿਆਦਾ ਖ਼ਰਚ (17.50 ਕਰੋੜ ਰੁਪਏ) 1973-74 ਦੀ ਮਨਫ਼ੀ ਬਾਕੀ ਦਾ ਅਸਰ (18.75 ਕਰੋੜ ਰੁਪਏ) ਅਤੇ ਭਾਖੜਾ-ਨੰਗਲ ਕਰਜ਼ੇ ਵਜੋਂ 1974-75

ਵਿਚ ਭਾਰਤ ਸਰਕਾਰ ਨੂੰ ਅਦਾਇਗੀ ਯੋਗ ਕਰਜ਼ੇ ਦੀ ਭਾਰੀ ਕਿਸ਼ਤ (10 ਕਰੋੜ ਰੁਪਏ) ਦੇਣ ਕਾਰਣ ਹੋਇਆ ਹੈ । ਇਸ ਸਬੰਧੀ ਵੇਰਵਾ ਅਤੇ ਵਿਆਖਿਆ ਵਿੱਤ ਸਕੱਤਰ ਦੇ ਯਾਦ ਪੱਤਰ ਵਿਚ ਦਿਤੀ ਗਈ ਹੈ ।

ਛੇਵਾਂ ਵਿੱਤ ਕਮਿਸ਼ਨ

ਜੂਨ, 1972 ਵਿਚ ਭਾਰਤ ਦੇ ਰਾਸ਼ਟਰਪਤੀ ਦੁਆਰਾ ਬਣਾਏ ਛੇਵੇਂ ਵਿੱਤ ਕਮਿਸ਼ਨ ਨੇ ਅਕਤੂਬਰ, 1973 ਵਿਚ ਆਪਣੀ ਰਪੋਟ ਪੇਸ਼ ਕੀਤੀ । ਰਾਜ ਸਰਕਾਰ ਨੇ ਵਿੱਤ ਕਮਿਸ਼ਨ ਦੇ ਵਿਚਾਰ ਲਈ ਆਪਣੇ ਸੁਝਾਓ ਭੇਜੇ ਸਨ ਅਤੇ ਆਪਣੇ ਸਰਹਦੀ ਰਾਜ ਦੀਆਂ ਵਿਸ਼ੇਸ਼ ਸਮੱਸਿਆਵਾਂ ਤੇ ਚਾਨਣ ਪਾਉਂਦੇ ਹੋਏ ਕੇਂਦਰੀ ਟੈਕਸ ਅਤੇ ਡਿਊਟੀਆਂ ਦਾ ਹਿੱਸਾ ਵੰਡਣ ਵਿਚ ਮੁਨਾਸਬ ਤਬਦੀਲੀਆਂ ਕਰਨ ਦੇ ਸੁਝਾਅ ਦਿਤੇ ਸਨ ਅਤੇ ਭਾਰਤ ਸਰਕਾਰ ਨੂੰ ਕਰਜ਼ਿਆਂ ਦੀ ਮੁੜ ਅਦਾਇਗੀ ਵਿਚ ਰਾਹਤ ਦੇਣ ਅਤੇ ਸਹਾਇਤਾ ਗ੍ਰਾਂਟ ਦੇਣ ਲਈ ਬੇਨਤੀ ਕੀਤੀ ਸੀ।

ਵਿੱਤ ਕਮਿਸ਼ਨ ਦੀ ਰਪੋਟ ਅਨੁਸਾਰ ਪੰਜਾਬ ਨੂੰ ਕੇਂਦਰੀ ਟੈਕਸਾਂ ਅਤੇ ਡਿਊਟੀਆਂ ਵਿਚੋਂ 1974-79 ਦੇ ਸਮੇਂ ਦੇ ਦੌਰਾਨ ਲਗ-ਭਗ 168.97 ਕਰੋੜ ਰੁਪਏ ਦੀ ਰਕਮ ਮਿਲੇਗੀ, ਜਦੋਂ ਕਿ ਇਹ ਰਕਮ ਪਿਛਲੇ ਪੰਜ ਸਾਲਾਂ ਦੇ ਦੌਰਾਨ 113 ਕਰੋੜ ਰੁਪਏ ਸੀ।

ਕਮਿਸ਼ਨ ਨੇ ਰਾਜਾਂ ਦੇ ਨਾਨ-ਪਲਾਨ ਪੂੰਜੀਗਤ ਖੱਪੇ ਦਾ ਨਿਰਧਾਰਣ ਵੀ ਇਕਸਾਰ ਅਤੇ ਮੁਕਾਬਲੇ ਦੇ ਅਧਾਰ ਤੇ ਕੀਤਾ ਹੈ । ਕਮਿਸ਼ਨ ਨੇ, ਇਸ ਅਧਾਰ ਤੇ ਕੇਂਦਰੀ ਕਰਜ਼ਿਆਂ ਬਾਰੇ 1973-74 ਦੇ ਅੰਤ ਤਕ ਪੰਜਾਬ ਸਰਕਾਰ ਦੇ ਕਰਜ਼ਿਆਂ ਦੀ ਹਾਲਤ ਦਾ ਜਾਇਜ਼ਾ ਲਿਆ ਅਤੇ ਕਰਜ਼ਿਆਂ ਦੀ ਮੁੜ ਅਦਾਇਗੀ ਵਿਚ ਛੋਟ ਬਾਰੇ ਤਬਦੀਲੀ ਦੀ ਸਿਫਾਰਸ਼ ਕੀਤੀ ਹੈ । ਇਹ ਅਨੁਮਾਨ ਹੈ ਕਿ ਵਿੱਤ ਕਮਿਸ਼ਨ ਦੀ ਇਸ ਸਿਫਾਰਸ਼ ਰਾਹੀਂ ਪੰਜਾਬ ਨੂੰ 1974—79 ਦੇ ਸਮੇਂ ਦੇ ਦੌਰਾਨ 15.18 ਕਰੋੜ ਰੁਪਏ ਦੀ ਰਾਹਤ ਮਿਲੇਗੀ ।

ਯੋਜਨਾਂ

ਅਸੀਂ ਚੌਥੀ ਯੋਜਨਾ ਉਤੇ 293.56 ਕਰੋੜ ਰੁਪਏ ਦੇ ਮਿਥੇ ਖ਼ਰਚ ਦੇ ਮੁਕਾਬਲੇ ਤੇ ਲਗ ਭਗ 425 ਕਰੋੜ ਰੁਪਏ ਖਰਚ ਕਰ ਰਹੇ ਹਾਂ। ਇਸ ਪਲਾਨ ਵਿਚ ਵਧੇਰੇ ਖ਼ਰਚਾ ਬਿਜਲੀ ਸਕੀਮਾਂ, ਦਿਹਾਤੀ ਸੜਕਾਂ, ਸਿਖਿਆ ਅਤੇ ਸਮਾਜ-ਸੇਵਾਵਾਂ ਤੇ/ਕੀਤਾ ਗਿਆ ਹੈ। ਯੋਜਨਾ ਦੇ ਸਮੇਂ ਦੇ ਦੌਰਾਨ ਦੇਸ਼ ਦੇ 3.7 ਫੀ ਸਦੀ ਵਿਕਾਸ ਦਰ ਦੇ ਮੁਕਾਬਲੇ ਤੇ ਰਾਜ ਦੀ ਆਰਥਕਤਾ ਵਿਚ 5.7 ਫੀ ਸਦੀ ਦਾ ਵਾਧਾ ਹੋਣ ਦੀ ਆਸ ਹੈ।

ਰਾਜ ਦੀ ਪੰਜਵੀਂ ਯੋਜਨਾ ਦਾ ਟੀਚਾ 801 ਕਰੋੜ ਰੁਪਏ ਨਿਸ਼ਚਤ ਕੀਤਾ ਗਿਆ ਹੈ, ਜੋ ਚੌਥੀ ਯੋਜਨਾ ਤੋਂ ਲਗ ਭਗ ਦੁਣਾ ਹੈ। ਸਾਡਾ ਨਿਸ਼ਾਨਾ ਪੰਜਵੀਂ ਪੰਜ-ਸਾਲਾ ਯੋਜਨਾ ਦੇ ਦੌਰਾਨ ਸਨਅਤ ਵਿਚ 12 ਫ਼ੀ ਸਦੀ, ਜ਼ਰਾਇਤ ਵਿਚ 5.1 ਫ਼ੀ ਸਦੀ ਅਤੇ ਡੇਅਰੀ ਤੇ ਪਸ਼ੂ ਪਾਲਣ ਦੇ ਖੇਤਰ ਵਿਚ 9 ਫ਼ੀ ਸਦੀ ਦਾ ਵਾਧਾ ਕਰਨਾ ਹੈ, ਅਰਥਾਤ ਸਮੁਚੇ ਤੌਰ ਤੇ ਕੁਲ ਮਿਲਾ ਕੇ 7.4 ਫ਼ੀ ਸਦੀ ਦਾ ਸਾਲਾਨਾ ਵਾਧਾ ਕਰਨਾ ਹੈ। ਇਹ ਵਾਧਾ ਦੇਸ਼ ਦੇ 5.5 ਫ਼ੀ ਸਦੀ ਦੇ ਸਾਲਾਨਾ ਟੀਚੇ ਦੇ ਮੁਕਾਬਲੇ ਵਿਚ ਜ਼ਿਆਦਾ ਹੈ।

ਅਸੀਂ, 1974-75 ਦੀ ਸਾਲਾਨਾ ਯੋਜਨਾ ਲਈ 126.59 ਕਰੋੜ ਰੁਪਏ ਦੇ ਖ਼ਰਚ ਦਾ ਉਪਬੰਧ ਕਰ ਰਹੇ ਹਾਂ। ਕਿਉਂਕਿ ਸਨਅਤ ਅਤੇ ਜ਼ਰਾਇਤ ਦੀ ਲਗਾਤਾਰ ਤਰੱਕੀ ਲਈ ਬਿਜਲੀ ਬਹੁਤ ਹੀ

[ਵਿੱਤ ਮੰਤਰੀ]

ਜ਼ਰੂਰੀ ਹੈ, ਇਸ ਲਈ ਅਸੀਂ ਬਿਜਲੀ ਦੇ ਉਤਪਾਦਨ ਸੰਚਾਰ ਅਤੇ ਵੰਡ ਦੀਆਂ ਸਕੀਮਾਂ ਲਈ 59.41 ਕਰੋੜ ਰੁਪਏ ਦੀ ਰਕਮ ਰਖੀ ਹੈ। ਵਧੇਰੇ ਸਿੰਜਾਈ ਸਹੂਲਤਾਂ ਦੇਣ ਲਈ ਤਕਰੀਬਨ 7 ਕਰੋੜ ਰੁਪਏ ਅਤੇ ਹੜ੍ਹ-ਕੰਟਰੋਲ ਤੇ ਜਲ-ਨਿਕਾਸ ਸਕੀਮਾਂ ਲਈ 3 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ। ਜ਼ਰਾਇਤੀ ਪੈਦਾਵਾਰ ਦੇ ਪਰੋਗਰਾਮਾਂ ਤੇ 14 ਕਰੋੜ ਰੁਪਏ ਅਤੇ ਸਨਅਤਾਂ ਤੇ 6.75 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ। ਅਸੀਂ ਤਰੱਕੀ ਲਈ ਸਮਾਜ ਭਲਾਈ ਉਤੇ ਵੀ ਉਤਨਾ ਹੀ ਜ਼ੋਰ ਦੇ ਰਹੇ ਹਾਂ ਅਤੇ ਸਮਾਜਕ-ਭਲਾਈ ਦੇ ਕੰਮਾਂ ਲਈ 26 ਕਰੋੜ ਰੁਪਏ ਦੀ ਰਕਮ ਰਖੀ ਹੈ।

ਸਰਕਾਰ ਰਾਜ ਦੇ ਪੱਛੜੇ ਹੋਏ ਇਲਾਕਿਆਂ ਦੀ ਤਰੱਕੀ ਵਲ ਖ਼ਾਸ ਧਿਆਨ ਦੇਵੇਗੀ। ਪੰਜਵੀਂ ਪੰਜ ਸਾਲਾ ਯੋਜਨਾ ਵਿਚ ਅਤੇ 1974-75 ਦੀ ਸਲਾਨਾ ਯੋਜਨਾ ਵਿਚ ਪਹਿਲੀ ਵੇਰ ਰਾਜ ਦੇ ਨੀਮ-ਪਹਾੜੀ, ਸਰਹੱਦੀ, ਪੱਛੜੇ ਹੋਏ ਅਤੇ ਬੇਟ ਦੇ ਇਲਾਕਿਆਂ ਲਈ ਸਕੀਮ ਵਾਰ ਰਕਮਾਂ ਦੀ ਵੰਡ ਕੀਤੀ ਗਈ ਹੈ। ਇਹ ਫੈਸਲਾ ਕੀਤਾ ਗਿਆ ਹੈ ਕਿ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਇਨ੍ਹਾਂ ਸਕੀਮਾਂ ਲਈ ਮਿਥੀਆਂ ਰਕਮਾਂ ਨੂੰ ਕਿਸੇ ਹੋਰ ਸਕੀਮ ਲਈ ਨਹੀਂ ਵਰਤਿਆ ਜਾਵੇਗਾ।

ਖੇਤੀ ਬਾੜੀ

ਯੋਜਨਾ ਕਮਿਸ਼ਨ ਨੇ, ਚੌਥੀ ਯੋਜਨਾ ਲਈ 5 ਫੀ ਸਦੀ ਸਾਲਾਨਾ ਵਾਧ ਦੀ ਦਰ ਪਰਵਾਨ ਕੀਤੀ ਸੀ। ਇਸ ਅਨੁਸਾਰ ਸਾਲ 1973-74 ਲਈ 75 ਲੱਖ ਮੀਟਰਕ ਟਨ ਅਨਾਜ ਦਾ ਟੀਚਾ ਮਿਥਿਆ ਗਿਆ ਸੀ। ਆਸ ਕੀਤੀ ਜਾਂਦੀ ਹੈ ਕਿ ਮਿਥੇ ਟੀਚੇ ਨਾਲੋਂ, ਇਸ ਸਾਲ ਵਿਚ 7 ਲੱਖ ਮੀਟਰਕ ਟਨ ਦਾ ਹੋਰ ਵਾਧਾ ਹੋ ਜਾਵੇਗਾ। ਸਾਲ 1974-75 ਲਈ 85 ਲੱਖ ਮੀਟਰਕ ਟਨ ਦਾ ਨਿਸ਼ਾਨਾ ਰਖਿਆ ਗਿਆ ਹੈ। ਸਾਲ 1974-75 ਦੇ ਦੌਰਾਨ ਵੱਧ ਝਾੜ ਦੇਣ ਵਾਲੀਆਂ ਫ਼ਸਲਾਂ ਹੇਠ ਰਕਬੇ ਨੂੰ 24 ਲੱਖ ਹੈਕਟੇਅਰ ਤੋਂ ਵਧਾ ਕੇ 25.20 ਲੱਖ ਹੈਕਟੇਅਰ ਕਰ ਦੇਣ ਦੀ ਯੋਜਨਾ ਬਣਾਈ ਗਈ ਹੈ। ਵਧੇਰੇ ਝਾੜ ਦੇਣ ਵਾਲੀਆਂ ਫ਼ਸਲਾਂ ਦੀ ਕਾਸ਼ਤ ਲਈ ਪੌਦਾ ਸੁਰੱਖਿਆ ਸਕੀਮਾਂ ਬਹੁਤ ਜ਼ਰੂਰੀ ਹਨ। ਵੱਖ ਵੱਖ ਥਾਂਵਾਂ ਤੇ, 51 ਸੁਕਾਡ ਕਾਇਮ ਕੀਤੇ ਗਏ ਹਨ, ਜਿਹੜੇ ਕਿ ਕਿਸਾਨਾਂ ਨੂੰ ਵਾਜਬ ਕੀਮਤਾਂ ਤੇ ਸਾਜ਼-ਸਾਮਾਨ ਅਤੇ ਕੀੜੇ ਮਾਰ ਦਵਾਈਆਂ ਮੁਹੱਈਆ ਕਰਦੇ ਹਨ। ਕਪਾਹ ਅਤੇ ਗੰਨੇ ਦੀਆਂ ਫ਼ਸਲਾਂ ਉਤੇ ਰਿਆਇਤੀ ਦਰਾਂ ਤੇ ਹਵਾਈ-ਸਪਰੇ ਕਰਨ ਦਾ ਪ੍ਰਬੰਧ ਕੀਤਾ ਗਿਆ ਹੈ।

ਕੱਲਰ ਵਾਲੀ ਜ਼ਮੀਨ ਦੇ ਸੁਧਾਰ ਲਈ 50 ਫ਼ੀ ਸਦੀ ਰਿਆਇਤੀ ਦਰਾਂ ਤੇ ਜਿਪਸਮ ਸਪਲਾਈ ਕੀਤਾ ਜਾਂਦਾ ਹੈ। ਜ਼ਰਾਇਤੀ ਪੈਦਾਵਾਰ ਵਿਚ ਹੋਰ ਵਾਧਾ ਕਰਨ ਲਈ, ਅਸੀਂ ਬਹੁਤ ਸਾਰੀ ਕੱਲਰ ਜ਼ਮੀਨ ਨੂੰ ਕਾਸ਼ਤ ਯੋਗ ਬਣਾਉਣ ਲਈ ਇਕ ਸਕੀਮ ਤਿਆਰ ਕੀਤੀ ਹੈ। ਸਰਕਾਰ ਨੇ ਪੰਚਾਇਤੀ ਜ਼ਮੀਨਾਂ ਦੇ ਸੁਧਾਰ ਲਈ ਇਕ ਪ੍ਰਾਜੈਕਟ ਸ਼ੁਰੂ ਕੀਤਾ ਹੈ। ਇਸ ਜ਼ਮੀਨ ਉਤੇ ਬਾਦ ਵਿਚ ਬੀਜ-ਫ਼ਾਰਮ ਬਣਾਏ ਜਾਣਗੇ।

ਪੰਚਾਇਤੀ ਰਾਜ ਸੰਸਥਾਵਾਂ

ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਨੂੰ ਵਿਕਾਸ ਦੀਆਂ ਏਜੰਸੀਆਂ ਦੇ ਤੌਰ ਤੇ ਹੋਰ ਮਜ਼ਬੂਤ ਬਣਾਉਣ ਦੀ ਚਾਹਵਾਨ ਹੈ। ਪੰਚਾਇਤੀ ਰਾਜ ਅਤੇ ਸਮੂਹਕ ਵਿਕਾਸ ਦਾ ਇਕ ਵਖਰਾ ਡਾਇਰੈਕਟੋ-ਰੇਟ ਕਾਇਮ ਕਰਨ ਦੀ ਤਜਵੀਜ਼ ਹੈ, ਤਾਕਿ ਦਿਹਾਤੀ ਸੁਧਾਰ ਲਈ ਰਖੀਆਂ ਰਕਮਾਂ ਦੀ ਸਹੀ ਵਰਤੋਂ ਹੋ ਸਕੇ।

ਪਸ਼ੂ ਪਾਲਣ

ਵਿਭਾਗ ਨੇ ਚੰਗੀ ਨਸਲ ਦੇ ਸਾਨ੍ਹਾਂ ਲਈ ਤਿੰਨ ਪਸ਼ੂ ਫਾਰਮ ਅਤੇ ਚਾਰ ਇਨਟੈਨਸਿਵ ਪਸ਼ੂ-ਵਿਕਾਸ ਪ੍ਰਾਜੈਕਟ ਕਾਇਮ ਕੀਤੇ ਹਨ। ਸਵਿਸ ਸਰਕਾਰ ਦੇ ਸਹਿਯੋਗ ਨਾਲ ਜ਼ਿਲ੍ਹਾ ਪਟਿਆਲਾ ਅਤੇ ਸੰਗਰੂਰ ਵਿਚ ਇਕ ਇਕ ਪਸ਼ੂ ਵਿਕਾਸ ਪ੍ਰਾਜੈਕਟ ਕਾਇਮ ਕੀਤਾ ਗਿਆ ਹੈ। ਸਵਿਸ ਸਰਕਾਰ ਤੋਂ ਇਸ ਪ੍ਰਾਜੈਕਟ ਲਈ, ਪਸ਼ੂਆਂ ਦਾ ਫਾਊਂਡੇਸ਼ਨ ਸਟਾਕ ਅਤੇ ਸਾਜ਼ ਸਮਾਨ ਲਿਆ ਗਿਆ ਹੈ। ਪਸ਼ੂਆਂ ਦੀ ਸਿਹਤ ਨੂੰ ਠੀਕ ਰਖਣ ਵਾਸਤੇ ਪਸ਼ੂਆਂ ਲਈ 110 ਨਵੀਆਂ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ ਅਤੇ 65 ਡਿਸਪੈਂਸਰੀਆਂ ਨੂੰ ਹਸਪਤਾਲ ਬਣਾ ਦਿਤਾ ਗਿਆ ਹੈ।

ਇਹ ਫੈਸਲਾ ਕੀਤਾ ਗਿਆ ਹੈ ਕਿ ਛੋਟੇ ਕਿਸਾਨਾਂ ਅਤੇ ਖੇਤ-ਮਜ਼ਦੂਰਾਂ ਦੀ ਮਾਲੀ ਹਾਲਤ ਨੂੰ ਸੁਧਾਰਨ ਲਈ ਪਸ਼ੂ-ਪਾਲਣ ਨੂੰ ਇਕ ਫ਼ਾਇਦੇ ਮੰਦ ਧੰਦਾ ਬਣਾਇਆ ਜਾਵੇ। ਇਸ ਸਕੀਮ ਅਧੀਨ ਛੋਟੇ ਕਿਸਾਨਾਂ ਨੂੰ ਅਧੀ ਕੀਮਤ ਤੇ ਅਤੇ ਖੇਤ ਮਜ਼ਦੂਰਾਂ ਨੂੰ ਇਕ ਤਿਹਾਈ ਕੀਮਤ ਤੇ ਪਸ਼ੂਆਂ ਲਈ ਮੁਤਵਾਜ਼ਨ ਖ਼ੁਰਾਕ ਸਪਲਾਈ ਕੀਤੀ ਜਾਵੇਗੀ।

ਬਿਜਲੀ

ਭਾਰੀ ਰਕਮ ਖ਼ਰਚ ਕਰਨ ਦੇ ਬਾਵਜੂਦ, ਬਿਜਲੀ ਦੀ ਮੌਜੂਦਾ ਸਪਲਾਈ ਵਧ ਰਹੀ ਮੰਗ ਨੂੰ ਪੂਰਾ ਨਹੀਂ ਕਰ ਸਕੀ। ਬਿਜਲੀ ਦੇ ਉਤਪਾਦਨ ਅਤੇ ਮੰਗ ਵਿਚ ਖੱਪਾ ਵਧਦਾ ਹੀ ਰਿਹਾ। ਪੰਜਵੀਂ ਯੋਜਨਾ ਵਿਚ ਬਿਜਲੀ ਦੀ ਲੋੜ ਵਲ ਧਿਆਨ ਦਿਤਾ ਗਿਆ ਹੈ,ਤਾਂ ਜੋ ਜਿਥੋਂ ਤਕ ਹੋ ਸਕੇ ਇਸ ਫਰਕ ਨੂੰ ਘੱਟ ਕੀਤਾ ਜਾ ਸਕੇ। ਪਿਛਲੇ ਸਾਲ ਨਾਲੋਂ ਪੰਜਾਬ ਰਾਜ ਬਿਜਲੀ ਬੋਰਡ ਦੀਆਂ ਵੱਖ ਵੱਖ ਸਕੀਮਾਂ ਲਈ 1974-75 ਵਿਚ ਰਖੀ ਰਕਮ 12 ਕਰੋੜ ਰੁਪਏ ਵੱਧ ਹੈ, ਜਿਸ ਦਾ ਵੇਰਵਾ ਹੇਠਾਂ ਦਿਤਾ ਜਾਂਦਾ ਹੈ:—

		1974-75 (ਰੁਪਏ ਕਰੋੜਾਂ ਵਿਚ)
(1) ਥਰਮੋ ਇਲੈਕਟ੍ਰਿਕ ਸਕੀਮਾਂ	...	13.75
(2) ਹਾਈਡਰੋ-ਇਲੈਕਟ੍ਰਿਕ ਸਕੀਮਾਂ	...	25.16
(3) ਟ੍ਰਾਂਸਮਿਸ਼ਨ ਸਕੀਮਾਂ	...	8.50
(4) ਡਿਸਟ੍ਰੀਬਿਊਸ਼ਨ ਸਕੀਮਾਂ	...	11.25
(5) ਛਾਣ-ਬੀਣ ਤੇ ਖੋਜ ਅਤੇ ਹੋਰ ਸਕੀਮਾਂ	...	0.75
ਜੋੜ	...	59.41

ਇਹ ਰਕਮ 1974-75 ਦੀ ਸਾਲਾਨਾ ਯੋਜਨਾ ਦੇ ਖ਼ਰਚ ਦਾ 47 ਫ਼ੀ ਸਦੀ ਹੈ।

ਪਿੰਡਾਂ ਨੂੰ ਬਿਜਲੀ ਦੇਣ ਦੇ ਪ੍ਰੋਗਰਾਮ ਅਧੀਨ ਚਾਲੂ ਮਾਲੀ ਸਾਲ ਵਿਚ 7,226 ਪਿੰਡਾਂ ਨੂੰ ਬਿਜਲੀ ਦੇ ਦਿਤੀ ਜਾਵੇਗੀ। ਪਿੰਡਾਂ ਨੂੰ ਬਿਜਲੀ ਦੇਣ ਲਈ ਸਾਲ 1974-75 ਦੇ ਦੌਰਾਨ 7.5 ਕਰੋੜ ਰੁਪਏ ਦੀ ਰਕਮ ਰਖੀ ਜਾ ਰਹੀ ਹੈ

[ਵਿੱਤ ਮੰਤਰੀ]

ਸਾਲ 1974-75 ਦੇ ਦੌਰਾਨ ਹੋਰ 30 ਹਜ਼ਾਰ ਟਿਊਬਵੈਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦੇਣ ਦੀ ਤਜਵੀਜ਼ ਹੈ। ਪੰਜਵੀਂ ਯੋਜਨਾ ਦੇ ਦੌਰਾਨ 1,80,000 ਹੋਰ ਟਿਊਬਵੈਲਾਂ ਨੂੰ ਬਿਜਲੀ ਦੇ ਕੁਨੈਕਸ਼ਨ ਦਿਤੇ ਜਾਣਗੇ।

ਸਿੰਜਾਈ

ਮਾਰਚ, 1974 ਦੇ ਅੰਤ ਤਕ ਰਾਵੀ-ਬਿਆਸ ਦਰਿਆਵਾਂ ਦੇ ਫਾਲਤੂ ਪਾਣੀ ਨੂੰ ਵਰਤੋਂ ਵਿਚ ਲਿਆਉਣ ਲਈ ਤਕਰੀਬਨ 2.28 ਕਰੋੜ ਰੁਪਏ ਖ਼ਰਚ ਹੋਣ ਦੀ ਸੰਭਾਵਨਾ ਹੈ ਇਸ ਵਿਚ ਭਾਖੜਾ ਅਤੇ ਸਰਹੰਦ ਨਹਿਰਾਂ ਦਾ ਵਿਸਤਾਰ ਅਤੇ ਰੀਮਾਡਲਿੰਗ ਦਾ ਖ਼ਰਚ ਵੀ ਸ਼ਾਮਲ ਹੈ। ਸਾਲ 1974-75 ਲਈ 45 ਲੱਖ ਰੁਪਏ ਦੀ ਰਕਮ ਰਖੀ ਗਈ ਹੈ।

ਮੌਜੂਦਾ ਸ਼ਾਹ ਨਹਿਰ ਦਾ ਵਿਸਤਾਰ ਅਤੇ ਸੁਧਾਰ ਕਰਨ ਨਾਲ ਜ਼ਿਲ੍ਹਾ ਹੁਸ਼ਿਆਰਪੁਰ ਦੀਆਂ ਸਿੰਜਾਈ ਸਹੂਲਤਾਂ ਵਿਚ ਕਾਫੀ ਵਾਧਾ ਹੋਵੇਗਾ। ਸਾਲ 1973-74 ਵਿਚ ਸ਼ੁਰੂ ਕੀਤੀ ਜਾ ਚੁਕੀ ਇਸ ਸਕੀਮ ਉਤੇ ਕੁਲ 3 ਕਰੋੜ ਰੁਪਏ ਖ਼ਰਚ ਆਵੇਗਾ। ਸਾਲ 1974-75 ਲਈ 50 ਲੱਖ ਰੁਪਏ ਦੀ ਰਕਮ ਰਖੀ ਗਈ ਹੈ।

ਮਾਨਯੋਗ ਮੈਂਬਰ ਇਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਥੀਨ ਡੈਮ ਦਾ ਖਰਚਾ 1964 ਤੋਂ ਹੋ ਰਿਹਾ ਹੈ। ਇਹ ਪ੍ਰਾਜੈਕਟ 8.61 ਲੱਖ ਏਕੜ ਰਕਬੇ ਨੂੰ ਸਿੰਜਣ ਦੀ ਸਮਰਥਾ ਰਖਦਾ ਹੈ। ਮੈਂ, ਆਪਣੇ ਪਿਛਲੇ ਸਾਲ ਦੇ ਭਾਸ਼ਣ ਵਿਚ ਸੰਖੇਪ ਤੌਰ ਤੇ ਇਹ ਜ਼ਿਕਰ ਕੀਤਾ ਸੀ ਕਿ ਪੰਜਵੀਂ ਪੰਜ ਸਾਲਾ ਯੋਜਨਾ ਵਿਚ ਸ਼ਾਮਲ ਕੀਤੀਆਂ ਜਾਣ ਵਾਲੀਆਂ ਨਵੀਆਂ ਸਕੀਮਾਂ ਵਿਚੋਂ ਥੀਨ ਡੈਮ ਵੀ ਇਕ ਨਵੀਂ ਸਕੀਮ ਹੋਵੇਗੀ। ਹੁਣ ਭਾਰਤ ਸਰਕਾਰ ਨੇ ਸਾਨੂੰ 1974-75 ਦੀ ਸਲਾਨਾ ਯੋਜਨਾ ਵਿਚ ਇਹ ਪ੍ਰਾਜੈਕਟ ਸ਼ਾਮਲ ਕਰਨ ਦੀ ਮਨਜ਼ੂਰੀ ਦੇ ਦਿਤੀ ਹੈ ਅਤੇ ਇਸ ਲਈ 5 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ।

ਹੜ੍ਹ ਕੰਟਰੋਲ ਅਤੇ ਜਲ ਨਿਕਾਸ

ਹੜ੍ਹ-ਕੰਟਰੋਲ ਸਕੀਮਾਂ ਤੇ ਚੌਥੇ ਪਲਾਨ ਦੇ ਦੌਰਾਨ 12.82 ਕਰੋੜ ਰੁਪਏ ਖ਼ਰਚ ਕੀਤੇ ਜਾਣਗੇ। ਇਸ ਨਾਲ 11.29 ਲੱਖ ਏਕੜ ਰਕਬੇ ਨੂੰ ਲਾਭ ਪੁਜੇਗਾ। ਸਾਲ 1974-75 ਦੇ ਦੌਰਾਨ ਹੜ੍ਹ-ਕੰਟ-ਰੋਲ ਅਤੇ ਜਲ-ਨਿਕਾਸ ਸਕੀਮਾਂ ਲਈ 3 ਕਰੋੜ ਰੁਪਏ ਦੀ ਰਕਮ ਰਖੀ ਗਈ ਹੈ। ਇਸ ਤਰ੍ਹਾਂ ਇਕ ਲੱਖ ਏਕੜ ਰਕਬੇ ਨੂੰ ਹੜ੍ਹਾਂ ਅਤੇ ਸੇਮ ਦੀ ਮਾਰ ਤੋਂ ਬਚਾਇਆ ਜਾਵੇਗਾ।

ਸਨਅਤ

ਸਾਲ 1973-74 ਦੇ ਦੌਰਾਨ, ਕੱਚੇ ਮਾਲ ਦੀ ਕਿੱਲਤ ਅਤੇ ਬਿਜਲੀ ਦੀ ਕਮੀ ਕਰ ਕੇ ਸਨਅਤ ਨੂੰ ਕਾਫੀ ਨੁਕਸਾਨ ਹੋਇਆ। ਇਨ੍ਹਾਂ ਮੁਸ਼ਕਲਾਂ ਦੇ ਬਾਵਜੂਦ, ਛੋਟੀਆਂ ਸਨਅਤਾਂ ਦੇ ਖੇਤਰ ਵਿਚ ਕਾਫੀ ਤਰੱਕੀ ਹੋਈ ਹੈ। ਰਾਜ ਵਿਚ ਹੁਣ ਤਕ ਛੋਟੇ ਪੈਮਾਨੇ ਦੇ 34,000 ਯੂਨਿਟ ਰਜਿਸਟਰ ਹੋ ਚੁਕੇ ਹਨ। ਇਸ ਪੱਖ ਵਲ ਕਾਫੀ ਧਿਆਨ ਦੇਣ ਦੀ ਲੋੜ ਹੈ। ਢੰਡਾਰੀ ਕਲਾਂ, ਰਾਜਪੁਰਾ ਅਤੇ ਮੁਹਾਲੀ ਦੇ 3 ਫੋਕਲ ਪੁਆਇੰਟਾਂ ਤੋਂ ਇਲਾਵਾ 23 ਹੋਰ ਨਵੇਂ ਸਨਅਤੀ ਕੇਂਦਰ ਖੋਲ੍ਹੇ ਜਾਣਗੇ। ਬਠਿੰਡਾ, ਹੁਸ਼ਿਆਰਪੁਰ, ਗੁਰਦਾਸਪੁਰ ਅਤੇ ਸੰਗਰੂਰ ਦੇ ਪੱਛੜੇ ਜ਼ਿਲ੍ਹਿਆਂ ਵਿਚ ਸਨਅਤਾਂ ਲਾਉਣ ਦੇ ਕੰਮ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ ਨੀਮ-ਪਹਾੜੀ ਅਤੇ ਸਰਹਦੀ ਇਲਾਕਿਆਂ ਵਿਚ ਵੀ ਨਵੇਂ ਫ਼ੋਕਲ ਪੁਆਇੰਟ ਕਾਇਮ ਕਰਨ ਦਾ ਵਿਚਾਰ ਹੈ।

ਪੰਜਾਬ ਵਿੱਤ ਕਾਰਪੋਰੇਸ਼ਨ ਨੇ ਚਾਲੂ ਸਾਲ ਦੇ ਦੌਰਾਨ ਸਨਅਤਾਂ ਨੂੰ 4.20 ਕਰੋੜ ਰੁਪਏ ਦੇ ਕਰਜ਼ੇ ਦਿਤੇ। ਕਾਰਪੋਰੇਸ਼ਨ ਨੇ ਬਿਜਲੀ ਦੇ ਸੰਕਟ ਤੇ ਕਾਬੂ ਪਾਉਣ ਲਈ ਜੈਨਰੇਟਿੰਗ ਸੈਟ ਖਰੀਦਣ ਵਾਸਤੇ 92.32 ਲੱਖ ਰੁਪਏ ਦੇ ਕਰਜ਼ੇ ਦਿਤੇ ਹਨ।

ਪੰਜਵੀਂ ਯੋਜਨਾ ਵਿਚ ਚੌਥੀ ਯੋਜਨਾ ਦੀ ਨਿਸਬਤ ਲਗ ਭਗ ਚਾਰ ਗੁਣਾ ਵਧ ਰਕਮ ਰਖੀ ਜਾ ਰਹੀ ਹੈ ਤਾਂਕਿ ਰਾਜ ਵਿਚ ਸਨਅਤੀ ਵਿਕਾਸ ਤੇਜ਼ੀ ਨਾਲ ਕੀਤਾ ਜਾ ਸਕੇ ।

ਵੱਡੇ ਪੈਮਾਨੇ ਦੇ ਸਨਅਤੀ ਪ੍ਰਾਜੈਕਟਾਂ ਦੀ ਉਨਤੀ ਵੱਲ ਵੀ ਖਾਸ ਧਿਆਨ ਦਿਤਾ ਗਿਆ। ਸਵਰਾਜ ਟਰੈਕਟਰ, ਡਰਾਈ ਸੈਲ ਬੈਟਰੀਆਂ, ਸਟੀਲ ਬਿਲੈਟਸ ਅਤੇ ਟੈਲੀਵਿਜ਼ਨ ਸੈਟ ਬਣਾਉਣ ਦਾ ਕੰਮ ਪਹਿਲਾਂ ਹੀ ਸ਼ੁਰੂ ਹੋ ਚੁਕਾ ਹੈ । ਬਰਿਊਰੀ ਅਤੇ ਨਾਈਲੋਨ ਲੈਦਰ ਬੈਲਟਿੰਗ ਯੂਨਿਟ ਛੇਤੀ ਹੀ ਚਾਲੂ ਹੋ ਜਾਣਗੇ । ਇਨ੍ਹਾਂ ਯੂਨਿਟਾਂ ਤੇ ਲਗ ਭਗ 11 ਕਰੋੜ ਰੁਪਏ ਖਰਚ ਹੋਣਗੇ । ਸਿੰਥੈਟਿਕ ਡੀਟਰਜੈਂਟ, ਟਾਇਲਟ ਸੋਪ, ਸਕੂਟਰ, ਪ੍ਰੀਸੀਜਨ ਮੇਜ਼ਰਿੰਗ ਇਸਟਰੂਮੈਂਟ, ਆਟੋਮੋਬਾਈਲ ਟਾਇਰ ਅਤੇ ਟਿਊਬਾਂ, ਪੋਲਿਸਟਰ, ਸਟੇਪਲ ਫਾਈਬਰ ਨਾਈਲੋਨ ਅਤੇ ਕਚ ਦੀਆਂ ਬੋਤਲਾਂ ਜਿਹੇ ਪ੍ਰਾਜੈਕਟ 40 ਕਰੋੜ ਰੁਪਏ ਦੀ ਲਾਗਤ ਨਾਲ 1974-75 ਵਿਚ ਸ਼ੁਰੂ ਕੀਤੇ ਜਾਣਗੇ । 100 ਕਰੋੜ ਰੁਪਏ ਦੀ ਲਾਗਤ ਨਾਲ ਇਕ ਖਾਦ ਦਾ ਕਾਰਖਾਨਾ ਵੀ ਬਠਿੰਡੇ ਵਿਚ ਜਲਦੀ ਲਾਇਆ ਜਾ ਰਿਹਾ ਹੈ ।

ਸਹਿਕਾਰਤਾ

ਰਾਜ ਦੀਆਂ ਸਹਿਕਾਰੀ ਸੰਸਥਾਵਾਂ ਨੇ ਹਰ ਪੱਖ ਤੋਂ ਕਾਫੀ ਤਰੱਕੀ ਕੀਤੀ ਹੈ । ਸਹਿਕਾਰੀ ਸਭਾਵਾਂ ਦੀ ਹਿੱਸਾ ਪੂੰਜੀ 39.85 ਕਰੋੜ ਰੁਪਏ ਤੋਂ ਵੱਧ ਕੇ 44.46 ਕਰੋੜ ਰੁਪਏ ਅਤੇ ਸਹਿਕਾਰੀ ਬੈਂਕਾਂ ਵਿਚ ਜਮ੍ਹਾਂ ਰਕਮਾਂ 89.99 ਕਰੋੜ ਰੁਪਏ ਤੋਂ ਵੱਧ ਕੇ 97.43 ਕਰੋੜ ਰੁਪਏ ਹੋ ਗਈਆਂ ਹਨ । ਸਾਲ 1973-74 ਵਿਚ ਖਾਦਾਂ ਅਤੇ ਹੋਰ ਜ਼ਰਾਇਤੀ ਸਾਜ਼ ਸਾਮਾਨ ਦੀ ਖਰੀਦ ਲਈ ਸਹਿਕਾਰੀ ਸੰਸਥਾਵਾਂ ਨੇ ਕਿਸਾਨਾਂ ਨੂੰ 104 ਕਰੋੜ ਰੁਪਏ ਦੇ ਕਰਜ਼ੇ ਦਿਤੇ ।

ਸਹਿਕਾਰੀ ਸਭਾਵਾਂ ਰਾਹੀਂ ਕਰਜ਼ਾ ਦੇਣ ਦੀ ਨੀਤੀ ਵਿਚ ਕਾਫੀ ਸੁਧਾਰ ਕੀਤਾ ਗਿਆ ਹੈ, ਤਾਂਕਿ ਗਰੀਬ ਅਤੇ ਕਮਜ਼ੋਰ ਵਰਗ ਦੇ ਕਿਸਾਨਾਂ ਦੀ ਮੱਦਦ ਕੀਤੀ ਜਾ ਸਕੇ । ਇਸ ਕੰਮ ਲਈ 30 ਫ਼ੀ ਸਦੀ ਰਕਮ ਛੋਟੇ ਕਿਸਾਨਾਂ ਵਾਸਤੇ ਰਿਜ਼ਰਵ ਕਰ ਦਿਤੀ ਗਈ ਹੈ ।

ਸੜਕਾਂ

ਪੰਜਾਬ ਵਰਗੇ ਖੇਤੀ ਪਰਧਾਨ ਰਾਜ ਲਈ ਸੜਕਾਂ ਦਾ ਵਿਕਾਸ ਬਹੁਤ ਜ਼ਰੂਰੀ ਹੈ । ਰਾਜ ਦੀ ਵਾਗ ਡੋਰ ਸੰਭਾਲਣ ਤੇ, ਇਸ ਸਰਕਾਰ ਨੇ ਰਾਜ ਦੇ ਸਾਰੇ ਪਿੰਡਾਂ ਨੂੰ ਦੋ ਸਾਲਾਂ ਵਿਚ ਸੜਕਾਂ ਨਾਲ ਮਿਲਾਉਣ ਦਾ ਫੈਸਲਾ ਕੀਤਾ ਸੀ । ਇਹ ਅੰਦਾਜ਼ਾ ਲਾਇਆ ਗਿਆ ਸੀ ਕਿ ਇਨ੍ਹਾਂ ਸਾਰੇ ਪਿੰਡਾਂ ਨੂੰ ਸੜਕਾਂ ਨਾਲ ਮਿਲਾਉਣ ਲਈ 9,600 ਕਿਲੋਮੀਟਰ ਲੰਮੀਆਂ ਸੜਕਾਂ ਬਣਾਉਣੀਆਂ ਪੈਣਗੀਆਂ ।

ਮੈਂ, ਸਦਨ ਦੇ ਮੈਂਬਰਾਂ ਨੂੰ ਵਧਾਈ ਦੇਣਾ ਚਾਹੁੰਦਾ ਹਾਂ ਕਿ ਸਰਕਾਰ ਨੇ ਇਹ ਟੀਚਾ ਪੂਰਾ ਕਰ ਦਿਖਾਇਆ ਹੈ ਅਤੇ ਸਰਕਾਰ ਨੇ 41.73 ਕਰੋੜ ਰੁਪਏ ਦੀ ਲਾਗਤ ਨਾਲ ਇਨ੍ਹਾਂ ਦੋ ਸਾਲਾਂ ਵਿਚ 9,521 ਕਿਲੋਮੀਟਰ ਲੰਮੀਆਂ ਸੜਕਾਂ ਬਣਾ ਦਿਤੀਆਂ ਹਨ ਅਤੇ ਜਿਹੜੇ ਛੋਟੇ ਛੋਟੇ ਟੋਟੇ ਬਾਕੀ ਰਹਿੰਦੇ ਹਨ, ਉਹ ਇਸ ਸਾਲ ਪੂਰੇ ਕਰ ਦਿਤੇ ਜਾਣਗੇ ।

[ਵਿੱਤ ਮੰਤਰੀ]

ਟ੍ਰਾਂਸਪੋਰਟ

ਸਰਕਾਰ ਪੈਸਿੰਜਰ ਟ੍ਰਾਂਸਪੋਰਟ ਦੇ ਦਰਜੇ ਵਾਰ ਕੌਮੀਕਰਣ ਦੀ ਆਪਣੀ ਨੀਤੀ ਤੇ ਪਾਬੰਦ ਹੈ । ਅਪਰੇਟਰਾਂ ਨਾਲ ਹੋਏ ਮੌਜੂਦਾ ਸਮਝੌਤੇ ਅਨੁਸਾਰ 60 : 40 ਦੀ ਨਿਸਬਤ ਨਾਲ ਕੌਮੀਂਕਰਨ ਦੀ ਸਕੀਮ ਪੈਪਸੂ ਦੇ ਇਲਾਕੇ ਵਿਚ ਵੀ ਲਾਗੂ ਕੀਤੀ ਜਾ ਰਹੀ ਹੈ । ਇਸ ਲਈ 20,000 ਕਿਲੋਮੀਟਰ ਵਧੀਕ ਸੜਕਾਂ ਤੇ ਬੱਸਾਂ ਚਲਾਉਣ ਲਈ, ਪੈਪਸੂ ਰੋਡ ਟ੍ਰਾਂਸਪੋਰਟ ਕਾਰਪੋਰੇਸ਼ਨ ਅਤੇ ਪੰਜਾਬ ਰੋਡਵੇਜ਼ ਦੇ ਫਲੀਟ ਲਈ ਹੋਰ ਨਵੀਆਂ ਬੱਸਾਂ ਖਰੀਦੀਆਂ ਜਾ ਰਹੀਆਂ ਹਨ । 1974-75 ਦੇ ਅੰਤ ਤੱਕ ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟ੍ਰਾਂਸਪੋਸਟ ਕਾਰਪੋਰੇਸ਼ਨ ਦੀਆਂ ਬੱਸਾਂ ਦੀ ਕੁਲ ਗਿਣਤੀ 2,800 ਹੋ ਜਾਵੇਗੀ ।

ਸਿਖਿਆ

ਹਰ ਸਾਲ ਸਿਖਿਆ ਸਬੰਧੀ ਖਰਚਾ ਵਧਦਾ ਜਾ ਰਿਹਾ ਹੈ । 1974-75 ਵਿਚ 52.43 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ, ਜਦੋਂ ਕਿ 1973-74 ਵਿਚ ਇਹ ਰਕਮ 45.49 ਕਰੋੜ ਰੁਪਏ ਸੀ ।

ਮੁੱਢਲੀ ਸਿਖਿਆ ਵੱਲ ਖਾਸ ਧਿਆਨ ਦਿਤਾ ਜਾ ਰਿਹਾ ਹੈ । ਇਸ ਨਾਲ 6 ਤੋਂ 11 ਸਾਲ ਦੀ ਉਮਰ ਦੇ 93 ਫ਼ੀ ਸਦੀ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕੀਤਾ ਗਿਆ ਹੈ ਅਤੇ 11,000 ਟਰੇਂਡ ਅਧਿਆਪਕਾਂ ਨੂੰ ਨੌਕਰੀਆਂ ਦਿਤੀਆਂ ਗਈਆਂ ਹਨ । ਅਗਲੇ ਦੋ ਸਾਲਾਂ ਵਿਚ, ਸਰਕਾਰ ਦਾ ਨਿਸ਼ਾਨਾ 6 ਤੋਂ 11 ਸਾਲ ਦੀ ਉਮਰ ਦੇ ਸੌ ਫ਼ੀ ਸਦੀ ਬੱਚਿਆਂ ਨੂੰ ਸਕੂਲਾਂ ਵਿਚ ਦਾਖਲ ਕਰਨਾ ਹੈ । ਸਰਕਾਰ ਨੇ ਪ੍ਰਾਇਮਰੀ ਸਿਖਿਆ ਦਾ ਇਕ ਵੱਖਰਾ ਡਾਇਰੈਕਟੋਰੇਟ ਕਾਇਮ ਕਰਨ ਦਾ ਵੀ ਫੈਸਲਾ ਕੀਤਾ ਹੈ ।

ਸਿਖਿਆ ਦੇ ਮੌਜੂਦਾ ਢੰਗ ਦੀ ਥਾਂ ਵਧੇਰੇ ਨੌਕਰੀਆਂ ਦਿਵਾਉਣ ਵਾਲਾ ਢੰਗ ਅਪਨਾਉਣ ਲਈ ਵਾਈਸ ਚਾਂਸਲਰਾਂ ਦੀ ਇਕ ਕਮੇਟੀ ਕਾਇਮ ਕੀਤੀ ਗਈ ਹੈ । ਰਾਜ ਦੀਆਂ ਯੂਨੀਵਰਸਿਟੀਆਂ ਨੇ ਪੜ੍ਹੇ ਲਿਖੇ ਬੇਰੋਜ਼ਗਾਰ ਵਿਅਕਤੀਆਂ ਲਈ ਵੋਕੇਸ਼ਨਲ ਕੋਰਸ ਪਹਿਲਾਂ ਹੀ ਸ਼ੁਰੂ ਕਰ ਦਿਤੇ ਹਨ । ਇਸ ਨਾਲ ਰਾਜ ਵਿਚ ਪੜ੍ਹੇ ਲਿਖੇ ਲੋਕਾਂ ਦੀ ਬੇਰੋਜ਼ਗਾਰੀ ਨੂੰ ਘੱਟ ਕੀਤਾ ਜਾ ਸਕੇਗਾ । 5 ਲੱਖ ਨੌਕਰੀਆਂ ਦੇਣ ਦੇ ਪ੍ਰੋਗਰਾਮ ਅਧੀਨ ਸਾਲ 1973-74 ਦੇ ਦੌਰਾਨ 5 ਹਜ਼ਾਰ ਅਧਿਆਪਕਾਂ ਨੂੰ ਨੌਕਰੀਆਂ ਦਿਤੀਆਂ ਗਈਆਂ ।

ਅੱਜ ਦੇ ਸਮਾਜ ਵਿਚ ਸਾਇੰਸ ਅਤੇ ਖੇਡਾਂ ਦੀ ਆਹਮੀਅਤ ਨੂੰ ਮੁੱਖ ਰੱਖਦੇ ਹੋਏ, ਇਨ੍ਹਾਂ ਦੋਹਾਂ ਮਜ਼ਮੂਨਾਂ ਨੂੰ ਸਕੂਲਾਂ ਵਿਚ ਲਾਜ਼ਮੀ ਬਣਾ ਦਿਤਾ ਗਿਆ ਹੈ ।

ਮੈਡੀਕਲ

ਮੈਡੀਕਲ ਮੰਥਨ ਨਾਂ ਦਾ ਇਕ ਨਵਾਂ ਪ੍ਰੋਗਰਾਮ ਜੂਨ, 1973 ਵਿਚ ਰੋਪੜ ਜ਼ਿਲ੍ਹੇ ਵਿਚ ਸ਼ੁਰੂ ਕੀਤਾ ਗਿਆ ਸੀ । ਇਸ ਪ੍ਰੋਗਰਾਮ ਅਧੀਨ 50 ਸਰਵਿਸ ਟੀਮਾਂ ਨੇ ਤਿੰਨ ਲੱਖ ਲੋਕਾਂ ਦੀ ਸਕਰੀਨਿੰਗ ਕੀਤੀ ਅਤੇ 60 ਹਜ਼ਾਰ ਤੋਂ ਵੱਧ ਲੋਕਾਂ ਦਾ ਡਾਕਟਰੀ ਇਲਾਜ ਕੀਤਾ । ਮੈਡੀਕਲ ਮੰਥਨ ਦਾ ਇਹ ਪ੍ਰੋਗਰਾਮ ਹੋਰ ਇਲਾਕਿਆਂ ਵਿਚ ਵੀ ਚਾਲੂ ਕੀਤਾ ਜਾ ਰਿਹਾ ਹੈ ।

ਹਰ ਮੌਜੂਦਾ ਸਬ-ਸੈਂਟਰ ਵਿਚ ਇਕ ਡਾਕਟਰ ਅਤੇ ਹੋਰ ਡਿਸਪੈਂਸਰੀ ਅਮਲਾ ਰੱਖਣ ਦੀ ਤਜਵੀਜ਼ ਹੈ, ਤਾਂ ਜੋ ਹਰੇਕ ਸਬ-ਸੈਂਟਰ ਇਕ ਮੁਕੰਮਲ ਡਿਸਪੈਂਸਰੀ ਦੇ ਤੌਰ ਤੇ ਕੰਮ ਕਰ ਸਕੇ ।

ਦਿਹਾਤੀ ਇਲਾਕਿਆਂ ਵਿਚ ਆਮ ਡਾਕਟਰੀ ਸਹੂਲਤਾਂ ਵਾਲੇ ਸੈਂਟਰ ਖੋਲੇ ਜਾਣਗੇ, ਜਿਥੇ ਆਲੇ ਦੁਆਲੇ ਦੀਆਂ ਡਿਸਪੈਂਸਰੀਆਂ ਦੇ ਡਾਕਟਰ ਓਪਰੇਸ਼ਨ, ਲਬਾਰਟਰੀ ਟੈਸਟ, ਐਕਸਰੇ, ਵਿਸ਼ੇਸ਼ ਡਾਕਟਰੀ ਮੁਆਇਨੇ ਅਤੇ ਇਲਾਜ ਲਈ ਆਪਣੇ ਕੇਸ ਲਿਆ ਸਕਣ ।

ਸਾਲ 1974-75 ਦੇ ਦੌਰਾਨ ਦਵਾਈਆਂ ਉਤੇ 1.76 ਕਰੋੜ ਰੁਪਏ ਖਰਚ ਕੀਤੇ ਜਾਣਗੇ, ਜਦ ਕਿ ਸਾਲ 1971-72 ਦੇ ਦੌਰਾਨ ਸਿਰਫ 50 ਲੱਖ ਰੁਪਏ ਖਰਚ ਕੀਤੇ ਗਏ ਸਨ । ਸਿਹਤ ਦੇ ਮਹਿਕਮੇ ਤੇ 1974-75 ਵਿਚ 20.62 ਕਰੋੜ ਰੁਪਏ ਖਰਚ ਕੀਤੇ ਜਾਣਗੇ ਜਦ ਕਿ 1971-72 ਵਿਚ ਇਹ ਰਕਮ 11.37 ਕਰੋੜ ਰੁਪਏ ਸੀ ।

ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ

1973-74 ਦੇ ਦੌਰਾਨ ਪਿੰਡਾਂ ਵਿਚ ਬੇਘਰ ਲੋਕਾਂ ਨੂੰ ਮਕਾਨ ਬਣਾਉਣ ਲਈ 1.84 ਲੱਖ ਪਲਾਟ ਅਲਾਟ ਕੀਤੇ ਗਏ ਹਨ । ਬਾਕੀ ਦੇ ਯੋਗ ਵਿਅਕਤੀਆਂ ਨੂੰ ਪਲਾਟ ਦੇਣ ਲਈ ਜ਼ਮੀਨ ਪ੍ਰਾਪਤ ਕਰਨ ਵਾਸਤੇ ਸਾਲ 1974-75 ਵਿਚ 2 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ ।

ਸਹਿਕਾਰੀ ਮਕਾਨ ਉਸਾਰੀ ਫੈਡਰੇਸ਼ਨ ਬੇਘਰ ਲੋਕਾਂ ਨੂੰ ਅਲਾਟ ਕੀਤੇ ਪਲਾਟਾਂ ਉਤੇ ਮਕਾਨ ਬਣਾਉਣ ਲਈ ਜੀਵਨ ਬੀਮਾ ਕਾਰਪੋਰੇਸ਼ਨ ਵਲੋਂ ਮਾਲੀ ਸਹਾਇਤਾ ਲੈ ਕੇ ਕਰਜ਼ਾ ਦੇਣ ਦਾ ਇਕ ਵੱਡਾ ਪ੍ਰੋਗਰਾਮ ਸ਼ੁਰੂ ਕਰ ਰਹੀ ਹੈ । ਫੈਡਰੇਸ਼ਨ ਨੂੰ ਕੰਮ ਚਲਾਉਣ ਲਈ 1.5 ਕਰੋੜ ਰੁਪਏ ਦੀ ਰਕਮ ਦਿਤੀ ਗਈ ਹੈ । ਇਸ ਸਕੀਮ ਨਾਲ ਫੈਡਰੇਸ਼ਨ ਦੂਸਰੀਆਂ ਮਾਲੀ ਸੰਸਥਾਵਾਂ ਤੋਂ 18 ਕਰੋੜ ਰੁਪਏ ਇਕੱਠੇ ਕਰ ਸਕੇਗੀ ।

ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ ਨੇ ਆਰਥਕ ਤੌਰ ਤੇ ਕਮਜ਼ੋਰ ਲੋਕਾਂ ਲਈ ਕਾਲੋਨੀਆਂ ਬਣਾਉਣ ਦਾ ਕੰਮ ਸ਼ੁਰੂ ਕਰ ਦਿਤਾ ਹੈ । ਜਲੰਧਰ ਅਤੇ ਅੰਮ੍ਰਿਤਸਰ ਦੇ ਨਗਰ ਸੁਧਾਰ ਟਰਸਟ, ਫਲੈਟ ਅਤੇ ਮਕਾਨਾਂ ਦੀ ਉਸਾਰੀ ਦਾ ਕੰਮ ਸ਼ੁਰੂ ਕਰ ਰਹੇ ਹਨ । ਇਸ ਕੰਮ ਲਈ ਮਕਾਨ ਉਸਾਰੀ ਬੋਰਡ ਅਤੇ ਨਗਰ ਸੁਧਾਰ ਟਰਸਟਾਂ ਨੇ ਲਗਭਗ 1.5 ਕਰੋੜ ਰੁਪਏ ਦੀ ਰਕਮ ਇਕੱਠੀ ਕਰ ਲਈ ਹੈ ।

ਲੋਕਾਂ ਦੇ ਪਿੰਡਾਂ ਵਿਚੋਂ ਆ ਕੇ ਸ਼ਹਿਰਾਂ ਵਿਚ ਵੱਸ ਜਾਣ ਨਾਲ, ਮਕਾਨਾਂ ਦੀ ਤੰਗੀ ਸਾਲ ਦਰ ਸਾਲ ਵੱਧਦੀ ਜਾ ਰਹੀ ਹੈ । ਲਗ ਭਗ ਸਾਰੇ ਸ਼ਹਿਰਾਂ ਦੀਆਂ ਬਾਹਰਲੀਆਂ ਹੱਦਾਂ ਵਿਚ ਸ਼ਹਿਰੀ ਬਸਤੀਆਂ ਬਣਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ । ਮਕਾਨ ਬਣਾਉਣ ਲਈ ਕਿਸ਼ਤਾਂ ਵਿਚ ਜਾ ਇਕ ਮੁਸ਼ਤ ਰਕਮ ਦੀ ਅਦਾਇਗੀ ਦੇ ਅਧਾਰ ਤੇ ਪਲਾਟ ਅਲਾਟ ਕੀਤੇ ਜਾਣਗੇ । ਇਸ ਨਾਲ ਉਹ ਲੋਕ, ਜਿਹੜੇ ਆਪਣੇ ਘਰ ਬਣਾਉਣ ਦੇ ਚਾਹਵਾਨ ਹਨ, ਪ੍ਰਾਈਵੇਟ ਕਾਲੋਨੀਆਂ ਬਣਾਉਣ ਵਾਲਿਆਂ ਦੀ ਲੁਟ ਖਸੁਟ ਤੋਂ ਬਚ ਜਾਣਗੇ । ਸ਼ਹਿਰੀ ਇਲਾਕਿਆਂ ਵਿਚ ਪਲਾਟਾਂ ਵਾਸਤੇ ਜ਼ਮੀਨ ਪ੍ਰਾਪਤ ਕਰਨ ਲਈ ਬਜਟ ਵਿਚ 1.60 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ । ਜੇ ਲੋੜ ਪਈ ਤਾਂ ਅਰਬਨ ਅਸਟੇਟਾਂ ਬਣਾਉਣ ਲਈ ਹੋਰ ਰਕਮ ਦਾ ਪ੍ਰਬੰਧ ਕੀਤਾ ਜਾਵੇਗਾ । ਕਾਇਮ ਕੀਤੀਆਂ ਨਵੀਆਂ ਅਰਬਨ ਐਸਟੇਟਾਂ ਵਿਚ 25 ਫ਼ੀ ਸਦੀ ਪਲਾਟ ਹਰੀਜਨਾਂ ਅਤੇ ਸਮਾਜ ਦੇ ਗਰੀਬ ਅਤੇ ਕਮਜ਼ੋਰ ਤਬਕਿਆਂ ਲਈ ਰਿਜ਼ਰਵ ਰੱਖੇ ਜਾਣਗੇ ।

ਸਾਲ 1974-75 ਵਿਚ ਮਿਊਂਸਿਪਲ ਕਮੇਟੀਆਂ ਅਤੇ ਨਗਰ ਸੁਧਾਰ ਟਰਸਟਾਂ ਦੀ ਸਹਾਇਤਾ ਲਈ 2.40 ਕਰੋੜ ਰੁਪਏ ਦੀ ਰਕਮ ਰੱਖਣ ਦੀ ਤਜਵੀਜ਼ ਹੈ । ਰਾਜ ਦੇ ਵੱਡੇ ਵੱਡੇ ਸ਼ਹਿਰਾਂ ਦੀਆਂ ਵੱਧ ਰਹੀਆਂ ਕਠਨ ਸ਼ਹਿਰੀ ਸਮੱਸਿਆਵਾਂ ਨੂੰ ਹੱਲ ਕਰਨ ਲਈ, ਇਨ੍ਹਾਂ ਸ਼ਹਿਰਾਂ ਦੇ ਮਿਊਂਸਿਪਲ

[ਵਿੱਤ ਮੰਤਰੀ]

ਪ੍ਰਬੰਧ ਦਾ ਸੁਧਾਰ ਕਰਨ ਵਾਸਤੇ ਸ਼ੁਰੂ ਵਿੱਚ ਲੁਧਿਆਣਾ ਅਤੇ ਅੰਮ੍ਰਿਤਸਰ ਵਿਖੇ ਮਿਉਂਸਿਪਲ ਕਾਰਪੋਰੇਸ਼ਨਾਂ ਕਾਇਮ ਕਰਨ ਦਾ ਵਿਚਾਰ ਹੈ ।

ਜਲ ਸਪਲਾਈ

ਪੀਣ ਵਾਲੇ ਪਾਣੀ ਦੀ ਕਮੀ ਵਾਲੇ ਕੁਲ 3,100 ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਕਰਨ ਦੇ ਯਤਨ ਜਾਰੀ ਹਨ । ਮਾਰਚ, 1974 ਦੇ ਅੰਤ ਤੱਕ 1,385 ਪਿੰਡਾਂ ਵਿੱਚ ਜਲ ਸਪਲਾਈ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ । ਸਾਲ 1974-75 ਵਿੱਚ 250 ਹੋਰ ਪਿੰਡਾਂ ਵਿੱਚ ਜਲ ਸਪਲਾਈ ਸਕੀਮਾਂ ਸ਼ੁਰੂ ਕੀਤੀਆਂ ਜਾਣਗੀਆਂ । ਪੰਜਵੀਂ ਯੋਜਨਾ ਦੇ ਦੌਰਾਨ 1,500 ਬਾਕੀ ਪਿੰਡਾਂ ਨੂੰ ਇਸ ਸਕੀਮ ਅਧੀਨ ਲਿਆਉਣ ਦੀ ਤਜਵੀਜ਼ ਹੈ । ਸਰਕਾਰ ਨੇ ਫੈਸਲਾ ਕੀਤਾ ਹੈ ਕਿ 1974-75 ਦੇ ਅੰਤ ਤਕ ਨੀਮ ਪਹਾੜੀ ਇਲਾਕਿਆਂ ਦੇ ਸਾਰੇ ਪਿੰਡਾਂ ਵਿੱਚ ਪੀਣ ਦਾ ਪਾਣੀ ਮੁਹੱਈਆ ਕਰ ਦਿੱਤਾ ਜਾਵੇਗਾ । ਸਰਕਾਰ ਨੇ ਪਹਾੜੀ ਅਤੇ ਪਛੜੇ ਇਲਾਕਿਆਂ ਸਮੇਤ ਦਿਹਾਤੀ ਇਲਾਕਿਆਂ ਵਿੱਚ ਪੰਚਾਇਤਾਂ ਨੂੰ ਜਲ-ਸਪਲਾਈ ਸਕੀਮਾਂ ਦੀ ਸੰਭਾਲ ਦੇ ਖਰਚੇ ਨੂੰ ਪੂਰਾ ਕਰਨ ਲਈ ਸਹਾਇਤਾ ਗ੍ਰਾਂਟਾਂ ਦੇਣ ਦਾ ਫੈਸਲਾ ਕੀਤਾ ਹੈ ।

ਖੁਰਾਕ ਅਤੇ ਸਪਲਾਈ

ਕੇਂਦਰੀ ਭੰਡਾਰ ਵਿਚ ਕਣਕ ਅਤੇ ਚੌਲਾਂ ਦਾ ਹਿੱਸਾ ਪਾਉਣ ਵਿੱਚ ਪੰਜਾਬ ਹੋਰਨਾਂ ਰਾਜਾਂ ਨਾਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਹਿਲੇ ਨੰਬਰ ਤੇ ਰਿਹਾ ਹੈ । ਸਰਕਾਰ ਨੇ 1973 ਵਿੱਚ ਕਣਕ ਦਾ ਮੁਕੰਮਲ ਥੋਕ ਵਪਾਰ ਆਪਣੇ ਹੱਥ ਵਿੱਚ ਲੈ ਲਿਆ ਸੀ, ਜੋ ਬਹੁਤ ਹੀ ਸਫਲ ਰਿਹਾ । ਪੰਜਾਬ ਸਾਲ 1974-75 ਦੇ ਦੌਰਾਨ 32 ਲੱਖ ਮੀਟਰਕ ਟਨ ਕਣਕ ਕੇਂਦਰੀ ਭੰਡਾਰ ਨੂੰ ਦੇਵੇਗਾ, ਜਦੋਂ ਕਿ 1973-74 ਵਿੱਚ 27 ਲੱਖ ਮੀਟਰਕ ਟਨ ਕਣਕ ਦਿੱਤੀ ਸੀ । ਇਸ ਸਾਲ ਅਸੀਂ 9 ਲੱਖ ਮੀਟਰਕ ਟਨ ਚਾਵਲ ਪ੍ਰਾਪਤ ਕਰਨ ਦਾ ਨਿਸ਼ਾਨਾ ਰੱਖਿਆ ਹੈ, ਜਿਸ ਦੇ ਪੂਰੇ ਹੋਣ ਦੀ ਪੂਰੀ ਪੂਰੀ ਆਸ ਹੈ ।

ਸਾਡੇ ਲਗਾਤਾਰ ਯਤਨਾਂ ਦਾ ਨਤੀਜਾ ਇਹ ਹੋਇਆ ਕਿ ਭਾਰਤ ਸਰਕਾਰ ਨੇ ਕਿਸਾਨਾਂ ਦਾ ਹੌਸਲਾ ਵਧਾਉਣ ਲਈ ਬੋਨਸ ਦੇਣ ਦਾ ਐਲਾਨ ਕੀਤਾ । ਪੰਜਾਬ ਸਰਕਾਰ ਨੇ ਸਿਰਫ ਭਾਰਤ ਸਰਕਾਰ ਦੁਆਰਾ ਮਨਜ਼ੂਰ ਕੀਤਾ ਬੋਨਸ ਹੀ ਨਹੀਂ ਵੰਡਿਆ, ਸਗੋਂ ਰਾਜ ਦੇ ਖਜ਼ਾਨੇ ਵਿਚੋਂ ਵੀ 4.50 ਕਰੋੜ ਰੁਪਏ ਦਾ ਹੋਰ ਹਿੱਸਾ ਪਾਇਆ ਹੈ । ਇਸ ਤਰ੍ਹਾਂ 13.50 ਕਰੋੜ ਰੁਪਏ ਦੀ ਕੁਲ ਰਕਮ ਬੋਨਸ ਵਜੋਂ ਦਿੱਤੀ ਗਈ । ਮਾਨਯੋਗ ਮੈਂਬਰ ਇਹ ਜਾਣਦੇ ਹੀ ਹਨ ਕਿ ਸਰਕਾਰ ਨੇ ਆਪਣੇ ਕਿਸਾਨਾਂ ਵਾਸਤੇ ਕਣਕ ਅਤੇ ਚੌਲਾਂ ਦੀਆਂ ਵਾਜਬ ਕੀਮਤਾਂ ਮੁਕੱਰਰ ਕਰਾਉਣ ਲਈ ਭਰਪੂਰ ਕੋਸ਼ਿਸ਼ ਕੀਤੀ ਹੈ ਅਤੇ ਕਰਦੀ ਰਹੇਗੀ ।

ਇਸ ਦੇ ਨਾਲ ਨਾਲ ਸਰਕਾਰ ਨੂੰ ਵੱਧ ਰਹੀਆਂ ਕੀਮਤਾਂ ਕਰਕੇ ਖਪਤਕਾਰਾਂ ਦਾ ਵੀ ਪੂਰਾ ਖਿਆਲ ਹੈ ਅਤੇ ਸਰਕਾਰ ਲਗਾਤਾਰ ਇਹ ਯਤਨ ਕਰ ਰਹੀ ਹੈ ਕਿ ਜਨਤਾ ਨੂੰ ਜ਼ਰੂਰੀ ਚੀਜ਼ਾਂ ਮੁਨਾਸਬ ਕੀਮਤਾਂ ਤੇ ਮੁਹੱਈਆ ਕੀਤੀਆਂ ਜਾਣ । ਸਰਕਾਰ ਨੇ ਪਹਿਲੀ ਵਾਰ ਰਿਆਇਤੀ ਦਰਾਂ ਤੇ ਰਾਸ਼ਨ ਦੇਣ ਦੀ ਸਕੀਮ ਵੀ ਸ਼ੁਰੂ ਕੀਤੀ ਹੈ । ਜਿਸ ਨਾਲ 575 ਰੁਪਏ ਮਹਾਵਾਰ ਤੱਕ ਤਨਖਾਹ ਲੈਣ ਵਾਲੇ ਸਰਕਾਰੀ ਕਰਮਚਾਰੀਆਂ, ਮਿਉਂਸਿਪਲ ਕਰਮਚਾਰੀਆਂ, ਮਜ਼ਦੂਰਾਂ ਅਤੇ ਸਨਅਤੀ ਮਜ਼ਦੂਰਾਂ ਨੂੰ ਆਟਾ ਅਤੇ ਦਾਲਾਂ ਰਿਆਇਤੀ ਕੀਮਤਾਂ ਤੇ ਸਪਲਾਈ ਕੀਤੀਆਂ ਜਾਣਗੀਆਂ । ਇਹ

ਸਕੀਮ 15 ਫਰਵਰੀ, 1974 ਤੋਂ ਅੰਮ੍ਰਿਤਸਰ ਵਿੱਚ ਲਾਗੂ ਕਰ ਦਿੱਤੀ ਗਈ ਹੈ ਅਤੇ ਇਹ ਛੇਤੀ ਹੀ ਹੋਰਨਾਂ ਸ਼ਹਿਰਾਂ ਵਿੱਚ ਵੀ ਲਾਗੂ ਕਰ ਦਿੱਤੀ ਜਾਵੇਗੀ । ਜ਼ਰਾਇਤੀ ਸਾਜ਼ ਸਾਮਾਨ ਅਤੇ ਜ਼ਰੂਰੀ ਵਸਤਾਂ ਦੀ ਖਰੀਦ, ਸਪਲਾਈ ਅਤੇ ਵੰਡ ਨੂੰ ਯਕੀਨੀ ਬਣਾਉਣ ਲਈ ਪੰਜਾਬ ਰਾਜ ਸਿਵਲ ਸਪਲਾਈਜ਼ ਕਾਰਪੋਰੇਸ਼ਨ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਹੈ । ਇਹ ਕਾਰਪੋਰੇਸ਼ਨ ਜਲਦੀ ਹੀ ਆਪਣਾ ਕੰਮ ਸ਼ੁਰੂ ਕਰ ਦੇਵੇਗੀ ।

ਸਮਾਜ ਦੇ ਕਮਜ਼ੋਰ ਵਰਗਾਂ ਦੀ ਭਲਾਈ

ਮਾਰਚ, 1974 ਦੇ ਅੰਤ ਤੱਕ ਪਿੰਡਾਂ ਵਿੱਚ 5,453 ਧਰਮਸ਼ਾਲਾਂ ਮੁਕੰਮਲ ਕਰ ਦਿੱਤੀਆਂ ਜਾਣਗੀਆਂ । ਰਾਜ ਦੇ ਬਾਕੀ ਪਿੰਡਾਂ ਵਿੱਚ ਧਰਮਸ਼ਾਲਾਂ ਅਗਲੇ ਤਿੰਨ ਸਾਲਾਂ ਵਿੱਚ ਬਣਾ ਦਿੱਤੀਆਂ ਜਾਣਗੀਆਂ । ਧਰਮਸ਼ਾਲਾਂ ਬਣਾਉਣ ਅਤੇ ਹਰੀਜਨ ਬਸਤੀਆਂ ਦੇ ਸੁਧਾਰ ਦਾ ਕੰਮ ਫੰਡ ਦੀ ਕਮੀ ਕਾਰਣ ਅਧੂਰਾ ਨਹੀਂ ਰਹਿਣ ਦਿੱਤਾ ਜਾਵੇਗਾ । ਸਾਲ 1974-75 ਵਿੱਚ ਇਸ ਪ੍ਰੋਗਰਾਮ ਲਈ 2.25 ਕਰੋੜ ਰੁਪਏ ਰੱਖੇ ਗਏ ਹਨ । ਸਿਖਿਆ ਸਬੰਧੀ ਸਹੂਲਤਾਂ ਦੇਣ ਲਈ ਪਛੜੀਆਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਲਈ ਆਮਦਨ ਦੀ ਹੱਦ 1,800 ਰੁਪਏ ਸਾਲਾਨਾ ਤੋਂ ਵਧਾ ਕੇ 6,000 ਰੁਪਏ ਸਾਲਾਨਾ ਅਤੇ ਹਰੀਜਨ ਵਿਦਿਆਰਥੀਆਂ ਦੀ ਸੂਰਤ ਵਿੱਚ 3,600 ਰੁਪਏ ਸਾਲਾਨਾਂ ਤੋਂ ਵਧਾ ਕੇ 6,000 ਰੁਪਏ ਸਾਲਾਨਾ ਕਰ ਦਿੱਤੀ ਗਈ ਹੈ । ਹਰੀਜਨ ਵਿਦਿਆਰਥੀਆਂ ਨੂੰ ਵਜ਼ੀਫੇ ਆਦਿ ਦੇਣ ਲਈ ਚਾਲੂ ਮਾਲੀ ਸਾਲ ਦੇ ਦੌਰਾਨ 139.39 ਲੱਖ ਰੁਪਏ ਖਰਚ ਕੀਤੇ ਗਏ ਹਨ ।

ਪੰਜਾਬ ਸ਼ਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ ਕਾਰਪੋਰੇਸ਼ਨ ਨੇ ਹਰੀਜਨਾਂ ਨੂੰ ਖੇਤੀਬਾੜੀ ਅਤੇ ਰੋਜ਼ਗਾਰ ਦੇ ਕੰਮਾਂ ਲਈ 2.50 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਹਨ ।

ਹਰੀਜਨਾਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ 1974-75 ਵਿੱਚ 4.46 ਕਰੋੜ ਰੁਪਏ ਦੀ ਰਕਮ ਰੱਖੀ ਗਈ ਹੈ, ਜਦੋਂ ਕਿ 1971-72 ਲਈ ਸਿਰਫ 2 ਕਰੋੜ ਰੁਪਏ ਦੀ ਰਕਮ ਰੱਖੀ ਗਈ ਸੀ ।

ਹੁਣ ਬੁਢੇ, ਨਿਰਬਲ, ਬੇਸਹਾਰਾ ਬੱਚੇ ਅਤੇ ਇਸਤਰੀਆਂ ਅਤੇ ਅੰਗਹੀਣ ਵਿਅਕਤੀ ਸਰਕਾਰ ਤੋਂ ਆਪਣੇ ਗੁਜ਼ਾਰੇ ਦੀ ਆਸ ਰੱਖ ਸਕਦੇ ਹਨ । 65 ਸਾਲ ਤੋਂ ਉਪਰ ਦੇ ਪਰਸ਼ਾਂ ਅਤੇ 60 ਸਾਲ ਤੋਂ ਉਪਰ ਦੀਆਂ ਔਰਤਾਂ ਲਈ ਬੁਢਾਪਾ ਪੈਨਸ਼ਨ ਸਕੀਮ ਚਾਲੂ ਕੀਤੀ ਗਈ ਹੈ । ਨਕਾਰਾ ਹੋਏ ਵਿਅਕਤੀਆਂ ਦੀ ਸੂਰਤ ਵਿੱਚ ਇਸ ਉਮਰ ਹੱਦ ਵਿੱਚ 10 ਸਾਲ ਤੱਕ ਦੀ ਛੋਟ ਦਿੱਤੀ ਜਾ ਸਕਦੀ ਹੈ । ਇਸ ਸਕੀਮ ਅਧੀਨ ਹਰੇਕ ਯੋਗ ਵਿਅਕਤੀ ਨੂੰ 50 ਰੁਪਏ ਮਾਹਵਾਰ ਪੈਨਸ਼ਨ ਦਿਤੀ ਜਾਂਦੀ ਹੈ । ਮੌਜੂਦਾ 15,000 ਪੈਨਸ਼ਨਰਾਂ ਤੋਂ ਇਲਾਵਾ ਸਰਕਾਰ ਕੋਲ ਕਈ ਸਾਲਾਂ ਤੋਂ ਲਗ ਭਗ ਦੱਸ ਹਜ਼ਾਰ ਅਰਜ਼ੀਆਂ ਪੈਂਡਿੰਗ ਸਨ, 1973-74 ਵਿੱਚ ਉਨ੍ਹਾਂ ਵਿਅਕਤੀਆਂ ਨੂੰ ਵੀ ਸਰਕਾਰ ਨੂੰ ਪੈਨਸ਼ਨ ਦੇਣ ਦਾ ਫੈਸਲਾ ਕਰ ਦਿੱਤਾ ਹੈ ।

ਛੋਟੇ ਕਿਸਾਨਾਂ ਨੂੰ ਸਹਾਇਤਾ

ਪੰਜਾਬ ਦੇਸ਼ ਭਰ ਵਿਚੋਂ ਪਹਿਲਾ ਰਾਜ ਹੈ, ਜਿਸ ਨੇ ਸਾਰੇ ਜ਼ਿਲ੍ਹਿਆਂ ਵਿੱਚ ਛੋਟੇ ਕਿਸਾਨਾਂ ਦੀਆਂ ਏਜੰਸੀਆਂ ਕਾਇਮ ਕੀਤੀਆਂ ਹਨ । ਇਹ ਏਜੰਸੀਆਂ $2\frac{1}{2}$ ਏਕੜ ਤੋਂ $7\frac{1}{2}$ ਏਕੜ ਜ਼ਮੀਨ ਵਾਲੇ ਛੋਟੇ ਕਿਸਾਨਾਂ, $2\frac{1}{2}$ ਏਕੜ ਵਾਲੇ ਮਾਰਜਨਲ ਕਿਸਾਨਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਦੀ ਸਹਾਇਤਾ ਕਰਦੀਆਂ ਹਨ । ਲਗ ਭਗ 1,76,000 ਛੋਟੇ ਕਿਸਾਨਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਨੂੰ ਖਾਸ ਸਹਾਇਤਾ

[ਵਿੱਤ ਮੰਤਰੀ]

ਦਿਤੀ ਜਾ ਰਹੀ ਹੈ । ਮਾਨਯੋਗ ਮੈਂਬਰਾਂ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਚੌਥੇ ਪਲਾਨ ਵਿਚ ਸਮਾਜ ਦੇ ਇਨ੍ਹਾਂ ਕਮਜ਼ੋਰ ਤਬਕਿਆਂ ਨੂੰ ਕਰਜ਼ੇ ਦੇ ਤੌਰ ਤੇ 14.31 ਕਰੋੜ ਰੁਪਏ ਅਤੇ ਗ੍ਰਾਂਟ ਦੇ ਤੌਰ ਤੇ 1.95 ਕਰੋੜ ਰੁਪਏ ਦਿਤੇ ਗਏ ਹਨ । ਅਗਲੇ ਪੰਜਾਂ ਸਾਲਾਂ ਵਿਚ ਇਸ ਕੰਮ ਲਈ ਇਸ ਤੋਂ ਦੁਗਣੀ ਰਕਮ ਖਰਚ ਹੋਣ ਦੀ ਸੰਭਾਵਨਾ ਹੈ ।

ਕਿਰਤ ਅਤੇ ਰੋਜ਼ਗਾਰ

ਰਾਜ ਸਰਕਾਰ ਨੇ ਵਧੇਰੇ ਉਤਪਾਦਨ ਲਈ ਮਜ਼ਦੂਰਾਂ ਅਤੇ ਮਾਲਕਾਂ ਵਿਚਕਾਰ ਖੁਸ਼ਗਵਾਰ ਸਬੰਧ ਪੈਦਾ ਕਰਨ ਲਈ ਆਪਣਾ ਅਹਿਮ ਰੋਲ ਜਰੂਰੀ ਰੱਖਿਆ । ਮਜ਼ਦੂਰ ਤਬਕੇ ਦੀ ਸਹਾਇਤਾ ਲਈ 20 ਰੋਜ਼ਗਾਰਾਂ ਵਿਚ ਘੱਟ ਤੋਂ ਘੱਟ ਉਜਰਤਾਂ ਵਿਚ ਵਾਧਾ ਕੀਤਾ ਗਿਆ । ਘੱਟ ਤੋਂ ਘੱਟ ਉਜਰਤ ਵਿਚ ਇਹ ਵਾਧਾ 25 ਫ਼ੀ ਸਦੀ ਤੋਂ 100 ਫ਼ੀ ਸਦੀ ਤੱਕ ਹੋਇਆ ਹੈ । ਖੇਤ ਮਜ਼ਦੂਰਾਂ ਦੀ ਉਜਰਤ ਵਿਚ 100 ਫ਼ੀ ਸਦੀ ਦਾ ਵਾਧਾ ਹੋਇਆ ਹੈ । ਮਿਨੀਮਮ ਵੇਜਿਜ਼ ਐਕਟ ਅਧੀਨ ਨਾ ਆਉਣ ਵਾਲੇ ਮਜ਼ਦੂਰਾਂ ਦੀ ਉਜਰਤ ਵਿਚ ਐਡਹਾਕ ਵਾਧਾ ਕਰਨ ਅਤੇ ਉਨ੍ਹਾਂ ਦੀ ਉਜਰਤ ਨੂੰ ਮਹਿੰਗਾਈ ਨਾਲ ਜੋੜਨ ਦਾ ਲਾਭ ਪਹੁੰਚਾਉਣ ਲਈ ਇਕ ਤਿੰਨ ਪੱਖੀ ਕਮੇਟੀ ਬਣਾ ਦਿਤੀ ਗਈ ਹੈ, ਜਿਸ ਦੀਆਂ ਸਿਫਾਰਸ਼ਾਂ ਜਲਦੀ ਹੀ ਸਰਕਾਰ ਨੂੰ ਮਿਲ ਜਾਣਗੀਆਂ । ਕੀਮਤਾਂ ਵਿਚ ਵਾਧਾ ਹੋ ਜਾਣ ਕਰਕੇ ਇਨ੍ਹਾਂ ਯਤਨਾਂ ਨਾਲ ਮਜ਼ਦੂਰਾਂ ਨੂੰ ਕਾਫੀ ਰਾਹਤ ਮਿਲ ਜਾਵੇਗੀ ।

ਜਿਨ੍ਹਾਂ ਸਨਅਤੀ ਮਜ਼ਦੂਰਾਂ ਨੂੰ 1965 ਅਤੇ 1971 ਦੀਆਂ ਹਿੰਦ ਪਾਕ ਜੰਗਾਂ ਵਿਚ ਨੁਕਸਾਨ ਪੁੱਜਾ ਸੀ, ਉਨ੍ਹਾਂ ਨੂੰ ਕਰਜ਼ੇ ਵਜੋਂ ਦਿਤੀ 13.64 ਲੱਖ ਰੁਪਏ ਦੀ ਸਾਰੀ ਰਕਮ ਨੂੰ ਗ੍ਰਾਂਟ ਵਿਚ ਬਦਲਣ ਦਾ ਫੈਸਲਾ ਕੀਤਾ ਗਿਆ ਹੈ ।

ਪੰਜ ਲੱਖ ਨੌਕਰੀਆਂ ਦੇਣ ਦੇ ਪ੍ਰੋਗਰਾਮ ਅਧੀਨ 1973-74 ਵਿਚ 17,000 ਪੜ੍ਹੇ ਲਿਖੇ ਬੇਰੋਜ਼ਗਾਰ ਵਿਅਕਤੀਆਂ ਨੂੰ ਰੋਜ਼ਗਾਰ ਮੁਹੱਈਆ ਕੀਤਾ ਗਿਆ ਹੈ । ਇਸੇ ਸਾਲ ਵਿਚ ਰੋਜ਼ਗਾਰ ਕੇਂਦਰਾਂ ਨੇ ਨੌਕਰੀ ਦੇ ਚਾਹਵਾਨ 42,249 ਵਿਅਕਤੀਆਂ ਨੂੰ ਰੋਜ਼ਗਾਰ ਦਿਵਾਇਆ । 1974-75 ਵਿਚ ਵੀ ਸਰਕਾਰ ਰੋਜ਼ਗਾਰ ਦਿਵਾਉਣ ਦੇ ਕੰਮ ਨੂੰ ਤੇਜ਼ੀ ਨਾਲ ਜਾਰੀ ਰੱਖੇਗੀ ।

ਸਰਕਾਰੀ ਕਰਮਚਾਰੀਆਂ ਨੂੰ ਰਿਆਇਤਾਂ

ਰਾਜ ਸਰਕਾਰ ਨੇ ਆਪਣੇ ਕੀਤੇ ਵਚਨਾਂ ਅਨੁਸਾਰ ਕਲਾਸ 1 ਦੇ ਅਫਸਰਾਂ ਨੂੰ ਛੱਡ ਕੇ 1,200 ਰੁਪਏ ਮਾਹਵਾਰ ਤੱਕ ਤਨਖਾਹ ਲੈਣ ਵਾਲੇ ਸਰਕਾਰੀ ਕਰਮਚਾਰੀਆਂ ਨੂੰ ਕੇਂਦਰੀ ਸਰਕਾਰ ਦੇ ਦਰਾਂ ਤੇ ਮਿਤੀ 1 ਮਈ, 1973, 1 ਅਗਸਤ, 1973 ਅਤੇ 1 ਅਕਤੂਬਰ, 1973 ਤੋਂ ਵਧੀਕ ਮਹਿੰਗਾਈ ਭੱਤਾ ਦਿਤਾ ਹੈ । ਸਰਕਾਰ ਕਰਮਚਾਰੀਆਂ ਨੂੰ ਮਹਿੰਗਾਈ ਤੋਂ ਬਚਾਉਣ ਲਈ ਕੇਂਦਰੀ ਪੈਟਰਨ ਦੇ ਮੁਤਾਬਕ 300 ਰੁਪਏ ਮਾਹਵਾਰ ਤੱਕ ਤਨਖਾਹ ਲੈਣ ਵਾਲੇ ਕਰਮਚਾਰੀਆਂ ਲਈ 100 ਫ਼ੀ ਸਦੀ ਅਤੇ 900 ਰੁਪਏ ਮਾਹਵਾਰ ਤੱਕ ਤਨਖਾਹ ਲੈਣ ਵਾਲੇ ਕਰਮਚਾਰੀਆਂ ਦੀ ਸੂਰਤ ਵਿਚ 75 ਫ਼ੀ ਸਦੀ ਦੇ ਅਧਾਰ ਤੇ ਮਹਿੰਗਾਈ ਭੱਤਾ ਦੇਵੇਗੀ ।

ਰਾਜਧਾਨੀ ਮੁਆਵਜ਼ਾ-ਭੱਤੇ ਲਈ ਤਨਖਾਹ ਹੱਦ 575 ਰੁਪਏ ਕਰ ਦਿਤੀ ਗਈ ਹੈ ਕਲਾਸ IV ਦੇ ਕਰਮਚਾਰੀਆਂ ਦੀਆਂ ਔਕੜਾਂ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਕਰਮਚਾਰੀਆਂ ਦਾ ਸਥਾਈ ਸਫਰ ਭੱਤਾ ਵਧਾ ਕੇ ਦੁਗਣਾ ਕਰ ਦਿਤਾ ਗਿਆ ਹੈ । ਹੋਰਨਾਂ ਕਰਮਚਾਰੀਆਂ ਲਈ ਇਹ ਵਾਧਾ 25 ਫ਼ੀ ਸਦੀ

ਤੋਂ ਲੈ ਕੇ 50 ਫ਼ੀ ਸਦੀ ਤਕ ਕੀਤਾ ਗਿਆ ਹੈ । ਇਸ ਤੋਂ ਪਹਿਲਾਂ ਕਲਾਸ IV ਦੇ ਕੇਵਲ ਕੁਝ ਕੁ ਕਰਮਚਾਰੀਆਂ ਨੂੰ ਹੀ ਵਰਦੀਆਂ ਮਿਲਦੀਆਂ ਸਨ ਪਰ ਹੁਣ ਇਹ ਫੈਸਲਾ ਕੀਤਾ ਗਿਆ ਹੈ ਕਿ ਕਲਾਸ IV ਦੇ ਸਾਰੇ ਕਰਮਚਾਰੀਆਂ ਨੂੰ ਸਰਕਾਰੀ ਵਰਦੀਆਂ ਦਿਤੀਆਂ ਜਾਣ ਅਤੇ ਪੰਜਾਬ ਸਰਕਾਰ ਦੇ ਕਲਾਸ IV ਦੇ ਕਰਮਚਾਰੀਆਂ ਨੂੰ 5 ਰੁਪਏ ਮਾਹਵਾਰ ਸਵਾਰੀ ਭੱਤਾ ਵੀ ਦੇ ਦਿਤਾ ਹੈ। ਸਰਕਾਰੀ ਮੁਲਾਜ਼ਮਾਂ ਦੇ ਹੜਤਾਲ ਤੇ ਨਾ ਜਾਣ ਦੇ ਫੈਸਲੇ ਦੀ ਸ਼ਲਾਘਾ ਕਰਦੇ ਹੋਏ, ਮੈਂ ਸਰਕਾਰ ਵੱਲੋਂ ਇਹ ਐਲਾਨ ਕਰਨ ਵਿਚ ਖੁਸ਼ੀ ਮਹਿਸੂਸ ਕਰਦਾ ਹਾਂ ਕਿ 300 ਰੁਪਏ ਮਾਹਵਾਰ ਤਕ ਤਨਖਾਹ ਲੈਣ ਵਾਲੇ ਸਰਕਾਰੀ ਮੁਲਾਜ਼ਮਾਂ ਨੂੰ 4 ਫ਼ੀ ਸਦੀ ਅਤੇ 900 ਰੁਪਏ ਮਾਹਵਾਰ ਤੱਕ ਤਨਖਾਹ ਲੈਣ ਵਾਲੇ ਮੁਲਾਜ਼ਮਾਂ ਨੂੰ 3 ਫ਼ੀ ਸਦੀ ਦੇ ਹਿਸਾਬ ਨਾਲ ਮਹਿੰਗਾਈ ਭੱਤੇ ਦੀ ਇਕ ਹੋਰ ਕਿਸ਼ਤ 1 ਜਨਵਰੀ 1974 ਤੋਂ ਦਿਤੀ ਜਾਵੇਗੀ । ਇਸ ਤਰ੍ਹਾਂ ਸਰਕਾਰ ਨੇ ਕਰਮਚਾਰੀਆਂ ਨਾਲ ਕੀਤੇ ਵਚਨਾਂ ਦੀ ਪੂਰੀ ਤਰ੍ਹਾਂ ਪਾਲਣਾ ਕਰ ਦਿਤੀ ਹੈ । ਸਰਕਾਰੀ ਪੈਨਸ਼ਨਰਾਂ ਦੀਆਂ ਔਕੜਾਂ ਨੂੰ ਮੁੱਖ ਰੱਖਦੇ ਹੋਏ 200 ਰੁਪਏ ਮਾਹਵਾਰ ਤੱਕ ਪੈਨਸ਼ਨ ਲੈਣ ਵਾਲੇ ਪੈਨਸ਼ਨਰਾਂ ਨੂੰ 1 ਅਪ੍ਰੈਲ, 1974 ਤੋਂ 10 ਰੁਪਏ ਮਾਹਵਾਰ ਐਡਹਾਕ ਪੈਨਸ਼ਨ ਦੇਣ ਦਾ ਵੀ ਸਰਕਾਰ ਨੇ ਫੈਸਲਾ ਕੀਤਾ ਹੈ । ਮੌਜੂਦਾ ਸਰਕਾਰ ਦੁਆਰਾ ਕਰਮਚਾਰੀਆਂ ਨੂੰ ਮਾਰਚ, 1972 ਤੋਂ ਹੁਣ ਤੱਕ ਦਿਤੀਆਂ ਇਨ੍ਹਾਂ ਰਿਆਇਤਾਂ ਨਾਲ ਸਰਕਾਰੀ ਖਜ਼ਾਨੇ ਉਤੇ 20 ਕਰੋੜ ਰੁਪਏ ਸਾਲਾਨਾ ਦਾ ਜ਼ਿਆਦਾ ਖਰਚ ਪਿਆ ਹੈ ।

ਮਾਲੀ ਨੀਤੀ

ਵਿਕਾਸ ਯੋਜਨਾਵਾਂ ਵਿਚ ਵਾਧੇ ਦੇ ਕਾਰਣ ਸਰਕਾਰ ਦੇ ਖਰਚ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ । ਨਾਨ-ਪਲਾਨ ਖਰਚੇ ਵਿਚ ਇਹ ਵਾਧਾ ਮੁੱਖ ਤੌਰ ਤੇ ਉਜਰਤਾਂ, ਤਨਖਾਹਾਂ, ਮਹਿੰਗਾਈ ਭੱਤੇ ਅਤੇ ਮੁਕੰਮਲ ਹੋਈਆਂ ਪਲਾਨ-ਸਕੀਮਾਂ ਦਾ ਖਰਚ ਵੱਧ ਜਾਣ ਕਰਕੇ ਹੋਇਆ ਹੈ । ਐਪਰ, ਰਾਜ ਦੇ ਸਾਧਨ ਇਨ੍ਹਾਂ ਲੋੜਾਂ ਨੂੰ ਪੂਰਾ ਕਰਨ ਲਈ ਨਾਕਾਫ਼ੀ ਹਨ ।

1974-75 ਦੀ 126.59 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਤੇ ਅਮਲ ਕਰਨ ਲਈ ਯੋਜਨਾ ਕਮਿਸ਼ਨ ਨੇ ਅਜੇ ਕੇਂਦਰੀ ਸਹਾਇਤਾ ਅਤੇ ਖੁਲੀ ਮਾਰਕਿਟ ਤੋਂ ਕਰਜ਼ੇ ਲੈਣ ਦੀ ਮੱਦ ਵਿਚ ਕ੍ਰਮਵਾਰ 20.64 ਕਰੋੜ ਰੁਪਏ ਅਤੇ 5.54 ਕਰੋੜ ਰੁਪਏ ਰੱਖਣ ਲਈ ਕਿਹਾ ਹੈ । ਇਹ ਅੰਕੜੇ ਉਨ੍ਹਾਂ ਰਕਮਾਂ ਦੇ ਬਰਾਬਰ ਹਨ, ਜੋ ਰਾਜ ਸਰਕਾਰ ਨੇ ਚਾਲੂ ਸਾਲ ਦੀ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਹਾਸਲ ਕੀਤੀਆਂ ਸਨ । ਚੌਥੀ ਯੋਜਨਾ ਦੇ ਦੌਰਾਨ ਕੇਂਦਰੀ ਸਹਾਇਤਾ ਦੇਣ ਲਈ ਜੋ ਫਾਰਮੂਲਾ ਬਣਾਇਆ ਗਿਆ ਸੀ, ਉਸ ਦੇ ਬਦਲੇ ਜਾਣ ਦੀ ਸੰਭਾਵਨਾ ਹੈ । ਖੁਲ੍ਹੀ ਮਾਰਕਿਟ ਵਿਚ ਕਰਜ਼ੇ ਲੈਣ ਅਤੇ ਗੱਲਬਾਤ ਰਾਹੀਂ ਤੈ ਕੀਤੇ ਕਰਜ਼ਿਆਂ ਦਾ ਹਿੱਸਾ ਮਿਥਣ ਲਈ ਵੀ ਨਵਾਂ ਫਾਰਮੂਲਾ ਬਣਾਉਣ ਦੀ ਤਜਵੀਜ਼ ਹੈ । ਇਨ੍ਹਾਂ ਦੋਹਾਂ ਫਾਰਮੂਲਿਆਂ ਨੂੰ ਰਾਸ਼ਟਰੀ ਵਿਕਾਸ ਕੌਂਸਲ ਨੇ ਅਜੇ ਅੰਤਮ ਰੂਪ ਦੇਣਾ ਹੈ । ਜਦ ਤੱਕ ਨਵੇਂ ਫਾਰਮੂਲੇ ਨਹੀਂ ਬਣ ਜਾਂਦੇ ਅਤੇ ਪ੍ਰਾਪਤ ਹੋਣ ਵਾਲੀਆਂ ਰਕਮਾਂ ਦਾ ਸਹੀ ਸਹੀ ਪਤਾ ਨਹੀਂ ਲੱਗ ਜਾਂਦਾ, ਤਦ ਤੱਕ ਯੋਜਨਾ ਕਮਿਸ਼ਨ ਦੁਆਰਾ ਦਰਸਾਈਆਂ ਰਕਮਾਂ ਨੂੰ ਆਰਜ਼ੀ ਤੌਰ ਤੇ ਧਿਆਨ ਵਿਚ ਰੱਖਿਆ ਗਿਆ ਹੈ । ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਨੂੰ ਇਨ੍ਹਾਂ ਦੋਹਾਂ ਸਾਧਨਾਂ ਤੋਂ ਭਾਰੀ ਰਕਮਾਂ ਮਿਲਣ ਦੀ ਆਸ ਹੈ ।

ਸਰਕਾਰ ਇਸ ਗੱਲ ਤੋਂ ਪੂਰੀ ਤਰ੍ਹਾਂ ਸੁਚੇਤ ਹੈ ਕਿ ਗੈਰ-ਜ਼ਰੂਰੀ ਅਤੇ ਗੈਰ-ਲਾਹੇਵੰਦੀ ਖਰਚਾਂ ਵਿਚ ਬੱਚਤ ਕਰਨ ਨਾਲ ਕਰੰਸੀ ਦੇ ਫੈਲਾਉ ਨੂੰ ਘੱਟ ਕਰਨ ਜਾਂ ਘੱਟ ਤੋਂ ਘੱਟ ਇਸ ਨੂੰ ਕੰਟਰੋਲ ਵਿਚ ਰੱਖਣ ਲਈ ਫਜ਼ੂਲ ਅਤੇ ਗੈਰ-ਜ਼ਰੂਰੀ ਖਰਚੇ ਤੋਂ ਪਰਹੇਜ਼ ਕੀਤਾ ਜਾਵੇ । ਇਸ ਲਈ,

[ਵਿੱਤ ਮੰਤਰੀ]

ਸਾਲ 1973-74 ਵਿਚ ਬਚਤ ਦਾ ਮਾਹੌਲ ਪੈਦਾ ਕਰਨ ਲਈ ਸਖਤ ਕਦਮ ਚੁੱਕੇ ਗਏ । ਸਾਲ 1974-75 ਵਿਚ ਬਹੁਤ ਸਾਰੇ ਨਾਨ-ਪਲਾਨ ਪ੍ਰੋਗਰਾਮਾਂ ਵਿਚ ਕਟੌਤੀ ਕਰਨ ਅਤੇ ਨਵਾਂ ਫਰਨੀਚਰ, ਏਅਰ ਕੰਡੀਸ਼ਨਰ, ਹੀਟਰ, ਕਾਰਾਂ, ਸਟਾਫ-ਗੱਡੀਆਂ, ਟੈਲੀਫੂਨ, ਸਟੇਸ਼ਨਰੀ, ਬਿਜਲੀ, ਸਫਰ-ਖਰਚ, ਅਚੇਤ ਖਰਚ ਅਤੇ ਪੈਟਰੋਲ ਵਰਗੀਆਂ ਮੱਦਾਂ ਵਿਚ 5 ਫ਼ੀ ਸਦੀ ਦੀ ਕਟੌਤੀ ਕਰਨ ਦੀ ਤਜਵੀਜ਼ ਹੈ ।

ਹੁਣ ਆਮ ਰਾਏ ਇਹ ਹੈ ਕਿ ਰਾਜ ਦੁਆਰਾ ਮੁਹੱਈਆ ਕੀਤੀਆਂ ਜਾਂਦੀਆਂ ਸੇਵਾਵਾਂ ਲਈ ਸਮਾਜ ਕੀਮਤ ਅਦਾ ਕਰੇ । ਮੌਜੂਦਾ ਸਰਕਾਰ ਦੀ ਨੀਤੀ ਇਹ ਹੈ ਕਿ ਗਰੀਬ ਅਤੇ ਹੇਠਲੇ ਦਰਮਿਆਨੇ ਤਬਕੇ ਦੇ ਲੋਕਾਂ ਤੇ ਟੈਕਸ ਦਾ ਕੋਈ ਬੋਝ ਨਾ ਪਾਇਆ ਜਾਵੇ । ਲੋੜ ਇਸ ਗੱਲ ਦੀ ਹੈ ਕਿ ਟੈਕਸ ਉਗਰਾਹੁਣ ਵਾਲੀ ਮਸ਼ੀਨਰੀ ਨੂੰ ਮਜ਼ਬੂਤ ਬਣਾਇਆ ਜਾਵੇ ਅਤੇ ਕਰਜ਼ਿਆਂ ਤੇ ਸਰਕਾਰੀ ਰਕਮਾਂ ਦੀ ਫੌਰੀ ਵਸੂਲੀ ਕੀਤੀ ਜਾਵੇ । ਕੇਂਦਰੀ ਟੈਕਸਾਂ ਦੀਆਂ ਵਸੂਲੀਆਂ ਵਿਚ ਵਾਧਾ ਹੋਣ ਕਾਰਣ ਸਰਕਾਰ ਨੂੰ ਇਨ੍ਹਾਂ ਵਿਚੋਂ ਜ਼ਿਆਦਾ ਹਿੱਸਾ ਮਿਲਣ ਦੀ ਆਸ ਹੈ ।

ਜਿਵੇਂ ਕਿ ਮੈਂਬਰ ਸਾਹਿਬਾਨ ਜਾਣਦੇ ਹੀ ਹਨ ਕਿ 1974-75 ਦੇ 126.59 ਕਰੋੜ ਰੁਪਏ ਦੀ ਸਾਲਾਨਾ ਯੋਜਨਾ ਤੇ ਸਰਕਾਰ ਨੇ ਅਮਲ ਕਰਨ ਦਾ ਫੈਸਲਾ ਕੀਤਾ ਹੈ । ਇਸ ਤੋਂ ਇਲਾਵਾ ਚਾਲੂ ਸਕੀਮਾਂ ਤੇ 17.5 ਕਰੋੜ ਰੁਪਏ ਦਾ ਖਰਚ ਹੋਰ ਵੀ ਕੀਤਾ ਜਾਣਾ ਹੈ । ਬਜਟ ਤਜਵੀਜ਼ਾਂ ਵਿਚ 38.39 ਕਰੋੜ ਰੁਪਏ ਦਾ ਘਾਟਾ ਦਿਖਾਇਆ ਗਿਆ ਹੈ । ਮੈਂ ਇਸ ਘਾਟੇ ਨੂੰ ਕੁਝ ਹੱਦ ਤੱਕ ਨਿਮਨ ਅਨੁਸਾਰ ਪੂਰਾ ਕਰਨ ਦੀ ਤਜਵੀਜ਼ ਪੇਸ਼ ਕਰਦਾ ਹਾਂ :—

(i)	ਨਾਨ-ਪਲਾਨ ਖਰਚ ਵਿਚ ਬਚਤ	5 ਕਰੋੜ ਰੁਪਏ
(ii)	ਟੈਕਸ ਉਗਰਾਹੁਣ ਵਾਲੀ ਮਸ਼ੀਨਰੀ ਨੂੰ ਹੋਰ ਮਜ਼ਬੂਤ ਕਰਨਾ ਅਤੇ ਟੈਕਸਾਂ ਦੀ ਚੋਰੀ ਨੂੰ ਰੋਕਣਾ	2 ਕਰੋੜ ਰੁਪਏ
(iii)	ਮੌਜੂਦਾ / ਵਧੀਕ ਕੇਂਦਰੀ ਟੈਕਸਾਂ ਵਿਚੋਂ ਹਿੱਸਾ	2 ਕਰੋੜ ਰੁਪਏ
(iv)	ਮਾਰਕਿਟ ਫੀਸ ਵਿਚ 50 ਫ਼ੀ ਸਦੀ ਦਾ ਵਾਧਾ ਕਰਨਾ	8 ਕਰੋੜ ਰੁਪਏ
	ਜੋੜ ...	17 ਕਰੋੜ ਰੁਪਏ]

ਮਾਰਕਿਟ ਫ਼ੀਸ ਦੀਆਂ ਉਗਰਾਹੀਆਂ ਰਕਮਾਂ ਸਰਕਾਰ ਨੂੰ ਨਹੀਂ ਮਿਲਦੀਆਂ ਪਰ ਇਹ ਤਜਵੀਜ਼ ਹੈ ਕਿ ਕੁਲ ਆਮਦਨ ਦਾ ਦੋ ਤਿਹਾਈ ਹਿੱਸਾ ਕਾਨੂੰਨ ਰਾਹੀਂ ਪਿੰਡਾਂ ਦੀਆਂ ਸੜਕਾਂ ਤੇ ਪੁਲਾਂ ਦੀ ਉਸਾਰੀ ਲਈ ਸਰਕਾਰ ਨੂੰ ਪ੍ਰਾਪਤ ਹੋ ਸਕੇ ।

ਹਾਲ ਦੀ ਘੜੀ ਮੈਂ 21.39 ਕਰੋੜ ਰੁਪਏ ਦਾ ਬਾਕੀ ਖੱਪਾ ਅਣ-ਪੂਰਿਆ ਛੱਡਦਾ ਹਾਂ, ਕਿ ਕਿਉਂਕਿ ਜਦੋਂ ਰਾਸ਼ਟਰੀ ਵਿਕਾਸ ਕੌਂਸਲ ਮਾਰਚ, 1974 ਵਿਚ ਮੌਜੂਦਾ ਫਾਰਮੂਲੇ ਨੂੰ ਬਦਲਣ ਸਬੰਧੀ ਤਜਵੀਜ਼ਾਂ ਤੇ ਗੌਰ ਕਰੇਗੀ ਤਾਂ ਸਾਨੂੰ ਵਧੇਰੇ ਕੇਂਦਰੀ ਸਹਾਇਤਾ, ਜ਼ਿਆਦਾ ਮਾਰਕਿਟ ਬਾਰੋਇੰਗਜ਼ ਅਤੇ ਵੱਧ ਨੈਗੋਸ਼ੀਏਟਿਡ ਲੋਨਜ਼ ਮਿਲਣ ਦੀ ਆਸ ਹੈ ।

ਇਸ ਤੋਂ ਪਹਿਲਾਂ ਕਿ ਮੈਂ ਆਪਣਾ ਭਾਸ਼ਣ ਸਮਾਪਤ ਕਰਾਂ, ਮੈਂ ਸ੍ਰੀ ਕੇ. ਡੀ. ਵਾਸੂਦੇਵਾ, ਆਈ. ਏ. ਐਸ., ਵਿੱਤ ਕਮਿਸ਼ਨਰ, ਪੰਜਾਬ ਸਰਕਾਰ ਅਤੇ ਵਿੱਤ ਵਿਭਾਗ ਦੇ ਦੂਸਰੇ ਅਫਸਰਾਂ ਅਤੇ

ਕਰਮਚਾਰੀਆਂ ਦੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਨੇ ਇਸ ਸਾਲ ਨਵੇਂ ਢੰਗ ਨਾਲ ਬਜਟ ਬਨਾਉਣ ਵਿਚ ਬੜੀ ਮਿਹਨਤ ਕੀਤੀ ਹੈ। ਮੈਂ ਅਕਾਊਂਟੈਂਟ ਜਨਰਲ, ਪੰਜਾਬ ਦਾ ਵੀ ਧੰਨਵਾਦੀ ਹਾਂ। ਮੈਂ ਕੰਟਰੋਲਰ, ਪ੍ਰਿੰਟਿੰਗ ਤੇ ਸਟੇਸ਼ਨਰੀ ਚੰਡੀਗੜ੍ਹ ਅਤੇ ਉਨ੍ਹਾਂ ਦੇ ਅਮਲੇ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਬਜਟ ਨੂੰ ਸਮੇਂ ਸਿਰ ਛਾਪਣ ਵਿਚ ਸਹਿਯੋਗ ਦਿਤਾ ਹੈ।

ਹੁਣ, ਸ੍ਰੀਮਾਨ ਜੀ, ਮੈਂ ਸਾਲ 1974-75 ਦੇ ਬਜਟ ਅਨੁਮਾਨ ਪੇਸ਼ ਕਰਨ ਦੀ ਆਗਿਆ ਮੰਗਦਾ ਹਾਂ।

ਜੈ ਹਿੰਦ

Mr. Speaker : The House stands adjourned till 9.00 A.M. on Thursday, the 28th February, 1974.

10.50 A.M. | (*The Sabha then adjourned till* 9.00 *A.M. on Thursday, the* 28*th February*, 1974).

Published under the authority of the Punjab Vidhan Sabha Secretariat and printed by the Controller, Government Press, Chandigarh.

Punjab Vidhan Sabha Debates

28th February, 1974

Vol. I—No. 6

OFFICIAL REPORT.

CONTENTS

Thursday, the 28th February, 1974 *Pages*

Punjab Vidhan Sabha Secretariat, Chandigarh.

Price : Rs. 24.00

PUNJAB VIDHAN SABHA

Thursday, the 28th February, 1974

The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 9-00 a.m. of the Clock. Mr. Speaker (Doctor Kewal Krishan) in the Chair.

STARRED QUESTIONS AND ANSWERS

Supplementary Questions to Starred Question No. 2077*

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਪੰਜਾਬ ਰੋਡਵੇਜ਼ ਦੀਆਂ ਬੱਸਾਂ ਟਾਇਰ ਟਿਊਬ ਨਾ ਹੋਣ ਕਰਕੇ ਚਲ ਨਹੀਂ ਸਕਦੀਆਂ ਅਤੇ ਇਸ ਕਾਰਨ ਪੰਜਾਬ ਰੋਡਵੇਜ਼ ਨੂੰ ਬੜਾ ਘਾਟਾ ਹੁੰਦਾ ਹੈ। ਕੀ ਇਹ ਹਕੀਕਤ ਨਹੀਂ ਕਿ ਜਿਹੜੇ ਟਾਇਰ ਟਿਊਬਾਂ ਦੇ ਡੀਲਰ ਹਨ ਉਹ ਪੰਜਾਬ ਰੋਡਵੇਜ਼ ਦੇ ਅਫਸਰਾਂ ਨਾਲ ਮਿਲੇ ਹੋਏ ਹਨ ਅਤੇ ਉਨ੍ਹਾਂ ਦੀ ਅਫਸਰਾਂ ਅਤੇ ਮਨਿਸਟਰਾਂ ਦੇ ਨਾਲ ਯਾਰੀ ਦੋਸਤੀ ਹੈ ? ਕੀ ਮਨਿਸਟਰ ਸਾਹਿਬ ਦਸੱਣਗੇ ਕਿ ਪੰਜਾਬ ਰੋਡਵੇਜ਼ ਨੂੰ ਇਸ ਕਾਰਨ ਤਾਂ ਟਾਇਰ ਟਿਊਬ ਘੱਟ ਨਹੀਂ ਮਿਲਦੇ ਕਿਉਂਕਿ ਉਹ ਡੀਲਰ ਬਲੈਕ ਵਿਚ ਪ੍ਰਾਈਵੇਟ ਟਰਾਂਸਪੋਰਟਰਾਂ ਨੂੰ ਵੇਚ ਦਿੰਦੇ ਹਨ ਅਤੇ ਇਸ ਕਾਰਨ ਪੰਜਾਬ ਰੋਡਵੇਜ਼ ਦੀਆਂ ਬੱਸਾਂ ਖੜ੍ਹੀਆਂ ਰਹਿੰਦੀਆਂ ਹਨ ?

ਰਾਜ ਮੰਤਰੀ ਟਰਾਂਸਪੋਰਟ : ਇਹ ਗਲ ਬਿਲਕੁਲ ਗਲਤ ਹੈ। ਪ੍ਰਾਈਵੇਟ ਟਰਾਂਸਪੋਰਟਰਾਂ ਦਾ ਕੋਟਾ ਵੱਖਰਾ ਹੈ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਪੰਜਾਬ ਰੋਡਵੇਜ਼ ਦੀਆਂ 300 ਦੇ ਕਰੀਬ ਬੱਸਾਂ ਬੇਕਾਰ ਖੜ੍ਹੀਆਂ ਹਨ। ਇਨ੍ਹਾਂ ਵਿਚੋਂ 200 ਤਾਂ ਟਾਇਰਾਂ ਦੀ ਕਮੀ ਕਾਰਨ ਅਤੇ ਬਾਕੀ ਦੀਆਂ 100 ਮਕੈਨੀਕਲ ਡਿਫੈਕਟਸ ਕਾਰਨ ਖੜੀਆਂ ਹਨ। 1973 ਵਿਚ ਜ਼ਿਲ੍ਹਾ ਜਲੰਧਰ ਵਿਚ 5,000 ਦੇ ਕਰੀਬ ਟਾਇਰ ਇਸ਼ੂ ਹੋਏ ਹਨ। ਕੀ ਵਜਾਹ ਹੈ ਕਿ ਪੰਜਾਬ ਰੋਡਵੇਜ਼ ਦੀਆਂ ਬੱਸਾਂ ਲਈ ਟਾਇਰ ਨਹੀਂ ਮਿਲਦੇ ? ਮੈਂ ਵਜ਼ੀਰ ਸਾਹਿਬ ਤੋਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਉਹ ਐਲੀਮੈਂਟ ਜਿਹੜੇ ਨੈਸ਼ਨੇਲਾਈਜ਼ੇਸ਼ਨ ਨੂੰ ਡੀਨੈਸ਼ਨੇਲਾਈਜ਼ੇਸ਼ਨ ਵਿਚ ਤਬਦੀਲ ਕਰਨਾ ਚਾਹੁੰਦੇ ਹਨ, ਉਹ ਤਾਂ ਇਸ ਰਸਤੇ ਵਿਚ ਰੁਕਾਵਟ ਨਹੀਂ ?

ਰਾਜ ਮੰਤਰੀ : ਇਸ ਤਰ੍ਹਾਂ ਦੀ ਕੋਈ ਗਲ ਨਹੀਂ। ਇਹ ਇਸ ਗਲ ਦਾ ਨੋਟਿਸ ਦੇ ਦੇਣ। ਜਵਾਬ ਫਿਰ ਦੇ ਦਿੱਤਾ ਜਾਵੇਗਾ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਟਾਇਰਾਂ ਦੀ ਸ਼ਾਰਟੇਜ ਕਰਕੇ ਕਈ ਜਗ੍ਹਾ ਬਲੈਕ ਹੁੰਦੀ ਹੈ। ਕੀ ਸਰਕਾਰ ਟਾਇਰਾਂ ਦੀ ਡਿਸਟਰੀਬਿਊਸ਼ਨ ਡੀਲਰਾਂ ਤੋਂ ਲੈ ਕੇ ਆਪਣੇ ਹੱਥ ਵਿਚ ਲੈਣ ਵਾਸਤੇ ਤਿਆਰ ਹੈ ਤਾਂਕਿ ਕੋਈ ਬਲੈਕ ਨਾ ਹੋਵੇ ਅਤੇ ਗੌਰਮਿੰਟ ਅਤੇ ਪ੍ਰਾਈਵੇਟ ਅਪਰੇਟਰਾਂ ਨੂੰ ਪ੍ਰਾਇਰਟੀ ਦੇ ਮੁਤਾਬਿਕ ਅਤੇ ਕੋਟੇ ਦੇ ਮੁਤਾਬਿਕ ਟਾਇਰਾਂ ਦੀ ਸਪਲਾਈ ਹੋਵੇ ?

---

* For Starred Question No. 2077 and reply there to please see P.V.S. Debate, dated 27th February 1974

ਰਾਜ ਮੰਤਰੀ : ਸਪੀਕਰ ਸਾਹਿਬ, ਡਿਸਟ੍ਰਿਕਟ ਲੈਵਲ ਤੇ ਕਮੇਟੀਆਂ ਅੱਗੇ ਹੀ ਬਣੀਆਂ ਹੋਈਆਂ ਹਨ ਅਤੇ ਉਹ ਹੀ ਟਾਇਰਾਂ ਦੀ ਵੰਡ ਕਰਦੀਆਂ ਹਨ। ਬਾਕੀ ਹੋਰ ਵੀ ਜੇ ਕੋਈ ਸੁਜੈਸ਼ਨ ਹੋਵੇਗੀ ਤਾਂ ਉਸ ਤੇ ਜ਼ਰੂਰ ਗੌਰ ਕਰ ਲਵਾਂਗੇ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਲ੍ਹ ਇਸ ਸਵਾਲ ਦਾ ਜਵਾਬ ਦਿੰਦਿਆਂ ਕਿਹਾ ਸੀ ਕਿ ਜਦ ਤੱਕ ਟਾਇਰਾਂ ਦੀ ਕਮੀ ਦੂਰ ਨਹੀਂ ਹੁੰਦੀ ਇਹ ਸਥਿਤੀ ਇਸੇ ਤਰ੍ਹਾਂ ਰਹਿਣੀ ਹੈ। ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਸਥਿਤੀ ਨੂੰ ਦੂਰ ਕਰਨ ਵਾਸਤੇ ਸਰਕਾਰ ਕਿਹੜਾ ਕਿਹੜਾ ਉਪਰਾਲਾ ਕਰ ਰਹੀ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਅੱਜ ਦੀ ਅਖਬਾਰ ਇਨ੍ਹਾਂ ਨੇ ਪੜ੍ਹੀ ਹੋਣੀ ਹੈ। ਸੁਬਰਾ-ਮਨੀਅਮ ਸਾਹਿਬ ਦਾ ਬਿਆਨ ਆਇਆ ਹੈ ਕਿ ਉਹ ਕਾਫੀ ਟਾਇਰ ਸਾਨੂੰ ਦੇ ਰਹੇ ਹਨ। ਅਸੀਂ ਵੀ ਯਤਨ ਕਰ ਰਹੇ ਹਾਂ ਕਿ ਜਲਦੀ ਤੋਂ ਜਲਦੀ ਸਾਨੂੰ ਟਾਇਰ ਮਿਲ ਜਾਣ। ਇਸ ਸਬੰਧ ਵਿਚ ਮੁੱਖ ਮੰਤਰੀ ਸਾਹਿਬ ਨੇ ਵੀ ਕੋਸ਼ਿਸ਼ ਕੀਤੀ ਹੈ। ਕੁਝ ਟਾਇਰ ਅਸੀਂ ਹਾਸਲ ਕਰਨ ਵਿਚ ਕਾਮਯਾਬ ਵੀ ਹੋ ਗਏ ਹਾਂ। ਬਾਕੀ ਕੋਸ਼ਿਸ਼ ਜਾਰੀ ਹੈ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਤਰੀਕਾ ਨਹੀਂ ਅਪਣਾਇਆ ਜਾ ਸਕਦਾ ਕਿ ਜਿਹੜੇ ਟਾਇਰ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨੂੰ ਇਸ਼ੂ ਹੁੰਦੇ ਹਨ, ਉਨ੍ਹਾਂ ਉਤੇ ਪੰਜਾਬ ਰੋਡਵੇਜ਼ ਦੀ ਮੋਹਰ ਲਾਈ ਜਾਵੇ ਤਾਂਕਿ ਉਹ ਬਲੈਕ ਵਿਚ ਨਾ ਵੇਚੇ ਜਾ ਸਕਣ ?

ਰਾਜ ਮੰਤਰੀ : ਸਪੀਕਰ ਸਾਹਿਬ, ਜਦੋਂ ਪੰਜਾਬ ਵਿਚ ਸਾਡੀ ਕੋਈ ਆਪਣੀ ਕੰਪਨੀ ਟਾਇਰਾਂ ਦੀ ਲੱਗ ਜਾਵੇਗੀ ਤਾਂ ਅਸੀਂ ਉਸ ਤੇ ਜ਼ਰੂਰ ਮੋਹਰ ਲਾਵਾਂਗੇ। ਜਿਹੜੇ ਟਾਇਰ ਹੁਣ ਅਸੀਂ ਬਾਹਰੋਂ ਮੰਗਵਾਉਂਦੇ ਹਾਂ, ਉਨ੍ਹਾਂ ਤੇ ਮੋਹਰ ਨਹੀਂ ਲਗ ਸਕਦੀ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਪੰਜਾਬ ਰੋਡਵੇਜ਼ ਜਿਹੜੀ ਘਾਟੇ ਵਿਚ ਜਾ ਰਹੀ ਹੈ, ਇਸ ਦਾ ਕਾਰਨ ਟਾਇਰਜ਼ ਦੀ ਕਮੀ ਤੋਂ ਇਲਾਵਾ ਮਿਸਮੈਨੇਜਮੈਂਟ ਨਹੀਂ ? ਹੁਸ਼ਿਆਰਪੁਰ ਅਤੇ ਜਲੰਧਰ ਦੇ ਦੋਵੇਂ ਡਿਪੂ ਬੜੇ ਅੱਛੇ ਨਫੇ ਤੇ ਚਲ ਰਹੇ ਹਨ। ਜਿਥੇ ਚੰਗੇ ਡਿਪੂ ਮੈਨੇਜਰ ਹਨ ਉਥੇ ਕੰਮ ਚੰਗਾ ਚਲਦਾ ਹੈ।

ਰਾਜ ਮੰਤਰੀ : ਮੈਨੇਜਮੈਂਟ ਨੂੰ ਸੁਧਾਰਣ ਦੀ ਵੀ ਸਰਕਾਰ ਕੋਸ਼ਿਸ਼ ਕਰ ਰਹੀ ਹੈ। ਬਾਕੀ ਜਿਹੜਾ ਘਾਟਾ ਹੈ ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਫਿਊਲ ਦੀ ਪ੍ਰਾਈਸਜ਼ ਵਿਚ ਤਾਂ ਵਾਧਾ ਹੋ ਗਿਆ ਹੈ ਪਰ ਉਸ ਦੇ ਮੁਕਾਬਲੇ ਵਿਚ ਕਰਾਏ ਵਿਚ ਵਾਧਾ ਨਹੀਂ ਹੋਇਆ। ਇਸ ਕਰਕੇ ਇਹ ਘਾਟਾ ਹੈ।

ਸਰਦਾਰ ਪਰਕਾਸ਼ ਸਿੰਘ ਬਾਦਲ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਪੰਜਾਬ ਦੇ ਟਾਇਰਾਂ ਦਾ ਬਹੁਤ ਸਾਰਾ ਕੋਟਾ ਪੰਜਾਬ ਵਿਚ ਆਉਣ ਤੋਂ ਪਹਿਲਾਂ ਦਿੱਲੀ ਵਿਚ ਹੀ ਵਿਕ ਜਾਂਦਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਸਾਡੇ ਨੋਟਿਸ ਵਿਚ ਇਹ ਗਲ ਨਹੀਂ ਆਈ। ਬਾਕੀ ਟਰਾਂਸਪੋਰਟਰ ਹੀ ਇਹ ਗਲ ਦੱਸ ਸਕਦੇ ਹਨ।

ਕਾਮਰੇਡ ਜੰਗੀਰ ਸਿੰਘ ਜੋਗਾ : ਸਪੀਕਰ ਸਾਹਿਬ, ਬਠਿੰਡੇ ਦੇ ਡਿਪੂ ਵਿਚ ਟਾਇਰ ਉਥੋਂ ਦੇ ਜਨਰਲ ਮੈਨੇਜਰ ਨੇ ਵੇਚ ਦਿੱਤੇ ਸਨ। ਉਸ ਦੀ ਇਨਕੁਆਇਰੀ ਹੋਈ। ਪਰ ਜਨਰਲ ਮੈਨੇਜਰ, ਪਟਿਆਲਾ ਨੇ ਉਹ ਇਨਕੁਆਇਰੀ ਰੋਕ ਦਿੱਤੀ ਕਿਉਂਕਿ ਉਨ੍ਹਾਂ ਦੋਨਾਂ ਨੇ ਰਲਕੇ ਇਹ ਬਲੈਕ ਵਿਚ ਵੇਚੇ ਸਨ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਪੁਲਿਸ ਨੇ ਜਿਹੜੀ ਇਨਕੁਆਇਰੀ ਕੀਤੀ ਹੈ ਉਸ ਦੀ ਕੀ ਰਿਪੋਰਟ ਹੈ ?

ਰਾਜ ਮੰਤਰੀ : ਮੇਰੇ ਨੋਟਿਸ ਵਿਚ ਇਹ ਗੱਲ ਨਹੀਂ ਆਈ। ਮੈਂਬਰ ਸਾਹਿਬ ਨੋਟਿਸ ਦੇ ਦੇਣ, ਇਨਕੁਆਇਰੀ ਕਰਵਾ ਲਈ ਜਾਵੇਗੀ।

Starred Question No. 2237

Mr. Speaker : Extension has been asked for in respect of Starred Question No. 2237.

1954--ਈ.ਟੀ.(4)-74/1355

ਯਸ਼

ਆਬਕਾਰੀ ਅਤੇ ਕਰ ਮੰਤਰੀ, ਪੰਜਾਬ,
ਚੰਡੀਗੜ੍ਹ ।
ਫਰਵਰੀ 27, 1974

ਪਿਆਰੇ ਸਪੀਕਰ ਸਾਹਿਬ,

ਪੰਜਾਬ ਵਿਧਾਨ ਸਭਾ ਦੇ ਸਟਾਰਡ ਸੁਆਲ ਨੰ: 2237, ਜੋ ਮਿਤੀ 28 ਫਰਵਰੀ, 1974 ਲਈ ਸੁਆਲਾਂ ਦੀ ਸੂਚੀ ਵਿਚ ਸ੍ਰੀ ਵਿਸ਼ਵਾ ਮਿੱਤਰ ਸੇਖੜੀ, ਐਮ. ਐਲ. ਏ. ਦੇ ਨਾਂ ਹੇਠ ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ। ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸੁਆਲ ਦੇ ਜੁਆਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸੁਆਲ ਨੂੰ ਮਿਤੀ 31 ਮਈ, 1974 ਤੋਂ ਪਿੱਛੋਂ ਦੀ ਕਿਸੇ ਮਿਤੀ ਲਈ ਸੁਆਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕਿਰਪਾ ਕੀਤੀ ਜਾਵੇ ।

ਆਪ ਦਾ ਵਿਸ਼ਵਾਸਪਾਤਰ,
ਸਹੀ...
(ਯਸ਼)

ਡਾਕਟਰ ਕੇਵਲ ਕ੍ਰਿਸ਼ਨ,
ਸਪੀਕਰ,
ਪੰਜਾਬ ਵਿਧਾਨ ਸਭਾ,
ਚੰਡੀਗੜ੍ਹ ।

ਸਟਾਰਡ ਸੁਆਲ ਨੰ: 2238

(ਸਬੰਧਤ ਮਾਨਯੋਗ ਮੈਂਬਰ ਹਾਊਸ ਵਿਚ ਹਾਜ਼ਰ ਨਹੀਂ ਸਨ। ਇਸ ਲਈ ਇਹ ਸੁਆਲ ਪੇਸ਼ ਨਹੀਂ ਕੀਤਾ ਗਿਆ)

The number of villages in Sub-Division of Samrala without link roads

***2235. Sardar Prehlad Singh** : Will the Minister of State for Public Works be pleased to state the number and names of villages which are at present without any link roads in Sub-Division Samrala, District Ludhiana and the reasons thereof ?

Shri Joginder Pal Pandey : As per Tehsil maps available with the Government, there are 40 villages (list placed at the Table of the House) in Sub-Division Samrala, District Ludhiana, which are without roads. Out of these, 16 villages are within 1/2 miles of pucca roads and are considered as linked with roads. All these villages are in the Bet area of Sutlej where there is a very thin population. All-out efforts will be made to provide link roads to these villages in the next year's programme.

[ਸਰਕਾਰ ਪਾਸ ਉਪਲੱਬਧ ਤਹਿਸੀਲਾਂ ਦੇ ਨਕਸ਼ਿਆਂ ਅਨੁਸਾਰ ਅਜੇ 40 ਪਿੰਡਾਂ ਨੂੰ (ਸੂਚੀ ਸਭਾ ਦੀ ਮੇਜ਼ ਤੇ ਰੱਖੀ ਹੈ) ਸੜਕਾਂ ਦੇਣੀਆਂ ਬਾਕੀ ਹਨ। ਇਨ੍ਹਾਂ ਵਿਚੋਂ 16 ਪਿੰਡ ਸੜਕ ਤੋਂ 1/2 ਮੀਲ ਤੋਂ ਘਟ ਦੂਰ ਹਨ ਅਤੇ ਇਨ੍ਹਾਂ ਨੂੰ ਸੜਕ ਨਾਲ ਜੁੜਿਆ ਹੀ ਗਿਣਿਆ ਜਾਂਦਾ ਹੈ । ਇਹ ਸਾਰੇ ਪਿੰਡ ਸਤਲੁਜ ਦੇ ਬੇਟ ਏਰੀਏ ਵਿੱਚ ਹਨ, ਇਨ੍ਹਾਂ ਪਿੰਡਾਂ ਨੂੰ ਅਗਲੇ ਸਾਲ ਦੇ ਪ੍ਰੋਗਰਾਮ ਵਿਚ ਸੜਕਾਂ ਨਾਲ ਜੋੜਨ ਦਾ ਪੂਰਾ ਪੂਰਾ ਯਤਨ ਕੀਤਾ ਜਾਵੇਗਾ ।]

List of Villages in Samrala Sub-Division which are without roads

1. Tanda,
2. Bhagwanpur,
3. Ghasgarh.
4. Ramgarh
5. Rajewal Rajputana
6. Rajewali Jatauli
7. Kamalpur
8. Khanpur
9. Bhauria
10. Jhangban Naurpur
11. Burj Kacha
12. Tombs
13. Amrala
14. Jhalian
15. Kalewal
16. Dhiangarh
17. Gurthali
18. Lahra
19. Afzalapur
20. Isanpur
21. Purba
22. Bagia
23. Baundal
24. Haul
25. Jiwanpur
26. Saidpur
27. Mitewal
28. Muzaffarwal
29. Mand Jharudi
30. Kahlana
31. Takhran
32. Chuharpur
33. Raundli
34. Maheshpura
35. Rampur Chamlauri
36. Sati
37. Daudpur
38. Katla Ajner
39. Katla Dadheri
40. Bimipur

ਸਪੀਕਰ ਸਾਹਿਬ, ਮੈਂ ਇਸ ਸਬੰਧ ਵਿਚ ਹੋਰ ਇਨਫਰਮੇਸ਼ਨ ਵੀ ਮੰਗਾਈ ਸੀ । ਸਪੀਕਰ ਸਾਹਿਬ, ਮੈਂ ਜਿਸ ਤਰ੍ਹਾਂ ਅਰਜ਼ ਕੀਤੀ ਹੈ ਕਿ ਬਹੁਤ ਸਾਰੇ ਪਿੰਡ ਤਾਂ ਸੜਕ ਤੋਂ ਅੱਧੇ

ਮੀਲ ਤੇ ਹਨ ਅਤੇ ਕੁਝ ਅੱਧੇ ਮੀਲ ਤੋਂ ਜ਼ਿਆਦਾ ਦੂਰੀ ਤੇ ਹਨ। ਮੈਂ ਅੱਗੇ ਵੀ ਸਦਨ ਵਿਚ ਅਰਜ਼ ਕੀਤੀ ਸੀ ਕਿ ਸਰਕਾਰ ਦੀ ਇਹ ਪਾਲਿਸੀ ਹੈ ਕਿ ਜਿਹੜੇ ਛੋਟੇ ਛੋਟੇ ਪੀਸਿਜ਼ ਹਨ ਉਨ੍ਹਾਂ ਨੂੰ ਅਸੀਂ 1 ਅਪ੍ਰੈਲ, 1974 ਤੋਂ ਬਣਾਉਣ ਦੀ ਸਕੀਮ ਤਿਆਰ ਕਰ ਰਹੇ ਹਾਂ।

ਸਰਦਾਰ ਪ੍ਰਹਿਲਾਦ ਸਿੰਘ : ਸਪੀਕਰ ਸਾਹਿਬ, ਵਜ਼ੀਰ ਸ਼ਾਹਿਬ ਨੇ ਜਿਹੜੀ ਸਟੇਟਮੈਂਟ ਸਦਨ ਦੀ ਮੇਜ਼ ਤੇ ਰੱਖੀ ਹੈ ਉਸ ਵਿਚ ਲਿਖਿਆ ਹੈ ਕਿ 8, 9 ਪਿੰਡ ਤਾਂ ਸੜਕਾਂ ਦੇ ਨਾਲ ਜੁੜੇ ਹੋਏ ਹੀ ਹਨ। ਪਤਾ ਨਹੀਂ ਇਹ ਇਨਫਰਮੇਸ਼ਨ ਕਿੱਥੋਂ ਲੈ ਆਏ ਹਨ। ਜਿਹੜੀਆਂ ਡਿਸਟ੍ਰਿਕਟ ਲੈਵਲ ਤੇ ਡਿਵੈਲਪਮੈਂਟ ਕਮੇਟੀਆਂ ਹਨ, ਉਹ ਜਿਹੜੀਆਂ ਸੜਕਾਂ ਰਿਕਮੈਂਡ ਕਰਕੇ ਭੇਜਦੀਆਂ ਹਨ, ਉਨ੍ਹਾਂ ਸੜਕਾਂ ਨੂੰ ਮਨਜ਼ੂਰ ਨਹੀਂ ਕੀਤਾ ਜਾਂਦਾ। ਕੀ ਵਜ਼ੀਰ ਸਾਹਿਬ ਭਰੋਸਾ ਦਿਵਾਉਣਗੇ ਕਿ ਜਿਹੜੀਆਂ ਸੜਕਾਂ ਉਹ ਕਮੇਟੀ ਰਿਕਮੈਂਡ ਕਰਕੇ ਭੇਜਿਆ ਕਰੇ ਉਨ੍ਹਾਂ ਨੂੰ ਮਨਜ਼ੂਰ ਕੀਤਾ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀਆਂ ਡਿਸਟ੍ਰਿਕਟ ਲੈਵਲ ਦੀਆਂ ਡਿਵੈਲਪਮੈਂਟ ਕਮੇਟੀਆਂ ਹਨ, ਇਹ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਮੀਟ ਕਰਦੀਆਂ ਹਨ। ਇਨ੍ਹਾਂ ਵਿਚ ਉਸ ਇਲਾਕੇ ਦੇ ਸਾਰੇ ਐਮ. ਐਲ. ਏ. ਸਾਹਿਬਾਨ, ਐਕਸ.ਈ.ਐਨ. ਅਤੇ ਐਸ.ਈਜ਼, ਵੀ ਬੈਠਦੇ ਹਨ। ਉਹ ਲਿਸਟਾਂ ਤਿਆਰ ਕਰਕੇ ਸਾਨੂੰ ਭੇਜ ਦਿੰਦੇ ਹਨ। ਅਗਰ ਕੋਈ ਪਿੰਡ ਉਸ ਲਿਸਟ ਵਿਚ ਰਹਿ ਜਾਂਦਾ ਹੈ, ਤਾਂ ਜੇ ਕੋਈ ਮੈਂਬਰ ਸਾਹਿਬ ਆਪਣੇ ਇਲਾਕੇ ਦੇ ਕਿਸੇ ਪਿੰਡ ਦੀ ਸੜਕ ਬਾਰੇ ਸਿਫਾਰਸ਼ ਕਰਨ ਤਾਂ ਉਸਨੂੰ ਜ਼ਰੂਰ ਕੰਸਿਡਰ ਕੀਤਾ ਜਾਵੇਗਾ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਇਸ ਸਰਕਾਰ ਦਾ ਇਹ ਟੀਚਾ ਸੀ ਕਿ 31 ਮਾਰਚ ਤੱਕ ਪੰਜਾਬ ਦੇ ਸਾਰੇ ਪਿੰਡਾਂ ਨੂੰ ਸੜਕਾਂ ਨਾਲ ਜੋੜ ਦਿੱਤਾ ਜਾਵੇਗਾ। ਹੁਣ ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਅੱਧਾ ਮੀਲ ਦੂਰੀ ਦੇ ਪਿੰਡ ਨੂੰ ਤਾਂ ਅਸੀਂ ਜੁੜਿਆ ਹੋਇਆ ਹੀ ਸਮਝਦੇ ਹਾਂ। ਸਪੀਕਰ ਸਾਹਿਬ, ਗੜ੍ਹਸ਼ੰਕਰ ਦੇ ਕੰਡੀ ਦੇ ਏਰੀਏ ਦੇ ਲੱਗਭਗ 60 ਪਿੰਡਾਂ ਵਿਚ ਹੁਣ ਤੱਕ ਸੜਕਾਂ ਨਹੀਂ ਬਣੀਆਂ। ਬਹੁਤ ਸਾਰੇ ਪਿੰਡ ਤਾਂ ਇਨ੍ਹਾਂ ਵਿਚੋਂ ਸੜਕਾਂ ਤੋਂ 8, 9 ਮੀਲ ਦੀ ਦੂਰੀ ਤੇ ਹਨ। ਕੀ ਵਜ਼ੀਰ ਸਾਹਿਬ ਇਸ ਗਲ ਦੀ ਗਰੰਟੀ ਦੇਣਗੇ ਕਿ ਉਥੋਂ ਦੇ ਪਿੰਡਾਂ ਨੂੰ ਅਗਲੇ ਚਾਰ ਪੰਜ ਮਹੀਨਿਆਂ ਵਿਚ ਸੜਕਾਂ ਨਾਲ ਮਿਲਾ ਦਿੱਤਾ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਕਾਮਰੇਡ ਜੀ ਨਾਲ ਮੇਰੀ ਗਲ ਹੋਈ ਹੈ। ਮੈਂ ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡੇ ਇਲਾਕੇ ਵਿਚ ਪਰਸਨਲੀ ਜਾ ਕੇ ਇਲਾਕੇ ਦਾ ਬਾਕਾਇਦਾ ਸਰਵੇ ਕਰਾਂਗਾ। ਜਿਹੜੇ ਇੰਤਜ਼ਾਮਾਤ ਜ਼ਰੂਰੀ ਹੋਣਗੇ ਉਸ ਦੇ ਮੁਤੱਲਿਕ ਡਿਪਾਰਟਮੈਂਟ ਨੂੰ ਹਦਾਇਤ ਕੀਤੀ ਜਾਵੇਗੀ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਵੀਜ਼ਰ ਸਾਹਿਬ ਨੇ ਫਰਮਾਇਆ ਹੈ ਕਿ 1 ਅਪੈਲ 1974 ਤੋਂ ਪਹਿਲਾਂ ਪਹਿਲਾਂ ਜਿਹੜੇ ਅੱਧੇ ਮੀਲ ਦੇ ਟੋਟੇ ਹੋਣਗੇ ਉਨ੍ਹਾਂ ਸਾਰੀਆਂ ਸੜਕਾਂ ਨੂੰ ਬਣਾ ਦਿੱਤਾ ਜਾਵੇਗਾ। ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਉਨ੍ਹਾਂ ਨੇ ਸਿਰਫ ਸਮਰਾਲਾ ਸਬ-ਡਵੀਜ਼ਨ ਬਾਰੇ ਕਿਹਾ ਹੈ ਜਾਂ ਸਾਰੇ ਪੰਜਾਬ ਬਾਰੇ ਕਿਹਾ ਹੈ ?

ਰਾਜ ਮੰਤਰੀ . ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸੰਧੂ ਸਾਹਿਬ ਦੀ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਪਾਲਿਸੀ ਸਾਰੇ ਪੰਜਾਬ ਵਾਸਤੇ ਹੈ। ਇਹ ਪਾਲਿਸੀ ਸੀ ਕਿ ਪਹਿਲੇ ਪਿੰਡਾਂ ਨੂੰ ਸੜਕਾਂ ਜ਼ਰੂਰ ਦੇਣੀਆਂ ਹਨ। ਜਿਹੜੇ ਬਾਕੀ ਦੇ ਹਨ ਉਨ੍ਹਾਂ ਵਿਚ ਬਾਅਦ ਵਿਚ ਬਣਾ-ਈਆਂ ਜਾਣਗੀਆਂ। ਇਸ ਦਾ ਪ੍ਰੋਗਰਾਮ ਸਰਕਾਰ 1974-75 ਦੇ ਫਾਇਨਾਨਸ਼ਲ ਯੀਅਰ ਵਿਚ ਬਣਾ ਰਹੀ ਹੈ।

ਸਰਦਾਰ ਦਰਸ਼ਨ ਸਿੰਘ ਕੇ.ਪੀ.: ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕਈ ਜਗ੍ਹਾਂ ਤੇ ਮਾਰਕਿਟ ਕਮੇਟੀਆਂ ਨੇ ਸੜਕਾਂ ਬਣਾਈਆਂ ਹਨ ਅਤੇ ਉਹ ਫੰਡਜ਼ ਦੀ ਅਵੇਲੇਬਿਲਟੀ ਪੂਰੀ ਨਾ ਹੋਣ ਕਰਕੇ ਪੂਰੀਆਂ ਨਹੀਂ ਹੋਈਆਂ ਹਨ। ਕੀ ਵਜ਼ੀਰ ਸਾਹਿਬ ਇਹ ਯਕੀਨ ਦਿਵਾਉਣਗੇ ਕਿ ਜਿਹੜੀਆਂ ਸੜਕਾਂ ਮਾਰਕਿਟ ਕਮੇਟੀਆਂ ਰਾਹੀਂ ਫੰਡਜ਼ ਦੀ ਅਵੇਲੇਬਿਲਟੀ ਨਾ ਹੋਣ ਕਰਕੇ ਛੱਡੀਆਂ ਗਈਆਂ ਹਨ ਉਨ੍ਹਾਂ ਨੂੰ ਮੁਕੰਮਲ ਕਰਨਗੇ ?

ਸ੍ਰੀ ਸਪੀਕਰ : ਇਹ ਸਵਾਲ ਤਾਂ ਠੀਕ ਨਹੀਂ ਬਣਦਾ । (It is not a proper supplementary question.)

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਸਵਾਲ ਕੀਤਾ ਗਿਆ ਹੈ ਇਹ ਸਮਰਾਲਾ ਸਬ-ਡਵੀਜ਼ਨ ਨਾਲ ਸਬੰਧਤ ਤਾਂ ਨਹੀਂ ਹੈ ਪਰ ਫਿਰ ਵੀ ਮੈਂ ਇਨ੍ਹਾਂ ਦੀ ਵਾਕਫੀਅਤ ਵਾਸਤੇ ਦਸ ਦਿੰਦਾ ਹਾਂ। ਅਸੀਂ ਇਸ ਮੁਤੱਲਕ ਪੀ.ਡਬਲਯੂ.ਡੀ., ਬੀ. ਐਂਡ ਆਰ. ਦੇ ਡਿਪਾਰਟਮੈਂਟ ਨਾਲ ਗੱਲ ਕਰ ਰਹੇ ਹਾਂ ਅਤੇ ਇਹ ਸਾਡੀ ਕੋਸ਼ਿਸ਼ ਹੈ ਅਤੇ ਅਸੀਂ ਇਸ ਬਾਰੇ ਨੈਗੋਸੀਏਸ਼ਨ ਵੀ ਕਰ ਰਹੇ ਹਾਂ ਕਿ ਉਹ ਸਹੀ ਤਰੀਕੇ ਨਾਲ ਲੁਕ ਆਫਟਰ ਕਰਨ ਅਤੇ ਇਨ੍ਹਾਂ ਸੜਕਾਂ ਨੂੰ ਪੂਰਾ ਕਰਨ ਦਾ ਯਤਨ ਕੀਤਾ ਜਾਵੇਗਾ।

ਸਰਦਾਰ ਕਰਨੈਲ ਸਿੰਘ ਮਰੜ੍ਹੀ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਈ ਪਿੰਡਾਂ ਵਿਚ ਸੜਕਾਂ ਮਿਲ ਗਈਆਂ ਹਨ ਪਰ ਜਿਨ੍ਹਾਂ ਪਿੰਡਾਂ ਵਿਚ ਹਾਲੇ ਤੱਕ ਸੜਕਾਂ ਨਹੀਂ ਮਿਲੀਆਂ ਕੀ ਉਨ੍ਹਾਂ ਨਾਲ ਜਲਦੀ ਸੜਕਾਂ ਮਿਲਾ ਦੇਣਗੇ ?

ਰਾਜ ਮੰਤਰੀ : ਇਸ ਬਾਰੇ ਤਾਂ ਸਰਕਾਰ ਦੀ ਪਾਲਿਸੀ ਹੈ। ਪਿਛੇ 2 ਸਾਲ ਹੋਏ ਮੁੱਖ ਮੰਤਰੀ ਸਾਹਿਬ ਨੇ ਇਸ ਬਾਰੇ ਇਲਾਨ ਕੀਤਾ ਸੀ ਅਤੇ ਕਲ੍ਹ ਦੇ ਬਜਟ ਵਿਚ ਵੀ ਇਹ ਸਾਰੀ ਗੱਲ ਕਲੀਅਰ ਕਰ ਦਿੱਤੀ ਗਈ ਹੈ। ਮੈਂ ਸਮਝਦਾ ਹਾਂ ਕਿ ਹਾਊਸ ਨੂੰ ਇਸ ਬਾਰੇ ਪੂਰਾ ਗਿਆਨ ਹੋਣਾ ਚਾਹੀਦਾ ਹੈ।

Drinking Water in Saroa Block

*2211. **Master Dalip Chand** : Will the Minister of State for Public Health be pleased to state whether the Government propose to make any arrangement to provide drinking water to villages Nainowal and Mangupur in Saroa Block, district Hoshiarpur, which are not at present covered by drinking water supply scheme ?

Sardar Balbir Singh : Yes, Sir. Village Mangupur has already been covered under a Water Supply Scheme and water is being supplied to this village through one stand-post. Village Nainowal is also likely to be covered under the same water supply scheme in due course of time.

[ਹਾਂ ਜੀ । ਪਿੰਡ ਮੰਗੂਪੁਰ ਵਿੱਚ ਪੀਣ ਵਾਲਾ ਪਾਣੀ ਪਹਿਲਾਂ ਹੀ ਮੁਹੱਈਆ ਕਰ ਦਿੱਤਾ ਹੈ ਅਤੇ ਉਥੇ ਇੱਕ ਸਟੈਂਡ ਪੋਸਟ ਰਾਹੀਂ ਪਾਣੀ ਦਿੱਤਾ ਜਾ ਰਿਹਾ ਹੈ । ਪਿੰਡ ਨੈਨੋਵਾਲ ਨੂੰ ਵੀ ਕੁਝ ਸਮੇਂ ਬਾਅਦ ਉਸੇ ਜਲ ਸਪਲਾਈ ਸਕੀਮ ਤੋਂ ਪਾਣੀ ਦੇ ਦਿਤੇ ਜਾਣ ਦੀ ਸੰਭਾਵਨਾ ਹੈ ।]

ਮਾਸਟਰ ਦਲੀਪ ਚੰਦ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਕੀਮ 6, 7 ਸਾਲ ਹੋਏ ਚਾਲੂ ਕੀਤੀ ਗਈ ਸੀ ਪਰ ਇਸ ਸਕੀਮ ਦੇ ਅਧੀਨ ਪਿੰਡ ਮੰਗੂਪੁਰਾ ਛੱਡ ਦਿੱਤਾ ਗਿਆ ਹੈ ।ਕੀ ਇਹ ਦੱਸਣਗੇ ਕਿ ਹੋਰ ਕਿੰਨੇ ਸਮੇਂ ਵਿਚ ਇਹ ਪਾਣੀ ਦੀ ਸਕੀਮ ਚਾਲੂ ਕਰ ਦਿੱਤੀ ਜਾਵੇਗੀ

ਅਤੇ ਜਿਹੜੇ ਪਿੰਡ ਸਬ-ਮੌਨਟੇਨਿਅਸ ਏਰੀਆ ਵਿਚ ਰਹਿ ਜਾਣਗੇ ਕੀ ਉਨ੍ਹਾਂ ਨੂੰ ਅਗਲੇ ਸਾਲ ਵਿਚ ਇਸ ਸਕੀਮ ਦੇ ਤਹਿਤ ਲੈ ਲਿਆ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, 1974-75 ਵਿਚ ਜਿੰਨੇ ਨੀਮ ਪਹਾੜੀ ਇਲਾਕੇ ਹਨ ਉਨ੍ਹਾਂ ਵਿਚ ਪੀਣ ਦੇ ਪਾਣੀ ਦਾ ਪ੍ਰਬੰਧ ਕਰ ਦਿੱਤਾ ਜਾਵੇਗਾ। ਔਰ ਜਿਥੋਂ ਤੱਕ ਸਬ-ਮੌਨਟੇਨਿਅਸ ਦਾ ਤੁਅੱਲਕ ਹੈ ਉਸ ਵਾਸਤੇ ਮੈਂ ਯਕੀਨ ਦਿਵਾਉਂਦਾ ਹਾਂ ਕਿ ਉਥੇ ਸੈਨੇਟਰੀ ਬੋਰਡ ਤੋਂ ਇਸ ਕੀ ਮੰਜ਼ੂਰੀ ਕਰਵਾ ਕੇ ਇਹ ਸਕੀਮ ਚਾਲੂ ਕੀਤੀ ਜਾਵੇਗੀ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੇਰੇ ਹਲਕੇ ਦੇ 30, 35 ਪਿੰਡਾਂ ਵਿਚ ਇਹ ਸਕੀਮ ਲਾਗੂ ਕੀਤੀ ਗਈ ਹੈ ਜਿਹੜੇ ਇਸ ਸਕੀਮ ਦੇ ਅਧੀਨ ਪਿੰਡ ਆਉਂਦੇ ਹਨ ਉਨ੍ਹਾਂ ਵਿਚ ਕੀ ਲੋਕਾਂ ਨੂੰ ਪਰਾਈਵੇਟ ਨਲਕੇ ਲਗਵਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਉਨ੍ਹਾਂ ਤੋਂ ਕੀ ਰੇਟ ਲਿਆ ਜਾਵੇਗਾ ?

ਰਾਜ ਮੰਤਰੀ : ਇਸ ਸਵਾਲ ਦਾ ਇਸ ਨਾਲ ਸਬੰਧ ਨਹੀਂ। ਇਹ ਸੁਜੈਸ਼ਨ ਹੈ ਇਸ ਤੇ ਵਿਚਾਰ ਕੀਤਾ ਜਾਵੇਗਾ ਅਤੇ ਇਸ ਨੂੰ ਐਗਜ਼ਾਮਨ ਕਰਾਂਗੇ।

Mr. Speaker : Next question.

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਮੇਰੀ ਵੀ ਇਕ ਸਪਲੀਮੈਂਟਰੀ ਹੈ।

ਸ੍ਰੀ ਸਪੀਕਰ : ਬਹੁਤ ਸਾਰੇ ਮੈਂਬਰਾਂ ਵਲੋਂ ਸ਼ਿਕਾਇਤ ਆਈ ਹੈ ਕਿ ਉਨ੍ਹਾਂ ਦੇ ਸਵਾਲ ਨਹੀਂ ਆਉਂਦੇ, ਉਨ੍ਹਾਂ ਨੇ ਮੇਹਨਤ ਕੀਤੀ ਹੁੰਦੀ ਹੈ। ਇਸ ਵਾਸਤੇ ਉਨ੍ਹਾਂ ਨੂੰ ਵੀ ਸਵਾਲ ਪੁੱਛਣ ਦਾ ਮੌਕਾ ਮਿਲਣਾ ਚਾਹੀਦਾ ਹੈ। (Many hon. Members have complained that their questions are not takenup in the House for oral answering. They put in hard labour in the preparation of their questions and therefore, they must get a chance to ask their questions in the House.)

Dispensaries in Bet Area in Balachaur Constituency

***2209. Master Dalip Chand** : Will the Minister of State for Health and Family Planning be pleased to state whether the Government propose to open dispensaries in Nanowal Bet and Bhedian, during the current year to cover 25 mile bet-area from Mehtpur to Tajowal in Balachaur Constituency, where no such dispensary exists ?

Sardar Balbir Singh : No, Sir.

[ਨਹੀਂ ਜੀ ।]

ਮਾਸਟਰ ਦਲੀਪ ਚੰਦ: ਮੈਂ, ਸਪੀਕਰ ਸਾਹਿਬ, ਇਹ ਪੁੱਛਣਾ ਚਾਹੁੰਦਾ ਹਾਂ ਕਿ ਬਲਾਚੌਰ ਦੇ ਪਿੰਡ ਦੇ ਨਾਲ 25 ਮੀਲ ਦਾ ਬੇਟ ਏਰੀਆ ਹੈ ਜਦੋਂ ਬਾਰਸ਼ ਆਉਂਦੀ ਹੈ ਤਾਂ ਸੇਮ ਨਾਲ ਅਤੇ ਬਾਰਸ਼ ਦੇ ਨਾਲ ਇਸ ਏਰੀਏ ਵਿਚ ਪਾਣੀ ਖੜ੍ਹਾ ਹੋ ਜਾਂਦਾ ਹੈ ਜਿਸ ਨਾਲ ਬਹੁਤ ਬਿਮਾਰੀ ਫੈਲਦੀ ਹੈ ਉਥੋਂ ਦੇ ਲੋਕਾਂ ਨੇ ਡਿਸਪੈਂਸਰੀਆਂ ਵਾਸਤੇ ਬਿਲਡਿੰਗਾਂ ਵੀ ਬਣਾਈਆਂ ਹਨ । ਕੀ ਸਰਕਾਰ ਉਥੇ ਡਿਸਪੈਂਸਰੀਆਂ ਖੋਲ੍ਹਣ ਦਾ ਪ੍ਰਬੰਧ ਕਰੇਗੀ ?

ਰਾਜ ਮੰਤਰੀ : ਇਸ ਤੇ ਵਿਚਾਰ ਕੀਤਾ ਜਾਵੇਗਾ। ਇਸ ਸਾਲ ਤਾਂ ਕੋਈ ਡਿਸਪੈਂਸਰੀ ਨਹੀਂ ਖੋਲ੍ਹੀ ਜਾ ਸਕਦੀ, ਅਗਲੇ ਸਾਲ ਇਸ ਤੇ ਵਿਚਾਰ ਕੀਤਾ ਜਾਵੇਗਾ । ਇਨਟੈਨਸਿਵ ਮਲਟੀਪਰਪਜ਼ ਸਕੀਮ ਦੇ ਤਹਿਤ ਮੋਬਾਇਲ ਡਿਸਪੈਂਸਰੀਆਂ ਹਫ਼ਤੇ ਵਿਚ 2 ਵਾਰੀ ਉਥੇ ਜਾਂਦੀਆਂ ਹਨ ਅਤੇ 2,000 ਆਦਮੀਆਂ ਨੂੰ ਉਹ ਕਵਰ ਕਰ ਸਕਦੀਆਂ ਹਨ।

ਸਰਦਾਰ ਬੇਅੰਤ ਸਿੰਘ : ਕੀ ਸਰਕਾਰ ਦੇ ਵਿਚਾਰ ਅਧੀਨ ਕੋਈ ਐਸੀ ਸਕੀਮ ਹੈ ਕਿ ਜਿੱਥੇ 5 ਹਜ਼ਾਰ ਦੀ ਆਬਾਦੀ ਹੋਵੇ ਉਥੇ ਡਿਸਪੈਂਸਰੀਆਂ ਖੋਲ੍ਹੀਆਂ ਜਾਣਗੀਆਂ ?

ਰਾਜ ਮੰਤਰੀ : ਇਹ ਤਾਂ ਫੰਡਜ਼ ਦੀ ਅਵੇਲੇਬਿਲਟੀ ਤੇ ਨਿਰਭਰ ਹੈ। 20 ਡਿਸਪੈਂਸਰੀਆਂ ਅਸੀਂ ਅਗਲੇ ਸਾਲ ਖੋਲ੍ਹਾਂਗੇ। ਇਸ ਦਾ ਕਰਾਇਟੀਰੀਆ ਨੀਡ ਆਫ ਏਰੀਆ ਦੇ ਮੁਤਾਬਕ ਹੁੰਦਾ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਫਰੀਦਕੋਟ ਅਤੇ ਕੋਟਕਪੂਰੇ ਦੇ ਇਲਾਕੇ ਵਿਚ ਹੁਣ ਤੱਕ ਡਿਸਪੈਂਸਰੀਆਂ ਖੋਲ੍ਹਣ ਲਈ ਵਿਤਕਰਾ ਕੀਤਾ ਜਾਂਦਾ ਰਿਹਾ ਹੈ। ਕੀ ਵਜ਼ੀਰ ਸਾਹਿਬ ਇਹ ਭਰੋਸਾ ਦਿਵਾਉਣਗੇ ਕਿ ਜਿਸ ਇਲਾਕੇ ਤੋਂ ਅਕਾਲੀ ਪਾਰਟੀ ਦੇ ਮੈਂਬਰ ਚੁਣ ਕੇ ਆਏ ਹਨ ਉਨ੍ਹਾਂ ਪਿੰਡਾਂ ਵਿਚ ਵਿਤਕਰਾ ਨਹੀਂ ਕੀਤਾ ਜਾਵੇ-ਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਸਰਕਾਰ ਇਕ ਕਨਟੀਨੀਊਅਸ ਪਰੋਸੈਸ ਹੈ। ਕਲ ਇਹ ਵਜ਼ੀਰ ਸੀ ਤਾਂ ਅੱਜ ਅਸੀਂ ਵਜ਼ੀਰ ਹਾਂ। ਹਰ ਵਜ਼ਾਰਤ ਦਾ ਇਹ ਫਰਜ਼ ਹੁੰਦਾ ਹੈ ਕਿ ਉਹ ਨਿਯਮਾਂ ਦੇ ਅਨੁਸਾਰ ਨੇਕ ਨੀਤੀ ਨਾਲ ਕੰਮ ਕਰੇ। ਮੈਂ ਇਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਇਸ ਕੰਮ ਵਿਚ ਕਿਸੇ ਨਾਲ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ।

ਡਾਕਟਰ ਅਮੀਰ ਸਿੰਘ ਕਲਕਟ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਕਈ ਪਿੰਡਾਂ ਵਿਚ ਇਨ੍ਹਾਂ ਨੇ ਕਨਫੈਸ ਕੀਤਾ ਹੈ ਕਿ ਜਿੱਥੇ 5 ਹਜ਼ਾਰ ਦੀ ਆਬਾਦੀ ਹੈ ਉਥੇ ਡਿਸਪੈਂਸਰੀ ਖੋਲ੍ਹ ਜਾਵੇਗੀ। ਕੀ ਇਹ ਆਉਣ ਵਾਲੇ 2 ਸਾਲਾਂ ਵਿਚ ਹਰ 5 ਹਜ਼ਾਰ ਅਬਾਦੀ ਵਾਲੇ ਇਲਾਕੇ ਵਿਚ ਡਿਸਪੈਂਸਰੀ ਖੋਲ੍ਹਣ ਦਾ ਯਤਨ ਕਰਨਗੇ ਜਿਸ ਤਰ੍ਹਾਂ ਕਿ ਇਨ੍ਹਾਂ ਨੇ ਕਨਫੈਸ ਕੀਤਾ ਹੈ ?

ਰਾਜ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਫੰਡਜ਼ ਦੀ ਅਵੇਲੇਬਿਲਟੀ ਤੇ ਨਿਰਭਰ ਕਰਦਾ ਹੈ

ਕਾਮਰੇਡ ਅਰਜਨ ਸਿੰਘ ਮਸਤਾਨਾ : ਸਪੀਕਰ ਸਾਹਿਬ, ਬਾਰਡਰ ਦੇ ਇਲਾਕੇ ਵਿਚ ਉਥੋਂ ਦੇ ਲੋਕਾਂ ਨੇ ਡਿਸਪੈਂਸਰੀਆਂ ਵਾਸਤੇ ਬਿਲਡਿੰਗਜ਼ ਬਣਾ ਦਿੱਤੀਆਂ ਹਨ, ਕੀ ਇਹ ਯਕੀਨ ਦਿਵਾਉਣਗੇ ਕਿ ਉਥੇ ਡਾਕਟਰ ਭੇਜ ਕੇ ਡਿਸਪੈਂਸਰੀਆਂ ਖੋਲ੍ਹ ਦਿੱਤੀਆਂ ਜਾਣਗੀਆਂ ?

ਰਾਜ ਮੰਤਰੀ : ਇਸ ਵਾਸਤੇ ਮੈਂਬਰ ਸਾਹਿਬ ਸੈਪਰੇਟ ਸਵਾਲ ਦੇ ਦੇਣ ਤਾਂ ਸਰਕਾਰ ਜਵਾਬ ਦੇ ਦੇਵੇਗੀ ।

ਸਰਦਾਰ ਗੁਰਦੇਵ ਸਿੰਘ ਬਾਦਲ : ਬਾਰਡਰ ਦੇ ਇਲਾਕੇ ਕੌਨੀ ਪਿੰਡ ਵਿਚ ਡਿਸਪੈਂਸਰੀ ਵਾਸਤੇ ਬਿਲਡਿੰਗ ਤਿਆਰ ਕਰ ਲਈ ਗਈ ਹੈ, ਕੀ ਵਜ਼ੀਰ ਸਾਹਿਬ ਉਥੇ ਸਟਾਫ ਭੇਜਣ ਦੀ ਕ੍ਰਿਪਾ ਕਰਨਗੇ ?

ਰਾਜ ਮੰਤਰੀ : ਇਸ ਤੇ ਅਸੀਂ ਵਿਚਾਰ ਕਰ ਲਵਾਂਗੇ। ਸਪੀਕਰ ਸਾਹਿਬ, ਜੇ ਇਹ ਇਸ ਤਰ੍ਹਾਂ ਇਕੱਲੇ ਇਕੱਲੇ ਪਿੰਡ ਦਾ ਨਾਂ ਲੈ ਕੇ ਪੁਛਣਗੇ ਤਾਂ ਇਸ ਤੇ ਸਮਾਂ ਬਹੁਤ ਲਗ ਜਾਵੇਗਾ ।

Amount contributed by Government towards Medical College, Faridkot and D.A.V. College, Ludhiana

*2256. **Shri Brish Bhan** : Will the Minister of State for Health and Family Planning be pleased to state—

(a) the amount of financial contribution made by the State Government to the Medical College, Faridkot, up-to-date ;

(b) the amount of financial contribution made by the State Government of Daya Nand Medical College, Ludhiana, upto-date ;

(c) whether there is any difference in the amount of contribution made to both the Medical Colleges referred to in part (a) and (b) above; if so, the reasons for discrimination ?

Shri Gurmail Singh (Education Minister) : (a) Rs. 15 lacs as an ad hoc grant.

(b) Rs. 53,94,962, plus Rs. 6 lacs as loan for building boys hostel.

(c) There has been no discrimination on the part of Government. In fact these two cases are not comparable.

[(ੳ) 15 ਲੱਖ ਰੁਪਏ ਬਤੌਰ ਤਦ-ਅਰਥ (ਐਡਹਾਕ) ਗ੍ਰਾਂਟ

(ਅ) ਰੁ: 53,94,962 ਜਮ੍ਹਾਂ 6 ਲੱਖ ਰੁਪਏ ਲੜਕਿਆਂ ਦੇ ਹੋਸਟਲ ਦੀ ਇਮਾਰਤ ਲਈ ਕਰਜ਼ਾ ।

(ੲ) ਸਰਕਾਰ ਵਲੋਂ ਗ੍ਰਾਂਟ ਦਿੱਤੇ ਜਾਣ ਸਮੇਂ ਕੋਈ ਵਿਤਕਰਾ ਨਹੀਂ ਕੀਤਾ ਗਿਆ । ਦਰ-ਅਸਲ ਇਹ ਦੋਵੇਂ ਕੇਸ ਇਕ ਦੂਜੇ ਵਰਗੇ ਨਹੀਂ ਕਹੇ ਜਾ ਸਕਦੇ ।]

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਕੀ ਮਨਿਸਟਰ ਸਾਹਿਬ ਇਹ ਦੱਸਣ ਦੀ ਖੇਚਲ ਕਰਨਗੇ ਕਿ ਜਦੋਂ ਚੀਫ਼ ਮਨਿਸਟਰ ਸਾਹਿਬ ਨੇ ਇਸ ਹਾਊਸ ਵਿਚ ਮੰਨ ਲਿਆ ਹੈ ਕਿ ਦਯਾ ਨੰਦ ਮੈਡੀਕਲ ਕਾਲਜ ਪ੍ਰਾਈਵੇਟ ਤੌਰ ਤੇ ਚਲ ਨਹੀਂ ਸਕਦਾ, ਇਸ ਤਰ੍ਹਾਂ ਹੀ ਕਲ੍ਹ ਨੂੰ ਫਰੀਦਕੋਟ ਮੈਡੀਕਲ ਕਾਲਜ ਨਹੀਂ ਚਲ ਸਕੇਗਾ ਔਰ ਜਿਹੜੇ ਇਨ੍ਹਾਂ ਕਾਲਜਾਂ ਨਾਲ ਹਸਪਤਾਲ ਹਨ ਉਨ੍ਹਾਂ ਵਿਚ ਮਰੀਜ਼ਾਂ ਦਾ ਇਲਾਜ ਹੋ ਨਹੀਂ ਸਕੇਗਾ ਤਾਂ ਕੀ ਸਰਕਾਰ ਇਨ੍ਹਾਂ ਦੋਹਾਂ ਕਾਲਜਾਂ ਨੂੰ ਆਪਣੇ ਹੱਥ ਵਿਚ ਛੇਤੀ ਤੋਂ ਛੇਤੀ ਲੈਣ ਨੂੰ ਤਿਆਰ ਹੈ ?

ਮੰਤਰੀ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਇਕ ਕਮੇਟੀ ਬਣਾਈ ਹੈ। ਇਹ ਕਮੇਟੀ ਸਾਰੀ ਚੀਜ਼ ਨੂੰ ਵੇਖੇਗੀ ਕਿਉਂਕਿ ਸਰਕਾਰ ਦਾ ਇਹ ਵੇਖਣਾ ਫਰਜ਼ ਬਣਦਾ ਹੈ ਕਿ ਕਾਲਜ ਦੀ ਪ੍ਰਾਪਰਟੀ ਕਿਤਨੀ ਹੈ ਔਰ ਕੀ ਉਸ ਪ੍ਰਾਪਰਟੀ ਨੂੰ ਦੇਣ ਵਾਸਤੇ ਉਥੋ ਦੀ ਮੈਨੇਜਮੈਂਟ ਤਿਆਰ ਹੈ ਜਾਂ ਨਹੀਂ। ਵੈਸੇ ਅਸੀਂ ਇਸ ਮਸਲੇ ਤੇ ਹਮਦਰਦੀ ਨਾਲ ਗੌਰ ਕਰਦੇ ਪਏ ਹਾਂ।

ਕੈਪਟਨ ਰਤਨ ਸਿੰਘ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਕਮੇਟੀ ਬਣਾਈ ਹੈ ਕੀ ਉਸ ਕਮੇਟੀ ਦੇ ਵਿਚ ਪਬਲਿਕ ਦੇ ਨੁਮਾਇੰਦੇ ਨਹੀਂ ਲਏ ਜਾਣਗੇ ?

ਮੰਤਰੀ : ਸਪੀਕਰ ਸਾਹਿਬ, ਉਹ ਸਰਕਾਰ ਦੀ ਕਮੇਟੀ ਹੈ ਔਰ ਉਹਦੇ ਵਿਚ ਪਬਲਿਕ ਦਾ ਕੋਈ ਨੁਮਾਇੰਦਾ ਪਾਉਣ ਦੀ ਮੈਂ ਸਮਝਦਾ ਹਾਂ ਕਿ ਕੋਈ ਲੋੜ ਨਹੀਂ ਹੈ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਜੇਕਰ ਇਸ ਕਾਲਜ ਦੀ ਕਮੇਟੀ ਪ੍ਰਾਪਰਟੀ ਦੇਣ ਵਾਸਤੇ ਰਜ਼ਾਮੰਦ ਹੋਵੇ ਤਾਂ ਕੀ ਇਹ ਉਸ ਨੂੰ ਟੇਕ ਓਵਰ ਕਰ ਲੈਣਗੇ ?

ਮੰਤਰੀ : ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਬੜੀ ਕਲੀਅਰ ਗਲ ਕਹੀ ਸੀ ਕਿ ਸਰਕਾਰ ਦੀ ਸੋਚ ਟੇਕ ਓਵਰ ਕਰਨ ਵਲ ਜਾ ਰਹੀ ਹੈ।

ਅਵਾਜ਼ਾਂ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਲੀਅਰ ਜਵਾਬ ਦੇਣ ।

ਸ਼੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਕਾਲਜ ਦੀ ਗਵਰਨਿੰਗ ਬਾਡੀ ਨੇ ਚਿੱਠੀ ਲਿਖ ਕੇ ਭੇਜ ਦਿਤੀ ਸੀ ਕਿ ਇਹ ਕਾਲਜ ਉਨ੍ਹਾਂ ਪਾਸੋਂ ਚਲ ਨਹੀਂ ਸਕਦਾ ਔਰ ਉਹ ਗੌਰਮਿੰਟ ਨੂੰ ਦੇਣ ਲਈ ਤਿਆਰ ਹਨ ਔਰ ਗੌਰਮਿੰਟ ਬਾਕੀ ਫਾਰਮੈਲਿਟੀਜ਼ ਨੂੰ ਪੂਰਾ ਕਰਨ ਲਈ ਤਿਆਰ ਰਹੇ ।

ਮੰਤਰੀ : ਸਪੀਕਰ ਸਾਹਿਬ, ਕਿਸੇ ਦੇ ਜ਼ਬਾਨੀ ਕਹਿਣ ਨਾਲ ਗਲ ਮੁੱਕ ਨਹੀਂ ਜਾਂਦੀ। ਜਦੋਂ ਉਹ ਲਿਖ ਕੇ ਦੇਣਗੇ ਤਾਂ ਵਿਚਾਰ ਕਰ ਲਵਾਂਗੇ।

आचार्य पृथ्वी सिंह आज़ाद : स्पीकर साहिब, वज़ीर साहिब के जवाब को मुख्य रखते हुये क्या मैं सरकार से पूछ सकता हूं कि जब तक दयानन्द मैडीकल कालेज को सरकार टेक ओवर नहीं करती तब तक उन 200 बच्चों के फियूचर को सेफ करने के लिए सरकार कोई कदम जल्द उठाएगी जिस से कि कालेज की अफिलियेशन कायम रखी जा सके ?

ਮੰਤਰੀ : ਉਸ ਕਾਲਜ ਨੂੰ ਸਰਕਾਰ ਵਲੋਂ 6 ਲੱਖ ਰੁਪਏ ਦਿੱਤੇ ਜਾ ਰਹੇ ਹਨ।

Acharya Prithvi Singh Azad: This grant is about the building. My question is about the future of the students of Daya Nand Medical College which has been dis-affiliated.

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ ਵੀ ਉਸ ਕਮੇਟੀ ਦੇ ਮੈਂਬਰ ਹੋ ......

ਸ਼੍ਰੀ ਸਪੀਕਰ : ਪਰ ਜਵਾਬ ਤਾਂ ਵਜ਼ੀਰ ਸਾਹਿਬ ਨੇ ਦੇਣਾ ਹੈ । (But the reply is to be given by the Minister.)

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਮੇਰੀ ਅਰਜ਼ ਹੈ ਕਿ ਕਪੂਰ ਸਾਹਿਬ ਦੇ ਇਸ ਹਾਊਸ ਦੇ ਵਿਚ ਇਹ ਗੱਲ ਕਹਿਣ ਨਾਲ ਕਿ ਉਹ ਸਾਰੀ ਪ੍ਰਾਪਰਟੀ ਦੇਣ ਨੂੰ ਤਿਆਰ ਹਨ ਔਰ ਉਸ ਤੇ ਸੀ.ਐਮ. ਸਾਹਿਬ ਨੇ ਹਾਊਸ ਦੇ ਵਿਚ ਇਹ ਯਕੀਨ ਦਿਵਾਇਆ ਸੀ ਕਿ ਸਰਕਾਰ ਇਸ ਨੂੰ ਤੇਜ਼ੀ ਨਾਲ ਕਨਸਿਡਰ ਕਰ ਰਹੀ ਹੈ, ਔਰ ਉਹ ਮੈਨੇਜਮੈਂਟ ਨਾਲ ਗਲ ਕਰ ਰਹੇ ਹਨ ਤਾਂ ਕੀ ਮਨਿਸਟਰ ਸਾਹਿਬ ਦਾ ਇਹ ਜਵਾਬ ਠੀਕ ਹੈ ਕਿ ਜਿਹੜੀ ਕਮੇਟੀ ਸਰਕਾਰ ਨੇ ਬਣਾਈ ਹੈ ਉਸ ਵਿਚ ਕੋਈ ਪਬਲਿਕ ਦਾ ਨੁਮਾਇੰਦਾ ਲੈਣ ਦੀ ਲੋੜ ਨਹੀਂ ਹੈ ?

ਮੰਤਰੀ : ਸਪੀਕਰ ਸਾਹਿਬ, ਕਪੂਰ ਸਾਹਿਬ ਵੀ ਮੈਨੇਜਮੈਂਟ ਕਮੇਟੀ ਵਾਲਿਆਂ ਨੂੰ ਕਹਿ ਦੇਣ, ਅਸੀਂ ਇਕ ਸਬ ਕਮੇਟੀ ਵੀ ਬਣਾਈ ਹੈ। ਉਹ ਡੀਟੇਲ ਵਿਚ ਜਾਵੇਗੀ। ਇਹ ਉਨ੍ਹਾਂ ਤੋਂ ਰੈਜ਼ੋਲਿਊਸ਼ਨ ਲਿਆ ਕੇ ਦੇ ਦੇਣ। ਜੋ ਸੀ.ਐਮ. ਸਾਹਿਬ ਨੇ ਕਿਹਾ ਹੈ ਉਹ ਫਾਈਨਲ ਹੋਵੇਗਾ।

ਸਰਦਾਰ ਜਸਵਿੰਦਰ ਸਿੰਘ ਬਰਾੜ: ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਕ ਪਾਸੇ ਤਾਂ ਵਿਦਿਆਰਥੀਆਂ ਦੇ ਫਿਊਚਰ ਦਾ ਸਵਾਲ ਹੈ ਔਰ ਦੂਜੇ ਪਾਸੇ ਸਰਕਾਰ ਕਲੀਅਰ ਗਲ ਨਹੀਂ ਕਰਦੀ । ਕੀ ਸਰਕਾਰ ਦਯਾ ਨੰਦ ਮੈਡੀਕਲ ਕਾਲਜ, ਲੁਧਿਆਣਾ ਔਰ ਫ਼ਰੀਦਕੋਟ ਮੈਡੀਕਲ ਕਾਲਿਜ ਟੇਕ ਓਵਰ ਕਰਨ ਲਈ ਵਿਚਾਰ ਕਰਨ ਨੂੰ ਤਿਆਰ ਹੈ ਕਿ ਉਹ ਛੇਤੀ ਹੀ ਟੇਕ ਓਵਰ ਕਰ ਲਏ ਜਾਣਗੇ ? ਕੀ ਇਹ ਬੱਚਿਆਂ ਦੇ ਫਿਊਚਰ ਨੂੰ ਬਚਾਉਣ ਲਈ ਵਿਚਾਰ ਕਰਨਗੇ ?

ਸ੍ਰੀ ਪ੍ਰੇਮ ਗੁਪਤਾ: ਸਪੀਕਰ ਸਾਹਿਬ, ਗਲ ਤਾਂ ਦਯਾ ਨੰਦ ਮੈਡੀਕਲ ਕਾਲਜ, ਲੁਧਿਆਣੇ ਦੀ ਚਲ ਰਹੀ ਹੈ ਇਹ ਫਰੀਦਕੋਟ ਨੂੰ ਲੈ ਬੈਠੇ ਹਨ। ਫ਼ਰੀਦਕੋਟ ਦੇ ਵਿਦਿਆਰਥੀਆਂ ਦਾ ਫਿਊਚਰ ਕਿਥੋਂ ਡਾਰਕ ਹੋ ਗਿਆ ਹੈ।

ਮਾਲ ਮੰਤਰੀ: ਵਿਦਿਆਰਥੀਆਂ ਨੂੰ ਅਸੀਂ ਤਾਂ ਦਾਖਲ ਹੋਣ ਲਈ ਨਹੀਂ ਕਿਹਾ।

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਜਦੋਂ ਇਸ ਹਾਊਸ ਦੇ ਆਨਰੇਬਲ ਮੈਂਬਰ ਜਿਹੜੇ ਕਿ ਦਯਾ ਨੰਦ ਕਾਲਜ ਦੀ ਮੈਨੇਜਮੈਂਟ ਕਮੇਟੀ ਦੇ ਜ਼ਿੰਮੇਵਾਰ ਮੈਂਬਰ ਆਹੁਦੇਦਾਰ ਹਨ ਉਨ੍ਹਾਂ ਨੇ ਕਹਿ ਦਿਤਾ ਹੈ ਕਿ ਉਹ ਸਾਰੀ ਪ੍ਰਾਪਰਟੀ ਸਰਕਾਰ ਨੂੰ ਦਿਵਾ ਦੇਣ ਦੀ ਜ਼ਿੰਮੇਵਾਰੀ ਲੈਂਦੇ ਹਨ ਤਾਂ ਮਨਿਸਟਰ ਸਾਹਿਬ ਇਹ ਐਲਾਨ ਕਿਉਂ ਨਹੀਂ ਕਰਦੇ ਕਿ ਜਿਸ ਦਿਨ ਉਹ ਲਿਖ ਕੇ ਦੇ ਦੇਣਗੇ ਤਾਂ ਅਸੀਂ ਇਤਨੇ ਅਰਸੇ ਵਿਚ ਟੇਕ ਓਵਰ ਕਰ ਲਵਾਂਗੇ

ਸ੍ਰੀ ਸਪੀਕਰ: ਉਨ੍ਹਾਂ ਨੇ ਡਾਂਗ ਸਾਹਿਬ ਦੀ ਮਰਜ਼ੀ ਨਾਲ ਜਵਾਬ ਨਹੀਂ ਦੇਣਾ; ਉਹ ਸੋਚ ਕੇ ਜਵਾਬ ਦੇਣਗੇ । (ਹਾਸਾ) (He will not give the reply according to the wishes of Dang Sahib. He will give it after full consideration.)

ਕਾਮਰੇਡ ਸੱਤ ਪਾਲ ਡਾਂਗ: ਸਪੀਕਰ ਸਾਹਿਬ, ਮੈਂ ਸਰਕਾਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਹਕੀਕਤ ਨਹੀਂ ਹੈ ਕਿ ਇਸ ਨੂੰ ਟੇਕ ਓਵਰ ਕਰਨ ਦੇ ਚੌਧਰੀ ਗੁਰਮੇਲ ਸਿੰਘ ਔਰ ਹੰਸ ਰਾਜ ਜੀ ਸ਼ਰਮਾ ਰਸਤੇ ਵਿਚ ਆ ਰਹੇ ਹਨ। (ਵਿਘਨ)

ਵਿਦਿਆ ਮੰਤਰੀ: ਸਪੀਕਰ ਸਾਹਿਬ, ਕਪੂਰ ਸਾਹਿਬ ਨੂੰ ਕਹਾਂਗਾ ਕਿ ਉਹ ਰੈਜ਼ੋਲਿਊਸ਼ਨ ਕਰਵਾ ਦੇਣ, ਉਸ ਤੋਂ ਬਾਅਦ ਉਸ ਨੂੰ ਟੇਕ ਓਵਰ ਕਰਨ ਲਈ ਉਸ ਦੀਆਂ ਲੀਗਲ ਕਮਪਲੀਕੇਸ਼ਨਜ਼ ਜੋ ਹਨ ਔਰ ਫਾਈਨੈਨਸ਼ੀਅਲ ਕੰਮਪਲੀਕੇਸ਼ਨਜ਼ ਜੋ ਹਨ ਉਹ ਵੇਖਣੀਆਂ ਪੈਣਗੀਆਂ ।

(ਸਰਦਾਰ ਅਜਾਇਬ ਸਿੰਘ ਸੰਧੂ ਵਲੋਂ (ਵਿਘਨ) (ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਜੀ ਸਪਲੀਮੈਂਟਰੀ ਕਰਨ ਦੀ ਆਗਿਆ ਮੰਗ ਰਹੇ ਸਨ)

ਸ੍ਰੀ ਸਪੀਕਰ: ਸੰਧੂ ਸਾਹਿਬ, ਤੁਸੀਂ ਤਸ਼ਰੀਫ ਰਖੋ, ਮੈਂ ਅਗਲਾ ਸਵਾਲ ਕਾਲ ਅਪਾਨ ਕਰ ਲਿਆ ਹੈ। (Sandhu Sahib, please resume your seat. I have called the next question.)

Vaids and Hakims registered by the Ayurvedic and Unani Board.

***2488. Sardar Sukhdev Singh Dhillon :** Will Minister of State for Health and Family Planning be pleased to state :—

(a) the total number of Vaids Ayurvedic and Hakims registered by the Ayurvedic and Unani Board in the State as at present;

[Sardar Sukhdev Singh Dhillon]

(b) whether the Government is aware of the fact that out of the said registered Vaids and Hakims about 3-4 thousand persons also work as Patwaris, Masters or Halwais etc.;

(c) if the reply to part (b) above be in the affirmative, whether there is any proposal under the consideration of the Government to check such type of registeration ?

Sardar Balbir Singh : (a) 34754. Out of whom 22265 are residing in Punjab.

(b) As a result of sample checking 60 cases have come to the notice of Government.

(c) Under the Punjab Ayurvedic and Unani Practitioners Act, 1963 there is no prohibition for any person who has adopted Ayurvedic and Unani Systems of Medicine even as side-line, or does not depend exclusively on this profession, from getting his name registered. However, no person can now get his name registered on the basis of experience, as section 15(3)(b) of the aforesaid Act permitted such registration upto 3rd August, 1965.

[(ੳ) 34754 ਇਨ੍ਹਾਂ ਵਿਚੋਂ 22265 ਪੰਜਾਬ ਵਿੱਚ ਰਹਿੰਦੇ ਹਨ।

(ਅ) ਸੈਂਪਲ ਚੈਕਿੰਗ ਕਰਨ ਉਪਰੰਤ ਕੇਵਲ 60 ਅਜਿਹੇ ਕੇਸ ਸਰਕਾਰ ਦੇ ਨੋਟਿਸ ਆਏ ਹਨ।

(ੲ) ਪੰਜਾਬ ਆਯੁਰਵੈਦਿਕ ਯੂਨਾਨੀ ਪ੍ਰੈਕਟੀਸ਼ਨਰਜ਼ ਐਕਟ 1963, ਦੇ ਅਧੀਨ ਅਜਿਹੀ ਕੋਈ ਰੋਕ ਨਹੀਂ, ਜਿਸ ਅਧੀਨ ਅਜਿਹੇ ਵਿਅਕਤੀ ਜਿਨ੍ਹਾਂ ਨੇ ਆਯੁਰਵੈਦਿਕ ਜਾਂ ਯੂਨਾਨੀ ਪ੍ਰੈਕਟਿਸ ਵਿਸ਼ੇਸ਼ ਤੌਰ ਤੇ ਜਾਰੀ ਰੱਖੀ ਹੋਵੇ, ਰਜਿਸਟਰੇਸ਼ਨ ਨਾ ਕਰਵਾ ਸਕੇ। ਹੁਣ ਅਨੁਭਵ ਦੇ ਆਧਾਰ ਤੇ ਕੋਈ ਭੀ ਵਿਅਕਤੀ ਆਪਣੀ ਰਜਿਸਟਰੇਸ਼ਨ ਨਹੀਂ ਕਰਵਾ ਸਕਦਾ ਕਿਉਂ ਜੋ ਉਪਰੋਕਤ ਐਕਟ ਦੀ ਧਾਰਾ 15(3) (ਬੀ) ਅਧੀਨ ਅਜਿਹੀ ਰਜਿਸਟਰੇਸ਼ਨ ਮਿਤੀ 3 ਅਗਸਤ, 1965 ਤੱਕ ਹੀ ਕੀਤੀ ਜਾ ਸਕਦੀ ਸੀ।]

ਸਰਦਾਰ ਸੁਖਦੇਵ ਸਿੰਘ ਢਿੱਲੋਂ: ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਨੂੰ ਮੁੱਖ ਰੱਖਦੇ ਹੋਏ ਇਹ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹਣ ਦੀ ਬਜਾਏ ਦੂਜੀਆਂ ਡਿਸਪੈਂਸਰੀਆਂ ਖੋਲ੍ਹਣ ਦਾ ਯਤਨ ਕਰਨਗੇ ਕਿਉਂਕਿ ਆਯੁਰਵੈਦਿਕ ਡਿਸਪੈਂਸਰੀਆਂ ਵਿਚ ਤਾਂ ਮਰੀਜ਼ ਇਲਾਜ ਕਰਾਉਣਾ ਹੀ ਨਹੀਂ ਚਾਹੁੰਦੇ ?

ਰਾਜ ਮੰਤਰੀ: ਹੋ ਸਕਦਾ ਹੈ ਕਿ ਤੁਹਾਡੇ ਇਲਾਕੇ ਵਿਚ ਲੋਕ ਨਾ ਇਲਾਜ ਕਰਾਉਣਾ ਚਾਹੁੰਦੇ ਹੋਣ, ਹੋਰ ਲੋਕ ਤਾਂ ਚਾਹੁੰਦੇ ਹਨ। (ਹਾਸਾ)

ਸਰਦਾਰ ਬੇਅੰਤ ਸਿੰਘ: ਕੀ ਮਨਿਸਟਰ ਸਾਹਿਬ, ਇਹ ਦੱਸਣ ਦੀ ਖੇਚਲ ਕਰਨਗੇ ਕਿ ਕੀ ਜਿਹੜਾ ਆਯੁਰਵੈਦਿਕ ਡਿਸਪੈਂਸਰੀ ਦਾ ਵੈਦ ਹੁੰਦਾ ਹੈ ਉਸ ਨੂੰ ਐਲੋਪੈਥਿਕ ਦਵਾਈ ਵੇਚਣ ਦੀ ਖੁਲ੍ਹ ਦਿੱਤੀ ਹੋਈ ਹੈ ਜਾਂ ਕਿ ਕੋਈ ਰਿਸਟਰਿਕਸ਼ਨ ਲਗਾਈ ਹੋਈ ਹੈ ?

ਰਾਜ ਮੰਤਰੀ: ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੈਂਬਰ ਸਾਹਿਬ ਨੇ ਸਵਾਲ ਦਾ ਜਵਾਬ ਚੰਗੀ ਤਰ੍ਹਾਂ ਪੜ੍ਹਿਆ ਨਹੀਂ ਹੈ। ਜਿੱਥੇ ਆਯੁਰਵੈਦਿਕ ਜਾਂ ਯੂਨਾਨੀ ਪ੍ਰੈਕਟੀਸ਼ਨਰਜ਼ ਹਨ ਉਹ ਐਲੋਪੈਥਿਕ ਦਵਾਈਆਂ ਵੇਚ ਸਕਦੇ ਹਨ, ਉਨ੍ਹਾਂ ਉਪਰ ਕੋਈ ਰਿਸਟ੍ਰਿਕਸ਼ਨ ਨਹੀਂ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ, ਸਪੀਕਰ ਸਾਹਿਬ, ਤੁਹਾਡੀ ਆਗਿਆ ਨਾਲ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਯੁਰਵੈਦਿਕ ਦਾ ਇਕ ਵਖਰਾ ਡਾਇਰੈਕਟੋਰੇਟ ਬਣਿਆ ਹੋਇਆ ਹੈ, ਕੀ ਇਨ੍ਹਾਂ ਨੂੰ ਇਹ ਗਿਆਨ ਹੈ ਕਿ ਲੋਕਾਂ ਦਾ ਭਰੋਸਾ, ਜਿਹੜੀਆਂ ਇਨ੍ਹਾਂ ਦੀਆਂ ਪਿੰਡਾਂ ਜਾਂ ਸ਼ਹਿਰਾਂ ਵਿਚ ਆਯੁਰਵੈਦਿਕ ਡਿਸਪੈਂਸਰੀਆਂ ਖੋਲ੍ਹੀਆਂ ਗਈਆਂ ਹਨ, ਪ੍ਰਾਪਤ ਨਹੀਂ ਕਰ ਸਕ-ਦੀਆਂ ? ਕੀ ਇਹ ਭਰੋਸਾ ਪ੍ਰਾਪਤ ਕਰਨ ਵਾਸਤੇ ਕੋਈ ਯਤਨ ਕਰਨਗੇ ?

ਰਾਜ ਮੰਤਰੀ : ਮੈਂਬਰ ਸਾਹਿਬ ਨੇ ਜਿਹੜਾ ਇਹ ਕਿਹਾ ਹੈ ਕਿ ਆਯੁਰਵੈਦਿਕ ਦਾ ਵਖਰਾ ਡਾਇਰੈਕਟੋਰੇਟ ਹੈ, ਇਹ ਬਿਲਕੁਲ ਗਲਤ ਹੈ । ਆਯੁਰਵੈਦਿਕ ਦਾ ਇਕ ਡਿਪਟੀ ਡਾਇਰੈਕਟਰ ਹੈ ਅਤੇ ਡਾਇਰੈਕਟੋਰੇਟ ਇਕੋ ਹੀ ਹੈ । ਜਿੱਥੋਂ ਮੰਗ ਆਉਂਦੀ ਹੈ, ਉਸ ਤੇ ਵਿਚਾਰ ਕੀਤਾ ਜਾਂਦਾ ਹੈ।

ਸਰਦਾਰ ਧੰਨਾ ਸਿੰਘ ਗੁਲਸ਼ਨ : ਮੈਂ ਤਾਂ ਇਹ ਪੁੱਛਿਆ ਹੈ ਕਿ ਲੋਕਾਂ ਦਾ ਭਰੋਸਾ ਹਾਸਲ ਕਰਨ ਵਾਸਤੇ ਕੀ ਕੀਤਾ ਗਿਆ ਹੈ ?

ਰਾਜ ਮੰਤਰੀ : ਇਹ ਤਾਂ ਵੈਦਾਂ ਨੂੰ ਚਾਹੀਦਾ ਹੈ ਕਿ ਉਹ ਇਸ ਸਿਸਟਮ ਨੂੰ ਰਨ-ਡਾਊਨ ਨਾ ਕਰਨ ਅਤੇ ਆਯੁਰਵੈਦਿਕ ਦੀਆਂ ਦਵਾਈਆਂ ਹੀ ਵਰਤਣ ।

ਸਰਦਾਰ ਦਰਬਾਰਾ ਸਿੰਘ : ਇਸ ਗੱਲ ਦੇ ਪੇਸ਼ੇ ਨਜ਼ਰ ਕਿ ਆਯੂਰਵੈਦਿਕ ਵੈਦਾਂ ਦੀਆਂ ਆਯੂਰਵੈਦਿਕ ਦਵਾਈਆਂ ਨਾਲ ਲੋਕਾਂ ਦੀ ਪੂਰੀ ਤਸੱਲੀ ਨਹੀਂ ਹੁੰਦੀ, ਉਨ੍ਹਾਂ ਨੂੰ ਐਲੋਪੈਥਿਕ ਦਵਾਈਆਂ ਵਰਤਣ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਐਲੋਪੈਥੀ ਦੀ ਟਰੇਨਿੰਗ ਦੇ ਕੇ ਐਲੋਪੈਥਿਕ ਸਿਸਟਮ ਵਿਚ ਕਨਵਰਟ ਕੀਤਾ ਜਾਵੇ।

ਰਾਜ ਮੰਤਰੀ : ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਕਹਿਣਾ ਕਿ ਇਹ ਇਕ ਪੁਰਾਣਾ ਸਿਸਟਮ ਹੈ ਅਤੇ ਲੋਕ ਇਸ ਨੂੰ ਪਸੰਦ ਨਹੀਂ ਕਰਦੇ, ਇਹ ਬਿਲਕੁਲ ਇਨਕੁਰੈਕਟ ਸਟੇਟਮੈਂਟ ਹੈ। ਦੂਜੀ ਗੱਲ ਇਹ ਹੈ ਕਿ ਜਿਥੋਂ ਕਿਧਰੇ ਵੀ ਮੰਗ ਹੋਵੇ ਕਿ ਆਯੂਰਵੈਦਿਕ ਡਿਸਪੈਂਸਰੀ ਨੂੰ ਐਲੋਪੈਥਿਕ ਡਿਸਪੈਂਸਰੀ ਵਿਚ ਕਨਵਰਟ ਕੀਤਾ ਜਾਵੇ ਜਾਂ ਐਲੋਪੈਥਿਕ ਡਿਸਪੈਂਸਰੀ ਨੂੰ ਆਯੂਰ-ਵੈਦਿਕ ਡਿਸਪੈਂਸਰੀ ਵਿਚ ਕਨਵਰਟ ਕੀਤਾ ਜਾਵੇ, ਉਸ ਤੇ ਵਿਚਾਰ ਕੀਤਾ ਜਾ ਸਕਦਾ ਹੈ ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਕੀ ਸਰਕਾਰ ਆਯੁਰਵੈਦਿਕ ਵੈਦਾਂ ਉਤੇ ਅੰਗਰੇਜ਼ੀ ਦਵਾਈਆਂ ਵਰਤਣ ਲਈ ਕੋਈ ਪਾਬੰਦੀ ਲਗਾਉਣ ਨੂੰ ਤਿਆਰ ਹੈ ?

ਰਾਜ ਮੰਤਰੀ : ਇਸ ਦਾ ਜਵਾਬ ਪਹਿਲਾਂ ਦੇ ਦਿੱਤਾ ਹੈ ।

ਸਰਦਾਰ ਅਜਾਇਬ ਸਿੰਘ ਸੰਧੂ : ਮੈਂ, ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਆਯੂਰਵੈਦਿਕ ਇਕ ਏਨਸ਼ੀਏਟ ਮੈਡੀਕਲ ਸਾਇੰਸ ਹੈ। ਹਿੰਦੁਸਤਾਨ ਦੇ ......

ਸ੍ਰੀ ਸਪੀਕਰ : ਮਲੂਮ ਹੁੰਦਾ ਹੈ ਤੁਸੀਂ ਵੀ ਇਸਤੇਮਾਲ ਕਰਦੇ ਹੋ ਤਾਂ ਹੀ ਤਗੜੇ ਹੋ ਕੇ ਬੋਲ ਰਹੇ ਹੋ । (It seems that you also use Ayurvedic medicines; that is why you are speaking so energetically.)

ਸਰਦਾਰ ਅਜਾਇਬ ਸਿੰਘ ਸੰਧੂ : ਸਿਰਫ ਕੁਸ਼ਤੇ ਇਸਤੇਮਾਲ ਨਹੀਂ ਕਰਦਾ ਹੋਰ ਸੱਭ ਕੁਝ ਕਰਦਾ ਹਾਂ। ਸੋ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਹਿੰਦੁਸਤਾਨ ਦਾ ਆਪਣਾ ਮੈਡੀਕਲ ਸਾਇੰਸ ਦਾ ਤਰੀਕਾ ਹੋਵੇ, ਇਸ ਦੇ ਵਾਸਤੇ ਕੀ ਸਰਕਾਰ ਵਖਰਾ ਡਾਇਰੈਕਟੋਰੇਟ ਬਣਾਉਣ ਨੂੰ ਤਿਆਰ ਹੈ?

ਰਾਜ ਮੰਤਰੀ : ਤੁਹਾਡੇ ਸੁਝਾਓ ਤੇ ਵਿਚਾਰ ਕਰ ਲਵਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਅਸੀਂ ਚਾਹੁੰਦੇ ਹਾਂ ਕਿ ਇਸ ਸਿਸਟਮ ਦਾ ਲੋਕਾਂ ਤੇ ਜ਼ਿਆਦਾ ਪ੍ਰਭਾਵ ਪਾਇਆ ਜਾਵੇ ਅਤੇ ਇਸ ਬਾਰੇ ਸਰਕਾਰ ਨੂੰ ਪੂਰੀ ਕੋਸ਼ਿਸ਼ ਕਰਨੀ ਚਾਹੀਦੀ ਹੈ ।

ਰਾਜ ਮੰਤਰੀ : ਜਿੰਨਾਂ ਇਹ ਸਿਸਟਮ ਪਾਪੂਲਰ ਹੋਵੇਗਾ ਇਸ ਤੇ ਵਿਚਾਰ ਕੀਤਾ ਜਾ ਸਕਦਾ ਹੈ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਪਿਛਲੇ ਸੈਸ਼ਨ ਵਿਚ ਇਹ ਸਵਾਲ ਹੋਇਆ ਸੀ ਅਤੇ ਵਜ਼ੀਰ ਸਾਹਿਬ ਨੇ ਇਹ ਭਰੋਸਾ ਦਵਾਇਆ ਸੀ ਕਿ ਆਯੂਰਵੈਦਿਕ ਦਾ ਅਲੱਗ ਡਾਇਰੈਕਟੋਰੇਟ ਬਣਾ ਕੇ ਇਸ ਸਿਸਟਮ ਦੀ ਤਰੱਕੀ ਲਈ ਉਪਰਾਲਾ ਕੀਤਾ ਜਾਵੇਗਾ। ਕੀ ਆਯੂਰਵੈਦਿਕ ਦੇ ਡਾਇਰੈਕ-ਟੋਰੇਟ ਨੂੰ ਐਲੋਪੈਥਿਕ ਡਾਇਰੈਕਟੋਰੇਟ ਨਾਲੋਂ ਅੱਡ ਕਰਨ ਦਾ ਕੋਈ ਉਪਰਾਲਾ ਕੀਤਾ ਗਿਆ ?

ਰਾਜ ਮੰਤਰੀ : ਇਸ ਸਮੇਂ ਇਕ ਡਿਪਟੀ ਡਾਇਰੈਕਟਰ ਇਸ ਕੰਮ ਤੇ ਲਗਾਇਆ ਹੋਇਆ ਹੈ ਅਤੇ ਇਸ ਲਈ ਪਟਿਆਲੇ ਵਿਚ ਇਕ ਰਿਸਰਚ ਇੰਸਟੀਟਿਊਟ ਵੀ ਚਲ ਰਿਹਾ ਹੈ।

ਡਾਕਟਰ ਅਮੀਰ ਸਿੰਘ ਕਲਕਟ : ਪੰਜਾਬ ਵਿਚ ਇਕ ਆਯੂਰਵੈਦਿਕ ਕਾਲਜ ਚਲ ਰਿਹਾ ਹੈ, ਉਸ ਦੇ ਵਿਚ ਹਰ ਸੂਬੇ ਦੇ ਬੰਦੇ ਦਾਖਲ ਕੀਤੇ ਜਾਂਦੇ ਹਨ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਕਾਲਜ ਵਿਚ ਸਿਰਫ ਪੰਜਾਬ ਦੇ ਹੀ ਸਟੂਡੈਂਟਸ ਨੂੰ ਐਡਮਿਸ਼ਨ ਦਿਤੀ ਜਾਵੇ ਕਿਉਂਕਿ ਜੇ ਬਾਹਰੋਂ ਲਏ ਜਾਣ ਤਾਂ ਸਾਡੇ ਬੰਦੇ ਰਹਿ ਜਾਣਗੇ ।

ਰਾਜ ਮੰਤਰੀ : ਇਸ ਦੇ ਵਾਸਤੇ ਜੁਦਾ ਨੋਟਿਸ ਦੇਵੋ, ਇਸ ਦਾ ਇਸ ਸਵਾਲ ਦੇ ਨਾਲ ਕੋਈ ਸਬੰਧ ਨਹੀਂ ।

Report lodged by the District Education Officer, Ludhiana.

***2206. Sardar Basant Singh Khalsa** : Will the Chief Minister be pleased to state :—

(a) whether the District Education Officer, Ludhiana had lodged any report in December, 1973 with the S.S.P. and D.C., Ludhiana, regarding bribery of one hundred rupee offered to him by somebody ; if so, the action taken thereon ;

(b) whether any enquiry has been held in the said case ; if so, the result thereof ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁਖ ਸੰਸਦੀ ਸਕੱਤਰ) : (ੳ) ਹਾਂ ਜੀ । ਇਸ ਸਬੰਧੀ ਮੁਕਦਮਾ ਨੰ: 442 ਮਿਤੀ 16 ਨਵੰਬਰ, 1973 ਅਧੀਨ ਧਾਰਾ 165/ੳ ਭ: ਦਡਾਵਲੀ ਥਾਣਾ ਸਿਵਲ ਲਾਈਨ ਲੁਧਿਆਣਾ, ਦਰਜ ਕੀਤਾ ਗਿਆ ਸੀ।

(ਅ) ਇਸ ਸਬੰਧ ਵਿਚ ਡਿਪਟੀ ਸੁਪਰਡੈਂਟ ਪੁਲਿਸ, ਲੁਧਿਆਣਾ ਨੇ ਤਫਤੀਸ਼ ਕੀਤੀ ਸੀ ਲੇਕਿਨ ਪ੍ਰਾਰਥੀ ਵਲੋਂ ਲਾਏ ਗਏ ਦੋਸ਼ ਸਾਬਤ ਨਹੀਂ ਹੋ ਸਕੇ ਇਸ ਲਈ ਇਸ ਵਿਚ ਮਿਤੀ 27 ਜਨਵਰੀ, 1974 ਨੂੰ ਰਿਪੋਰਟ ਅਖਰਾਜ ਮੁਰਤਬ ਕੀਤੀ ਗਈ ।

ਸਰਦਾਰ ਬਸੰਤ ਸਿੰਘ ਖਾਲਸਾ : ਜਵਾਬ ਬਿਲਕੁਲ ਗਲਤ ਹੈ । ਡਿਸਟ੍ਰਿਕਟ ਗਰੀਵੈਂਸਿਜ਼ ਕਮੇਟੀ ਵਿਚ ਇਹ ਸਵਾਲ ਆਇਆ ਸੀ । ਉਥੇ ਸਦਨ ਦੇ ਬਹੁਤ ਸਾਰ ਮੈਂਬਰ ਤੁਹਾਡੇ ਸਨ । ਡੀ.ਸੀ. ਸਾਹਿਬ ਨੇ ਜਵਾਬ ਦਿੱਤਾ ਕਿ ਡੀ.ਈ.ਓ. ਨੇ ਆਪਣੀ ਸ਼ਿਕਾਇਤ ਵਾਪਿਸ ਲੈ ਲਈ ਹੈ

ਅਤੇ ਕੋਈ ਕਿਸੇ ਨੇ ਕਿਤੇ ਇਨਕੁਆਇਰੀ ਨਹੀਂ ਕੀਤੀ । ਚੀਫ ਪਾਰਲੀਮੈਂਟਰੀ ਸੈਕਟਰੀ ਸਾਹਿਬ ਕਹਿ ਰਹੇ ਹਨ ਕਿ ਇਨਕੁਆਇਰੀ ਹੋਈ । ਇਹ ਗਲਤ ਹੈ ।

ਮੁੱਖ ਸੰਸਦੀ ਸਕੱਤਰ : ਜਵਾਬ ਬਿਲਕੁਲ ਦਰੁੱਸਤ ਦਿੱਤਾ ਗਿਆ ਹੈ । ਇਕ ਮਾਡਲ ਟਾਊਨ ਲੁਧਿਆਣੇ ਦਾ ਜਗਜੀਤ ਸਿੰਘ ਸਾਧ ਸੀ, ਉਸ ਦੇ ਖਿਲਾਫ ਡੀ. ਈ. ਓ. ਨੇ ਸ਼ਿਕਾਇਤ ਕੀਤੀ ਕਿ ਉਹ ਉਨ੍ਹਾਂ ਦੇ ਦਫਤਰ ਵਿਚ ਗਿਆ ਅਤੇ 100 ਰੁਪਏ ਦਾ ਨੋਟ ਆਫਰ ਕੀਤਾ । ਜਦੋਂ ਡੀ. ਈ. ਓ. ਨੇ ਇਸ ਗੱਲ ਨੂੰ ਰਿਜੈਕਟ ਕੀਤਾ ਤਾਂ ਉਹ ਆਦਮੀ ਉਠ ਕੇ ਬਾਹਰ ਚਲਾ ਗਿਆ । ਡੀ. ਈ. ਓ. ਨੇ ਇਸ ਗੱਲ ਦੀ ਡੀ. ਸੀ. ਕੋਲ ਸ਼ਿਕਾਇਤ ਕੀਤੀ ਅਤੇ ਡੀ. ਸੀ. ਨੇ ਐਸ. ਪੀ. ਨਾਲ ਗੱਲ ਕੀਤੀ । ਇਸ ਮਾਮਲੇ ਤੇ ਡੀ. ਐਸ. ਪੀ. ਨੂੰ ਇਨਕੁਆਇਰੀ ਤੇ ਲਾਇਆ ਗਿਆ ਪਰ ਕਿਉਂਕਿ ਕੋਈ ਸਬੂਤ ਨਾ ਮਿਲਿਆ, ਇਸ ਕਰਕੇ ਇਸ ਕੇਸ ਨੂੰ ਫਾਈਲ ਕੀਤਾ ਗਿਆ ।

ਕਾਮਰੇਡ ਸੱਤ ਪਾਲ ਡਾਂਗ : ਬਹੁਤ ਸਾਰੇ ਕੁਰੱਪਟ ਅਫਸਰ ਹਨ, ਜੇ ਉਹ ਫੜੇ ਨਾ ਜਾਣ ਤੇ ਪੁਲਿਸ ਵਿਚ ਵੀ ਕੁਰੱਪਟ ਅਫਸਰ ਹਨ, ਜਿਹੜੇ ਛੱਡ ਦਿੰਦੇ ਹਨ, ਅਜਿਹੇ ਜਿਹੜੇ ਅਫਸਰ ਕਲਾਸ ਵਨ ਅਤੇ ਕਲਾਸ ਟੂ ਵਿਚ ਹਨ, ਕੀ ਉਨ੍ਹਾਂ ਨੂੰ ਰੂਲਜ਼ ਦੇ ਮੁਤਾਬਕ ਕੰਪਲਸਰੀ ਰਿਟਾਇਰ ਨਹੀਂ ਕੀਤਾ ਜਾ ਸਕਦਾ ?

ਮੁੱਖ ਸੰਸਦੀ ਸਕੱਤਰ : ਇਹ ਇਸ ਸਵਾਲ ਵਿਚੋਂ ਅਰਾਈਜ਼ ਨਹੀਂ ਹੁੰਦਾ ।

ਸਰਦਾਰ ਬਸੰਤ ਸਿੰਘ ਖਾਲਸਾ: ** ** **

ਸ੍ਰੀ ਸਪੀਕਰ : ਇਹ ਜੋ ਬਸੰਤ ਸਿੰਘ ਜੀ ਖਾਲਸਾ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ । (ਵਿਘਨ) (Whatever the hon. Member Sardar Basant Singh Khalsa is uttering, should not be recorded).

ਸਰਦਾਰ ਬਸੰਤ ਸਿੰਘ ਖਾਲਸਾ: ਸਪੀਕਰ ਸਾਹਿਬ, ਮੈਨੂੰ ਸਵਾਲ ਤਾਂ ਪੁਛਣ ਦੇਵੋ ਜੀ ।

ਸ੍ਰੀ ਸਪੀਕਰ : ਪੁੱਛੋ ਜੀ, ਤੁਹਾਡਾ ਕੀ ਸਵਾਲ ਹੈ । (Please put your question.)

ਸਰਦਾਰ ਬਸੰਤ ਸਿੰਘ ਖਾਲਸਾ : ਸਪੀਕਰ ਸਾਹਿਬ, ਇਨ੍ਹਾਂ ਨੇ ਸਹੀ ਮਾਇਨਿਆਂ ਵਿਚ ਗਲਤ ਜਵਾਬ ਦਿਤਾ ਹੈ । ਡੀ. ਈ. ਓ. ਸਾਹਿਬ ਨੇ ਜ਼ਿਲ੍ਹਾ ਸ਼ਿਕਾਇਤ ਕਮੇਟੀ ਵਿਚ ਇਹ ਗੱਲ ਆਖੀ ਸੀ ਕਿ ਮੈਨੂੰ ਸ਼ੱਕ ਸੀ ਕਿ ਉਸ ਨੇ ਪੈਸੇ ਨਹੀਂ ਦਿੱਤੇ ਅਤੇ ਇਸ ਕਰਕੇ ਕੇਸ ਵਾਪਿਸ ਲੈ ਲਿਆ ਅਤੇ ਕੋਈ ਇਨਕੁਆਇਰੀ ਨਹੀਂ ਹੋਈ । ਸਪੀਕਰ ਸਾਹਿਬ, ਇਹ ਇਕ ਗਜ਼ਟਿਡ ਅਫਸਰ ਕਹਿੰਦਾ ਹੈ । ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ ।

ਮੁੱਖ ਸੰਸਦੀ ਸਕੱਤਰ: ਜੋ ਮੈਂਬਰ ਸਾਹਿਬ ਦੱਸਦੇ ਹਨ, ਜੇ ਇਸ ਗੱਲ ਦਾ ਇਨ੍ਹਾਂ ਨੂੰ ਇਤਰਾਜ਼ ਹੈ, ਤਾਂ ਇਹ ਲਿਖ ਕੇ ਦੇ ਦੇਣ, ਫਰਦਰ ਇਨਕੁਆਇਰੀ ਕਰਵਾ ਲਵਾਂਗੇ ।

Persons given training at Police Training Centre, Mohindergarh.

***2434. 1. Sardar Sukhdev Singh Dhillon**
2. Sardar Surjit Singh Sidhu } :Will the Chief Minister be pleased to state —

(a) the number of trainees, who were given training at Police Training Centre, Mohindergarh during the year 1972 and 1973 ;

****Not recorded as ordered by the Chair.**

[Sardar Sukhdev Singh Dhillon]

(b) the total expenditure incurred on the training centre mentioned in part (a) above during the said years ;

(c) the details of the strength of the staff working in the said Centre ?

ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸਕੱਤਰ) : (ੳ) ਮਹਿੰਦਰਗੜ੍ਹ (ਜੋ ਕਿ ਹਰਿਆਣਾ ਸੂਬਾ ਵਿਚ ਹੈ) ਵਿਖੇ ਪੰਜਾਬ ਪੁਲਿਸ ਦਾ ਕੋਈ ਪੁਲਿਸ ਟ੍ਰੇਨਿੰਗ ਸੈਂਟਰ ਨਹੀਂ ਹੈ ਅਤੇ ਨਾ ਹੀ ਉਥੇ ਸਾਲ 1972 ਅਤੇ 1973 ਵਿਚ ਕਿਸੇ ਸਿਖਿਆਰਥੀ ਨੂੰ ਸਿੱਖਿਆ ਦਿੱਤੀ ਗਈ ਹੈ।

(ਅ) ਅਤੇ (ੲ) ਭਾਗ (ੳ) ਦੇ ਉਤਰ ਦੀ ਰੋਸ਼ਨੀ ਵਿੱਚ ਕਿਸੇ ਉਤਰ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। (ਵਿਘਨ) ** ** **

ਸ੍ਰੀ ਸਪੀਕਰ : ਆਨਰੇਬਲ ਮੈਂਬਰ, ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever is being said by the hon. Members without the permission of the Chair, should not be recorded.)

ਸਰਦਾਰ ਸੁਖਦੇਵ ਸਿੰਘ ਢਿੱਲੋਂ : ਸਪੀਕਰ ਸਾਹਿਬ, ਮੈਂ ਸਵਾਲ ਕੀਤਾ ਸੀ ਬਹਾਦਰਗੜ੍ਹ ਟਰੇਨਿੰਗ ਸੈਂਟਰ ਦਾ ਪਰ ਏਥੇ ਮਹਿੰਦਰਗੜ੍ਹ ਲਿਖਿਆ ਹੋਇਆ ਹੈ (ਹਾਸਾ) ਬਹਾਦਰਗੜ੍ਹ ਪੰਜਾਬ ਦਾ ਇਕੋ ਇਕ ਟਰੇਨਿੰਗ ਸੈਂਟਰ ਹੈ ਹੋਰ ਕੋਈ ਹੈ ਹੀ ਨਹੀਂ ਜਿਸ ਤੇ ਕਿ ਸਰਕਾਰ ਦਾ ਲੱਖਾਂ ਰੁਪਿਆ ਖਰਚ ਹੁੰਦਾ ਹੈ ਪਰ ਕੋਈ ਟਰੇਨਿੰਗ ਦਿੱਤੀ ਹੀ ਨਹੀਂ ਜਾਂਦੀ। ਜੇ ਕਿਵੇਂ ਮਹਿੰਦਰਗੜ੍ਹ ਮਿਸਪ੍ਰਿੰਟ ਹੋ ਵੀ ਗਿਆ ਸੀ ਤਾਂ ਠੀਕ ਕਰ ਕੇ ਜਵਾਬ ਦੇ ਦੇਂਦੇ।

ਮੁੱਖ ਸੰਸਦੀ ਸਕੱਤਰ : ਇਹ ਬਹਾਦਰਗੜ੍ਹ ਦੀ ਥਾਉਂ ਗਲਤ ਨਾਉਂ ਮਹਿੰਦਰਗੜ੍ਹ ਆਪਣੇ ਸਵਾਲ ਵਿਚ ਲਿਖ ਬੈਠੇ ਹਨ, ਸਾਨੂੰ ਇਸ ਦੀ ਕੋਈ ਵਾਕਫੀਅਤ ਨਹੀਂ ਇਸ ਕਰਕੇ ਅਸੀਂ ਕੋਈ ਜਵਾਬ ਨਹੀਂ ਦਿੱਤਾ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਇਹ ਸਰਦਾਰ ਸੁਖਦੇਵ ਸਿੰਘ ਨੇ ਤਾਂ ਬਹਾਦਰਗੜ੍ਹ ਹੀ ਲਿਖਿਆ ਸੀ ਜਨਾਬ ਦੇ ਦਫਤਰ ਵਿਚ ਮਹਿੰਦਰਗੜ੍ਹ ਹੋ ਗਿਆ, ਤੁਸੀਂ ਹੁਣ ਇਸ ਦਾ ਬਹਾਦਰਗੜ੍ਹ ਬਣਾ ਦਿਓ ਤਾਂ ਜੋ ਇਹ ਜਵਾਬ ਦੇ ਦੇਣ ?

ਸ੍ਰੀ ਸਪੀਕਰ : ਇਹ ਮੈਂਬਰ ਦੀ ਗਲਤੀ ਹੈ, ਇਸ ਦਫਤਰ ਦੀ ਨਹੀਂ। (It is the mistake of the hon. Member and not of the office)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਹੈ ਕਿ ਜਿਹੜੇ ਸਵਾਲ ਐਡਮਿਟ ਹੁੰਦੇ ਹਨ ਉਹ ਆਨਰੇਬਲ ਮੈਂਬਰਜ਼ ਨੂੰ ਭੇਜੇ ਜਾਂਦੇ ਹਨ। ਜਦੋਂ ਉਨ੍ਹਾਂ ਨੇ ਇਹ ਗਲਤ ਨਾਉਂ ਪੜ੍ਹਿਆ ਸੀ ਤਾਂ ਦਫਤਰ ਤੋਂ ਇਸ ਦੀ ਕੁਰੈਕਸ਼ਨ ਕਿਉਂ ਨਹੀਂ ਕਾਰਵਾਈ ?

ਸਰਦਾਰ ਅਜਾਇਬ ਸਿੰਘ ਸੰਧੂ : ਜਿਹੜੇ ਐਡਮਿਟ ਹੁੰਦੇ ਹਨ ਉਹ ਨਹੀਂ ਭੇਜੇ ਜਾਂਦੇ।

ਸਰਦਾਰ ਦਰਬਾਰਾ ਸਿੰਘ : ਮੈਂ, ਸਪੀਕਰ ਸਾਹਿਬ, ਇਹ ਜਾਨਣਾ ਚਾਹੁੰਦਾ ਹਾਂ ਕਿ ਜਦੋਂ ਗਵਰਨਮੈਂਟ ਨੂੰ ਪਤਾ ਹੈ ਕਿ ਮਹਿੰਦਰਗੜ੍ਹ ਕੋਈ ਜਗ੍ਹਾ ਇਨ੍ਹਾਂ ਦੇ ਪੰਜਾਬ ਵਿਚ ਨਹੀਂ ਹੈ ਤਾਂ ਇਨ੍ਹਾਂ ਨੇ ਇਹ ਸਵਾਲ ਐਡਮਿਟ ਕਿਉਂ ਕੀਤਾ ?

**Not recorded as ordered by the Chair.

ਸ੍ਰੀ ਸਪੀਕਰ : ਮਹਿੰਦਰਗੜ੍ਹ ਵੀ ਇਕ ਪੰਜਾਬ ਦਾ ਕਸਬਾ ਹੈ । (Mohindergarh is also a town in the Punjab).

ਸਰਦਾਰ ਅਜਾਇਬ ਸਿੰਘ ਸੰਧੂ : ** ** ** (ਵਿਘਨ, ਸ਼ੋਰ)

ਸ੍ਰੀ ਸਪੀਕਰ : ਆਨਰੇਬਲ ਮੈਂਬਰ ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਹੋਵੇ । (Whatever is being said by the hon. Members without the permission of the Chair, should not be recorded.)

Commissioning of Guru Nanak Thermal Plant, Bhatinda

***2121. Shri Prem Gupta :** Will the Minster of State for Irrigation and Power be pleased to state whether it is a fact that Guru Nanak Thermal Plant, Bhatinda is being commissioned during the year, 1974; if so, the date when the 1st Unit of the said Plant is proposed to be commissioned ?

Sardar Gurbaksh Singh Sibia : (1) Yes, Sir.

(2) The 1st Unit of Guru Nanak Thermal Plant, Bhatinda is likely to be commissioned in the month of June or July, 1974.

[(1) ਜੀ ਹਾਂ ।

(2) ਗੁਰੂ ਨਾਨਕ ਥਰਮਲ ਪਲਾਂਟ, ਬਠਿੰਡਾ ਦਾ ਪਹਿਲਾ ਯੂਨਿਟ 1974 ਦੇ ਜੂਨ ਜਾਂ ਜੁਲਾਈ ਮਹੀਨੇ ਵਿਚ ਚਾਲੂ ਕੀਤੇ ਜਾਣ ਦੀ ਸੰਭਾਵਨਾ ਹੈ ।]

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਇਥੇ ਵਜ਼ੀਰ ਸਾਹਿਬ ਨੇ ਆਪਣੇ ਜਵਾਬ ਵਿਚ ਇਹ ਗੱਲ ਕਹੀ ਹੈ ਕਿ likely to be commissioned in the month of June or July, 1974 ਜੇ ਲਾਈਕਲੀ ਦਾ ਸ਼ਬਦ ਕੱਢ ਦਿੱਤਾ ਜਾਵੇ ਤਾਂ ਇਸ ਦੇ ਲਈ ਅਗਲੀ ਡੇਟ ਕਿਹੜੀ ਹੈ ?

Minister of State: 'Likely' cannot be removed, Sir.

ਸਰਦਾਰ ਅਜਾਇਬ ਸਿੰਘ ਸੰਧੂ : ਮੈਂ ਵਜ਼ੀਰ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਥਰਮਲ ਪਲਾਂਟ ਲਾਇਆ ਜਾ ਰਿਹਾ ਹੈ ਇਹ ਕਦੋਂ ਤੱਕ ਚਾਲੂ ਹੋ ਜਾਵੇਗਾ ? ਇਸ ਦੇ ਚਾਲੂ ਹੋਣ ਤੇ ਰੋਜ਼ ਕੋਲੇ ਦੀ ਕਿਤਨੀ ਖਪਤ ਹੋਵੇਗੀ ?

ਰਾਜ ਮੰਤਰੀ : ਕੋਲੇ ਦੀ ਖਪਤ ਬਾਰੇ ਅਲਹਿਦਾ ਨੋਟਿਸ ਦੇ ਦਿਓ, ਜਵਾਬ ਦੇ ਦੇਵਾਂਗੇ ।

ਚੌਧਰੀ ਰਾਮ ਸਿੰਘ : ਕੀ ਸਰਕਾਰ ਨੇ ਇਸ ਗੱਲ ਦਾ ਵੀ ਕੋਈ ਇੰਤਜ਼ਾਮ ਕੀਤਾ ਹੈ ਕਿ ਜਿਹੜੀਆਂ 100 ਵੈਗਨਾਂ ਕੋਇਲੇ ਦੀਆਂ ਲੱਗਣਗੀਆਂ ਅਤੇ ਉਸ ਦੇ ਨਾਲ ਜਿਹੜੀ ਸੁਆਹ ਇਕ ਹਜ਼ਾਰ ਏਕੜ ਵਿਚ ਖਿੰਡਣੀ ਹੈ ਉਸ ਦਾ ਸਰਕਾਰ ਨੇ ਕੋਈ ਇੰਤਜ਼ਾਮ ਵੀ ਕੀਤਾ ਹੈ ?

ਰਾਜ ਮੰਤਰੀ: ਇਸ ਬਾਰੇ ਇਕ ਸਕੀਮ ਵਿਚਾਰ ਅਧੀਨ ਹੈ ।

**Not recorded as ordered by the Chair.

चौधरी कांशी राम : वज़ीर साहिब कहते हैं कि इस के मुतालिक सवाल पैदा नहीं होता । मैं कहता हूं कि यह सवाल इस पलांट की वरकिंग के मुतालिक है । मैं पूछता हूं इस के लिये जो हर वक्त भठ्ठी चलनी है कोई क्वैरी रिज़र्व करवाई है ? ।

(कोई उतर ना दिया गिया)

ਕਾਮਰੇਡ ਸੱਤ ਪਾਲ ਡਾਂਗ : ਕੀ ਵਜ਼ੀਰ ਸਾਹਿਬ ਇਸ ਗੱਲ ਦੀ ਇਨਕੁਆਇਰੀ ਕਰਨਗੇ ਕਿ ਜਿਹੜਾ ਥਰਮਲ ਪਲਾਂਟ ਦਾ ਕੰਮ ਲੇਟ ਹੋ ਜਾਣ ਨਾਲ ਬਿਜਲੀ ਦੀ ਸਪਲਾਈ ਲੇਟ ਹੋ ਗਈ ਇਸ ਦਾ ਕੌਣ ਜ਼ਿੰਮੇਵਾਰ ਹੈ ? ਕੀ ਇਸ ਗੱਲ ਦੀ ਸਾਰੀ ਜ਼ਿੰਮੇਵਾਰੀ ਉਸ ਆਦਮੀ ਤੇ ਨਹੀਂ ਆਉਂਦੀ ਜਿਹੜਾ ਸਾਡੀ ਮੁਖ਼ਾਲਫਤ ਕਰਨ ਦੇ ਬਾਵਜੂਦ ਵੀ ਬੋਰਡ ਦਾ ਚੇਅਰਮੈਨ ਬਣਾਇਆ ਗਿਆ ਅਤੇ ਜਦੋਂ ਉਸ ਤੋਂ ਠੀਕ ਕੰਮ ਨਾ ਚੱਲਿਆ ਤਾਂ ਥੁੱਕ ਕੇ ਚੱਟਿਆ ਗਿਆ ਮਤਲਬ ਉਸ ਨੂੰ ਫੇਰ ਕੱਢਣਾ ਪਿਆ ?

ਰਾਜ ਮੰਤਰੀ : ਇਹ ਸਵਾਲ ਇਸ ਵਿਚੋਂ ਪੈਦਾ ਨਹੀਂ ਹੁੰਦਾ, ਵੈਸੇ ਐਗਜ਼ਾਮਿਨ ਕਰ ਲਵਾਂਗੇ ।

ਸਰਦਾਰ ਅਜਾਇਬ ਸਿੰਘ ਸੰਧੂ : ਪਹਿਲੀ ਗੱਲ ਤਾਂ ਇਹ ਹੈ ਕਿ ਇਨ੍ਹਾਂ ਨੂੰ ਇਹ ਗਲਤ ਫਹਿਮੀ ਹੈ ਕਿ ਇਹ ਥਰਮਲ ਪਲਾਂਟ ਕੋਲੇ ਨਾਲ ਚੱਲਣਾ ਹੈ ਬਿਜਲੀ ਨਾਲ ਨਹੀਂ । ਦੂਸਰੀ ਮੇਰੀ ਬੇਨਤੀ ਇਹ ਹੈ ਕਿ ਜਿਸ ਤਰ੍ਹਾਂ ਇਹ ਕਹਿ ਰਹੇ ਹਨ ਕਿ ਇਹ ਜੂਨ ਜਾਂ ਜੁਲਾਈ ਦੇ ਵਿਚ ਚਾਲੂ ਹੋਣਾ ਹੈ, ਕੀ ਵਜ਼ੀਰ ਸਾਹਿਬ ਇਹ ਦੱਸ ਸਕਦੇ ਹਨ ਕਿ ਹੁਣ ਤੱਕ ਇਨ੍ਹਾਂ ਨੇ ਇਸ ਦੇ ਲਈ ਕਿਤਨਾ ਕੋਇਲਾ ਜਮ੍ਹਾਂ ਕੀਤਾ ਹੈ ਅਤੇ ਉਹ ਕਿਤਨੀ ਦੇਰ ਦੇ ਲਈ ਕਾਫੀ ਹੋਵੇਗਾ ?

ਰਾਜ ਮੰਤਰੀ : ਇਹ ਸਵਾਲ ਇਸ ਦੇ ਵਿਚੋਂ ਪੈਦਾ ਨਹੀਂ ਹੁੰਦਾ । ਇਹ ਤਾਂ ਸਟਾਕ ਵੇਖ ਕੇ ਦੱਸਿਆ ਜਾ ਸਕਦਾ ਹੈ ।

Electric Poles in some Villages in Balachaur Constituency

*2210. **Master Dalip Chand** : Will the Minister of State for Irrigation and Power be pleased to state whether it is a fact that the electric poles have not been installed in some Villages in Balachaur Constituency ; if so, whether the Government propose to expedite the installation of electric poles in villages Khanewal, Dhaktana Bagguwal Tihra, Mukhupur and Jhagrian in the said Constituency ?

Shri Khushhal Behl (Deputy Minister, Rural Electrification) :—

1. Khanewal or Khewewal and Tihra	These are not forthcoming in the villages Directory. It is possible that these may be some Basties of some Villages with separate names. Electrifications of these areas can also be taken up on the receipt of applications for connections.
2. Dhabtana H.B. No. 210	This is not covered under any sanctioned project of electrification. No applications from the inhabitants of this village have been received.

3. Bagguwal Tihra, H.B. No. 409 4. Mukhupur H.B. No. 228	Supply lines have already been laid and these villages are covered under Rural Electrification Corporation Project. Connections will be released as soon as the applications for General Service connections are processed.
5. Jhagrian H.B. No. 226	Already electrified in January, 1974.

[1. ਖਾਨੇ ਵਾਲ ਜਾਂ ਖੇਵੇਵਾਲ ਅਤੇ ਟਿਹਰਾ	ਇਹ ਪਿੰਡਾਂ ਦੀ ਡਾਇਰੈਕਟਰੀ ਵਿਚ ਨਹੀਂ ਆਉਂਦੇ। ਇਹ ਸੰਭਵ ਹੈ ਕਿ ਇਹ ਕੁਝ ਪਿੰਡਾਂ ਦੀਆਂ ਵੱਖ ਵੱਖ ਨਾਵਾਂ ਨਾਲ ਕੁਝ ਬਸਤੀਆਂ ਹੋਣ। ਇਸ ਏਰੀਏ ਵਿਚ ਬਿਜਲੀਕਰਣ ਦਾ ਕੰਮ ਬੇਨਤੀ ਪਤਰਾਂ ਦੇ ਆਉਣ ਤੇ ਹੀ ਹੱਥ ਵਿਚ ਲਿਆ ਜਾ ਸਕਦਾ ਹੈ।
2. ਢਕਟਾਨਾ ਐਚ. ਬੀ. ਨੰ: 210	ਇਹ ਕਿਸੇ ਬਿਜਲੀਕਰਨ ਦੇ ਮਨਜ਼ੂਰ ਹੋਏ ਗਰੁਪ ਵਿਚ ਨਹੀਂ ਆਉਂਦਾ। ਇਸ ਪਿੰਡ ਦੇ ਵਾਸੀਆਂ ਤੋਂ ਕੋਈ ਵੀ ਬਿਨੈ-ਪੱਤਰ ਪ੍ਰਾਪਤ ਨਹੀਂ ਹੋਇਆ।
3. ਬਾਗੋਂਵਾਲ ਐਚ. ਬੀ. ਨੰ: 409 4. ਮੁਖੋਂਪੁਰ ਐਚ. ਬੀ. ਨੰ: 228	ਸਪਲਾਈ ਲਾਈਨਾਂ ਪਹਿਲਾਂ ਹੀ ਵਿਛਾਈਆਂ ਜਾ ਚੁਕੀਆਂ ਹਨ ਅਤੇ ਇਹ ਪਿੰਡ ਦਿਹਾਤੀ ਬਿਜਲੀ-ਕਰਣ ਕਾਰਪੋਰੇਸ਼ਨ ਪ੍ਰਾਜੈਕਟ ਅਧੀਨ ਆਉਂਦੇ ਹਨ। ਜਦੋਂ ਵੀ ਜਨਰਲ ਸਰਵਿਸ ਕੁਨੈਕਸ਼ਨ ਸਬੰਧੀ ਬਿਨੈ-ਪੱਤਰਾਂ ਤੇ ਕਾਰਵਾਈ ਕੀਤੀ ਜਾਵੇਗੀ ਉਦੋਂ ਹੀ ਕੁਨੈਕਸ਼ਨ ਜਾਰੀ ਕਰ ਦਿਤੇ ਜਾਣਗੇ।
5. ਝਗਰੀਆਂ ਐਚ. ਬੀ. ਨੰ: 226	ਪਹਿਲਾਂ ਹੀ ਜਨਵਰੀ, 1974 ਵਿਚ ਬਿਜਲੀ ਕਰਣ ਕੀਤਾ ਗਿਆ।

ਮਾਸਟਰ ਦਲੀਪ ਚੰਦ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਦ ਬਾਕੀ ਦੇ ਸਾਰੇ ਪਿੰਡਾਂ ਵਿਚ ਬਿਜਲੀ ਦੇ ਖੰਬੇ ਲੱਗ ਚੁਕੇ ਹਨ ਤਾਂ ਇਨ੍ਹਾਂ ਪੰਜਾਂ ਪਿੰਡਾਂ ਨੂੰ ਖਾਨੇਵਾਲ ਜਾਂ ਖੇਵੇਵਾਲ ਅਤੇ ਟਿਹਰਾ, ਢਗਟਾਨਾ ਐਚ. ਬੀ. 210, ਬਾਗੋਂਵਾਲ ਐਚ. ਬੀ. 409, ਮੁਖੋਂਪੁਰ ਐਚ. ਬੀ. ਨੰ: 228, ਝਗਰੀਆਂ ਐਚ. ਬੀ. ਨੰ: 226 ਕਿਉਂ ਛੱਡਿਆ ਗਿਆ। ਇਥੇ ਕਿਉਂ ਨਹੀਂ ਖੰਬੇ ਲਗਾਏ ਗਏ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕਿੰਨੇ ਸਮੇਂ ਵਿਚ ਇਨ੍ਹਾਂ ਪਿੰਡਾਂ ਵਿਚ ਖੰਬੇ ਲਗਾਉਣ ਦਾ ਪ੍ਰਬੰਧ ਕਰ ਦਿਤਾ ਜਾਏਗਾ ?

ਉਪ-ਮੰਤਰੀ : ਮੈਂ ਅੱਗੇ ਹੀ ਦੱਸ ਚੁਕਾ ਹਾਂ ਕਿ ਮੁਖੋਂਪੁਰਾ ਬਾਗੋਂਵਾਲ ਅਤੇ ਝਗਰੀਆਂ ਵਿਚ ਤਾਂ ਅੱਗੇ ਹੀ ਲਾਈਨਾਂ ਵਿਛਾ ਦਿਤੀਆਂ ਹਨ। ਝਗਰੀਆਂ ਵਿਚ ਜਨਵਰੀ, 1974 ਵਿਚ ਬਿਜਲੀ ਚਾਲੂ ਕੀਤੀ ਗਈ ਹੈ। ਬਾਕੀ ਜਿਹੜੇ ਪਿੰਡਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਸ ਵੇਲੇ ਇਥੋਂ ਬਿਜਲੀਕਰਣ ਵਾਸਤੇ ਐਪਲੀਕੇਸ਼ਨਜ਼ ਆਉਣਗੀਆਂ ਉਸੇ ਵੇਲੇ ਹੀ

ਸ਼੍ਰੀ ਸਰਦਾਰੀ ਲਾਲ ਕਪੂਰ : ਜਿਥੇਂ ਦੋ ਦੋ ਸਾਲ ਖੰਬੇ ਲੱਗੇ ਨੂੰ ਹੋ ਗਏ ਹਨ ਉਥੇ ਵੀ ਬਿਜਲੀ ਨਹੀਂ ਗਈ ਹੈ । ਇਕੱਲੇ ਖੰਬੇ ਲੱਗਣ ਨਾਲ ਤਾਂ ਬਿਜਲੀ ਨਹੀਂ ਆ ਜਾਂਦੀ ਹੈ ।

ਉਪ-ਮੰਤਰੀ : ਇਹ ਸਪੈਸੇਫਿਕ ਤੌਰ ਤੇ ਪਿੰਡਾਂ ਦਾ ਜ਼ਿਕਰ ਕਰ ਦੇਣ ਅਤੇ ਇਸ ਬਾਰੇ ਨੋਟਿਸ ਦੇ ਦੇਣ, ਉਸ ਦਾ ਜਵਾਬ ਦੇ ਦਿਤਾ ਜਾਵੇਗਾ ।

Starred Question No. 2236

ਸ਼੍ਰੀ ਸਪੀਕਰ : ਸਟਾਰਡ ਸਵਾਲ ਨੰ : 2236 ਵਾਸਤੇ ਐਕਸਟੈਂਨਸ਼ਨ ਮੰਗੀ ਹੋਈ ਹੈ (ਵਿਘਨ) ਇਸ ਦਾ ਬਜਟ ਸੈਸ਼ਨ ਵਿਚ ਹੀ ਜਵਾਬ ਆ ਜਾਏਗਾ । (Extension has been asked for in respect of S. Q. No. 2236. Its reply will come during this session.)

Distribution of Coarse Controlled Cloth in Villages

***2292. Sardar Gurdev Singh Badal** : Will the Minister of State for Food and Supplies be pleased to state —

(a) the steps taken by the Government regarding the fair distribution of coarse controlled cloth with particular reference to the village population.

(b) whether the Government has maintained any record about the distribution of coarse cloth to each village of the State; if, not, the reasons therefor ?

Shri Gurdarshan Singh : (a) Information is laid on the table of the House.

(b) No, Sir. The record of distribution of Coarse cloth is being maintained by the Punjab State Federation of Consumers Co-operative Wholesale Stores Ltd., which is entrusted with this distribution work at the whole Sale stage.

[(ੳ) ਸੂਚਨਾ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

(ਅ) ਨਹੀਂ ਜੀ । ਕਪੜੇ ਦੀ ਵੰਡ ਦਾ ਰਿਕਾਰਡ ਪੰਜਾਬ ਸਟੇਟ ਫੈਡਰੇਸ਼ਨ ਆਫ਼ ਕਨਜ਼ਿਊਮਰ ਕੁਆਪਰੇਟਿਵ ਸਟੋਰ ਰੱਖਦੀ ਹੈ ਜਿਨ੍ਹਾਂ ਨੂੰ ਕਿ ਕਪੜੇ ਦੀ ਥੋਕ ਵੰਡ ਦਾ ਕੰਮ ਸੌਂਪਿਆ ਹੋਇਆ ਹੈ ।]

Annexure

(a) (i) Distribution of controlled cloth has been entrusted to the Punjab Federation of consumers Co-operative Wholesale Store Limited at the wholesale stage i.e. to make arrangements to lift cloth allotted by the Textile Commissioner, Government of India, from the various Textile Mills in the country.

(ii) The distribution of the controlled cloth is made through the Super Bazars/ Co-operative Stores in the urban areas and village Co-operative Service Societies in the rural areas. At places where Co-operative Consumers Stores have not been able to open branches, Fair Price Shops for distribution of coarse cloth have been opened through private parties.

(iii) Total monthly quota of the State i.e. 547 bales has been distributed amongst various districts on population basis. This quota is further sub-divided for rural and urban areas on population basis i.e. 423 bales for rural areas and 124 bales for urban areas.

(iv) In order to ensure that quota of rural areas is not distributed in urban areas, it has been decided that quota of rural areas is issued only to village Co-operative societies. For this purpose Assistant Registrar Co-operative Societies is maintaining rosters so that each Society gets its quota according to its turn.

(v) The scale of 10 yards per family has been laid down and the distribution is made on the basis of ration/distribution cards per month.

[(ੳ) 1. ਕੱਪੜੇ ਦੀ ਵੰਡ ਦਾ ਥੋਕ ਕੰਮ ਪੰਜਾਬ ਫੈਡਰੇਸ਼ਨ ਆਫ ਕਨਜ਼ਿਊਮਰ ਕੋਆਪਰੇਟਿਵ ਹੋਲ-ਸੇਲ ਸਟੋਰਜ਼ ਲਿਮਿਟਿਡ ਨੂੰ ਸੌਂਪਿਆ ਹੋਇਆ ਹੈ। ਟੈਕਸਟਾਇਲ ਕਮਿਸ਼ਨਰ, ਭਾਰਤ ਸਰਕਾਰ, ਵੱਲੋਂ ਜਦੋਂ ਕੱਪੜੇ ਦਾ ਕੋਟਾ ਦੇਸ਼ ਦੀਆਂ ਭਿੰਨ ਭਿੰਨ ਮਿੱਲਾਂ ਤੋਂ ਅਲਾਟ ਕੀਤਾ ਜਾਂਦਾ ਹੈ ਤਾਂ ਫੈਡਰੇਸ਼ਨ ਕੱਪੜੇ ਨੂੰ ਮਿੱਲਾਂ ਤੋਂ ਚੁੱਕਣ ਦਾ ਪ੍ਰਬੰਧ ਕਰਦੀ ਹੈ।

2. ਕੰਟਰੋਲਡ ਕੱਪੜੇ ਦੀ ਵੰਡ ਦਾ ਕੰਮ ਸੁਪਰ ਬਜ਼ਾਰ /ਕੋਆਪਰੇਟਿਵ ਸਟੋਰ ਰਾਹੀਂ ਸ਼ਹਿਰੀ ਇਲਾਕੇ ਵਿਚ ਅਤੇ ਸਹਿਕਾਰੀ ਸਭਾਵਾਂ ਰਾਹੀਂ ਪਿੰਡਾਂ ਵਿਚ ਕੀਤਾ ਜਾਂਦਾ ਹੈ।

3. ਪੰਜਾਬ ਰਾਜ ਦਾ ਕੁਲ ਕੋਟਾ 547 ਗੱਠਾਂ ਨਿਯਤ ਕੀਤਾ ਗਿਆ ਹੈ। ਜਿਹੜਾ ਕਿ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਵਿਚ ਆਬਾਦੀ ਦੇ ਆਧਾਰ ਤੇ ਵੰਡਿਆ ਜਾਂਦਾ ਹੈ। ਇਸ ਵਿਚੋਂ 423 ਗੱਠਾਂ ਦਿਹਾਤੀ ਇਲਾਕਿਆਂ ਵਿਚ ਅਤੇ 124 ਗੱਠਾਂ ਸ਼ਹਿਰੀ ਇਲਾਕਿਆਂ ਵਿਚ ਆਬਾਦੀ-ਦੇ ਅਧਾਰ ਤੇ ਵੰਡਿਆ ਜਾਂਦਾ ਹੈ।

4. ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਪਿੰਡਾਂ ਦਾ ਕੋਟਾ ਸ਼ਹਿਰੀ ਇਲਾਕੇ ਵਿਚ ਨਾ ਵੰਡਿਆ ਜਾਵੇ, ਪਿੰਡ ਦਾ ਕੋਟਾ ਕੇਵਲ ਸਹਿਕਾਰੀ ਸਭਾਵਾਂ ਨੂੰ ਹੀ ਦਿੱਤਾ ਜਾਂਦਾ ਹੈ। ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਇਸ ਮੰਤਵ ਲਈ ਆਪਣੇ ਕੋਲ ਰੋਸਟਰ ਰੱਖਦੇ ਹਨ ਤਾਂ ਜੋ ਹਰ ਇਕ ਸੋਸਾਇਟੀ ਨੂੰ ਆਪਣੀ ਵਾਰੀ ਸਿਰ ਕੋਟਾ ਦਿਤਾ ਜਾ ਸਕੇ।

5. ਕੱਪੜੇ ਦਾ ਕੋਟਾ ਪ੍ਰਤੀ ਪਰਿਵਾਰ ਪ੍ਰਤੀ ਮਹੀਨਾ 10 ਮੀਟਰ ਨਿਸ਼ਚਿਤ ਕੀਤਾ ਗਿਆ ਹੈ, ਜਿਹੜਾ ਕਿ ਰਾਸ਼ਨ/ਵੰਡ ਕਾਰਡਾਂ ਤੇ ਵੰਡਿਆ ਜਾਂਦਾ ਹੈ।]

ਕਾਮਰੇਡ ਸੱਤ ਪਾਲ ਡਾਂਗ : ਕੀ ਮਨਿਸਟਰ ਸਾਹਿਬ ਨੂੰ ਇਸ ਦੀ ਵਾਕਫੀਅਤ ਹੈ ਕਿ ਜਿੰਨ੍ਹਾ ਵੀ ਕੱਪੜਾ ਇਹ ਕੋਆਪਰੇਟਿਵ ਸਟੋਰਾਂ ਰਾਹੀਂ ਬੱਝੀਆਂ ਕੀਮਤਾਂ ਉਤੇ ਵੰਡਦੇ ਹਨ ਉਹ ਬਲੈਕ ਵਿਚ ਜਾਂਦਾ ਹੈ ਔਰ ਛੇਹਰਟੇ ਵਰਗੇ ਕੋਆਪਰੇਟਿਵ ਸਟੋਰ ਤੇ ਬਲੈਕ ਵਿਚ ਵਿਕਦਾ ਹੈ। ਇਕ, ਦੋ, ਤਿੰਨ ਵਾਰੀ ਇਸ ਚੀਜ਼ ਨੂੰ ਪਕੜਵਾ ਦਿੱਤਾ ਗਿਆ ਹੈ, ਇਨਕੁਆਇਰੀ ਨੇ ਵੀ ਸਾਬਤ ਕਰ ਦਿੱਤਾ ਹੈ ਪਰ ਕਿਸੇ ਅਫ਼ਸਰ ਦੇ ਖਿਲਾਫ ਕੋਈ ਐਕਸ਼ਨ ਨਹੀਂ ਲਿਆ ਗਿਆ ਹੈ। ਇਹ ਗਰੀਬਾਂ ਦਾ ਕਪੜਾ ਕਦੇ ਬੱਝੀ ਕੀਮਤ ਤੇ ਨਹੀਂ ਵਿਕਦਾ ਹੈ ਅਤੇ ਸਾਰਾ ਬਲੈਕ ਵਿਚ ਹੀ ਵਿਕਦਾ ਹੈ।

ਰਾਜ ਮੰਤਰੀ : ਇਹ ਕਪੜਾ ਕੋਆਪਰੇਟਿਵ ਸਟੋਰ ਰਾਹੀਂ ਵੰਡਿਆ ਜਾਂਦਾ ਹੈ। ਜੇ ਕੋਈ ਚੀਜ਼ ਸਾਡੇ ਨੋਟਿਸ ਵਿਚ ਲਿਆਂਦੀ ਜਾਵੇਗੀ ਤਾਂ ਉਸ ਤੇ ਐਕਸ਼ਨ ਲਿਆ ਜਾਵੇਗਾ। ਇਹ ਕਪੜਾ ਗੌਰਮਿੰਟ ਆਫ ਇੰਡੀਆ ਦਿੰਦੀ ਹੈ। ਇਹ ਕਪੜਾ ਸਾਡੀ ਮੰਗ ਤੋਂ ਬਹੁਤ ਘੱਟ ਮਿਲਦਾ ਹੈ।

ਡਾਕਟਰ ਅਮੀਰ ਸਿੰਘ ਕਲਕੱਟ : ਆਇਆ ਮੰਤਰੀ ਸਾਹਿਬ ਇਹ ਦੱਸਣ ਦੀ ਕਿਰਪਾਲਤਾ ਕਰਨਗੇ ਕਿ ਪਿੰਡਾਂ ਵਿਚ ਜੋ ਕੋਰਸ ਕਲਾਥ ਵੰਡਿਆ ਜਾਂਦਾ ਹੈ, ਕੀ ਇਸ ਨੂੰ ਉਥੇ ਸੋਸਾਇਟੀ ਰਾਹੀਂ ਵੰਡਣ ਦੀ ਕੋਸ਼ਿਸ਼ ਕਰਨਗੇ ?

ਰਾਜ ਮੰਤਰੀ : ਇਹਦੀ ਡਿਸਟ੍ਰੀਬਿਊਸ਼ਨ ਲਈ ਸਾਰੇ ਪੰਜਾਬ ਨੂੰ 547 ਬੇਲਜ਼ ਮਿਲਦੀਆਂ ਹਨ। ਇਹਦੇ ਵਿਚੋਂ 423 ਬੇਲਜ਼ ਰੂਰਲ ਏਰੀਆਜ਼ ਵਾਸਤੇ ਹਨ ਅਤੇ 124 ਬੇਲਜ਼ ਅਰਬਨ ਏਰੀਆਜ਼ ਵਿਚ ਵੰਡਣ ਵਾਸਤੇ ਹਨ।

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਪੁਛਣਾ ਚਾਹੁੰਦਾ ਹਾਂ ਕਿ ਸਾਰੇ ਫ਼ਰੀਦਕੋਟ ਵਿਚ ਇਹ ਕਪੜਾ ਜਾਂਦਾ ਹੈ ਪਰ ਕਾਗਜ਼ੀ ਤੌਰ ਤੇ । ਇਹ ਕੋਟਕਪੂਰਾ ਨਹੀਂ ਲੰਘਦਾ ਅਤੇ ਪਿੱਛੇ ਹੀ ਵਿਕ ਜਾਂਦਾ ਹੈ । ਕੀ ਸਰਕਾਰ ਇਸ ਗੱਲ ਦੀ ਇਨਕੁਆਇਰੀ ਕਰਾਉਣ ਨੂੰ ਤਿਆਰ ਹੈ ?

(ਕੋਈ ਉਤਰ ਨਹੀਂ ਦਿੱਤਾ ਗਿਆ)

ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਦਿਵਾਉ ।

ਸ੍ਰੀ ਸਪੀਕਰ : ਅਸਲ ਵਿਚ ਕਪੜਾ ਘੱਟ ਆਉਂਦਾ ਹੈ ਅਤੇ ਜ਼ਰੂਰਤ ਜ਼ਿਆਦਾ ਹੈ । (In fact, we get less quantity of cloth than required.)

ਸਰਦਾਰ ਗੁਰਦੇਵ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੇ ਸਵਾਲ ਦਾ ਜਵਾਬ ਤਾਂ ਦਿਵਾਓ। (ਵਿਘਨ)

ਰਾਜ ਮੰਤਰੀ : ਜਿੰਨੀ ਪਰੋਪੋਰਸ਼ਨ ਬਣਦੀ ਹੈ ਪਾਪੂਲੇਸ਼ਨ ਦੇ ਲਿਹਾਜ਼ ਨਾਲ, ਜਿੰਨਾ ਕਪੜਾ ਮਿਲਦਾ ਹੈ ਉਨਾਂ ਕਪੜਾ ਜ਼ਰੂਰ ਇਨ੍ਹਾਂ ਕੋਲ ਪਹੁੰਚ ਜਾਏਗਾ ।

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੇਰਾ ਸਪਲੀਮੈਂਟਰੀ ਇਹ ਹੈ ਕਿ ਇਹ ਬੜੀ ਚੰਗੀ ਗੱਲ ਹੈ ਕਿ ਲੋਕਾਂ ਨੂੰ ਕੱਪੜਾ ਸਸਤੇ ਰੇਟ ਤੇ ਮਿਲ ਜਾਵੇ । ਵਜ਼ੀਰ ਸਾਹਿਬ ਨੇ ਇਹ ਗੱਲ ਕਹੀ ਕਿ ਕਨਜ਼ਿਊਮਰ ਕੋਆਪਰੇਟਿਵ ਸਟੋਰ ਰਾਹੀਂ ਵੰਡਦੇ ਹਾਂ, ਇਹ ਵੀ ਚੰਗਾ ਹੈ । ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਥੇ ਪਿੰਡਾਂ ਵਿਚ ਜਾਂ ਸ਼ਹਿਰਾਂ ਵਿਚ ਕਨਜ਼ਿਊਮਰ ਸਟੋਰ ਨਹੀਂ ਹਨ ਉਥੇ ਸਰਕਾਰ ਕਪੜਾ ਵੰਡਣ ਦਾ ਕੀ ਪਰਬੰਧ ਕਰ ਰਹੀ ਹੈ ?

ਰਾਜ ਮੰਤਰੀ : ਤਕਰੀਬਨ ਤਕਰੀਬਨ ਹਰ ਪਿੰਡ ਵਿਚ ਕੋਆਪਰੇਟਿਵ ਸਟੋਰ ਹਨ ਅਤੇ ਸਰਵਿਸਿਜ਼ ਸੋਸਾਇਟੀਆਂ ਉਨ੍ਹਾਂ ਰਾਹੀਂ ਵੰਡਦੀਆਂ ਹਨ ।

ਸ੍ਰੀ ਸਰਦਾਰੀ ਲਾਲ ਕਪੂਰ : ਜਿਹੜਾ ਇਹ ਕਪੜਾ ਕਨਜ਼ਿਊਮਰ ਸਟੋਰਾਂ ਰਾਹੀਂ ਵੰਡਿਆ ਜਾਂਦਾ ਹੈ ਕੀ ਇਹ ਗੱਲ ਸੱਚ ਨਹੀਂ ਕਿ ਇਹ ਕਪੜਾ ਉਨ੍ਹਾਂ ਨੂੰ ਉਦੋਂ ਦਿਤਾ ਜਾਂਦਾ ਹੈ ਜਦ ਕਿ ਕਪੜੇ ਦੇ ਨਾਲ ਉਹ ਸੇਵਿੰਗ ਬੈਗ ਵੀ ਲੈਂਦੇ ਹਨ । ਜੇ ਸੇਵਿੰਗ ਬੈਗ ਨਾ ਲੈਣ ਤਾਂ ਕੱਪੜਾ ਨਹੀਂ ਮਿਲਦਾ ਹੈ ।

ਰਾਜ ਮੰਤਰੀ : ਜੋ ਇਨ੍ਹਾਂ ਨੇ ਕਿਹਾ ਹੈ, ਇਸ ਤੇ ਗੌਰ ਕਰ ਲਵਾਂਗੇ ਅਤੇ ਇਨਕੁਆਇਰੀ ਕਰਾ ਲਵਾਂਗੇ ।

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕਪੜਾ ਦੇਣ ਦਾ ਮਨਸ਼ਾ ਗਰੀਬਾਂ ਨੂੰ ਦੇਣ ਵਾਸਤੇ ਹੈ ਨਾ ਕਿ ਅਮੀਰ ਆਦਮੀਆਂ ਨੂੰ ਦੇਣ ਦਾ । ਕੀ ਇਨ੍ਹਾਂ ਗਰੀਬ ਲੋਕਾਂ ਵਾਸਤੇ ਚਾਹੇ ਸ਼ਹਿਰਾਂ ਦੀਆਂ ਬਸਤੀਆਂ ਵਿਚ ਰਹਿੰਦੇ ਹੋਣ ਜਾਂ ਪਛੜੇ ਪਿੰਡਾਂ ਵਿਚ ਰਹਿੰਦੇ ਹੋਣ, ਕੋਆਪਰੇਟਿਵ ਸਟੋਰ ਖੋਲ੍ਹਣ ਦਾ ਯਤਨ ਕਰਨਗੇ ?

ਰਾਜ ਮੰਤਰੀ : ਤੁਹਾਡੀ ਰਾਏ ਠੀਕ ਹੈ ਅਤੇ ਇਸ ਤੇ ਗੌਰ ਕੀਤਾ ਜਾਏਗਾ ।

Mr. Speaker : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Legislative Assembly.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38.

Requirement of Wheat, Rice and Maize in the State

***2427. Sardar Basant Singh Khalsa** : Will the Minister of State for Food and Supplies be pleased to state—

(a) the total quantity of wheat, rice and maize respectively required for the State during the period from January, 1974 to 20th April, 1974;

(b) the quantity of stocks of wheat, rice and maize with the State at present separately,

(c) whether the stocks mentioned in part (b) above are sufficient for the State upto 20th April, 1974 ?

Sardar Gurdarshan Singh : (a) & (b). Information is laid on the Table of the House

(c) Yes, Sir.

[(ੳ) ਅਤੇ (ਅ) ਸੂਚਨਾ ਹਾਊਸ ਦੀ ਟੇਬਲ ਤੇ ਰੱਖੀ ਜਾਂਦੀ ਹੈ।

(ੲ) ਹਾਂ ਜੀ ।]

Statement Showing Equirements of Wheat, Rice

(a) Total quantity of wheat, rice and maize required for distribution through public Distribution Channel from 1st January, 1974 to 20th April, 1974.

(i) Wheat	..	72,000 Tonnes
(ii) Rice	..	4,000 „
(iii) Maize	..	5,000 „

(b) Present Stock of wheat, rice and maize

(i) Wheat	..	42,678 Tonnes as on 28th February, 1974
(ii) Rice	..	2,525 „ „ „ 20th February, 1974
(iii) Maize	..	10,166 „ „ „ 1st February, 1974

Ration drawn by Agriculture Co-operative Society Jahangirpur, District Ludhiana for Distribution in Certain villages

***2464. Sardar Gurdev Singh Badal** : Will the Minister for Food and Supplies be pleased to state—

(a) the total population of villages Kakka, Dhaula, Rawat, Bhela and Jahangirpur in tehsil and district Ludhiana as per census figure of 1971 ;

[Sardar Gurdev Singh Badal]

(b) whether it is a fact that the number of Persons for whom the ration of essential commodities is being drawn by the Agricultural Co-operative Society Jahangirpur against the said villages is nearly 3800;

(c) if in accordance with the population figures of the villages mentioned in part (a) above, excess ration is drawn by the Agricultural Co-operative Society concerned on the basis of wrong figures supplied by it, the action, if any, taken by the Government against the said Society?

Giani Zail Singh (Chief Minister) : (a) As per census figures for 1971 the total population of these villages was 1300.

(b) Yes.

(c) S.D.M. Ludhiana is making an enquiry about this under the Essential Commidities act.

[(ੳ) 1971 ਦੀ ਮਰਦਮ ਸ਼ੁਮਾਰੀ ਦੇ ਮੁਤਾਬਕ ਇਨ੍ਹਾਂ ਪਿੰਡਾਂ ਦੀ ਆਬਾਦੀ 1300 ਸੀ।

(ਅ) ਹਾਂ ਜੀ ।

(ੲ) ਉਪ-ਮੰਡਲ ਅਫ਼ਸਰ (ਸਿਵਲ) ਲੁਧਿਆਣਾ ਅਸੈਂਨਸ਼ਲ ਕਮਾਡਟੀਜ਼ ਐਕਟ ਅਧੀਨ ਇਸ ਬਾਰੇ ਪੁਛ ਗਿੱਛ ਕਰ ਰਹੇ ਹਨ ।]

Import of Harvest Combines for Paddy in the State

***2122. Shri Prem Gupta** : Will the Minister for Agriculture and Forest be pleased to state whether it is a fact that the Punjab Government has decided to import combines from some foreign countries for the cutting and thrashing of Paddy in the field ; if so, the number of combines being imported and when?

Master Gurbanta Singh : Combines were imported and will be imported in future according to the requirements of the State and the policy adopted by the Government of India keeping in view the availability of foreign exchange.

(ਰਾਜ ਸਰਕਾਰ ਦੀ ਲੋੜ ਅਤੇ ਕੇਂਦਰੀ ਸਰਕਾਰ ਦੀ ਪਾਲਸੀ ਅਨੁਸਾਰ ਵਿਦੇਸ਼ੀ ਮੁਦਰਾ ਦੀ ਹੋਂਦ ਨੂੰ ਧਿਆਨ ਵਿੱਚ ਰਖਦੇ ਹੋਏ ਕੰਮਬਾਈਨ ਆਯਾਤ ਕੀਤੇ ਗਏ ਅਤੇ ਅਗੋਂ ਤੋਂ ਵੀ ਕੀਤੇ ਜਾਣਗੇ ।)

Malathion supplied to the Farmers for spraying on the Cotton Crops

***2299.** 1. **Sardar Jasdev Singh Sandhu**
2. **Sardar Balwinder Singh Bhunder**
3. **Sardar Gurdev Singh Badal**
4. **Sardar Dhana Singh Gulshan**
: Will the Minister for Agriculture and Forest be pleased to state—

(a) whether it is a fact that the Malathion supplied to the farmers for spraying on the cotton crops (narma) in the year 1973 was of the inferior quality ;

(b) if the reply to part (a) above be in the affirmative, the action, if any, taken against the suppliers of the medicine and the Officers responsible for conducting the test of the supply?

Master Gurbanta Singh : (a) Yes, a part of the quantity supplied by one of the firm was sub-standard.

(b) The firm which supplied sub-standard Malathion have been debarred from doing Government business for a period of five years. Unconsumed material to the tune of 13547 litres has been seized and is lying in the custody of the various consignees and a sum of Rs 2,70,250 towards payment has also been with-held till a final decision is taken in this case by the Indian Standard-Institute authorities. Action against the Inspecting Officer responsible for carrying out the test will be taken as soon as decision is taken by the Indian Standards Institute authorities.

[(ੳ) ਹਾਂ ਜੀ । ਦਵਾਈ ਦਾ ਇਕ ਭਾਗ ਜੋ ਇਕ ਫਰਮ ਨੇ ਸਪਲਾਈ ਕੀਤਾ ਸੀ ਸਬ-ਸਟੈਂਡਰਡ ਸੀ।

(ਅ) ਜਿਸ ਫਰਮ ਨੇ ਖਰਾਬ ਮੈਲਾਥੀਨ ਸਪਲਾਈ ਕੀਤੀ ਸੀ ਉਸ ਨੂੰ ਪੰਜ ਸਾਲ ਲਈ ਸਰਕਾਰੀ ਵਪਾਰ ਕਰਨ ਤੋਂ ਰੋਕ ਦਿਤਾ ਗਿਆ ਹੈ । ਨਾ ਵਰਤੀ ਦਵਾਈ ਵੱਖ ਵੱਖ ਥਾਂਵਾਂ ਤੇ ਜੋ ਪਈ ਸੀ ਕਬਜ਼ੇ ਵਿੱਚ ਕਰ ਲਈ ਹੈ ਅਤੇ ਫਰਮ ਦੀ 2,70,250 ਰੁਪਏ ਦੀ ਅਦਾਇਗੀ ਰੋਕ ਲਈ ਗਈ ਹੈ ਜਦੋਂ ਤਕ ਕਿ ਇੰਡੀਅਨ ਸਟੈਂਡਰਡਜ਼ ਇਨਸਟੀਚਿਊਟ ਵਲੋਂ ਇਸ ਦਾ ਅੰਤਮ ਫੈਸਲਾ ਨਹੀਂ ਹੋ ਜਾਂਦਾ । ਪਰਖ ਅਫ਼ਸਰ ਵਿਰੁਧ ਜਿਸ ਨੇ ਪਰਖ ਕੀਤੀ ਸੀ ਉਦੋਂ ਹੀ ਕਾਰਵਾਈ ਕੀਤੀ ਜਾਵੇਗੀ ਜਦੋਂ ਇੰਡੀਅਨ ਸਟੈਂਡਰਡਜ਼ ਇਨਸਟੀਚਿਊਟ ਨੇ ਇਸ ਬਾਰੇ ਫੈਸਲਾ ਦਿੱਤਾ ।]

Representation for an enquiry against the Managing Director of the Punjab State Land Mortgage Bank, Chandigarh

***2192. Comrade Shamsher Singh Josh :** Will the Chief Minister be pleased to state—

(a) whether a legislator sent a representation to the Chief Minister during the year 1973 demanding an enquiry against Shri Hardyal Singh Brar, Managing Director, the Punjab Land Mortgage Bank, Chandigarh;

(b) if the reply to part (a) above be in the affirmative whether any enquiry has been held on the said representation; if so, the findings of the enquiry;

(c) if the said enquiry has not been held so far, the reason therefor?

Giani Zail Singh : (a) Yes. Representations were received from two different legislators.

(b and c) Yes. Enquiry was held on one representation and allegations were not substantiated. Enquiry on the other representation was postponed on the verbal request of the representatives of the employees.

[ਮੁੱਖ ਮੰਤਰੀ]

[(ੲ) ਹਾਂ ਜੀ, ਦੋ ਵੱਖ ਵੱਖ ਮੈਂਬਰਾਂ ਤੋਂ ਆਈਆਂ ਸਨ ।

(ਬੀ. ਅਤੇ ਸੀ) ਹਾਂ ਜੀ, ਇਕ ਪ੍ਰਤੀ ਬੇਨਤੀ ਤੇ ਪੜਤਾਲ ਕੀਤੀ ਗਈ ਸੀ ਅਤੇ ਦੋਸ਼ ਸਿੱਧ ਨਹੀਂ ਹੋਏ। ਦੂਜੀ ਪ੍ਰਤੀ-ਬੇਨਤੀ ਤੇ ਪੜਤਾਲ ਕਰਮਚਾਰੀਆਂ ਦੇ ਪ੍ਰਤੀਨਿਧੀਆਂ ਦੀ ਜ਼ਬਾਨੀ ਬੇਨਤੀ ਤੇ ਅਗੇ ਪਾ ਦਿੱਤੀ ਗਈ ਸੀ।]

Case of Sale of Fertilizer in Blackmarket detected by Dakha Police in Ludhiana District in January, 1974.

***2426. Sardar Basant Singh Khalsa** : Will the Chief Minister be pleased to state—

(a) whether the authorities of Dakha Police Station in Ludhiana District detected any case of fertilizer being sold in the blackmarket or some one lodged any report with the police in this connection in January, 1974;

(b) if the reply to part (a) above be in the affirmative the details of the action if; any, taken in the said case ?

ਗਿਆਨੀ ਜ਼ੈਲ ਸਿੰਘ : (ੳ) ਅਤੇ (ਅ) ਨਹੀਂ ਜੀ । ਖਾਦ ਦੀ ਮੁਨਾਫ਼ਾ ਖੋਰੀ ਬਾਰੇ ਨਾ ਤਾਂ ਕਿਸੇ ਨੇ ਸ਼ਿਕਾਇਤ ਕੀਤੀ ਸੀ ਅਤੇ ਨਾ ਹੀ ਇਸ ਬਾਰੇ ਐਸੀ ਕੋਈ ਇਤਲਾਹ ਦਾਖਾ ਪੁਲਿਸ ਨੂੰ ਮਿਲੀ ਸੀ। ਪਰ ਮਿਤੀ 25 ਜਨਵਰੀ, 1974 ਨੂੰ ਸਰਵਸ੍ਰੀ ਕਿਰਪਾਲ ਸਿੰਘ ਅਤੇ ਕੇਹਰ ਸਿੰਘ ਵਾਸੀਆਨ ਮੁਲਾਂਪੁਰ ਨੇ ਪੁਲਿਸ ਥਾਨਾ ਦਾਖਾ ਪਾਸ ਇਕ ਲਿਖਤੀ ਸ਼ਿਕਾਇਤ ਕੀਤੀ ਕਿ ਦਲੀਪ ਸਿੰਘ ਸਕੱਤਰ ਕੋਆਪਰੇਟਿਵ ਸੋਸਾਇਟੀ ਮੁੱਲਾਂਪੁਰ ਨੇ 30 ਬੋਰੀਆਂ ਖਾਦ ਚੋਰੀ ਕੀਤੀਆਂ ਹਨ। ਇਸ ਇਤਲਾਹ ਤੇ 30 ਬੋਰੀਆਂ ਪੁਲਿਸ ਨੇ ਚਾਨਣ ਰਾਮ ਦੇ ਗੁਦਾਮ ਤੋਂ ਕਬਜ਼ੇ ਵਿਚ ਲਈਆਂ। ਇਸ ਮਾਮਲੇ ਵਿਚ ਘੋਖ ਕੀਤੀ ਜਾ ਰਹੀ ਹੈ ਅਤੇ ਹਾਲਾਤ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ।

'Sada Punjab' Fortnightly Paper Published by Punjab Government

***2463. Sardar Sukhdev Singh Dhillon** : Will the Chief Minister be pleased to state —

(a) the number of copies of 'Sada Punjab' fortnightly published by the Punjab Government and the total amount spent on its publication;

(b) whether the said fortnightly is distributed free through the Public Relations Department ?

Giani Zail Singh : (a) At present, the number of copies of 'Sada Punjab' fortnightly published per issue are 4500 copies.

Total amount spent on its publication in the current year upto 28th February, 1974 is Rs 24,248.30.

(b) Yes please.

[(ੳ) ਇਸ ਵੇਲੇ ਸਾਡਾ ਪੰਜਾਬ ਪੰਦਰਵਾੜੇ ਦੀ ਛਪਾਈ ਹਰ ਇਕ ਅੰਕ ਦੀਆਂ 4,500 ਕਾਪੀਆਂ ਛਪਦੀਆਂ ਹਨ ।

ਕੁਲ ਰਕਮ ਜਿਹੜੀ ਕਿ ਇਸ ਦੀ ਛਪਾਈ ਤੇ 28 ਫਰਵਰੀ, 1974 ਤੱਕ ਖਰਚ ਹੋਈ ਉਹ 24,248.30 ਰੁਪਏ ਹੈ ।

(ਅ) ਹਾਂ ਜੀ ।]

Proposal for a New District

***2190. Comrade Shamsher Singh Josh** : Will the Minister for Revenue and Elections be pleased to state whether a proposal to form a new district with its Headquarters at Fatehgarh Sahib is, at present, under the active consideration of the State Government ; if so, the date by which it is expected to be formed and the areas proposed to be included in it ?

Sardar Umrao Singh : No, Sir.

[(ਨਹੀਂ ਜੀ ।)]

Proposal for Re-demarcation of District Boundaries

***2191. Comrade Shamsher Singh Josh** : Will the Minister for Revenue and Elections be pleased to state whether the State Government, at present, is considering any proposal to re-demarcate the present district boundaries in the State ; if so, the time by which it is likely to be implementted ?

Sardar Umrao Singh : No, but some proposals regarding transfer of villages are under the consideration of the State Government.

[ਨਹੀਂ, ਪ੍ਰੰਤੂ ਪਿੰਡਾਂ ਦੀਆਂ ਤਬਦੀਲੀਆਂ ਦੇ ਕੁਝ ਮਾਮਲੇ ਸਰਕਾਰ ਦੇ ਵਿਚਾਰ ਅਧੀਨ ਹਨ ।]

Relief to Persons Affected by Floods, In Machhiwara, Tehsil Samrala

***2234. Sardar Prehlad Singh** : Will the Minister for Revenue and Elections be pleased to state —

(a) the total loss caused by floods in Machhiwara, Tehsil Samrala in 1973 ;

(b) whether the Government afforded any relief to the affected persons in the said Tehsil ; if so, the number of persons affected and the details of the relief given to them ?

Sardar Umrao Singh : (a) No loss was caused.

(b) Question does not arise.

[(ੳ) ਕੋਈ ਨਹੀਂ ।

(ਅ) ਸੁਆਲ ਨਹੀਂ ਉਠਦਾ ।]

Thein Dam Project

***2120. Shri Prem Gupta** : Will the Minister of State for Irrigation and Power be pleased to state the latest position about the constru- tion of the Thein Dam Project?

Sardar Gurbaksh Singh Sibia. Clearance for construction of the Thein Dam Project, has not been received from the Government of India so for. However, it is learnt that the Project has been technically checked by the Central Water and Power Commission and its clearance is likely to be received in the near future. Some preliminary works have been taken in hand by the State Government in anticipation of Government of India's clearance.

[ਥੀਨ ਡੈਮ ਦੀ ਉਸਾਰੀ ਲਈ ਅਜੇ ਤੱਕ ਭਾਰਤ ਸਰਕਾਰ ਦੀ ਮਨਜ਼ੂਰੀ ਨਹੀਂ ਮਿਲੀ/ਪਤਾ ਲਗਾ ਹੈ ਕਿ ਕੇਂਦਰੀ ਪਾਣੀ ਅਤੇ ਬਿਜਲੀ ਕਮਿਸ਼ਨ ਨੇ ਇਸ ਪ੍ਰਾਜੈਕਟ ਨੂੰ ਤਕਨੀਕੀ ਪੱਖਾਂ ਤੋਂ ਚੈਕ ਕਰ ਲਿਆ ਹੈ ਅਤੇ ਇਸ ਦੀ ਮਨਜ਼ੂਰੀ ਛੇਤੀ ਹੀ ਮਿਲ ਜਾਣ ਦੀ ਆਸ ਹੈ । ਭਾਰਤ ਸਰਕਾਰ ਦੀ ਮਨਜ਼ੂਰੀ ਮਿਲਣ ਦੀ ਆਸ ਵਿਚ ਕੁਝ ਮੁਢਲੇ ਕੰਮ ਰਾਜ ਸਰਕਾਰ ਨੇ ਪਹਿਲਾਂ ਹੀ ਹੱਥ ਵਿਚ ਲਏ ਹੋਏ ਹਨ।]

Thein Dam

***2480. 1. Sardar Gurdev Singh Badal**
2. Sardar Dhanna Singh Gulshan } : Will the Minister of State for Irrigation and Power be pleased to state—

(a) whether the Central Government has given approval for the construction of Thein Dam, if so, the details of the respective shares of Punjab State and other adjoining States in the said Dam ;

(b) whether the State of Punjab will be authorised to deal with all the matters connected with the construction of the said dam ?

Sardar Gurbaksh Singh Sibia : (a) No Sir.

(b) In view of (a) above, this issue dose not arise at this stage.

[(ੳ) ਨਹੀਂ ਜੀ ।
(ਅ) ਉਪਰ (ੳ) ਨੂੰ ਮੁੱਖ ਰਖਦੇ ਹੋਏ ਇਹ ਸਵਾਲ ਪੈਦਾ ਨਹੀਂ ਹੁੰਦਾ ।]

UNSTARRED QUESTIONS AND ANSWERS

Unstarred Questions No. 784.

(*Reply not received*)

Legal aid given during Fourth Plan Period

785. Comrade Satya Pal Dang: Will the Minister of State for Social Welfare be pleased to state—

(a) the kinds of cases in which legal aid is at present given by the Government ;

(b) whether there is any ceiling on the payment which can be given as aid in a case; if so, the amount thereof ?

Miss Sarla Prasher : (a) The list indicating kinds of cases is placed on the Table of the House.

(b) No.

[(ੳ) ਕੇਸਾਂ ਦੀਆਂ ਕਿਸਮਾਂ ਬਾਰੇ ਲਿਸਟ ਸਦਨ ਦੇ ਮੇਜ਼ ਤੇ ਰੱਖੀ ਜਾਂਦੀ ਹੈ।
(ਅ) ਨਹੀਂ ਜੀ ।]

LEGAL AID TO SCHEDULED CASTES (PUNJAB) RULES,1960

(SCHEDULE 'A')

1. Criminal cases instituted on private complaints including security proceedings under Chapter VIII of the Code of Criminal Procedure, 1898, instituted on such complaints.

2. Cases of ejectment from land and other immovable property.

3. Cases of recovery of rent by land-lords.

4. Cases pertaining to correction of Khasra Girdawaris by land-lords.

(SCHEDULE 'B')

1. Cases pertaining to deposit of rent with a revenue Officer when a landlord refuses to receive or grant a receipt for any rent payable in money when tendered to him or when there is a doubt as to the person entitled to receive rent payable in money.

2. Cases pertaining to the correction of Khasra Girdawaries.

3. Cases involving a claim to right of way or usage.

4. Cases involving forcible removal of dung heaps.

5. Cases involving a claim for compensation for harassment caused on account of observance of untouchability, denial of drinking water or denial of entry into a temple or hostel etc.

6. Cases involving a claim for damages under law of Torts instituted by the husbands or parents of women or girls abducted or enticed away.

7. Cases involving share of Seeries, Sanjis, or Seepidars in the agricultural produce.

ਸ੍ਰੀ ਸਪੀਕਰ : ਹੁਣ ਚੀਫ਼ ਮਨਿਸਟਰ ਸਾਹਿਬ, ਜੋ ਐਮ. ਐਲ. ਏਜ਼ ਹੋਸਟਲ ਵਿਚ ਦੁਰਘਟਨਾ ਹੋਈ ਸੀ, ਉਸ ਬਾਰੇ ਕਹਿਣਾ ਚਾਹੁਣਗੇ । (Now the Chief Minister would like to make a statement about the incident which took place in the M. L. As.' Hostel.)

STATEMENT MADE BY THE CHIEF MINISTER REGARDING THE INCIDENT WHICH TOOK PLACE IN THE M. L. A.s' HOSTEL.

ਮੁੱਖ ਮੰਤਰੀ (ਗਿਆਨੀ ਜ਼ੈਲ ਸਿੰਘ) : ਮਾਨਯੋਗ ਸਪੀਕਰ ਸਾਹਿਬ, ਮੈਨੂੰ ਤੁਹਾਡੀ ਇਕ ਚਿੱਠੀ ਮਿਲੀ ਜਿਸ ਵਿਚ ਤੁਸੀਂ ਚੋਧਰੀ ਰਾਮ ਸਿੰਘ, ਐਮ. ਐਲ. ਏ. ਵੱਲੋਂ ਦਿਤੇ ਗਏ ਕਾਲ ਅਟੈਨਸ਼ਨ ਨੋਟਿਸ ਨੰ: 1 ਦੀ ਨਕਲ ਭੇਜੀ ਸੀ ਅਤੇ ਕਿਹਾ ਸੀ ਕਿ ਇਸ ਮਾਮਲੇ ਵਿਚ ਹੁਣ ਤੱਕ

[ਮੁੱਖ ਮੰਤਰੀ]

ਕੀਤੀ ਗਈ ਕਾਰਵਾਈ ਬਾਰੇ ਸਭਾ ਨੂੰ ਦੱਸ ਦਿਤਾ ਜਾਵੇ । ਸਪੀਕਰ ਸਾਹਿਬ, ਇਹ ਗੱਲ ਠੀਕ ਹੈ ਕਿ ਮਿਤੀ 31 ਜਨਵਰੀ, 1974 ਨੂੰ ਸ੍ਰੀ ਅਰਜਨ ਸਿੰਘ ਮਸਤਾਨਾ ਨੇ ਡੀ. ਆਈ. ਜੀ., ਸੀ. ਆਈ. ਡੀ. ਅਤੇ ਡਿਪਟੀ ਸਪੀਕਰ ਸਾਹਿਬ ਨੂੰ ਇਤਲਾਹ ਦਿਤੀ ਸੀ ਕਿ ਐਮ. ਐਲ. ਏਜ਼. ਹੋਸਟਲ ਵਿਚ ਕੁਝ ਅਫ਼ਸਰਾਂ ਨੇ ਇਕ ਜ਼ਨਾਨੀ ਲਿਆਂਦੀ ਹੋਈ ਹੈ, ਸ਼ਰਾਬ ਪੀਤੀ ਹੋਈ ਹੈ ਅਤੇ ਉਹ ਐਮ. ਐਲ. ਏਜ਼. ਹੋਸਟਲ ਵਿਚ ਨਊਸੈਂਸ ਕਰੀਏਟ ਕਰ ਰਹੇ ਹਨ । ਇਸ ਮਾਮਲੇ ਦੀ ਪੜਤਾਲ ਸ੍ਰੀ ਬਲਦੇਵ ਸਿੰਘ, ਡੀ. ਐਸ. ਪੀ., ਸੀ. ਆਈ. ਡੀ. ਰਾਹੀਂ ਕਰਵਾਈ ਗਈ ਸੀ । ਪੜਤਾਲ ਤੋਂ ਇਹ ਸਿੱਧ ਹੋਇਆ ਹੈ ਕਿ ਇਨ੍ਹਾਂ ਨੇ ਇਕ ਔਰਤ ਬਦਮਾਸ਼ੀ ਕਰਨ ਲਈ ਲਿਆਂਦੀ ਹੋਈ ਹੈ ਅਤੇ ਇਨ੍ਹਾਂ ਤਿੰਨੇ ਪਰੋਬੇਸ਼ਨਰ ਆਈ. ਪੀ. ਐਸ. ਅਫਸਰਾਂ ਦਾ ਡਾਕਟਰੀ ਮੁਆਇਨਾ ਵੀ ਕਰਵਾਇਆ ਗਿਆ ਸੀ ਜਿਸ ਵਿਚ ਇਹ ਸਾਬਤ ਹੋਇਆ ਕਿ ਇਨ੍ਹਾਂ ਨੇ ਸ਼ਰਾਬ ਪੀਤੀ ਹੋਈ ਸੀ ਤੇ ਇਨ੍ਹਾਂ ਦੀਆਂ ਅੱਖਾਂ ਚੜ੍ਹੀਆਂ ਹੋਈਆਂ ਸਨ । ਸਰਕਾਰ ਨੇ ਇਸ ਰਿਪੋਰਟ ਨੂੰ ਵਿਚਾਰਿਆ ਅਤੇ ਇਸ ਸਿੱਟੇ ਤੇ ਪੁੱਜੀ ਹੈ ਕਿ ਇਨ੍ਹਾਂ ਅਫ਼ਸਰਾਂ ਦਾ ਇਹ ਆਚਰਣ ਭੈੜਾ ਸੀ ਅਤੇ ਆਈ. ਪੀ. ਐਸ. ਹੋਣ ਦੇ ਨਾਤੇ ਬਹੁਤ ਹੀ ਨਿੰਦਣ ਯੋਗ ਸੀ । ਸਰਕਾਰ ਦੇ ਖਿਆਲ ਵਿਚ ਅਜਿਹੇ ਭੈੜੇ ਆਚਰਣ ਵਾਲੇ ਅਫਸਰ ਲੋਕਾਂ ਦੀਆਂ ਨਜ਼ਰਾਂ ਵਿਚ ਇੱਜ਼ਤ ਪ੍ਰਾਪਤ ਨਹੀਂ ਕਰ ਸਕਦੇ । ਇਸ ਲਈ ਪੰਜਾਬ ਸਰਕਾਰ ਨੇ ਹਿੰਦ ਸਰਕਾਰ ਨੂੰ ਇਹ ਰਿਪੋਰਟ ਭੇਜ ਕੇ ਬੇਨਤੀ ਕੀਤੀ ਹੈ ਕਿ ਇਨ੍ਹਾਂ ਨੂੰ ਐਗਜੈਂਪਲਰੀ ਪਨਿਸ਼ਮੈਂਟ ਦਿੱਤੀ ਜਾਵੇ । (ਤਾੜੀਆਂ)

QUESTIONS OF PRIVILEGE

Mr. Speaker : On 26th February, 1974 Comrades Satya Pal Dang, Shamsher Singh Josh and Raj Kumar, M.L.As. gave notice of a Privilege Motion wherein they alleged that the Minister for Parliamentary Affairs had misled the House by making a wrong statement on the 25th February, 1974 regarding the C.I.D. personnel on deputation from other Departments.

On receipt of that motion, I informed the House the same day that I would examine the matter and would give my ruling later.

I have examined the matter with reference to the relevant proceedings of the sittings of the House held on 25th and 26th February, 1974. The Minister, had, on 25th February, 1974, said that there was no separate cadre of C.I.D. in Punjab. The personnel working in C.I.D. are taken from the Police Department and any other Department. He also said that they cannot go on further deputation because they are already on deputation from the Police or P.A.P.

When the hon. Minister used the word "any other Department" he meant, "P.A.P.",which he himself clarified the next moment by saying "they are already drawn from the Police or P.A.P.".

On 26th February, 1974, he said that the personnel of the P.A.P. and the Police are transferred to C.I.D. under the Police Act. I find that the Minister did not make any wrong statement. I, therefore, do not give my consent to the Question of Privilege being raised.

This matter may now be treated as closed.

Mr. Speaker : Comrade Darshan Singh Canadian and Satya Pal Dang, M.L.As. have given notice of a Privilege Motion wherein they have alleged that the Minister for Education (Shri Gurmail Singh) deliberately made a false statement while replying to Starred Question No. 2240 and Supplementaries thereon.

As per past practi,ce I have written a letter to the Minister concerned (i.e., the Education Minister) asking him to clarify the position. On receipt of his clarification, I will give my ruling.

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰੀ ਇਕ ਪ੍ਰਿਵਿਲਿਜ਼ ਮੋਸ਼ਨ ਸੀ, ਉਸ ਸਬੰਧ ਵਿਚ ਮੇਰੀ ਬੇਨਤੀ ਹੈ । (ਵਿਘਨ) ਪ੍ਰਿਵਿਲਿਜ਼ ਮੋਸ਼ਨ ਦਾ ਪੁਆਇੰਟ ਇਹ ਸੀ ਕਿ ਜਿਹੜਾ ਤੁਸੀਂ ਵੀ ਮੰਨਿਆ ਹੈ ਕਿ ਸਰਦਾਰ ਉਮਰਾਓ ਸਿੰਘ ਨੇ ਇਹ ਕਿਹਾ ਸੀ ਕਿ ਸੀ. ਆਈ. ਡੀ. ਦੇ ਬੰਦੇ ਜਦ ਉਹ ਸੀ. ਆਈ. ਡੀ. ਵਿਚ ਹੁੰਦੇ ਹਨ ਤਾਂ ਉਹ ਸੀ. ਆਈ. ਡੀ. ਵਿਚ ਦੂਸਰਿਆਂ ਮਹਿਕਮਿਆਂ ਵਿਚੋਂ ਡੈਪੂਟੇਸ਼ਨ ਤੇ ਲਏ ਹੁੰਦੇ ਹਨ ਇਸ ਕਰਕੇ ਉਹ ਫਰਦਰ ਡੈਪੂਟੇਸ਼ਨ ਤੇ ਨਹੀਂ ਜਾ ਸਕਦੇ । ਸਪੀਕਰ ਸਾਹਿਬ, ਇਹ ਰੌਂਗ ਸਟੇਟਮੈਂਟ ਹੈ । ਤੁਸੀਂ ਹੁਣ ਵੀ ਮੰਨਿਆ ਹੈ । (ਵਿਘਨ) ਇਹ ਡੈਫੀਨਿਟਲੀ ਰੌਂਗ ਸਟੇਟਮੈਂਟ ਹੈ ਅਤੇ ਡੈਲੀਬਰੇਟਲੀ ਹਾਊਸ ਨੂੰ ਮਿਸਲੀਡ ਕੀਤਾ ਗਿਆ ਹੈ । (ਵਿਘਨ) ਸੀ. ਆਈ. ਡੀ. ਇਜ਼ ਏ ਪਾਰਟ ਆਫ ਪੁਲਿਸ ਡਿਪਾਰਟਮੈਂਟ । ਹਾਊਸ ਨੂੰ ਮਿਸਲੀਡ ਕੀਤਾ ਗਿਆ ਹੈ ਕਿ ਸੀ. ਆਈ. ਡੀ. ਦੇ ਬੰਦੇ ਕਿਸੇ ਹੋਰ ਮਹਿਕਮੇ ਵਿਚੋਂ ਸੀ. ਆਈ. ਡੀ. ਲਈ ਡੈਪੂਟੇਸ਼ਨ ਤੇ ਨਹੀਂ ਆਉਂਦੇ । ਇਹ ਇਕ ਗਲਤ ਸਟੇਟਮੈਂਟ ਸੀ ਅਤੇ ਜਾਣ ਬੁਝ ਕੇ ਦਿਤੀ ਗਈ ਹੈ । (ਵਿਘਨ) ਮੈਨੂੰ ਨਹੀਂ ਸਮਝ ਆਉਂਦੀ ਕਿ ਤੁਸੀਂ ਕਿਸ ਤਰ੍ਹਾਂ ਕਿਹਾ ਕਿ ਉਨ੍ਹਾਂ ਨੇ ਗਲਤ ਸਟੇਟਮੈਂਟ ਨਹੀਂ ਦਿੱਤੀ (ਵਿਘਨ)

ਸ੍ਰੀ ਸਪੀਕਰ : ਉਸ ਦਿਨ ਉਨ੍ਹਾਂ ਨੇ ਜੋ ਕਿਹਾ ਹੈ ਉਹ ਮੈਂ ਦੱਸਿਆ ਹੈ । (ਵਿਘਨ) ਮੈਂ ਉਨ੍ਹਾਂ ਦੀ ਵਰਡਿੰਗ ਪੜ੍ਹਕੇ ਫਿਰ ਦੱਸ ਦਿੰਦਾ ਹਾਂ । (ਵਿਘਨ) (I have given my ruling on the basis of what the Minister said on that day. (*Interruption*) I can read out again the wording of the Minister.) (*Interruption*)

ਕਾਮਰੇਡ ਸੱਤ ਪਾਲ ਡਾਂਗ : 25 ਤਾਰੀਖ ਵਾਲੇ ਵੀ ਉਨ੍ਹਾਂ ਨੇ ਡੈਪੂਟੇਸ਼ਨ ਤੇ ਕਿਹਾ ਸੀ ।

ਸ੍ਰੀ ਸਪੀਕਰ : ਉਨ੍ਹਾਂ ਨੇ ਕਿਹਾ ਸੀ ਕਿ ਉਹ ਕਿਸੇ ਡਿਪਾਰਟਮੈਂਟ ਤੋਂ ਵੀ ਬੰਦੇ ਡੈਪੂਟੇਸ਼ਨ ਤੇ ਲਿਆ ਸਕਦੇ ਹਨ । (ਵਿਘਨ) ਉਨ੍ਹਾਂ ਨੇ ਕਿਹਾ ਸੀ ਕਿ ਪੰਜਾਬ ਵਿਚ ਸੀ. ਆਈ. ਡੀ. ਦਾ ਕਾਡਰ ਵੱਖਰਾ ਨਹੀਂ ਹੈ । ਸੀ. ਆਈ. ਡੀ. ਵਿਚ ਜਿਹੜੇ ਪਰਸੌਨਲ ਕੰਮ ਕਰ ਰਹੇ ਹਨ ਉਹ ਪੁਲਿਸ ਡਿਪਾਰਟਮੈਂਟ ਵਿਚੋਂ ਅਤੇ ਹੋਰ ਕਿਸੇ ਡਿਪਾਰਟਮੈਂਟ ਵਿਚੋਂ ਲਏ ਜਾਂਦੇ ਹਨ । ਉਨ੍ਹਾਂ ਨੇ ਹੋਰ ਕਿਹਾ ਸੀ ਕਿ ਉਹ ਫਰਦਰ ਡੈਪੂਟੇਸ਼ਨ ਤੇ ਨਹੀਂ ਜਾ ਸਕਦੇ ਕਿਉਂ ਕਿ ਉਹ ਪਹਿਲਾਂ ਹੀ ਪੁਲਿਸ ਜਾਂ ਪੀ. ਏ. ਪੀ. ਵਿਚੋਂ ਡੈਪੂਟੇਸ਼ਨ ਤੇ ਹੁੰਦੇ ਹਨ । (ਵਿਘਨ) ਮੈਂ 25 ਤਾਰੀਖ ਦੀ ਕਾਰਵਾਈ ਪੜ੍ਹ ਰਿਹਾ ਹਾਂ । (The Minister had, on 25th February, said that the persons from any department could be taken on deputation and there was no separate cadre of C. I. D. in Punjab. The personnel working in C. I. D. are taken from the police department as well as from other departments. He also stated that they could not go on further deputation because they were already on deputation from the police or P. A. P.)

[ਸ੍ਰੀ ਸਪੀਕਰ]

(*Interruption*) This wording is from the proceedings of 25th February, 1974.)

ਕਾਮਰੇਡ ਸੱਤ ਪਾਲ ਡਾਂਗ : ਇਹ ਤਾਂ ਐਕਸਪਲੇਨੇਸ਼ਨ ਹੈ । I will make an allegation and prove it by evidence from Congress M. L. As. that proceedings have been tampered with.

ਸ੍ਰੀ ਸਪੀਕਰ : ਉਸ ਦੇ ਬਾਅਦ ਉਨ੍ਹਾਂ ਨੇ ਫਿਰ ਕਲੈਰੀਫਾਈ ਕੀਤਾ ਹੈ । (ਵਿਘਨ)

(ਇਸ ਸਮੇਂ ਸਰਦਾਰ ਦਰਬਾਰਾ ਸਿੰਘ ਬੋਲਣ ਵਾਸਤੇ ਖੜ੍ਹੇ ਹੋਏ।)

ਸਾਬਕਾ ਸਪੀਕਰ ਸਾਹਿਬ ਤੁਸੀਂ ਬੈਠੋ । ਜਦ ਮੈਂ ਖੜਾ ਹਾਂ ਤੁਸੀਂ ਬੈਠ ਜਾਓ । (ਵਿਘਨ) 26 ਤਾਰੀਖ ਨੂੰ ਉਨ੍ਹਾਂ ਨੇ ਹੋਰ ਸਪੱਸ਼ਟੀਕਰਨ ਕਰ ਦਿਤਾ ਹੈ ਕਿ ਪੀ. ਏ. ਪੀ. ਦੇ ਕਰਮਚਾਰੀ ਅਤੇ ਪੁਲਿਸ ਦੇ ਕਰਮਚਾਰੀ ਪੁਲਿਸ ਐਕਟ ਦੇ ਮੁਤਾਬਿਕ ਸੀ. ਆਈ. ਡੀ. ਵਿਚ ਟਰਾਂਸਫਰ ਕੀਤੇ ਜਾਂਦੇ ਹਨ । ਇਸ ਲਈ ਮੈਂ ਸਮਝਦਾ ਹਾਂ ਕਿ ਵਜ਼ੀਰ ਸਾਹਿਬ ਨੇ ਕੋਈ ਗਲਤ ਬਿਆਨੀ ਨਹੀਂ ਕੀਤੀ ਇਸ ਲਈ ਇਸ ਮਾਮਲੇ ਨੂੰ ਡਰਾਪ ਕਰ ਦੇਣਾ ਚਾਹੀਦਾ ਹੈ । (ਵਿਘਨ) ਬੰਦੇ ਡੈਪੂਟੇਸ਼ਨ ਤੇ ਲਏ ਗਏ ਹਨ । ਉਨ੍ਹਾਂ ਨੇ ਵੀ ਕਿਹਾ ਹੈ, ਅਤੇ ਮੈਂ ਵੀ ਕਿਹਾ ਹੈ ਇਸ ਲਈ ਹੋਰ ਕੋਈ ਗੱਲ ਨਹੀਂ ਬਣਦੀ । (ਵਿਘਨ) He has further clarified the matter. (*S. Darbara Singh wanted to speak*)

Mr. Ex-Speaker, please resume your seat, while I am on my legs. On 26th February, the Minister further clarified that the personnel of the P. A. P. and the Police are transferred to C. I. D. under the Police Act. So I feel that the Minister did not make any wrong statement. This matter should be dropped.)

ਕਾਮਰੇਡ ਸੱਤ ਪਾਲ ਡਾਂਗ ** ** **

ਸ੍ਰੀ ਸਪੀਕਰ : ਕੋਈ ਵੀ ਐਸੀ ਰੂਲਿੰਗ ਤੇ ਡਿਸਕਸ਼ਨ ਨਹੀਂ ਹੋਣੀ ਚਾਹੀਦੀ । (ਵਿਘਨ) (No discussion should be held on my ruling)

ਕਾਮਰੇਡ ਸੱਤ ਪਾਲ ਡਾਂਗ : ** ** **

ਸ੍ਰੀ ਸਪੀਕਰ : ਇਹ ਜੋ ਕੁਝ ਬਗੈਰ ਪਰਮਿਸ਼ਨ ਦੇ ਕਹਿ ਰਹੇ ਹਨ that should not be recorded. I won't allow any discussion after my ruling. (Whatever is being said without the permission of the Chair should not be recorded. I won't allow any discussion after my ruling)

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** ** (ਵਿਘਨ)

Mr. Speaker: No discussion after my ruling. I won't allow it.

ਸਰਦਾਰ ਸੁਖਦੇਵ ਸਿੰਘ ਢੀਂਡਸਾ : ** ** **

Mr. Speaker This is no point of order.

**Not recorded/Expunged as ordered by the Chair.

ਸਰਦਾਰ ਸੁਖਦੇਵ ਸਿੰਘ ਢੀਂਡਸਾ : ਤੁਸੀਂ ਇਸ ਤੇ ਵਿਚਾਰ ਕਰੋ । (ਵਿਘਨ)

ਸ੍ਰੀ ਸਪੀਕਰ : ਮੈਂ ਹਾਊਸ ਦੀ ਡਿਗਨਿਟੀ ਅਤੇ ਡੈਕੋਰਮ ਨੂੰ ਕਾਇਮ ਰੱਖਣਾ ਹੈ । (ਵਿਘਨ) ਆਈ ਕਾਂਟ ਅਲਾਓ । (I have to maintain the dignity and decorum of the House. (*Interruption*) I can't allow.)

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਅਤੇ ਸਰਦਾਰ ਜਸਵਿੰਦਰ ਸਿੰਘ ਬਰਾੜ ਬੋਲਣ ਵਾਸਤੇ ਖੜ੍ਹੇ ਹੋਏ)

ਸ੍ਰੀ ਸਪੀਕਰ : ਮੈਂ ਤੁਹਾਡੀ ਗੱਲ ਤੇ ਵਿਚਾਰ ਕਰ ਲਵਾਂਗਾ । (I shall consider your point.)

ਸਰਦਾਰ ਅਜਾਇਬ ਸਿੰਘ ਸੰਧੂ : ਪੁਆਇਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਨਾਬ ਨੇ ਰੂਲਿੰਗ ਦਿੱਤੀ ਹੈ ਅਤੇ ਨਾਲ ਹੀ ਆਰਡਰ ਕਰ ਦਿੱਤਾ ਹੈ ਕਿ ਮੇਰੀ ਰੂਲਿੰਗ ਤੋਂ ਬਾਅਦ ਕੋਈ ਗਲ ਨਾ ਕਰੋ । (ਵਿਘਨ)

ਸ੍ਰੀ ਸਪੀਕਰ : ਮੈਂ ਕਿਹਾ ਹੈ ਕਿ ਉਸ ਤੇ ਡਿਸਕਸ਼ਨ ਨਾ ਕਰੋ । (I have said that there will be no discussion on my ruling.)

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। It should not be recorded ਮੈਂ ਸਰਦਾਰ ਪਰਕਾਸ਼ ਸਿੰਘ ਬਾਦਲ ਨਾਲ ਇਸ ਮਾਮਲੇ ਤੇ ਡਿਸਕਸ਼ਨ ਕਰ ਲਵਾਂਗਾ । (This is no point order. It should not be recorded. I will discuss this matter with Sardar Parkash Singh Badal.)

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ। (It should not be recorded.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਇਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ। (ਵਿਘਨ) ਉਸ ਬਾਰੇ ਮੈਨੂੰ ਤੁਹਾਡਾ ਆਰਡਰ ਪਹੁੰਚਿਆ ਹੈ। (ਵਿਘਨ) ਮੈਂ ਰੂਲਿੰਗ ਤੇ ਕੋਈ ਡਿਸਕਸ਼ਨ ਨਹੀਂ ਕਰ ਰਿਹਾ । ਮੈਂ ਤੁਹਾਡੇ ਆਰਡਰ ਦੇ ਮੁਤਾਬਿਕ, ਜੋ ਮੈਨੂੰ ਮਿਲਿਆ ਹੈ, ਉਸ ਬਾਰੇ ਕਹਿ ਰਿਹਾ ਹਾਂ। (ਵਿਘਨ)

ਸ੍ਰੀ ਸਪੀਕਰ : ਤੁਸੀਂ ਮੇਰੇ ਚੈਂਬਰ ਵਿਚ ਆ ਜਾਣਾ। (You may please come to my Chamber.)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਤੁਸੀਂ ਰੂਲਿੰਗ ਦੇ ਕੇ ਬੇਸ਼ਕ ਲਫਜ਼ ਕਟਾ ਦੇਣਾ ਪਰ ਮੇਰੀ ਗਲ ਤਾਂ ਸੁਣ ਲਓ। ** ** **

Mr. Speaker : Now please resume your seat.

**Not recorded as ordered by the Chair.

[Mr. Speaker]

ਜੋ ਕੁਝ ਵੀ ਕਾਮਰੇਡ ਰਾਜਕੁਮਾਰ ਜੀ ਕਹਿ ਰਹੇ ਹਨ ਰਿਕਾਰਡ ਨਾ ਕੀਤਾ ਜਾਵੇ। (No please resume your seat. Whatever the hon. Member, Comrade Raj Kumar, is saying should not be recorded.)

ਕੈਪਟਨ ਰਤਨ ਸਿੰਘ : ਸਰ, ਮੇਰੀ ਬੇਨਤੀ ਇਹ ਹੈ ਕਿ ਆਨਰੇਬਲ ਮੈਂਬਰ ਕਾਮਰੇਡ ਸੱਤਪਾਲ ਡਾਂਗ ਜੀ ਨੇ ਬੜੇ ਸਖ਼ਤ ਸ਼ਬਦ ਵਰਤੇ ਹਨ ਕਿ ਇਸ ਤਰ੍ਹਾਂ ਜਾਪਦਾ ਹੈ ਕਿ ਅਸੈਂਬਲੀ ਦਾ ਰਿਕਾਰਡ ਟੈਂਪਰ ਵਿਦ ਹੋਇਆ ਹੈ। ਇਹ ਮੇਰਾ ਖਿਆਲ ਹੈ ਕਿ ਬੜੇ ਸਖ਼ਤ ਸ਼ਬਦ ਹਨ। ਇਸ ਤਰ੍ਹਾਂ ਦੇ ਸ਼ਬਦ ਇਨ੍ਹਾਂ ਨੂੰ ਵਰਤਣੇ ਨਹੀਂ ਚਾਹੀਦੇ। ਇਥੇ ਹਰ ਇਕ ਚੀਜ਼ ਰਿਕਾਰਡ ਹੁੰਦੀ ਹੈ। (ਵਿਘਨ) ਉਨ੍ਹਾਂ ਨੂੰ ਇਸ ਤਰ੍ਹਾਂ ਦੇ ਸ਼ਬਦ ਨਹੀਂ ਵਰਤਣੇ ਚਾਹੀਦੇ ਕਿ ਹਾਊਸ ਦਾ ਰਿਕਾਰਡ ਟੈਂਪਰ ਵਿਦ ਹੋਇਆ ਹੈ।

ਸ੍ਰੀ ਸਪੀਕਰ : ਜੋ ਕੁਝ ਵੀ ਇਥੇ ਪ੍ਰੋਸੀਡਿੰਗਜ਼ ਹੁੰਦੀਆਂ ਹਨ ਅਨਰੇਬਲ ਮੈਂਬਰਜ਼ ਉਹ ਸੁਣਦੇ ਹਨ ਅਤੇ ਸੁਣਨ ਦੇ ਬਾਅਦ ਯਾਦ ਵੀ ਰਖ ਸਕਦੇ ਹਨ। ਰਿਕਾਰਡ ਟੈਂਪਰ ਵਿਦ ਹੋਣ ਵਾਲੀ ਗਲ ਠੀਕ ਨਹੀਂ। (ਵਿਘਨ) (ਸ਼ੋਰ) (The hon. Members, who are present in the House, listen to the speeches and can well remember what is said by any hon. Member. There is no truth in the allegation that the record was tampered with.) (*Interruption*) (*Noise*).

ਸਰਦਾਰ ਦਰਬਾਰਾ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਕਲ ਇਥੇ ਸਾਡੇ ਮਾਨਯੋਗ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ, ਸਰਦਾਰ ਉਮਰਾਓ ਸਿੰਘ ਜੀ ਨੇ ਇਕ ਮੋਸ਼ਨ ਲਿਆਂਦੀ ਸੀ ਜਿਹੜੀ ਕਿ ਹਰੀਜਨ ਬਸਤੀਆਂ ਦੀ ਇੰਮਪਰੂਵਮੈਂਟ ਬਾਰੇ ਸੀ ਉਸ ਦਾ ਕੀ ਬਣਿਆ ?

ਮਾਲ ਅਤੇ ਚੋਣ ਮੰਤਰੀ : ਮੈਂ ਤਾਂ ਕੋਈ ਮੋਸ਼ਨ ਨਹੀਂ ਲਿਆਂਦੀ ਜੀ। (ਵਿਘਨ)

ਸ੍ਰੀ ਸਪੀਕਰ : ਸਰਦਾਰ ਉਮਰਾਓ ਸਿੰਘ ਜੀ ਨੇ ਕੋਈ ਮੋਸ਼ਨ ਨਹੀਂ ਲਿਆਂਦੀ। ਯੂ.ਆਰ.ਰੌਂਗ। (Sardar Umrao Singh has not given notice of any such motion. You are wrong.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ** ** ** (ਵਿਘਨ)

ਸ੍ਰੀ ਸਪੀਕਰ : ਆਚਾਰਿਆ ਸਾਹਿਬ, ਇਹ ਤਾਂ ਕੋਈ ਪੁਆਇੰਟ ਆਫ ਆਰਡਰ ਨਹੀਂ ਬਣਦਾ। (Acharya Sahib, this is no point of order.)

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਇਹ ਜ਼ੀਰੋ ਆਵਰ ਹੈ ਜੀ। (ਵਿਘਨ)

ਸ੍ਰੀ ਸਪੀਕਰ : ਜ਼ੀਰੋ ਆਵਰ ਦਾ ਇਹ ਮਤਲਬ ਤਾਂ ਨਹੀਂ ਕਿ ਤੁਸੀਂ ਬਗੈਰ ਰੂਲਜ਼ ਦੇ ਜੋ ਕੁਝ ਮਰਜ਼ੀ ਕਹੀ ਜਾਓ। (Zero hour does not mean that you can raise any matter even if it is against the Rules of Procedure)

**Expunged as ordered by the Chair.

ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ : ਕਾਈਂਡਲੀ ਅਲੋਾਓ ਮੀ। ਦੋ ਸੌ ਮੁੰਡਿਆਂ ਦਾ ਫਿਊਚਰ ਇਸ ਦੇ ਵਿਚ ਇਨਵਾਲਵਡ ਹੈ। (ਵਿਘਨ) ਸਪੀਕਰ ਸਾਹਿਬ, 200 ਮੁੰਡਿਆਂ ਦੇ ਫਿਊਚਰ ਨੂੰ ਬਚਾਉਣ ਵਾਸਤੇ ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਦਰਖਾਸਤ ਕਰਨਾ ਚਾਹੁੰਦਾ ਹਾਂ ਕਿ ਅਜਿਹੇ ਕਦਮ ਉਠਾਏ ਜਾਣ ਜਿਸ ਦੇ ਨਾਲ ਕਾਲਜ ਦੀ ਡਿਸਐਫਿਲੀਏਸ਼ਨ ਜਿਹੜੀ ਹੈ ਉਹ ਰੋਕੀ ਜਾ ਸਕੇ ਅਤੇ ਉਸ ਨੂੰ ਐਫਿਲੀਏਟ ਕਰਵਾਇਆ ਜਾ ਸਕੇ। ਨੰਬਰ ਦੋ ਕਿ ਜਿਹੜੀ ਕਾਲਜ ਦੀ ਕਮੇਟੀ ਬਣਾਈ ਗਈ ਹੈ ਇਨਕੁਆਇਰੀ ਵਾਸਤੇ ਉਸ ਕਮੇਟੀ ਦੇ ਨਾਲ ਆਰੀਆ ਪ੍ਰਤੀਨਿਧੀ ਸਭਾ, ਪੰਜਾਬ, ਜਿਸ ਦੀ ਕਿ ਇਹ ਪ੍ਰਾਪਰਟੀ ਹੈ ਉਸ ਦੇ ਪ੍ਰਤੀਨਿਧ ਵੀ ਲਏ ਜਾਣ ਤਾਂ ਕਿ ਛੇਤੀ ਕਾਰਵਾਈ ਪੂਰੀ ਹੋ ਸਕੇ। ਮੈਨੂੰ ਸ਼ੱਕ ਹੈ ਕਿ ਟੇਕ ਓਵਰ ਦੀ ਕਾਰਵਾਈ 6 ਮਹੀਨੇ ਤੋਂ ਪਹਿਲਾਂ ਨਹੀਂ ਹੋਣੀ ਅਤੇ ਛੇ ਮਹੀਨੇ ਜੇ ਲਗ ਗਏ ਤਾਂ ਮੁੰਡਿਆਂ ਦਾ ਫਿਊਚਰ ਤਬਾਹ ਹੋ ਜਾਵੇਗਾ। ਇਸ ਲਈ ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਨੂੰ ਦਰਖਾਸਤ ਕਰਾਂਗਾ ਕਿ ਉਹ ਅਜਿਹੇ ਕਦਮ ਉਠਾਉਣ ਜਿਸ ਨਾਲ ਛੇਤੀ ਛੇਤੀ ਕਾਲਜ ਲਿਆ ਜਾਵੇ ਅਤੇ ਮੁੰਡਿਆਂ ਦਾ ਫਿਊਚਰ ਨਾ ਵਿਗੜੇ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਆਨ ਏ ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਸਿਰਫ ਇਤਨਾ ਹੈ ਕਿ ਆਈ. ਵਾਂਟ ਟੂ ਸਪੋਰਟ ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ। (ਵਿਘਨ) 15 ਮਾਰਚ ਤੋਂ ਪਹਿਲਾਂ ਪਹਿਲਾਂ ਅਗਰ ਮੁੰਡਿਆਂ ਦਾ ਕਾਲਜ ਨਾ ਲਿਆ ਗਿਆ ਤਾਂ ਮੁੰਡਿਆਂ ਦਾ ਬਹੁਤ ਨੁਕਸਾਨ ਹੋਵੇਗਾ। ਇਨ੍ਹਾਂ ਇਨਟੈਲੀਜੈਂਟ ਸਟੂਡੈਂਟਸ ਨੂੰ ਇਹ ਨਕਸਲਬਾੜੀ ਬਣਨ ਤੋਂ ਬਚਾ ਲੈਣ। (ਵਿਘਨ)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ** ** ** (ਵਿਘਨ)

ਸ੍ਰੀ ਸਪੀਕਰ : ਇਹ ਤਾਂ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (This is no point of order.)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ** **

Mr. Speaker : This is no point of order.

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਜੇ ਦਫਾ 44 ਨਹੀਂ ਲੱਗੀ ਹੋਈ ਤਾਂ ਉਨ੍ਹਾਂ ਨੂੰ ਕਿਸ ਤਰ੍ਹਾਂ ਗ੍ਰਿਫਤਾਰ ਕੀਤਾ ਗਿਆ। (ਵਿਘਨ) (ਸ਼ੋਰ) (ਇਸ ਵਕਤ ਸਰਦਾਰ ਧੰਨਾ ਸਿੰਘ ਜੀ ਗੁਲਸ਼ਨ ਕੁਝ ਬੋਲਣ ਲਈ ਖੜੇ ਹੋਏ)

ਸ੍ਰੀ ਪ੍ਰੇਮ ਗੁਪਤਾ : ** ** ** (ਵਿਘਨ)

ਸ੍ਰੀ ਸਪੀਕਰ: ਇਹ ਤਾਂ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ) This is no point of order.) (*Interruption*)

ਸ੍ਰੀ ਪ੍ਰੇਮ ਗੁਪਤਾ : ** ** ** (ਵਿਘਨ)

Mr Speaker : This is also no point of order.

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੈਂ ਇਕ ਮਿੰਟ ਵਿਚ ਹੀ ਆਪਣੀ ਗਲ ਖ਼ਤਮ ਕਰ ਦਿੰਦਾ ਹਾਂ, ਤੁਸੀਂ ਮੇਰੀ ਗਲ ਤਾਂ ਸੁਣ ਲਓ।

ਸ੍ਰੀ ਸਪੀਕਰ : ਮੈਡੀਕਲ ਐਜੂਕੇਸ਼ਨ ਦੀ ਡੀਮਾਂਡ ਤੇ ਬਹਿਸ ਹੋਣੀ ਹੈ ਤੁਸੀਂ ਜੋ ਮਰਜ਼ੀ ਇਸ ਵਿਸ਼ੇ ਤੇ ਕਹਿ ਲੈਣਾ। (ਵਿਘਨ) ਤਸ਼ਰੀਫ ਰਖੋ। (ਵਿਘਨ) (There will be a

**Expunged as ordered by the Chair.

[ਸ੍ਰੀ ਸਪੀਕਰ]

discussion on the Demand for Medical Education. You can, then, say whatever you like on this subject. (*Interruption*) Please resume your seat now) (*Interruption*)

ਸਰਦਾਰ ਧੰਨਾ ਸਿੰਘ ਗੁਲਸ਼ਨ : ** ** ** **(ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। (ਵਿਘਨ) (This is no point of order) (*Interruption*)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ ਮੈਂ ਤਾਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਰਾ ਹਾਊਸ ਐਜੀਟੇਟਿਡ ਹੈ। ਮੁੰਡੇ ਬਾਹਰ ਹਨ। ਇਸ਼ੂ ਬੜਾ ਸਿੰਪਲ ਹੈ । ਚੀਫ ਮਨਿਸਟਰ ਸਾਹਿਬ ਆਪ ਚਾਹੁੰਦੇ ਵੀ ਹਨ ਉਹ ਉਠ ਕੇ ਡੈਫੀਨਿਟ ਕਹਿ ਦੇਣ। ਇਹ ਕਿਉਂ ਨਹੀਂ ਡੈਫੀਨਿਟ ਕਹਿੰਦੇ ਕਿ ਦੋ ਮਹੀਨੇ, ਤਿੰਨ ਮਹੀਨੇ ਜਾਂ ਚਾਰ ਮਹੀਨੇ ਜਾਂ ਇਤਨੇ ਅਰਸੇ ਦੇ ਅੰਦਰ ਅੰਦਰ ਕਾਲਜ ਟੇਕ ਓਵਰ ਕਰ ਲਵਾਂਗੇ। (ਵਿਘਨ) ਚੀਫ ਮਨਿਸਟਰ ਸਾਹਿਬ ਤਕੜੇ ਹੋ ਕੇ ਜਿਹੜੀ ਗੱਲ ਇਹ ਕਹਿੰਦੇ ਹਨ ਕਿ ਹੋਣੀ ਚਾਹੀਦੀ ਹੈ ਉਸ ਦੇ ਬਾਰੇ ਟਾਈਮ ਦਸ ਦੇਣ ਕਿ ਕਦੋਂ ਹੋ ਜਾਵੇਗੀ।

Mr. Speaker : I cannot compel him.

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਹਾਡਾ ਸਨਮਾਨ ਅਤੇ ਸਤਿਕਾਰ ਸਾਰਾ ਹਾਊਸ ਕਰਦਾ ਹੈ। ਮੇਰੀ ਸੱਬਮਿਸ਼ਨ ਇਹ ਹੈ ਕਿ ਪਛੜੀਆਂ ਸ਼੍ਰੇਣੀਆਂ ਦਾ ਖ਼ਾਸ ਖ਼ਿਆਲ ਰਖਿਆ ਜਾਇਆ ਕਰੇ। ਕਈ ਸਜਣਾ ਨੂੰ ਵੱਧ ਵਕਤ ਦਿੱਤਾ ਜਾਂਦਾ ਹੈ, ਗੁਲਸ਼ਨ ਜੀ ਕਈ ਵਾਰੀ ਖੜੇ ਹੋਏ ਪਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਨਹੀਂ ਸੁਣਿਆ ਗਿਆ। (ਵਿਘਨ) ਦਯਾਨੰਦ ਕਾਲਜ ਨੂੰ ਤਬਾਹ ਕੀਤਾ ਜਾ ਰਿਹਾ ਹੈ, ਚੀਫ ਮਨਿਸਟਰ ਸਾਹਿਬ ਵਜ਼ੀਰਾਂ ਦੇ ਅਸਰ ਥੱਲੇ ਨਾ ਆਉਣ ਅਤੇ ਹਾਊਸ ਵਿਚ ਬਿਆਨ ਦੇਣ ਕਿ ਛੇਤੀ ਟੇਕ ਓਵਰ ਕੀਤਾ ਜਾਏਗਾ।

ਸ੍ਰੀ ਸਪੀਕਰ : ਤੁਸੀਂ ਜੋ ਕੁਝ ਕਿਹਾ ਹੈ ਉਸ ਦਾ ਧਿਆਨ ਰਖਣਗੇ। (Whatever you have said, will be kept in mind by the Chief Minister).

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੇਰੀ ਪੁਆਇੰਟ ਆਫ਼ ਆਰਡਰ ਤੇ ਇਹ ਪ੍ਰਾਰਥਨਾ ਹੈ ਕਿ ਕਲ੍ਹ ਨੂੰ 1 ਮਾਰਚ ਹੈ। ਮੈਡੀਕਲ ਕੌਂਸਲ ਨੇ ਕਿਹਾ ਸੀ ਕਿ ਅਗਰ ਕਾਲਜ ਠੀਕ ਤਰ੍ਹਾਂ ਨਹੀਂ ਚਲੇਗਾ ਤਾਂ ਉਸ ਨੂੰ ਡਿਸਐਫੀਲੀਏਟ ਕਰ ਦਿੱਤਾ ਜਾਏਗਾ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਰਕਾਰ ਮੈਡੀਕਲ ਕੌਂਸਲ ਨੂੰ ਲਿਖੇ ਕਿ ਉਸ ਕਾਲਜ ਨੂੰ ਡਿਸਐਫੀਲੀਏਟ ਨਾ ਕੀਤਾ ਜਾਏ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੇਰਾ ਖ਼ਿਆਲ ਸੀ ਕਿ ਆਚਾਰੀਆ ਸਾਹਿਬ, ਕਪੂਰ ਸਾਹਿਬ ਅਤੇ ਡਾਂਗ ਸਾਹਿਬ ਇਸ ਮਸਲੇ ਤੇ ਬਹੁਤਾ ਵਕਤ ਨਹੀਂ ਲੈਣਗੇ, ਕਿਉਂਕਿ ਨਾਰਮਲੀ ਇਸ ਬਾਰੇ ਉਨ੍ਹਾਂ ਦੀਆਂ ਗੱਲਾਂ ਮੇਰੇ ਨਾਲ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ ਸਟੂਡੈਂਟਸ ਨਾਲ ਵੀ ਮੇਰੀਆਂ ਗੱਲਾਂ ਹੋ ਚੁੱਕੀਆਂ ਹਨ। ਜੋ ਉਨ੍ਹਾਂ ਦੀਆਂ ਫ਼ੀਲਿੰਗਜ਼ ਹਨ ਉਨ੍ਹਾਂ ਦਾ ਮੈਨੂੰ ਬੜਾ ਅਹਿਸਾਸ ਹੈ। ਪਰ ਜਦ ਤੱਕ ਸਭਾ ਵਾਲੇ ਉਸ ਪ੍ਰਾਪਰਟੀ ਦੇ ਸਬੰਧ ਵਿਚ, ਜਿਹੜੀ ਸਾਰੀ ਇਸ ਵੇਲੇ ਕਾਲਜ ਦੀ ਵਰਤੋਂ ਵਿਚ ਆ ਰਹੀ ਹੈ, ਇਕ ਰੈਜ਼ੋਲਿਊਸ਼ਨ ਪਾਸ ਕਰਕੇ ਸਾਡੇ ਕੋਲ ਨਾ ਭੇਜਣ

**Expunged as ordered by the Chair.

ਅਸੀਂ ਐਸੀ ਕਾਰਵਾਈ ਨਹੀਂ ਕਰ ਸਕਦੇ। ਇਸ ਮਾਮਲੇ ਨੂੰ ਨਜਿੱਠਣ ਲਈ ਅਸੀਂ ਅਫਸਰਾਂ ਦੀ ਇਕ ਕਮੇਟੀ ਬਣਾ ਦਿੱਤੀ ਹੈ, ਤੇ ਮੈਨੂੰ ਹੋਰ ਬੰਦੇ ਪਾਉਣ ਵਿਚ ਵੀ ਕੋਈ ਇਤਰਾਜ਼ ਨਹੀਂ, ਪਰ ਮੈਂ ਚਾਹੁੰਦਾ ਹਾਂ ਕਿ ਕੰਮ ਛੇਤੀ ਤੋਂ ਛੇਤੀ ਮੁੱਕੇ ਤਾਂ ਕਿ ਲੜਕੇ ਵਿਚਾਰੇ ਖੁਆਰ ਨਾ ਹੋਣ। ਇਸ ਤੋਂ ਇਲਾਵਾ ਯੂਨੀਵਰਸਿਟੀ ਨੂੰ ਵੀ ਲਿਖ ਦਿਤਾ ਜਾਏਗਾ ਕਿ ਉਹ ਇਸ ਨੂੰ ਡਿਸਐਫੀਲੀਏਟ ਨਾ ਕਰਨ। ਮੈਂ ਡਾਂਗ ਸਾਹਿਬ ਦਾ ਮਸ਼ਕੂਰ ਹਾਂ ਉਨ੍ਹਾਂ ਨੇ ਅਨੁਭਵ ਕੀਤਾ ਹੈ ਕਿ ਦੋ ਮਨਿਸਟਰ ਮੇਰੇ ਆਖੇ ਨਹੀਂ ਲਗਦੇ। ਜੇ ਮੈਨੂੰ ਲੋੜ ਪਈ ਤਾਂ ਮੈਂ ਉਨ੍ਹਾਂ ਦੀ ਵੀ ਮਦਦ ਲੈ ਲਵਾਂਗਾ ਪਰ ਹਾਲੇ ਤੱਕ ਉਹ ਮਨਿਸਟਰ ਮੇਰੇ ਆਖੇ ਲਗਦੇ ਹਨ। (ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਵਿਘਨ)

ਸ੍ਰੀ ਸਪੀਕਰ : ਤੁਹਾਡੇ ਨਾਲ ਵੀ ਪਿਆਰ ਹੈ, ਪਰ ਤੁਸੀਂ ਆਖੇ ਨਹੀਂ ਲਗਦੇ। (ਹਾਸਾ) (He has great affection for you also but you do not agree to what he says.) (*Laughter*)

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਜੇ ਉਨ੍ਹਾਂ ਦਾ ਧੰਨਵਾਦ ਨਾ ਕਰਾਂ ਤਾਂ ਮਾੜੀ ਗੱਲ ਹੋਵੇਗੀ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਡਾਂਗ ਸਾਹਿਬ ਵੀ ਮੇਰੀ ਮਦਦ ਕਰਨ ਨੂੰ ਤਿਆਰ ਹਨ ਔਰ ਸੰਧੂ ਸਾਹਿਬ ਵੀ। ਮੈਂ ਉਨ੍ਹਾਂ ਦਾ ਧੰਨਵਾਦੀ ਹਾਂ।

ਸਪੀਕਰ ਸਾਹਿਬ ਵਿਧਾਨ ਸਭਾ ਵਿਚ ਰਾਜਪਾਲ ਦੇ ਭਾਸ਼ਣ ਤੇ ਬੋਲਦਿਆਂ ਮੈਂ ਡੀਜ਼ਲ ਦੀ ਸਪਲਾਈ ਬਾਰੇ ਜੋ ਕੁਝ ਕਿਹਾ ਸੀ ਉਸ ਸਿਲਸਿਲੇ ਵਿਚ ਅਖ਼ਬਾਰਾਂ ਵਿਚ ਥੋੜ੍ਹੀ ਜਿਹੀ ਗਲਤ ਖ਼ਬਰ ਛਪੀ ਹੈ ਮੈਂ ਉਹ ਸਪੱਸ਼ਟ ਕਰਨੀ ਚਾਹੁੰਦਾ ਹਾਂ। ਫਰਵਰੀ 1973 ਵਿਚ 1 ਕਰੋੜ 80 ਲੱਖ ਲਿਟਰ ਡੀਜ਼ਲ ਆਇਆ ਸੀ ਜਦ ਕਿ ਫਰਵਰੀ, 1974 ਵਿਚ 4 ਕਰੋੜ 10 ਲੱਖ ਲਿਟਰ ਡੀਜ਼ਲ ਆਇਆ ਹੈ, ਅਖ਼ਬਾਰਾਂ ਵਿਚ ਛਪਿਆ ਹੈ, 'ਪਿਛਲੇ ਸਾਲ ਫਰਵਰੀ ਤੱਕ' ਆਇਆ। ਮੈਂ ਇੰਨਾ ਸਪੱਸ਼ਟੀਕਰਣ ਕਰਦਾ ਹਾਂ।

WALK-OUT

ਕਾਮਰੇਡ ਸੱਤ ਪਾਲ ਡਾਂਗ: ** ** ** ** (ਵਿਘਨ)

ਸ੍ਰੀ ਸਪੀਕਰ : ਡਾਂਗ ਸਾਹਿਬ, ਇਹ ਤਾਂ ਪੁਆਇੰਟ ਆਫ ਆਰਡਰ ਨਹੀਂ (ਵਿਘਨ) (Dang Sahib, this is no point of order (*Interruption*)

ਕਾਮਰੇਡ ਸੱਤ ਪਾਲ ਡਾਂਗ: ** ** ** ** (ਵਿਘਨ)

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ। (This is no point of order)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਸ ਗੱਲ ਤੇ ਅਸੀਂ ਐਜ਼ ਏ ਪ੍ਰੋਟੈਸਟ ਵਾਕ ਆਊਟ ਕਰਦੇ ਹਾਂ। (ਵਿਘਨ)

(ਇਸ ਸਮੇਂ ਕਮਿਊਨਿਸਟ ਪਾਰਟੀ ਦੇ ਐਮ. ਐਲ. ਏ. ਸਾਹਿਬਾਨ ਜੋ ਹਾਊਸ ਵਿਚ ਹਾਜ਼ਰ ਸਨ, ਹਾਊਸ ਤੋਂ ਬਾਹਰ ਚਲੇ ਗਏ।)

ਸਰਦਾਰ ਅਜਾਇਬ ਸਿੰਘ ਸੰਧੂ: ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਇਸ ਗੱਲ ਦਾ ਬਿਆਨ ਦੇਣ ਕਿ ਕੀ ਦਫਾ 144 ਉਥੇ ਲਗੀ ਹੋਈ ਸੀ ਜਾਂ ...... (ਵਿਘਨ)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰੀ ਇਹ ਬੇਨਤੀ ਹੈ ਕਿ ਵੈਸੇ ਤਾਂ ਰੋਜ਼ ਸਟੇਟ ਵਿਚ ਇਹ ਹਾਲਤ ਹੈ ਜਿਹੜੀ ਕਲ੍ਹ ਬਠਿੰਡਾ ਵਿਚ ਹੋਈ ਹੈ। ਇਸ ਵਿਚ ਸਭ ਤੋਂ ਵੱਡੀ ਇਤਰਾਜ਼ ਵਾਲੀ ਗੱਲ ਇਹ ਹੈ ਕਿ ਬਠਿੰਡਾ ਵਿਚ ਨੌਜਵਾਨਾਂ ਦੀਆਂ ਪਗੜੀਆਂ ਉਤਾਰੀਆਂ, ਉਨ੍ਹਾਂ

**Expunged as ordered by the Chair.

[ਸਰਦਾਰ ਪਰਕਾਸ਼ ਸਿੰਘ ਬਾਦਲ]

ਦੀਆਂ ਦਾੜ੍ਹੀਆਂ ਪੁੱਟੀਆਂ ਗਈਆਂ, ਉਨ੍ਹਾਂ ਦੇ ਕੇਸਾਂ ਦੀ ਬੇਇਜ਼ਤੀ ਕੀਤੀ ਹੈ। (ਸ਼ੇਮ ਸ਼ੇਮ) ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਇੰਨੀ ਲਾਅ ਐਂਡ ਆਰਡਰ ਦੀ ਭੈੜੀ ਹਾਲਤ ਹੈ ਕਿ ਲੋਕਾਂ ਦਾ ਧਾਰਮਿਕ ਤੌਰ ਤੇ ਵੀ ਸੱਤਿਕਾਰ ਨਹੀਂ ਕੀਤਾ ਜਾਂਦਾ ਹੈ। ਚੀਫ਼ ਮਨਿਸਟਰ ਸਾਹਿਬ ਬਠਿੰਡਾ ਦੇ ਇਸ ਵਾਕੇ ਬਾਰੇ ਇੰਨਕੁਆਇਰੀ ਕਰਾਉਣ ਲਈ ਇਸ ਸਦਨ ਵਿਚ ਬਿਆਨ ਦੇਣ। (ਵਿਘਨ)

(ਇਸ ਵਕਤ ਚੀਫ਼ ਮਨਿਸਟਰ ਸਾਹਿਬ ਨੇ ਕੁਝ ਨਹੀਂ ਕਿਹਾ)

ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਕੋਈ ਜਵਾਬ ਨਹੀਂ ਦਿੱਤਾ ਇਸ ਲਈ ਅਸੀਂ ਵਾਕ-ਆਊਟ ਕਰਦੇ ਹਾਂ।

(ਇਸ ਸਮੇਂ ਅਕਾਲੀ ਪਾਰਟੀ ਦੇ ਸਾਰੇ ਐਮ. ਐਲ. ਏ. ਸਾਹਿਬਾਨ ਜੋ ਹਾਊਸ ਵਿਚ ਉਸ ਵਕਤ ਹਾਜ਼ਰ ਸਨ ਵਾਕ ਆਊਟ ਕਰ ਗਏ ਅਤੇ ਜਾਂਦੇ ਹੋਏ ਉਹ ਨਾਅਰੇ ਲਗਾ ਰਹੇ ਸਨ ** ** **)

ਸ੍ਰੀ ਸਪੀਕਰ : ਇਹ ਨਾਅਰੇ ਨੋਟ ਨਾ ਕੀਤੇ ਜਾਣ। (These slogans should not be recorded)

CALL ATTENTION NOTICES UNDER RULE 66

(Serial No. 37)

Comrade Raj Kumar : Sir, I beg to draw the attention of the Government towards a matter of urgent public importance, namely. The acute discontentment among petty Karyana Merchants of the State against drawing of samples of articles and commodities which they do not produce but only sell as retailers. Producers and Manufacturers of articles particularly of eatables invariably do not issue warranty letters to retailers, because the existing law does not require them to compulsorily issue the same.

The retail Karyana Merchants are planning State-wide action to express their unrest. In view of the obvious importance of the matter, the Government may please be asked to make a statement in the House.

Mr. Speaker : Admitted. The Minister concerned may please make a statement.

(Serial No. 41)

Comrade Satya Pal Dang : Sir, I beg to draw the attention of the Government towards a matter of urgent public importance, namely, the refusal of the Government to accept the just demands of the junior doctors has forced them to go on strike. This has paralysed the working of the two major hospitals attached to the Patiala and Amritsar Colleges. Public is much inconvenienced. In view of the urgent public importance of the matter, the Government may please be asked to make a statement in the House.

Mr. Speaker : Admitted. The hon. Minister concerned may please make a statement.

**Not recorded as ordered by the Chair.

(Serial No. 45)

Comrade Darshan Singh Canadian : Sir, I beg to draw the attention of the Government towards a matter of urgent public importance, namely, that almost two years ago in its anxiety to expedite the development of the Sub-Mountaneous areas of the State the Punjab Government had formed a Sub-Mountaneous Areas Advisory Council, which was to meet from time to time, review the work of development and give its suggestions and advice on the same. In the last two years, the Council has met only once and there has been no meeting at all during the last 17 months. Due to this the development speed in this area has slackened· Due to this considerable resentment has been generated among the people of the Kandi and the Hill Areas of the State. In view of the urgent and immediate public importance of the matter, the Government may please be asked to make a statement in the House.

Mr. Speaker : Admitted. The hon. Minister concerned may please make a statement.

(Serial No. 69)

Shri Vishwa Mitter Sekhri (read by Shri Kanshi Ram), : To draw the attenion of the Government towards a matter of urgent public importance, namely, the pillars of a 78 feet high Water Tank in Batala collapsed on 22nd February, 1974 with the result that two persons were killed as a result of this mishap. The design of this Tank is understood to have been prepared by some untrained person though it was finally approved by the P.W.D. (Public Health). Since the design and the material used seem to be defective, it resulted in the collapse of the pillars of the Tank, which has resulted in the death of two persons. This is, therefore, a fit matter on which the Government should make a statement.

Mr. Speaker : Admitted. The Minister concerned may please make a statement.

ਸਰਦਾਰ ਪ੍ਰੇਮ ਸਿੰਘ ਪ੍ਰੇਮ : ਆਨ ਏ ਪੁਆਇਟ ਆਫ ਆਰਡਰ, ਸਰ । ਸਪੀਕਰ ਸਾਹਿਬ, ਇੱਕ ਬੜੀ ਅੰਧੇਰ ਵਾਲੀ ਗੱਲ ਹੋਈ ਹੈ ਕਿ ਇਕ ਹਰੀਜਨ ਮਾਈਨਰ ਲੜਕੀ ਨੂੰ ਇੱਕ ਵੱਡੇ ਲੈਂਡਲਾਰਡ ਦਾ ਲੜਕਾ, ਉਸ ਨੂੰ ਚੁੱਕ ਕੇ ਕਮਾਂਦ ਵਿਚ ਲੈ ਗਿਆ ਅਤੇ ਰੇਪ ਕੀਤਾ । ਇਸ ਕਾਰਨ ਸਾਰੇ ਇਲਾਕੇ ਦੇ ਹਰੀਜਨ ਅੱਪਸੈਟ ਹਨ । ਮੈਂ ਇਸ ਬਾਰੇ ਵਿਚ ਕਾਲ ਅਟੈਨਸ਼ਨ ਮੋਸ਼ਨ ਦਿੱਤੀ ਸੀ । ਤੁਸਾਂ ਕਿਹਾ ਕਿ ਇਹ ਇੰਡੀਵਿਜੁਅਲ ਕੇਸ ਹੈ ਅਤੇ ਐਡਮਿਟ ਨਹੀਂ ਕੀਤੀ । ਇਹ ਬੜਾ ਫਿਟ ਕੇਸ ਹੈ । ਗੌਰਮਿੰਟ ਨੂੰ ਇਸ ਤੇ ਜ਼ਵਾਬ ਦੇਣਾ ਚਾਹੀਦਾ ਹੈ ।

ਸ੍ਰੀ ਸਪੀਕਰ : ਤੁਸੀਂ ਚੈਂਬਰ ਵਿਚ ਤਸ਼ਰੀਫ ਲੈ ਆਉਣਾ । ਇਸ ਤੇ ਵਿਚਾਰ ਕਰ ਲਵਾਂਗੇ । (Please come to my Chamber, we will discuss it.)

ਮੁੱਖ ਮੰਤਰੀ : ਸਪੀਕਰ ਸਾਹਿਬ, ਸਰਦਾਰ ਪ੍ਰੇਮ ਸਿਘ ਪ੍ਰੇਮ ਜੀ ਨੇ ਜਿਹੜੀ ਗੱਲ ਕਹੀ ਹੈ ਇਹ ਗੱਲ ਜੇ ਸੱਚੀ ਹੋਈ ਤਾਂ ਸਰਕਾਰ ਦੋਸ਼ੀਆਂ ਨੂੰ ਸਖਤ ਸਜ਼ਾ ਦੇਵੇਗੀ ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਚੀਫ ਮਨਿਸਟਰ ਸਾਹਿਬ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਗਰਾਉਂ ਵਿਚ ਇਕ ਵਾਕਿਆ ਹੋਇਆ ਹੈ ।

[ਕਾਮਰੇਡ ਸੱਤ ਪਾਲ ਡਾਂਗ]

ਇਕ ਟੈਲੀਫੋਨ ਐਕਸਚੇਂਜ ਦੀ ਇੰਪਲਾਈ ਨੂੰ 10.30 ਵਜੇ ਇਕ ਏ. ਐਸ. ਆਈ. ਅਤੇ ਇਕ ਹੋਰ ਬੰਦੇ ਨੇ ਪਿਸਟਲ ਪੁਆਇੰਟ ਉਤੇ ਰੇਪ ਕੀਤਾ । ਕਿਸੇ ਆਰਡੀਨਰੀ ਬੰਦੇ ਨੇ ਰੇਪ ਨਹੀਂ ਕੀਤਾ ਹੈ । ਪਰ ਇਸ ਸਬੰਧ ਵਿਚ ਹਾਲੇ ਤੱਕ ਕੋਈ ਕਾਰਵਾਈ ਉਸ ਦੇ ਖਿਲਾਫ਼ ਨਹੀਂ ਕੀਤੀ ਗਈ । ਮੈਂ ਤੁਹਾਡੇ ਰਾਹੀਂ ਚੀਫ਼ ਮਨਿਸਟਰ ਸਾਹਿਬ ਦੇ ਨੋਟਿਸ ਵਿਚ ਇਹ ਲਿਆਉਣਾ ਚਾਹੁੰਦਾ ਹਾਂ ਕਿ ਜੇ ਪੁਲਿਸ ਦੇ ਅਫ਼ਸਰ ਇਸ ਤਰ੍ਹਾਂ ਦੇ ਕੰਮ ਕਰਨ ਲੱਗ ਪਏ ਅਤੇ ਐਕਸ਼ਨ ਨਾ ਲਿਆ ਗਿਆ ਤਾਂ ਬੜੀ ਮਾੜੀ ਗੱਲ ਹੋਵੇਗੀ ।

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਇਹ ਇਤਲਾਹ ਮਿਲੀ ਹੈ ਡਿਪਾਰਟਮੈਂਟ ਵਲੋਂ ਕਿ ਕਾਰਵਾਈ ਕੀਤੀ ਗਈ ਹੈ । ਦੋਸ਼ੀਆਂ ਨੂੰ ਸਜ਼ਾ ਜ਼ਰੂਰ ਮਿਲੇਗੀ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਉਸ ਏ. ਐਸ. ਆਈ. ਦੀ ਸਿਰਫ਼ ਟਰਾਂਸਫ਼ਰ ਹੀ ਹੋਈ ਹੈ । ਇਹ ਉਹੀ ਜਗਰਾਉਂ ਵਾਲਾ ਥਾਣੇਦਾਰ ਤਾਂ ਨਹੀਂ ਜਿਸ ਦੀ ਗੋਲੀ ਨਾਲ ਇਕ ਕਿਸਾਨ ਮਰਿਆ ਹੈ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਨੂੰ ਹੁਣੇ ਇਹ ਇਤਲਾਹ ਮਿਲੀ ਹੈ ਕਿ ਕੇਸ ਰਜਿਸਟਰ ਹੋ ਚੁਕਿਆ ਹੈ ਅਤੇ ਦੋਸ਼ੀ ਗ੍ਰਿਫ਼ਤਾਰ ਹੋ ਗਏ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਥਾਣੇਦਾਰ ਨਹੀਂ ਪਕੜਿਆ ਹੈ । ਉਹ ਤਾਂ ਕਲਪਰਿਟਸ ਵਿਚੋਂ ਇਕ ਹੈ ।

ਮਾਸਟਰ ਚੰਦ ਸਿੰਘ : ਸਪੀਕਰ ਸਾਹਿਬ, ਮੇਰੀ ਇਕ ਐਡਜਰਨਮੈਂਟ ਮੋਸ਼ਨ ਸੀ । (ਸ਼ੋਰ)

ਸਰਦਾਰ ਸੁਖਦੇਵ ਸਿੰਘ ਢਿਲੋਂ : ਜਨਾਬ, ਮੇਰੀ ਕਾਲ ਅਟੈਨਸ਼ਨ ਮੋਸ਼ਨ ਨੰ: 75 ਸੀ ।

ਸ੍ਰੀ ਸਪੀਕਰ : ਤੁਹਾਨੂੰ ਕਲ ਮੌਕਾ ਦੇ ਦਿਆਂਗੇ । ਤੁਸੀਂ ਪਹਿਲਾਂ ਚਲੇ ਗਏ ਸੀ ।

(The hon. Member was not present in the House. His Call Attention Notice will be taken up tomorrow).

STATEMENTS LAID ON THE TABLE IN REPLY TO CALL ATTENTION NOTICES

Chief Parliamentary Secretary (Sardar Gurcharan Singh Nihalsinghwala) : Sir, I, beg to lay on the Table of the House replies to Call Attention Notices Nos. 7, 18 and 51.

(Serial No. 7)

Comrade Satya Pal Dang : to draw the attention of the Government towards a matter of urgent public importance, namely, under the scheme to give plots free of charge for building houses, to landless unskilled labourers residing in rural areas, the Punjab Government had originally decided to carve out 25 plots of 4 Marla each out of every acre of land to be acquired for the purpose, leaving the rest for streets, open spaces, etc.

Recently the Government have sent instructions to the Deputy Commissioners to carve out 40 plots of 4 Marlas each out of every acre instead of 25. This would not leave any thing for streets , open spaces, etc. The latest instructions, if implemented, would result in construction of worst type of slums. This has resulted in much discontentment amongst the Harijan and other landless labourers in rural areas.

In view of the obvious and urgent importance of the matter,the Government may please be asked to make a statement in the House.

Mrs. Gurbrinder Kaur Brar (State Minister for Housing) : The Scheme for provision of house-sites to landless workers living in rural areas is a Central Scheme and was taken up in the State in the last quarter of 1972-73. The broad features of the scheme are as follows:

The scheme aims at assisting the State Government in providing house-sites, free of cost, to families of landless workers in rural areas who do not already own a house site or built-up house or a hut on land of their own. It is envisaged that the house-sites provided to workers will have to build houses/huts thereon with their own resources and live in peace without being consistently threatened with eviction by the owner of the land on which they have built their own houses/huts.

The benefits of this scheme are admissible only to eligible families of landless workers in rural areas, provided :—

(i) Neither the head of the family nor any of its members own any land whatsoever (agricultural or otherwise) in the village/rural areas ;

(ii) The family depends for its livelihood mainly on the unskilled labour of its members (e.g. landless agricultural workers) ; and

(iii) The members of the family reside in the village/rural areas for major part of the year.

For the purpose of the scheme, the term 'family' will be deemed to consist of the worker, his wife and dependent parents/children.

The entire cost of acquiring and developing of land for providing house-sites to families of landless workers as well as the cost of development is to be met by the Government of India as 100% grant assistance. Any expenditure incurred by the State Government on appointment of staff etc. necessary for implementing the scheme will have to be met by the State Government from its own resources.

The Government of India would pay compensation for the acquisition of land at Rs. 6,000 per acre. Compensation would also be paid for the development of home sites at Rs. 150 per site.

No family is to be allotted more than one house-site, **the size of the house site shall not exceed 100 Sq. yards.** Existing family units need not be split up and where grown-up children are living with their parents, they should not be encouraged to live separately.

2. The Government of India prescribed that project reports should be prepared and sent to them in respect of every Development Block and stipulated that financial assistance would be released by the Government of India on the basis of the project reports approved by the Centre. In 1972-73, project reports in respect of 21 Development Blocks were forwarded to the Government of India, out of which, three, in respect of Bhikhiwind, Jandiala and Verka Blocks of District Amritsar, were approved, involving a grant of approximately Rs. 32 lakhs. During 1973, project reports in respect of the remaining development Blocks of the State have been duly prepared and forwarded to the Government of India for sanction.

3. While sanctioning the three projects, as aforestated, the Government of India reduced the area of the land to be acquired, as assessed by the State Government, insisting that the requirements of land for eligible persons should be worked out on the basis of 40 plots per acre and not on the basis of 20 plots per acre as proposed by the State Government. Further, the Government of India did not accept the proposal of the State Government, as contained in the project reports forwarded by the State Government for acquisition cost being allowed at a rate of Rs. 20,000 per acre and allowed compensation only at the rate of Rs. 6,000 per acre. The Government of India also disallowed the request of the State Government to be granted compensation for the development of house-sites at Rs. 220 per site instead of Rs. 150 per site as laid down in the scheme received from Government of India.

4. The Chief Minister, Punjab and the Housing Minister, Punjab, have been continuously trying to persuade the Government of India to agree to the creation of house-sites on the basis of 25 plots per acre. Depsite sustained efforts at the highest

[Chief Parliamentary Secretary]

level, the Government of India have not been able to agree to the request of the State Government, in view of the financial constraints being faced by it, as also with a view to maintaining the uniformity of pattern of the scheme, in all the States. In this background, as also in view of the fact that the development cost was working out to nearly Rs. 300 per site if the street width was kept at around 20 feet, it was decided in December, 1973 to modify the layout plans. **However, the net area per house-site remains 100 sq. yards, as in the original layout plan.** In the majority of the villages, the number of eligible persons to be allotted homeless sites is less than 40. In all these villages, the revision of the layout plans would merely result in more area becoming available for open spaces etc. It would thus be evident that the action taken by the State Government has not been in conformity with the directions of the Government of India, but shall, in the vast majority of the cases, merely result in more orderly layout and more open-spaces.

[1972-73 ਸਾਲ ਦੀ ਆਖਰੀ ਤਿਮਾਹੀ ਵਿਚ ਰਾਜ ਸਰਕਾਰ ਨੇ ਪਿੰਡਾਂ ਵਿਚ ਰਹਿਣ ਵਾਲੇ ਭੂਮੀ-ਰਹਿਤ ਕਿਰਤੀਆਂ ਨੂੰ ਮਕਾਨ ਉਸਾਰੀ ਲਈ ਮੁਫ਼ਤ ਪਲਾਟਾਂ ਦੀ ਵੰਡ ਸਬੰਧੀ, ਕੇਂਦਰੀ ਸਰਕਾਰ ਦੀ ਸਕੀਮ ਦੇ ਕੰਮ ਨੂੰ ਹੱਥ ਵਿਚ ਲਿਆ ਸੀ । ਇਸ ਸਕੀਮ ਦੇ ਮੁੱਖ ਤੱਥ ਹੇਠ ਅਨੁਸਾਰ ਹਨ :-

ਇਸ ਸਕੀਮ ਦਾ ਮੰਤਵ ਰਾਜ ਸਰਕਾਰ ਵੱਲੋਂ ਉਨ੍ਹਾਂ ਬੇ-ਘਰੇ ਭੂਮੀ-ਰਹਿਤ ਕਿਰਤੀਆਂ ਨੂੰ ਮਕਾਨ ਉਸਾਰੀ ਲਈ ਪਿੰਡਾਂ ਵਿਚ ਮੁਫ਼ਤ ਪਲਾਟ ਦੇਣਾ ਹੈ, ਜਿਨ੍ਹਾਂ ਪਰਿਵਾਰਾਂ ਪਾਸ ਪਿੰਡਾਂ ਜਾਂ ਪੇਂਡੂ ਇਲਾਕੇ ਵਿਚ ਨਾ ਤਾਂ ਕੋਈ ਮਕਾਨ ਹੀ ਹੋਵੇ ਅਤੇ ਨਾ ਹੀ ਕੋਈ ਭੋਂ ਹੋਵੇ । ਇਨ੍ਹਾਂ ਮੁਫ਼ਤ ਦਿੱਤੇ ਪਲਾਟਾਂ ਤੇ ਕਾਮਿਆਂ ਵਲੋਂ ਆਪਣੇ ਸਾਧਨਾਂ (resources) ਨਾਲ ਮਕਾਨ/ ਝੌਂਪੜੇ ਉਸਾਰੇ ਜਾਣੇ ਹਨ ਤਾਂ ਜੋ ਜਿਸ ਭੋਂ ਤੇ ਉਨ੍ਹਾਂ ਨੇ ਆਪਣਾ ਮਕਾਨ/ਝੌਂਪੜਾ ਤਿਆਰ ਕੀਤਾ ਹੈ, ਉਸ ਵਿਚ ਸ਼ਾਂਤੀ ਨਾਲ ਰਹਿ ਸਕਣ ਅਤੇ ਉਨ੍ਹਾਂ ਨੂੰ ਉਸ ਥਾਂ ਤੇ ਮਾਲਕਾਂ ਵੱਲੋਂ ਕੱਢ ਦੇਣ ਦਾ ਨਿੱਤ ਡਰ ਨਾ ਰਹੇ ।

ਇਸ ਸਕੀਮ ਅਧੀਨ ਕੇਵਲ ਉਹ ਯੋਗ ਪੇਂਡੂ ਭੂਮੀ-ਹੀਣ ਪਰਿਵਾਰ ਹੀ ਲਾਭ ਦੇ ਪਾਤਰ ਹੋਣਗੇ ਜੇਕਰ :-

(1) ਨਾ ਤਾਂ ਪਰਿਵਾਰ ਦੇ ਮੁੱਖੀ ਅਤੇ ਨਾ ਹੀ ਉਸ ਦੇ ਕਿਸੇ ਹੋਰ ਮੈਂਬਰ ਪਾਸ ਪਿੰਡ ਜਾਂ ਪੇਂਡੂ ਇਲਾਕੇ ਵਿਚ ਕੋਈ ਭੋਂ ਹੋਵੇ (ਭਾਵ ਖੇਤੀਬਾੜੀ ਲਈ ਜਾਂ ਵੈਸੇ)
(2) ਟੱਬਰ ਵਧੇਰੇ ਤੌਰ ਤੇ ਮੈਂਬਰਾਂ ਦੀ ਅਨਸਿਖਿਅਤ ਕਿਰਤ ਤੇ ਨਿਰਭਰ ਹੋਵੇਗਾ (ਮਿਸਾਲ ਵਜੋਂ ਭੂਮੀ ਹੀਣ ਖੇਤੀ ਬਾੜੀ ਵਾਲੇ ਕਾਮੇ), ਅਤੇ
(3) ਟੱਬਰ ਦੇ ਸਾਰੇ ਮੈਂਬਰ ਸਾਲ ਵਿਚ ਵਧੇਰੇ ਸਮੇਂ ਲਈ ਪਿੰਡ ਜਾਂ ਪੇਂਡੂ ਇਲਾਕੇ ਵਿਚ ਰਹਿੰਦੇ ਹੋਣ ।

ਇਸ ਸਕੀਮ ਲਈ "ਟੱਬਰ" ਤੋਂ ਭਾਵ ਹੈ, ਕਿਰਤੀ, ਉਸਦੀ ਪਤਨੀ ਅਤੇ ਉਸ ਤੇ ਨਿਰਭਰ ਮਾਂ-ਪਿਓ/ਬੱਚੇ ।

ਭੂਮੀ-ਹੀਣ ਕਿਰਤੀਆਂ ਨੂੰ ਮਕਾਨ ਉਸਾਰੀ ਲਈ ਪਲਾਟ ਦੇਣ ਸਬੰਧੀ ਭੋਂ ਪ੍ਰਾਪਤੀ ਅਤੇ ਪਲਾਟਾਂ ਦੀ ਉਸਾਰੀ ਦਾ ਸਾਰਾ ਖਰਚ 100 ਫ਼ੀ ਸਦੀ ਰੁਪਏ ਗਰਾਂਟ ਦੇ ਰੂਪ ਵਿਚ ਭਾਰਤ ਸਰਕਾਰ ਦੇਵੇਗੀ । ਜਿਥੋਂ ਤੱਕ ਇਸ ਸਕੀਮ ਨੂੰ ਚਲਾਉਣ ਸਬੰਧੀ ਸਟਾਫ਼ ਦੀਆਂ ਨਿਯੁਕਤੀਆਂ ਆਦਿ ਦੇ ਖਰਚੇ ਦਾ ਸਬੰਧ ਹੈ, ਉਹ ਰਾਜ ਸਰਕਾਰ ਆਪਣੇ ਸਾਧਨਾਂ (Resources) ਤੋਂ ਪੂਰਾ ਕਰੇਗੀ ।

ਭਾਰਤ ਸਰਕਾਰ ਭੋਂ ਪ੍ਰਾਪਤੀ ਲਈ 6,000 ਰੁਪਏ ਪ੍ਰਤੀ ਏਕੜ ਅਤੇ ਪਲਾਟਾਂ ਦੀ ਉਸਾਰੀ ਲਈ 150 ਰੁਪਏ ਪ੍ਰਤੀ ਪਲਾਟ ਦੇ ਹਿਸਾਬ ਨਾਲ ਅਦਾਇਗੀ ਕਰੇਗੀ ।

ਕਿਸੇ ਵੀ ਟੱਬਰ ਨੂੰ ਇਕ ਤੋਂ ਵੱਧ ਪਲਾਟ ਨਹੀਂ ਦਿੱਤਾ ਜਾਵੇਗਾ । ਪਲਾਟ ਦਾ ਰਕਬਾ 100 ਮਰੱਬਾ ਗਜ਼ ਤੋਂ ਵੱਧ ਨਹੀਂ ਹੋਵੇਗਾ । ਪਹਿਲੇ ਪਰਿਵਾਰ ਨੂੰ ਵੱਖ ਵੱਖ ਨਹੀਂ ਕੀਤਾ ਜਾਵੇਗਾ। ਅਤੇ ਜਿਥੇ ਜਵਾਨ ਬੱਚੇ ਮਾਪਿਆਂ ਨਾਲ ਰਹਿ ਰਹੇ ਹੋਣਗੇ, ਉਨ੍ਹਾਂ ਨੂੰ ਵੱਖਰੇ ਤੌਰ ਤੇ ਰਹਿਣ ਲਈ ਪ੍ਰੇਰਿਆ ਨਹੀਂ ਜਾਵੇਗਾ ।

2. ਭਾਰਤ ਸਰਕਾਰ ਨੇ ਵੱਖਰੇ ਵੱਖਰੇ ਵਿਕਾਸ ਖੰਡਾਂ ਅਨੁਸਾਰ ਪ੍ਰਾਜੈਕਟ ਰਿਪੋਰਟਾਂ ਤਿਆਰ ਕਰਕੇ ਭੇਜਣ ਲਈ ਕਿਹਾ ਸੀ ਅਤੇ ਇਹ ਫ਼ੈਸਲਾ ਕੀਤਾ ਸੀ ਕਿ ਮਾਲੀ ਸਹਾਇਤਾ ਤਾਂ ਹੀ ਦਿੱਤੀ ਜਾਵੇਗੀ ਜੇਕਰ ਪ੍ਰਾਜੈਕਟ ਰਿਪੋਰਟਾਂ ਕੇਂਦਰੀ ਸਰਕਾਰ ਵੱਲੋਂ ਪ੍ਰਵਾਨ ਹੋ ਜਾਣ । 1972-73 ਦੇ ਸਾਲ ਵਿਚ 21 ਵਿਕਾਸ ਖੰਡਾਂ ਦੀਆਂ ਪ੍ਰਾਜੈਕਟ ਰਿਪੋਰਟਾਂ ਭਾਰਤ ਸਰਕਾਰ ਨੂੰ ਭੇਜੀਆਂ ਗਈਆਂ ਸਨ । ਇਨ੍ਹਾਂ ਵਿਚੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਤਿੰਨ ਵਿਕਾਸ ਖੰਡਾਂ, ਭਿਖੀਵਿੰਡ, ਜੰਡਿਆਲਾ ਅਤੇ ਵੇਰਕਾ ਦੀਆਂ ਪ੍ਰਾਜੈਕਟ ਰਿਪੋਟਾਂ ਦੀ ਪ੍ਰਵਾਨਗੀ ਦਿੱਤੀ ਜਾ ਚੁਕੀ ਹੈ ਅਤੇ ਇਸ ਅਨੁਸਾਰ ਤਕਰੀਬਨ 32 ਲੱਖ ਰੁਪਏ ਦੀ ਗ੍ਰਾਂਟ ਪ੍ਰਵਾਨ ਹੋ ਚੁਕੀ ਹੈ । ਸਾਲ 1973 ਵਿਚ ਬਾਕੀ ਦੇ ਵਿਕਾਸ ਖੰਡਾਂ ਦੀਆਂ ਪ੍ਰਾਜੈਕਟ ਰਿਪੋਰਟਾਂ ਤਿਆਰ ਕਰ ਕੇ ਭਾਰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜੀਆਂ ਜਾ ਚੁੱਕੀਆਂ ਹਨ ।

3. ਉਕਤ ਤਿੰਨ ਵਿਕਾਸ ਖੰਡਾਂ ਦੇ ਪ੍ਰਾਜੈਕਟਾਂ ਦੀ ਪ੍ਰਵਾਨਗੀ ਦੇਂਦੇ ਹੋਏ ਭਾਰਤ ਸਰਕਾਰ ਨੇ ਭੋਂ ਪ੍ਰਾਪਤੀ ਦੇ ਰਕਬੇ ਨੂੰ ਰਾਜ ਸਰਕਾਰ ਵੱਲੋਂ ਨਿਰਧਾਰਤ ਰਕਬੇ ਤੋਂ ਘਟਾ ਕੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਭੋਂ ਪ੍ਰਾਪਤੀ ਦਾ ਰਕਬਾ 40 ਪਲਾਟ ਪ੍ਰਤੀ ਏਕੜ ਹੋਣਾ ਚਾਹੀਦਾ ਹੈ ਜਦੋਂ ਕਿ ਰਾਜ ਸਰਕਾਰ ਨੇ 20 ਪਲਾਟ ਪ੍ਰਤੀ ਏਕੜ ਦੀ ਤਜਵੀਜ਼ ਕੀਤੀ ਸੀ । ਇਸ ਤੋਂ ਇਲਾਵਾ ਭੋਂ ਪ੍ਰਾਪਤੀ ਸਬੰਧੀ ਰਾਜ ਸਰਕਾਰ ਦੀ, ਮੁਆਵਜ਼ਾ 20 ਹਜ਼ਾਰ ਰੁਪਏ ਪ੍ਰਤੀ ਏਕੜ ਦੇਣ ਸਬੰਧੀ ਤਜਵੀਜ਼ ਜਿਹੜੀ ਕਿ ਪ੍ਰਾਜੈਕਟ ਰਿਪੋਰਟਾਂ ਵਿਚ ਸੀ, ਘਟਾ ਕੇ ਛੇ ਹਜ਼ਾਰ ਪ੍ਰਤੀ ਏਕੜ ਕਰ ਦਿੱਤਾ । ਭਾਰਤ ਸਰਕਾਰ ਨੇ ਪਲਾਟਾਂ ਦੇ ਵਿਕਾਸ ਦਾ ਖਰਚ ਵੀ 220 ਰੁਪਏ ਪ੍ਰਤੀ ਪਲਾਟ ਖਰਚ ਕਰਨ ਦੀ ਬੇਨਤੀ ਵੀ ਅਸਵੀਕਾਰ ਕਰਕੇ ਇਸ ਦੀ ਥਾਂ ਵਿਕਾਸ ਦੇ ਖਰਚ ਨੂੰ ਘਟਾ ਕੇ 150 ਰੁਪਏ ਪ੍ਰਤੀ ਏਕੜ, ਸਕੀਮ ਅਨੁਸਾਰ, ਕਰ ਦਿੱਤਾ ।

4. ਪੰਜਾਬ ਦੇ ਮੁੱਖ ਮੰਤਰੀ ਅਤੇ ਹਾਊਸਿੰਗ ਮੰਤਰੀ ਭਾਰਤ ਸਰਕਾਰ ਨਾਲ ਲਗਾਤਾਰ ਯਤਨ ਕਰ ਰਹੇ ਹਨ ਕਿ ਭਾਰਤ ਸਰਕਾਰ ਇਕ ਏਕੜ ਵਿਚ 25 ਪਲਾਟਾਂ ਦੀ ਤਜਵੀਜ਼ ਤੇ ਰਾਜ਼ੀ ਹੋ ਜਾਵੇ । ਪਰ ਰਾਜ ਸਰਕਾਰ ਵੱਲੋਂ ਉਚ-ਪੱਧਰ ਤੇ ਯਤਨ ਕਰਨ ਦੇ ਬਾਵਜੂਦ ਵੀ ਭਾਰਤ ਸਰਕਾਰ ਮਾਲੀ ਸੰਕਟ ਅਤੇ ਬਾਕੀ ਰਾਜਾਂ ਨਾਲ ਸਕੀਮ ਦੀ ਇਕਸਾਰਤਾ ਨੂੰ ਮੁੱਖ ਰੱਖਦੇ ਹੋਏ ਇਸ ਤਜਵੀਜ਼ ਨੂੰ ਮੰਨਣ ਲਈ ਤਿਆਰ ਨਹੀਂ । ਇਸ ਤੱਥ ਨੂੰ ਮੁੱਖ ਰੱਖਦੇ ਹੋਏ ਅਤੇ ਨਾਲ ਹੀ ਇਸ ਅਸਲੀਅਤ ਨੂੰ ਧਿਆਨ ਵਿਚ ਰੱਖਦੇ ਹੋਏ, ਕਿ ਪਲਾਟ ਦੇ ਵਿਕਾਸ ਦਾ ਖਰਚਾ, ਜੇਕਰ ਗਲੀਆਂ ਦੀ ਚੌੜਾਈ 20 ਫੁਟ ਤੱਕ ਰੱਖੀ ਜਾਵੇ, ਲੱਗ ਭਗ 300 ਰੁਪਏ ਪ੍ਰਤੀ ਪਲਾਟ ਆਉਂਦਾ ਹੈ, ਦਸੰਬਰ, 1973 ਵਿਚ ਲੇ-ਆਊਟ ਪਲਾਨਾਂ ਨੂੰ ਮੁੜ ਸੁਧਾਰੇ ਜਾਣ ਦਾ ਫ਼ੈਸਲਾ ਕੀਤਾ ਗਿਆ । ਤਾਂ ਵੀ, ਪਹਿਲੇ ਬਣਾਏ ਲੇ-ਆਊਟ ਪਲਾਨਾਂ ਅਨੁਸਾਰ ਦਿੱਤੇ ਜਾਣ ਵਾਲੇ ਪਲਾਟ ਦਾ ਕੁਲ ਰਕਬਾ 100 ਮੁਰੱਬਾ ਗਜ਼ ਹੀ ਰਹਿੰਦਾ ਹੈ । ਕਾਫ਼ੀ ਪਿੰਡਾਂ ਵਿਚ ਯੋਗ-ਬੇ-ਘਰੇ ਵਿਅਕਤੀਆਂ ਦੀ ਗਿਣਤੀ

[Chief Parliamentary Secretary]

ਜਿਨ੍ਹਾਂ ਨੂੰ ਪਲਾਟ ਦਿੱਤੇ ਗਏ ਹਨ, 40 ਤੋਂ ਘੱਟ ਹੀ ਹੈ । ਇਨ੍ਹਾਂ ਸਾਰੇ ਪਿੰਡਾਂ ਵਿਚ ਲੇ-ਆਊਟ ਪਲੈਨਜ਼ ਦੀ ਸੋਧ (revision) ਦਾ ਨਤੀਜਾ ਕੇਵਲ ਖਾਲੀ ਥਾਂ ਵਗੈਰਾ ਲਈ ਜ਼ਿਆਦਾ ਰਕਬਾ ਬਚਾਉਣਾ ਹੋਵੇਗਾ । ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਰਾਜ ਸਰਕਾਰ ਵੱਲੋਂ ਜੋ ਕਾਰਵਾਈ ਕੀਤੀ ਗਈ ਹੈ ਉਹ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੈ । ਬਲਕਿ ਇਸ ਤਰ੍ਹਾਂ ਕਰਨ ਨਾਲ ਕਾਫ਼ੀ ਤਾਦਾਦ ਵਿਚ ਪਿੰਡਾਂ ਵਿਚ ਠੀਕ ਢੰਗ ਦੇ ਲੇ-ਆਊਟ ਪਲਾਨ ਬਣ ਜਾਣਗੇ ਅਤੇ ਖੁਲੀ ਥਾਂ ਉਪਲੱਬਧ ਹੋ ਜਾਏਗੀ ।]

(Serial No. 18)

Comrade Raj Kumar : To draw the attention of the Government towards a matter of urgent public importance, namely forcible occupation by certain miscreants of Harijans plots given to the Harijans during consolidation of holding in village Darsopur, District Gurdaspur. Resisting Harijan women were physically beaten and injured by the miscreants. Now, social boycott of entire Harijan community is in action. Community is undergoing untold suffering such as banning of answering calls of nature, etc. in fields by mischievious elements.

There is great resentment in Narot Jaimal Singh Area of Gurdaspur District on this account.

In view of the obvious importance of the matter, the Government may be called upon to make a statement in the House.

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : (1) ਹਾਲਾਤ ਇਸ ਪ੍ਰਕਾਰ ਹਨ ਕਿ ਪਿੰਡ ਦਰਸੋਪੁਰ, ਥਾਨਾ ਨਰੋਟ ਜੈਮਲ ਸਿੰਘ, ਜ਼ਿਲ੍ਹਾ ਗੁਰਦਾਸਪੁਰ ਦੀ ਮੁਰੱਬੇ ਬੰਦੀ ਸਾਲ 1961 ਵਿਚ ਹੋਈ ਸੀ । ਮੁਰੱਬੇ ਬੰਦੀ ਦੇ ਸਮੇਂ ਬੇ-ਜ਼ਮੀਨੇ ਹਰੀਜਨਾਂ ਅਤੇ ਦੂਸਰੀ ਜਾਤੀਆਂ ਦੇ 50/55 ਪੁਰਸ਼ਾਂ ਨੂੰ ਚਾਰ/ਪੰਜ ਮਰਲੇ ਦੇ ਪਲਾਟ ਅਲਾਟ ਕੀਤੇ ਗਏ ਸੀ । ਜ਼ਿਮੀਂਦਾਰਾਂ ਨੇ, ਜਿਨ੍ਹਾਂ ਦੀ ਜ਼ਮੀਨ ਵਿਚੋਂ ਇਹ ਪਲਾਟ ਕੱਟੇ ਗਏ ਸੀ, ਡਾਇਰੈਕਟਰ ਕੰਨਸੌਲੀਡੇਸ਼ਨ ਕੋਲ ਅਪੀਲ ਕਰ ਦਿੱਤੀ, ਜਿਸ ਦੇ ਨਤੀਜੇ ਵਜੋਂ ਡਾਇਰੈਕਟਰ ਵਲੋਂ ਮਿਤੀ 5 ਦਸੰਬਰ, 1966 ਨੂੰ 15 ਪਲਾਟਾਂ ਤੇ ਹਰੀਜਨਾਂ ਆਦਿ ਦਾ ਕਬਜ਼ਾ ਬਹਾਲ ਰਖਿਆ ਅਤੇ ਬਾਕੀ 30/35 ਪਲਾਟਾਂ ਦਾ ਕਬਜ਼ਾ ਜ਼ਿਮੀਂਦਾਰਾਂ ਨੇ ਲੈ ਲਿਆ । ਸੰਨ 1973 ਵਿਚ ਜਦ ਜ਼ਿਮੀਂਦਾਰਾਂ ਨੇ ਪਲਾਟਾਂ ਵਾਲੀ ਜ਼ਮੀਨ ਨੂੰ ਜਿਹੜੀ ਉਨ੍ਹਾਂ ਨੂੰ ਅਪੀਲ ਤੇ ਡਾਇਰੈਕਟਰ ਨੇ ਵਾਪਸ ਕੀਤੀ ਸੀ, ਬੀਜਣ ਦੀ ਕੋਸ਼ਿਸ਼ ਕੀਤੀ ਤਾਂ ਹਰੀਜਨਾਂ ਨੇ ਰੁਕਾਵਟ ਪੈਦਾ ਕੀਤੀ । ਦੋਵੇਂ ਧਿਰਾਂ ਨੇ ਰਾਜ਼ੀ ਨਾਮਾ ਕਰਨਾ ਚਾਹਿਆ ਪਰੰ ਗਲ ਬਾਤ ਫ਼ੇਲ੍ਹ ਹੋ ਗਈ । ਮਿਤੀ 5 ਫਰਵਰੀ, 1974 ਨੂੰ ਸ੍ਰੀਮਤੀ ਦੁਰਗੀ ਦੀ ਰਿਪੋਰਟ ਤੇ 9 ਜ਼ਿਮੀਂਦਾਰਾਂ ਦੇ ਵਿਰੁੱਧ ਮੁਕਦਮਾ ਨੰ: 6/74 ਅ/ਧ 506/323/325/148/149 ਆਈ. ਪੀ. ਸੀ. ਥਾਨਾ ਨਰੋਟ ਜੈਮਲ ਸਿੰਘ, ਦਰਜ ਕੀਤਾ ਗਿਆ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਮੁਕੱਦਮੇ ਦਾ ਚਲਾਨ ਅਦਾਲਤ ਵਿਚ ਭੇਜਿਆ ਜਾ ਰਿਹਾ ਹੈ ।

(2) ਇਹ ਗ਼ਲਤ ਹੈ ਕਿ ਜੋ ਪਲਾਟ ਹਰੀਜਨਾਂ ਨੂੰ ਅਲਾਟ ਕੀਤੇ ਗਏ ਸੀ, ਉਨ੍ਹਾਂ ਉਤੇ ਕਿਸੇ ਨੇ ਜ਼ਬਰਦਸਤੀ ਕਬਜ਼ਾ ਕੀਤਾ । ਅਸਲ ਵਿਚ ਹਰੀਜਨ, ਬਰਾਹਮਣ ਅਤੇ ਦੂਜੀਆਂ ਜਾਤੀਆਂ ਆਪਣਾ ਕੇਸ ਹਾਰ ਗਏ ਸਨ । ਹੋਰਨਾਂ ਹਰੀਜਨ ਔਰਤਾਂ ਨੂੰ ਮਾਰ ਕੁੱਟ ਦੀ ਕਿਸੇ ਰਿਪੋਰਟ ਨਹੀਂ ਕੀਤੀ । ਇਸੀ ਮਸਲੇ ਤੇ ਹਰੀਜਨਾਂ ਦਾ ਕੋਈ ਸਮਾਜੀ ਬਾਈਕਾਟ ਨਹੀਂ ਕੀਤਾ ਗਿਆ । ਮਿਤੀ 22 ਫਰਵਰੀ, 1974 ਨੂੰ ਡਿਪਟੀ ਕਮਿਸ਼ਨਰ ਅਤੇ ਸੁਪਰੰਡੰਟ, ਪੁਲਿਸ, ਗੁਰਦਾਸਪੁਰ ਨੇ, ਪਿੰਡ ਦਰਸੋਪੁਰ ਜਾ ਕੇ ਪਿੰਡ ਦੇ ਲੋਕਾਂ ਨੂੰ ਸਮਝਾਇਆ । ਦੋਵੇਂ ਧਿਰਾਂ ਨੇ ਮਿਲ ਕੇ ਰਹਿਣ ਅਤੇ ਪਲਾਟਾਂ ਬਾਰੇ ਐਸ. ਡੀ. ਐਮ., ਪਠਾਨਕੋਟ ਦੇ ਫ਼ੈਸਲੇ ਦਾ ਇੰਤਜ਼ਾਰ ਕਰਨ ਦਾ ਬਚਨ ਦਿੱਤਾ । ਹਰੀਜਨਾਂ ਨੂੰ ਖੇਤਾਂ ਵਿਚ ਜਾਣ ਆਉਣ ਦੀ ਪੂਰੀ ਆਜ਼ਾਦੀ ਹੈ ।

(ਕ੍ਰਮ ਨੰ : 51)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵੱਲ ਦਿਵਾਉਣਗੇ, ਅਰਥਾਤ, ਹੁਣੇ ਜਿਹੇ ਜਗਰਾਉਂ ਵਿਖੇ ਕਿਸਾਨਾਂ ਦੇ ਇਕ ਪੁਰਅਮਨ ਇਕੱਠ ਉਤੇ ਪੁਲਿਸ ਵਲੋਂ ਕੀਤੀ ਗਈ ਅੰਧਾ ਧੁੰਦ ਫ਼ਾਇਰਿੰਗ ਵਲ ਦੁਆਇਆ ਜਾਂਦਾ ਹੈ ਜਿਸ ਦੇ ਸਿੱਟੇ ਵਜੋਂ ਪਿਆਰਾ ਸਿੰਘ ਨਾਂ ਦੇ ਇਕ ਵਿਅਕਤੀ ਦੀ ਮੌਤ ਹੋ ਗਈ ਹੈ। ਇਸ ਦੁਰਘਟਨਾ ਨਾਲ ਕਿਸਾਨਾਂ ਅਤੇ ਆਮ ਜਨਤਾ ਵਿਚ ਪੁਲਿਸ ਦੀ ਧਕੜਸ਼ਾਹੀ ਅੱਤੇ ਇਸ ਮਨੁੱਖਤਾਹੀਨ ਕਾਰਵਾਈ ਵਿਰੁੱਧ ਸ਼ਖਤ ਰੋਸ਼ ਅਤੇ ਗੁੱਸਾ ਪਾਇਆ ਜਾਂਦਾ ਹੈ। ਸਾਰੇ ਰਾਜ ਵਿਚ ਇਸ ਘਟਨਾ ਦੀ ਜੁਡੀਸ਼ਲ ਪੜਤਾਲ ਦੀ ਮੰਗ ਕੀਤੀ ਜਾ ਰਹੀ ਹੈ। ਇਸ ਲਈ ਜ਼ਰੂਰੀ ਹੈ ਕਿ ਰਾਜ ਸਰਕਾਰ ਇਸ ਸਾਰੇ ਮਾਮਲੇ ਦੀ ਛਾਣ-ਬੀਣ ਕਰਕੇ ਸਦਨ ਵਿੱਚ ਵਿਸਥਾਰ ਪੂਰਵਕ ਬਿਆਨ ਦੇਵੇ।

ਗਿਆਨੀ ਜ਼ੈਲ ਸਿੰਘ (ਮੁੱਖ ਮੰਤਰੀ) : ਮਿਤੀ 18 ਫਰਵਰੀ, 1974 ਨੂੰ ਜਗਰਾਉਂ ਇਲਾਕੇ ਵਿਚ ਖਾਦ ਅਤੇ ਡੀਜ਼ਲ ਦੀ ਚੋਰ ਬਜ਼ਾਰੀ ਰਾਹੀਂ ਕਿਸਾਨਾਂ ਨੂੰ ਲੁੱਟਣ ਬਾਰੇ ਕੁਝ ਪੋਸਟਰ ਜੋ ਕਿ ਵਾਹੀਕਾਰ ਯੂਨੀਅਨ (Wahikar Union) ਵਲੋਂ ਪਾਏ ਗਏ। ਇਨ੍ਹਾਂ ਵਿਚ, ਲਿਖਿਆ ਗਿਆ ਸੀ ਕਿ ਬਿਨਾਂ ਅੰਦੋਲਨ (ਐਜੀਟੇਸ਼ਨ) ਦੇ ਕੁਝ ਨਹੀਂ ਬਣ ਸਕਦਾ, ਸੋ ਕਿਸਾਨਾਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਮਿਤੀ 20 ਫਰਵਰੀ, 1974 ਨੂੰ ਹੋਣ ਵਾਲੇ ਮੁਜ਼ਾਹਰੇ ਵਿਚ, ਜਿਹੜਾ ਕਿ ਖਾਦ ਅਤੇ ਡੀਜ਼ਲ ਦੀ ਸਪਲਾਈ ਤੇ ਕੰਟਰੋਲ, ਬਲੈਕੀਆਂ ਨੂੰ ਸਜ਼ਾਵਾਂ, ਬਿਜਲੀ ਦੀ ਸਪਲਾਈ ਵਿਚ ਕਟੌਤੀ ਦੀ ਬਹਾਲੀ ਆਦਿ ਮੰਗਾਂ ਨੂੰ ਮਨਵਾਉਣ ਲਈ ਕੀਤਾ ਜਾ ਰਿਹਾ ਸੀ, ਭਾਗ ਲੈਣ। ਇਨ੍ਹਾਂ ਇਸ਼ਤਿਹਾਰਾਂ ਵਿਚ ਦਰਜ ਪਰੋਗਰਾਮ ਅਨੁਸਾਰ ਜਲੂਸ ਸ਼ੇਰਪੁਰ ਸੜਕ, ਜਗਰਾਉਂ ਤੋਂ ਚਲਣਾ ਸੀ ਅਤੇ ਵੱਡੇ ਬਜ਼ਾਰਾਂ ਵਿਚ ਦੀ ਹੁੰਦਾ ਹੋਇਆ ਅਦਾਲਤਾਂ ਅੱਗੇ ਖ਼ਤਮ ਹੋਣਾ ਸੀ। ਕਿਉਂ ਜੋ ਜਗਰਾਉਂ ਇਲਾਕੇ ਵਿਚ ਦਫ਼ਾ 144 ਜ਼ਾਬਤਾ ਫ਼ੌਜਦਾਰੀ ਲਾਗੂ ਸੀ। ਇਸ਼ਤਿਹਾਰਾਂ ਰਾਹੀਂ ਕਿਸਾਨਾਂ ਨੂੰ ਇਸ ਦਫ਼ਾ ਹੇਠ ਲੱਗੀਆਂ ਬੰਦਸ਼ਾਂ ਨੂੰ ਤੋੜਨ ਲਈ ਉਕਸਾਇਆ ਗਿਆ ਸੀ।

2. ਰਿਪੋਰਟਾਂ ਤੋਂ ਇਹ ਪਤਾ ਚਲਦਾ ਹੈ ਕਿ ਵਾਹੀਕਾਰ ਦਲ ਦੀ ਜਗਰਾਉਂ ਇਲਾਕੇ ਵਿਚ ਪੈਰੋਕਾਰੀ ਨਹੀਂ ਹੈ। ਇਹ ਇਸ਼ਤਿਹਾਰ ਦਰਅਸਲ ਸ੍ਰੀ ਦਰਸ਼ਨ ਸਿੰਘ, ਪੁੱਤਰ ਸ੍ਰੀ ਸੰਪੂਰਨ ਸਿੰਘ ਚਾਹਲ, ਵਾਸੀ ਗਾਲਬ ਕਲ੍ਹਾਂ, ਸਾਬਕਾ ਵਿਦਿਆਰਥੀ ਐਲ. ਆਰ. ਐਮ. ਕਾਲਜ, ਜਗਰਾਉਂ ਜਿਹੜਾ ਕਿ ਅਤਿਵਾਦੀ ਭਾਵ ਰਖਦਾ ਹੈ, ਵਲੋਂ ਜਾਰੀ ਕੀਤਾ ਗਿਆ ਸੀ। ਦਰਸ਼ਨ ਸਿੰਘ ਦੇ ਸਬੰਧ ਅਮਰ ਸਿੰਘ, ਪੁੱਤਰ ਸ੍ਰੀ ਕੁੰਦਾ ਸਿੰਘ ਵਾਸੀ ਅੱਛਰਵਾਲ, ਜਿਹੜਾ ਕਿ ਕਦੀ ਨਕਸਲਵਾੜੀ ਮਫ਼ਰੂਰ ਸੀ ਅਤੇ ਅੰਮ੍ਰਿਤ ਪਾਲ ਪੰਛੀ, ਸਾਬਕਾ ਵਿਦਿਆਰਥੀ ਸਨਮਤੀ ਸਾਇੰਸ ਕਾਲਜ, ਜਗਰਾਉਂ ਜਿਹੜਾ ਕਿ ਅਤਿਵਾਦ ਵਿਚ ਵਿਸ਼ਵਾਸ ਰੱਖਦਾ ਹੈ, ਨਾਲ ਹਨ। ਦਰਸ਼ਨ ਸਿੰਘ ਅਤੇ ਅੰਮ੍ਰਿਤ ਪਾਲ ਨੇ ਪਿਛਲੇ ਸਾਲ ਵਿਦਿਆਰਥੀ ਗੜਬੜ ਵਿਚ ਸਰਗਰਮ ਹਿੱਸਾ ਲਿਆ ਸੀ। ਇਸ ਤੋਂ ਇਲਾਵਾ ਦਰਸ਼ਨ ਸਿੰਘ ਨੇ ਸਮੇਤ ਕੁਝ ਹੋਰ ਵਿਅੱਕਤੀਆਂ ਦੇ ਮਿਤੀ 26 ਜਨਵਰੀ, 1973 ਨੂੰ ਰਾਸ਼ਟਰੀ ਝੰਡੇ ਦੀ ਬੇਅਦਬੀ ਕੀਤੀ ਸੀ ਜਿਸ ਤੇ ਮੁਕੱਦਮਾ ਨੰ: 2 ਰਾਸ਼ਟਰੀ ਝੰਡੇ ਦੀ ਬੇਅਦਬੀ ਰੋਕ ਐਕਟ, 1971 ਦਰਜ ਕੀਤਾ ਗਿਆ ਸੀ।

3. ਮਿਤੀ 20 ਫਰਵਰੀ, 1974 ਨੂੰ ਲਗਭਗ 2,000 ਕਿਸਾਨ (ਗਾਲਬ ਕਲ੍ਹਾਂ, ਗਾਲਬ ਖੁਰਦ, ਫ਼ਤਿਹਗੜ੍ਹ, ਸਿਵੀਆ, ਅਖਾੜਾ, ਚੂਹੜਚੱਕ ਅਤੇ ਢੂਡੀਕੇ, ਜ਼ਿਲ੍ਹਾ ਫ਼ਰੀਦਕੋਟ), ਜਿਨ੍ਹਾਂ ਨੂੰ ਅਤਵਾਦੀਆਂ

[Chief Parliamentary Secretary]

ਨੇ ਉਕਸਾਇਆ ਹੋਇਆ ਸੀ, ਸ਼ੇਰਪੁਰ ਸੜਕ, ਜਗਰਾਉਂ ਵਿਖੇ ਟਰੈਕਟਰ, ਟਰਾਲੀਆਂ ਅਤੇ ਸਾਈਕਲਾਂ ਤੇ ਬਾਅਦ ਦੁਪਹਿਰ ਪੁਜੇ। ਉਹ ਲਾਠੀਆਂ ਅਤੇ ਗੰਡਾਸਿਆਂ ਨਾਲ ਹਥਿਆਰਬੰਦ ਸਨ। ਕੁਝ ਕੋਲ ਬੰਦੂਕਾਂ ਆਦਿ ਵੀ ਸਨ। ਜਲੂਸ ਦੇ ਚਲਣ ਤੋਂ ਪਹਿਲਾਂ ਦਰਸ਼ਨ ਸਿੰਘ ਕਿਸਾਨਾਂ ਨੂੰ ਭਾਸ਼ਨ ਦਿੰਦਾ ਰਿਹਾ ਅਤੇ ਦਫ਼ਾ 144 ਜ਼ਾਬਤਾ ਫ਼ੌਜਦਾਰੀ ਤੋੜਨ ਦੀ ਚੁੱਕ ਦਿੱਤੀ।

4. ਜਿਵੇਂ ਹੀ ਇਹ ਜਲੂਸ ਚਲਿਆ, ਸ੍ਰੀ ਗੁਰਬਚਨ ਸਿੰਘ, ਡੀ.ਐਸ.ਪੀ. ਸਮੇਤ 3 ਸਬ-ਇਨਸਪੈਕਟਰਾਂ, 3 ਸਹਾਇਕ ਸਬ-ਇਨਸਪੈਕਟਰਾਂ, 10 ਹਵਾਲਦਾਰਾਂ, 79 ਸਿਪਾਹੀਆਂ ਅਤੇ 20 ਹੋਮ ਗਾਰਡਜ਼ ਅਤੇ ਅੱਥਰੂ ਗੈਸ ਦਸਤੇ ਦੇ, ਮੌਕੇ ਤੇ ਪੁੱਜ ਗਿਆ। ਲਾਊਡ ਸਪੀਕਰ ਰਾਹੀਂ ਡੀ.ਐਸ. ਪੀ. ਨੇ ਜਲੂਸ ਨੂੰ ਦਸਿਆ ਕਿ ਦਫ਼ਾ 144 ਜ਼ਾਬਤਾ ਫ਼ੌਜਦਾਰੀ ਲਗੀ ਹੋਈ ਹੈ, ਇਸ ਲਈ ਉਹ ਖਿੰਡ ਪੁੰਡ ਜਾਣ। ਪ੍ਰੰਤੂ, ਕਿਉਂਜੋ ਜਲੂਸ ਵਾਲੇ ਭੜਕਾਏ ਹੋਏ ਅਤੇ ਜੋਸ਼ ਵਿਚ ਸਨ, ਉਨ੍ਹਾਂ ਨੇ ਪੁਲਿਸ ਤੇ ਲਾਠੀਆਂ ਆਦਿ ਨਾਲ ਹਮਲਾ ਕਰ ਦਿੱਤਾ ਅਤੇ ਪਥਰਾਓ ਕੀਤਾ। ਸ੍ਰੀ ਗੁਰਬਚਨ ਸਿੰਘ, ਡੀ.ਐਸ.ਪੀ. ਦੇ ਸਿਰ ਵਿਚ ਸੱਟ ਆਈ ਅਤੇ 4 ਹਵਾਲਦਾਰ ਅਤੇ 6 ਸਿਪਾਹੀ ਅਤੇ ਹੋਮ ਗਾਰਡ ਦਾ ਇਕ ਪਲਾਟੂਨ ਕਮਾਂਡਰ ਵੀ ਜ਼ਖਮੀ ਹੋਏ। ਡਾਕਟਰੀ ਰਿਪੋਰਟ ਅਨੁਸਾਰ ਡੀ.ਐਸ.ਪੀ., 2 ਸਿਪਾਹੀਆਂ ਅਤੇ ਹੋਮ ਗਾਰਡ ਅਫ਼ਸਰ ਨੂੰ ਆਏ ਜ਼ਖਮ ਗੰਭੀਰ ਸਨ। ਪੁਲਿਸ ਨੇ 21 ਅੱਥਰੂ ਗੈਸ ਗੋਲ ਭੀੜ ਨੂੰ ਖਿੰਡਾਉਣ ਲਈ ਵਰਤੇ ਪ੍ਰੰਤੂ ਜਦੋਂ ਉਨ੍ਹਾਂ ਵਲੋਂ ਹਮਲਾ ਜਾਰੀ ਹੀ ਰਿਹਾ ਤਾਂ 303 ਰਾਈਫ਼ਲ ਦੇ 8 ਕਾਰਤੂਸ ਆਤਮ ਰੱਖਿਆ ਵਿਚ ਪੁਲਿਸ ਵਲੋਂ ਚਲਾਏ ਗਏ। ਪਿਆਰਾ ਸਿੰਘ, ਪੁੱਤਰ ਕੇਹਰ ਸਿੰਘ ਵਾਸੀ, ਗਾਲਬ ਖੁਰਦ ਜਿਸ ਨੂੰ ਗੋਲੀ ਦਾ ਜ਼ਖਮ ਆਇਆ, ਸਿਵਲ ਹਸਪਤਾਲ ਮੋਗਾ ਵਿਚ ਮਰ ਗਿਆ। ਸੋਮਾ, ਪੁੱਤਰ ਹਰਬੰਸ, ਵਾਸੀ ਗਾਲਬ ਕਲ੍ਹਾਂ ਜਿਸ ਨੂੰ ਭੀ ਗੋਲੀ ਦਾ ਜ਼ਖਮ ਆਇਆ, ਸਿਵਲ ਹਸਪਤਾਲ, ਮੋਗਾ ਵਿਚ ਜ਼ੇਰ ਇਲਾਜ ਹੈ ਅਤੇ ਉਸ ਦੀ ਜਾਨ ਹੁਣ ਖਤਰੇ ਤੋਂ ਬਾਹਰ ਹੈ। ਇਸ ਤੋਂ ਇਲਾਵਾ ਜਲੂਸ ਵਿਚ ਹਿੱਸਾ ਲੈਣ ਵਾਲੇ 9 ਵਿਅੱਕਤੀਆਂ ਨੂੰ ਡਾਕਟਰੀ ਰਿਪੋਰਟ ਅਨੁਸਾਰ ਹਲਕੀਆਂ ਸੱਟਾਂ ਆਈਆਂ। ਇਸ ਸਬੰਧ ਵਿਚ ਥਾਣਾ ਜਗਰਾਉਂ ਵਿਚ ਦਰਜ ਕੀਤੇ ਮੁਕੱਦਮਾ ਨੰ: 118/74 ਅਧੀਨ ਧਾਰਾ 307/148/140/333/353/188, ਭਾ. ਦੰ. ਅਤੇ 25/54/59 ਅਸਲਾ ਐਕਟ ਵਿਚ 15 ਵਿਅੱਕਤੀ ਗ੍ਰਿਫ਼ਤਾਰ ਕੀਤੇ ਗਏ ਹਨ।

5. ਇਹ ਅਫ਼ਸੋਸ ਦੀ ਗੱਲ ਹੈ ਕਿ ਸਰਕਾਰ ਨੂੰ ਡੀਜ਼ਲ, ਬਿਜਲੀ ਅਤੇ ਖਾਦ ਆਦਿ ਦੀ ਨਾ ਟਾਲੀ ਜਾਣ ਵਾਲੀ ਕਮੀ ਦੇ ਸਿਲਸਿਲੇ ਵਿਚ ਆਈਆਂ ਔਕੜਾਂ ਤੇ ਕਾਬੂ ਪਾਉਣ ਵਿਚ ਮੱਦਦ ਦੀ ਬਜਾਏ, ਸ਼ਰਾਰਤੀ ਅਨਸਰ ਇਸ ਵਿਵਸਥਾ ਦਾ ਨਾਜਾਇਜ਼ ਫ਼ਾਇਦਾ ਉਠਾ ਰਹੇ ਹਨ। ਆਪਣਾ ਉੱਲੂ ਸਿੱਧਾ ਕਰਨ ਲਈ ਉਹ ਮਾਸੂਮ ਜਨਤਾ ਨੂੰ ਤੋੜ ਫ਼ੋੜ ਦੀ ਕਾਰਵਾਈ ਵਿਚ ਹਿੱਸਾ ਲੈਣ ਲਈ ਗੁਮਰਾਹ ਕਰ ਰਹੇ ਅਤੇ ਉਕਸਾ ਰਹੇ ਹਨ। ਜਗਰਾਉਂ ਵਿਖੇ ਹਜੂਮ ਨੇ ਜਾਣ-ਬੁੱਝ ਕੇ ਦਫ਼ਾ 144 ਜ਼ਾਬਤਾ ਫ਼ੌਜਦਾਰੀ ਹੇਠ ਲਾਈਆਂ ਬੰਦਸ਼ਾਂ ਨੂੰ ਤੋੜਿਆ ਅਤੇ ਜਦੋਂ ਡੀ.ਐਸ.ਪੀ. ਨੇ ਉਨ੍ਹਾਂ ਨੂੰ ਅਜਿਹਾ ਨਾ ਕਰਨ ਲਈ ਕਿਹਾ ਅਤੇ ਪੁਲਿਸ ਪਾਰਟੀ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਪੁਲਿਸ ਤੇ ਹਮਲਾ ਕਰਕੇ ਡੀ.ਐਸ.ਪੀ. ਅਤੇ ਹੋਰਨਾਂ ਕਰਮਚਾਰੀਆਂ ਨੂੰ ਸਖਤ ਜ਼ਖਮੀ ਕੀਤਾ। ਜਦੋਂ ਹਜੂਮ ਅੱਥਰੂ ਗੈਸ ਦੀ ਵਰਤੋਂ ਉਪਰੰਤ ਵੀ ਤਿੱਤਰ ਬਿੱਤਰ ਨਾ ਹੋਇਆ ਅਤੇ ਪੁਲਿਸ ਤੇ ਹਮਲਾ ਜਾਰੀ ਰਖਿਆ, ਪੁਲਿਸ ਨੂੰ ਆਤਮ ਰੱਖਿਆ ਲਈ ਗੋਲੀ ਚਲਾਉਣੀ ਪਈ। ਸਮੁੱਚੇ ਹਾਲਾਤ ਅਤੇ ਹਜੂਮ ਦੀ ਤੁੰਦੀ ਅਤੇ ਤੇਜ਼ੀ ਨੂੰ ਧਿਆਨ ਵਿਚ ਰੱਖਦਿਆਂ ਪੁਲਿਸ ਵਲੋਂ ਵਰਤੀ ਤਾਕਤ ਲੋੜ ਤੋਂ ਜ਼ਿਆਦਾ ਨਹੀਂ ਸੀ। ਇਸ ਕੇਸ ਵਿਚ ਪੁਲਿਸ ਨੇ ਜੋ ਕੁਝ ਕੀਤਾ ਹੈ ਆਤਮ ਰੱਖਿਆ ਲਈ ਕੀਤਾ ਹੈ। ਇਸ ਵਿਚ ਕਿਸੇ ਜੁਡੀਸ਼ਲ ਇੰਕੁਆਇਰੀ ਦੀ ਲੋੜ ਨਹੀਂ ਜਾਪਦੀ।

BILL (NON-OFFICIAL)

THE PUNJAB LEGISLATIVE ASSEMBLY MEMBERS (DECLA- OF ASSETS) BILL, 1974

Comrade Satya Pal Dang (Amritsar west) : Sir, I beg to move for leave to introduce the Punjab Legislative Assembly Members (Declaration of Assets) Bill, 1974.

Revenue and Election Minister (Sardar Umrao Singh) : Sir, I oppose the Motion for leave to move the Punjab Legislative Assembly Members (Declaration of Assets) Bill.

ਕਾਮਰੇਡ ਸੱਤ ਪਾਲ ਡਾਂਗ : (ਅੰਮ੍ਰਿਤਸਰ ਪੱਛਮ) : ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨਗੀ ਹੈ ਕਿ ਸਰਦਾਰ ਉਮਰਾਓ ਸਿੰਘ ਜੀ ਨੇ ਇਹੋ ਜਿਹੇ ਬਿੱਲ ਦੀ ਮੁਖਾਲਫ਼ਤ ਕੀਤੀ ਹੈ। ਇਹ ਬਿਲ ਸਾਡੇ ਦੇਸ਼ ਅਤੇ ਪ੍ਰਾਂਤ ਵਿਚ ਇਸ ਵੇਲੇ ਜਿਹੜਾ ਵੱਡੇ ਪੈਮਾਨੇ ਤੇ ਭ੍ਰਿਸ਼ਟਾਚਾਰ ਚਲ ਰਿਹਾ ਹੈ, ਉਸ ਦੇ ਨਾਲ ਸਬੰਧ ਰਖਦਾ ਹੈ। ਭਰਿਸ਼ਟਾਚਾਰ ਦਾ ਬੁਨਿਆਦੀ ਕਾਰਨ ਨਫ਼ੇ ਦੀ ਹਵਸ ਅਤੇ ਇਜਾਰੇਦਾਰੀ ਅਤੇ ਸਰਮਾਏਦਾਰੀ ਹੈ। ਉਹ ਮਨਿਸਟਰ, ਆਈ.ਪੀ.ਐਸ. ਅਤੇ ਆਈ.ਏ.ਐਸ. ਦੇ ਅਸਫ਼ਰਾਂ ਨੂੰ ਖਰੀਦਣ ਦੀ ਸ਼ਕਤੀ ਰਖਦੇ ਹਨ। ਭ੍ਰਿਸ਼ਟਾਚਾਰ ਉੱਤੋਂ ਸ਼ੁਰੂ ਹੁੰਦਾ ਹੈ ਅਤੇ ਹੇਠਾਂ ਤਕ ਟਰੈਵਲ ਕਰਦਾ ਚਲਾ ਜਾਂਦਾ ਹੈ। ਉਤੇ ਭ੍ਰਿਸ਼ਟਾਚਾਰ ਲੋਕਾਂ ਨੂੰ ਡਿਮਾਰੇਲਾਈਜ਼ ਕਰਦਾ ਹੈ ਅਤੇ ਹੇਠਾਂ ਇਸ ਨੂੰ ਵਧਾਉਂਦਾ ਹੈ।

ਸਰਦਾਰ ਕਿਰਪਾਲ ਸਿੰਘ ਰੰਧਾਵਾ : ਸਪੀਕਰ ਸਾਹਿਬ ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਜਦੋਂ ਟੈਕਨੀਕਲ ਗਰਾਊਂਡ ਤੇ ਹੀ ਕਿਸੇ ਪ੍ਰਾਈਵੇਟ ਬਿੱਲ ਨੂੰ ਇੰਟਰੋਡਿਊਸ ਕਰਨ ਦੀ ਲੀਵ ਨਾ ਮਿਲੇ ਤਾਂ ਡਾਂਗ ਸਾਹਿਬ ਕਿਸ ਤਰ੍ਹਾਂ ਬੋਲ ਸਕਦੇ ਹਨ ?

ਸ੍ਰੀ ਸਪੀਕਰ : ਮੂਵਰਜ਼ ਨੂੰ ਪ੍ਰਿੰਸੀਪਲਜ਼ ਤੇ ਕਹਿਣ ਦੀ ਇਜਾਜ਼ਤ ਹੁੰਦੀ ਹੈ। (The mover of the Bill has the right to speak about the principles of the Bill.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜਦੋਂ ਉਤੋਂ ਭ੍ਰਿਸ਼ਟਾਚਾਰ ਟਰੈਵਲ ਕਰਕੇ ਹੇਠਾਂ ਜਾਂਦਾ ਹੈ ਤਾਂ ਉਹ ਲੋਕਾਂ ਦੀ ਜ਼ਿੰਦਗੀ ਦੂਬਰ ਕਰ ਦਿੰਦਾ ਹੈ ਅਤੇ ਜੀਣਾ ਨਾਮੁਮਕਿਨ ਕਰ ਦਿੰਦਾ ਹੈ। ਕਿਸੇ ਅਫ਼ਸਰ ਕੋਲ ਚਲੇ ਜਾਵੋ ਬਿਨਾਂ ਪੈਸੇ ਦੇ ਕੋਈ ਕੰਮ ਨਹੀਂ ਕਰਦਾ। ਇਸ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਨ ਲਈ ਪੰਜਾਬ ਦਾ ਨੌਜਵਾਨ ਵੱਧ ਰਿਹਾ ਹੈ। ਪੰਜਾਬ ਦੇ ਮਜ਼ਦੂਰ ਅਤੇ ਕਿਸਾਨ ਇਸ ਦੇ ਖਿਲਾਫ਼ ਲਹਿਰਾਂ ਚਲਾਉਣਗੇ। ਪਰ ਸਪੀਕਰ ਸਾਹਿਬ, ਸਾਡੀ ਜ਼ਿੰਮੇਵਾਰੀ ਹੈ, ਜਿਨ੍ਹਾਂ ਨੂੰ ਕਿ ਜਨਤਾ ਨੇ ਚੁਣ ਕੇ ਇਥੇ ਵਿਧਾਨ ਸਭਾ ਵਿਚ ਘਲਿਆ ਹੈ, ਕਿ ਅਸੀਂ ਇਕ ਮਿਸਾਲ ਬਣੀਏ। ਭਾਵੇਂ ਕੋਈ ਰੂਲਿੰਗ ਪਾਰਟੀ ਦਾ ਹੋਵੇ ਜਾਂ ਆਪੋਜ਼ੀਸ਼ਨ ਪਾਰਟੀ ਦਾ ਹੋਵੇ, ਸਾਨੂੰ ਲੋਕਾਂ ਦੇ ਵਿਚ ਵਿਸ਼ਵਾਸ ਪੈਦਾ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਕਿ ਇਸ ਭ੍ਰਿਸ਼ਟਾਚਾਰ ਦੇ ਖਿਲਾਫ਼ ਅਸੀਂ ਲੜਾਈ ਨੂੰ ਮਜ਼ਬੂਤ ਕਰਾਂਗੇ। ਸ਼ਪੀਕਰ ਸਾਹਿਬ, ਇਸ ਸਰਕਾਰ ਦੇ ਮਨਿਸਟਰ, ਸਪੀਕਰ, ਡਿਪਟੀ ਸਪੀਕਰ ਅਤੇ ਹੋਰ ਸਦਨ ਦੇ ਮੈਂਬਰ ਅਬੱਵ ਬੋਰਡ ਹੋਣੇ ਚਾਹੀਦੇ ਹਨ। ਇਸ ਦੇ ਲਈ ਮੈਂ ਇਕ ਤਜਵੀਜ਼ ਦਿੱਤੀ ਹੈ ਕਿ ਹਰ ਸਾਲ ਇਸ ਅਸੈਂਬਲੀ ਦਾ ਹਰ ਮੈਂਬਰ ਆਪਣੇ ਅਸੈਟੱਸ ਦੀ ਇੱਕ

[ਕਾਮਰੇਡ ਸੱਤ ਪਾਲ ਡਾਂਗ]

ਡਿਕਲੇਰੇਸ਼ਨ ਬਣਾ ਕੇ ਸਪੀਕਰ ਸਾਹਿਬ ਨੂੰ ਦੇਵੇ। ਸਪੀਕਰ ਸਾਹਿਬ, ਆਪਣੀ ਡਿਕਲੇਰੇਸ਼ਨ ਆਫ਼ ਅਸੈਟੱਸ ਡਿਪਟੀ ਸਪੀਕਰ ਸਾਹਿਬ ਨੂੰ ਦੇਵੇ। ਉਹ ਰਿਕਾਰਡ ਤੇ ਹੋਵੇ ਅਤੇ ਹਾਊਸ ਦੇ ਮੇਜ਼ ਦੇ ਉਤੇ ਰੱਖ ਦਿੱਤੀ ਜਾਵੇ ਤਾਕਿ ਪਬਲਿਕ ਨੂੰ ਪਤਾ ਹੋਵੇ ਕਿ ਕੀ ਕੋਈ ਐਮ. ਐਲ. ਏ. ਜਾਇਦਾਦ ਤਾਂ ਨਹੀਂ ਬਣਾ ਰਿਹਾ ਹੈ ਅਤੇ ਜੇ ਬਣਾ ਰਿਹਾ ਹੈ ਤਾਂ ਕਿਸ ਤਰ੍ਹਾਂ ਬਣਾ ਰਿਹਾ ਹੈ ਅਤੇ ਉਸ ਦੇ ਖਿਲਾਫ਼ ਆਵਾਜ਼ ਉਠਾਈ ਜਾ ਸਕੇ। ਮੈਂ ਇਹ ਨਹੀਂ ਕਹਿੰਦਾ ਕਿ ਇਸ ਨਾਲ ਭ੍ਰਿਸ਼ਟਾਚਾਰ ਦੂਰ ਹੋ ਜਾਵੇਗਾ ਪਰ ਇਸ ਨਾਲ ਲੋਕਾਂ ਨੂੰ ਭ੍ਰਿਸ਼ਟਾਚਾਰੀ ਲੈਜਿਸਲੇਟਰਾਂ, ਮਨਿਸਟਰਾਂ ਦਾ ਪਤਾ ਕਰਨ ਵਿਚ ਆਸਾਨੀ ਜ਼ਰੂਰ ਹੋਵੇਗੀ। ਸਪੀਕਰ ਸਾਹਿਬ ਫ਼ਿਕ ਕੋਡ ਆਫ਼ ਕੰਡਕਟ ਗੌਰਮਿੰਟ ਆਫ਼ ਇੰਡੀਆ ਨੇ ਭੇਜਿਆ ਹੈ ਕਿ ਮਨਿਸਟਰ ਜਦੋਂ ਸਹੁੰ ਚੁੱਕੇ ਤਾਂ ਆਪਣੇ ਅਸੈਟੱਸ ਦੀ ਡਿਕਲੇਰੇਸ਼ਨ ਚੀਫ਼ ਮਨਿਸਟਰ ਨੂੰ ਦੇਵੇ ਅਤੇ ਚੀਫ਼ ਮਨਿਸਟਰ ਪ੍ਰਾਈਮ ਮਨਿਸਟਰ ਨੂੰ ਘਲੇ। ਮੈਨੂੰ ਪਤਾ ਹੈ ਕਿ ਜਿਤਨੇ ਵੀ ਮਨਿਸਟਰ ਸਹੁੰ ਚੁਕਦੇ ਹਨ ਉਹ ਇਹ ਸਟੇਟਮੈਂਟ ਨਹੀਂ ਦਿੰਦੇ। ਕਮਿਊਨਿਸਟ ਪਾਰਟੀ ਦਾ ਇਕ ਵੀ ਨੁਮਾਇੰਦਾ ਨਹੀਂ ਜਿਸ ਨੇ ਮਨਿਸਟਰ ਦੀ ਸਹੁੰ ਚੁਕਣ ਲਗਿਆਂ ਆਪਣੇ ਅਸੈਟੱਸ ਦੀ ਸਟੇਟਮੈਂਟ ਬਣਾ ਕੇ ਨਾ ਦਿੱਤੀ ਹੋਵੇ। ਪਰ ਇਨ੍ਹਾਂ ਨੇ ਹੁਣ ਤੱਕ ਇਹ ਨਹੀਂ ਕੀਤਾ। ਪਰ ਜੇਕਰ ਕੋਈ ਕਾਨੂੰਨ ਬਣਾ ਦਿੱਤਾ ਜਾਵੇ ਕਿ ਹਰ ਮਨਿਸਟਰ, ਨੂੰ ਹਰ ਲੈਜਿਸਲੇਟਰ ਨੂੰ ਆਪਣੇ ਅਸੈਟੱਸ ਦੀ ਸਟੇਟਮੈਂਟ ਦੇਣੀ ਪਵੇ ਤਾਂ ਕੋਈ ਮਾੜੀ ਗੱਲ ਨਹੀਂ। ਲੈਜਿਸਲੇਟਰਜ਼ ਆਪਣੀ ਤਾਕਤ ਦੀ ਦੁਰ ਵਰਤੋਂ ਕਰਕੇ ਭ੍ਰਿਸ਼ਟਾਚਾਰ ਕਰ ਸਕਦੇ ਹਨ। ਸਪੀਕਰ ਸਾਹਿਬ, ਮੈਨੂੰ ਬੜਾ ਦੁੱਖ ਹੈ ਅਤੇ ਅਫ਼ਸੋਸ ਹੈ ਕਿ ਇਨ੍ਹਾਂ ਦੇ ਕਾਂਗਰਸ ਪਾਰਟੀ ਦੇ ਵੀ ਕਈ ਸੱਜਣ ਕਹਿੰਦੇ ਹਨ ਇਹ ਠੀਕ ਹੈ। ਜੇ ਇਹ ਇਸਨੂੰ ਨਹੀਂ ਮੰਨਦੇ ਤਾਂ ਇਸ ਨਾਲ ਇਨ੍ਹਾਂ ਦੀ ਪਾਰਟੀ ਦੀ ਬਦਨਾਮੀ ਹੋਵੇਗੀ।

ਸ੍ਰੀ ਸਪੀਕਰ : ਤੁਸੀਂ ਬਿੱਲ ਦੇ ਪ੍ਰਿੰਸੀਪਲਜ਼ ਬਾਰੇ ਹੀ ਕਹੋ। (Please confine yourself to the principles of the Bill.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਰੈਲੇਵੈਂਟ ਹੀ ਹਾਂ। ਅਗਰ ਇਸ ਭ੍ਰਿਸ਼ਟਾ-ਚਾਰ ਦੇ ਵਿਰੁੱਧ ਲੜਾਈ ਵਿਚ ਇਹ ਆਗੱਸਟ ਹਾਊਸ ਲੀਡ ਨਹੀਂ ਦਿੰਦਾ, ਤਾਂ, ਸਪੀਕਰ ਸਾਹਿਬ ਗੁਜਰਾਤ ਕੋਲੋਂ ਇਨ੍ਹਾਂ ਨੂੰ ਡਰਨ ਦੀ ਕੋਈ ਲੋੜ ਨਹੀਂ। ਗੁਜਰਾਤ ਦੀ ਜੰਤਾ ਅਤੇ ਨੌਜਵਾਨ ਨੇ ਮਹਿੰਗਾਈ ਅਤੇ ਸਰਕਾਰ ਦੇ ਭ੍ਰਿਸ਼ਟਾਚਾਰ ਦੇ ਖਿਲਾਫ਼ ਆਵਾਜ਼ ਉਠਾਈ ਸੀ। ਸਪੀਕਰ ਸਾਹਿਬ, ਅਗਰ ਪੰਜਾਬ ਸਰਕਾਰ ਇਕ ਮਾੜੀ ਜਿਹੀ ਗੱਲ ਨੂੰ ਮੰਨਣ ਨੂੰ ਤਿਆਰ ਨਹੀਂ ਜਿਸ ਨਾਲ ਕਿ ਥੋੜਾ ਜਿਹਾ ਲੋਕਾਂ ਵਿਚ ਭਰੋਸਾ ਪੈਦਾ ਹੋਣਾ ਹੈ, ਤਾਂ ਇਹ ਬਹੁਤ ਗੱਲਤ ਗੱਲ ਹੈ। ਮੈਨੂੰ ਇਸ ਗੱਲ ਦਾ ਫ਼ਖਰ ਹੈ ਕਿ ਇਸ ਸਬੰਧ ਵਿਚ ਪੰਜਾਬ ਦੀ ਕਮਿਊਨਿਸਟ ਪਾਰਟੀ ਵਿਚ ਬੜੀ ਸੀਰੀਅਸਨੈਸ ਹੈ। ਪੰਜਾਬ ਦੀ ਕਮਿਊਨਿਸਟ ਪਾਰਟੀ ਪੰਜਾਬ ਦੇ ਨੌਜਵਾਨ ਨੂੰ ਭ੍ਰਿਸ਼ਟਾਚਾਰ ਦੇ ਖਿਲਾਫ਼ ਲੜਾਈ ਲੜਨ ਲਈ ਤਿਆਰ ਕਰੇਗੀ। ਜਿੰਨੀਆਂ ਮਰਜ਼ੀ ਲਾਠੀਆਂ ਇਹ ਚਲਾਉਣ, ਪੰਜਾਬ ਦਾ ਨੌਜਵਾਨ, ਮਨਿਸਟਰਾਂ ਅਤੇ ਅਫ਼ਸਰਾਂ ਦੇ ਭ੍ਰਿਸ਼ਟਾਚਾਰ ਦੇ ਖਿਲਾਫ਼ ਗੁਜਰਾਤ ਦੇ ਨੌਜਵਾਨ ਵਾਂਗ ਜ਼ਰੂਰ ਲੜੇਗਾ। ਇਸ ਕਰਕੇ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਇਹ ਮੇਰੀ ਗੱਲ ਮੰਨ ਲੈਣ ਅਤੇ ਇਹ ਬਿੱਲ ਪਾਸ ਹੋਣ ਦੇਣ। ਇਸ ਵਿਚ ਇਨ੍ਹਾਂ ਦਾ ਹੀ ਫ਼ਾਇਦਾ ਹੈ। ਜੇ ਇਨ੍ਹਾਂ ਨੇ ਡਰਦੇ ਹੀ ਰਹਿਣਾ ਹੈ ਕਿ ਭ੍ਰਿਸ਼ਟਾਚਾਰ ਕਿਤੇ ਫੜਿਆ ਨਾ ਜਾਵੇ ਤਾਂ ਮੈਨੂੰ ਯਕੀਨ ਹੈ ਕਿ ਪੰਜਾਬ ਦੀ ਜੰਤਾ ਅਤੇ ਨੌਜਵਾਨ ਉਸ ਨੂੰ ਜ਼ਰੂਰ ਫੜ ਲਵੇਗੀ।

ਸਰਦਾਰ ਅਜਾਇਬ ਸਿੰਘ ਸੰਧੂ: ਪੁਆਇੰਟ ਆਫ਼ ਆਰਡਰ, ਸਰ।

ਸ੍ਰੀ ਸਪੀਕਰ : ਸੰਧੂ ਸਾਹਿਬ, ਇਹ ਪੁਆਇੰਟ ਆਫ ਆਰਡਰ ਹੀ ਹੋਣਾ ਚਾਹੀਦਾ ਹੈ, ਕਿਤੇ ਇਹ ਪੁਆਇੰਟ ਆਫ ਡਿਸਆਰਡਰ ਨਾ ਹੋਵੇ । (Sandhu Sahib, it should be a point of order, not a point of disorder)

Sardar Ajaib Singh Sandhu : ** ** **

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ । ਤੁਸੀਂ ਔਬਸਟਰੱਕਟ ਨਾ ਕਰੋ । ਤਸ਼ਰੀਫ ਰਖੋ । ਜਿਨ੍ਹਾਂ ਨੇ ਅਪੋਜ਼ ਕਰਨਾ ਹੈ ਉਨ੍ਹਾਂ ਨੂੰ ਬੋਲ ਲੈਣ ਦਿਓ। (That is no point of order. You should not obstruct the proceedings. Please resume your seat. Those who are to oppose should be allowed to speak.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਡਾਂਗ ਸਾਹਿਬ ਨੇ ਜੋ ਬਿੱਲ ਹਾਊਸ ਵਿਚ ਇਨਟਰੋਡਿਊਸ ਕਰਨ ਵਾਸਤੇ ਲੀਵ ਮੰਗੀ ਹੈ ਉਸ ਨੂੰ ਮੈਂ ਅਪੋਜ਼ ਕੀਤਾ ਹੈ ਅਤੇ ਕਰਦਾ ਹਾਂ। ਇਸ ਤੇ ਮੈਂਬਰ ਸਾਹਿਬ ਨੇ ਜੋ ਇਤਰਾਜ਼ ਕੀਤਾ ਹੈ ਉਹ ਨਹੀਂ ਕਰਨਾ ਚਾਹੀਦਾ। ਮੈਨੂੰ ਜਿਹੜਾ ਇਤਰਾਜ਼ ਹੈ ਉਹ ਇਕ ਤਾਂ ਕਾਂਸਟੀਚਿਊਸ਼ਨਲ ਹੈ ਅਤੇ ਦੂਸਰਾ ਬਿੱਲ ਦੇ ਮੈਰਿਟਸ ਤੇ ਹੈ। ਜੋ ਕਾਂਸਟੀਚਿਊਸ਼ਨਲ ਇਤਰਾਜ਼ ਹੈ ਉਹ ਮੈਂ ਦਸਦਾ ਹਾਂ ਕਿ ... *(Interruption)*.

Comrade Satya Pal Dang : Constitutional right to have corruption.

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ ਤਾਂ ਡਾਂਗ ਸਾਹਿਬ ਦੀ ਕਮਜ਼ੋਰੀ ਹੈ ਜੋ ਇਨ੍ਹਾਂ ਨੇ ਆਪਣੀ ਸਪੀਚ ਵਿਚ ਜ਼ਾਹਿਰ ਕੀਤੀ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਕਹਿੰਦੇ ਹਨ ਕਿ ਇਹ ਮੇਰੀ ਕਮਜ਼ੋਰੀ ਹੈ ਮੈਂ ਚੈਲੇਂਜ ਕਰਦਾ ਹਾਂ ਕਿ ਇਹ ਟਰੀਬਿਊਨਲ ਬੁਲਾ ਲੈਣ ਅਤੇ ਇਨਕੁਆਇਰੀ ਕਰਵਾ ਲੈਣ । .... *(Interruption)*

Sardar Ajaib Singh Sandhu : I should be appointed as Chairman of that Tribunal.

ਚੌਧਰੀ ਦਰਸ਼ਣ ਸਿੰਘ ** ** **

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ । (This is no point of order.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਡਾਂਗ ਸਾਹਿਬ ਦੀ ਆਰਗੂਮੈਂਟ ਵਿਚ ਕਮਜ਼ੋਰੀ ਕਹੀ ਸੀ ।

ਸਰਦਾਰ ਸੁਖਦੇਵ ਸਿੰਘ ਢਿਲੋਂ : ** ** (ਸ਼ੋਰ)

ਸ੍ਰੀ ਸਪੀਕਰ : ਇਹ ਪੁਆਇੰਟ ਆਫ ਆਰਡਰ ਨਹੀਂ ਹੈ ਤੁਸੀਂ ਤਸ਼ਰੀਫ ਰਖੋ । (This is no point of order. Please resume your seat.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ ਜਿਹੜਾ ਬਿੱਲ ਹੈ ਇਹ ਮੈਂਬਰਜ਼, ਮਨਿਸਟਰ ਅਤੇ ਸਪੀਕਰ ਦੇ ਕੰਪੈਨਸੇਟਰੀ ਅਲਾਊਂਸ ਨੂੰ ਬੰਦ ਕਰਨ ਬਾਰੇ ਹੈ । ਸਪੀਕਰ ਸਾਹਿਬ ਮੈਂ ਗੁਜ਼ਾਰਿਸ਼ ਕਰਨਾ ਚਾਹੁੰਦਾ ਹਾਂ ਅਸੀਂ ਮੈਂਬਰਜ਼ ਦਾ ਕੰਪੈਨਸੇਟਰੀ ਅਲਾਊਂਸ ਸਟਾਪ ਨਹੀਂ ਕਰ

**Expunged as ordered by the Chair.

[ਮਾਲ ਅਤੇ ਚੋਣ ਮੰਤਰੀ]

ਸਕਦੇ। ਇਸ ਦੇ ਮੁਤੱਲਕ ਕਾਂਸਟੀਚਿਊਸ਼ਨ ਦਾ ਆਰਟੀਕਲ 195 ਮੈਂਬਰਜ਼ ਨੂੰ ਇਨਟਾਈਟਲ ਕਰਦਾ ਹੈ ਉਹ ਮੈਂ ਪੜ੍ਹ ਦਿੰਦਾ ਹਾਂ :

'Members of the Legislative Assembly and the Legislative Council of a State shall be entitled to receive such salaries and allowances as may from time to time be determined by the Legislature of the State by law and until provision in that respect is so made, salaries and allowances at such rates and upon such conditions as were immediately before the commencement of this Constitution applicable in the case of members of the Legislative Assembly of the corresponding Province'.

ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਕਾਂਸਟੀਚਿਊਸ਼ਨ ਵਿਚ ਕਲੀਅਰ ਲਿਖਿਆ ਹੈ ਕਿ 'members shall be entitled' ਇਹ 2 ਐਕਟ ਹਨ। ਇਹ ਉਹ ਹੈ ਜਿਹੜਾ ਕਿ ਪਾਰਟੀਸ਼ਨ ਤੋਂ ਪਹਿਲਾਂ ਬਣਿਆ ਸੀ ਉਸ ਤੋਂ ਬਾਅਦ ਦੇ ਐਕਟ ਵਿਚ ਜਿਹੜੀ 'shall be entitled' ਦੀ ਕੰਡੀਸ਼ਨ ਵਾਲੀ ਗੱਲ ਹੈ :

'Members of the Legislative Assembly and the Legislative Council of a State shall be entitled to receive such salaries and allowances as may from time to time be determined...'

ਸਟੇਟ ਲੈਜਿਸਲੇਚਰਜ਼ ਇਤਨਾ ਕਰ ਸਕਦੀਆਂ ਹਨ ਕਿ ਮੈਂਬਰਜ਼ ਦਾ ਕੰਪਨਸੇਟਰੀ ਅਲਾਊਂਸ ਕੁਝ ਘਟਾ ਦਿੱਤਾ ਜਾਵੇ ਜਾਂ ਵਧਾ ਦਿੱਤਾ ਜਾਵੇ ਮਗਰ ਇਸ ਨੂੰ ਬਿਲਕੁਲ ਸਟਾਪ ਨਹੀਂ ਕੀਤਾ ਜਾ ਸਕਦਾ।

ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਸਦਨ ਵਿਚ ਇਹ ਚੀਜ਼ ਜਿਹੜੀ ਡਿਸਕਸ ਕਰ ਸਕਦੇ ਹਨ ਉਸ ਦਾ ਤਅਲਕ ਐਂਟਰੀ ਨੰ: 2 ਤੇ ਹੈ। ਐਂਟਰੀ ਨੰ: 2 ਸ਼ਡਿਊਲ 7 ਸਟੇਟ ਲਿਸਟ ਵਿਚ ਇਸ ਬਾਰੇ ਪੂਰਾ ਵਰਣਨ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਸਟੇਟ ਲਿਸਟ ਵਿਚ ਐਸੀ ਕੋਈ ਪ੍ਰੋਵੀਜ਼ਨ ਨਹੀਂ ਜਿਸ ਦੀ ਬਿਨਾ ਤੇ ਕੰਪਨਸੇਟਰੀ ਅਲਾਊਂਸ ਸਟਾਪ ਕੀਤਾ ਜਾ ਸਕੇ। (ਸ਼ੋਰ) (ਵਿਘਨ)

ਤੀਸਰੀ ਚੀਜ਼ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਬਿੱਲ ਹੈ ਇਹ ਇਕ ਆਲ-ਰੈਡੀ ਕਾਨੂੰਨ ਬਣਿਆ ਹੋਇਆ ਹੈ ਜਿਸ ਦੇ ਮੁਤਾਬਕ ਮੈਂਬਰਜ਼ ਨੂੰ ਕੰਪਨਸੇਟਰੀ ਅਲਾਊਂਸ ਦਿਤਾ ਜਾਂਦਾ ਹੈ।

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਕਾਨੂੰਨ ਬਣਿਆ ਹੋਇਆ ਹੈ, ਇਸ ਤਰ੍ਹਾਂ ਇਨ੍ਹਾਂ ਨੇ ਜੇ ਪ੍ਰਿੰਸੀਪਲ ਦੀ ਗੱਲ ਕਰਨੀ ਸੀ ਤਾਂ ਇਨ੍ਹਾਂ ਨੂੰ ਚਾਹੀਦਾ ਸੀ ਕਿ ਇਹ ਅਮੈਂਡਮੈਂਟ ਲੈ ਆਉਂਦੇ।

'Not withstanding anything in any other Act'

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਬਿਲ ਵਿਚ ਕੋਈ ਤਰਮੀਮ ਇਸ ਐਕਟ ਦੇ ਮੁਤਾਬਕ ਨਹੀਂ ਹੋ ਸਕਦੀ ਜਿਸ ਤਰ੍ਹਾਂ ਕਿ ਡਾਂਗ ਸਾਹਿਬ ਨੇ ਕਿਹਾ। ਮੈਂ ਅਰਜ਼ ਕਰਦਾ ਹਾਂ ਕਿ 'ਮੇਜ਼ ਪਾਰਲੀਆਮੈਂਟਰੀ ਪਰੈਕਟਿਸ' ਵਿਚ ਇਹ ਚੀਜ਼ ਸਪੱਸ਼ਟ ਕੀਤੀ ਗਈ ਹੈ :

'The salary of a Member becomes payable when he takes the oath or makes the affirmation required by the law, and begins from the day following that on which the poll is held.

......A Member suspended from the service of the House under the provisions of Standing Order No..24 does not forfeit his salary during the period of his suspension'.

ਇਸ ਐਕਟ ਦੇ ਅਧੀਨ ਇਹ ਗੱਲ ਕਲੀਅਰ ਹੈ ਕਿ ਭਾਵੇਂ ਸਸਪੈਂਡ ਮੈਂਬਰ ਹੋਵੇ ਜਾਂ ਅਸੈਂਬਲੀ ਸਸਪੈਂਡ ਹੋਈ ਹੋਵੇ ਇਸ ਦੇ ਬਾਵਜੂਦ ਵੀ ਮੈਂਬਰਜ਼ ਕੰਪਨਸੇਟਰੀ ਅਲਾਊਂਸ ਦੇ

ਐਨਟਾਈਟਲਡ ਹਨ । ਇਸ ਕਰਕੇ ਮੈਂ ਸਮਝਦਾ ਹਾਂ ਕਿ ਇਸ ਤਰੀਕੇ ਨਾਲ ਅਸੀਂ ਮੈਂਬਰਜ਼ ਦੇ ਰਾਈਟਸ ਨੂੰ ਕਰਬ ਨਹੀਂ ਕਰ ਸਕਦੇ। ਇਹ ਉਨ੍ਹਾਂ ਦਾ ਰਾਈਟ ਹੈ, ਪ੍ਰੀਵਿਲੇਜ਼ ਹੈ। ਇਸ ਤਰੀਕੇ ਨਾਲ ਪ੍ਰੀਵਿਲੇਜ਼ ਜਿਹੜੇ ਹਨ ਉਨ੍ਹਾਂ ਨੂੰ ਪ੍ਰਾਈਵੇਟ ਬਿੱਲ ਲਿਆ ਕੇ ਮੈਂ ਨਹੀਂ ਸਮਝਦਾ ਕਿ ਕੋਈ ਰਿਸਟਰਿਕਸ਼ਨ ਅਸੀਂ ਲਗਾ ਸਕਦੇ ਹੋਈਏ । ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਪਾਰਟ I ਵਲ ਦਿਵਾਉਣਾ ਚਾਹੁੰਦਾ ਹਾਂ। ਇਸ ਵਿਚ ਮਨਿਸਟਰ ਔਰ ਮੈਂਬਰਜ਼ ਦੇ ਨਾਲ ਹੀ ਸਪੀਕਰ ਦੀ ਸੈਲਰੀ ਜਿਹੜੀ ਹੈ ਉਹ ਵੀ ਸਟਾਪ ਕਰਨ ਲਈ ਕਿਹਾ ਗਿਆ ਹੈ। ਸਪੀਕਰ ਸਾਹਿਬ, ਜਿਥੋਂ ਤੱਕ ਸਪੀਕਰ ਦੀ ਸੈਲਰੀ ਦਾ ਸਵਾਲ ਹੈ ਉਸ ਬਾਰੇ 202 ਆਰਟੀਕਲ ਹੈ, 'ਕਨਸਾਲੀਡੇਟਿਡ ਫੰਡ ਆਫ ਇੰਡੀਆ'। ਜਦੋਂ ਐਨੂਅਲ ਫਾਈਨੈਨਸ਼ੀਅਲ ਸਟੇਟਮੈਂਟ ਹਾਊਸ ਵਿਚ ਲੇਅ ਹੋਵੇ ਤਾਂ ਇਕ ਚਾਰਜਡ ਆਈਟਮ ਹੁੰਦੀ ਹੈ ਔਰ ਇਕ ਵੋਟਿਡ ਹੁੰਦੀ ਹੈ। ਜਿਹੜੀ ਵੋਟਿਡ ਆਈਟਮਜ਼ ਹੁੰਦੀਆਂ ਹਨ ਉਨ੍ਹਾਂ ਉਪਰ ਤਾਂ ਅਸੈਂਬਲੀ ਬਹਿਸ ਕਰ ਸਕਦੀ ਹੈ, ਵੋਟ ਕਰ ਸਕਦੀ ਹੈ ਲੇਕਿਨ ਜਿਹੜੀਆਂ ਚਾਰਜਡ ਹਨ ਉਨ੍ਹਾਂ ਬਾਰੇ ਅਸੈਂਬਲੀ ਦੀ ਮਜਾਲ ਨਹੀਂ ਕਿ ਉਹ ਉਸ ਨੂੰ ਰੋਕ ਸਕੇ। ਸਪੀਕਰ ਦੀ ਸੈਲਰੀ ਜਿਹੜੀ ਹੈ ਉਸ ਬਾਰੇ ਕਲਾਜ਼ 3–ਬੀ ਵਿਚ ਲਿਖਿਆ ਹੈ :—

Article 202(3)(b) reads as under :—

"(3) The following expenditure shall be expenditure charged on the Consolidated Fund of each State—

* * * * * * * *

(b) The salaries and allowances of the Speaker and the Deputy Speaker of the Legislative Assembly and, in the case of a State having a Legislative Council, also of the Chairman and the Deputy Chairman of the Legislative Council;"

ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਇਸ ਕਲਾਜ਼ ਤੋਂ ਬਾਅਦ ਸਪੀਕਰ ਔਰ ਡਿਪਟੀ ਸਪੀਕਰ ਦੀ ਸੈਲਰੀ ਔਰ ਅਲਾਊਂਸ ਦੇ ਮੁਤਾਲਿਕ ਇਸ ਅਸੰਬਲੀ ਦੀ ਮਜਾਲ ਨਹੀਂ ਕਿ ਕੋਈ ਬਿੱਲ ਪਾਸ ਕਰ ਲਏ ਜਿਸ ਨਾਲ ਕਿ ਉਸ ਨੂੰ ਸਟਾਪ ਕੀਤਾ ਜਾ ਸਕੇ। ਇਹ ਚੀਜ਼ ਇਸ ਵਿਧਾਨ ਦੀ ਕੰਮਪੀਟੈਂਸੀ ਵਿਚ ਨਹੀਂ ਹੈ।

ਸਪੀਕਰ ਸਾਹਿਬ, ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਹ ਬਿੱਲ ਬਿਲਕੁਲ ਡਿਫੈਕਟਸ ਨਾਲ ਹੋਇਆ ਹੈ। ਸ਼ਾਇਦ ਡਾਂਗ ਸਾਹਿਬ ਨੇ ਆਪ ਨਹੀਂ ਪੜ੍ਹਿਆ ਕਿਸੇ ਦੋਸਤ ਦੇ ਜ਼ਿਮੇ ਲਗਾ ਦਿੱਤਾ ਹੈ ਔਰ ਜਿਸ ਤਰ੍ਹਾਂ ਕਿ ਸ਼ਾਬਾਸ਼ ਇਨ੍ਹਾਂ ਨੂੰ ਆਪ ਲੈਣ ਦੀ ਆਦਤ ਹੈ, ਇਨ੍ਹਾਂ ਨੇ ਇਹ ਲੈ ਆਂਦਾ ਹੈ। ਸੋ ਮੇਰੀ ਗੁਜ਼ਾਰਿਸ਼ ਹੈ ਕਿ ਜੇਕਰ ਇਹ ਧਿਆਨ ਨਾਲ ਪੜ੍ਹਨ ਤਾਂ ਇਨ੍ਹਾਂ ਨੂੰ ਪਤਾ ਲਗੇਗਾ ਕਿ ਇਸ ਵਿਚ ਕਿਤਨੇ ਡਿਫੈਕਟਸ ਹਨ। ਫੈਮਿਲੀ ਦੀ ਡੈਫੀਨੀਸ਼ਨ ਲਿਖੀ ਹੋਈ ਹੈ 'ਵਾਈਫ, ਚਿਲਡਰਨ ਐਂਡ ਪੇਅਰੇਂਟਸ'

ਮੇਰੀ ਗੁਜ਼ਾਰਿਸ਼ ਇਹ ਹੈ ਕਿ ਸਾਡੇ ਦੇਸ਼ ਵਿਚ ਅਨਡੀਵਾਈਡਿਡ ਹਿੰਦੂ ਫੈਮਿਲੀ ਦਾ ਕਾਨੂੰਨ ਲਾਗੂ ਹੈ। ਔਰ ਉਸ ਦੇ ਮੁਤਾਬਿਕ ਮੈਂਬਰਜ਼ ਜਿਹੜੇ ਹਨ ਉਹ ਆਪਣੀ ਜਾਇਦਾਦ ਜਿਹੜੀ ਹੈ ਉਸ ਨੂੰ ਰੱਖ ਸਕਦੇ ਹਨ । ਇਸ ਤਰੀਕੇ ਨਾਲ ਉਹ ਆਪਣੀ ਜਾਇਦਾਦ ਜਿਹੜੀ ਕਿ ਜੱਦੀ ਹੈ ਕਿਸੇ ਮੈਂਬਰ ਨੂੰ ਇਹ ਕਹਿ ਦੇਣਾ ਕਿ ਆਪਣੇ ਪਿਤਾ, ਆਪਣੀ ਮਾਤਾ ਦੀ ਆਪਣੇ ਬੱਚਿਆਂ ਦੀ

[ਮਾਲ ਤੇ ਚੋਣ ਮੰਤਰੀ]

ਸਟੇਟਮੈਂਟ ਪਹਿਲੀ ਵਾਰ ਹੀ ਨਹੀਂ ਦੇਣੀ ਬਲਕਿ ਹਰ ਸਾਲ ਦੇਵੇ, ਜੇਕਰ ਨਹੀਂ ਦਿੰਦਾ ਤਾਂ ਕੁਝ ਚਿਰ ਲਈ ਨਹੀਂ ਸਗੋਂ ਹਮੇਸ਼ਾਂ ਹਮੇਸ਼ਾਂ ਲਈ ਅਲਾਉਂਸ ਬੰਦ ਕਰ ਦਿੱਤਾ ਜਾਵੇਗਾ। ਹੋਰ ਕੋਈ ਪੈਨਲਟੀ ਨਹੀਂ ਸਗੋਂ ਭੱਤਾ ਹਮੇਸ਼ਾਂ ਲਈ ਹੀ ਬੰਦ ਕਰ ਦਿਤਾ ਜਾਵੇਗਾ। ਇਹ ਬਿਲਕੁਲ ਗਲਤ ਗੱਲ ਹੈ। ਸਪੀਕਰ ਸਾਹਿਬ, ਕੀ ਇਹ ਪ੍ਰੈਕਟੀਕੇਬਲ ਹੈ ਕਿ ਇਸ ਤਰ੍ਹਾਂ ਕਰਕੇ ਅਸੀਂ ਕੋਈ ਸੁਧਾਰ ਕਰ ਸਕਦੇ ਹਾਂ। ਸਪੀਕਰ ਸਾਹਿਬ, ਇਸ ਤਰ੍ਹਾਂ ਸੁਧਾਰ ਨਹੀਂ ਹੋ ਸਕਦਾ।

ਸਰਦਾਰ ਅਜਾਇਬ ਸਿੰਘ ਸੰਧੂ : ਸਰਦਾਰ ਉਮਰਾਓ ਸਿੰਘ ਜੀ ਇਸ ਤਰ੍ਹਾਂ ਸਮਾਜਵਾਦ ਨਹੀਂ ਆ ਸਕਦਾ। (ਹਾਸਾ)

ਕਾਮਰੇਡ ਸੱਤ ਪਾਲ ਡਾਂਗ : ** ** **

ਸ੍ਰੀ ਸਪੀਕਰ : ਜੋ ਕੁਝ ਡਾਂਗ ਸਾਹਿਬ ਨੇ ਕਿਹਾ ਹੈ ਇਸ ਨੂੰ ਐਕਸਪੰਜ ਕਰ ਦਿੱਤਾ ਜਾਵੇ। ਮੈਂ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਬਰੀਫ ਗੱਲ ਕਰਨ। (Whatever Dang Sahib has said that should be expunged. I would request the Minister for Parliamentary Affairs to be brief.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਜੇਕਰ ਇਹ ਚਾਹੁੰਦੇ ਹਨ ਬਹਿਸ ਕਰਨਾ ਤਾਂ ਇਹ ਪਹਿਲਾਂ ਲੀਵ ਦੇਣ ਤੇ ਫਿਰ ਡਿਸਕਸ਼ਨ ਕਰਨ ਔਰ ਫਿਰ ਅਸੀਂ ਵੀ ਜਵਾਬ ਦਿਆਂਗੇ।

(ਇਸ ਸਮੇਂ ਸਰਦਾਰ ਅਜਾਇਬ ਸਿੰਘ ਸੰਧੂ ਜੀ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ)

ਮਾਲ ਅਤੇ ਚੋਣ ਮੰਤਰੀ : ਸੰਧੂ ਯਾਰ ਬੈਠ ਜਾ।

Sardar Ajaib Singh Sandhu : I have been called upon. You are Parliamentary Affairs Minister and you must know this much atleast.

ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਇਨਟਰੋਡਕਸ਼ਨ ਦੀ ਸਟੇਜ ਹੈ ਪਰ ਇਹ ਤਾਂ ਭਾਸ਼ਣ ਕਰ ਰਹੇ ਹਨ।

ਸ੍ਰੀ ਸਪੀਕਰ : ਕਿਸੇ ਬਿੱਲ ਨੂੰ ਅਪੋਜ਼ ਕਰਨ ਲਈ ਆਪਣੇ ਆਰਗੂਮੈਂਟਸ ਦਿੱਤੇ ਜਾ ਸਕਦੇ ਹਨ। (Arguments can be advanced to oppose the bill.)

ਸਰਦਾਰ ਅਜਾਇਬ ਸਿੰਘ ਸੰਧੂ : ਪਰ, ਸਪੀਕਰ ਸਾਹਿਬ, ਇਹ ਤਾਂ ਪਹਿਲੀ ਇਨਟਰੋਡਕਸ਼ਨ ਦੀ ਸਟੇਜ ਹੈ। ਤੁਸੀਂ ਇਸ ਨੂੰ ਇਨਟਰੋਡਿਊਸ ਕਰਵਾ ਦਿਓ ਔਰ ਫਿਰ ਵੋਟਿੰਗ ਕਰ ਲੈਣ।

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਦੂਸਰੀ ਗੱਲ ਜਿਹੜੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਹੈ ਕਿ ਇਨ੍ਹਾਂ ਦੇ ਮੁਤਾਬਿਕ ਅਸੀਂ ਆਪਣੀਆਂ ਅਰਜ਼ੀਆ ਸਪੀਕਰ ਸਾਹਿਬ ਨੂੰ ਦੇ ਦੇਈਏ। ਡਾਂਗ ਸਾਹਿਬ, ਇਹ ਫਿਰ ਗਲਤ ਕੰਮ ਹੋਵੇਗਾ। ਸਪੀਕਰ ਸਾਹਿਬ ਪਾਸ ਜਿਹੜਾ ਵੀ ਡਾਕੂਮੈਂਟ ਦਿੱਤਾ ਜਾਵੇ ਉਹ ਕਾਨਫੀਡੈਂਸ਼ਲ ਹੁੰਦਾ ਹੈ। ਇਸ ਲਈ ਇਹ ਵੀ ਬਿੱਲ ਵਿਚ ਡਿਫੈਕਟ ਹੈ (ਵਿਘਨ)

(ਇਸ ਸਮੇਂ ਕਾਮਰੇਡ ਸੱਤ ਪਾਲ ਡਾਂਗ ਜੀ ਖੜ੍ਹੇ ਹੋਏ)

ਮਾਲ ਅਤੇ ਚੋਣ ਮੰਤਰੀ : ਡਾਂਗ ਸਾਹਿਬ, ਮੈਂ ਤਾਂ ਤੁਹਾਡੀ ਡਰਾਫਟਿੰਗ ਦੀ ਗੱਲ ਕਰਦਾ ਹਾਂ। ਸਪੀਕਰ ਸਾਹਿਬ, ਤੁਹਾਡੇ ਪਾਸ ਕੋਈ ਵੀ ਡਾਕੂਮੈਂਟ ਆਵੇ ਉਹ ਕਾਨਫੀਡੈਂਸ਼ਲ ਹੁੰਦਾ ਹੈ। ਇਸ ਲਈ ਜਿਹੜੇ ਮਕਸਦ ਨਾਲ ਡਾਂਗ ਸਾਹਿਬ ਇਹ ਬਿੱਲ ਲਿਆਏ ਹਨ ਉਹ ਪੂਰਾ ਨਹੀਂ ਕਰਦਾ। ਇਹ

**Expunged as ordered by the Chair.

ਗੱਲ ਡਾਂਗ ਸਾਹਿਬ ਆਪ ਵੀ ਮੰਨਦੇ ਹਨ ਕਿ ਇਹ ਬੜਾ ਡੀਫੈਕਟਿਵ ਬਿੱਲ ਹੈ । ਇਨ੍ਹਾਂ ਨੇ ਇਹ ਤਾਂ ਕਹਿ ਦਿੱਤਾ ਕਿ ਜਿਹੜਾ ਰੀਟਰਨ ਨਾ ਦੇਵੇਗਾ ਉਸ ਨੂੰ ਇਹ ਸਜ਼ਾ ਹੋਵੇਗੀ ਪਰ ਜਿਹੜਾ ਫਾਲਸ ਰੀਟਰਨ ਦੇਵਗਾ ਉਸ ਲਈ ਕੋਈ ਸਜ਼ਾ ਨਹੀਂ ਹੈ। ਸਪੀਕਰ ਸਾਹਿਬ, ਕੋਈ ਆਦਮੀ ਬੀਮਾਰ ਹੋ ਜਾਣ ਕਾਰਣ ਜਾਂ ਹੋਰ ਕਿਸੇ ਕਾਰਨ ਰੀਟਰਨ ਟਾਈਮ ਸਿਰ ਨਾ ਦੇ ਸਕੇ ਉਸ ਦੇ ਖਿਲਾਫ ਤਾਂ ਇਤਨੀ ਵੱਡੀ ਸਜ਼ਾ ਇੰਮਪੋਜ਼ ਕਰ ਦਿਓ ਪਰ ਜਿਹੜਾ ਗਲਤ ਰੀਟਰਨ ਦੇਵੇ ਉਸ ਨੂੰ ਕੋਈ ਸਜ਼ਾ ਨਹੀਂ ਹੋਵੇਗੀ ਕਿਉਂਕਿ ਇਹ ਆਪ ਇਨ੍ਹਾਂ ਗੱਲਾਂ ਵਿਚ ਮਾਹਰ ਹਨ। (ਥੰਪਿੰਗ) (ਹਾਸਾ) ਸਪੀਕਰ ਸਾਹਿਬ, ਇਸ ਤਰ੍ਹਾਂ ਇਹ ਮਸਲਾ ਹੱਲ ਨਹੀਂ ਹੋ ਸਕਦਾ । ਇਹ ਕਿਸ ਤਰ੍ਹਾਂ ਹਲ ਹੋ ਸਕਦਾ ਹੈ ਇਸ ਬਾਰੇ ਮੈਂ ਥੋੜਾ ਜਿਹਾ ਦਸਦਾ ਹਾਂ । ਲੈਜਿਸਲੇਟਿਵ ਕੌਂਸਲ ਹੁੰਦੀ ਸੀ। ਉਸ ਨੇ ਕਮੇਟੀ ਬਣਾਈ ਸੀ। ... ...

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜਾ ਬਿੱਲ ਹੈ ਇਹ ਮਾੜਾ ਹੈ ਜਾਂ ਚੰਗਾ ਹੈ, ਕੀ ਮਨਿਸਟਰ ਸਾਹਿਬ ਇਹ ਵਿਸ਼ਵਾਸ ਦਿਵਾਉਣਗੇ ਕਿ ਉਹ ਆਪ ਐਸੇ ਪੁਆਇੰਟਸ ਜਿਹੜੇ ਕਿ ਉਹ ਸਮਝਦੇ ਹਨ ਕਾਂਸਟੀਚਿਊਸ਼ਨਲੀ ਜਾਂ ਲੀਗਲੀ ਠੀਕ ਹੋਣ ਉਹ ਇਸ ਵਿਚ ਦਰਜ ਕਰਕੇ, ਇਸ ਦੇ ਨੁਕਸਾਂ ਨੂੰ ਦੂਰ ਕਰਕੇ ਇਹ ਬਿੱਲ ਹਾਊਸ ਵਿਚ ਲਿਆਉਣਗੇ ? ਕੀ ਇਹ ਇਸ ਗੱਲ ਲਈ ਐਸ਼ੋਅਰ ਕਰਦੇ ਹਨ ?

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਂ ਇਨ੍ਹਾਂ ਦੀ ਗਲ ਵਲ ਵੀ ਆਉਂਦਾ ਹਾਂ। ਸੋ, ਸਪੀਕਰ ਸਾਹਿਬ, ਇਕ ਕਮੇਟੀ ਬਣੀ ਸੀ। ਉਸ ਨੇ ਕੋਡ ਆਫ ਕੰਡੱਕਟ ਬਣਾਇਆ। ਉਹ ਕੋਡ ਆਫ ਕੰਡੱਕਟ ਸਾਡੇ ਪਾਸ ਆ ਗਿਆ ਹੈ। ਸਾਡੇ ਮਹਿਕਮੇ ਨੇ ਇਸ ਕੋਡ ਆਫ ਕੰਡੱਕਟ ਨੂੰ ਵੇਖਿਆ ਕਿ ਇਸ ਵਿਚ ਕਈ ਚੰਗੀਆਂ ਚੀਜ਼ਾਂ ਹਨ। ਇਸ ਵਿਚ 28 ਚੀਜ਼ਾਂ ਹਨ । ਇਸ ਵਿਚ ਲਿਖਿਆ ਹੈ ਕਿ ਮੈਂਬਰ ਦਾ ਹਾਊਸ ਵਿਚ ਕੋਡ ਆਫ ਕੰਡਕਟ ਕੀ ਹੋਣਾ ਚਾਹੀਦਾ ਹੈ ਔਰ ਬਾਹਰ ਕੀ ਹੋਣਾ ਚਾਹੀਦਾ ਹੈ :

A Member before or immediately after taking his oath should disclose to the Leader of the House details of the assets, liabilities and the business interests of himself and members of his family giving particulars—(*Interruptions*)

ਸਰਦਾਰ ਕਰਨੈਲ ਸਿੰਘ ਮਰੜ੍ਹੀ : ਸਪੀਕਰ ਸਾਹਿਬ, ਇਨ੍ਹਾਂ ਨੂੰ ਕਹੋ ਕਿ ਇਹ ਪੰਜਾਬੀ ਵਿਚ ਪੜ੍ਹਨ ।

ਮਾਲ ਅਤੇ ਚੋਣ ਮੰਤਰੀ : ਮਰੜ੍ਹੀ ਸਾਹਿਬ, ਇਹ ਅਗਰੇਜ਼ੀ ਵਿਚ ਲਿਖਿਆ ਹੋਇਆ ਹੈ ਇਹ ਤੁਹਾਨੂੰ ਨਹੀਂ ਸਮਝ ਆਉਣਾ ਮੈਂ ਤੁਹਾਨੂੰ ਸਮਝਾ ਦਿਆਂਗਾ ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਮਰੜ੍ਹੀ ਸਾਹਿਬ, ਇਹ ਕਾਨੂੰਨ ਦਾ ਮਾਮਲਾ ਹੈ ਕੜਾਹ ਪਰਸ਼ਾਦ ਦੀ ਗਲ ਨਹੀਂ ਹੈ। (ਹਾਸਾ)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇਟ ਆਫ ਆਰਡਰ ਨਹੀਂ ਹੈ। (This is no point of order.)

ਸਰਦਾਰ ਉਮਰਾਓ ਸਿੰਘ : ਤੁਹਾਡੀ ਵਲ ਵੀ ਆ ਰਿਹਾ ਹਾਂ।

**Expunged as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਲਿਖ ਕੇ ਦੇਣ ਨੂੰ ਤਿਆਰ ਹਾਂ ਕਿ ਮੈਂ ਕਦੇ ਕੋਈ ਗਲਤ ਕੰਮ ਨਹੀਂ ਕੀਤਾ ਅਤੇ ਕੋਈ ਕੁਰੱਪਸ਼ਨ ਵਗੈਰਾ ਨਹੀਂ ਕੀਤੀ। ਅਗਰ ਗੱਲ ਸਾਬਤ ਹੋ ਜਾਵੇ ਤਾਂ ਮੈਂ ਵਿਧਾਨ ਸਭਾ ਦੀ ਮੈਂਬਰੀ ਛੱਡਣ ਨੂੰ ਤਿਆਰ ਹਾਂ।

ਸ੍ਰੀ ਸਪੀਕਰ : ਬਰਾੜ ਸਾਹਿਬ, ਤੁਸੀਂ ਬੈਠ ਜਾਓ । (Brar Sahib, please resume your seat.)

ਮਾਲ ਅਤੇ ਚੋਣ ਮੰਤਰੀ : ਡਿਬੈਂਚਰਜ਼, ਕੈਸ਼, ਜਿਊਲਰੀ, ਇੰਮੂਵੇਬਲ ਪਰਾਪਰਟੀ, ਇਹ ਸਾਰੀਆਂ ਚੀਜ਼ਾਂ ਇਸ ਵਿਚ ਦਿੱਤੀਆਂ ਗਈਆਂ ਹਨ। ਮਰਜ਼ੀ ਸਾਹਿਬ, ਇਹ ਸਭ ਕੁਝ ਇਸ ਵਿਚ ਦੱਸਿਆ ਹੋਇਆ ਹੈ। ਸੋ, ਸਪੀਕਰ ਸਾਹਿਬ, ਇਹ ਜਿਹੜਾ ਕੋਡ ਆਫ਼ ਕੰਡੱਕਟ ਹੈ, ਬਰਾੜ ਸਾਹਿਬ ਜਿਹੜੇ ਕਿ ਉਦੋਂ ਲੀਡਰ ਆਫ਼ ਦੀ ਅਕਾਲੀ ਪਾਰਟੀ ਸਨ, ਉਨ੍ਹਾਂ ਦਾ ਕੋਈ ਜਵਾਬ ਨਹੀਂ ਆਇਆ । ਅਸੀਂ ਸਾਰੀਆਂ ਪਾਰਟੀਆਂ ਨੂੰ ਕਾਨਫ਼ੀਡੈਂਸ ਵਿਚ ਲੈ ਕੇ ਲਾਗੂ ਕਰਨਾ ਚਾਹੁੰਦੇ ਹਾਂ ਇਸ ਕੋਡ ਆਫ਼ ਕੰਡੱਕਟ ਵਿਚ ਸਾਰੀਆਂ ਚੀਜ਼ਾਂ ਦਿੱਤੀਆਂ ਹੋਈਆਂ ਹਨ, ਜੇ ਕਹੋ ਮੈਂ ਪੜ੍ਹ ਕੇ ਸੁਣਾ ਦੇਂਦਾ ਹਾਂ ਅਤੇ ਇਨ੍ਹਾਂ ਚੀਜ਼ਾਂ ਨੂੰ ਅਸੀਂ ਲਾਗੂ ਕਰਵਾਉਣ ਵਾਸਤੇ ਤਿਆਰ ਹਾਂ ਅਤੇ ਸਭ ਭਰਾਵਾਂ ਨੂੰ ਪੁੱਛ ਕੇ ਕਰਨਾ ਚਾਹੁੰਦੇ ਹਾਂ। ਸਪੀਕਰ ਸਾਹਿਬ, ਬਰਾੜ ਸਾਹਿਬ ਨੂੰ ਜਿਹੜੀਆਂ ਇਸ ਬਾਰੇ ਚਿੱਠੀਆਂ ਲਿਖੀਆਂ, ਉਹ ਮੈਂ ਦਸਦਾ ਹਾਂ। ਇਨ੍ਹਾਂ ਨੂੰ 11 ਮਈ, 1972 ਨੂੰ ਚਿੱਠੀ ਲਿੱਖੀ ਗਈ ਅਤੇ ਉਸ ਦੇ ਰਿਮਾਂਇੰਡਰਜ਼ 20 ਜੁਲਾਈ, 1972, 29 ਜੁਲਾਈ, 1972 ਅਤੇ 29 ਸਤੰਬਰ, 1972 ਨੂੰ ਭੇਜੇ ਗਏ, ਪਰ ਇਨ੍ਹਾਂ ਨੇ ਇਸ ਗੱਲ ਵਲ ਕੋਈ ਧਿਆਨ ਨਹੀਂ ਦਿੱਤਾ ਅਤੇ ਇਨ੍ਹਾਂ ਦੇ ਕੋਈ ਕਮੈਂਟੱਸ ਨਹੀਂ ਆਏ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ....

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਇਹ ਮੇਰੀ ਗੱਲ ਪਹਿਲਾਂ ਸੁਣ ਲੈਣ।

ਸ੍ਰੀ ਸਪੀਕਰ : ਸੰਧੂ ਸਾਹਿਬ ਨੂੰ ਕਹਿ ਲੈਣ ਦੇਵੋ ਕੀ ਕਹਿਣਾ ਚਾਹੁੰਦੇ ਹਨ। (Let Sandhu Sahib speak first.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜਵਾਬ ਇਸ ਕਰਕੇ ਨਹੀਂ ਦਿੱਤਾ ਗਿਆ ਕਿਉਂਕਿ ਇਸ ਸਰਕਾਰ ਤੋਂ ਕੋਈ ਆਸ ਨਹੀਂ ਕਿ ਇਹ ਠੀਕ ਕਰੇਗੀ।

ਮਾਲ ਅਤੇ ਚੋਣ ਮੰਤਰੀ : ਚਾਰ ਚਿੱਠੀਆਂ ਬਰਾੜ ਸਾਹਿਬ ਨੂੰ ਲਿਖੀਆਂ। ਇਸ ਦੇ ਨਾਲ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਬਾਦਲ ਸਾਹਿਬ ਅਕਾਲੀ ਪਾਰਟੀ ਦੇ ਲੀਡਰ ਬਣੇ ਤਾਂ ਉਨ੍ਹਾਂ ਨੂੰ ਇਸ ਬਾਰੇ 10 ਚਿੱਠੀਆਂ ਲਿਖੀਆਂ ਗਈਆਂ । (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਇਹ ਕਹਿੰਦਾ ਹਾਂ ......

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਮੈਨੂੰ ਪਹਿਲਾਂ ਸਾਰੀ ਗੱਲ ਦਸ ਲੈਣ ਦੇਵੋ।

PERSONAL EXPLANATIONS

ਸ੍ਰੀ ਸਪੀਕਰ : ਬਰਾੜ ਸਾਹਿਬ ਨੂੰ ਆਪਣੀ ਸਫ਼ਾਈ ਦੇ ਲੈਣ ਦੇਵੋ। (Let Brar Sahib clear his position.)

ਸਰਦਾਰ ਜਸਵਿੰਦਰ ਸਿੰਘ ਬਰਾੜ : ਮੈਂ ਆਪ ਵਿਧਾਨ ਸਭਾ ਵਿਚ ਬਿਆਨ ਦਿੱਤਾ ਸੀ ਅਤੇ ਦਰੁੱਸਤ ਦਿੱਤਾ ਸੀ। ਚਿੱਠੀਆਂ ਲਿਖਣ ਦੇ ਬਾਰੇ ਮੈਂ ਕਹਿ ਦੇਵਾਂ ਕਿ ਜਿੱਥੇ ਸਰਕਾਰ ਦੀ ਨਿਯਤ ਤੇ ਹੀ ਸ਼ੱਕ ਹੋਵੇ ਤਾਂ ਚਿੱਠੀਆਂ ਦਾ ਜਵਾਬ ਦੇਣ ਦਾ ਕੀ ਫ਼ਾਇਦਾ ?

ਸਰਦਾਰ ਅਜਾਇਬ ਸਿੰਘ ਸੰਧੂ : ਸਾਨੂੰ ਬਿਲਕੁਲ ਪਤਾ ਹੈ ਕਿ ਇਨ੍ਹਾਂ ਨੇ ਕਰਨਾ ਤਾਂ ਹੈ ਨਹੀਂ।

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ...

ਸ੍ਰੀ ਸਪੀਕਰ : ਬਰਾੜ ਸਾਹਿਬ, ਤੁਹਾਡੀ ਐਕਸਪਲੇਨੇਸ਼ਨ ਤਾਂ ਹੋ ਗਈ। (Brar Sahib, your explanation has come.)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਮੈਂ ਹਾਊਸ ਵਿਚ ਮੂਵ ਕੀਤਾ ਕਿ ਜਿਹੜੇ ਮੈਂਬਰ ਕੁਰੱਪਟ ਪਰੈਕਟਿਸ ਕਰਕੇ ਬਣਦੇ ਹਨ, ਉਹ ਆਪਣੀ ਜਾਇਦਾਦ ਲਿਖ ਕੇ ਦੇਣ, ਉਹ ਤੁਹਾਡੇ ਸਾਹਮਣੇ ਆ ਜਾਣੀ ਹੈ। ਮੈਂ ਆਪ ਮੂਵ ਕੀਤਾ ਹੈ। ਇਸ ਵਿਚ ਤਾਂ ਸਰਕਾਰ ਨੇ ਅਣਗਹਿਲੀ ਕੀਤੀ ਹੈ ਕਿ ਮੇਰੇ ਕਹਿਣ ਦੇ ਬਾਵਜੂਦ ਕੁਝ ਨਹੀਂ ਕੀਤਾ।

ਸਰਦਾਰ ਦਰਬਾਰਾ ਸਿੰਘ : ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ, ਤੁਸੀਂ ਤਾਂ ਪੁਆਇਟ ਆਫ਼ ਆਰਡਰ ਤੇ ਉਠਿਆ ਕਰੋ। (This is no point of order. You should raise a proper point of order.)

ਸਰਦਾਰ ਦਰਬਾਰਾ ਸਿੰਘ : ਇਕ ਮਿੰਟ ਸੁਣ ਤਾਂ ਲਵੋ ......

Mr. Speaker: Please resume your seat.

ਸਰਦਾਰ ਦਰਬਾਰਾ ਸਿੰਘ : ਜੇ ਅਸੀਂ ਆਪ ਗ਼ਲਤ ਗੱਲ ਕਰਦੇ ਹਾਂ ....

ਸ੍ਰੀ ਸਪੀਕਰ : ਤੁਸੀਂ ਬੈਠੋ ਜੀ, (ਵਿਘਨ) (Please resume your seat) (*Interruption.*)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, (ਵਿਘਨ)

Mr. Speaker : Order please.

ਸਰਦਾਰ ਦਰਬਾਰਾ ਸਿੰਘ : ਸਾਨੂੰ ਸਾਰੀ ਚੀਜ਼ ਸੋਚ ਕੇ ਸਾਰੀਆਂ ਪਾਰਟੀਆਂ ਨੂੰ ਲੈ ਕੇ ਇਕ ਕਮੇਟੀ ਮੁਕੱਰਰ ਕਰ ਦੇਣੀ ਚਾਹੀਦੀ ਹੈ।

ਮਾਲ ਅਤੇ ਚੋਣ ਮੰਤਰੀ : ਇਹ ਕਮੇਟੀ ਜੋ ਸੀ, ਇਹ ਦੋ ਸਾਲ ਚਲਦੀ ਰਹੀ, ਇਹ ਜਦੋਂ ਸਪੀਕਰ ਰਹੇ ਉਦੋਂ ਕਹਿ ਦੇਂਦੇ, ਨਾਲ ਸਾਡੀ ਮਦਦ ਕਰਦੇ, ਅਸੀਂ ਨਾਲ ਸੀ।

ਸਰਦਾਰ ਦਰਬਾਰਾ ਸਿੰਘ : ਆਨ-ਏ-ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ ਸਰ। ਜਦੋਂ ਤੱਕ ਡੈਟਰੈਂਟ ਕਾਨੂੰਨ ਨਾ ਬਣੇਗਾ, ਇਸ ਕੋਡ ਆਫ਼ ਕੰਡਕਟ ਨਾਲ ਕੋਈ ਗੱਲ ਨਹੀਂ ਬਣਨੀ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿੰਨੇ ਕਿਸੇ ਦੇ ਅਸੈੱਸ ਹਨ। ਕਿੰਨੀ ਜਾਇਦਾਦ ਹੈ ......

ਸ੍ਰੀ ਸਪੀਕਰ : ਤੁਸੀਂ ਪਰਸਨਲ ਐਕਸਪਲੇਨੇਸ਼ਨ ਤੋਂ ਜ਼ਿਆਦਾ ਜਾ ਰਹੇ ਹੋ। ਪਲੀਜ਼ ਰਿਜ਼ਿਊਮ ਯੂਅਰ ਸੀਟ। (You are speaking beyond the scope of the personal explanation. Please resume your seat.)

ਸ੍ਰੀ ਪਿਆਰਾ ਰਾਮ ਧੰਨੋਵਾਲੀ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। (This is no point of order.)

ਗਿਆਨੀ ਕੁੰਦਨ ਸਿੰਘ ਪਤੰਗ : ਸਪੀਕਰ ਸਾਹਿਬ, ਮੈਨੂੰ ਵੀ ਬੋਲਣ ਦੇਵੋ, ਮੈਂ ਵਿਧਾਨ ਸਭਾ ਦਾ ਮੈਂਬਰ ਨਹੀਂ ਹਾਂ ?

****Expunged as ordered by the Chair.**

ਸ੍ਰੀ ਸਪੀਕਰ: ਦਸੋ ਜੀ, ਪਤੰਗ ਸਾਹਿਬ, ਤੁਹਾਡਾ ਕੀ ਪੁਆਇੰਟ ਆਫ ਆਰਡਰ ਹੈ ?
(Yes, Patang Sahib, what is your point of order?)

ਗਿਆਨੀ ਕੁੰਦਨ ਸਿੰਘ ਪਤੰਗ : ** ** ** ** **

ਸ੍ਰੀ ਸਪੀਕਰ : ਇਹ ਜੋ ਪਤੰਗ ਸਾਹਿਬ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ
(Whatever Patang Sahib is saying should not be recorded.)

ਮਾਲ ਅਤੇ ਚੋਣ ਮੰਤਰੀ : ਸਪੀਕਰ ਸਾਹਿਬ, ਬਾਦਲ ਸਾਹਿਬ ਨੂੰ ਜਿਹੜੀ ਚਿੱਠੀ ਲਿਖੀ, ਉਸ ਦੇ 9 ਰਿਮਾਇੰਡਰ ਦਿੱਤੇ ਗਏ । ਇਹ ਮੈਂ ਤਾਰੀਖਾਂ ਦਸਦਾ ਹਾਂ। ਬਾਦਲ ਸਾਹਿਬ ਨੂੰ ਚਿੱਠੀ ਲਿਖੀ 27 ਅਕਤੂਬਰ, 1972 ਨੂੰ ਅਤੇ ਉਸ ਤੋਂ ਬਾਅਦ ਰਿਮਾਇੰਡਰ ਜਿਹੜੇ ਦਿੱਤੇ, ਉਹ ਤਾਰੀਖਾਂ ਇਹ ਹਨ, 1 ਦਸੰਬਰ, 1972, 5 ਜਨਵਰੀ, 1973, 31 ਜਨਵਰੀ, 1973, 16 ਫ਼ਰਵਰੀ, 1973, 30 ਮਾਰਚ, 1973, 16 ਮਈ, 1973, 29 ਜੂਨ, 1973, 2 ਅਗੱਸਤ, 1973, 19 ਸਤੰਬਰ, 1973।

ਮਾਸਟਰ ਚੰਦ ਸਿੰਘ ** ** **

ਸ੍ਰੀ ਸਪੀਕਰ : ਇਹ ਜੋ ਮਾਸਟਰ ਚੰਦ ਸਿੰਘ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ
(Whatever Master Chand Singh is saying should not be recorded.)

ਸਰਦਾਰ ਪਰਕਾਸ਼ ਸਿੰਘ ਬਾਦਲ : ਇਨ੍ਹਾਂ ਨੇ 10 ਚਿੱਠੀਆਂ ਦੀ ਗੱਲ ਕੀਤੀ ਹੈ। ਮੈਨੂੰ ਦੋ ਚਿੱਠੀਆਂ ਜ਼ਰੂਰ ਮਿਲੀਆਂ। ਬਾਕੀ ਮੈਂ ਸਮਝਦਾ ਹਾਂ ਕਿ ਜੇ ਇਹ ਇੰਨੇ ਹੀ ਸੀਰੀਅਸ ਹਨ ਤਾਂ ਸਾਰੀਆਂ ਪਾਰਟੀਆਂ ਦੀ ਇਕ ਮੀਟਿੰਗ ਰਖ ਲੈਣ, ਡਾਂਗ ਸਾਹਿਬ, ਨੂੰ ਲੈ ਲੈਣ, ਮੈਂ ਵੀ ਹੋਵਾਂਗਾ ਅਤੇ ਇਸੇ ਸੈਸ਼ਨ ਵਿਚ ਬਿੱਲ ਲਿਆ ਕੇ ਇਸ ਗੱਲ ਨੂੰ ਤੈਅ ਕਰ ਲਿਆ ਜਾਵੇ, ਅਸੀਂ ਇਸ ਗੱਲ ਨੂੰ ਮੰਨਣ ਨੂੰ ਤਿਆਰ ਹਾਂ। ਪਰ ਸਾਨੂੰ ਯਕੀਨ ਹੈ ਕਿ ਇਨ੍ਹਾਂ ਨੇ ਕਰਨਾ ਕੁਝ ਨਹੀਂ।

ਮਾਲ ਅਤੇ ਚੋਣ ਮੰਤਰੀ : ਸਟੇਟ ਗੌਰਮਿੰਟ ਉਸ ਤੇ ਬਿਲਕੁਲ ਅਮਲ ਕਰੇਗੀ । ਮੈਂ ਤਾਂ ਇਹ ਕਹਿੰਦਾ ਹਾਂ ਕਿ 10 ਚਿੱਠੀਆਂ ਬਾਦਲ ਸਾਹਿਬ ਨੂੰ ਇਸ ਕਰਕੇ ਹੀ ਲਿਖੀਆਂ ਸਨ (ਵਿਘਨ)

ਸਪੀਕਰ ਸਾਹਿਬ, ਇਹ ਕੋਡ ਆਫ਼ ਕੰਡੱਕਟ ਜਿਹੜਾ ਪੰਜਾਬ ਲੈਜਿਸਲੇਟਿਵ ਕੌਂਸਲ ਵਿਚ ਕਾਂਗਰਸ ਪਾਰਟੀ ਨੇ ਜਦੋਂ ਕਿ ਉਹ ਅਕਸਰੀਅਤ ਦੇ ਵਿਚ ਸੀ ਪੇਸ਼ ਕੀਤਾ ਸੀ ਅਤੇ ਅਡਾਪਟ ਕੀਤਾ ਗਿਆ ਸੀ। ਮੈਂ ਹੁਣ ਵੀ ਇਹੋ ਗੱਲ ਕਹਿੰਦਾ ਹਾਂ ਜਦੋਂ ਵੀ ਬਾਦਲ ਸਾਹਿਬ ਅਤੇ ਡਾਂਗ ਸਾਹਿਬ ਨੂੰ ਕਨਵੀਨੀਐਂਸ ਹੋਵੇ ਉਹ ਕਿਸੇ ਵੀ ਦਿਨ ਮਸ਼ਵਰਾ ਕਰਕੇ, ਸਾਡੇ ਨਾਲ ਬੈਠ ਕੇ ਵਿਚਾਰ ਕਰ ਲੈਣ। ਜਿਸ ਤਰ੍ਹਾਂ ਵੀ ਸਾਰਿਆਂ ਨੂੰ ਮਨਜ਼ੂਰ ਹੋਵੇਗਾ ਅਸੀਂ ਅਡਾਪਟ ਕਰਾਂਗੇ।

ਸ੍ਰੀ ਸਪੀਕਰ : ਮੈਂ ਆਨਰੇਬਲ ਮੈਂਬਰ ਸਾਹਿਬਾਨ ਨੂੰ ਕਹਾਂਗਾ ਕਿ ਉਹ ਇਸ ਤਰ੍ਹਾਂ ਹਾਊਸ ਦਾ ਟਾਈਮ ਵੇਸਟ ਨਾ ਕਰਨ, ਬਾਰ ਬਾਰ ਪੁਆਇੰਟ ਆਫ਼ ਆਰਡਰ ਰੇਜ਼ ਕਰਕੇ। ਹਾਊਸ ਦਾ ਟਾਈਮ ਬੜਾ ਕੀਮਤੀ ਹੈ, ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ। (I would request the hon. Members not to waste the time of the House by raising points of order repeatedly. They should know that the time of the House is very valuable.)

ਸਰਦਾਰ ਅਜਾਇਬ ਸਿੰਘ ਸੰਧੂ : ** **

**Not recorded/Expunged as ordered by the Chair.

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। **(This is no point of order.)**

ਮਾਲ ਅਤੇ ਚੋਣ ਮੰਤਰੀ: ਇਹ ਗੱਲ ਗ਼ਲਤ ਹੈ, ਅਸੀਂ ਇਨ੍ਹਾਂ ਨੂੰ ਚਿੱਠੀ ਲਿਖੀ, ਰੀਮਾਇੰਡਰ ਭੇਜੇ। ਮੇਰੇ ਪਾਸ ਚਿੱਠੀ ਹੈ ਜੇ ਕਹੋ ਇਹ ਵੀ ਪੜ੍ਹ ਕੇ ਸੁਣਾ ਦੇਂਦਾ ਹਾਂ ।

ਡਾਕਟਰ ਅਮੀਰ ਸਿੰਘ ਕਲਕਟ : ** ** ** **

ਸ੍ਰੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ । **(This is no point of order.)**

ਚੌਧਰੀ ਰਾਮ ਸਿੰਘ : ਸਰਦਾਰ ਉਮਰਾਓ ਸਿੰਘ ਨੇ ਕਾਂਨਸਟੀਚਿਊਸ਼ਨ ਦਾ ਹਵਾਲਾ ਦੇ ਕੇ ਇਥੇ ਕਿਹਾ ਕਿ ਇਹ ਬਿਲ ਕਾਂਸਟੀਚਿਊਸ਼ਨ ਦੇ ਵਿਰੁਧ ਹੈ, ਜੇ ਕੋਈ ਇਸ ਤਰ੍ਹਾਂ ਦੀ ਗੱਲ ਸੀ ਤਾਂ ਤੁਹਾਡੇ ਸੈਕਰੀਟੇਰੀਏਟ ਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਸੀ । ਹੁਣ ਸਰਦਾਰ ਅਜਾਇਬ ਸਿੰਘ ਕਹਿੰਦਾ ਹੈ ਕਿ ਇਹ ਬਿੱਲ ਪਾਸ ਕੀਤਾ ਜਾਵੇ।.... (ਵਿਘਨ)

ਸ੍ਰੀ ਸਪੀਕਰ : ਇਹ ਰੋਕਿਆ ਨਹੀਂ ਜਾ ਸਕਦਾ। **(It cannot be dropped.)**

ਕੈਪਟਨ ਰਤਨ ਸਿੰਘ : ਸਪੀਕਰ ਸਾਹਿਬ, ਤੁਸੀਂ ਮੈਨੂੰ ਮੁਆਫ਼ ਕਰੋਗੇ ਕਿ ਮੈਂਬਰਜ਼ ਇਥੇ ਪੁਆਇੰਟ ਆਫ਼ ਆਰਡਰ ਕਹਿ ਕੇ ਬੜੀਆਂ ਵੱਡੀਆਂ ਵੱਡੀਆਂ ਗੱਲਾਂ ਕਰ ਜਾਂਦੇ ਹਨ, ਇਹ ਵਾਜਬ ਨਹੀਂ। ਦੂਸਰੀ ਗੱਲ ਜਿਹੜੀ ਮੇਰੀ ਪੁਆਇੰਟ ਆਫ਼ ਆਰਡਰ ਰਾਹੀਂ ਹੈ ਉਹ ਇਹ ਹੈ ਕਿ ਇਸ ਦੇ ਲਈ ਕੋਈ ਸਮਾਂ ਨਿਸਚਿਤ ਨਹੀਂ ਕੀਤਾ ਗਿਆ ... (ਵਿਘਨ)

ਸ੍ਰੀ ਸਪੀਕਰ : ਇਸ ਵਿਚ ਮੇਰੀ ਡਿਸਕਰੀਸ਼ਨ ਹੈ। **(My discretion is there.)**

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਥੇ ਗੱਲਾਂ ਹੋਈਆਂ ਕਿ ਬਿਲ ਕਾਂਸਟੀ-ਚਿਊਸ਼ਨਲ ਨਹੀਂ, ਤੁਸੀਂ ਵੀ ਕਿਹਾ ਹੈ ਕਿ ਇਹ ਰੋਕਿਆ ਨਹੀਂ ਜਾ ਸਕਦਾ, ਰਿਜੈਕੱਟ ਨਹੀਂ ਕੀਤਾ ਜਾ ਸਕਦਾ । ਇਸ ਸਬੰਧ ਵਿਚ ਪੁਆਇੰਟ ਆਫ਼ ਆਰਡਰ ਇਹ ਹੈ, ਇਹ ਗੱਲ ਕਲੀਅਰ ਕਰੋ । How in your opinion or in the opinion of the Vidhan Sabha Secretariat it is not in accordance with the Constitution. Please don't help the Government indirectly.

ਮਾਲ ਅਤੇ ਚੋਣ ਮੰਤਰੀ : ਇਥੇ ਬਾਦਲ ਸਾਹਿਬ ਨੇ ਕਿਹਾ, ਸੰਧੂ ਜੀ ਨੇ ਕਿਹਾ ਕਿ ਸਾਨੂੰ ਬੁਲਾਇਆ ਨਹੀਂ । ਜੋ ਚਿੱਠੀ ਗਈ ਸੀ, ਉਹ ਮੇਰੇ ਪਾਸ ਹੈ, ਉਸ ਦੇ ਰਿਮਾਂਇੰਡਰ ਵੀ ਇਸ਼ੂ ਹੋਏ। ਜੇ ਕਹੋ ਮੈਂ ਉਹ ਚਿੱਠੀ ਹਾਊਸ ਦੀ ਵਾਕਫ਼ੀਅਤ ਲਈ ਪੜ੍ਹ ਦੇਂਦਾ ਹਾਂ......... (ਵਿਘਨ)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਸਪੀਕਰ : ਜੋ ਕੁਝ ਬਰਾੜ ਸਾਹਿਬ ਕਹਿ ਰਹੇ ਹਨ, ਇਹ ਚੇਅਰ ਤੇ ਐਸਪਰਸ਼ਨ ਹੈ । ਇਹ ਰਿਕਾਰਡ ਨਾ ਕੀਤਾ ਜਾਵੇ । (ਸ਼ੋਰ) **(Hon. Member, Sardar Jaswindar Singh Brar, is casting aspersion on the Chair; it should not be recorded.) (Noise)**

**Expunged/Not recorded as ordered by the Chair.

ਮਾਲ ਅਤੇ ਚੋਣ ਮੰਤਰੀ : ਮੈਂ ਇਹ ਚਿੱਠੀ ਵਿਚ ਕਲੀਅਰਲੀ ਲਿਖਿਆ ਹੈ ਕਿ ਕੋਡ ਆਫ਼ ਕੰਡੱਕਟ ਬਨਣਾ ਚਾਹੀਦਾ ਹੈ, ਪਰ ਅਕਾਲੀ ਪਾਰਟੀ ਨੇ ਸਾਨੂੰ ਕੋਈ ਜਵਾਬ ਨਹੀਂ ਦਿੱਤਾ। ਮੈਂ ਅੱਜ ਵੀ ਤਹਾਡੇ ਰਾਹੀਂ ਸਦਨ ਦੇ ਮੈਂਬਰਾਂ ਨੂੰ ਬੇਨਤੀ ਕਰਾਂਗਾ ਕਿ ਸਾਡੀ ਪਾਰਟੀ ਦੀ ਸ਼ੁਰੂ ਤੋਂ ਹੀ ਇਹ ਪਾਲਿਸੀ ਹੈ ਕਿ ਕੋਡ ਆਫ਼ ਕੰਡੱਕਟ ਬਣਾਇਆ ਜਾਵੇ। ਪਰ ਅਸੀਂ ਇਹ ਕਾਂਸਟੀਚਿਊਸ਼ਨਲ ਤਰੀਕੇ ਨਾਲ ਤਿਆਰ ਕਰਨਾ ਹੈ ਤਾਂ ਜੋ ਇਸ ਤਰ੍ਹਾਂ ਦਾ ਬਿੱਲ ਐਸਾ ਨਾ ਹੋਵੇ ਕਿ ਸਾਡੇ ਕੀਤੇ ਕਰਾਏ ਤੇ ਹੀ ਪਾਣੀ ਫਿਰ ਜਾਵੇ। ਅਸੀਂ ਅੱਜ ਤੋਂ ਹੀ ਬੇਸ਼ਕ ਕੋਡ ਆਫ਼ ਕੰਡੱਕਟ ਅਡਾਪਟ ਕਰੀਏ, ਇਹ ਸਾਡੇ ਮਾਰਲ ਦਾ ਸਵਾਲ ਹੈ। ਜੋ ਕਾਨੂੰਨ ਦੇ ਅੰਦਰ ਹੋਵੇਗਾ ਉਹ ਤਾਂ ਹਾਊਸ ਨੇ ਹੀ ਫ਼ੈਸਲਾ ਕਰਨਾ ਹੈ। ਕੋਡ ਆਫ਼ ਕੰਡੱਕਟ ਅਜੇ ਤੱਕ ਨਾ ਕੇਰਾਲਾ ਵਿਚ ਹੈ ਨਾ ਹੋਰ ਕਿਸੇ ਸਟੇਟ ਵਿਚ ਹੈ। ਉਹ ਸਾਡੀ ਮਨਿਸਟਰੀ ਤੇ ਸ਼ੱਕ ਕਰਦੇ ਹਨ, ਮੈਂ ਉਨ੍ਹਾਂ ਨੂੰ ਕਹਾਂਗਾ ਕਿ ਉਨ੍ਹਾਂ ਦੀ ਮਨਿਸਟਰੀ ਵੀ 5 ਸਾਲ ਰਹਿ ਚੁਕੀ ਹੈ, ਕਦੇ ਉਨ੍ਹਾਂ ਨੇ ਆਪਣੇ ਅਸੈਟਸ ਦੀ ਸਟੇਟਮੈਂਟ ਚੀਫ਼ ਮਨਿਸਟਰ ਨੂੰ ਦਿੱਤੀ ? ਪਰ ਅਸੀਂ ਜਦੋਂ ਮਨਿਸਟਰੀ ਵਿਚ ਆਏ, ਅਸੀਂ ਸਾਰਿਆਂ ਨੇ ਆਪਣੇ ਅਸੈਟਸ ਦੀ ਸਟੇਟਮੈਂਟ ਚੀਫ਼ ਮਨਿਸਟਰ ਨੂੰ ਪਹਿਲਾਂ ਦਿੱਤੀ। ਅਸੀਂ ਇਸ ਗੱਲ ਦੇ ਹੱਕ ਵਿਚ ਹਾਂ ਕਿ ਕੋਡ ਆਫ਼ ਕੰਡੱਕਟ ਦਾ ਬਿੱਲ ਪਾਸ ਹੋਵੇ ਪਰ ਅਸੀਂ ਇਸ ਨੂੰ ਅਨਕਾਂਸਟੀਚਿਊਸ਼ਨਲ ਹੋਣ ਨਹੀਂ ਦੇਣਾ ਚਾਹੁੰਦੇ, ਜੇ ਹੋ ਜਾਵੇਗਾ ਤਾਂ ਇਸ ਅਸੈਂਬਲੀ ਨੂੰ ਵਾਪਸ ਲੈਣ ਦਾ ਮਜਾਲ ਨਹੀਂ ਹੈ। ਅਸੀਂ ਵਾਅਦਾ ਕਰਦੇ ਹਾਂ ਕਿ ਕੋਡ ਆਫ਼ ਕੰਡੱਕਟ ਅਸੀਂ ਇਸ ਹਾਊਸ ਦੇ ਵਿਚ ਜ਼ਰੂਰ ਲਿਆਵਾਂਗੇ।

ਸਰਦਾਰ ਧੰਨਾ ਸਿੰਘ ਗੁਲਸ਼ਨ : ** ** ** **

ਸ੍ਰੀ ਸਪੀਕਰ : ਜੋ ਕੁਝ ਗੁਲਸ਼ਨ ਜੀ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ।

(Whatever is being said by Sardar Dhanna Singh Gulshan, it should not be recorded.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦੀ ਇਕ ਗ਼ਲਤ ਗੱਲ ਦੀ ਕੁਰੈਕੱਸ਼ਨ ਕਰਨ ਵਾਸਤੇ ਖੜ੍ਹਾ ਹੋਇਆ ਹਾਂ ਇਨ੍ਹਾਂ ਨੇ ਕੇਰਾਲਾ ਸਰਕਾਰ ਦਾ ਜ਼ਿਕਰ ਕੀਤਾ ਸੀ। ਮੈਂ ਉਨ੍ਹਾਂ ਦੀ ਵਾਕਫੀਅਤ ਲਈ ਦੱਸ ਦੇਵਾਂ ਕਿ ਉਥੇ ਇਕ ਬੋਰਡ ਆਫ ਹਾਈ ਪਾਵਰ ਐਂਟੀ ਕੁਰੱਪਸ਼ਨ ਬਣਿਆ ਹੋਇਆ ਹੈ। ਕੋਈ ਵੀ ਆਦਮੀ 200 ਰੁਪਏ ਜਮ੍ਹਾਂ ਕਰਵਾ ਕੇ ਕਿਸੇ ਮਨਿਸਟਰ ਦੀ ਇਨਕੁਆਇਰੀ ਕਰਵਾ ਸਕਦਾ ਹੈ। ਇਸ ਤਰ੍ਹਾਂ ਦੇ ਨਾਨ-ਆਫੀਸ਼ੀਅਲ ਬਿੱਲ ਤਾਂ ਉਨ੍ਹਾਂ ਨੇ ਰੀਜੈਕੱਟ ਕੀਤੇ ਹੋਏ ਹਨ। ਪਰ ਇਹ ਕਿਉਂਕਿ ਕੁਰੱਪਸ਼ਨ ਚਾਹੁੰਦੇ ਹਨ ਤਾਂ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ।

Mr. Speaker : Question is—

That leave be granted to introduce the Punjab Legislative Assembly Members (Declaration of Assets) Bill.

(After taking the sense of the House by voices, Mr. Speaker said 'I think Noes have it.' This opinion was challenged. The bells were sounded. The members were asked to rise in their places. Twenty-eight rose in support of the motion and fifty-one against the motion. The motion was declared lost.)

Ayes	..	28
Noes	..	51

The motion was declared lost and leave was refused.

**Not recorded as ordered by the Chair.

RESOLUTION (NON-OFFICIAL)

Re. Allotment of Fair Price Depots to Unemployed Persons Belonging to the Scheduled Castes

ਸ੍ਰੀ ਸਪੀਕਰ : ਸਰਦਾਰ ਗੁਰਦੇਵ ਸਿਘ ਬਾਦਲ ਆਪਣਾ ਰੈਜ਼ੋਲਿਊਸ਼ਨ ਮੂਵ ਕਰਨ ।

(Sardar Gurdev Singh Badal may move his resolution)

ਸਰਦਾਰ ਗੁਰਦੇਵ ਸਿੰਘ ਬਾਦਲ (ਫ਼ਰੀਦਕੋਟ, ਐਸ. ਸੀ.) : ਮੈਂ ਮੂਵ ਕਰਦਾ ਹਾਂ ਕਿ ਇਹ ਸਦਨ ਬੇਰੁਜ਼ਗਾਰੀ, ਗ਼ਰੀਬੀ ਅਤੇ ਵੱਧ ਰਹੀਆਂ ਕੀਮਤਾਂ ਨੂੰ ਮੁੱਖ ਰਖਦੇ ਹੋਏ ਅਤੇ ਸਮਾਜਵਾਦ ਪ੍ਰਾਪਤ ਕਰਨ ਲਈ ਰਾਜ ਸਰਕਾਰ ਨੂੰ ਅਨੁਸੂਚਿਤ ਜਾਤੀਆਂ ਅਤੇ ਬੇਰੁਜ਼ਗਾਰ ਵਿਅਕਤੀਆਂ ਨੂੰ ਸਸਤੇ ਭਾਅ ਵਾਲੇ ਡਿਪੂ ਅਲਾਟ ਕਰਨ ਦੀ ਸਿਫ਼ਾਰਸ਼ ਕਰਦਾ ਹੈ ।

Mr. Speaker : Motion Moved

In view of the unemployment, poverty and high prices and to achieve Socialism, this House recommends to the State Government to allot Fair Price Depots to the un-employed persons belonging to the Scheduled Castes.

Sardar Ajaib Singh Sandhu : Sir, I move—

That in line 5—

(i) between the words "Depots" and "to" *insert* "and Quotas and issue Licences and permits."

and

(ii) at the end *add* "according to their population."

Mr. Speaker : Motion moved—

That in line 5—

(i) between the words "Depots" and "to" *insert* "and Quotas and issue Licences and permits."

and

(ii) at the end *add* "according to their population."

ਸ੍ਰੀ ਸਪੀਕਰ : ਇਹ ਅਮੈਂਡਮੈਂਟਾਂ ਮੂਵ ਹੋ ਗਈਆਂ ਹਨ । ਬੋਲਣ ਵਾਲੇ ਸੱਜਣ ਇਨ੍ਹਾਂ ਨੂੰ ਇਕੱਠੇ ਲੈ ਲੈਣ । (These amendments have been moved. While speaking on the Bill, the hon. Members can also refer to these amendments)

ਸਰਦਾਰ ਗੁਰਦੇਵ ਸਿੰਘ ਬਾਦਲ : ਮੈਂ ਅਮੈਂਡਮੈਂਟ ਪ੍ਰਵਾਨ ਕਰ ਲਈ ਹੈ ਇਹ ਜੋ ਅਮੈਂਡਮੈਂਟ ਲਿਆਂਦੀ ਗਈ ਹੈ ਸੰਧੂ ਸਾਹਿਬ ਵੱਲੋਂ ਇਹ ਵੀ ਇਕ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ । ਕਿਉਂਕਿ ਜੋ ਕੰਮ ਇਸ ਰੈਜ਼ੋਲਿਊਸ਼ਨ ਵਿਚ ਰਹਿ ਗਿਆ ਸੀ ਉਹ ਪੂਰਾ ਕਰਦੀ ਹੈ ।

ਸਪੀਕਰ ਸਾਹਿਬ, 26 ਸਾਲ ਹੋ ਗਏ ਹਨ ਦੇਸ਼ ਆਜ਼ਾਦ ਹੋਏ ਨੂੰ । ਸਾਨੂੰ ਬੜੀ ਖੁਸ਼ੀ ਹੋਈ ਸੀ ਕਿ ਸਾਡੇ ਇਸ ਪੰਜਾਬ ਦੇ ਮੁੱਖ ਮੰਤਰੀ ਪਛੜੀਆਂ ਸ਼੍ਰੇਣੀਆਂ ਵਿਚੋਂ ਗਿਆਨੀ ਜ਼ੈਲ ਸਿੰਘ ਜੀ ਬਣੇ ਹਨ, ਸ਼ਾਇਦ ਗਰੀਬਾਂ ਦੀ ਗ਼ਰੀਬੀ ਦੂਰ ਕਰ ਦੇਣਗੇ ਅਤੇ ਸਾਨੂੰ ਇਨ੍ਹਾਂ ਤੇ ਪੂਰੀ ਆਸ ਸੀ ਪਰ ਤੁਹਾਨੂੰ, ਸਪੀਕਰ ਸਾਹਿਬ, ਸੁਣ ਕੇ ਅਫ਼ਸੋਸ ਹੋਵੇਗਾ ਕਿ ਜਦੋਂ ਦੇ ਗਿਆਨੀ ਜ਼ੈਲ ਸਿੰਘ ਮੁੱਖ ਮੰਤਰੀ ਬਣੇ ਹਨ ਉਦੋਂ ਦੀ ਗ਼ਰੀਬੀ ਦੀ ਕੋਈ ਹੱਦ ਨਹੀਂ ਰਹੀ ਹੈ ।

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

[ਸਰਦਾਰ ਗੁਰਦੇਵ ਸਿੰਘ ਬਾਦਲ]

ਡਿਪਟੀ ਸਪੀਕਰ ਸਾਹਿਬ, ਗ਼ਰੀਬੀ ਐਨੀ ਵੱਧ ਚੁਕੀ ਹੈ, ਤੁਸੀਂ ਅਖ਼ਬਾਰਾਂ ਵਿਚ ਪੜ੍ਹਿਆ ਹੋਣਾ ਹੈ । ਪਿਛਲੇ ਮਹੀਨੇ ਦੀ ਅੱਠ ਨੌਂ ਤਾਰੀਖ ਵਾਲੇ ਦਿਨ ਇਕ ਲੜਕੀ, ਜਿਸ ਦਾ ਕੋਈ ਸਾਧਨ ਨਹੀਂ ਸੀ, ਨੇ ਰੁਜ਼ਗਾਰ ਨਾ ਮਿਲਣ ਕਾਰਨ ਆਪਣੇ ਤਿੰਨ ਬੱਚਿਆਂ ਸਮੇਤ ਨਹਿਰ ਵਿਚ ਛਾਲ ਮਾਰ ਦਿੱਤੀ । (ਸ਼ੇਮ, ਸ਼ੇਮ) ਇਸ ਲਈ, ਡਿਪਟੀ ਸਪੀਕਰ ਸਾਹਿਬ, ਅੱਜ ਜੋ ਪਛੜੀਆਂ ਸ਼੍ਰੇਣੀਆਂ ਅਤੇ ਗ਼ਰੀਬ ਜਨਤਾ ਦਾ ਹਾਲ ਹੈ ਉਹਦੇ ਉਤੇ ਥੋੜ੍ਹੇ ਮਿਨਟ ਤੁਹਾਡੇ ਸਾਹਮਣੇ ਮੈਂ ਆਪਣੇ ਵਿਚਾਰ ਪ੍ਰਗਟ ਕਰਨੇ ਹਨ । ਸਾਡੀ ਸਰਕਾਰ ਝੂਠੇ ਲਾਰੇ ਲਾ ਲਾ ਕੇ ਸਾਡੇ ਕੋਲੋਂ ਹੁਣ ਤਕ ਵੋਟਾਂ ਲੈਂਦੀ ਤੁਰੀ ਗਈ ਹੈ । ਇਹ ਕਹਿੰਦੀ ਰਹੀ ਹੈ ਜਿਹੜਾ ਝਿਊਰ ਰਹਿਣ ਵਾਲਾ ਹੈ ਸ਼ਹਿਰ ਵਿਚ ਉਸ ਨੂੰ ਜ਼ਮੀਨ ਦੇਣੀ ਹੈ, ਜਿਹੜਾ ਜੁਤੀਆਂ ਸੀਣ ਵਾਲਾ ਵੀਰ ਹੈ, ਉਹਨੂੰ ਜ਼ਮੀਨ ਦੇਣੀ ਹੈ, ਜਿਹੜਾ ਸਵੀਪਰ ਸ਼ਹਿਰ ਵਿਚ ਹੈ ਉਹਨੂੰ ਜ਼ਮੀਨ ਦੇਣੀ ਹੈ । ਹਰ ਸ਼ਹਿਰ ਵਿਚ ਵੱਸਣ ਵਾਲੇ ਗ਼ਰੀਬ ਭਰਾ ਨੂੰ ਇਹ ਕਹਿੰਦੇ ਹਨ ਜ਼ਮੀਨ ਦੇਣੀ ਹੈ । ਪਰ ਉਹਨੂੰ ਇਹ ਨਹੀਂ ਕਹਿੰਦੇ ਕਿ ਜਿਹੜੇ ਬਿਰਲਾ, ਟਾਟਾ ਜਿਨ੍ਹਾਂ ਦੀਆਂ ਬੂਟਾਂ ਦੀਆਂ ਫ਼ੈਕਟਰੀਆਂ ਚਲਦੀਆਂ ਹਨ ਉਨ੍ਹਾਂ ਕੋਲੋਂ ਫ਼ੈਕਟਰੀਆਂ ਖੋਹ ਕੇ ਉਨ੍ਹਾਂ ਨੂੰ ਦੇਣੀਆਂ ਹਨ । ਇਨ੍ਹਾਂ ਸ਼ਹਿਰ ਵਾਲੇ ਭਰਾਵਾਂ ਦੇ ਦਿਮਾਗਾਂ ਵਿਚ ਇਹ ਨਹੀਂ ਪਾਇਆ ਜਾਂਦਾ ਹੈ ਅਤੇ ਜ਼ਮੀਨ, ਜ਼ਮੀਨ ਕਹੀ ਜਾਂਦੇ ਹਨ । ਇਸ ਸਬੰਧੀ ਮੈਂ ਸਰਕਾਰ ਨੂੰ ਸੁਝਾਓ ਦੇਵਾਂਗਾ ਕਿ ਜ਼ਮੀਨ ਕੋਈ ਰਬੜ ਤਾਂ ਹੈ ਨਹੀਂ ਜਿਸ ਨੂੰ ਕਿ ਸੈਂਟਰ ਵਾਲੇ ਅਤੇ ਗਿਆਨੀ ਜੀ ਖਿੱਚ ਕੇ ਵਧਾ ਦੇਣਗੇ । ਇਹ ਸਮਝ ਨਹੀਂ ਆਉਂਦੀ ਕਿ ਇਹ ਜਿਹੜੀ ਜ਼ਮੀਨ ਦੇਣੀ ਹੈ, ਇਹ 26 ਸਾਲ ਹੋ ਗਏ ਹਨ ਅੱਜ ਤਕ ਇਹ ਦਿੱਤੀ ਕਿਉਂ ਨਹੀਂ ਗਈ ਹੈ । ਇਹ ਇਨ੍ਹਾਂ ਦੇ ਝੂਠੇ ਲਾਰੇ ਹਨ । ਸਾਡੇ ਫ਼ਰੀਦਕੋਟ ਵਿਚ ਸਾਦਕ ਤੋਂ ਫ਼ਿਰੋਜ਼ਪੁਰ ਨੂੰ ਜਾਈਏ ਤਾਂ ਹਜ਼ਾਰਾਂ ਏਕੜ ਜ਼ਮੀਨ ਖ਼ਾਲੀ ਪਈ ਹੈ । ਇਕ ਵਾਰੀ ਮੈਂ ਉਧਰੋਂ ਲੰਘਿਆ ਜਾ ਰਿਹਾ ਸੀ ਤਾਂ ਇਕ ਚੰਗਾ ਕਾਂਗਰਸੀ ਸੱਜਣ ਜਿਹੜਾ ਕਿ ਸਦਨ ਵਿਚ ਨਹੀਂ ਹੈ, ਉਹਦਾ ਨਾਂ ਮੈਂ ਨਹੀਂ ਲੈਣਾ ਚਾਹੁੰਦਾ, ਮੈਂ ਜਦੋਂ ਖੜ੍ਹੇ ਕੇ ਵੇਖਣ ਲੱਗਿਆ ਤਾਂ ਉਹ ਸੱਜਣ ਪਿੱਛੇ ਕਾਰ ਵਿਚ ਆ ਗਿਆ । ਉਹਨੂੰ ਵੇਖ ਕੇ ਮੈਂ ਖੜ੍ਹ ਗਿਆ । ਉਹਨੇ ਮੈਨੂੰ ਪੁਛਿਆ ਕਿ ਭਾਈ ਸਾਹਿਬ, ਇਥੇ ਕਿਵੇਂ ਖੜ੍ਹੇ ਹੋ । ਮੈਂ ਕਿਹਾ ਕਿ ਐਨੀ ਜ਼ਮੀਨ ਖ਼ਾਲੀ ਕਿਉਂ ਪਈ ਹੈ । ਉਹਨੇ ਦੱਸਿਆ ਕਿ ਇਹ ਸਰਕਾਰੀ ਜ਼ਮੀਨ ਹੈ । ਇਹ ਹਰੀਜਨਾਂ ਵਾਸਤੇ ਖ਼ਾਲੀ ਰੱਖੀ ਹੋਈ ਹੈ । ਮੈਂ ਕਿਹਾ ਕਿ 26 ਸਾਲ ਆਜ਼ਾਦੀ ਮਿਲੇ ਨੂੰ ਹੋ ਗਏ ਅਤੇ ਇਹ ਜ਼ਮੀਨ ਵੰਡੀ ਕਿਉ ਨਹੀਂ ਗਈ ਹੈ ? ਉਹਨੇ ਕਿਹਾ ਕਿ ਜੇ ਇਹ ਜ਼ਮੀਨ ਵੰਡ ਦਿੱਤੀ ਜਾਵੇ ਤਾਂ ਜ਼ਮੀਨ ਮੁੱਕ ਜਾਏਗੀ ਅਤੇ ਵੋਟਾਂ ਕਿਸ ਤਰ੍ਹਾਂ ਲਿੱਤੀਆਂ ਜਾਣਗੀਆਂ । ਸੋ ਇਹ ਝੂਠੇ ਲਾਰੇ ਹਨ । ਇਹ ਇਕ ਸ਼ੋਸ਼ਾ ਹੀ ਛੱਡਿਆ ਹੋਇਆ ਹੈ ਕਿ ਜ਼ਮੀਨ ਦਿੱਤੀ ਜਾਵੇਗੀ । ਇਸ ਸਬੰਧੀ ਮੈਂ ਇਕ ਸੁਝਾਓ ਦੇਵਾਂਗਾ । ਜੇ ਪਛੜੀਆਂ ਸ਼੍ਰੇਣੀਆਂ ਵਾਲਿਆਂ ਨੂੰ, ਜੋ ਮਜ਼੍ਹਬੀ ਸਿੱਖ, ਰਾਮਦਾਸੀਆਂ ਭਰਾਵਾਂ ਨੂੰ ਜ਼ਮੀਨਾਂ ਦੇਣੀਆਂ ਹਨ, ਇਹ ਸਾਹਮਣੇ ਬੈਠੇ (ਕਾਂਗਰਸੀ ਬੈਂਚਾਂ ਵੱਲ ਇਸ਼ਾਰਾ ਕਰਕੇ ਹੋਏ) ਭਰਾ ਵੀ ਪਛੜੀਆਂ ਸ਼੍ਰੇਣੀਆਂ ਦੀ ਰਹਿਨੁਮਾਈ ਕਰਦੇ ਹਨ, ਇਨ੍ਹਾਂ ਨੂੰ ਵੋਟਾਂ ਪਾ ਕੇ ਇਥੇ ਘੱਲਿਆ ਸੀ ਕਿ 26 ਸਾਲਾਂ ਦਾ ਸੁਫਨਾ ਐਤਕੀਂ ਸ਼ਾਇਦ ਪੂਰਾ ਹੋ ਜਾਏਗਾ । ਮੈਂ ਸੁਝਾਓ ਦੇਵਾਂ ਕਿ ਜੇ ਸਰਕਾਰ ਨੇ ਜ਼ਮੀਨ ਦੇਣੀ ਹੈ ਤਾਂ ਪਹਿਲਾਂ ਸਾਨੂੰ ਉਹ ਜ਼ਮੀਨ ਦਿਉ ਜਿਹੜੇ ਸਰਕਾਰੀ ਸੀਡ ਫ਼ਾਰਮ ਹਨ । ਜਿਸ ਬਾਰੇ ਅਖਬਾਰਾਂ ਵਿਚ ਆਪ ਗਿਆਨੀ ਜ਼ੈਲ ਸਿੰਘ ਦਾ ਬਿਆਨ ਆਇਆ ਹੈ । ਇਹ ਫ਼ਾਰਮ ਘਾਟੇ ਵਿਚ ਜਾ ਰਹੇ ਹਨ ਹੈ। ਇਹਨੂੰ ਮਹਿਕਮੇ ਵਾਲੇ ਛਕੀ ਜਾਂਦੇ ਹਨ । ਇਕ ਫ਼ਾਰਮ ਸਰਾਏਨਾਗਾ ਵਿਚ ਹੈ, ਉਹ ਬੜੀ ਕੀਮਤੀ ਜ਼ਮੀਨ ਹੈ । ਮੁਕਤਸਰ ਦੇ ਨਾਲ ਗੋਨਿਆਨਾ ਬੜਾ ਚੰਗਾ ਫ਼ਾਰਮ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਤਾਂ ਜ਼ੀਰੇ ਦੇ ਰਹਿਣ ਵਾਲੇ ਹੋ । ਉਥੇ ਮਲਵਾਲ ਪਿੰਡ ਝਿਊਨਾ ਫ਼ਿਰੋਜ਼ਪੁਰ ਦੇ

ਨਾਲ ਬੜਾ ਵੱਡਾ ਸਰਕਾਰੀ ਫ਼ਾਰਮ ਹੈ । ਇਸੇ ਤਰ੍ਹਾਂ ਹੀ ਚੜਿਕ ਫ਼ਾਰਮ, ਮੋਗੇ ਨਾਲ ਹੈ । ਜੇ ਸਰਕਾਰ ਦੀ ਹਰੀਜਨਾਂ ਨੂੰ ਉੱਚਾ ਚੁੱਕਣ ਦੀ ਕੋਈ ਨੀਅਤ ਹੈ ਜਾਂ ਇਨ੍ਹਾਂ ਦੀ ਰਾਏ ਹੈ, ਜਾਂ ਇਨ੍ਹਾਂ ਦੇ ਦਿਲ ਵਿਚ ਉਨ੍ਹਾਂ ਪ੍ਰਤੀ ਕੋਈ ਰਹਿਮ ਹੋਵੇ ਤਾਂ ਮੈਂ ਕਹਿੰਦਾ ਹਾਂ ਕਿ ਉਨ੍ਹਾਂ ਫ਼ਾਰਮਾਂ ਦੇ ਪੰਜ ਪੰਜ ਏਕੜ ਦੇ ਪਲਾਟ ਬਣਾ ਕੇ ਹਰੀਜਨਾਂ ਵਿਚ ਵੰਡ ਦੇਣੇ ਚਾਹੀਦੇ ਹਨ । ਤਾਂ ਕਿ ਉਥੇ ਜ਼ਿਮੀਦਾਰਾਂ ਦਾ ਕੋਈ ਰੌਲਾ ਹੀ ਨਾ ਹੋ ਸਕੇ ਅਤੇ ਹੋਰ ਕਿਸੇ ਨਾਲ ਕਿਸੇ ਕਿਸਮ ਦਾ ਰੌਲਾ ਨਾ ਹੁੰਦਾ । ਪਰ ਇਹ ਸਰਕਾਰ ਇਸ ਪਾਸੇ ਧਿਆਨ ਨਹੀਂ ਕਰਦੀ । ਸਰਕਾਰ ਹਰੀਜਨ ਭਰਾਵਾਂ ਨੂੰ ਫ਼ਾਰਮ ਬਣਾ ਕੇ ਨਹੀਂ ਦੇ ਰਹੀ । ਇਨ੍ਹਾਂ ਨੇ ਫ਼ਾਰਮ ਬਣਾ ਕੇ ਤਾਂ ਕੀ ਦੇਣੇ ਹਨ ਇਹ ਹਰੀਜਨ ਭਰਾਵਾਂ ਨੂੰ ਉਨ੍ਹਾਂ ਫ਼ਾਰਮਾਂ ਦੇ ਵਿਚੋਂ ਪੱਠੇ ਨਹੀਂ ਖੋਦਣ ਦਿੰਦੇ । ਇਸ ਲਈ ਇਹ ਸਰਕਾਰ ਫ਼ਰਾਡ ਕਰ ਰਹੀ ਹੈ । ਮੈਂ ਕਹਿੰਦਾ ਹਾਂ ਕਿ ਇਹ ਸਰਕਾਰ ਸਾਰਾ ਕੁਝ ਆਪਣੇ ਵਾਸਤੇ ਹੀ ਕਰ ਰਹੀ ਹੈ । ਸਰਦਾਰ ਹਰਚੰਦ ਸਿੰਘ ਕਮੇਟੀ ਬਾਰੇ ਇਥੇ ਕਿੰਨਾ ਰੌਲਾ ਪਿਆ । ਉਸ ਮੁਤਾਬਿਕ ਜਿਹੜੀ ਜ਼ਮੀਨ ਸੀ ਉਹ ਕਿਸ ਕੋਲੋਂ ਨਿਕਲੀ ? ਇਹ ਸਾਰੀ ਇਨ੍ਹਾਂ ਦੇ ਵਜ਼ੀਰਾਂ ਕੋਲੋਂ ਨਿਕਲੀ ਅਤੇ ਇਨ੍ਹਾਂ ਦੇ ਐਮ ਐਲ, ਏਜ਼ ਕੋਲੋਂ ਹੀ ਨਿਕਲੀ । ਸਾਨੂੰ ਇਸ ਦੀ ਖੁਸ਼ੀ ਹੈ । ਇਹ ਸਰਦਾਰ ਪਰਕਾਸ਼ ਸਿੰਘ ਬਾਦਲ ਤੇ ਇਲਜ਼ਾਮ ਲਗਾਉਂਦੇ ਹਨ ਕਿ ਇਨ੍ਹਾਂ ਨੇ ਇਹ ਜ਼ਮੀਨ ਖੁਰਦ ਬੁਰਦ ਕਰ ਦਿੱਤੀ ਹੈ ਪਰ ਇਸ ਗੱਲ ਦਾ ਅਕਾਲੀ ਪਾਰਟੀ ਨੂੰ ਮਾਣ ਹੈ ਕਿ ਇਕ ਵੀ ਅਕਾਲੀ ਪਾਰਟੀ ਦਾ ਮੈਂਬਰ ਉਸ ਕਮੇਟੀ ਦੀ ਲਪੇਟ ਵਿਚ ਨਹੀਂ ਆਇਆ । (ਤਾੜੀਆਂ) ਹੁਣ ਇਹ ਸਾਡੇ ਨਾਲ ਉਹ ਗੱਲਾਂ ਕਰਦੇ ਹਨ ਜਿਸ ਤਰ੍ਹਾਂ ਇਕ ਪਿੰਡ ਦੇ ਵਿਚ ਕਿਸੇ ਸਿਆਣੇ ਬੰਦੇ ਦੀ ਦੁਕਾਨ ਸੀ । ਉਸ ਨੂੰ ਵੇਖ ਕੇ ਪਿੰਡ ਦੇ ਰਹਿਣ ਵਾਲੇ ਇਕ ਮੁੰਡੇ ਨੇ ਆਪਣਾ ਹੱਲ-ਪੰਜਾਲੀ ਵੇਚ ਕੇ ਦੁਕਾਨ ਕਰ ਲਈ । ਪਹਿਲਾ ਜਿਹੜਾ ਆਦਮੀ ਸੀ ਉਹ ਇਸ ਕਾਂਗਰਸ ਦੀ ਸਰਕਾਰ ਵਰਗਾ ਸਿਆਣਾ ਬੰਦਾ ਸੀ । ਉਸ ਨੇ ਆਪਣੀ ਤਕੜੀ ਦੀ ਡੰਡੀ ਨਾਲ ਅੱਧੀ ਛਟਾਂਕੀ ਦਾ ਪਾਸਕੂ ਬੰਨ੍ਹ ਲਿਆ । ਜਦ ਉਹ ਮੁੰਡੇ ਨੂੰ ਘਾਟਾ ਪੈਣ ਲੱਗਾ ਤਾਂ ਉਸ ਨੇ ਵੀ ਉਸ ਵਾਂਗਰ ਹੀ ਤੱਕੜੀ ਨਾਲ ਪਾਈਏ ਦਾ ਪਾਸਕੂ ਬੰਨ੍ਹ ਲਿਆ । ਇਕ ਮਾਈ ਉਸ ਮੁੰਡੇ ਕੋਲ ਇਕ ਪਾਓ ਘਿਓ ਲੈਕੇ ਆਈ । ਉਹ ਮੁੰਡਾ ਉਸ ਘਿਓ ਨੂੰ ਤੱਕੜੀ ਵਿਚ ਰੱਖ ਕੇ ਤੋਲਣ ਲੱਗਾ ਤਾਂ ਉਹ ਬਰਾਬਰ ਹੀ ਨਿਕਲਿਆ । ਉਸ ਮਾਈ ਨੇਂ ਪੁਛਿਆ ਕਿ ਮੇਰਾ ਕੀ ਬਣਿਆ ਤਾਂ ਉਹ ਮੁੰਡਾ ਕਹਿਣ ਲੱਗਾ ਕਿ ਮੇਰਾ ਹੀ ਕੁਝ ਨਹੀਂ ਬਣਿਆ ਤਾਂ ਤੇਰਾ ਕੀ ਬਣਨਾ ਹੈ । (ਹਾਸਾ) ਇਹ ਹੀ ਹਿਸਾਬ ਇਨ੍ਹਾਂ ** ** ਦਾ ਹੈ । ਅੱਜ ਆਟਾ ਗ਼ਰੀਬਾਂ ਨੂੰ ਡੇਢ ਰੁਪਏ ਕਿਲੋ ਦੇ ਹਿਸਾਬ ਨਾਲ ਮਿਲ ਰਿਹਾ ਹੈ ।

ਸ੍ਰੀ ਡਿਪਟੀ ਸਪੀਕਰ : ** ** ਦਾ ਲਫ਼ਜ਼ ਕੱਟ ਦਿਓ । (The word ** ** should be expunged.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

ਸ੍ਰੀ ਡਿਪਟੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ । (It should not be recorded.)

ਸਰਦਾਰ ਅਜਾਇਬ ਸਿੰਘ ਸੰਧੂ : ਜਨਾਬ ਨੂੰ ਕਟਾਉਣ ਦਾ ਇਖ਼ਤਿਆਰ ਉਨ੍ਹਾਂ ਸ਼ਬਦਾਂ ਦਾ ਹੈ ਜਿਹੜੇ ਸ਼ਬਦ ਡੈਰੋਗੇਟਰੀ ਹੋਣ, ਅਨਪਾਰਲੀਮੈਂਟਰੀ ਹੋਣ ਅਤੇ ਜਾਂ ਫਿਰ ਮਾੜੇ ਸ਼ਬਦ ਹੋਣ ।

**Expunged/not recorded as ordered by the Chair.

[ਸਰਦਾਰ ਅਜਾਇਬ ਸਿੰਘ ਸੰਧੂ]

ਕੀ ਇਹ ਜਿਹੜਾ ਕਾਂਗਰਸੀਏ ਦਾ ਸ਼ਬਦ ਹੈ ਇਹ ਇਨ੍ਹਾਂ ਵਿਚ ਆਉਂਦਾ ਹੈ ਜਿਹੜਾ ਕਿ ਤੁਸੀਂ ਕਟਵਾਇਆ ਹੈ ?

ਸ੍ਰੀ ਡਿਪਟੀ ਸਪੀਕਰ : ਜਿਹੜੇ ਸ਼ਬਦ ਇਰਰੈਲੇਵੈਂਟ ਹੋਣ, ਉਹ ਵੀ ਕੱਟੇ ਜਾ ਸਕਦੇ ਹਨ। (Irrelevant words can also be expunged.)

ਸਰਦਾਰ ਅਜਾਇਬ ਸਿੰਘ ਸੰਧੂ : ਕੀ ਕਾਂਗਰਸੀਏ ਦਾ ਲਫ਼ਜ਼ ਇਰਰੈਲੇਵੈਂਟ ਹੈ ?

Mr. Deputy Speaker. It is not relevant to the motion before the House.

ਸਰਦਾਰ ਜਸਵਿੰਦਰ ਸਿੰਘ ਬਰਾੜ : ** **

ਸ੍ਰੀ ਡਿਪਟੀ ਸਪੀਕਰ : ਇਹ ਜੋ ਕੁਝ ਬਗ਼ੈਰ ਪਰਮਿਸ਼ਨ ਦੇ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever the hon. Member is saying without the permisison of the Chair, should not be recorded.

ਸਰਦਾਰ ਜਸਵਿੰਦਰ ਸਿੰਘ ਬਰਾੜ : ** **

ਸ੍ਰੀ ਡਿਪਟੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਵੇ। (It should not be recorded.)

ਸਰਦਾਰ ਜਸਵਿੰਦਰ ਸਿੰਘ ਬਰਾੜ : ** **

Mr. Deputy Speaker : Playing to the galleries will not be allowed.

ਵਿਦਿਆ ਮੰਤਰੀ : ਉਨ੍ਹਾਂ ਦੇ ਲਫ਼ਜ਼ ਵਿਦਡਰਾ ਹੋਣੇ ਚਾਹੀਦੇ ਹਨ। (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਤੁਸੀਂ ਬੈਠੋ, ਕੱਲ ਵਾਲੀ ਗੱਲ ਯਾਦ ਰੱਖੋ। (ਵਿਘਨ) ਡਿਪਟੀ ਸਪੀਕਰ ਸਾਹਿਬ, ਬੜੇ ਮਾਣ ਅਤੇ ਅਦਬ ਨਾਲ ਮੈਂ ਗੁਜ਼ਾਰਿਸ਼ ਕਰਨੀ ਚਾਹੁੰਦਾ ਹਾਂ ਕਿ ਜੇ ਕੋਈ ਇਸ ਕੁਰਸੀ ਤੇ ਅਨਪੜ੍ਹ ਬੈਠਾ ਹੁੰਦਾ ਤਾਂ ਮੈਂ ਕੁਝ ਨਾ ਕਹਿੰਦਾ। ਪਰ ਜਨਾਬ ਐਮ. ਏ., ਐਲ. ਐਲ. ਬੀ., ਐਡਵੋਕੇਟ, ਫ਼ਾਰਮਰ ਡਿਪਟੀ ਮਨਿਸਟਰ ਫਾਰ ਹੋਮ ਅਤੇ ਲਾਅ ਹੋ। ਇਸ ਲਈ ਮੈਂ ਤੁਹਾਨੂੰ ਇਕ ਗੱਲ ਹੀ ਪੁਛਣੀ ਚਾਹੁੰਦਾ ਹਾਂ ਕਿ ਇਹ ਹਾਊਸ ਚਲਣਾ ਹੈ ਰੂਲਜ਼ ਆਫ਼ ਪ੍ਰੋਸੀਜਰ ਐਂਡ ਕੰਡੱਕਟ ਆਫ਼ ਬਿਜ਼ਨੈੱਸ ਦੇ ਮੁਤਾਬਿਕ। ਇਸ ਲਈ ਸਾਨੂੰ ਤੁਸੀਂ ਉਹ ਰੂਲ ਪੜ੍ਹ ਕੇ ਸੁਣਾ ਦਿਓ ਜਿਸ ਦੇ ਮੁਤਾਬਿਕ ਕਾਂਗਰਸ ਲਫ਼ਜ਼ ਇਰਰੈਲੇਵੈਂਟ, ਡੈਫ਼ੇਮੇਟਰੀ ਜਾਂ ਮਾੜਾ ਹੈ ? (ਵਿਘਨ)

Mr. Deputy Speaker : I will draw the attention of the hon. Member to Rule 93(1). It reads—

> "The matter of every speech shall be strictly relevant to the matter before the Assembly".

Now the matter before the Assembly is—

> 'In view of the unemployment, poverty and high prices and to achieve socialism, this House recommends to the State Government to allot Fair Price Depots to the un-employed persons belonging to the Scheduled Castes.'

So, in my view, the word used by Sardar Gurdev Singh Badal is not relevant, with the matter before the Assembly.

**Not recorded as ordered by the Chair.

Sardar Jaswinder Singh Brar : ** **

Mr. Deputy Speaker : Whatever the hon. Member is saying should not be recorded.

Sardar Ajaib Singh Sandhu : Sir, it is a very serious matter and it should be decided today. The wording of Rule 93(1) is 'The matter of every speech shall be strictly relevant to the matter before the Assembly'.

ਸ੍ਰੀ ਡਿਪਟੀ ਸਪੀਕਰ : ਤੁਸੀਂ ਬੈਠ ਜਾਓ । (Please resume your seat.)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਉ । ਤੁਸੀਂ ਜਦੋਂ ਵੀ ਇਸ ਕੁਰਸੀ ਤੇ ਬੈਠਦੇ ਹੋ ਤਾਂ ਫਟਾ ਫਟ ਕਟਾਈ ਜਾਂਦੇ ਹੋ । (ਵਿਘਨ) ਇਹ ਜਿਹੜਾ ਰੈਜ਼ੋਲਿਊਸ਼ਨ ਇਥੇ ਪੜ੍ਹ ਕੇ ਸੁਣਾਇਆ ਗਿਆ ਹੈ ਇਸ ਦੇ ਵਿਚ ਇਹ ਬਿਲਕੁਲ ਸਾਫ ਲਿਖਿਆ ਹੋਇਆ ਹੈ ਕਿ ਬੇਰੁਜ਼ਗਾਰੀ ਨੂੰ ਮੁੱਖ ਰੱਖ ਕੇ, ਗਰੀਬੀ ਦੂਰ ਕਰਨ ਨੂੰ ਮੁੱਖ ਰੱਖਕੇ, ਹਾਈ ਪਰਾਈਸਿਜ਼ ਨੂੰ ਮੁੱਖ ਰੱਖ ਕੇ, ਸਮਾਜਵਾਦ ਲਿਆਉਣ ਨੂੰ ਮੁੱਖ ਰੱਖਕੇ, ਹਰੀਜਨਾਂ ਨੂੰ ਡੀਪੂ ਅਲਾਟ ਕਰਨ, ਉਨ੍ਹਾਂ ਨੂੰ ਲਾਇਸੈਂਸ ਆਦਿ ਦੇਣ ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ ਕਾਰਨ ਇਹ ਚੀਜ਼ ਲਿਆਂਦੀ ਗਈ ਹੈ । ਇਹ ਸਾਰੀਆਂ ਚੀਜ਼ਾਂ ਕਰਨੀਆਂ ਕਿਸ ਨੇ ਹਨ ? ਇਹ ਜਿਹੜੀ ਪੰਜਾਬ ਵਿਚ ਰਾਜ ਕਰਦੀ ਪਾਰਟੀ ਹੈ ਉਸ ਪਾਰਟੀ ਦੀ ਸਰਕਾਰ ਨੇ ਇਹ ਚੀਜ਼ਾਂ ਕਰਨੀਆਂ ਹਨ । (ਵਿਘਨ) ਤੁਸੀਂ ਆਪਣੀ ਰੂਲਿੰਗ ਫਿਰ ਦੇ ਦੇਣੀ, ਪਹਿਲਾਂ ਮੇਰੀ ਗੱਲ ਸੁਣ ਲਵੋ । ਇਥੇ ਰਾਜ ਕਾਂਗਰਸ ਪਾਰਟੀ ਦਾ ਹੈ । ਇਥੇ ਅਕਾਲੀ ਦਲ ਦਾ ਰਾਜ ਨਹੀਂ ਹੈ, ਨਾ ਹੀ ਇਥੇ ਕਮਿਊਨਿਸਟਾਂ ਦਾ ਰਾਜ ਹੈ, ਅਤੇ ਨਾ ਹੀ ਕਿਸੇ ਹੋਰ ਦਾ ਰਾਜ ਹੈ, ਇਥੇ ਕਾਂਗਰਸ ਪਾਰਟੀ ਦਾ ਰਾਜ ਹੈ । (ਵਿਘਨ) ਇਥੇ ਰੋਜ਼ ਕਿਹਾ ਜਾਂਦਾ ਹੈ ਕਿ 'ਇਟ' ਇਜ਼ ਕਾਂਗਰਸ ਗੌਰਮਿੰਟ, 'ਇਟ ਇਜ਼ ਕਾਂਗਰਸ ਗੌਰਮਿੰਟ' । ਜੇ ਉਹ ਕਹਿ ਸਕਦੇ ਹਨ ਕਾਂਗਰਸ ਗੌਰਮਿੰਟ ਨੇ ਇਹ ਕੀਤਾ ਹੈ ਅਤੇ ਉਹ ਕੀਤਾ ਹੈ ਤਾਂ ਫਿਰ ਇਹ ਕਿਉਂ ਨਹੀਂ ਕਹਿ ਸਕਦੇ ਕਿ ਇਸ ਕਾਂਗਰਸ ਨੇ ਹੀ ਇਹ ਸਾਰਾ ਭੱਦਾ ਕੰਮ ਕੀਤਾ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ : ਪਰ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਕਾਂਗਰਸੀਏ ਰਿਸ਼ਵਤ ਲੈਂਦੇ ਹਨ ਜਾਂ ਅਜਿਹੀਆਂ ਗੱਲਾਂ ਕਰਦੇ ਹਨ । (But you cannot say that the Congressmen get bribes or do such other things)

ਸਰਦਾਰ ਅਜਾਇਬ ਸਿੰਘ ਸੰਧੂ : ਇਟ ਇਜ਼ ਏ ਵੈਰੀ ਸੀਰੀਅਸ ਮੈਟਰ । ਇਸ ਬਾਰੇ ਅੱਜ ਹੀ ਡਿਸੀਜ਼ਨ ਕਰਨਾ ਚਾਹੀਦਾ ਹੈ । ਜੇ ਇਸ ਗੱਲ ਦੀ ਇਜਾਜ਼ਤ ਨਹੀਂ ਕਿ ਫਲਾਣਾ ਕਾਂਗਰਸੀ ਕਿਹੜਾ ਕਿਹੜਾ ਹੈ ਜਿਹੜਾ ਕਿ ਰਿਸ਼ਵਤ ਲੈਂਦਾ ਹੈ ਉਸ ਦੇ ਨਾਮ ਨਾਲ ਕਾਂਗਰਸੀ ਨਹੀਂ ਰੱਖਣਾ ਤਾਂ ਫਿਰ ਇਕ ਧਿਆਨ ਰੱਖਿਓ ਅਕਾਲੀ ਪਾਰਟੀ ਦਾ ਨਾਮ ਕਿਸੇ ਮਾੜੀ ਗੱਲ ਬਾਰੇ ਨਹੀਂ ਲੱਗਣਾ ਚਾਹੀਦਾ ।

ਸ੍ਰੀ ਡਿਪਟੀ ਸਪੀਕਰ : ਇਹ ਠੀਕ ਹੈ । (It is right.)

**Not recorded as ordered by the Chair.

ਸਰਦਾਰ ਜਸਵਿੰਦਰ ਸਿੰਘ ਬਰਾੜ : ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਜੋ ਤੁਸੀਂ ਰੂਲਿੰਗ ਦਿੱਤੀ ਹੈ ਉਹ ਸਾਡੇ ਸਿਰ ਮੱਥੇ ਤੇ ਹੈ । ਤੁਸੀਂ ਇਹ ਗੱਲ ਯਾਦ ਰੱਖਿਓ ਜੇ ਇਨ੍ਹਾਂ ਤੋਂ ਅਕਾਲੀਆਂ ਦੇ ਬਾਰੇ ਜਾਂ ਕਮਿਊਨਿਸਟਾਂ ਦਾ ਨਾਮ ਲਿਆ ਗਿਆ ਤਾਂ ਫਿਰ ਇਹ ਇਸ ਤਰ੍ਹਾਂ ਨਹੀਂ ਹੋਵੇਗਾ । ਇਹ ਰੋਜ਼ ਹੀ ਅਕਾਲੀਆਂ ਦਾ ਨਾਮ ਲੈ ਕੇ ਕਹਿੰਦੇ ਹਨ ਕਿ ਇਹ ਮਾੜੇ ਹਨ । (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਠੀਕ ਹੈ, ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ । ਮੇਰੇ ਸਾਹਮਣੇ ਜਿਹੜੀ ਮੋਸ਼ਨ ਹੈ, ਉਸ ਦੇ ਇਧਰ ਉਧਰ ਮੈਂ ਨਹੀਂ ਜਾ ਰਿਹਾ । ਮੈਂ ਅਕਾਲੀਆਂ ਦੇ ਖਿਲਾਫ਼ ਕੋਈ ਨਹੀਂ ਕਹਿ ਰਿਹਾ ਅਤੇ ਨਾ ਹੀ ਕਿਸੇ ਹੋਰ ਦੇ ਖਿਲਾਫ਼ ਕਹਿ ਰਿਹਾ ਹਾਂ । (It is right. The hon. Member should not say so. I am not going beyond the Motion before the House. I am saying neither anything against the Akalis nor against anybody else.)

ਸਰਦਾਰ ਜਸਵਿੰਦਰ ਸਿੰਘ ਬਰਾੜ : ਅਕਾਲੀ ਪਾਰਟੀ ਦਾ ਨਾਮ ਨਾ ਲਿਆ ਜਾਵੇ । ਦੋਨੋਂ ਧਿਰਾਂ ਨਾਲ ਇਕੋ ਜਿਹਾ ਸਲੂਕ ਅੱਗੇ ਵਾਸਤੇ ਹੋਵੇ ।....... (ਵਿਘਨ)

Mr. Deputy Speaker : Don't waste the time of the House.

ਸਰਦਾਰ ਜਸਵਿੰਦਰ ਸਿੰਘ ਬਰਾੜ : ਅਸੀਂ ਇਹ ਕਹਿੰਦੇ ਹਾਂ ਕਿ ਅਕਾਲੀ ਪਾਰਟੀ ਦਾ ਨਾਮ ਅੱਗੇ ਵਾਸਤੇ ਬਿਲਕੁਲ ਨਾ ਲਿਆ ਜਾਇਆ ਕਰੇ । (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਵਕਤ ਪੰਜਾਬ ਦੀ ਜਨਤਾ ਦਾ ਵਕਤ ਹੈ । ਜੇ ਤੁਸੀਂ ਇਸ ਤਰ੍ਹਾਂ ਵਕਤ ਖਰਾਬ ਕਰੋਗੇ ਤਾਂ ਜਨਤਾ ਨੂੰ ਫੇਸ ਕਰਨਾ ਮੁਸ਼ਕਲ ਹੋ ਜਾਵੇਗਾ । (ਵਿਘਨ) (You should not waste the time of the House. If you waste the time of the House by indulging in irrelevant things, you won't be able to face the people) (*Interruptions*)

ਸਰਦਾਰ ਅਜਾਇਬ ਸਿੰਘ ਸੰਧੂ : ਜਨਾਬ, ਅਸੀਂ ਵਕਤ ਜ਼ਾਇਆ ਨਹੀਂ ਕਰ ਰਹੇ, ਅਸੀਂ ਗੱਲ ਨੂੰ ਕਲੀਅਰ ਕੀਤਾ ਹੈ । (ਵਿਘਨ)

ਸ੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਇਹ ਰੈਜ਼ੋਲਿਊਸ਼ਨ ਬਹੁਤ ਵਧੀਆ ਹੈ ਕਿ ਹਰੀਜਨਾਂ ਵਾਸਤੇ, ਅਨਐਂਪਲਾਇਮੈਂਟ ਨੂੰ ਦੂਰ ਕਰਨ ਵਾਸਤੇ ਕੀ ਕੀ ਕਰਨਾ ਹੈ ਅਤੇ ਕੁਝ ਹੋਣਾ ਚਾਹੀਦਾ ਹੈ । ਇਸ ਤੇ ਮਨਿਸਟਰ ਸਾਹਿਬ ਨੇ ਕੁਝ ਦੱਸਣਾ ਵੀ ਹੈ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਤੇ ਇਰਰੇਲੇਵੈਂਟ ਗੱਲਾਂ ਕਰਕੇ ਜੇ ਟਾਈਮ ਕੱਢ ਦਿੱਤਾ ਤਾਂ ਇਸ ਰੈਜ਼ੋਲਿਊਸ਼ਨ ਦਾ ਜੋ ਏਮ ਅਸੀਂ ਅਚੀਵ ਕਰਨਾ ਹੈ, ਇਸ ਹਾਊਸ ਵਿਚ ਉਹ ਨਹੀਂ ਕਰ ਸਕਾਂਗੇ । ਸਾਡੀ ਪਾਰਟੀ ਤਾਂ ਇਹ ਕੋਸ਼ਿਸ਼ ਕਰਦੀ ਹੈ ਕਿ ਇਸ ਰੈਜ਼ੋਲਿਊਸ਼ਨ ਤੇ ਪੂਰਾ ਧਿਆਨ ਦਿੱਤਾ ਜਾਵੇ ਤੁਸੀਂ ਇਨ੍ਹਾਂ ਦੀ ਪਾਰਟੀ ਦੇ ਮੈਂਬਰਾਂ ਨੂੰ ਵੀ ਕਹੋ ਕਿ ਉਹ ਇਸ ਤਰ੍ਹਾਂ ਇਨਟਰੱਪਟ ਨਾ ਕਰਨ ਅਤੇ ਇਰਰੇਲੇਵੈਂਟ ਗੱਲਾਂ ਨਾ ਕਰਨ ।

Mr. Deputy Speaker : I agree.

ਸਰਦਾਰ ਹਰਬੰਸ ਸਿੰਘ ਜਲਾਲ : ** (ਵਿਘਨ)

**Expunged as ordered by the Chair.

ਸ੍ਰੀ ਡਿਪਟੀ ਸਪੀਕਰ : It is no point of order ਫ਼ਿਰ ਵੀ ਮੈਂ ਪ੍ਰੋਸੀਡਿੰਗਜ਼ ਦੇਖ ਲਵਾਂਗਾ । (ਵਿਘਨ) (It is no point of order. Anyway, I will check up the proceedings.) (*Interruptions*)

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਗੱਲ ਤਾਂ ਮੈਂ ਬਹੁਤ ਚੰਗੀ ਕਰ ਰਿਹਾ ਸੀ ਪਰ ਪਤਾ ਨਹੀਂ ਤੁਸੀਂ ਨਰਾਜ਼ ਹੋ ਕੇ ਕਿਉਂ ਕਟਾ ਦਿੱਤੀ...........

ਸ੍ਰੀ ਡਿਪਟੀ ਸਪੀਕਰ : ਮੇਰੀ ਗੁਜ਼ਾਰਿਸ਼ ਇਹ ਹੈ ਕਿ ਤੁਹਾਡੀ ਜੋ ਮੋਸ਼ਨ ਹੈ ਉਸ ਦੇ ਉੱਤੇ ਹੀ ਤੁਸੀਂ ਕਨਫ਼ਾਈਨ ਰਹੋ ਤਾਂ ਕਿ ਸਾਰੇ ਆਨਰੇਬਲ ਮੈਂਬਰ ਵਕਤ ਲੈ ਕੇ ਬੋਲ ਸਕਣ । (I would request you to confine yourself to the resolution before the House, so that all the hon. Members may participate in the discussion.)

ਸਰਦਾਰ ਗੁਰਦੇਵ ਸਿੰਘ ਬਾਦਲ : ਚਲੋ ਮੈਂ ਕਾਂਗਰਸ ਨਹੀਂ ਕਹਿੰਦਾ, ਕਾਂਗਰਸ ਗੌਰਮਿੰਟ ਕਹਿੰਦਾ ਹਾਂ । (ਵਿਘਨ) ਡਿਪਟੀ ਸਪੀਕਰ ਸਾਹਿਬ, ਹੁਣ ਇਹ ਗੱਲ ਨਹੀਂ ਚੱਲਣੀ ਕਿ ਮੁੰਡ ਤਾਂ ਮੰਗਦਾ ਹੈ ਕਿ ਬਾਪੂ ਮੈਨੂੰ ਜਲੇਬੀਆਂ ਲਿਆ ਦੇ ਤੇ ਬਾਪੂ ਕਹਿੰਦਾ ਹੈ ਕਿ ਆ ਤੈਨੂੰ ਬਾਂਦਰ ਦਿਖਾ ਲਿਆਵਾਂ । (ਹਾਸਾ) (ਵਿਘਨ) ਮੈਂ ਕਾਂਗਰਸ ਗੌਰਮਿੰਟ ਨੂੰ ਕਹਿੰਦਾ ਹਾਂ ਜਿਹੜੀ ਕਿ ਪੰਜਾਬ ਦੀ ਰਹਿਨੁਮਾਈ ਕਰ ਰਹੀ ਹੈ.........(ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਆਪਣੇ ਮੈਂਬਰਾਂ ਨੂੰ ਅਪੀਲ ਕਰਦਾ ਹਾਂ ਕਿ ਕਿਉਂਕਿ ਪੰਜਾਬ ਵਿਚ ਕਾਂਗਰਸ ਗੌਰਮਿੰਟ ਹੈ ਨਹੀਂ, ਸਿਰਫ਼ ਗੌਰਮਿੰਟ ਹੈ, ਇਸ ਲਈ ਉਹ ਗੌਰਮਿੰਟ ਸ਼ਬਦ ਵਰਤਣ ....(ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਇਰਰੈਲੇਵੈਂਟ ਹੈ ਤੁਹਾਡੀ ਗੱਲ । (ਵਿਘਨ) (This is irrelevant.) (*Interruptions*)

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਹੁਣ ਇਤਨੀ ਮਹਿੰਗਾਈ ਵੱਧ ਗਈ ਹੈ ਕਿ ਕਾਂਗਰਸ ਸਰਕਾਰ,—ਚਲੋ ਮੈਂ ਇਕੱਲਾ ਸਰਕਾਰ ਹੀ ਲਫ਼ਜ਼ ਵਰਤਦਾ ਹਾਂ, ਕਾਂਗਰਸ ਸਰਕਾਰ ਨਹੀਂ ਕਹਿੰਦਾ--ਇਸ ਤੋਂ ਸਰਕਾਰ ਹੁਣ ਬਚ ਨਹੀਂ ਸਕਦੀ । ਜਿਹੜੇ ਕਹਿੰਦੇ ਸਨ ਕਿ ਅਸੀਂ ਮਹਿੰਗਾਈ ਦੂਰ ਕਰ ਦਿਆਂਗੇ, ਵੋਟਾਂ ਤੁਸੀਂ ਸਾਨੂੰ ਪਾਓ ਅਤੇ ਜੇ ਅਸੀਂ ਜਿੱਤ ਗਏ ਤਾਂ ਸਾਨੂੰ ਲੋਕਾਂ ਨੂੰ ਕਿਹਾ ਗਿਆ ਕਿ 10-10 ਕਿੱਲੇ ਜ਼ਮੀਨ ਤੁਹਾਨੂੰ ਅਲਾਟ ਕੀਤੀ ਜਾਵੇਗੀ । ਇਹ ਲੋਕਾਂ ਨੂੰ ਝੂਠਾ ਲਾਰਾ ਲਾਉਂਦੇ ਸੀ ਅਤੇ 10-10 ਕਿੱਲੇ ਗਏ ਅਤੇ 5-5 ਕਿੱਲੇ ਤੇ ਆ ਗਏ ਅਤੇ ਫਿਰ 5 ਮਰਲਿਆਂ ਤੇ ਆ ਗਏ । ਹੁਣ ਮੇਰਾ ਖ਼ਿਆਲ ਹੈ ਕਿ 5-5 ਕਿੱਲੇ ਜ਼ਮੀਨ ਤਾਂ ਕੀ 5-5 ਕਿਲੋ ਲਕੜ ਤਾਂ ਭਾਵੇਂ ਦੇ ਦੇਣ ਗਰੀਬਾਂ ਨੂੰ ਪਰ ਹੋਰ ਕੁਝ ਨਹੀਂ ਉਨ੍ਹਾਂ ਨੂੰ ਮਿਲਣਾ । (ਆਪੋਜੀਸ਼ਨ ਵਲੋਂ ਥੰਪਿੰਗ) ।

ਇਕ ਆਵਾਜ਼ : ਇਹ ਗੱਲ ਰੈਜ਼ੋਲਿਸ਼ਨ ਵਿਚ ਕਿਥੇ ਹੈ ? (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਇਸ ਲਈ, ਡਿਪਟੀ ਸਪੀਕਰ ਸਾਹਿਬ, ਇਸ ਗੱਲ ਤੋਂ ਕਾਂਗਰਸ ਸਰਕਾਰ ਬੱਚ ਨਹੀਂ ਸਕਦੀ । ਇਕ ਬਿਆਨ ਹਿੰਦੁਸਤਾਨ ਦੇ ਰਖਿਆ ਮੰਤਰੀ ਸਾਹਿਬ ਨੇ ਦਿੱਤਾ ਹੈ, ਇਹ ਮੇਰਾ ਬਿਆਨ ਨਹੀਂ ਇਹ ਬਿਆਨ ਹਿੰਦੁਸਤਾਨ ਦੇ ਰਖਿਆ ਮੰਤਰੀ ਸਾਹਿਬ ਨੇ ਦਿੱਤਾ ਹੈ ਜਿਹੜਾ ਕਿ 4 ਜੂਨ, 1973 ਨੂੰ ਉਨ੍ਹਾਂ ਨੇ ਦਿੱਤਾ ਹੈ । ਹਿੰਦੁਸਤਾਨ ਦੇ ਰਖਿਆ ਮੰਤਰੀ ਸਾਹਿਬ ਨੇ ਆਪਣੇ ਬਿਆਨ ਵਿਚ ਕਿਹਾ ਹੈ ਕਿ ਹਿੰਦੁਸਤਾਨ ਵਿਚ ਵਸਣ ਵਾਲੇ ਲੋਕ

[ਸਰਦਾਰ ਗੁਰਦੇਵ ਸਿੰਘ ਬਾਦਲ]

ਬਹੁਤ ਗਰੀਬ ਹਨ ਅਤੇ ਲੱਖਾਂ ਦੀ ਗਿਣਤੀ ਵਿਚ ਲੋਕ ਐਸੇ ਹਨ ਜਿਨ੍ਹਾਂ ਨੂੰ ਰੋਟੀ ਖਾਣ ਨੂੰ ਨਹੀਂ ਮਿਲਦੀ ਅਤੇ ਜਿਹੜੇ ਵਿਚਾਰੇ ਰਾਤ ਨੂੰ ਨੀਲੇ ਅੰਬਰ ਦੀ ਛੱਤ ਥੱਲੇ ਸੜਕਾਂ ਤੇ ਸੌਂ ਕੇ ਗੁਜ਼ਾਰਾ ਕਰਦੇ ਹਨ। ਇਹ ਮੈਂ ਨਹੀਂ ਕਹਿ ਰਿਹਾ, ਹਿੰਦੁਸਤਾਨ ਦੇ ਰਖਿਆ ਮੰਤਰੀ ਜੀ ਕਹਿ ਰਹੇ ਹਨ। ਮੈਂ ਪੰਜਾਬ ਦੀ ਗੱਲ ਇਕੱਲੀ ਨਹੀਂ ਕਰਦਾ, ਡਿਪਟੀ ਸਪੀਕਰ ਸਾਹਿਬ, ਮੈਂ ਯੂ. ਪੀ. ਦੀਆਂ ਇਲੈਕਸ਼ਨਾਂ ਵਿਚ ਜਦੋਂ ਉਥੇ ਗਿਆ ਤਾਂ ਉਥੇ ਜਾ ਕੇ ਆਪ ਆਪਣੀਆਂ ਅੱਖਾਂ ਨਾਲ ਜੋ ਦੇਖਿਅ ਹੈ ਉਹ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ.......... (ਵਿਘਨ) (ਸਰਦਾਰ ਗੁਰਦਰਸ਼ਨ ਸਿੰਘ ਜੀ, ਰਾਜ ਮੰਤਰੀ ਖੁਰਾਕ ਅਤੇ ਸਪਲਾਈ, ਵੱਲੋਂ ਵਿਘਨ)

Mr. Deputy Speaker : No interruption please.

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਸਰਦਾਰ ਗੁਰਦਰਸ਼ਨ ਸਿੰਘ ਅਤੇ ਮੈਂ, ਅਸੀਂ ਬਹੁਤ ਦੇਰ ਇਕੱਠੇ ਐਸਟੀਮੇਟ ਕਮੇਟੀ ਵਿਚ ਰਹੇ ਹਾਂ ਅਤੇ ਇਹ ਬੜੇ ਚੰਗੇ ਸੱਜਣ ਹਨ। ਗਰੀਬੀ ਕਾਂਗਰਸ ਨੇ ਇਨ੍ਹਾਂ ਦੀ ਦੂਰ ਕੀਤੀ ਹੈ। ਇਨ੍ਹਾਂ ਨੇ ਆਪਣਾ ਭਲਾ ਕੀਤਾ ਹੈ; ਗਰੀਬ ਆਦਮ ਦਾ ਕੋਈ ਭਲਾ ਨਹੀਂ ਕੀਤਾ। ਸਰਕਾਰ ਤਾਂ ਕਹਿੰਦੀ ਹੈ ਕਿ ਹਰੀਜਨਾਂ ਨੂੰ ਅਸੀਂ ਪਲਾਟ ਦੇਵਾਂਗੇ ਅਤੇ 2 ਕਮਰੇ ਪਿੱਛੇ ਵਲ ਨੂੰ ਬਣਾ ਕੇ ਦਿਆਂਗੇ, ਅੱਗੇ ਵਿਹੜਾ ਹੋਵੇਗਾ ਅਤੇ ਉਸ ਤੋਂ ਅੱਗੇ ਬੈਠਕਾਂ ਹੋਣਗੀਆਂ ਅਤੇ ਉਥੇ ਹਰੀਜਨ ਲੋਕ ਰਹਿਣਗੇ, ਮਕਾਨ ਵਿਚ ਬਿਜਲੀ ਫਿੱਟ ਕਰਵਾ ਦਿਆਂਗੇ। ਰੋਟੀ ਦੀ ਇਨ੍ਹਾਂ ਨੂੰ ਗੱਲ ਨਾਂ ਕਰੋ ਰਾਤ ਨੂੰ ਭੁੱਖੇ ਬਿਜਲੀ ਦੀ ਰੌਸ਼ਨੀ ਵਿਚ ਬੈਠੇ ਰਹੀਓ। (ਵਿਘਨ) ਸਰਦਾਰ ਗੁਰਦਰਸ਼ਨ ਸਿੰਘ ਜੀ ਦੀ ਮੈਂ ਯਾਰੀ ਦੀ ਗੱਲ ਕਰਦਾ ਹਾਂ। ਮੈਨੂੰ ਪਤਾ ਹੈ ਕਿ ਸਰਕਾਰ ਨੇ ਗਰੀਬਾਂ ਦੀ ਗਰੀਬੀ ਦੂਰ ਨਹੀਂ ਕਰਨੀ ਇਹੋ ਜਿਹਾਂ ਦੀ ਗਰੀਬੀ ਦੂਰ ਕਰਨੀ ਹੈ। ਦੇਖੋਂ ਜੇ ਤੁਹਾਨੂੰ ਕਿਧਰੇ ** **
(ਵਿਘਨ) (ਹਾਸਾ)

Mr. Deputy Speaker : This should not form part of the proceedings.

ਸਰਦਾਰ ਗੁਰਦੇਵ ਸਿੰਘ ਬਾਦਲ : ਇਸ ਕਰ ਕੇ ਯਾਰੀ ਦੇ ਤੌਰ ਤੇ ਮੈਂ ਹੋਰ ਬਹੁਤਾ ਕੁਝ ਨਹੀਂ ਕਹਿੰਦਾ। ਸੋ, ਡਿਪਟੀ ਸਪੀਕਰ ਸਾਹਿਬ, ਮੈਂ ਯੂ. ਪੀ. ਦੀ ਗੱਲ ਕਰ ਰਿਹਾ ਸੀ ਕਿ ਮੈਂ ਜਦੋਂ ਯੂ. ਪੀ. ਦੀਆਂ ਇਲੈਕਸ਼ਨਾਂ ਵਿਚ ਇਕ ਵਾਰੀ ਉਥੇ ਗਿਆ ਤਾਂ ਉਥੇ ਜੋ ਆਪਣੇ ਅਖੀਂ ਦੇਖਿਆ ਉਹ ਮੈਂ ਤੁਹਾਨੂੰ ਦਸਣਾ ਚਾਹੁੰਦਾ ਹਾਂ। ਤੁਸੀਂ ਇਹ ਸੁਣ ਕੇ ਹੈਰਾਨ ਹੋਵੋਗੇ ਕਿ ਜਿਥੋਂ ਹਿੰਦੁਸਤਾਨ ਦੀ ਪ੍ਰਾਈਮ ਮਨਿਸਟਰ ਬੀਬੀ ਇੰਦਰਾ ਗਾਂਧੀ ਆਏ ਹਨ, ਜਿਸ ਸੂਬੇ ਤੋਂ ਸ਼ਾਸਤਰੀ ਜੀ ਆਏ, ਪੰਡਿਤ ਜਵਾਹਰ ਲਾਲ ਨਹਿਰੂ ਆਏ ਮੈਂ ਉਸ ਸੂਬੇ ਦੀ ਗੱਲ ਦਸਦਾ ਹਾਂ ਕਿ ਅਸੀਂ ਜਦੋਂ ਇਥੋਂ ਗੱਡੀ ਵਿਚ ਯੂ.ਪੀ. ਗਏ ਤਾਂ ਜਦੋਂ ਗੱਡੀ ਇਕ ਸਟੇਸ਼ਨ ਤੇ ਖਲੋਤੀ ਤਾਂ ਸਟੇਸ਼ਨ ਤੇ ਅਸੀਂ ਦੇਖਿਆ ਕਿ 8 ਸਾਲ ਤੋਂ ਲੈਕੇ 14-15 ਸਾਲ ਦੇ ਬੱਚੇ ਇਕੱਠੇ ਪਾਣੀ ਦੇ ਨਲਕੇ ਦੇ ਕੋਲ ਝੁਰਮਟ ਪਾ ਕੇ ਖੜ੍ਹੇ ਸਨ---------

ਸ੍ਰੀ ਡਿਪਟੀ ਸਪੀਕਰ : ਇਹ ਕਿਹੜੇ ਸਟੇਸ਼ਨ ਦੀ ਗੱਲ ਕਹਿ ਰਹੇ ਹੋ। (About which station are you talking ?)

ਸਰਦਾਰ ਗੁਰਦੇਵ ਸਿੰਘ ਬਾਦਲ : ਕਾਨਪੁਰ ਸਟੇਸ਼ਨ ਦੀ ਗੱਲ ਕਰਨ ਲਗਾ ਹਾਂ ਜੀ। ਉਥੇ ਅਸੀਂ ਕੀ ਨਕਸ਼ਾ ਦੇਖਿਆ। ਉਥੇ ਜਨਾਬ, 8 ਸਾਲ ਤੋਂ ਲੈ ਕੇ 14-15 ਸਾਲ ਦੀ ਉਮਰ ਤਕ ਦੇ ਬੱਚੇ

**Expunged as ordered by the Chair.

ਪਾਣੀ ਦੇ ਨਲਕੇ ਦੇ ਦੁਆਲੇ ਝੁਰਮਟ ਪਾ ਕੇ ਖੜ੍ਹੇ ਸਨ ਅਤੇ ਇਕ ਦੂਜੇ ਨੂੰ ਧੱਕੋ ਧੱਕੀ ਕਰ ਰਹੇ ਸਨ । ਮੈਂ ਇਹ ਦੇਖ ਕੇ ਬੜਾ ਹੈਰਾਨ ਹੋਇਆ ਕਿ ਇਹ ਬੱਚੇ ਕੀ ਕਰ ਰਹੇ ਹਨ। ਮੈਂ ਥੋੜ੍ਹੀ ਜਿਹੀ ਇਸ ਗੱਲ ਵਿਚ ਦਿਲਚਸਪੀ ਲੈ ਕੇ ਅੱਗੇ ਹੋ ਕੇ ਦੇਖਿਆ ਕਿ ਇਹ ਬੱਚੇ ਕੀ ਕਰ ਰਹੇ ਹਨ । ਜਦੋਂ ਮੈਂ ਅੱਗੇ ਹੋ ਕੇ ਦੇਖਿਆ ਤਾਂ ਕੀ ਦੇਖਿਆ ਕਿ ਉਹ ਬੱਚੇ ਜਦੋਂ ਬਹਿਰਾ ਨਲਕੇ ਥੱਲੇ ਕੋਈ ਪਲੇਟ ਸਾਫ਼ ਕਰਦਾ ਸੀ ਉਹ ਪਲੇਟ ਦੇ ਵਿਚ ਜੋ ਕੁਝ ਥੋੜ੍ਹਾ ਬਹੁਤ ਬਚਿਆ ਹੁੰਦਾ ਸੀ ਉਹ ਵਗ੍ਹਾ ਕੇ ਮਾਰਦਾ ਸੀ ਤਾਂ ਉਹ ਬੱਚੇ ਇਕ ਦੂਜੇ ਨੂੰ ਧੱਕਾ ਮਾਰ ਮਾਰ ਕੇ ਇਕ ਦੂਜੇ ਤੋਂ ਖੋਹਣ ਦੀ ਕੋਸ਼ਿਸ਼ ਕਰਦੇ ਸਨ ਜਿਸ ਤਰ੍ਹਾਂ ਕੋਈ ਕੁਕੜੀ ਦਾ ਬੱਚਾ ਇਕ ਇਕ ਚੌਲ ਦਾ ਦਾਣਾ ਖੋਹ ਕੇ ਖਾਂਦਾ ਹੈ । ਇਹ, ਡਿਪਟੀ ਸਪੀਕਰ ਸਾਹਿਬ, ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਆਪਣੀ ਅੱਖੀਂ ਦੇਖਿਆ। (ਆਪੋਜ਼ੀਸ਼ਨ ਵਲੋਂ, ਸ਼ੇਮ-ਸ਼ੇਮ) ਸਾਡੇ ਹਿੰਦੁਸਤਾਨ ਵਿਚ ਇਹ ਗ਼ਰੀਬੀ ਹੈ । ਇਸ ਲਈ, ਡਿਪਟੀ ਸਪੀਕਰ ਸਾਹਿਬ, ਇਹ ਸਾਡੇ ਸਮਾਜ-ਵਾਦ ਦੀ ਹਾਲਤ ਹੈ । ਹੁਣ ਤੁਸੀਂ ਆਪ ਹੀ ਸੋਚੋ ਕਿ ਜੇ ਇਹ ਹੈ ਸਮਾਜਵਾਦ ਤਾਂ ਖਿਮਾ ਕਰੋ ਸਾਨੂੰ ਅਤੇ ਸਾਡੀ ਛੁੱਟੀ ਕਰ ਦਿਉ ਜਾਂ ਫਿਰ ਇਸ ਤਰ੍ਹਾਂ ਕਰੋ ਕਿ ਸਾਰੇ ਹਿੰਦੁਸਤਾਨ ਦੇ ਹਰੀਜਨਾਂ ਨੂੰ ਇਕੱਠਾ ਕਰ ਲਓ ਕਿਸੇ ਇਕ ਥਾਂ ਤੇ, ਮੈਂ ਕਹਿੰਦਾ ਹਾਂ ਕਿ ਦਿੱਲੀ ਹੀ ਬੁਲਾ ਲਵੋ, ਅਤੇ ਉਨ੍ਹਾਂ ਨੂੰ ਕਹਿ ਦਿਉ ਕਿ ਯਗ ਕਰਨਾ ਹੈ ਅਤੇ ਉਥੇ ਖਾਣੇ ਤੇ ਆਉਣ । ਉਥੇ ਖਾਣੇ ਦੀ ਬਜਾਏ ਉਨ੍ਹਾਂ ਨੂੰ ਚੂਹੇ ਮਾਰਣ ਵਾਲੀਆਂ ਗੋਲੀਆਂ ਦੇ ਦਿਉ ਅਤੇ ਉਨ੍ਹਾਂ ਦਾ ਘੁਗੂ ਬੁਲਾ ਦਿਉ ਅਤੇ ਫਿਰ ਉਨ੍ਹਾਂ ਦਾ ਬੋਲੇ ਸੋ ਨਿਹਾਲ ਹੋ ਜਾਏਗਾ ਅਤੇ ਫ਼ਿਰ ਕੋਈ ਅੜਿੱਕਾ ਨਹੀਂ ਪਏਗਾ ਅਤੇ ਨਾ ਗ਼ਰੀਬੀ ਰਹੇਗੀ ਹਿੰਦੁਸਤਾਨ ਵਿਚ।

ਸ੍ਰੀ ਡਿਪਟੀ ਸਪੀਕਰ : ਤੁਹਾਡੀ ਇਹ ਰਾਏ ਨਹੀਂ ਮੰਨੀ ਜਾਏਗੀ । (Your such advice will not be accepted)

ਸਰਦਾਰ ਗੁਰਦੇਵ ਸਿੰਘ ਬਾਦਲ : ਮੇਰੀ ਤਾਂ ਇਹ ਅਪੀਲ ਹੈ, ਤੁਸੀਂ ਮੰਨੋ ਜਾਂ ਨਾ ਮੰਨੋ ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਹ ਜਿਹੜੀ ਰਾਏ ਬਾਦਲ ਸਾਹਿਬ ਨੇ ਦਿੱਤੀ ਹੈ, ਇਹ ਹੋਰ ਭਾਵੇਂ ਕੋਈ ਨਾ ਮੰਨੇ ਸਿਵਾਏ ਇਹ ਸਾਹਮਣੇ ਬੈਠੇ ਚਿਹਰਿਆਂ ਦੇ............................ (ਵਿਘਨ)

ਸਰਦਾਰ ਅਜਾਇਬ ਸਿੰਘ ਸੰਧੂ : ਹਾਥੀ ਤੋਂ ਉਤਰ ਕੇ ਹੁਣ ਗਊ ਤੇ ਆ ਗਏ । (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਜੇ ਧੰਨੋਵਾਲੀ ਸਾਹਿਬ ਮੈਨੂੰ ਛੇੜਨਗੇ ਤਾਂ ਮੈਂ ਵੀ ਉਨ੍ਹਾਂ ਦੇ ਨਾਲ 2-3 ਦਿਨ ਰਿਹਾ ਹਾਂ ਅਤੇ ਮੈਨੂੰ ਉਨ੍ਹਾਂ ਦਾ ਪਤਾ ਹੈ ਅਤੇ ਮੈਂ ਫ਼ਿਰ ਉਨ੍ਹਾਂ ਨੂੰ ਸੁਣਾਵਾਂਗਾ, ਮੈਂ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਉਹ ਕਿਸ ਤਰ੍ਹਾਂ [** **]

Mr. Deputy Speaker : It should not come on the record. No personal charges can be made against any hon. Member. (*interruption*) It is not relevant.

ਸਰਦਾਰ ਜਸਵਿੰਦਰ ਸਿੰਘ ਬਰਾੜ : ਡਿਪਟੀ ਸਪੀਕਰ ਸਾਹਿਬ, ਇਕ ਬੰਦਾ ਡਿਫ਼ੈਕਸ਼ਨ ਕਰ ਕੇ ਜਾਂਦਾ ਹੈ ਅਤੇ ਉਹ ਫ਼ਿਰ ਉਧਰ ਜਾ ਕੇ ਮੁੜ ਕੇ ਕਿਸੇ ਆਨਰੇਬਲ ਮੈਂਬਰ ਨੂੰ ਰਾਏ ਦਿੰਦਾ ਹੈ ** ** ।

Mr. Deputy Speaker : No personal charges can be made against any hon. Member. (*Interruption.*)

**Not recorded as ordered by the Chair

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਮੈਂ 1967 ਤੋਂ ਐਮ. ਐਲ. ਏ. ਆ ਰਿਹਾ ਹਾਂ ਅਤੇ ਮੈਂ ਇਕ ਇਕ ਬੰਦੇ ਨੂੰ ਜਾਣਦਾ ਹਾਂ ਇਹ ਮੈਨੂੰ ਨਾ ਛੇੜਨ ** ** ** ** (ਵਿਘਨ)

ਸ੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ, ਕੋਈ ਡਿਪੂਆਂ ਬਾਰੇ ਸੁਝਾ ਦਿਉ ਕਿ ਕਿਸ ਤਰ੍ਹਾਂ ਕਰਨਾ ਚਾਹੀਦਾ ਹੈ (ਵਿਘਨ) (Badal Sahib, please suggest something regarding Depots. (*Interruption*).

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਮਹਿੰਗਾਈ ਦੀ ਗੱਲ ਕਰ ਰਿਹਾ ਸੀ ਕਿ ਪੰਜਾਬ ਵਿਚ ਕਿੰਨੀ ਗ਼ਰੀਬੀ ਹੈ । ਤੁਸੀਂ ਪੰਜਾਬ ਦੀ ਹਾਲਤ ਵੇਖ ਲਵੋ। ਕਿਸਾਨ ਤੇ ਉਸ ਦੇ ਸੀਰੀ ਨੇ ਜਦੋਂ ਕਣਕ ਵੇਚੀ ਤਾਂ 76 ਰੁਪਏ ਲਈ ਗਈ । ਜਦੋਂ ਦੋਹਾਂ ਕੋਲੋਂ ਕਣਕ ਲੈ ਕੇ ਬੰਬਈ ਚਲੀ ਗਈ ਤਾਂ ਉਹ ਕਣਕ 400 ਰੁਪਏ ਕੁਇੰਟਲ ਵਿਕਦੀ ਹੈ । ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਥੇ 76 ਰੁਪਏ ਕੁਇਟਲ ਕਣਕ ਖ਼ਰੀਦੀ ਗਈ ਸੀ ਉਸ ਬਾਰੇ ਸਾਡੇ ਖ਼ੁਰਾਕ ਮੰਤਰੀ ਨੇ ਵੀ ਦਸਿਆ ਹੈ ਕਿ ਸਾਡੇ ਕੋਲ ਹਾਲੇ ਤੱਕ ਇਤਨਾ ਸਟਾਕ ਜਮ੍ਹਾਂ ਹੈ। ਮੈਂ ਉਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਜੋ ਕਣਕ ਤੁਸੀਂ 76 ਰੁਪਏ ਖ਼ਰੀਦੀ ਹੈ ਉਸ ਦੇ ਲਈ 2 ਰੁਪਏ ਇਹ ਰੱਖ ਲੈਣ ਸੰਭਾਈ ਦੇ ਜਿਹੜੇ ਅਕਾਲੀ ਸਰਕਾਰ ਨੇ ਨਹੀਂ ਸਨ ਰਖੇ, 1 ਰੁਪਿਆ ਇਧਰ ਉਧਰ ਰਖਾਈ ਦਾ, ਇਕ ਰੁਪਿਆ ਕੂੜੇ ਕਰਕਟ ਦਾ, ਇਕ ਰੁਪਿਆ ਪਿਸਾਈ ਦਾ ਅਤੇ ਇਸ ਤਰ੍ਹਾਂ ਆਟਾ 81 ਰੁਪਏ ਕੁਇੰਟਲ ਦੇ ਦੇਣ। ਬੜੇ ਦੁੱਖ ਦੀ ਗੱਲ ਹੈ ਕਿ 76 ਰੁਪਏ ਕੁਇੰਟਲ ਲੈ ਕੇ ਤੇ ਬਾਜ਼ਾਰ ਵਿਚ ਢੇੜ੍ਹ ਰੁਪਏ ਕਿਲੋ ਆਟਾ ਵਿਕਦਾ ਹੈ ।

ਰਾਜ ਮੰਤਰੀ ਖੁਰਾਕ ਅਤੇ ਸਪਲਾਈ : ਰਾਂਗ ਸਟੇਟਮੈਂਟ, ਰਾਂਗ ਸਟੇਟਮੈਂਟ ।

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਇਹ ਪੰਜਾਬ ਦੇ ਗ਼ਰੀਬ ਦੀ ਹਾਲਤ ਹੈ। ਡਿਪਟੀ ਸਪੀਕਰ ਸਾਹਿਬ, ਤੁਹਾਨੂੰ ਤਾਂ ਪਤਾ ਹੀ ਹੈ ਕਿਉਂਕਿ ਤੁਸੀਂ ਪੰਜਾਬ ਦੇ ਰਹਿਣ ਵਾਲੇ ਹੋ। ਅਕਾਲੀ ਰਾਜ ਵੇਲੇ ਡਿਪੂ ਦਾ ਕਿਤੇ ਨਾਮੋ ਨਿਸ਼ਾਨ ਤਕ ਨਹੀਂ ਸੀ। ਨਾ ਰੇਹ ਦਾ ਡਿਪੂ, ਨਾ ਕਪੜੇ ਦਾ ਡਿਪੂ, ਨਾ ਸੀਮਿੰਟ ਨਾ ਡਿਪੂ, ਨਾ ਕੋਈ ਖੰਡ ਦਾ ਡਿਪੂ, ਨਾ ਤੇਲ ਦਾ ਡਿਪੂ, ਅਤੇ ਨਾ ਆਟੇ ਦਾ ਡਿਪੂ। ਦੁੱਖ ਤਾਂ ਇਸ ਗੱਲ ਦਾ ਹੈ ਕਿ ਇੰਨੀ ਮਹਿੰਗਾਈ ਵਿਚ ਗਰੀਬ ਵਿਚਾਰਾ ਜਿਹੜਾ ਸਰਕਾਰ ਦੀ ਦਿਹਾੜੀ ਕਰਦਾ ਹੈ ਉਸ ਨੂੰ ਸਿਰਫ ਪੌਣੇ ਚਾਰ ਰੁਪਏ ਦਿਹਾੜੀ ਦਿੱਤੇ ਜਾਂਦੇ ਹਨ ਅਤੇ ਨਾ ਉਸ ਨੂੰ ਚਾਹ ਨਾ ਰੋਟੀ। ਸੁੱਕੇ ਪੌਣੇ ਚਾਰ ਰੁਪਏ ਤੇ ਉਹ ਸਾਰਾ ਦਿਨ ਸਰਕਾਰ ਦੀਆਂ ਟੋਕਰੀਆਂ ਢੋਂਦਾ ਹੈ। ਇਸ ਕਰ ਕੇ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੂੰ ਕੋਈ ਅਧਿਕਾਰ ਨਹੀਂ ਪੰਜਾਬ ਵਿਚ ਰਾਜ ਕਰਨ ਦਾ। ਢੇੜ ਰੁਪਏ ਕਿਲੋ ਆਟਾ ਅਤੇ ਸਾਢੇ ਚਾਰ ਰੁਪਏ ਕਿਲੋ ਖੰਡ, 7 ਰੁਪਏ ਕਿਲੋ ਮਿਰਚਾਂ ਜਿਸ ਨਾਲ ਗ਼ਰੀਬ ਵਿਚਾਰਾ ਰਗੜ ਕੇ ਰੋਟੀ ਖਾਂਦਾ ਹੈ । 16 ਰੁਪਏ ਕਿਲੋ ਘੀ ਹੋ ਚੁੱਕਾ ਹੈ, ਉਹ ਵੀ ਮਿਲਦਾ ਨਹੀਂ । ਔਰ ਉਸ ਡਾਲਡੇ ਵਿਚ ਵੀ ਗਰੀਸ ਮਿਲਾਉਂਦੇ ਹਨ। 6 ਡੀਲਰ ਇਸ ਸਿਲਸਿਲੇ ਵਿਚ ਅੰਮ੍ਰਿਤਸਰ ਵਿਚ ਫੜੇ ਗਏ। ਉਹ ਘੀ ਵਿਚ ਗਰੀਸ ਮਿਲਾਉਂਦੇ ਸਨ । ਜਿਹੜੇ ਲੋਕਾਂ ਦੀਆਂ ਜਾਨਾਂ ਨਾਲ ਖੇਡ ਰਹੇ ਸੀ, ਉਨ੍ਹਾਂ ਨੂੰ ਇਹ ਵੀ ਪਤਾ ਨਹੀਂ ਕਿ ਗਰੀਸ ਸਾਈਕਲਾਂ ਨੂੰ ਦਿੱਤੀ ਜਾਂਦੀ ਹੈ ਬੰਦਿਆਂ ਨੂੰ ਨਹੀਂ। ਉਨ੍ਹਾਂ ਨੇ ਇਹ ਵੀ ਨਾ ਸੋਚਿਆ ਕਿ ਇਸ ਨਾਲ ਕਿੰਨੀਆਂ ਹੀ ਬਿਮਾਰੀਆਂ ਲਗ ਜਾਣਗੀਆਂ । ਉਨ੍ਹਾਂ ਨੂੰ ਮੌਕੇ ਤੇ ਫੜ ਲਿਆ ਅਤੇ ਉਨ੍ਹਾਂ ਕੋਲੋਂ ਸਰਕਾਰ ਨੇ ਲੱਖਾਂ ਰੁਪਏ ਲਏ ਅਤੇ ਸਰਕਾਰ ਨੇ ਉਨ੍ਹਾਂ ਦਾ ਨਾਮ ਤੱਕ ਨਹੀਂ ਲੈਣ ਦਿੱਤਾ। ਲੱਖਾਂ ਰੁਪਿਆ ਲੈ ਕੇ ਉਨ੍ਹਾਂ ਨੂੰ ਛੱਡ ਦਿੱਤਾ । ਇਹ ਹੈ ਸਾਡੀ ਗਰੀਬੀ ਦੂਰ ਕਰਨ ਵਾਲੀ ਸਰਕਾਰ । ਹੁਣ ਮੈਂ ਕਿਸਾਨ ਦੀ ਗੱਲ ਕਰਦਾ ਹਾਂ । ਕਿਸਾਨ ਵਿਚਾਰੇ ਦੀ ਇਹ ਹਾਲਤ ਹੈ ਸ਼ਾਇਦ

**Not recorded as ordered by the Chair..

ਤੁਸੀਂ ਵੀ ਉਧਰੋਂ ਲੰਘਦੇ ਹੋਵੋਗੇ, ਪਰ ਹੁਣ ਤੁਸੀਂ ਘੱਟ ਹੀ ਜਾਂਦੇ ਹੋਵੋਗੇ ਕਿਉਂਕਿ ਤੁਸੀਂ ਵਜ਼ੀਰ ਨਹੀਂ ਰਹੇ ਅਤੇ ਇਥੇ ਤੁਹਾਨੂੰ ਬਹੁਤਾ ਕੰਮ ਹੁੰਦਾ ਹੈ, ਅਤੇ ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘ-ਵਾਲੇ ਨੂੰ ਤਾਂ ਪਤਾ ਹੈ ਕਿਉਂਕਿ ਉਸ ਨੂੰ ਤਾਂ ਹੁਣ ਬੁਲਾ ਲੈਂਦੇ ਹਨ ਲੋਕ ਇਸ ਕਰਕੇ ਉਨ੍ਹਾਂ ਨੇ ਵੇਖਿਆ ਹੋਣਾ ਹੈ ਕਿ ਉਹ ਕਿਸਾਨ ਵਿਚਾਰੇ ਹੱਥ ਵਿਚ ਪੈਸੇ ਅਤੇ ਕੇਨੀ ਲਈ ਖੜੇ ਹੁੰਦੇ ਹਨ ਲਾਈਨਾਂ ਵਿਚ। ਮੈਂ ਵੇਖਿਆ ਹੈ ਕਿ 2-3 ਹਜ਼ਾਰ ਦੀ ਲਾਈਨ ਹੁੰਦੀ ਹੈ ਅਤੇ 3-4 ਦਿਨ ਆਪਣੀ ਕੇਨੀ ਦੇ ਕੋਲ ਖੜੇ ਰਹਿਣਾ ਪੈਂਦਾ ਹੈ। ਉਹ ਨਾ ਰੋਟੀ ਖਾਂਦੇ ਹਨ, ਨਾ ਪਾਣੀ ਪੀਂਦੇ ਹਨ, ਨਾ ਚਾਹ ਪੀਣ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਜੇ ਕਰ ਪਾਸੇ ਚਲੇ ਗਏ ਤਾਂ ਕਿਤੇ ਨੰਬਰ ਨਾ ਕਟ ਜਾਏ। ਇਹ ਹਾਲਤ ਹੈ ਕਿਸਾਨ ਦੀ ਕਿ ਜਿਸ ਤਰ੍ਹਾਂ ਕੋਈ ਮੰਗਤਾ ਬੂਹ ਤੇ ਖਲੋਤਾ ਹੋਵੇ ਅਤੇ ਉਸ ਨੂੰ ਕਹਿੰਦੇ ਹਾਂ ਜਾ ਭੱਜ ਜਾ ਝੋਟੇ ਵਰਗਾ ਹੈਗਾ ਤੂੰ ਤੇ ਫਿਰ ਉਹ ਕਹਿੰਦਾ ਹੈ ਕਿ ਜੇ ਕਰ ਦਾਣੇ ਨਹੀਂ ਤਾਂ ਆਟਾ ਹੀ ਦੇ ਦਿਓ। ਉਹ ਹਾਲਤ ਹੈ ਪੰਜਾਬ ਦੇ ਕਿਸਾਨ ਦੀ ਉਹ ਕਹਿੰਦਾ ਹੈ ਕਿ ਜੇ ਤੁਸੀਂ ਭਰੀ ਹੋਈ ਕੈਨ ਨਹੀਂ ਦਿੰਦੇ ਤਾਂ 5-10 ਲਿਟਰ ਹੀ ਦੇ ਦਿਓ ਨਾਲੇ ਹੱਥ ਜੋੜਦਾ ਹੈ। ਡਿਪਟੀ ਸਪੀਕਰ ਸਾਹਿਬ, ਉਸ ਦੇ ਤਰਲੇ ਸੁਣ ਕੇ ਰਹਿਮ ਨਹੀਂ ਆਇਆ ਸਗੋਂ ਗੋਲੀ ਨਾਲ ਉਸ ਨੂੰ ਸ਼ੂਟ ਕਰ ਦਿਤਾ। ਤੁਹਾਨੂੰ ਦੁੱਖ ਹੋਵੇਗਾ ਕਿ 20 ਤਾਰੀਖ ਵਾਲੇ ਦਿਨ ਜਗਰਾਉਂ ਵਿਚ ਇੱਕ ਪੱਛੜੀਆਂ ਸ਼੍ਰੇਣੀਆਂ ਦਾ ਬੰਦਾ ਡੀਜ਼ਲ ਲੈਣ ਲਈ ਪੈਟਰੋਲ ਪੰਪ ਤੇ ਗਿਆ। ਜਦੋਂ ਪਾਕਿਸਤਾਨ ਬਣਿਆ ਉਦੋਂ ਵੀ ਅਸੀਂ ਮਰੇ। ਜਦੋਂ ਹੋਰ ਕੋਈ ਗੱਲ ਬਣਦੀ ਹੈ ਉਦੋਂ ਵੀ ਸਾਨੂੰ ਮਾਰਿਆ ਜਾਂਦਾ ਹੈ। ਸਾਡੀ ਸ਼ਕਲ ਹੀ ਇਸ ਤਰ੍ਹਾਂ ਦੀ ਹੈ। ਸਾਡਾ ਰੰਗ ਇਨ੍ਹਾਂ ਨਾਲ ਮਿਲਦਾ ਨਹੀਂ। ਜਦੋਂ ਵੀ ਪੁਲਿਸ ਵਾਲਾ ਸਾਨੂੰ ਵੇਖ ਲੈਂਦਾ ਹੈ ਫਿਰ ਸਾਡੇ ਤੇ ਤਸ਼ੱਦਦ ਕਰਨ ਲੱਗ ਪੈਂਦਾ ਹੈ, ਗੁੱਸਾ ਚਾਹੇ ਉਸ ਨੂੰ ਕਿਸੇ ਹੋਰ ਚੀਜ਼ ਦਾ ਹੀ ਹੋਵੇ। ਇਕ ਪਿਆਰਾ ਸਿੰਘ, ਜਿਸ ਦੇ ਛੋਟੇ ਛੋਟੇ ਬੱਚੇ ਹਨ, ਉਸ ਨੂੰ ਜਗਰਾਉਂ ਵਿਚ ਗੋਲੀ ਨਾਲ ਮਾਰ ਦਿੱਤਾ ਗਿਆ। ਜੇ ਤੁਹਾਨੂੰ ਕੋਈ ਦਯਾ ਜਾਂ ਰਹਿਮ ਹੈ ਤਾਂ ਉਸ ਦੇ ਭੋਗ ਤੇ ਜਾ ਆਉਣਾ। ਉਸ ਦੇ ਬਜ਼ੁਰਗ ਮਾਂ ਬਾਪ ਅਤੇ ਬੱਚਿਆਂ ਨੂੰ ਰੋਂਦੇ ਵੇਖ ਕੇ ਝਲਿਆ ਨਹੀਂ ਜਾਂਦਾ। ਮੇਰਾ ਕਹਿਣ ਦਾ ਭਾਵ ਇਹ ਹੈ ਕਿ ਉਹ ਇਕ ਕਿਸਾਨ ਸੀ। ਉਹ ਕਹਿੰਦਾ ਸੀ ਕਿ ਮੈਨੂੰ ਤੇਲ ਦਿਓ। ਮੈਂ ਤੁਹਾਨੂੰ ਅਮਰੀਕਾ ਦੇ ਅੱਗੇ ਝੋਲੀ ਨਹੀਂ ਅੱਡਣ ਦਿਆਂਗਾ। ਉਹ ਕਹਿੰਦਾ ਸੀ ਕਿ ਮੈਨੂੰ ਤੇਲ ਦਿਓ ਮੈਂ ਤੁਹਾਨੂੰ ਰਸ਼ੀਆ ਦੇ ਹਵਾਈ ਜਹਾਜ਼ ਤੋਂ ਉਤਾਰ ਲਵਾਂਗਾ। ਉਸ ਦੇ ਅੱਗੇ ਕਣਕ ਲਈ ਹੱਥ ਨਹੀਂ ਅੱਡਣ ਦਿਆਂਗਾ। ਲੇਕਿਨ ਉਸ ਦੇ ਤਰਲਿਆਂ ਦਾ ਨਤੀਜਾ ਇਹ ਹੋਇਆ ਕਿ ਉਸ ਨੂੰ ਗੋਲੀ ਮਾਰ ਦਿੱਤੀ ਗਈ। ਉਸ ਨੂੰ ਸਾਹ ਨਹੀਂ ਆਉਣ ਦਿੱਤਾ। ਪਹਿਲੀ ਗੋਲੀ ਨਾਲ ਹੀ ਮਾਰ ਦਿੱਤਾ। ਸਰਕਾਰ ਦਾ ਗਰੀਬਾਂ ਨਾਲ ਇਹ ਰਵੱਈਆ ਹੈ। ਜੇ ਸਮਾਜਵਾਦ ਕੋਈ ਇਹੋ ਜਿਹੀ ਚੀਜ਼ ਹੈ ਫਿਰ ਕੋਈ ਹਾਲ ਨਹੀਂ ਰਹਿਣਾ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਿਹੜਾ ਪੰਜਾਬ ਦਾ ਕਿਸਾਨ ਹੈ ਉਸ ਨੂੰ ਤੇਲ ਦਿਓ। ਉਸ ਨੂੰ ਤੇਲ ਨਹੀਂ ਮਿਲ ਰਿਹਾ ਅਤੇ ਬਿਜਲੀ ਨਹੀਂ ਮਿਲ ਰਹੀ। ਮੈਂ ਕਲ੍ਹ ਸਰਦਾਰ ਗੁਰਦੇਵ ਸਿੰਘ ਸਿੱਧੂ ਦੇ ਕਮਰੇ ਵਿਚ ਚਲਾ ਗਿਆ। ਉਸ ਦੇ ਬੱਚੇ ਆਏ ਹੋਏ ਸਨ ਮੈਂ ਜਦੋਂ ਮੁੜਨ ਲੱਗਾ ਤਾਂ ਉਸ ਨੇ ਮੈਨੂੰ ਬੁਲਾ ਲਿਆ। ਉਸ ਦੇ ਛੋਟੇ ਜਿਹੇ ਕਾਕੇ ਨੂੰ ਮੈਂ ਨੇੜੇ ਸੱਦ ਕੇ ਆਪਣੀ ਬੁਕਲ ਵਿਚ ਲੈ ਲਿਆ ਅਤੇ ਅਸੀਂ ਗੱਲਾਂ ਕਰਨ ਲਗ ਪਏ ਕਿ ਕਣਕ ਦਾ ਕੀ ਹਾਲ ਹੋਵੇਗਾ। ਜਦੋਂ ਕਿ ਕਿਸਾਨ ਨੂੰ ਬਿਜਲੀ ਨਹੀਂ ਮਿਲ ਰਹੀ ਤਾਂ ਕਣਕਾਂ ਪਕਣੀਆਂ ਕਿਸ ਤਰ੍ਹਾਂ। ਉਹ ਕਹਿਣ ਲਗਾ ਕਿ ਤਾਇਆ ਜੀ ਇਸ ਵਾਰੀ ਕਣਕ ਇੱਕ ਮਹੀਨਾ ਪਹਿਲਾਂ ਹੀ ਪੱਕ ਜਾਵੇਗੀ ਮੈਂ ਕਿਹਾ ਕਿ ਤੂੰ ਛੋਟਾ ਜਿਹਾ ਹੈ, ਕੀ ਤੂੰ ਕੋਈ ਜੋਤਸ਼ੀ ਹੈਂ। ਕਣਕ ਕਿਸ ਤਰ੍ਹਾਂ ਪੱਕੇਗੀ। ਉਸ ਨੇ ਕਿਹਾ ਕਿ ਕਣਕ ਇਸ ਵਾਰੀ ਕਾਂਗਰਸੀਆਂ ਦੇ ਹਉਕਿਆਂ ਨਾਲ ਪੱਕ ਜਾਵੇਗੀ। ਡਿਪਟੀ ਸਪੀਕਰ ਸਾਹਿਬ ਮੇਰੇ

[ਸਰਦਾਰ ਗੁਰਦੇਵ ਸਿੰਘ ਬਾਦਲ]

ਕਹਿਣ ਦਾ ਭਾਵ ਇਹ ਹੈ ਕਿ ਜਿਹੜਾ ਪੰਜਾਬ ਦਾ ਅੰਨ ਦਾਤਾ ਹੈ, ਅਤੇ ਸਾਰੇ ਹਿੰਦੁਸਤਾਨ ਨੂੰ ਅਨਾਜ ਦਿੰਦਾ ਹੈ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਸ ਦੀ ਤੇਲ ਦੀ ਘਾਟ ਨੂੰ ਪੂਰਾ ਕਰਨ ਲਈ ਕੋਈ ਨਾ ਕੋਈ ਉਪਰਾਲਾ ਕਰੇ। ਪਿਛਲੇ ਸਾਲ ਕਿਸਾਨਾਂ ਦੀਆਂ ਪਿੜ੍ਹਾਂ ਵਿਚ ਪਈਆਂ ਕਣਕਾਂ ਨਿਸਰ ਗਈਆਂ ਅਤੇ ਲੱਖਾਂ ਟਨ ਕਣਕ ਬਰਬਾਦ ਹੋ ਗਈ। ਹੁਣ ਉਹੀ ਹਾਲ ਫਿਰ ਹੋ ਰਿਹਾ ਹੈ। ਪਹਿਲਾਂ ਕਣਕਾਂ ਪੱਕ ਤਾਂ ਗਈਆਂ ਸਨ। ਹੁਣ ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਜਦੋਂ ਕਣਕ ਦੀ ਕਟਾਈ ਹੋਵੇਗੀ ਤਾਂ ਉਦੋਂ ਬੜੀ ਮੁਸ਼ਕਲ ਪੇਸ਼ ਆਵੇਗੀ। ਮੈਂ ਕਿਸਾਨ ਭਰਾ ਦੀ ਗੱਲ ਕਰ ਰਿਹਾ ਸੀ। ਜੇ ਕੋਈ ਮੂੰਗਫਲੀ ਦੀ ਰੇੜ੍ਹੀ ਲਾਉਂਦਾ ਹੈ ਤਾਂ ਉਹ ਕਹਿੰਦਾ ਹੈ ਕਿ ਮੈਂ ਇੱਕ ਰੁਪਏ ਪਾਈਆ ਮੂੰਗ-ਫਲੀ ਦਿਆਂਗਾ। ਕਪੜੇ ਵਾਲਾ ਕਹਿੰਦਾ ਹੈ ਕਿ ਮੈਂ ਪੰਜ ਰੁਪਏ ਜਾਂ ਅੱਠ ਰੁਪਏ ਮੀਟਰ ਕਪੜਾ ਦਿਆਂਗਾ। ਗੁੜ ਵਾਲਾ ਕਹਿੰਦਾ ਹੈ ਕਿ ਮੈਂ ਢਾਈ ਰੁਪਏ ਕਿਲੋ ਗੁੜ ਦਿਆਂਗਾ ਅਤੇ ਚਾਹ ਵਾਲਾ ਕਹਿੰਦਾ ਹੈ ਕਿ ਮੈਂ ਅੱਠ ਰੁਪਏ ਦਾ ਡੱਬਾ ਚਾਹ ਦਾ ਦਿਆਂਗਾ। ਪਰ ਬਦਕਿਸਮਤੀ ਹੈ ਵਿਚਾਰੇ ਕਿਸਾਨ ਦੀ ਜਿਹੜਾ ਛੇ ਮਹੀਨੇ ਮਿਹਨਤ ਕਰਦਾ ਹੈ ਅਤੇ ਸੱਪਾਂ ਦੀਆਂ ਸਿਰੀਆਂ ਇਹ ਮਿੱਧਦਾ ਹੈ, ਕਾਲੀਆਂ ਰਾਤਾਂ ਇਹ ਜਾਗਦਾ ਹੈ ਅਤੇ ਜਦੋਂ ਕਣਕ ਪੱਕ ਜਾਂਦੀ ਹੈ ਤਾਂ ਇਸ ਦਾ ਭਾਅ ਦਿਲੀ ਵਿਚ ਮੁਕੱਰਰ ਹੁੰਦਾ ਹੈ। ਇਹ ਕਿਤਨੀ ਬੇਇਨ-ਸਾਫੀ ਹੈ। ਕਮਾਉਂਦਾ ਕੋਈ ਹੈ ਅਤੇ ਖਾਂਦਾ ਕੋਈ ਹੈ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਜੇ ਗਰੀਬਾਂ ਨਾਲ ਹਮਦਰਦੀ ਹੈ ਤਾਂ ਕਣਕ ਦਾ ਠੀਕ ਭਾਅ ਇਨ੍ਹਾਂ ਨੂੰ ਦਿਵਾਓ। ਇਹ ਸਰਕਾਰ ਕਹਿੰਦੀ ਹੈ ਕਿ ਕਣਕ ਦਾ ਭਾਅ ਤਾਂ ਨਹੀਂ ਮਹਿੰਗਾ ਕਰਦੇ ਕਿਉਂਕਿ ਗਰੀਬ ਫਿਰ ਰੋਟੀ ਕਿਥੋਂ ਖਾਣਗੇ। ਮੈਂ ਦਸਦਾ ਹਾਂ ਕਿ ਗਰੀਬ ਨੂੰ ਰੋਟੀ ਕਿਵੇਂ ਦੇਣੀ ਚਾਹੀਦੀ ਹੈ। ਹਿੰਦੁਸਤਾਨ ਦੀ ਸਰਕਾਰ ਸਾਡੀ ਸਰਕਾਰ ਕੋਲੋਂ ਕਣਕ ਖਰੀਦਦੀ ਹੈ ਅਤੇ ਉਹ ਕਸ਼ਮੀਰ ਵਿਚ ਬੈਠੇ ਮੁਸਲਮਾਨਾਂ ਨੂੰ ਸਸਤੇ ਭਾਅ ਤੇ ਦਿੰਦੀ ਹੈ। ਡਿਪਟੀ ਸਪੀਕਰ ਸਾਹਿਬ, ਤੁਸੀਂ ਹੈਰਾਨ ਹੋਵੋਗੇ ਇਹ ਸੁਣ ਕੇ ਕਿ ਉਥੇ ਚੀਜ਼ਾਂ ਕਿਤਨੀਆਂ ਸਸਤੀਆਂ ਮਿਲਦੀਆਂ ਹਨ। ਸਰਦਾਰ ਗੁਰਦਰਸ਼ਨ ਸਿੰਘ, ਚੇਅਰਮੈਨ, ਐਸਟੀਮੇਟਸ ਕਮੇਟੀ ਅਤੇ ਅਸੀਂ ਸੱਤ ਅੱਠ ਦਿਨ ਉਥੇ ਲਾ ਕੇ ਪਿਛਲੇ ਸਾਲ ਆਏ ਸੀ। ਅਸੀਂ ਜਾ ਕੇ ਵੇਖਿਆ ਕਿ ਕਸ਼ਮੀਰ ਦੇ ਲੋਕ ਤਾਂ ਬੜੇ ਮਜ਼ੇ ਨਾਲ ਰਹਿ ਰਹੇ ਹਨ। ਸਾਡੇ ਤਾਂ ਇਥੇ ਕਣਕ 150 ਰੁਪਏ ਕੁਇੰਟਲ ਤੇ ਮਿਲਦੀ ਹੈ ਪਰ ਕਸ਼ਮੀਰ ਜਿਥੇ ਕਿ ਕਣਕ ਸਾਡੇ ਕੋਲੋਂ ਲੈ ਕੇ ਭੇਜੀ ਜਾਂਦੀ ਹੈ, ਸਰਕਾਰ ਰਸਤੇ ਦਾ ਸਾਰਾ ਖਰਚਾ ਭਰ ਕੇ ਟਰੱਕਾਂ ਜਾਂ ਹੋਰ ਜਿਸ ਢੰਗ ਨਾਲ ਉਹ ਕਣਕ ਲੈ ਜਾਂਦੇ ਹਨ ਅਤੇ ਆਟਾ ਪੀਹ ਕੇ 20 ਰੁਪਏ ਕੁਇੰਟਲ ਦਿੰਦੀ ਹੈ। ਇਥੇ ਤਾਂ ਘੀ, ਸਾਨੂੰ 16 ਰੁਪਏ ਕਿਲੋ ਨਹੀਂ ਮਿਲਦਾ ਪਰ ਉਥੇ ਇਹ ਦੋ ਰੁਪਏ ਕਿਲੋ ਹੈ। ਡਾਲਡਾ ਘਿਓ ਤਾਂ ਉਹ ਖਾਂਦੇ ਹੀ ਨਹੀਂ। ਇਸ ਨੂੰ ਕੋਈ ਪੁੱਛਦਾ ਹੀ ਨਹੀਂ। ਉਥੇ ਦਾ ਦੇਸੀ ਘੀ ਅਤੇ ਰਾਜ ਮਾਂਹ ਬਾਹਰਲਿਆਂ ਸੂਬਿਆਂ ਨੂੰ ਨਹੀਂ ਜਾ ਸਕਦਾ। ਇਹ ਇਸ ਕਰ ਕੇ ਉਨ੍ਹਾਂ ਦੀ ਰਿਆਇਤ ਕਰਦੇ ਹਨ ਤਾਂ ਕਿ ਉਹ ਪਾਕਿਸਤਾਨ ਦੇ ਹੱਕ ਵਿਚ ਨਾ ਬੋਲਣ। ਸਾਡੇ ਪੰਜਾਬ ਵਿਚ ਵਸਣ ਵਾਲਾ ਹਰੀਜਨ, ਜਿਹੜਾ ਕਿ ਮਰਦਾ, ਗਲਦਾ ਅਤੇ ਸੜਦਾ ਇਥੇ ਹੈ ਉਸ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ। ਅਸੀਂ ਕਹਿੰਦੇ ਹਾਂ ਕਿ ਪਾਕਿਸਤਾਨ ਦੇ ਛੱਕੇ ਛੁੜਾ ਦਿਆਂਗੇ। ਪਾਕਿਸਤਾਨ ਦਾ ਨੱਕ ਭੰਨ ਦਿਆਂਗੇ। ਅਸੀਂ ਕਹਿੰਦੇ ਹਾਂ ਕਿ ਹਰੀਜਨਾਂ ਨੂੰ ਰੱਜ ਕੇ ਰੋਟੀ ਦਿਓ। ਜਿਹੜਾ ਕਸ਼ਮੀਰ ਵਿਚ 20 ਰੁਪਏ ਕੁਇੰਟਲ ਕਣਕ ਦਿੰਦੇ ਹੋ ਉਹ ਆਟਾ ਹਰੀਜਨਾਂ ਨੂੰ ਦਿਓ। ਜੇ ਪਾਕਿਸਤਾਨ ਮੈਲੀ ਅੱਖ ਕਰਕੇ ਵੇਖੇਗਾ ਅੱਖ ਕੱਢ ਦਿਆਂਗੇ। ਜੇ ਉਂਗਲ ਕਰੇਗਾ ਤਾਂ ਉਹ ਦੀ ਬਾਂਹ ਵੱਢ ਦਿਆਂਗੇ। ਜੇ ਅਮਰੀਕਾ ਦੇ ਪੈਟਨ ਟੈਂਕ ਲੈ ਕੇ ਆਵੇਗਾ ਤਾਂ ਭੁਕਾਨਿਆਂ ਵਾਂਗ ਤੋੜ ਦਿਆਂਗੇ।

ਸ਼੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਸਰਦਾਰ ਗੁਰਦੇਵ ਸਿੰਘ ਬਾਦਲ ਨੇ ਕਿਹਾ ਹੈ ਕਿ ਅਸੀਂ ਪਾਕਿਸਤਾਨ ਦੇ ਛੱਕੇ ਛੁੜਾ ਦਿਆਂਗੇ। ਡਾਕਟਰ ਜਗਜੀਤ ਸਿੰਘ ਜਿਹੜਾ ਪਾ-ਕਿਸਤਾਨ ਰੇਡੀਓ ਤੋਂ ਬੋਲਦਾ ਹੈ ਕੀ ਉਹ ਉਨ੍ਹਾਂ ਦੇ ਛੱਕੇ ਛੁੜਾਣ ਲਈ ਹੀ ਇਨ੍ਹਾਂ ਨੇ ਭੇਜਿਆ ਹੈ?

ਸਰਦਾਰ ਗੁਰਦੇਵ ਸਿੰਘ ਬਾਦਲ : ਮੈਨੂੰ ਇਹ ਜਾਣ ਬੁਝ ਕੇ ਨਾ ਛੇੜਨ । ਮੇਰੇ ਕੋਲ ਮਸਾਲਾ ਬਹੁਤ ਹੈ । ਮੈਂ ਕਹਿੰਦਾ ਹਾਂ ਕਿ ਪਾਕਿਸਤਾਨ ਦੀਆਂ ਅਸੀਂ ਧੱਜੀਆਂ ਉੜਾ ਦਿਆਂਗੇ । ਇਨ੍ਹਾਂ ਦੀ ਸਰਕਾਰ ਇਥੇ ਰਹੀ ਹੈ । ਕਿਤਨੀ ਜ਼ਿੰਮੇਵਾਰੀ ਨਾਲ ਕੰਮ ਇਨ੍ਹਾਂ ਨੇ ਕੀਤਾ ਹੈ । 65 ਦੀ ਲੜਾਈ ਵੇਲੇ . . .

ਸ੍ਰੀ ਡਿਪਟੀ ਸਪੀਕਰ : ਤੁਸੀਂ ਰੈਜ਼ੋਲਿਊਸ਼ਨ ਦੇ ਬਾਰੇ ਬੋਲੋ। (Please speak on the resolution.)

ਸਰਦਾਰ ਗੁਰਦੇਵ ਸਿੰਘ ਬਾਦਲ : ਮੇਰੇ ਕਹਿਣ ਦਾ ਭਾਵ ਇਹ ਹੈ ਕਿ ਇਹ ਕਾਂਗਰਸ ਪਾਰਟੀ ਦੀ ਸਰਕਾਰ ਸੀ, ਯਾਨੀ 1965 ਵਾਲੀ ਜਿਹੜੀ ਸਰਕਾਰ ਸੀ । ਉਸ ਵੇਲੇ 1965 ਦੀ ਲੜਾਈ ਵਿਚ ਲੋਕਾਂ ਨੇ ਆਪਣੇ ਪੁੱਤ ਦਾਨ ਕੀਤੇ ਸੀ। ਸਾਡੀਆਂ ਧੀਆਂ ਭੈਣਾਂ ਨੇ ਆਪਣੇ ਜ਼ੇਵਰ ਵੇਚ ਦਿੱਤੇ ਅਤੇ ਉਨ੍ਹਾਂ ਬਹਾਦਰਾਂ ਦੀ ਖਾਤਰ ਜੋ ਕਿ ਮੋਰਚੇ ਤੇ ਲੜ ਰਹੇ ਸਨ ਬੋਰੀਆਂ ਤੱਕ ਸਿਰ ਤੇ ਚੁੱਕੀਆਂ ਅਤੇ ਉਨ੍ਹਾਂ ਬਹਾਦਰਾਂ ਦੀ ਸਹਾਇਤਾ ਕੀਤੀ । ਪਰ ਉਸ ਵੇਲੇ ਸਾਡੇ ਪੰਜਾਬ ਦੇ ਵਜ਼ੀਰ ਬਾਰਡਰ ਤੇ ਵੇਖਣ ਲਈ ਜਾਂਦੇ ਸੀ । ਡਿਪਟੀ ਸਪੀਕਰ ਸਾਹਿਬ ਤੁਸੀਂ ਹੈਰਾਨ ਹੋਵੋਗੇ ਕਿ ਪੰਜਾਬ ਦੇ ਮੁੱਖ ਮੰਤਰੀ ਅਤੇ ਹੋਰ ਮੰਤਰੀਆਂ ਨੇ ਪਾਕਿਸਤਾਨ ਦੀ ਜੰਗ ਦੇ ਵੇਲੇ ਦੇ ਕਿੰਨੇ ਟੀ. ਏ. ਬਣਾਏ । ਡਿਪਟੀ ਸਪੀਕਰ ਸਾਹਿਬ ** ** ** ** (ਵਿਘਨ).

Mr. Deputy Speaker : It should not form part of the proceedings. Badal Sahib please be relevant.

ਸਰਦਾਰ ਗੁਰਦੇਵ ਸਿੰਘ ਬਾਦਲ : ਚੰਗਾ, ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਰੈਲੇਵੈਂਟ ਹੀ ਬੋਲ ਰਿਹਾ ਹਾਂ। 1965 ਦੀ ਪਾਕਿਸਤਾਨ ਦੀ ਲੜਾਈ ਦੇ ਵਿਚ ਸਾਡੇ ਦੇਸ਼ ਦੇ ਬਹਾਦਰਾਂ ਨੇ ਉਨ੍ਹਾਂ ਦੇ ਪੈਟਨ ਟੈਂਕ ਇਸ ਤਰ੍ਹਾਂ ਭੰਨੇ ਜਿਸ ਤਰ੍ਹਾਂ ਕਿ ਭੁਕਾਨੇ ਭੰਨੀਦੇ ਨੇ। ਪਰ ਡਿਪਟੀ ਸਪੀਕਰ ਸਾਹਿਬ ਸਾਡੇ ਪੰਜਾਬ ਦੇ ਵਜ਼ੀਰ ਉਸ ਵੇਲੇ ਆਪਣੇ ** ** ** ਨੂੰ ਲਗੇ ਹੋਏ ਸੀ (ਸ਼ੋਰ) ਵਿਘਨ ।

ਸ੍ਰੀ ਡਿਪਟੀ ਸਪੀਕਰ : ** ** ** ਦਾ ਲਫਜ਼ ਕੱਟ ਦਿਓ ਇਹ ਪਰੋਸੀਡਿੰਗਜ਼ ਦਾ ਪਾਰਟ ਨਹੀਂ ਬਣਨਾ ਚਾਹੀਦਾ (ਸ਼ੋਰ). (The word ** ** should be expunged. It should not form part of the proceedings) (Noise)

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ ਇਨ੍ਹਾਂ ਦੀ ਹਮਦਰਦੀ ਵੇਖੋ ** *

ਸ੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ, ਤੁਸੀਂ ਰੈਲੇਵੈਂਟ ਬੋਲੋ। (Badal Sahib, please be relevant.)

Sardar Ajaib Singh Sandhu : Under which rule, is it not relevant ? It has every relevancy.

Mr. Deputy Speaker : Under Rule 93, the matter of every speech shall be strictly relevant to the matter before the Assembly.

Sardar Ajaib Singh Sandhu : It is definitely relevant.

**Expunged as orderded by the Chair.

Mr. Deputy Speaker : Not at all. It should not form part of the proceedings.

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਿ ਰਿਹਾ ਸੀ ਕਿ ਇਹ ਵਜ਼ੀਰ ਉਨ੍ਹਾਂ ਦਿਨਾਂ ਵਿਚ ਪੰਜਾਬ ਦੇ ਖਜ਼ਾਨੇ ਵਿਚੋਂ ਖਰਚ ਕਰ ਕੇ ਬਾਰਡਰ ਤੇ ਜਾਂਦੇ ਰਹੇ। (ਸ਼ੋਰ) ਵਿਘਨ .....

Mr. Deputy Speaker: Order please.

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨਾਂ ਰੁਪਿਆ ਇਨ੍ਹਾਂ ਨੇ ਬਾਰਡਰ ਤੇ ਚੱਕਰ ਕੱਟਣ ਤੇ ਖਰਚ ਕੀਤਾ ਜੇ ਐਨਾ ਰੁਪਿਆ ਹਰੀਜਨਾਂ ਦੀ ਭਲਾਈ ਤੇ ਲਾਇਆ ਜਾਂਦਾ ਤਾਂ ਹਰੀਜਨਾਂ ਦਾ ਕਾਫੀ ਭਲਾ ਹੋ ਸਕਦਾ ਸੀ। ਇਸ ਪੈਸੇ ਨਾਲ ਹਰੀਜਨਾਂ ਨੂੰ ਕਪੜਾ ਮਿਲ ਸਕਦਾ ਸੀ ਰਿਹਾਇਸ਼ ਵਾਸਤੇ ਜਗ੍ਹਾ ਮਿਲ ਸਕਦੀ ਸੀ, ਜਿਸ ਨਾਲ ਹਰੀਜਨਾਂ ਦੀ ਤਰੱਕੀ ਹੋ ਸਕਦੀ ਸੀ ।

ਸ੍ਰੀ ਡਿਪਟੀ ਸਪੀਕਰ : ਬਾਦਲ ਸਾਹਿਬ ਤੁਸੀਂ ਕਾਫੀ ਦੇਰ ਬੋਲ ਚੁਕੇ ਹੋ। ਹੁਣ ਤੁਸੀਂ ਰੈਲੇਵੈਂਟ ਨਹੀਂ ਬੋਲ ਰਹੇ । ਜੇ ਕੁਝ ਰੈਲੇਵੈਂਟ ਹੈ ਤਾਂ ਬੋਲੋ ਨਹੀਂ ਤਾਂ ਤਸ਼ਰੀਫ ਰਖੋ। ((Badal Sahib, you have already taken enough time. Now you are not being relevant. If you want to say something relevant you can do so, otherwise please resume your. seat.)

ਸਰਦਾਰ ਗੁਰਦੇਵ ਸਿੰਘ ਬਾਦਲ : ਚੰਗਾ ਜੀ ਮੈਂ ਰੈਲੇਵੈਂਟ ਬੋਲਾਂਗਾ। ਡਿਪਟੀ ਸਪੀਕਰ ਸਾਹਿਬ, ਮੈਂ ਅਪੀਲ ਕਰਦਾ ਹਾਂ ਕਿ ਇਹ ਸਰਕਾਰ ਗਰੀਬੀ ਨੂੰ ਹਟਾਉਣ ਵਾਸਤੇ 26 ਸਾਲ ਤੋਂ ਨਾਹਰਾ ਲਾ ਰਹੀ ਹੈ ਪਰ ਸਾਡੇ ਦੇਸ਼ ਵਿਚ ਅੱਜ ਵੀ ਲੋਕ ਭੁੱਖ ਨਾਲ ਤੜਪ ਰਹੇ ਹਨ, ਇਸ ਸਰਕਾਰ ਨੇ ਹਰੀਜਨਾਂ ਦੀ ਭਲਾਈ ਵਾਸਤੇ ਕੋਈ ਧਿਆਨ ਨਹੀਂ ਦਿੱਤਾ । ਇਸ ਕੰਮ ਵਾਸਤੇ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਨੇ ਵੀ ਮੁੱਖ ਮੰਤਰੀਆਂ ਨੂੰ ਇਕ ਵਾਰ ਆਖਿਆ ਸੀ ਕਿ ਹਰੀਜਨਾਂ ਦੀ ਭਲਾਈ ਵਾਸਤੇ ਕੰਮ ਕਰੋ ਅਤੇ ਹਰੀਜਨਾਂ ਦਾ ਜ਼ਿਆਦਾ ਖਿਆਲ ਕਰੋ। ਇਨ੍ਹਾਂ ਵਾਸਤੇ ਇਕ ਵਖਰਾ ਮਹਿਕਮਾ ਬਣਾ ਦਿਓ ਜਿਹੜਾ ਕਿ ਹਰੀਜਨਾਂ ਦੀਆਂ ਤਕਲੀਫਾਂ ਨੂੰ ਦੂਰ ਕਰੇ ਪਰ ਸਾਡੇ ਮੁੱਖ ਮੰਤਰੀ ਸਾਹਿਬ ਨੇ ਪ੍ਰਧਾਨ ਮੰਤਰੀ ਦੇ ਕਹਿਣ ਤੇ ਵੀ ਉਸ ਤੇ ਕੋਈ ਅਮਲ ਨਾ ਕੀਤਾ ਅਤੇ ਹਰੀਜਨਾਂ ਦੀ ਭਲਾਈ ਵਲ ਧਿਆਨ ਨਾ ਦਿੱਤਾ। (ਸ਼ੋਰ)

ਡਿਪਟੀ ਸਪੀਕਰ ਸਾਹਿਬ, ਸਾਡੇ ਹਿੰਦੁਸਤਾਨ ਵਿਚ 33 ਲੱਖ 28 ਹਜ਼ਾਰ ਹਰੀਜਨ ਵਸਦੇ ਹਨ ਜਿਨ੍ਹਾਂ ਦੀਆਂ ਤਕਲੀਫਾਂ ਨੂੰ ਦੂਰ ਕਰਨ ਵਾਸਤੇ ਸਾਡੇ ਦੇਸ਼ ਦੀ ਪ੍ਰਧਾਨ ਮੰਤਰੀ ਮੁੱਖ ਮੰਤਰੀਆਂ ਨੂੰ ਵੀ ਕਹਿ ਚੁੱਕੀ ਹੈ। ਪਰ ਸਾਡੇ ਵਜ਼ੀਰਾਂ ਦਾ ਇਸ ਪਾਸੇ ਬਿਲਕੁਲ ਖਿਆਲ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਹਰੀਜਨਾਂ ਵਿਚ ਗਰੀਬੀ ਇਤਨੀ ਵਧ ਗਈ ਹੈ ਕਿ ਮੈਂ ਹਾਊਸ ਵਿਚ ਗਰੀਬੀ ਦੀ ਹਾਲਤ ਦਸਦਾ ਹਾਂ। ਡਿਪਟੀ ਸਪੀਕਰ ਸਾਹਿਬ, ਪੰਜਾਬ ਵਿਚ ਪਸ਼ੂਆਂ ਦੇ ਮੇਲੇ ਤਾਂ ਕਈ ਜਗ੍ਹਾ ਤੇ ਲਗਦੇ ਹਨ। ਮੁਕਤਸਰ ਵਿਚ ਮਾਘੀ ਦੇ ਮੇਲੇ ਤੇ ਵੀ ਕਾਫੀ ਭੀੜ ਲਗਦੀ ਹੈ ਪਰ ਫਰੀਦਕੋਟ ਵਿਚ, ਡਿਪਟੀ ਸਪੀਕਰ ਸਾਹਿਬ, ਤੁਸੀਂ ਸੁਣ ਕੇ ਹੈਰਾਨ ਹੋਵੋਗੇ ਕਿ ਹੁੱਕੀ ਚੌਂਕ ਵਿਚ ** ** ਲਗਦੀ ਹੈ । ਉਹ ਇਥੇ ਮਜ਼ਦੂਰੀ ਵਾਸਤੇ ਆਉਂਦੇ ਹਨ ਆਪਣੇ ਸਿਰ ਤੇ ਟੋਕਰੀ ਚੁਕਣ ਵਾਸਤੇ ਆਉਂਦੇ ਹਨ ਅਤੇ ਕਿਸੇ ਵੀ ਤਰ੍ਹਾਂ ਦੀ ਮਜ਼ਦੂਰੀ ਕਰਨ ਵਾਸਤੇ ਉਹ ਤਿਆਰ ਰਹਿੰਦੇ ਹਨ। ਡਿਪਟੀ ਸਪੀਕਰ ਸਾਹਿਬ ਉਨ੍ਹਾਂ ਵਾਸਤੇ

**Expunged as ordered by the Chair.

ਕੰਮ ਨਹੀਂ, ਮਜ਼ਦੂਰੀ ਨਹੀਂ, ਉਹ ਭੁੱਖੇ ਮਰਦੇ ਹਨ ਅਤੇ ਭੁੱਖੇ ਮਰਦੇ ਹਰੀਜਨ ਹੁੱਕੀ ਚੌਂਕ ਵਿਚ * * ** ** ਲਾਉਂਦੇ ਹਨ ਜਿਸ ਤਰ੍ਹਾਂ ਕਿ ਪਸ਼ੂਆਂ ਦੀ ਮੰਡੀ ਲਗਦੀ ਹੈ। *

ਸ੍ਰੀ ਡਿਪਟੀ ਸਪੀਕਰ : ** ** ** ਲਫਜ਼ ਸ਼ਾਨ ਦੇ ਖਿਲਾਫ ਹੈ ਇਹ ਪਰੋਸੀਡਿੰਗਜ਼ ਦਾ ਪਾਰਟ ਨਹੀਂ ਬਣਨਾ ਚਾਹੀਦਾ। (The words ** ** are derogatory. These should not form part of the proceedings.)

ਸਰਦਾਰ ਜਸਵਿੰਦਰ ਸਿੰਘ ਬਰਾੜ : ** ** **

(ਇਸ ਵੇਲੇ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ)

ਸ੍ਰੀ ਡਿਪਟੀ ਸਪੀਕਰ : ਇਹ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order.)

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਹਰੀਜਨਾਂ ਦਾ ਭਲਾ ਹੋਣਾ ਚਾਹੀਦਾ ਹੈ ਉਨ੍ਹਾਂ ਵਿਚ ਗਰੀਬੀ ਦੂਰ ਹੋਣੀ ਚਾਹੀਦੀ ਹੈ। ਸਾਡੇ ਪੰਜਾਬ ਵਿਚ ਹਰੀਜਨਾਂ ਦੀ ਗਿਣਤੀ 29 ਹਜ਼ਾਰ ਹੈ ਮੈਂ ਸਰਕਾਰ ਨੂੰ ਕਹਾਂਗਾ ਕਿ ਉਨ੍ਹਾਂ ਵਾਸਤੇ ਕੋਈ ਇੰਡਸਟਰੀ ਜਾਂ ਕਾਰਖਾਨਾ ਲਾਇਆ ਜਾਵੇ ਜਿਸ ਵਿਚ ਕਿ ਹਰੀਜਨ ਮੈਨੇਜਰ ਹੋਵੇ, ਸਾਰੇ ਹਰੀਜਨ ਹੀ ਕੰਮ ਕਰਨ ਉਸ ਕਾਰਖਾਨੇ ਦਾ ਕਾਰੋਬਾਰ ਸਾਰਾ ਹਰੀਜਨ ਹੀ ਕਰਨ ਤਾਂ ਹੀ ਕਿਸੇ ਤਰੀਕੇ ਨਾਲ ਹਰੀਜਨਾਂ ਦਾ ਭਲਾ ਹੋ ਸਕਦਾ ਹੈ। ਅੰਤ ਵਿਚ, ਡਿਪਟੀ ਸਪੀਕਰ ਸਾਹਿਬ, ਮੇਰੀ ਸਰਕਾਰ ਅੱਗੇ ਅਪੀਲ ਹੈ ਕਿ ਉਹ ਹਰੀਜਨਾਂ ਦਾ ਪੂਰਾ ਖਿਆਲ ਕਰੇ ਤਾਂ ਹੀ ਹਰੀਜਨਾਂ ਦਾ ਭਲਾ ਹੋ ਸਕਦਾ ਹੈ। ਇਤਨਾ ਕਹਿ ਕੇ ਮੈਂ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ ਅਤੇ ਆਪਣੀ ਸੀਟ ਲੈਂਦਾ ਹਾਂ।

ਸ੍ਰੀ ਪ੍ਰੇਮ ਗੁਪਤਾ (ਪਟਿਆਲਾ) : ਡਿਪਟੀ ਸਪੀਕਰ ਸਾਹਿਬ, ਹਾਊਸ ਦੇ ਸਾਹਮਣੇ ਜਿਹੜਾ ਮਤਾ ਸਰਦਾਰ ਗੁਰਦੇਵ ਸਿੰਘ ਬਾਦਲ ਨੇ ਲਿਆਂਦਾ ਹੈ ਮੈਂ ਉਸ ਦੇ ਬਾਰੇ ਬੋਲਣ ਵਾਸਤੇ ਖੜਾ ਹੋਇਆ ਹਾਂ। (ਵਿਘਨ)

ਡਿਪਟੀ ਸਪੀਕਰ ਸਾਹਿਬ, ਜਿਥੋਂ ਤਕ ਇਸ ਮਤੇ ਦਾ ਮਕਸਦ ਹੈ ਇਹ ਬੜਾ ਹੀ ਲਿਮਿਟਿਡ ਰਖਿਆ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਹੁਣ ਤਾਂ ਬੜਾ ਵਾਈਡ ਹੋ ਗਿਆ ਹੈ।

ਸ੍ਰੀ ਪ੍ਰੇਮ ਗੁਪਤਾ : ਨਹੀਂ, ਵਾਈਡ ਨਹੀਂ ਹੋਇਆ, ਸੰਧੂ ਸਾਹਿਬ।

Mr. Deputy Speaker : No passing remarks. Please address the Chair.

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਮੈਂ ਇਸ ਬਿੱਲ ਦੇ ਬਾਰੇ ਦੋ ਤਿੰਨ ਗੱਲਾਂ ਕਹਿਣੀਆਂ ਹਨ। ਪਹਿਲਾਂ ਤਾਂ ਇਹ ਕਿ ਸਰਕਾਰ ਨੂੰ ਹਰੀਜਨਾਂ ਦੀ ਭਲਾਈ ਲਈ ਕਦਮ ਚੁੱਕਣੇ ਚਾਹੀਦੇ ਹਨ। ਕਿਉਂ ਚੁਕਣੇ ਚਾਹੀਦੇ ਹਨ ਪਹਿਲਾਂ ਇਸ ਪਾਸੇ ਅਸੀਂ ਖਿਆਲ ਕਰੀਏ। ਸਾਡੇ ਬਜ਼ੁਰਗਾਂ ਨੇ ਜਾਂ ਉਨ੍ਹਾਂ ਤੋਂ ਪਹਿਲਾਂ ਸਮਾਜ ਵਿਚ ਕੁਝ ਗਲਤੀਆਂ ਕੀਤੀਆਂ। ਜਿਨ੍ਹਾਂ ਦਾ ਹੁਣ ਪਛਤਾਵਾ ਤਾਂ ਨਹੀਂ ਹੋ ਸਕਦਾ ਜਿਤਨਾ ਮਰਜ਼ੀ ਹੈ ਅਸੀਂ ਆਪਣੇ ਆਪ ਨੂੰ ਸੁਧਾਰ ਲਈਏ। ਜਿਹੜੀ ਉਸ ਵੇਲੇ ਦੀ ਗ਼ਲਤੀ ਹੋਈ ਹੋਈ ਹੈ, ਉਹ ਸੱਦੀਆਂ ਤੱਕ ਠੀਕ ਨਹੀਂ ਹੋ ਸਕਦੀ। ਉਹ ਸਮਾਜ ਦਾ ਵਰਗ ਜਿਹੜਾ ਕਿ ਪਿੱਛੇ ਰਹਿ ਗਿਆ ਹੈ, ਇਕਨਾਮੀਕਲੀ, ਸੋਸ਼ਲੀ ਜਾਂ ਪੁਲੀਟੀਕਲੀ, ਸਾਡੇ ਬਜ਼ੁਰਗਾਂ

**Expunged as ordered by the Chair.

[ਸ੍ਰੀ ਪ੍ਰੇਮ ਗੁਪਤਾ]

ਦੀਆਂ ਗ਼ਲਤੀਆਂ ਦੇ ਕਾਰਨ ਹੈ ਔਰ ਮੈਂ ਸਮਝਦਾ ਹਾਂ ਕਿ ਉਸ ਵਰਗ ਨੂੰ ਉੱਚਾ ਚੁੱਕਣ ਲਈ ਬਹੁਤ ਕੋਸ਼ਿਸ਼ਾਂ ਕਰਨੀਆਂ ਪੈਣਗੀਆਂ।

ਜਿਸ ਤਰ੍ਹਾਂ ਕਿ ਮਹਾਤਮਾ ਗਾਂਧੀ ਨੇ ਜਾਂ ਜੋ ਹੋਰ ਵੱਡੇ ਵੱਡੇ ਲੋਕ ਇਥੇ ਆਏ, ਉਹ ਭਾਵੇਂ ਕਿਸੇ ਮਜ਼ਹਬ ਨਾਲ ਤੁਅੱਲਕ ਰਖਦੇ ਸਨ, ਉਨ੍ਹਾਂ ਨੇ ਵੀ ਇਸ ਗੱਲ ਤੇ ਜ਼ੋਰ ਦਿੱਤਾ ਕਿ ਛੂਤ ਛਾਤ ਨਹੀਂ ਹੋਣੀ ਚਾਹੀਦੀ ।....

ਇਕ ਆਵਾਜ਼ : ਤੁਸੀਂ ਤਾਂ ਹਰੀਜਨਾਂ ਨੂੰ ਹੁਣ ਵੀ ਚੌਂਕੇ ਤੇ ਨਹੀਂ ਚੜ੍ਹਨ ਦਿੰਦੇ।

ਸ੍ਰੀ ਪ੍ਰੇਮ ਗੁਪਤਾ : ਡਿਪਟੀ ਸਪੀਕਰ ਸਾਹਿਬ, ਸਾਡਾ ਵਿਧਾਨ ਬਣਿਆ ਉਸ ਵਿਚ ਛੂਤ ਛਾਤ ਨੂੰ ਇਜਾਜ਼ਤ ਨਹੀਂ ਮਿਲੀ ਲੇਕਿਨ, ਡਿਪਟੀ ਸਪੀਕਰ ਸਾਹਿਬ, ਜੇਕਰ ਅਸੀਂ ਇਹ ਕਲੇਮ ਕਰੀਏ ਕਿ ਹਿੰਦੁਸਤਾਨ ਵਿਚ ਛੂਤ ਛਾਤ ਨਹੀਂ ਹੈ ਜਾਂ ਹਿੰਦੁਸਤਾਨ ਦੀ ਸੁਸਾਇਟੀ ਹਰੀਜਨਾਂ ਨੂੰ ਇਕੂਅਲ ਟਰੀਟਮੈਂਟ ਦਿੰਦੀ ਹੈ ਤਾਂ ਇਹ ਗੱਲ ਸਾਡੇ ਆਪਣੇ ਆਪ ਨੂੰ ਧੋਖਾ ਦੇਣ ਵਾਲੀ ਹੈ। ਮੈਂ ਸਮਝਦਾ ਹਾਂ ਕਿ ਕਾਨੂੰਨ ਤਾਂ ਬਣਿਆਂ ਪਰ ਉਹ ਜ਼ਿਹਨ ਵਿਚ ਨਹੀਂ ਚੜ੍ਹਿਆ ਕਿ ਇਹ ਵਰਗ ਵੀ ਸਮਾਜ ਦਾ ਇਕ ਜ਼ਰੂਰੀ ਅੰਗ ਹੈ। ਅਸੀਂ ਸੋਚਦੇ ਜ਼ਰੂਰ ਹਾਂ ਕਿ ਹਰੀਜਨਾਂ ਦੀ ਵੈਲਫ਼ੇਅਰ ਕਰਨੀ ਹੈ ਪਰ ਹੁੰਦੀ ਨਹੀਂ ਹੈ। ਮੈਂ ਇਕ ਗੱਲ ਤੇ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਇਹ ਜਿਹੜਾ ਵਰਗ ਇਕਨਾਮੀਕਲੀ ਜਾਂ ਹੋਰ ਵਜ੍ਹਾ ਕਰਕੇ ਸਮਾਜ ਵਿਚ ਪਿੱਛੇ ਰਹਿ ਗਿਆ ਹੈ ਜਦੋਂ ਤੱਕ ਇਸ ਨੂੰ ਉਪਰ ਉਠਾਉਣ ਲਈ ਕਾਨੂੰਨੀ ਤੌਰ ਤੇ ਕਦਮ ਨਹੀਂ ਚੁੱਕੇ ਜਾਣਗੇ ਉਤਨੀ ਦੇਰ ਤੱਕ ਕੋਈ ਵੀ ਇਸ ਵਰਗ ਦਾ ਸੁਧਾਰ ਨਹੀਂ ਹੋ ਸਕਦਾ। ਮੈਂ ਵਿਧਾਨ ਸਭਾ ਵਿਚ ਬੈਠਾ ਹਾਂ, ਮੈਨੂੰ ਯਕੀਨ ਹੈ ਕਿ ਜੇਕਰ ਕਾਨਸਟੀਚਿਊਸ਼ਨ ਵਿਚ ਰੀਜ਼ਰਵੇਸ਼ਨ ਨਾ ਦਿੱਤੀ ਜਾਂਦੀ ਅਸੀਂ ਉਤਨੀ ਫ਼ਰਾਖ ਦਿਲੀ ਨਾਲ ਇਨ੍ਹਾਂ ਨੂੰ ਵਿਧਾਨ ਸਭਾ ਦੀਆਂ ਵੀ ਸੀਟਾਂ ਨਹੀਂ ਸੀ ਦੇ ਸਕਦੇ । ਅੱਜ ਵੀ ਇਹ ਹੀ ਹੈ ਕਿ ਜਿਹੜੀ ਰੀਜ਼ਰਵ ਸੀਟ ਹੈ ਉਥੋਂ ਹੀ ਹਰੀਜਨ ਭਰਾ ਆਵੇ ਹੋਰ ਕਿਸੇ ਪਾਸਿਉਂ ਨਾ ਆਵੇ।

ਡਿਪਟੀ ਸਪੀਕਰ ਸਾਹਿਬ, ਅਸੀਂ ਵੇਖੀਏ ਕਿ ਸ਼ਹਿਰਾਂ ਵਿਚ ਹਰੀਜਨ ਕਿੱਤਾ ਕੀ ਕਰਦੇ ਹਨ, ਅਸੀਂ ਉਸ ਵਲ ਵੀ ਧਿਆਨ ਦੇਈਏ। ਅਸੀਂ ਇਕ ਪਾਸੇ ਤਾਂ ਕਹਿੰਦੇ ਹਾਂ ਕਿ ਉਨ੍ਹਾਂ ਨਾਲ ਬੇਇਨਸਾਫ਼ੀ ਹੋ ਰਹੀ ਹੈ ਔਰ ਦੂਸਰੇ ਪਾਸੇ ਉਨ੍ਹਾਂ ਦੇ ਮੁੰਡੇ ਕੁੜੀਆਂ ਅੱਜ ਵੀ ਟੋਕਰੇ ਚੁੱਕੀ ਗੰਦ ਸੁੱਟ ਰਹੇ ਹਨ । ਇਸ ਲਈ ਸਰਕਾਰ ਨੂੰ ਜਿਤਨੀ ਸ਼ਤਾਬਦੀ ਹੋ ਸਕੇ ਇਹ ਕੰਮ ਕਰਨਾ ਚਾਹੀਦਾ ਹੈ। ਛੂਤ ਛਾਤ ਬੰਦ ਕਰਾਉਣੀ ਚਾਹੀਦੀ ਹੈ ਤਾਕਿ ਹਰੀਜਨ ਵੀ ਹਿੰਦੁਸਤਾਨ ਵਿਚ ਚੰਗਾ ਜੀਵਨ ਬਤੀਤ ਕਰ ਸਕਣ।

ਡਿਪਟੀ ਸਪੀਕਰ ਸਾਹਿਬ, ਜੇਕਰ ਅਸੀਂ ਇਹ ਵੀ ਕਹੀਏ ਕਿ ਇਨ੍ਹਾਂ ਨੂੰ ਡਿਪੂ ਦੇ ਦਿੱਤੇ ਜਾਣ ਤਾਂ ਪਿਛਲੇ ਪੰਜ ਚਾਰ ਸਾਲ ਦੇ ਮਨਿਸਟਰ ਸਾਹਿਬ ਅੰਕੜੇ ਦੱਸਣਗੇ ਔਰ ਮੈਂ ਵੀ ਇਕ ਜਵਾਬ ਉਨ੍ਹਾਂ ਤੋਂ ਸੁਣਨਾ ਚਾਹੁੰਦਾ ਹਾਂ ਕਿ ਪੰਜ ਚਾਰ ਸਾਲ ਜਦੋਂ ਦਾ ਕਿ ਕੋਟੇ ਪਰਮਿਟਾਂ, ਡਿਪੂਆਂ ਦਾ ਸਿਸਟਮ ਸ਼ੁਰੂ ਹੋਇਆ ਹੈ ਉਹ ਕਿਤਨੇ ਕੁ ਹਰੀਜਨਾਂ ਨੂੰ ਮਿਲੇ ਹਨ। ਮੈਂ ਤਾਂ ਵੈਸੇ ਵੀ ਕੋਟੇ, ਪਰਮਿਟਾਂ ਦੇ ਹੱਕ ਵਿਚ ਨਹੀਂ ਕਿ ਇਹ ਕਿਸੇ ਇਨਡੀਵਿਜੂਅਲ ਨੂੰ ਦਿੱਤੇ ਜਾਣ, ਇਹ ਕੰਮ ਆਪ ਹੀ ਕਰੇ। ਪਰ ਤੁਸੀਂ ਜੇਕਰ ਵੇਖੋ ਕਿ ਹੁਣ ਤੱਕ ਹਰੀਜਨਾਂ ਨੂੰ ਕਿਤਨੇ ਕੁ ਡਿਪੂ ਮਿਲੇ ਹਨ ਕੋਟੇ, ਪਰਮਿਟ ਮਿਲੇ ਹਨ, ਤਾਂ ਤੁਹਾਨੂੰ ਪਤਾ ਲਗੇਗਾ ਕਿ ਹਰੀਜਨਾਂ ਨੂੰ ਮਿਲਿਆ ਹੀ ਕੁਝ ਨਹੀਂ ਹੈ। ਡਿਪਟੀ ਸਪੀਕਰ ਸਾਹਿਬ, ਜਿਥੇ ਡਿਪੂ ਹਰੀਜਨ ਬਸਤੀ ਵਿਚ ਵੀ ਹੁੰਦਾ ਹੈ ਉਥੇ ਵੀ ਹਰੀਜਨ ਪਾਸ ਨਹੀਂ ਹੁੰਦਾ ਉਥੇ ਵੀ ਸ਼ਹਿਰ ਦੇ ਕਿਸੇ ਹੋਰ

ਦੇ ਪਾਸ ਹੀ ਹੁੰਦਾ ਹੈ। ਚਾਹੇ ਹਰੀਜਨਾ ਬੱਚਾ ਦਸਵੀਂ ਪੜ੍ਹਿਆ ਹੋਇਆ ਵੀ ਹੋਵੇ ਪਰ ਸਿਵਲ ਸਪਲਾਈ ਮਹਿਕਮੇਂ ਵਾਲੇ ਉਸ ਨੂੰ ਡਿਪੂ ਨਹੀਂ ਦਿੰਦੇ। ਉਸ ਨੂੰ ਇਸ ਮਹਿਕਮੇਂ ਦਾ ਇਨਸਪੈਕਟਰ ਲਵੇ ਨਹੀਂ ਲੱਗਣ ਦਿੰਦਾ। ਕੋਈ ਉਸ ਦੀ ਅਰਜ਼ੀ ਤੇ ਡਿਕੁਮੈਂਡੇਸ਼ਨ ਕਰਨ ਲਈ ਮੈਂਟਲੀ ਪ੍ਰੀਪੇਅਰ ਨਹੀਂ ਹੁੰਦਾ। ਪਹਿਲਾਂ ਸਾਨੂੰ ਮੈਂਟਲ ਅਪ੍ਰੋਚ ਬਣਾਉਣੀ ਪਵੇਗੀ। ਇਹ ਜਿਹੜੀ ਹਰੀਜਨ ਨੂੰ ਅਸੀਂ ਪੈਰਿਟੀ ਦੇਣੀ ਹੈ ਜੇਕਰ ਅਸੀਂ ਮਜ਼ਬੂਰੀਆਂ ਦੇ ਕਾਰਨ ਨਾ ਦੇ ਸਕੀਏ ਤਾਂ ਹੋਰ ਗੱਲ ਹੈ ਲੇਕਿਨ ਜੋ ਉਨ੍ਹਾਂ ਨੂੰ ਪਾਪੂਲੇਸ਼ਨ ਦੇ ਮੁਤਾਬਿਕ ਮਿਲਣੀ ਚਾਹੀਦੀ ਹੈ ਜਾਂ ਸਰਕਾਰ ਦੇ ਪ੍ਰੋਗਰਾਮਾਂ ਦੇ ਮੁਤਾਬਿਕ ਮਿਲਣੀ ਚਾਹੀਦੀ ਹੈ ਉਹ ਵੀ ਨਹੀਂ ਮਿਲਦੀ। ਸਰਕਾਰ ਨੂੰ ਚਾਹੀਦਾ ਹੈ ਕਿ ਜਦੋਂ ਉਹ ਕੋਈ ਕਿੱਤਾ ਸ਼ੁਰੂ ਕਰੇ ਤਾਂ ਇਹ ਫ਼ਿਕਸ ਕਰ ਦੇਵੇ ਕਿ ਇਤਨੇ ਹਰੀਜਨਾਂ ਨੂੰ ਇਹ ਕਿੱਤੇ ਦਿੱਤੇ ਜਾਣਗੇ। ਅੱਜ ਤੋਂ ਪੰਜ ਚਾਰ ਸਾਲ ਪਹਿਲਾਂ ਹਾਉਸ ਵਿਚ ਇਹ ਐਸ਼ੋਰੈਂਸ ਦਿੱਤੀ ਗਈ ਸੀ ਕਿ ਨਵੇਂ ਰੂਟ ਪਰਮਿਟ ਬੱਸਾਂ ਦੇ ਜਿਹੜੇ ਹੋਣਗੇ ਉਨ੍ਹਾਂ ਵਿਚੋਂ 25 ਪ੍ਰਤੀਸ਼ਤ ਹਰੀਜਨਾਂ ਨੂੰ ਦਿੱਤੇ ਜਾਣਗੇ। ਮੈਂ ਐਸ਼ੋਰੈਂਸ ਕਮੇਟੀ ਵਿਚ ਇਹ ਫ਼ਿੱਗਰਜ਼ ਮੰਗੇ ਸਨ ਕਿ ਅੱਜ ਤੱਕ ਕਿਤਨੇ ਹਰੀਜਨਾਂ ਨੂੰ ਪਰਮਿਟ ਦਿੱਤੇ ਗਏ ਹਨ, ਕਿਤਨੀਆਂ ਐਪਲੀਕੇਸ਼ਨਜ਼ ਸਨ, ਕਿਤਨੀ ਮਾਈਲੇਜ ਕਰੀਏਟ ਹੋਈ ਹੈ ਔਰ ਉਸ ਵਿਚੋਂ ਹਰੀਜਨਾਂ ਨੂੰ ਕਿਤਨੀ ਮਿਲੀ ਹੈ। ਇਹ ਫ਼ਿੱਗਰਜ਼ ਅੱਜ ਤੱਕ ਡਿਪਾਰਟ-ਮੈਂਟ ਨਹੀਂ ਦਸ ਸਕਿਆ। ਮੈਨੂੰ ਰੂਲਜ਼ ਦਾ ਤਾਂ ਨਹੀਂ ਪਤਾ ਕਿ ਇਹ ਮਾਮਲਾ ਰੈਫ਼ਰ ਕੀਤਾ ਜਾ ਸਕਦਾ ਹੈ ਜਾਂ ਨਹੀਂ ਲੇਕਿਨ ਜਦੋਂ ਮੈਂ ਕਮੇਟੀ ਵਿਚ ਇਹ ਮੰਗਿਆ ਤਾਂ ਮਹਿਕਮਾਂ ਇਹ ਫ਼ਿੱਗਰਜ਼ ਪ੍ਰੋਵਾਈਡ ਨਹੀਂ ਕਰ ਸਕਿਆ। ਇਸ ਲਈ ਮੈਂ ਸਮਝਦਾ ਹਾਂ ਕਿ ਜਦ ਤੱਕ ਬੇਰੁਜ਼ਗਾਰੀ ਦਾ ਮਸਲਾ ਹਲ ਨਹੀਂ ਹੁੰਦਾ ਇਹ ਵਰਗ ਉੱਚਾ ਨਹੀਂ ਉਠ ਸਕਦਾ। ਇਹ ਗੱਲ ਚੰਗੀ ਨਹੀਂ ਲਗਦੀ ਕਿ ਮੁੰਡੇ ਕੁੜੀਆਂ ਇਸ ਲਈ ਵਿਹਲੇ ਰਹਿਣ ਕਿਉਂਕਿ ਕੰਮ ਨਹੀਂ ਹੈ। ਬੇਰੁਜ਼ਗਾਰੀ ਦਾ ਅਸਰ ਇਨ੍ਹਾਂ ਗਰੀਬ ਲੋਕਾਂ ਤੇ ਜ਼ਿਆਦਾ ਪੈਂਦਾ ਹੈ। ਕਮਜ਼ੋਰ ਵਰਗਾਂ ਲਈ ਇਹ ਮਸਲਾ ਬੜਾ ਗੰਭੀਰ ਮਸਲਾ ਹੈ। ਅਸੀਂ ਜਿਥੇ ਆਪਣੇ ਆਪ ਨੂੰ ਸਮਝਦੇ ਹਾਂ ਕਿ ਅਸੀਂ ਆਈਡਲ ਹਾਂ ਉਥੇ ਸਾਡੀ ਇਹ ਵੀ ਅਪ੍ਰੋਚ ਹੋਣੀ ਚਾਹੀਦੀ ਹੈ ਕਿ ਜਿਸ ਤਰ੍ਹਾਂ ਕਿ ਗੌਰਮਿੰਟ ਆਫ਼ ਇੰਡੀਆ ਦੇ ਪ੍ਰੋਗਰਾਮ ਵਿਚ ਹੈ ਕਿ 50 ਲੱਖ ਨਵੀਆਂ ਨੌਕਰੀਆਂ ਦੇਣੀਆਂ ਹਨ, ਉਸ ਵਾਂਗ ਗੌਰਮਿੰਟ ਨੂੰ ਵੀ ਐਫ਼ਰਟਸ ਕਰਨੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਪੜ੍ਹਾਈ ਦੇ ਮਾਮਲੇ ਵਿਚ ਵੇਖ ਲਵੋ। ਛੇ ਤੋਂ ਗਿਆਰਾਂ ਸਾਲ ਦੀ ਉਮਰ ਦੇ ਜਿਹੜੇ ਗਰੀਬਾਂ ਦੇ ਬੱਚੇ ਹਨ ਤਿੰਨ ਲੱਖ ਸਕੂਲਾਂ ਵਿਚ ਲਿਆਂਦੇ, ਫਿਰ ਸਾਢੇ ਤਿੰਨ ਲੱਖ ਔਰ ਉਸ ਤੋਂ ਪਿਛਲੇ ਸਾਲ ਪੌਣੇ ਤਿੰਨ ਲੱਖ ਸਕੂਲਾਂ ਵਿਚ ਲਿਆਂਦੇ। ਡਿਪਟੀ ਸਪੀਕਰ ਸਾਹਿਬ, ਅਸੀਂ ਮੰਨਦੇ ਹਾਂ ਕਿ ਜਿਹੜੇ ਵੀ ਕੋਈ ਬੱਚੇ ਰਹਿੰਦੇ ਹੋਣਗੇ, ਉਨ੍ਹਾਂ ਵਾਸਤੇ ਸਰਕਾਰ ਕੰਪਲਸਰੀ ਐਜੂਕੇਸ਼ਨ ਕਰੇਗੀ। ਇਹ ਸਮਾਜ ਦੀ, ਸਰਕਾਰ ਦੀ ਰਿਸਪਾਂਸਿਬਿਲਟੀ ਹੈ, ਸਟੇਟ ਦੀ ਰਿਸਪਾਂਸਿਬਿਲਟੀ ਹੈ। ਉਨ੍ਹਾਂ ਬੱਚਿਆਂ ਨੂੰ ਪੜ੍ਹਣ ਦੀ ਸਹੂਲਤ ਮਿਲਣੀ ਚਾਹੀਦੀ ਹੈ। ਲਾਅ ਦੇ ਮੁਤਾਬਿਕ, ਉਨ੍ਹਾਂ ਬੱਚਿਆਂ ਨੂੰ ਕੋਈ ਨਾ ਕੋਈ ਰਿਲੈਕਸੇਸ਼ਨ ਵੀ ਮਿਲ ਜਾਂਦੀ ਹੈ। ਜਿਹੜੇ ਪੜ੍ਹੇ ਲਿਖੇ ਨਹੀਂ ਹਨ, ਉਨ੍ਹਾਂ ਨੂੰ ਮੈਂ ਸਮਝਦਾ ਹਾਂ ਕਿ ਡਿਪੂ, ਫੇਅਰ-ਪਰਾਈਸ ਸ਼ਾਪਸ ਅਲਾਟ ਕਰਕੇ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ। ਇਸ ਗੱਲ ਦੇ ਨਾਲ ਨਾਲ ਮੈਂ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਜੇ ਅਸੀਂ ਇਹ ਕਹੀਏ ਕਿ ਆਜ਼ਾਦੀ ਵੀ ਆ ਗਈ, ਅਸੀਂ ਮੁਲਕ ਵਿਚ ਹਰੀਜਨਾਂ ਦਾ ਸੁਧਾਰ ਨਹੀਂ ਕਰ ਸਕੇ, ਇਹ ਵੀ ਹਕੀਕਤ ਨਹੀਂ ਹੈ। 1947 ਤੋਂ ਲੈ ਕੇ 1974 ਤੱਕ ਦੇ ਅੰਕੜੇ

[ਸ੍ਰੀ ਪ੍ਰੇਮ ਗੁਪਤਾ]

ਲੈ ਲਵੋ, ਸਰਕਾਰ ਦੀ ਐਪਰੋਚ ਵੇਖੀ ਜਾਂਦੀ ਹੈ ਕਿ ਡਾਇਰੈਕਸ਼ਨ ਕਿਧਰ ਨੂੰ ਚੱਲੀ। ਮੁਲਕ ਵਿਚ ਇਕ ਡਾਇਰੈਕਸ਼ਨ ਆਈ ਕਿ ਹਰੀਜਨਾਂ ਦਾ ਸੁਧਾਰ ਕਰਨਾ ਹੈ ਅਤੇ ਉਨ੍ਹਾਂ ਦਾ ਸਟੇਟੱਸ ਸਮਾਜ ਦੇ ਬਾਕੀ ਵਰਗਾਂ ਦੇ ਬਰਾਬਰ ਲਿਆਉਣਾ ਹੈ। ਇਸ ਬਾਰੇ ਜਿੰਨੇ ਵੀ ਕਦਮ ਚੁੱਕੇ ਗਏ ਬੜੇ ਚੰਗੇ ਹਨ, ਪਰ ਫਿਰ ਵੀ ਕਿਤੇ ਕੋਈ ਕਮੀ ਰਹਿ ਗਈ ਹੋਵੇ, ਉਸ ਨੂੰ ਦੂਰ ਕਰਨ ਦੀ ਲੋੜ ਹੈ। ਪਿਛਲੇ ਸਾਲ ਇਹ ਕੀਤਾ ਗਿਆ ਕਿ ਹਾਊਸ ਸਾਈਟਸ ਦੀ ਅਲਾਟਮੈਂਟ ਵਿਚ ਹਰੀਜਨਾਂ ਨੂੰ ਪਰੈਫਰੈਂਸ ਦੇਣੀ ਹੈ। ਇਕ ਤਾਂ ਇਨ੍ਹਾਂ ਵਿਚ ਉਹ ਲੋਕ ਹਨ, ਜਿਹੜੇ ਇਕਨੌਮੀਕਲੀ ਬੈਕਵਰਡ ਹਨ ਅਤੇ ਇਕ ਉਹ ਹਨ, ਜਿਹੜੇ ਇਕਨੌਮੀਕਲੀ ਵੀ ਅਤੇ ਸੋਸ਼ਲੀ ਵੀ ਬੈਕਵਰਡ ਹਨ। ਜਿਨ੍ਹਾਂ ਨੂੰ ਅਸੀਂ ਇਕਨੌਮੀਕਲੀ ਅਤੇ ਸੋਸ਼ਲੀ ਬੈਕਵਰਡ ਕਹਿੰਦੇ ਹਾਂ, ਇਸ ਡਿਸਪੈਰੇਟੀ ਨੂੰ ਦੂਰ ਕਰਨ ਵਾਸਤੇ ਜਿਹੜੇ ਕਦਮ ਚੁੱਕੇ ਗਏ ਹਨ, ਉਨ੍ਹਾਂ ਦੀ ਇੰਪਲੀਮੈਂਟੇਸ਼ਨ ਜਿਹੜੀ ਹੈ, ਉਸ ਤੇ ਪਰਾਪਰ ਚੈਕਅੱਪ ਹੋਣਾ ਚਾਹੀਦਾ ਹੈ। ਕਿਉਂਕਿ ਜਿਸ ਸਮਾਜ ਦੇ ਸੈਕਸ਼ਨ ਨੂੰ, ਜਿਸ ਸਮਾਜ ਦੇ ਵਰਗ ਨੂੰ ਬੈਨਿਫਿਟ ਦੇਣਾ ਹੈ, ਜੋ ਬੈਨਿਫਿਟ ਸਰਕਾਰ ਉਸ ਵਰਗ ਨੂੰ ਦੇਣਾ ਚਾਹੁੰਦੀ ਹੈ, ਉਹ ਬੈਨਿਫਿਟ ਜ਼ਰੂਰ ਉਨ੍ਹਾਂ ਨੂੰ ਮਿਲ ਜਾਵੇ।

ਇਕ ਗੱਲ ਹੋਰ ਮੈਂ ਕਹਿਣੀ ਚਾਹੁੰਦਾ ਹਾਂ ਕਿ ਹਰੀਜਨਾਂ ਵਾਸਤੇ ਵੱਧ ਤੋਂ ਵੱਧ ਐਂਪਲਾਇਮੈਂਟ ਦੇ ਐਵੈਨਿਊਜ਼ ਹੋਣ। ਸਰਕਾਰ ਨੂੰ ਇਸ ਗੱਲ ਲਈ ਪੱਕੇ ਤੌਰ ਤੇ ਕਦਮ ਚੁੱਕਣੇ ਚਾਹੀਦੇ ਹਨ ਅਤੇ ਜਿੰਨੇ ਵੀ ਕਾਰਪੋਰੇਸ਼ਨ ਜਾਂ ਬੋਰਡ ਹਨ, ਉਨ੍ਹਾਂ ਵਿਚ ਵੀ ਹਰੀਜਨਾਂ ਨੂੰ ਰਿਜ਼ਰਵੇਸ਼ਨ ਮਿਲਣੀ ਚਾਹੀਦੀ ਹੈ ਅਤੇ ਉਨ੍ਹਾਂ ਨੂੰ ਵਧ ਪਰੈਫਰੈਂਸ ਮਿਲਣੀ ਚਾਹੀਦੀ ਹੈ।

ਮੈਂ ਇੰਨਾਂ ਹੀ ਕਹਿ ਕੇ ਆਪ ਦਾ ਸ਼ੁਕਰੀਆ ਅਦਾ ਕਰਦਾ ਹਾਂ।

ਸ੍ਰੀ ਪਿਆਰਾ ਰਾਮ ਧੰਨੋਵਾਲੀ (ਫਗਵਾੜਾ, ਐਸ.ਸੀ.): ਅੱਜ ਜੋ ਸਾਡੇ ਸਾਹਮਣੇ, ਹਾਊਸ ਦੇ ਸਾਹਮਣੇ, ਬਾਦਲ ਸਾਹਿਬ ਰੈਜ਼ੋਲੂਸ਼ਨ ਲਿਆਏ ਹਨ ਕਿ ਜਿਹੜੇ ਪੜ੍ਹੇ ਲਿਖੇ ਬੇਕਾਰ ਨੌਜਵਾਨ ਸ਼ੈਡਿਊਲਡ ਕਾਸਟ ਹਨ, ਉਨ੍ਹਾਂ ਨੂੰ ਡਿਪੂ, ਕੋਟਾ ਪਰਮਿਟ, ਲਾਇਸੈਂਸ ਵਗੈਰਾ ਦਵਾ ਕੇ ਉਨ੍ਹਾਂ ਦੀ ਬੇਕਾਰੀ ਨੂੰ ਦੂਰ ਕੀਤਾ ਜਾਵੇਗਾ, ਇਹ ਚੰਗਾ ਸੁਝਾਓ ਹੈ, ਚੰਗਾ ਰੈਜ਼ੋਲੂਸ਼ਨ ਹੈ। ਲੇਕਿਨ ਰੈਜ਼ੋਲੂਸ਼ਨ ਦੇ ਹੱਕ ਵਿਚ ਬੋਲਦਿਆਂ ਹੋਇਆਂ ਬਾਦਲ ਸਾਹਿਬ ਨੇ, ਇਹ ਜੋ ਮਸਲਾ ਸੀ, ਇਸ ਦਾ ਜ਼ਿਕਰ ਆਖੀਰ ਵਿਚ ਕੀਤਾ ਕਿ ਇਨ੍ਹਾਂ ਨੂੰ ਡਿਪੂ, ਲਾਈਸੈਂਸ ਵਗੈਰਾ ਮਿਲਣੇ ਚਾਹੀਦੇ ਹਨ। ਇਕ ਦੋ ਮਿੰਟ ਇਸ ਗੱਲ ਤੇ ਉਨ੍ਹਾਂ ਨੇ ਬੋਲਿਆ ਹੈ। ਬਾਕੀ ਅਸਲ ਮਸਲੇ ਵਲ ਉਨ੍ਹਾਂ ਨੇ ਇਸ ਤਰ੍ਹਾਂ ਕਿਹਾ ਹੈ ਕਿ ਜਿਸ ਤਰ੍ਹਾਂ ਹਰੀਜਨਾਂ ਵਾਸਤੇ ਕੁਝ ਕੀਤਾ ਹੀ ਨਹੀਂ ਗਿਆ। (ਵਿਘਨ)

Mr. Deputy Speaker : No interruption please.

ਸ੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ ਨਹੀਂ ਚਾਹੁੰਦਾ ਸੀ ਕਿ ਵਾਦ ਵਿਵਾਦ ਵਿਚ ਪੈਂਦਾ। ਉਨ੍ਹਾਂ ਤਾਂ ਇਸ ਤਰ੍ਹਾਂ ਆਪਣੇ ਵਿਚਾਰ ਰਖੇ ਹਨ ਜਿਸ ਤਰ੍ਹਾਂ ਪਿਛਲੇ 26-27 ਸਾਲਾਂ ਵਿਚ ਹਰੀਜਨਾਂ ਵਾਸਤੇ, ਜਦੋਂ ਦੀ ਆਜ਼ਾਦੀ ਮਿਲੀ ਹੈ, ਕੋਈ ਵੀ ਚੀਜ਼ ਨਹੀਂ ਕੀਤੀ ਗਈ। ਇਹ ਗੱਲ ਠੀਕ ਹੈ ਕਿ ਜਿੰਨਾ 27 ਸਾਲਾਂ ਵਿਚ ਕੰਮ ਹੋਣਾ ਚਾਹੀਦਾ ਸੀ, ਉਨਾ ਨਹੀਂ ਹੋ ਸਕਿਆ, ਲੇਕਿਨ ਇਹ ਵੀ ਨਹੀਂ ਕਿ ਕੁਝ ਵੀ ਨਹੀਂ ਹੋਇਆ।

ਸਰਦਾਰ ਹਰਚੰਦ ਸਿੰਘ : ਕੀ ਹੋਇਆ ਹੈ, ਦੂਜੇ ਕਿੰਨੇ ਉਤੇ ਚਲੇ ਗਏ ਹਨ ?

ਸਰਦਾਰ ਕਰਨੈਲ ਸਿੰਘ ਮਰੜ੍ਹੀ : ਆਨ-ਏ-ਪੁਆਇੰਟ ਆਫ਼ ਆਰਡਰ ਸਰ।

ਸ੍ਰੀ ਡਿਪਟੀ ਸਪੀਕਰ : ਕਿਹੜੇ ਰੂਲ ਦੇ ਥੱਲੇ ਬੋਲ ਰਹੇ ਹੋ। (Under which rule are you speaking?)

ਸਰਦਾਰ ਕਰਨੈਲ ਸਿੰਘ ਮਰੜ੍ਹੀ : ** ** ** **.

ਸ੍ਰੀ ਡਿਪਟੀ ਸਪੀਕਰ : ਇਹ ਜੋ ਮਰੜ੍ਹੀ ਸਾਹਿਬ ਬੋਲ ਰਹੇ ਹਨ, ਇਹ ਰਿਕਾਰਡ ਨਾ ਕੀਤਾ ਕੀਤਾ ਜਾਵੇ। (Whatever Marhari Sahib is saying should not be recorded).

ਸ੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਜੋ ਫ਼ੈਕਟ ਹੈ, ਜੋ ਹਕੀਕਤ ਹੈ, ਉਸ ਨੂੰ ਬਿਲਕੁਲ ਹੀ ਇਕ ਪਾਸੇ ਰਖ ਦਿੱਤਾ ਹੈ। ਮੈਂ ਅੰਕੜੇ ਦੇ ਕੇ ਦੱਸਾਂਗਾ ਕਿ ਸਰਕਾਰ ਨੇ ਅੱਜ ਤੱਕ ਹਰੀਜਨਾਂ ਵਾਸਤੇ ਕੀ ਕੀਤਾ ਹੈ। (ਵਿਘਨ) ਇਹ ਮੈਂ ਸਟੇਟ ਸੈਕਟਰ ਦੇ ਫ਼ਿਗੱਰਜ਼ ਦਸਦਾ ਹਾਂ। 1972-73 ਵਿਚ ਸਰਕਾਰ ਨੇ ਸਕਾਲਰਸ਼ਿਪ ਔਰ ਜਿਹੜੀ ਫ਼ੀਸ ਵਗੈਰਾ ਦੀ ਰੀਇੰਬਰਸਮੈਂਟ ਵਾਸਤੇ ਰਖਿਆ ਸੀ, ਉਹ 26,46,000, 1973-74 ਵਿਚ ਇਹ 27,46,000 ਸੀ ਅਤੇ 1974-75 ਵਿਚ ਕੱਲ ਹੀ ਬਜਟ ਪੇਸ਼ ਹੋਇਆ ਹੈ—60 ਲੱਖ ਰੁਪਿਆ ਰੱਖਿਆ ਗਿਆ ਹੈ। ਇਹ ਗੱਲ ਇਨ੍ਹਾਂ ਨੇ ਬਿਲਕੁਲ ਅਖੋਂ ਉਹਲੇ ਕਰ ਦਿੱਤੀ। ਪੜ੍ਹਿਆਂ ਲਿਖਿਆਂ ਦੀ ਮੈਂ ਸਮਝਦਾ ਹਾਂ ਜੋ ਗੱਲ ਉਨ੍ਹਾਂ ਨੇ ਕੀਤੀ, ਕਿ ਉਹ ਬੇਕਾਰ ਹੁੰਦੇ ਹਨ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਸਾਡਾ ਤਾਲੀਮ ਤੇ ਖਰਚ ਹੋ ਰਿਹਾ ਹੈ, ਉਸ ਨਾਲ ਕੁੱਦਰਤੀ ਗੱਲ ਹੈ, ਡਿਪਟੀ ਸਪੀਕਰ ਸਾਹਿਬ, ਕਿ ਬੇਕਾਰ ਵੀ ਇਸ ਨਾਲ ਵਧਣਗੇ। ਉਹ ਡਿਪੂ ਹਰੀਜਨਾਂ ਨੂੰ ਮਿਲਣੇ ਚਾਹੀਦੇ ਹਨ।

ਦੂਜੀ ਗੱਲ, ਮੈਂ ਜ਼ਮੀਨ ਦੇ ਬਾਰੇ ਕਹਿਣਾ ਚਾਹੁੰਦਾ ਹਾਂ ਇਹ ਕਿਹਾ ਗਿਆ ਹੈ ਕਿ ਜ਼ਮੀਨ ਨਹੀਂ ਦਿੱਤੀ। ਮੈਂ ਇਹ ਸਮਝਦਾ ਹਾਂ ਕਿ ਇਹ ਮਸਲਾ ਜੋ ਸੀ, ਇਹ 1966 ਤੋਂ ਲੈ ਕੇ, ਜਿਥੇ ਜਿਹੜੀ ਵੀ ਜ਼ਮੀਨ ਰਖੀ ਸੀ ....

ਚੌਧਰੀ ਜਗਤ ਰਾਮ : ਮੈਂ ਦਖਲ ਨਹੀਂ ਦੇਣਾ ਚਾਹੁੰਦਾ ਸੀ। ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਹਰੀਜਨਾਂ ਦਾ ਮਸਲਾ ਹੈ, ਇਸ ਨੂੰ ਫੁਟਬਾਲ ਦੀ ਤਰ੍ਹਾਂ ਲਿਆ ਜਾਂਦਾ ਹੈ ......

ਸ੍ਰੀ ਡਿਪਟੀ ਸਪੀਕਰ : ਚੌਧਰੀ ਸਾਹਿਬ, ਤੁਸੀਂ ਬੈਠ ਜਾਓ ਜੀ। (Chaudhri Sahib, please resume your seat.)

ਸਰਦਾਰ ਗੁਰਦੇਵ ਸਿੰਘ ਬਾਦਲ : ** ** ** **

ਸ੍ਰੀ ਡਿਪਟੀ ਸਪੀਕਰ : ਜੋ ਕੁਝ ਆਨਰੇਬਲ ਮੈਂਬਰ ਕਹਿ ਰਹੇ ਹਨ ਇਹ ਪ੍ਰੋਸੀਡਿੰਗਜ਼ ਦਾ ਭਾਗ ਨਾ ਬਣੇ (Whatever is being said by the hon. Members, should not form part of the proceedings).

ਸ੍ਰੀ ਪਿਆਰਾ ਰਾਮ ਧੰਨੋਵਾਲੀ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ...... (ਵਿਘਨ)

ਗਿਆਨੀ ਕੁੰਦਨ ਸਿੰਘ ਪਤੰਗ : ** ** ** ** **
(ਸ਼ੋਰ)

**Not recorded/Expunged as ordered by the Chair.

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ। (This is no point of order).

ਸ੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ ਅਰਜ਼ ਕਰ ਰਿਹਾ ਸੀ ਕਿ ਬਾਦਲ ਸਾਹਿਬ ਦੀ ਹਕੂਮਤ 1967 ਤੋਂ ਲੈ ਕੇ 1971 ਤੱਕ ਰਹੀ। ਪਰ ਜਿਸ ਤਰ੍ਹਾਂ ਜ਼ਮੀਨ ਦਾ ਮਸਲਾ ਖੁਰਦ-ਬੁਰਦ ਕਰਨ ਦਾ ਯਤਨ ਹੋਇਆ ਉਸ ਦੇ ਮੁਤਲਿਕ ਕੋਈ ਲੁਕੀ ਛੁਪੀ ਗੱਲ ਨਹੀਂ ਇਹ ਅਜ ਵੀ ਸਾਰਿਆਂ ਦੇ ਸਾਹਮਣੇ ਹੈ। ਜਿਤਨੀ ਵੀ ਨਿਕਾਸੀ ਜ਼ਮੀਨ ਸੀ, ਨਜ਼ੂਲ ਜ਼ਮੀਨ ਸੀ, ਨਹਿਰੀ ਜਾਂ ਚਾਹੀ ਸੀ, ਜਾਂ ਪੀ. ਡਬਲਿਊ. ਡੀ. ਦੀ ਸੀ, ਸਫ਼ੈਦ ਟੁਕੜੇ ਸਨ ਜਾਂ ਹੋਰ ਕਿਸੇ ਸ਼ਕਲ ਦੇ ਵਿਚ ਸਨ ਸਭ ਤੇ ਨਾਜਾਇਜ਼ ਕਬਜ਼ੇ ਕਰਕੇ ਖੁਰਦਬੁਰਦ ਕੀਤਾ ਗਿਆ। ਇਹ ਸਭ ਜਾਣਦੇ ਹਨ ਕਿ ਕਿਸ ਤਰ੍ਹਾਂ ਬਾਦਲ ਸਾਹਿਬ ਦੀ ਪਾਰਟੀ ਨੇ 1967 ਤੋਂ ਲੈ ਕੇ 1972 ਤੱਕ ਨਾਜਾਇਜ਼ ਜ਼ਮੀਨਾਂ ਤੇ ਕਬਜ਼ੇ ਕਰਾ ਕੇ, ਉਨ੍ਹਾਂ ਨੂੰ ਰੈਗੁਲੇਰਾਈਜ਼ ਕਰਵਾਇਆ, ਇਸ ਦੀ ਅੱਜ ਤਾਈਂ ਕਿਤੇ ਮਿਸਾਲ ਨਹੀਂ ਮਿਲਦੀ। ਅੱਜ ਇਹ ਜ਼ਮੀਨ ਦੀ ਗੱਲ ਕਰਦੇ ਹਨ। ਇਸ ਸਰਕਾਰ ਨੇ 1972-73 ਦੇ ਬਜਟ ਵਿਚ ਹਰੀਜਨਾਂ ਦੇ ਲਈ ਜ਼ਮੀਨ ਖਰੀਦਣ ਵਾਸਤੇ 1,60,000 ਰੁਪਿਆ ਪ੍ਰੋਵਾਈਡ ਕੀਤਾ ਸੀ, ਇਤਨਾ ਹੀ 1973-74 ਵਿਚ ਕੀਤਾ ਅਤੇ ਹੁਣ 1974-75 ਵਿਚ ਇਹ 10 ਲੱਖ ਰੁਪਿਆ ਰਖਿਆ ਹੈ। ਇਸ ਤੋਂ ਇਲਾਵਾ ਬੈਨੀਫ਼ਿਸ਼ਰੀਜ਼ ਨੂੰ ਤਿੰਨ ਏਕੜ ਤੱਕ ਦੀ ਜ਼ਮੀਨ ਖਰੀਦਣ ਵਾਸਤੇ $7\frac{1}{2}$ ਲੱਖ ਦੀ ਹੋਰ ਪ੍ਰੋਵੀਜ਼ਨ ਕੀਤੀ ਹੈ। ਗੌਰਮਿੰਟ ਨੇ 60,000 ਆਪਣੇ ਕੋਲੋਂ ਦੇਣਾ ਹੈ ਬਾਕੀ ਜੇ ਕੋਈ ਮਕਾਨ ਬਣਾਉਣਾ ਚਾਹੇ ਆਪਣੇ ਕੋਲੋਂ ਲਾ ਸਕਦਾ ਹੈ। ਇਨ੍ਹਾਂ ਦੀ ਸਰਕਾਰ ਨੇ 200 ਰਖਿਆ ਸੀ, ਇਹ ਆਪਣਾ ਵੇਲਾ ਭੁਲ ਗਏ ਹਨ। ਸ਼ੈਡਉਲਡ ਕਾਸਟਸ ਬਚਿਆਂ ਨੂੰ ਇੰਡਸਟਰੀਅਲ ਟਰੇਨਿੰਗ ਦਿੱਤੀ ਜਾਂਦੀ ਹੈ, ਇਹਦੇ ਲਈ ਵੀ 7 ਲੱਖ ਰੁਪਿਆ ਰਖਿਆ ਹੈ, ਪਿਛਲੇ ਸਾਲ ਇਸ ਮਦ ਹੇਠ 6 ਲੱਖ ਰਖਿਆ ਸੀ, ਇਸ ਤਰ੍ਹਾਂ ਜਿਥੇ ਜਿਥੇ ਇੰਡਸਟਰੀਅਲ ਸੈਂਟਰ ਖੋਲ੍ਹੇ ਹਨ ਉਥੇ ਇਕ ਲੱਖ ਰੁਪਿਆ ਰਖਿਆ ਹੈ। ਹੋਰ ਵੀ ਬਹੁਤ ਸਾਰੀਆਂ ਹਰੀਜਨ ਭਲਾਈ ਦੀਆਂ ਸਕੀਮਾਂ ਕੰਡੀ ਏਰੀਆ ਦੇ ਵਿਚ ਹਨ...... (ਵਿਘਨ)

ਸਰਦਾਰ ਗੁਰਦੇਵ ਸਿੰਘ ਬਾਦਲ : ਆਨ ਏ ਪੁਆਇੰਟ ਆਫ਼ ਆਰਡਰ ਸਰ, ਡਿਪਟੀ ਸਪੀਕਰ ਸਾਹਿਬ ਮੈਂ ਬੇਨਤੀ ਕਰਦਾ ਹਾਂ ਕਿ ਇਹ ਜਵਾਬ ਤਾਂ ਵਜ਼ੀਰ ਨੂੰ ਦੇਣਾ ਚਾਹੀਦਾ ਹੈ ਇਹ ਤਾਂ ਕੋਈ ਮੰਗ ਜਾਂ ਸੁਧਾਰ ਦਸਣ।

ਸ੍ਰੀ ਪਿਆਰਾ ਰਾਮ ਧੰਨੋਵਾਲੀ : ਮੈਂ ਉਹੀ ਗੱਲਾਂ ਦਸਦਾ ਹਾਂ ਜੋ ਖਾਮੀਆਂ ਤੁਸੀਂ 5 ਸਾਲਾਂ ਵਿੱਚ ਦੂਰ ਨਹੀਂ ਕਰ ਸਕੇ ਉਹ ਕਾਂਗਰਸ ਸਰਕਾਰ ਹੁਣ ਕਿਵੇਂ ਕਰ ਰਹੀ ਹੈ। ਫੇਰ ਸਵੀਪਰਜ਼ ਦੀ ਭਲਾਈ ਲਈ 12 ਲੱਖ ਰੁਪਿਆ ਰਖਿਆ। ਗਰਲਜ਼ ਹੋਸਟਲ ਲਈ ਪਹਿਲਾਂ 50 ਹਜ਼ਾਰ ਸੀ ਇਸ ਸਾਲ ਇਹ 1 ਲੱਖ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ ਪੰਜਾਬ ਯੂਨੀਵਰਸਿਟੀ ਦੇ ਵਿਚ ਇਕ ਕੋਚਿੰਗ ਸੈਂਟਰ ਹੈ। ਇਥੇ ਹਰ ਸਾਲ 50 ਬਚਿਆਂ ਨੂੰ ਪੀ.ਸੀ.ਐਸ. ਆਦਿ ਦੀ ਟਰੇਨਿੰਗ ਦਿੱਤੀ ਜਾਂਦੀ ਹੈ, ਉਨ੍ਹਾਂ ਨੂੰ ਸ਼ਕਾਲਰਸ਼ਿਪ ਦਿੱਤੇ ਜਾਂਦੇ ਹਨ ਅਤੇ ਉਨ੍ਹਾਂ ਦੀ ਪੜ੍ਹਾਈ ਆਦਿ ਦਾ ਖਰਚਾ ਬਰਦਾਸ਼ਤ ਕੀਤਾ ਜਾਂਦਾ ਹੈ। 747 ਲੱਖ ਰੁਪਿਆ ਨਾਨ-ਪਲੈਨਡ ਸਕੀਮਜ਼ ਦੇ ਵਿਚ ਰਖਿਆ ਗਿਆ ਹੈ। ਵਿਲੇਜ ਸਕੀਮ ਪਿਛਲੇ ਸਾਲ ਇਹ ਸਵਾ ਕਰੋੜ ਸੀ, ਇਸ ਸਾਲ ਇਹ ਦੋ ਕਰੋੜ ਕਰ ਦਿੱਤਾ ਹੈ। ਇਸ ਤਰ੍ਹਾਂ ਡਿਵੈਲਪਮੈਂਟ ਸਕੀਮਜ਼ ਦੇ ਲਈ 12 ਕਰੋੜ ਰੁਪਿਆ ਰਖਿਆ ਹੈ। ਮੇਰਾ ਕਹਿਣ ਦਾ ਮਤਲਬ ਇਹ ਹੈ ਕਿ ਉਹ ਜ਼ਾਹਰਾ ਹਮਦਰਦੀ ਦੀਆਂ ਗੱਲਾਂ ਕਰਦੇ ਰਹੇ ਪਰ ਕੀਤਾ ਕੁਝ ਨਹੀਂ। ਇਹ ਜਿਹੜਾ ਰੇਜ਼ੋਲੂਸ਼ਨ ਹੈ ਮੈਂ ਇਸ ਦੇ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ਕਿਉਂਕਿ ਇਸ ਦੇ ਨਾਲ ਜਿਹੜੇ ਨੌਜਵਾਨ ਬੇਕਾਰ ਫਿਰਦੇ ਹਨ ਉਨ੍ਹਾਂ ਨੂੰ ਰੋਜ਼ਗਾਰ

ਮਿਲੇਗਾ, ਇਸ ਦੇ ਨਾਲ ਹੀ ਮੈਂ ਸਰਕਾਰ ਤੋਂ ਇਹ ਵੀ ਮੰਗ ਕਰਦਾ ਹਾਂ ਕਿ ਜਿਹੜੇ 22 ਪ੍ਰਤੀਸ਼ਤ ਰਾਖਵੇਂ ਹੱਕਾਂ ਦੀ ਠੀਕ ਤਰ੍ਹਾਂ ਵਰਤੋਂ ਕਰਮਚਾਰੀਆਂ ਨੂੰ ਨੌਕਰੀਆਂ ਦੇਣ ਦੇ ਵਿਚ ਨਹੀਂ ਹੈ, ਅਤੇ ਕੁਝ ਸਰਕਾਰੀ ਆਫ਼ੀਸਰ ਇਸ ਵਿਚ ਔਕੜ ਬਣੇ ਹੋਏ ਹਨ, ਇਹ ਦੂਰ ਹੋਣੀ ਚਾਹੀਦੀ ਹੈ।

ਇਹ ਪੜ੍ਹੇ-ਲਿਖਿਆਂ ਦੀ ਤਾਦਾਦ ਵਧਦੀ ਜਾ ਰਹੀ ਹੈ। ਉਸ ਨੂੰ ਘੱਟ ਕਰਨ ਲਈ ਰੈਜ਼ਰ-ਵੇਸ਼ਨ ਪਾਲਿਸੀ ਤੇ ਪੂਰੀ ਤਰ੍ਹਾਂ ਨਾਲ ਅਮਲ ਕੀਤਾ ਜਾਏ। ਜਿਸ ਤਰ੍ਹਾਂ ਪ੍ਰੇਮ ਜੀ ਨੇ ਦਸਿਆ ਸੀ ਇਹ ਸਾਰਾ ਕੰਟ੍ਰੋਲ ਸਪਲਾਈ ਦਾ ਸਰਕਾਰ ਦੀ ਪਾਲਿਸੀ ਹੈ ਜੋ ਆਪਣੇ ਹੱਥ ਵਿਚ ਲਏ। ਪਰ ਜਿੰਨਾਂ ਚਿਰ ਤੱਕ ਉਹ ਪੂਰੀ ਨੈਸ਼ਨੇਲਾਈਜ਼ੇਸ਼ਨ ਅਤੇ ਸਪਲਾਈ ਆਪਣੇ ਹੱਥ ਵਿਚ ਨਹੀਂ ਆਉਂਦੀ ਉਨਾ ਚਿਰ ਤੱਕ ਕੋਟੇ , ਪਰਮਿਟਸ, ਡਿਪੂ ਆਦਿ ਦੇਣ ਵਿਚ ਪ੍ਰੈਫਰੈਂਸ ਨਹੀਂ ਬਲਕਿ ਆਬਾਦੀ ਦੇ ਲਿਹਾਜ਼ ਨਾਲ ਰੈਜ਼ਰਵੇਸ਼ਨ ਦੇਣੀ ਚਾਹੀਦੀ ਹੈ ਤਾਂ ਕਿ ਅੱਜ ਦੀ ਬੇਕਾਰੀ ਇਹ ਜੋ ਸ਼ੈਡਿਊਲਡ ਕਾਸਟਸ, ਹਰੀਜਨ ਲੋਕਾਂ ਵਿਚ ਵੱਧ ਰਹੀ ਹੈ, ਉਸ ਦਾ ਹੱਲ ਹੋ ਜਾਏ।

ਇਨ੍ਹਾਂ ਸ਼ਬਦਾਂ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਮਾਸਟਰ ਚੰਦ ਸਿੰਘ (ਸ਼ੇਰਪੁਰ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਪਹਿਲਾਂ ਵੀ ਅਸੈਂਬਲੀ ਵਿਚ ਇਹੋ ਜਿਹੇ ਮਤੇ ਆਏ ਪਰ ਇਸ ਸਰਕਾਰ ਨੇ ਅੱਖੋਂ ਉਹਲੇ ਕਰ ਦਿੱਤੇ। ਮੈਨੂੰ ਅੱਜ ਵੀ ਇਸ ਗੱਲ ਦੀ ਸ਼ੰਕਾ ਹੈ ਕਿ ਇਹ ਮਤਾ ਵੀ ਉਸੇ ਤਰ੍ਹਾਂ ਖੱਡੇ ਵਿਚ ਪਾ ਦੇਣਾ ਹੈ। ਇਹ ਮਤਾ ਚੰਗਾ ਹੈ। ਮੈਂ ਅਮੈਂਡਮੈਂਟ ਦਿੱਤੀ ਹੈ। ਡਿਪਟੀ ਸਪੀਕਰ ਸਾਹਿਬ, ਉਹਦੇ ਵਿਚ ਇਹ ਹੈ ਕਿ ਜਿਥੇ ਬੇਰੁਜ਼ਗਾਰ , ਅਨੁਸੂਚਿਤ ਜਾਤੀਆਂ ਦੇ ਵਿਅਕਤੀਆਂ ਨੂੰ ਡਿਪੂ ਅਲਾਟ ਕਰਨੇ ਹਨ ਦੂਸਰੇ ਵਰਗਾਂ ਦੇ ਜਿਹੜੇ ਹਨ ਬੇਰੁਜ਼ਗਾਰ ਅਤੇ 500 ਰੁਪਏ ਤੋਂ ਘੱਟ ਤਨਖਾਹ ਲੈਣ ਵਾਲੇ ਵਿਅਕਤੀਆਂ ਨੂੰ ਵੀ ਸਸਤੇ ਭਾਅ ਵਾਲੇ ਡਿਪੂ ਅਲਾਟ ਕੀਤੇ ਜਾਣ (ਵਿਘਨ) ਇਨ੍ਹਾਂ ਨੇ ਆਪਣੇ ਕਾਂਗਰਸ ਉਦੇਸ਼ ਵਿਚ ਗਰੀਬੀ ਹਟਾਉਣ ਬਾਰੇ ਬੜਾ ਵੱਡਾ ਨਾਹਰਾ ਦਿੱਤਾ ਸੀ। ਪਰ ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀਆਂ ਆਪਣੀਆਂ ਰਿਪੋਰਟਾਂ ਮੰਨਦੀਆਂ ਹਨ ਕਿ ਦੇਸ਼ ਵਿਚ ਗਰੀਬੀ ਹਟਾਉਣ ਦੀ ਬਜਾਏ ਗਰੀਬੀ ਵਧੀ ਹੈ। ਡਿਪਟੀ ਸਪੀਕਰ ਸਾਹਿਬ, ਜਦੋਂ ਗਰੀਬੀ ਵਧਦੀ ਹੋਵੇ ਤਾਂ ਨਾਲ ਬੇਕਾਰੀ ਵੀ ਵਧਦੀ ਹੈ। ਇਸ ਨੂੰ ਇਹ ਦੂਰ ਨਹੀਂ ਕਰ ਸਕੇ ਹਨ ਕਿਉਂਕਿ ਇਨ੍ਹਾਂ ਦੀਆਂ ਗਲਤ ਪਾਲਿਸੀਆਂ ਹਨ।

ਡਿਪਟੀ ਸਪੀਕਰ ਸਾਹਿਬ, ਪਿਛਲੇ ਦੋ ਸਾਲਾਂ ਵਿਚ ਮੈਂ ਆਪਣੇ ਪੰਜਾਬ ਦੀ ਗੱਲ ਕਰ ਰਿਹਾ ਹਾਂ 40% ਕੀਮਤਾਂ ਵੱਧ ਗਈਆਂ ਹਨ ਅਤੇ ਪਿਛਲੇ ਸਾਲ ਵਿਚ ਹੀ 27% ਕੀਮਤਾ ਵੱਧ ਗਈਆਂ ਹਨ। 1947 ਦਾ ਸਾਡਾ ਹਿੰਦੁਸਤਾਨ ਆਜ਼ਾਦ ਹੈ ਅੱਜ ਇਥੇ ਮਜ਼ਦੂਰ ਦੀ ਕੀ ਹਾਲਤ ਹੈ। ਮਜ਼ਦੂਰ ਨੂੰ, ਡਿਪਟੀ ਸਪੀਕਰ ਸਾਹਿਬ, 4 ਰੁਪਏ ਮਿਲਦੇ ਹਨ ਅਤੇ ਦਿਹਾੜੀ ਭਾਵੇਂ ਸਾਢੇ ਛੇ ਰੁਪਏ ਕੀਤੀ ਹੈ ਪਰ ਮਿਲਦੇ 4 ਰੁਪਏ ਦਿਹਾੜੀ ਦੇ ਹਨ। ਇਕ ਰੁਪਏ ਦੀ ਕੀਮਤ 20 ਪੈਸੇ ਮਸਾਂ ਰਹਿ ਗਈ ਹੈ। ਅਤੇ ਅੱਜ ਗਰੀਬ ਦੇ ਪੱਲੇ ਰੁਪਿਆ ਵੀ ਨਹੀਂ ਪੈਂਦਾ। ਕੀ ਕਾਂਗਰਸ ਦਾ ਇਹੋ ਹੀ ਸਮਾਜਵਾਦ ਹੈ? 1971 ਦੀ ਮਰਦਮਸ਼ੁਮਾਰੀ ਦੀ ਰਿਪੋਰਟ ਅਨੁਸਾਰ ਹਿੰਦੁਸਤਾਨ ਵਿਚ ਜਿਹੜੇ ਗਰੀਬ ਲੋਕ ਹਨ, ਗਰੀਬੀ ਦੀ ਹੱਦ ਤੋਂ ਥੱਲੇ ਰਹਿੰਦੇ ਹਨ, ਉਨ੍ਹਾਂ ਦੀ ਗਿਣਤੀ 70% ਹੋ ਗਈ ਹੈ। ਸਾਡੇ ਪੰਜਾਬ ਵਿਚ ਉਨ੍ਹਾਂ ਦੀ ਗਿਣਤੀ ਕਿੰਨੀ ਹੈ, 100 ਵਿਚੋਂ 40 ਉਹ ਲੋਕ ਹਨ ਜਿਨ੍ਹਾਂ ਦੀ 25 ਰੁਪਏ ਮਹੀਨੇ ਤੋਂ ਘੱਟ ਆਮਦਨੀ ਹੈ। ਇਹ ਸਰਕਾਰ ਦਾ ਸੋਸ਼ਲਿਜ਼ਮ ਹੈ। ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਕਹਾਂਗਾ ਕਿ ਸਰਕਾਰ ਨੂੰ ਇਸ ਮਹਿੰਗਾਈ ਤੇ ਠੱਲ ਪਾਉਣੀ ਚਾਹੀਦੀ ਹੈ। ਅਤੇ ਇਸ ਤਰ੍ਹਾਂ ਕਰਕੇ ਉਨ੍ਹਾਂ ਲੋਕਾਂ ਦੀ ਗਰੀਬੀ ਦੂਰ ਕਰਨ ਨਾ ਕਿ ਆਪਣੀ ਗਰੀਬੀ। ਆਪਣੇ ਸੈਂਟਰ ਦੇ ਮਨਿਸਟਰ

[ਮਾਸਟਰ ਚੰਦ ਸਿੰਘ]

ਮੋਹਣ ਧਾਰੀਆ, ਇਨ੍ਹਾਂ ਨੇ ਰਿਪੋਰਟ ਦਿੱਤੀ ਹੈ ਕਿ ਅਸੈਂਸ਼ਲ ਕਮੋਡਿਟੀਜ਼ ਸਸਤੇ ਭਾਅ ਤੇ ਹਰ ਗਰੀਬ ਆਦਮੀ ਨੂੰ ਮਿਲਣੀਆਂ ਚਾਹੀਦੀਆਂ ਹਨ। ਉਹ ਰਿਪੋਰਟ ਵੀ ਖਡੇ ਵਿਚ ਪੈ ਗਈ ਹੈ। ਕਿਉਂਕਿ, ਡਿਪਟੀ ਸਪੀਕਰ ਸਾਹਿਬ, ਜੇ ਉਹ ਰੌਲੀ ਪਾਉਂਦਾ ਤਾਂ ਉਹਦੀ ਵਜ਼ੀਰੀ ਖੋਂਦੀ ਜਾਂਦੀ। ਆਪਣੀ ਵਜ਼ੀਰੀ ਰਖਣ ਵਾਸਤੇ ਉਹਨੇ ਰਿਪੋਰਟ ਖੱਡੇ ਵਿਚ ਪਾ ਲਈ। ਇਹ ਜਿਹੜੀ ਮਹਿੰਗਾਈ ਹੈ, ਇਹ ਜਾਣ ਬੁਝ ਕੇ ਕੀਤੀ ਜਾਂਦੀ ਹੈ। ਹੁਣ ਮੈਂ ਸਰਦਾਰ ਗੁਰਦਰਸ਼ਨ ਸਿੰਘ ਨਾਲ ਗੱਲ ਕਰਨੀ ਚਾਹੁੰਦਾ ਹਾਂ। ਉਨ੍ਹਾਂ ਨੇ ਕਿਹਾ ਹੈ ਕਿ ਇਹ ਹਿੰਦੁਸਤਾਨ ਦਾ ਮਸਲਾ ਨਹੀਂ ਬਲਕਿ ਇਹ ਸਾਰੀ ਦੁਨੀਆਂ ਵਿਚ ਮਹਿੰਗਾਈ ਵਧੀ ਹੈ। ਪਰ ਆਈ. ਐਲ. ਓ. ਜਿਹੜੀ ਕਿ ਯੂ.ਐਨ.ਓ. ਦੀ ਜੱਥੇਬੰਦੀ ਹੈ, ਉਹਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਿੰਨੇ ਸਰਮਾਏਦਾਰ ਮੁਲਕ ਹਨ ਉਥੇ ਮਹਿੰਗਾਈ ਵਧੀ ਹੈ। ਪਾਕਿਸਤਾਨ ਵਿਚ 45% ਕੀਮਤਾਂ ਵਧੀਆਂ ਹਨ, ਅਮਰੀਕਾ ਵਿਚ 28% ਕੀਮਤਾਂ ਵਧੀਆਂ ਹਨ ਅਤੇ ਹਿੰਦੁਸਤਾਨ ਵਿਚ ਸਰਦਾਰ ਗੁਰਦਰਸ਼ਨ ਸਿੰਘ ਜੀ, 95% ਕੀਮਤਾਂ ਵਧੀਆਂ ਹਨ। ਡਿਪਟੀ ਸਪੀਕਰ ਸਾਹਿਬ, ਇਕ ਹੋਰ ਗੱਲ ਕਹਿਣਾ ਚਾਹੁੰਦਾ ਹਾਂ ਕਿ ਜਿੰਨੇ ਸਮਾਜਵਾਦ ਕੰਟਰੀਜ਼ ਹਨ ਉਥੇ ਕੋਈ ਕੀਮਤ ਦੇ ਵਧਣ ਦਾ ਸਵਾਲ ਹੀ ਨਹੀਂ ਕੋਈ ਬੇਰੁਜ਼ਗਾਰੀ ਨਹੀਂ (ਵਿਘਨ) ਇਹ I. L. O. ਨੇ ਨੋਟ ਕੀਤਾ।

ਇਥੇ ਬੇਰੁਜ਼ਗਾਰੀ ਕਿਸ ਤਰ੍ਹਾਂ ਵਧਦੀ ਹੈ ? ਮਜ਼ਦੂਰ ਕਾਰਖਾਨਿਆਂ ਵਿਚ ਕੰਮ ਕਰਦੇ ਹਨ। ਕਾਰਖਾਨਿਆਂ ਨੂੰ ਬਿਜਲੀ ਮਿਲਦੀ ਨਹੀਂ ਹੈ, ਕੱਚਾ ਮਾਲ ਮਿਲਦਾ ਨਹੀਂ ਹੈ, ਤਾਂ ਫੇਰ ਨਤੀਜੇ ਦੇ ਤੌਰ ਤੇ ਉਨ੍ਹਾਂ ਮਜ਼ਦੂਰਾਂ ਦੀ ਛਾਂਟੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਨਾਲ ਬੇਰੁਜ਼ਗਾਰੀ ਵਧਦੀ ਹੈ। ਮੈਂ ਕਹਿੰਦਾ ਹਾਂ ਕਿ ਜਿਹੜੇ ਬੇਰੁਜ਼ਗਾਰ ਹਨ, ਪੜ੍ਹੇ ਲਿਖੇ ਬੇਰੁਜ਼ਗਾਰ ਹਨ ਉਹ ਦਸਵੀਂ ਪਾਸ ਕਰਨ ਬਾਅਦ ਫੇਰ ਕੋਰਸਿਜ਼ ਵਿਚ ਦਾਖਲ ਹੁੰਦੇ ਹਨ ਅਤੇ ਉਹਦੇ ਬਾਅਦ ਨੌਕਰੀਆਂ ਲੈਣ ਲਈ ਪੰਜ ਪੰਜ ਹਜ਼ਾਰ ਰੁਪਿਆ ਚਲਦਾ ਹੈ। ਜਿਹੜੇ ਬੇਕਾਰ ਹਨ ਉਨ੍ਹਾਂ ਨੂੰ ਘਟ ਤੋਂ ਘੱਟ 50 ਰੁਪਏ ਮਹੀਨਾ ਦਿੱਤੇ ਜਾਣ। ਫੇਰ ਇਹ ਕਹਿਣਗੇ ਕਿ ਇਹ 50 ਰੁਪਏ ਕਿਥੋਂ ਦਿਆਂਗੇ। ਵੱਡੇ ਵੱਡੇ ਧਨੀਆਂ ਤੋਂ ਲੈ ਕੇ ਜਿਵੇਂ ਕਿ ਸਿਬੀਆ ਸਾਹਿਬ ਬੈਠੇ ਹਨ, ਉਮਰਾਓ ਸਿੰਘ ਜੀ ਬੈਠੇ ਹਨ (ਵਿਘਨ) ਇਨ੍ਹਾਂ ਵੱਡਿਆਂ ਵੱਡਿਆਂ ਤੋਂ ਪੈਸੇ ਲੈ ਕੇ ਜਾਂ ਟੈਕਸਿਜ਼ ਤੇ ਪਾਬੰਦੀਆਂ ਰਾਹੀਂ ਇਨ੍ਹਾਂ ਤੋਂ ਰੁਪਿਆ ਇਕੱਠਾ ਕੀਤਾ ਜਾ ਸਕਦਾ ਹੈ ਅਤੇ ਬੇਰੁਜ਼ਗਾਰਾਂ ਨੂੰ ਵੰਡਿਆ ਜਾ ਸਕਦਾ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਸੁਝਾਓ ਦਿੰਦਾ ਹਾਂ ਕਿ ਬੇਰੁਜ਼ਗਾਰਾਂ ਨੂੰ ਬੇਰੁਜ਼ਗਾਰੀ ਭੱਤਾ ਦੇਣਾ ਚਾਹੀਦਾ ਹੈ। ਇਹ ਕੋਈ ਬਹਾਨਾ ਨਹੀਂ ਹੋਣਾ ਚਾਹੀਦਾ ਕਿ ਇਸ ਲਈ ਕੋਈ ਫ਼ੰਡਜ਼ ਨਹੀਂ ਹਨ। ਜਦ ਇਲੈਕਸ਼ਨਜ਼ ਲਈ ਵੱਡੇ ਵੱਡੇ ਜਾਗੀਰਦਾਰਾਂ ਤੋਂ ਫ਼ੰਡਜ਼ ਇਕੱਠੇ ਕੀਤੇ ਜਾ ਸਕਦੇ ਹਨ ਤਾਂ ਇਨ੍ਹਾਂ ਲਈ ਵੀ ਫ਼ੰਡਜ਼ ਇਕੱਠੇ ਕਰਕੇ ਇਨ੍ਹਾਂ ਨੂੰ ਵੀ ਬੇਰੁਜ਼ਗਾਰੀ ਭੱਤਾ ਦੇਣਾ ਚਾਹੀਦਾ ਹੈ। ਮਹਿੰਗਾਈ ਤੇ ਕੰਟਰੋਲ ਕਰਨਾ ਚਾਹੀਦਾ ਹੈ। ਇਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਨਹੀਂ ਪਤਾ ਕਿ 76 ਰੁਪਏ ਕੁਇੰਟਲ ਜਿਹੜੀ ਕਣਕ ਲਈ ਸੀ, ਉਹਦਾ ਆਟਾ ਅੱਜ ਡੇਢ੍ਹ ਰੁਪਏ ਕਿਲੋ ਮਿਲ ਰਿਹਾ ਹੈ, ਮੱਕੀ ਇਕ ਰੁਪਏ ਕਿੱਲੋ ਵਿੱਕ ਰਹੀ ਹੈ, ਦਾਲਾਂ 3 ਰੁਪਏ ਜਾਂ 4 ਰੁਪਏ ਕਿਲੋ ਵਿੱਕ ਰਹੀਆਂ, ਖੰਡ 5 ਰੁਪਏ ਕਿਲੋ ਵਿਕ ਰਹੀ ਹੈ ਅਤੇ ਘਿਓ 15 ਰੁਪਏ ਤੱਕ ਵਿੱਕ ਚੁੱਕਾ ਹੈ। ਡਾਲਡਾ ਘਿਓ ਦੇਸੀ ਨਾਲੋਂ ਵੀ ਮਹਿੰਗਾ ਹੈ। ਬਾਕੀ ਰਹਿ ਗਈ ਗੱਲ ਇਕ ਡਬਲ ਰੋਟੀ ਦੀ, ਉਹ ਵੀ ਇਕ ਰੁਪਏ ਦੀ ਮਿਲਦੀ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਚੀਜ਼ਾਂ ਤੇ ਕੰਟਰੋਲ ਕਰਨ ਦੀ ਲੋੜ ਹੈ ਅਤੇ ਸੋਚਣਾ ਚਾਹੀਦਾ ਹੈ ਕਿ ਇਹ ਚੀਜ਼ਾਂ ਕਿਸ ਤਰ੍ਹਾਂ ਲੋਕਾਂ ਨੂੰ ਮੁਹੱਈਆ ਕੀਤੀਆਂ ਜਾਣ। ਇਸ ਵਾਸਤੇ ਸਸਤੇ ਭਾਅ ਦੇ ਡਿਪੂ ਪਿੰਡਾਂ ਵਿਚ ਖੋਲ੍ਹਣੇ ਚਾਹੀਦੇ ਹਨ।

ਅਸੀਂ ਪਿਛਲੇ ਸਾਲ ਜੱਦੋ-ਜਹਿਦ ਕੀਤੀ ਸੀ ਉਸ ਵਿਚ ਚੀਫ਼ ਮਨਿਸਟਰ ਗਿਆਨੀ ਜ਼ੈਲ ਸਿੰਘ ਨੇ ਲਿਖਤੀ ਰੂਪ ਵਿਚ ਕਿਹਾ ਸੀ ਕਿ ਸਸਤੇ ਭਾਅ ਤੇ ਡਿਪੂ ਖੋਲ੍ਹਾਂਗੇ ਪਰ ਕੀਤਾ ਕੁਝ ਨਹੀਂ । ਹੁਣ ਇਨ੍ਹਾਂ ਨੇ ਬਜਟ ਵਿਚ ਵੀ ਕਿਹਾ ਹੈ ਕਿ ਅੰਮ੍ਰਿਤਸਰ ਵਿਚ ਖੋਲ੍ਹਾਂਗੇ, ਹੁਣ ਕਿਉਂਕਿ ਇਲੈਕਸ਼ਨ ਆ ਗਏ ਹਨ ਇਸ ਕਰਕੇ ਲੋਕਾਂ ਨੂੰ ਗੁਮਰਾਹ ਕਰਕੇ ਇਸ ਤ੍ਰਹਾਂ ਕਰ ਰਹੇ ਹਨ । ਮੈਂ ਕਹਿੰਦਾ ਹਾਂ ਕਿ ਇਸ ਤਰ੍ਹਾਂ ਸਾਰੇ ਪੰਜਾਬ ਵਿਚ ਸਸਤੇ ਭਾਅ ਦੇ ਡਿਪੂ ਖੋਲ੍ਹੇ ਜਾਣੇ ਚਾਹੀਦੇ ਹਨ ਅਤੇ ਗਰੀਬ ਆਦਮੀਆਂ ਨੂੰ ਸਸਤੇ ਭਾਅ ਤੇ ਚੀਜ਼ਾਂ ਮੁਹੱਈਆ ਕੀਤੀਆਂ ਜਾਣੀਆਂ ਚਾਹੀਦੀਆਂ ਹਨ । ਅੱਜ ਜਿਹੜੇ ਗਰੀਬ ਆਦਮੀ ਹਨ ਜਾਂ ਜਿਹੜੇ ਮੁਲਾਜ਼ਮ ਹਨ, ਉਨ੍ਹਾਂ ਦੀ ਬਹੁਤ ਬੁਰੀ ਹਾਲਤ ਹੈ । ਮਹਿੰਗਾਈ ਇਕ ਸਾਲ ਵਿਚ 27 ਫ਼ੀ ਸਦੀ ਵੱਧ ਗਈ ਹੈ । ਅੱਜ ਜਿਹੜਾ 400 ਰੁਪਿਆ ਤਨਖਾਹ ਲੈਂਦਾ ਹੈ ਉਸ ਦੇ ਪੱਲੇ 300 ਰੁਪਿਆ ਵੀ ਨਹੀਂ ਪੈਂਦਾ । ਇਕ ਸੌ ਰੁਪਿਆ ਮਹਿੰਗਾਈ ਵੱਧ ਕੇ ਖਾ ਗਈ ਹੈ । ਇਸ ਲਈ ਉਨ੍ਹਾਂ ਨੂੰ ਵੀ ਸਸਤੇ ਭਾਅ ਤੇ ਚੀਜ਼ਾਂ ਅਤੇ ਦੂਜੇ ਗਰੀਬ ਲੋਕਾਂ ਨੂੰ ਵੀ ਸਸਤੇ ਭਾਅ ਤੇ ਚੀਜ਼ਾਂ ਦੇਣੀਆਂ ਚਾਹੀਦੀਆਂ ਹਨ ਕਿਉਂਕਿ ਉਨ੍ਹਾਂ ਦੀ ਹਾਲਤ ਅੱਜ ਬੜੀ ਖਸਤਾ ਅਤੇ ਮਾੜੀ ਹੈ । ਲਾਈਨ ਵਿਚ ਲੱਗੇ ਉਨ੍ਹਾਂ ਨੂੰ ਇਕ ਦਿਨ ਵਿਚ ਘਿਓ ਨਹੀਂ ਮਿਲਦਾ ਇਸ ਲਈ ਮੈਂ ਕਹਾਂਗਾ ਕਿ ਐਤਵਾਰ ਨੂੰ ਵੀ ਡਿਪੂ ਖੋਲ੍ਹੇ ਜਾਣ ਤਾਂ ਕਿ ਮੁਲਾਜ਼ਮਾਂ ਨੂੰ ਚੀਜ਼ਾਂ ਮਿਲ ਸਕਣ । ਡਿਪਟੀ ਸਪੀਕਰ ਸਾਹਿਬ, ਜਿਹੜੇ ਬਲੈਕ ਖੋਰੀਏ ਹਨ ਉਨ੍ਹਾਂ ਨੂੰ ਹਰ ਚੀਜ਼ ਮਿਲ ਜਾਂਦੀ ਹੈ । ਉਨ੍ਹਾਂ ਨੂੰ ਮਹਿੰਗਾਈ ਨਾਲ ਕੋਈ ਵਾਸਤਾ ਨਹੀਂ ਹੈ । ਉਨ੍ਹਾਂ ਵੱਲੋਂ ਜਿੰਨੀਆਂ ਮਰਜ਼ੀ ਹੈ ਕੀਮਤਾਂ ਵੱਧ ਜਾਣ ਉਨ੍ਹਾਂ ਨੂੰ ਤਾਂ ਚੀਜ਼ਾਂ ਮਿਲ ਹੀ ਜਾਣੀਆਂ ਹਨ । ਤੇਲ ਦੀ ਢੋਲੀ (ਪੀਪੀ) ਜਿਹੜੀ ਹੈ ਉਹ 18 ਰੁਪਏ ਦੀ 40 ਰੁਪਏ ਵਿਚ ਬਲੈਕ ਵਿਚ ਮਿਲਦੀ ਹੈ ਅਤੇ ਇਸੇ ਤਰ੍ਹਾਂ ਹੀ ਕਾਲੇ ਤੇਲ ਦੀ ਵੀ 20 ਰੁਪਏ ਵਿਚ ਬਲੈਕ ਵਿਚ ਮਿਲਦੀ ਹੈ । ਇਸ ਤਰ੍ਹਾਂ ਇਹ ਲੋਕਾਂ ਨੂੰ ਮਾਰ ਰਹੇ ਹਨ । ਇਸ ਲਈ ਇਨ੍ਹਾਂ ਚੀਜ਼ਾਂ ਦੀਆਂ ਕੀਮਤਾਂ ਨੂੰ ਨੱਥ ਪਾਉਣੀ ਚਾਹੀਦੀ ਹੈ । ਮਹਿੰਗਾਈ ਨੂੰ ਨੱਥ ਪਾਉਣੀ ਚਾਹੀਦੀ ਹੈ । ਡਿਪਟੀ ਸਪੀਕਰ ਸਾਹਿਬ, ਇਸ ਸਰਕਾਰ ਨੇ ਪਿਛਲੇ ਸਾਲ ਐਲਾਨ ਕੀਤਾ ਸੀ ਕਿ ਕਣਕ (ਅਨਾਜ) ਦੀ ਜ਼ਬਰੀ ਤੌਰ ਤੇ ਵਸੂਲੀ ਕੀਤੀ ਜਾਵੇਗੀ ਪਰ ਇਹ ਸਰਕਾਰ ਉਸ ਵਿਚ ਬੁਰੀ ਤਰ੍ਹਾਂ ਫ਼ੇਲ੍ਹ ਹੋਈ ਹੈ । ਹੁਣ ਪਿਛੇ ਜਿਹੇ ਕਹਿੰਦੇ ਹਨ ਕਿ ਸਾਡੇ ਕੋਲ ਅਨਾਜ਼ ਦੇ ਜਾਉ ਅਸੀਂ ਤੁਹਾਨੂੰ ਕੁਝ ਨਹੀਂ ਕਹਿੰਦੇ ਅਤੇ ਨਹੀਂ ਤਾਂ ਜ਼ਬਰੀ ਤੌਰ ਤੇ ਵਸੂਲੀ ਹੋਵੇਗੀ । ਚਾਹੀਦਾ ਇਹ ਹੈ ਕਿ ਸਰਕਾਰ ਗਰੀਬਾਂ ਨੂੰ ਸਸਤੇ ਭਾਅ ਤੇ ਅਨਾਜ ਦੇਵੇ ਅਤੇ ਕਿਸਾਨ ਨੂੰ ਵੀ ਚੰਗਾ ਭਾਅ ਦੇਵੇ । ਕਿਸਾਨ ਨੂੰ ਚੰਗਾ ਭਾਅ ਨਹੀਂ ਮਿਲਦਾ । 76 ਰੁਪਏ ਵਿਚ ਤਾਂ ਉਸ ਦਾ ਖਰਚ ਹੀ ਪੂਰਾ ਨਹੀਂ ਹੁੰਦਾ । ਇਸ ਲਈ ਮੈਂ ਕਹਿੰਦਾ ਹਾਂ ਕਿ 10 ਕਿੱਲੇ ਤੱਕ ਜਿਸ ਦੀ ਜ਼ਮੀਨ ਹੈ ਉਸ ਨੂੰ ਸੌ ਰੁਪਏ ਦਾ ਦੇ ਦਿਓ । 70 ਰੁਪਏ ਤੱਕ ਸਰਕਾਰ ਆਪਣੇ ਕੋਲੋਂ ਪੈਸੇ ਦੇ ਕੇ ਡਿਪੂਆਂ ਰਾਹੀਂ ਉਨ੍ਹਾਂ ਨੂੰ ਅਨਾਜ ਦੇਵੇ ਬਾਕੀ ਜਿਹੜੇ 10 ਕਿਲੇ ਤੋਂ ਉਪਰ ਵਾਲੇ ਹਨ ਉਨ੍ਹਾਂ ਤੋਂ 76 ਰੁਪਏ ਕੁਇੰਟਲ ਦੇ ਹਿਸਾਬ ਨਾਲ ਲਵੋ । ਜਿਹੜੇ ਜਾਗੀਰਦਾਰ ਹਨ ਜਾਂ ਬੜੇ ਤਕੜੇ ਤਕੜੇ ਜਿਮੀਂਦਾਰ ਹਨ ਉਨ੍ਹਾਂ ਕੋਲੋਂ ਜਬਰੀ ਵਸੂਲੀ ਕਰੋ । ਡਿਪਟੀ ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਇਹ ਮਸਲਾ ਹੱਲ ਹੋਵੇਗਾ ਨਹੀਂ ਤਾਂ ਇਹ ਮਸਲਾ ਹੱਲ ਨਹੀਂ ਹੋਣਾ ਅਤੇ ਗਰੀਬਾਂ ਦੀ ਹਾਲਤ ਬਹੁਤ ਖਰਾਬ ਹੋ ਜਾਵੇਗੀ । (ਵਿਘਨ) ਤੁਹਾਨੂੰ ਪਤਾ ਹੈ ਕਿ ਗੁਜਰਾਤ ਵਿਚ ਕੀ ਹੋ ਰਿਹਾ ਹੈ ? ਪੰਜਾਬ ਵਿਚ ਵੀ ਬਹੁਤੀ ਦੇਰ ਨਹੀਂ ਹੈ ਇਥੇ ਵੀ ਉਹੀ ਹਾਲਤ ਹੋ ਜਾਵੇਗੀ ਜੇ ਇਹੀ ਹਾਲਤ ਰਹੀ ਤਾਂ ।

ਸਰਦਾਰ ਹਰਚੰਦ ਸਿੰਘ : ਇਸ ਨੂੰ ਪਾਸ ਕਰੋ, ਟਾਈਮ ਥੋੜ੍ਹਾ ਹੈ ।

ਮਾਸਟਰ ਚੰਦ ਸਿੰਘ : ਇਨ੍ਹਾਂ ਨੂੰ ਆਦਤ ਹੀ ਹੈ ਇਸ ਤਰ੍ਹਾਂ ਵਿਚ ਬੋਲਣ ਦੀ ।(ਵਿਘਨ) ** ** ਮੈਂ ਇਸ ਰੈਜ਼ੋਲਿਊਸ਼ਨ ਦੀ ਪ੍ਰੋੜ੍ਹਤਾ ਕਰਦਾ ਹਾਂ, ਸਸਤੇ ਭਾਅ ਤੇ ਡਿਪੂ ਖੋਲੇ ਜਾਣ । ਗਰੀਬਾਂ, ਹਰੀਜਨਾਂ ਨੂੰ ਨੌਕਰੀਆਂ ਦਿੱਤੀਆਂ ਜਾਣ, ਡਿਪੂ ਅਲਾਟ ਕਰਕੇ ।

Mr. Deputy Speaker : It should not form part of the record. No personal charge can be made against the Member.

ਕਾਮਰੇਡ ਦਾਨਾ ਰਾਮ (ਲੰਬੀ, ਐਸ. ਸੀ.) : ਡਿਪਟੀ ਸਪੀਕਰ ਸਾਹਿਬ, ਇਥੇ ਬੇਰੁਜ਼ਗਾਰੀ ਅਤੇ ਡਿਪੂਆਂ ਦੇ ਬਾਰੇ ਵਿਚ ਰੈਜ਼ੋਲਿਊਸ਼ਨ ਰੱਖਿਆ ਗਿਆ ਹੈ । ਇਸ ਵਿਚ ਸਮਾਜਵਾਦ ਦਾ ਵੀ ਜ਼ਿਕਰ ਕੀਤਾ ਗਿਆ ਹੈ । ਇਹ ਠੀਕ ਹੈ । ਸਮਾਜਵਾਦ ਦਾ ਇਨ੍ਹਾਂ ਦੋਨਾਂ ਪਾਸਿਆਂ ਵਾਲਿਆਂ (ਕਾਂਗਰਸ ਪਾਰਟੀ ਅਤੇ ਅਕਾਲੀ ਪਾਰਟੀ ਵੱਲ ਇਸ਼ਾਰਾ) ਨੂੰ ਪਤਾ ਨਹੀਂ ਇਹ ਸਮਾਜਵਾਦ ਕੀ ਲਿਆਉਣਗੇ । ਇਨ੍ਹਾਂ ਦੀ ਨੀਤੀ ਇਹੋ ਜਿਹੀ ਹੈ ਕਿ ਉਹ ਸਮਾਜਵਾਦ ਵੱਲ ਇਨ੍ਹਾਂ ਨੂੰ ਮੂੰਹ ਨਹੀਂ ਕਰਨ ਦਿੰਦੀ । ਇਹ ਸਮਾਜਵਾਦ ਕਿਸ ਤਰ੍ਹਾਂ ਲਿਆਉਂਦੇ ਹਨ, ਇਸ ਦਾ ਤੁਹਾਨੂੰ ਪਤਾ ਹੀ ਹੈ । ਅੱਜ ਦੀ ਸਰਕਾਰ ਦੀ ਪਾਲਿਸੀ ਇਹ ਹੈ ਕਿ ਇਹ ਪੁਲਿਸ ਨੂੰ ਆਰਡਰ ਕਰ ਦਿੰਦੇ ਹਨ ਕਿ ਤੁਸੀਂ ਹਰੀਜਨਾਂ ਦੇ ਮੁਹੱਲਿਆਂ ਵਿਚ ਜਾ ਕੇ ਉਨ੍ਹਾਂ ਨੂੰ ਡਿਪੂ ਦੇ ਦਿਉ । ਮੈਂ ਕਹਿੰਦਾ ਹਾਂ ਕਿ ਖੁਰਾਕ ਮੰਤਰੀ ਅਤੇ ਇਨ੍ਹਾਂ ਦੇ ਮਹਿਕਮੇ ਨੂੰ ਕੋਈ ਪਤਾ ਨਹੀਂ ਹੈ ਕਿ ਡਿਪੂ ਦੇਣੇ ਕਿਸ ਤਰ੍ਹਾਂ ਹਨ । ਡਿਪੂ ਦੇਣ ਲਈ ਪੁਲਿਸ ਨੂੰ ਆਰਡਰ ਕਰ ਦਿੰਦੇ ਹਨ ਕਿ ਤੁਸੀਂ ਜਾ ਕੇ ਹਰੀਜਨਾਂ ਦੇ ਮੁਹੱਲਿਆਂ ਵਿਚ ਜਾ ਕੇ ਕੁਟਾਪਾ ਕਰੋ ਅਤੇ ਡਿਪੂ ਆਪੇ ਹੀ ਆ ਜਾਣਗੇ । (ਵਿਘਨ) ਸਮਾਜਵਾਦ ਲਿਆਉਣ ਵਾਲੇ ਇਹ ਜਿਹੜੇ ਦੋਨੋਂ ਪਾਸਿਆਂ ਤੇ ਬੈਠੇ ਹਨ ਇਨ੍ਹਾਂ ਨੂੰ ਕੀ ਪਤਾ ਹੈ ਕਿ ਸਮਾਜਵਾਦ ਕਿਸ ਤਰ੍ਹਾਂ ਲਿਆਉਣਾ ਹੈ । 1967 ਵਿਚ ਕਣਕ ਦਾ ਭਾਅ ਕੀ ਸੀ, 1968 ਵਿਚ ਕੀ ਸੀ ਅਤੇ ਹੁਣ ਕੀ ਹੈ ? ਕਿਸਾਨ ਨੇ ਅਨਾਜ ਵਿਚ ਰੈਵੋਲਿਊਸ਼ਨ ਲਿਆਂਦਾ ਹੈ । (ਵਿਘਨ) ਮੈਂ ਗਿਆਨੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਵੇਂ ਤੁਸੀਂ ਸਮਾਜਵਾਦ ਦਾ ਨਾਹਰਾ ਦਿੰਦੇ ਹੋ, ਉਸ ਨੂੰ ਲਿਆ ਕੇ ਵੀ ਦਿਖਾਓ । ਜੇ ਤੁਸੀਂ ਸਮਾਜਵਾਦ ਦਾ ਨਾਹਰਾ ਦਿੰਦੇ ਹੋ ਤਾਂ ਫਿਰ ਤੁਹਾਨੂੰ ਅੰਮ੍ਰਿਤਸਰ ਵਾਲੀ ਗੱਲ ਨਹੀਂ ਭੁਲਣੀ ਚਾਹੀਦੀ । ਅੰਮ੍ਰਿਤਸਰ ਨੂੰ ਤੁਸੀਂ ਰਿਆਇਤ ਦਿੱਤੀ ਹੈ, ਮੈਂ ਕਹਿੰਦਾ ਹਾਂ ਕਿ ਸਾਰੇ ਪੰਜਾਬ ਵਿਚ ਇਸ ਤਰ੍ਹਾਂ ਰਿਆਇਤ ਦੇਣੀ ਚਾਹੀਦੀ ਹੈ । ਖੇਤ ਮਜ਼ਦੂਰ ਨੂੰ, ਹਰੀਜਨਾਂ ਨੂੰ ਅਤੇ ਹੋਰ ਗਰੀਬਾਂ ਨੂੰ ਸਬਸੇਡਾਈਜ਼ਡ ਰੇਟਸ ਤੇ ਅਨਾਜ ਅਤੇ ਦਾਲਾਂ ਦੇਣੀਆਂ ਚਾਹੀਦੀਆਂ ਹਨ, ਫਿਰ ਚੰਗੀ ਗੱਲ ਹੋਵੇਗੀ । ਸੀ. ਐਮ. ਸਾਹਿਬ ਸਮਾਜਵਾਦ ਲਿਆਉਣਾ ਚਾਹੁੰਦੇ ਹਨ ਤਾਂ ਜਿਸ ਤਰ੍ਹਾਂ ਮੈਂ ਕਿਹਾ ਹੈ ਉਸ ਮੁਤਾਬਿਕ ਕੀਤਾ ਜਾਵੇ । ਮੇਰੇ ਸਾਥੀਓ, ਜਿਵੇਂ ਬਾਦਲ ਸਾਹਿਬ ਨੇ ਕਿਹਾ ਕਿ ਇਹ ਸਮਾਜਵਾਦ...............

ਸ੍ਰੀ ਡਿਪਟੀ ਸਪੀਕਰ : ਦਾਨਾ ਰਾਮ ਜੀ, ਤੁਸੀਂ ਕਮਿਊਨਿਸਟ ਪਾਰਟੀ ਦੇ ਜਲਸੇ ਨੂੰ ਐਡਰੈਸ ਨਹੀਂ ਕਰ ਰਹੇ । (ਹਾਸਾ) (ਵਿਘਨ) (Dana Ram ji, you are not addressing the meeting of the Communist party.) (*Laughter*) (*Interruption*)

ਕਾਮਰੇਡ ਦਾਨਾ ਰਾਮ : ਡਿਪਟੀ ਸਪੀਕਰ ਸਾਹਿਬ, ਮੈਂ ਬੇਰੋਜ਼ਗਾਰੀ ਦੇ ਮਸਲੇ ਤੇ ਬੋਲ ਰਿਹਾ ਹਾਂ ।

ਕਾਮਰੇਡ ਸੱਤ ਪਾਲ ਡਾਂਗ : ਡਿਪਟੀ ਸਪੀਕਰ ਸਾਹਿਬ, ਇਹ ਕਮਿਊਨਿਸਟ ਪਾਰਟੀ ਦਾ ਜਲਸਾ ਨਹੀਂ ਹੈ । ਇਹ ਕਾਂਗਰਸ ਅਤੇ ਅਕਾਲੀਆਂ ਦਾ ਜਲਸਾ ਹੈ, ਸ਼ਾਇਦ ਇਨ੍ਹਾਂ ਨੂੰ ਅੱਕਲ ਆ ਜਾਵੇ ।

**Expunged as ordered by the Chair.

ਕਾਮਰੇਡ ਦਾਨਾ ਰਾਮ : ਮੈਂ ਇਨ੍ਹਾਂ ਨੂੰ ਕਹਾਂਗਾ ਕਿ ਜਿਹੜੀ ਵਾਧੂ ਜ਼ਮੀਨ ਹੈ ਉਹ ਲੈ ਕੇ ਗਰੀਬਾਂ ਵਿਚ ਵੰਡੀ ਜਾਵੇ । ਜਿਵੇਂ ਇਥੇ ਸਰਾਏ ਵਾਲਿਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ । ਸ਼ਾਇਦ ਬਾਦਲ ਸਾਹਿਬ ਵੱਲ ਉਨ੍ਹਾਂ ਨੇ ਧਿਆਨ ਨਹੀਂ ਦਿੱਤਾ ਕਿਸ ਤਰ੍ਹਾਂ ਉਨ੍ਹਾਂ ਨੇ ਟਾਲੀਆਂ ਲਾ ਕੇ ਜ਼ਮੀਨ ਮੱਲੀ ਹੋਈ ਹੈ । (ਵਿਘਨ) (ਸ਼ੋਰ)

ਸਰਦਾਰ ਗੁਰਦੇਵ ਸਿੰਘ ਬਾਦਲ : ਡਿਪਟੀ ਸਪੀਕਰ ਸਾਹਿਬ, ਮੈਂ ਸਰਦਾਰ ਹਰਚੰਦ ਸਿੰਘ ਦਾ ਨਾਮ ਨਹੀਂ ਸੀ ਲਿਆ । ਮੈਂ ਤਾਂ ਜਿਹੜਾ ਐਗਰੀਕਲਚਰ ਫਾਰਮ ਜਿਹੜੇ ਸਰਕਾਰੀ ਹਨ, ਉਨ੍ਹਾਂ ਦਾ ਨਾਮ ਲਿਆ ਸੀ ਕਿ ਉਹ ਜਿਹੜੀ ਸਾਰੀ ਜ਼ਮੀਨ ਹੈ ਉਹ ਹਰੀਜਨਾਂ ਵਿਚ ਵੰਡ ਦਿੱਤੀ ਜਾਵੇ ਐਵੇਂ ਜੱਟਾਂ ਤੇ ਸਾਨੂੰ ਟੰਬੇ ਕਿਉਂ ਪਵਾਉਂਦੇ ਹੋ ।

ਕਾਮਰੇਡ ਦਾਨਾ ਰਾਮ : ਉਥੇ ਇਕ ਟਾਹਲੀ ਫਾਰਮ ਬਣਿਆ ਹੈ । (ਵਿਘਨ) ਮੈਂ ਕਹਿੰਦਾ ਹਾਂ ਕਿ ਜਿਹੜੀ ਫ਼ਾਲਤੂ ਜ਼ਮੀਨ ਹੈ, ਜਿਹੜੀ ਸਰਪਲੱਸ ਜ਼ਮੀਨ ਹੈ ਉਹ ਉਨ੍ਹਾਂ ਵਿਚ ਵੰਡੀ ਜਾਵੇ । ਸੀਲਿੰਗ ਬਾਰੇ ਜਿਹੜਾ ਸਰਕਾਰ ਨੇ ਫ਼ੈਸਲਾ ਕੀਤਾ ਹੈ ਉਸ ਉਤੇ ਹਾਈ ਕੋਰਟ ਨੇ ਫੈਸਲਾ ਦੇ ਕੇ ਉਸ ਨੂੰ ਗ਼ਲਤ ਕਰਾਰ ਦੇ ਦਿੱਤਾ ਹੈ । ਇਸ ਲਈ ਮੈਂ ਕਹਾਂਗਾ ਕਿ ਜਿਹੜੀ ਸਰਪਲੱਸ ਜ਼ਮੀਨ ਹੈ, ਉਹ ਖੇਤ ਮਜ਼ਦੂਰਾਂ ਅਤੇ ਹਰੀਜਨਾਂ ਵਿਚ ਵੰਡੀ ਜਾਵੇ ਤਾਂ ਕਿ ਉਨ੍ਹਾਂ ਵਿਚ ਸਮਾਜਵਾਦ ਆ ਸਕੇ । ਹੁਣ ਇਹ ਕਹਿੰਦੇ ਹਨ ਕਿ ਡਿਪੂ ਖੋਲ੍ਹਣੇ ਹਨ । ਇਹ ਚੰਗੀ ਗੱਲ ਹੈ ਕਿ ਇਨ੍ਹਾਂ ਨੇ ਡਿਪੂ ਖੋਲ੍ਹਣੇ ਹਨ ਪਰ ਇਹ ਡਿਪੂ ਲੈਣੇ ਕਿਸ ਨੇ ਹਨ ? ਡਿਪਟੀ ਸਪੀਕਰ ਸਾਹਿਬ, ਇਹ ਡਿਪੂ ਲੈਣੇ ਉਸ ਨੇ ਹਨ, ਜਿਸ ਦੀ ਜੇਬ ਵਿਚ ਪੈਸੇ ਹਨ ਗਰੀਬ ਹਰੀਜਨ ਜਾਂ ਕੋਈ ਖੇਤ ਮਜ਼ਦੂਰ ਜਾਂ ਗ਼ਰੀਬ ਕਿਸਾਨ ਇਹ ਲੈ ਹੀ ਨਹੀਂ ਸਕਦਾ । ਉਨ੍ਹਾਂ ਨੂੰ ਤਾਂ ਅਫ਼ਸਰਾਂ ਦੇ ਨੇੜੇ ਨਹੀਂ ਲੱਗਣ ਦੇਣਾ । ਉਨ੍ਹਾਂ ਵਚਾਰਿਆਂ ਨੇ ਕਿਥੋਂ ਇਹ ਡਿਪੂ ਲੈ ਲੈਣੇ ਹਨ । ਸਰਕਾਰ ਨੂੰ ਚਾਹੀਦਾ ਹੈ ਕਿ ਜਿਸ ਤਰ੍ਹਾਂ ਅੰਮ੍ਰਿਤਸਰ ਦੇ ਵਿਚ ਇੰਤਜ਼ਾਮ ਕੀਤਾ ਹੈ ਇਸ ਤਰ੍ਹਾਂ ਹੀ ਪੰਜਾਬ ਦੀਆਂ ਬਾਕੀ ਥਾਵਾਂ ਤੇ ਵੀ ਪ੍ਰਬੰਧ ਕਰੇ ਤਾਂ ਕਿ ਲੋਕਾਂ ਨੂੰ ਸਸਤੇ ਭਾਅ ਵਿਚ ਅਨਾਜ, ਕਪੜਾ, ਦਾਲਾਂ ਅਤੇ ਹੋਰ ਜ਼ਰੂਰਤ ਦੀਆਂ ਚੀਜ਼ਾਂ ਸਸਤੇ ਭਾਅ ਤੇ ਮਿਲ ਸਕਣ ।

ਡਿਪਟੀ ਸਪੀਕਰ ਸਾਹਿਬ, ਇਕ ਹਰਚੰਦ ਸਿੰਘ ਕਮੇਟੀ ਬਣੀ ਔਰ ਉਸ ਕਮੇਟੀ ਨੇ ਜ਼ਮੀਨ ਕੱਢ ਕੇ ਮੈਦਾਨ ਵਿਚ ਰੱਖ ਦਿੱਤੀ ਕਿ ਇਹ ਪਈ ਹੈ ਜ਼ਮੀਨ । ਇਹ ਜ਼ਮੀਨ ਦੱਬਣ ਵਾਲੇ ਕੌਣ ਕੌਣ ਸੀ ਅਤੇ ਕਿਸ ਕਿਸ ਨੇ ਜ਼ਬਰਦਸਤੀ ਜ਼ਮੀਨ ਦੱਬੀ ਸਾਰਾ ਕੁਝ ਲਿਆ ਕੇ ਸਾਹਮਣੇ ਰੱਖ ਦਿੱਤਾ। ਸਰਕਾਰ ਨੇ ਇਹ ਚੰਗਾ ਕੰਮ ਕੀਤਾ ਸੀ ਇਸ ਕੰਮ ਦੇ ਲਈ ਕਮੇਟੀ ਬਣਾਈ ਸੀ ਪਰ ਸਰਕਾਰ ਨੇ ਇਕ ਗੱਲ ਚੰਗੀ ਨਹੀਂ ਕੀਤੀ । ਜਿਨ੍ਹਾਂ ਅਸਫ਼ਰਾਂ ਨੇ ਜਾਂ ਜਿਨ੍ਹਾਂ ਹੋਰ ਬੰਦਿਆਂ ਨੇ ਜ਼ਬਰਦਸਤੀ ਜ਼ਮੀਨ ਦੱਬੀ ਹੋਈ ਹੈ ਉਨ੍ਹਾਂ ਕੋਲੋਂ ਖੋਹ ਕੇ ਗ਼ਰੀਬ ਹਰੀਜਨਾਂ ਨੂੰ ਵੰਡਣੀ ਚਾਹੀਦੀ ਹੈ ਸੀ ਪਰ ਸਰਕਾਰ ਨੇ ਇਹ ਕੰਮ ਚੰਗਾ ਨਹੀਂ ਕੀਤਾ ਕਿ ਜ਼ਮੀਨ ਬਜਾਏ ਉਨ੍ਹਾਂ ਤੋਂ ਲੈਣ ਦੇ, ਉਨ੍ਹਾਂ ਅਫ਼ਸਰਾਂ ਨੂੰ ਤਰੱਕੀ ਦੇ ਦਿੱਤੀ । ਡਿਪਟੀ ਸਪੀਕਰ ਸਾਹਿਬ, ਆਉਣ ਵਾਲੇ ਟਾਈਮ ਵਿਚ ਸਰਕਾਰ ਜਾਂ ਸਰਕਾਰ ਦੀ ਪਾਰਟੀ ਜਦੋਂ ਲੋਕਾਂ ਵਿਚ ਜਾ ਕੇ ਖੜੇਗੀ ਤਾਂ ਲੋਕ ਇਨ੍ਹਾਂ ਨੂੰ ਪੁਛਣਗੇ ਕਿ ਹਰਚੰਦ ਸਿੰਘ ਕਮੇਟੀ ਦੇ ਮੁਤਾਬਿਕ ਜੋ ਜ਼ਮੀਨਾਂ ਲੋਕਾਂ ਨੇ ਦੱਬੀਆਂ ਹੋਈਆਂ ਸੀ ਉਸ ਦਾ ਕੀ ਬਣਿਆ ਅਤੇ ਜਿਨ੍ਹਾਂ ਲੋਕਾਂ ਨੇ ਜ਼ਮੀਨ ਦੱਬੀ ਸੀ, ਉਹਨਾਂ ਨੂੰ ਕੀ ਸਜ਼ਾ ਦਿੱਤੀ ਗਈ, ਕੀ ਜ਼ਮੀਨ ਉਨ੍ਹਾਂ ਤੋਂ ਖੋਹੀ, ਕਿਵੇਂ ਹੋਇਆ ? ਇਹ ਸਾਰਾ ਕੁਝ ਲੋਕ ਹੀ ਇਨ੍ਹਾਂ ਨੂੰ ਪੁਛਣਗੇ ਮੈਂ ਕੁਝ ਨਹੀਂ ਕਹਿੰਦਾ... .... (ਵਿਘਨ)

ਇੱਕ ਆਵਾਜ਼ : ਯੂ. ਪੀ. ਵਿਚ ਹੀ ਪਤਾ ਲੱਗ ਗਿਆ ਹੈ । (ਵਿਘਨ)

ਕਾਮਰੇਡ ਦਾਨਾ ਰਾਮ : ਯੂ. ਪੀ. ਵਿਚ ਇਨ੍ਹਾਂ ਨੂੰ ਅਕਾਲੀਆਂ ਨੇ ਜਿਤਾਇਆ ਹੈ । (ਵਿਘਨ) ਉਥੇ ਸਮਾਜਵਾਦ ਨਹੀਂ ਦੇਖਿਆ, ਇਕ ਹੋਰ ਬਿਮਾਰੀ ਵੀ ਹੈ... ......(ਵਿਘਨ) ਕਮਿਊਨਿਸਟ ਪਾਰਟੀ ਦਾ ਤੁਹਾਡੇ ਨਾਲ ਸਮਝੌਤਾ ਲੈਣ ਦੇਣ ਦਾ ਹੈ ਉਸ ਨਾਲ ਵੀ ਤੁਸੀਂ ਬੱਚ ਗਏ ਹੋ ।

ਡਿਪਟੀ ਸਪੀਕਰ ਸਾਹਿਬ, ਮੈਂ ਰੈਜ਼ੋਲਿਊਸ਼ਨ ਵੱਲ ਆਉਂਦਾ ਹਾਂ ਦੂਸਰੇ ਪਾਸੇ ਨਹੀਂ ਜਾਣਾ ਚਾਹੁੰਦਾ । ਜੇ ਸਮਾਜਵਾਦੀ ਪਾਰਟੀ ਸਮਾਜਵਾਦ ਲਿਆਉਣਾ ਚਾਹੁੰਦੀ ਹੈ ਤਾਂ ਬੇਰੁਜ਼ਗਾਰ ਲੋਕਾਂ ਨੂੰ ਰੁਜ਼ਗਾਰ ਦਿਉ, ਖੇਤ ਮਜ਼ਦੂਰਾਂ ਨੂੰ ਜਿਥੇ ਤੁਸੀਂ ਛੇ ਸਾਢੇ ਛੇ ਰੁਪਏ ਦਿਹਾੜੀ ਦਾ ਇਕਰਾਰ ਕੀਤਾ ਹੈ ਉਹ ਦਿਉ ਅਤੇ ਉਨ੍ਹਾਂ ਨੂੰ ਪੂਰੇ ਪੈਸੇ ਦਿਵਾਉਣ ਵਾਸਤੇ ਗਰੰਟੀ ਕਰੋ ਅਤੇ ਇਸ ਕੰਮ ਦੇ ਲਈ ਕੋਈ ਇਨਸਪੈਕਟਰ ਵਗੈਰਾ ਮੁਕੱਰਰ ਕਰੋ ਜਿਹੜੇ ਦੇਖਣ ਕਿ ਵਾਕਈ ਉਨ੍ਹਾਂ ਨੂੰ ਪੈਸੇ ਮਿਲੇ ਹਨ। ਜਿਹੜੇ ਉਹ ਵਿਚਾਰੇ ਰੋਜ਼ ਰੋਜ਼ ਬਾਈਕਾਟ ਕਰਦੇ ਹਨ ਉਨ੍ਹਾਂ ਦੇ ਬਾਈਕਾਟਾਂ ਨੂੰ ਰੋਕੋ ਤਾਂ ਸਹੀ, ਮਾਹਨੇ ਵਿਚ ਸਮਾਜਵਾਦ ਆਵੇਗਾ । ਡਿਪਟੀ ਸਪੀਕਰ ਸਾਹਿਬ, ਦੂਜੇ ਪਾਸੇ ਪਿੰਡਾਂ ਵਿਚ ਪੰਚਾਇਤਾਂ ਬਣੀਆਂ ਔਰ ਉਸ ਵਿਚ ਵੀ ਉਡੀਕ ਰਹੇ ਹਨ ਕਿ ਅਸੀਂ ਸੰਮਤੀਆਂ ਔਰ ਜ਼ਿਲ੍ਹਾ ਪ੍ਰੀਸ਼ਦਾਂ ਦੀਆਂ ਵੋਟਾਂ ਪੁਆ ਕੇ ਅਸੀਂ ਕੋਈ ਮਸਲਾ ਹੱਲ ਕਰ ਲਵਾਂਗੇ । (ਵਿਘਨ) ਪਰ ਡਿਪਟੀ ਸਪੀਕਰ ਸਾਹਿਬ, ਗੱਲਾਂ ਨਾਲ ਮਸਲੇ ਹੱਲ ਨਹੀਂ ਹੋਣੇ ਲੋਕਾਂ ਨੂੰ ਕੁੱਝ ਕਰਕੇ ਵਿਖਾਉਣਾ ਪਵੇਗਾ । ਸਰਕਾਰ ਅੱਜ ਕੀ ਕਰ ਰਹੀ ਹੈ ? ਪੁਲਿਸ ਵਾਲਿਆਂ ਨੂੰ ਖੁੱਲ੍ਹੀ ਛੁਟੀ ਦਿੱਤੀ ਹੋਈ ਹੈ ਅਤੇ ਦੂਸਰੇ ਮਹਿਕਮਿਆਂ ਨੂੰ ਛੁੱਟੀ ਦਿੱਤੀ ਹੋਈ ਹੈ ਕਿ ਕੁਰੱਪਸ਼ਨ ਕਰੋ । ਤੁੱਸੀਂ ਆਪ ਦੇਖੋ ਕਿ ਨਹਿਰ ਦਾ ਮਹਿਕਮਾ ਕਿਵੇਂ ਕੁਰੱਪਸ਼ਨ ਕਰ ਰਿਹਾ ਹੈ, ਮਾਲ ਦਾ ਮਹਿਕਮਾ ਕਿਵੇਂ ਕੁਰੱਪਸ਼ਨ ਕਰ ਰਿਹਾ ਹੈ.........(ਵਿਘਨ)

ਸ੍ਰੀ ਪ੍ਰੇਮ ਗੁਪਤਾ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਡਿਪਟੀ ਸਪੀਕਰ ਸਾਹਿਬ, ਕਾਮਰੇਡ ਸਾਹਿਬ ਨੇ ਆਪਣੀ ਸਪੀਚ ਵਿਚ ਇਕ ਬੜੀ ਸੀਰੀਅਸ ਗੱਲ ਕਹੀ ਹੈ ਕਿ ਕਾਂਗਰਸ ਨੂੰ ਅਕਾਲੀਆਂ ਨੇ ਜਿਤਾਇਆ ਹੈ ਯੂ. ਪੀ. ਦੇ ਵਿਚ । (ਵਿਘਨ) ਸੁਣ ਤਾਂ ਲਓ । (ਵਿਘਨ) ਡਿਪਟੀ ਸਪੀਕਰ ਸਾਹਿਬ, ਅਕਾਲੀ ਤਾਂ ਸੀ. ਬੀ. ਗੁਪਤਾ ਨੂੰ ਜਤਾਉਣ ਵਾਸਤੇ ਗਏ ਸੀ ਜਿਸ ਦੀ ਜ਼ਮਾਨਤ ਵੀ ਜ਼ਬਤ ਹੋ ਗਈ ਹੈ । ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਕਾਮਰੇਡ ਸਾਹਿਬ, ਇਹ ਗੱਲ ਠੀਕ ਨਹੀਂ ਕਹੀ ।

ਸਰਦਾਰ ਅਜਾਇਬ ਸਿੰਘ ਸੰਧੂ : ਇਹ ਚਾਨਣ ਵਿਚ ਰਹਿ ਰਹੇ ਸੁਜਾਖੇ ਨੂੰ ਬੜੀ ਦੂਰ ਦੀ ਸੁਝੀ ਹੈ ।

ਕਾਮਰੇਡ ਦਾਨਾ ਰਾਮ : ਜਿਹੜੀਆਂ ਹਰੀਜਨਾਂ• ਦੀਆਂ ਰਾਖਵੀਆਂ ਸੀਟਾਂ, ਡਿਪਟੀ ਸਪੀਕਰ ਸਾਹਿਬ, ਐਗਰੀਕਲਚਰ ਮਹਿਕਮੇ ਵਿਚ ਹਨ ਜਾਂ ਕਿਸੇ ਹੋਰ ਮਹਿਕਮੇ ਵਿਚ ਹਰੀਜਨਾਂ ਦੀਆਂ ਸੀਟਾਂ ਰਾਖਵੀਆਂ ਹਨ ਉਨ੍ਹਾਂ ਦੇ ਵਿਚ ਬੜੀ ਭਾਰੀ ਉਲਝਣ ਹੈ। ਸਾਡੀ ਵੈਲਫ਼ੇਅਰ ਕਮੇਟੀ ਦੇ ਵਿਚ ਮਾਸਟਰ ਗੁਰਬੰਤਾ ਸਿੰਘ ਜੀ ਮੈਂਬਰ ਹੁੰਦੇ ਸਨ ਤਾਂ ਉਹ ਰੋਜ਼ ਕਮੇਟੀ ਵਿਚ ਪਿਟਦੇ ਸਨ ਕਿ ਆਰ.ਕੇ. ਸਿੰਘ ਨੂੰ ਡਾਇਰੈਕਟਰ ਬਣਾਉਣਾ ਹੈ, ਜੁਆਇਟ ਡਾਇਰੈਕਟਰ ਬਣਾਉਣਾ ਹੈ। ਉਹ ਹੁਣ ਕਿਥੇ ਗਿਆ ਪਤਾ ਨਹੀਂ ਇਨ੍ਹਾਂ ਨੇ ਕਿਸੇ ਹੋਰ ਤੋਂ ** ** ** ਜਾਂ ਪਤਾ ਨਹੀਂ ਕੀ ਗੱਲ ਹੈ .... (ਵਿਘਨ

**Expunged as ordered by the Chair

ਸਰਦਾਰ ਜਸਦੇਵ ਸਿੰਘ ਸੰਧੂ : ਡਿਪਟੀ ਸਪੀਕਰ ਸਾਹਿਬ, ਇਹ ** ** ** ਗੱਲ ਕਟਣੀ ਚਾਹੀਦੀ ਹੈ। ਇਹ ਇਰਰੈਲੇਵੈਂਟ ਹੈ ਅਤੇ ਇਹ ਪ੍ਰੋਸੀਡਿੰਗਜ਼ ਵਿਚੋਂ ਕੱਟ ਦੇਣੀ ਚਾਹੀਦੀ ਹੈ।

ਸ਼੍ਰੀ ਡਿਪਟੀ ਸਪੀਕਰ : ** ** ਵਾਲੇ ਜੋ ਲਫ਼ਜ਼ ਹਨ should be expunged. (The words ** ** should be expunged)

MESSAGE FROM THE GOVERNOR

Mr. Deputy Speaker : I have received D.O. letter of 27th February, 1974 from Shri M.M. Chaudhuri, Governor, Punjab, which reads as follows :

> 'I have received your D.O. letter No. 23-LA-74/8302, dated 26th February, 1974, informing me of the motion of thanks passed by the Punjab Vidhan Sabha at its meeting held yesterday for the address I delivered to the House on the 18th February, 1974. Many thanks. I convey to you and through you to all the Hon'ble Members of the House my gratitude for this act of kindly passing the same. With regards.'

RESOLUTION (NON OFFICIAL)

Re : Allotment of Fair Price Depotr to Unemployed persons belonging to the Scheduled Castes (*Resumption of Discussion*)

ਕਾਮਰੇਡ ਦਾਨਾ ਰਾਮ : ਡਿਪਟੀ ਸਪੀਕਰ ਸਾਹਿਬ, ਸੈਂਟਰ ਦੀ ਸਰਕਾਰ ਨੇ ਪਲਾਟ ਦੇਣ ਦਾ ਫ਼ੈਸਲਾ ਕੀਤਾ ਕਿ ਹਰੀਜਨਾਂ ਨੂੰ ਪਲਾਟ ਦੇਣੇ ਹਨ। ਇਥੇ ਪੰਜਾਬ ਦੀ ਸਰਕਾਰ ਨੇ ਵੀ ਇਹ ਆਰਡਰ ਕੀਤਾ ਕਿ ਛੇਤੀ ਤੋਂ ਛੇਤੀ ਪਲਾਟ ਹਰੀਜਨਾਂ ਨੂੰ ਦਿਉ। ਇਥੋਂ ਦੇ ਮੁਲਾਜ਼ਮਾਂ ਨੇ ਇਕ ਐਵੇਂ ਹੀ ਨਕਸ਼ਾ ਬਣਾ ਕੇ ਬਲਾਕਾਂ ਦਾ ਹਰ ਜ਼ਿਲ੍ਹੇ ਦੇ, ਦਸ ਦਿੱਤਾ ਕਿ ਅਸੀਂ ਇਤਨੇ ਪਲਾਟ ਦੇ ਦਿੱਤੇ ਹਨ ਅਤੇ ਮਨਿਸਟਰ ਸਾਹਿਬ ਨੇ ਵੀ ਬਿਆਨ ਦੇ ਦਿੱਤਾ ਕਿ ਅਸੀਂ ਸਾਰਿਆਂ ਨੂੰ ਪਲਾਟ ਦੇ ਦਿੱਤੇ ਹਨ। ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਕ ਮਰਲਾ ਜ਼ਮੀਨ ਵੀ ਕਿਸੇ ਨੂੰ ਪਲਾਟ ਵਾਸਤੇ ਨਹੀਂ ਦਿੱਤੀ ਗਈ। ਮੈਂ ਆਪਣੇ ਹਲਕੇ ਫ਼ਰੀਦਕੋਟ ਜ਼ਿਲ੍ਹੇ ਦੀ ਗੱਲ ਕਰਦਾ ਹਾਂ। ਗਿਆਨੀ ਜੀ ਨੇ ਭਾਵੇਂ ਸ਼ਹਿਰ ਵਿਚ ਕੁਝ ਵੰਡ ਦਿੱਤੇ ਹੋਣ ਪਰ ਪਿੰਡਾਂ ਵਿਚ ਕੋਈ ਵੀ ਨਹੀਂ ਦਿੱਤਾ ਗਿਆ। ਮੇਰੀ ਬੇਨਤੀ ਹੈ ਕਿ ਪਲਾਟ ਜਿਹੜੇ ਹਨ ਉਹ ਹਰੀਜਨਾਂ ਨੂੰ ਛੇਤੀ ਤੋਂ ਛੇਤੀ ਦੇਣੇ ਚਾਹੀਦੇ ਹਨ।

ਰਾਜ ਮੰਤਰੀ, ਹਾਊਸਿੰਗ (ਸ਼੍ਰੀਮਤੀ ਗੁਰਬਰਿੰਦਰ ਕੌਰ ਬਰਾੜ) : ਡਿਪਟੀ ਸਪੀਕਰ ਸਾਹਿਬ, ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਕਾਮਰੇਡ ਦਾਨਾ ਰਾਮ ਜੀ ਨੇ ਇਕ ਜਨਰਲ ਐਲੀਗੇਸ਼ਨ ਲਗਾਇਆ ਹੈ ਕਿ ਸਾਰੇ ਪੰਜਾਬ ਵਿਚ ਕੋਈ ਪਲਾਟ ਨਹੀਂ ਦਿੱਤੇ ਗਏ। ਮੈਂ ਰਿਕੁਐਸਟ ਕਰਦੀ ਹਾਂ ਕਿ ਜੇ ਕੋਈ ਉਨ੍ਹਾਂ ਦੇ ਨੋਟਿਸ ਵਿਚ ਐਸੀ ਗੱਲ ਹੈ ਪਰਟੀਕੁਲਰ ਦਸਣ ਮੈਂ ਇਸ ਗਲ ਦੀ ਤਸੱਲੀ ਕਰਵਾਵਾਂਗੀ ਕਿ ਵਾਕਿਆਈ ਫ਼ਿਜ਼ੀਕਲ ਪੁਜ਼ੈਸ਼ਨ ਪੰਜਾਬ ਵਿਚ ਦਿੱਤਾ ਗਿਆ ਹੈ ਜਾਂ ਨਹੀਂ। ਖ਼ਾਲੀ ਕਹਿਣ ਨਾਲ ਇਹ ਗੱਲ ਨਹੀਂ ਨਿਪਟ ਸਕਦੀ।

ਕਾਮਰੇਡ ਜੰਗੀਰ ਸਿੰਘ ਜੋਗਾ ** ** **

ਸ਼੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ। ਮੇਰੀ ਬੇਨਤੀ ਇਹ ਹੈ ਕਿ ਬੀਬੀ ਗੁਰਬਰਿੰਦਰ ਕੌਰ ਨੇ ਸੁਆਲ ਦਾ ਡਿਟੇਲਡ ਜਵਾਬ ਦਿੱਤਾ ਹੈ ਜਿਸ ਵਿਚ ਉਨ੍ਹਾਂ ਨੇ ਦੱਸਿਆ ਹੈ ਕਿ ਕਿੰਨੇ ਕਿੰਨੇ ਪਲਾਟ ਐਲਾਟ ਹੋ ਚੁਕੇ ਹਨ। ਜੇਕਰ ਕਿਸੇ ਨੂੰ ਉਸ ਬਾਰੇ ਕੋਈ

**Expunged, as ordered by the Chair.

[ਸ੍ਰੀ ਡਿਪਟੀ ਸਪੀਕਰ]

ਸ਼ੱਕ ਹੈ ਜਾਂ ਇਤਰਾਜ਼ ਹੈ ਤਾਂ ਜਿਸ ਤਰ੍ਹਾਂ ਰੂਲਜ਼ ਪ੍ਰੋਵਾਈਡ ਕਰਦੇ ਹਨ ਉਹ ਆਪਣਾ ਇਤਰਾਜ਼ ਹਾਊਸ ਦੇ ਸਾਹਮਣੇ ਲਿਆ ਸਕਦੇ ਹਨ ਅਤੇ ਜਦ ਤੱਕ ਉਸ ਸਟੇਟਮੈਂਟ ਤੋਂ ਕੋਈ ਚੀਜ਼ ਗਲਤ ਸਾਬਤ ਨਾ ਹੋ ਜਾਵੇ ਤਦ ਤੱਕ ਉਹ ਸਟੇਟਮੈਂਟ ਸਟੈਂਡ ਕਰੇਗੀ ਅਤੇ ਉਸ ਤੇ ਕੋਈ ਡਿਸਕਸ਼ਨ ਨਹੀਂ ਹੋ ਸਕਦੀ। (This is no point of order. I would like to bring to the notice of the House that in reply to one of the questions Mrs. Gurbrinder Kaur has given a detailed reply in which she has mentioned the numbers of plots which have been allotted in the different districts. If any hon. Member has any doubt or any objection he/she can bring that to the notice of the House according to the provision of the Rules. And until anything is proved wrong that statement stands and no discussion can be allowed in this respect.)

ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ : ** ** ** ** (ਵਿਘਨ)

Mr. Deputy Speaker: This is no point of order. You are not supposed to waste the time of the House.

ਰਾਜ ਮੰਤਰੀ, ਹਾਊਸਿੰਗ : (ਸ੍ਰੀਮਤੀ ਗੁਰਬਰਿੰਦਰ ਕੌਰ ਬਰਾੜ) ਕੈਨੇਡੀਅਨ ਸਾਹਿਬ ਤੁਸੀਂ ਆਪਣਾ ਲਿਖ ਕੇ ਮੈਨੂੰ ਦੇ ਦਿਉ, ਇਨਕੁਆਇਰੀ ਹੋ ਜਾਵੇਗੀ ਇਸ ਵਿਚ ਡਿਸਕਸ਼ਨ ਵਾਲੀ ਤਾਂ ਕੋਈ ਗੱਲ ਨਹੀਂ।

ਕਾਮਰੇਡ ਦਾਨਾ ਰਾਮ : ਡਿਪਟੀ ਸਪੀਕਰ ਸਾਹਿਬ, ਮਿਡਾਖੇੜਾ ਮੇਰਾ ਹਲਕਾ ਹੈ ਉਸ ਬਾਰੇ ਮੈਂ 69-70 ਤੋਂ ਲੈ ਕੇ ਹੁਣ ਤੱਕ ਹਰ ਵੇਰ ਬੋਲਦਾ ਆ ਰਿਹਾ ਹਾਂ ਕਿ ਮੇਰੇ ਪਿੰਡ ਦੇ 400 ਹਰੀਜਨਾਂ ਨੂੰ ਮੁਰੱਬਾਬੰਦੀ ਵਿਚ ਪਲਾਟ ਦੇਣੇ ਸੀ ਪਰ ਅਜੇ ਤੱਕ ਇਹ ਫੈਸਲਾ ਨਹੀਂ ਕਰ ਸਕੇ (ਥੰਪਿੰਗ) ਜੇਕਰ ਇਨ੍ਹਾਂ ਦੀ ਸਰਕਾਰ ਸੀ ਤਾਂ ਇਨ੍ਹਾਂ ਨੇ ਹਰੀਜਨਾਂ ਦੀ ਥਾਂ ਤੇ ਗੁਰਦੁਆਰੇ ਦਾ ਝੰਡਾ ਚੜ੍ਹਾਂ ਦਿੱਤਾ ਅਤੇ ਜੇ ਕਰ ਸਰਕਾਰ ਵਿਚ ਤਾਕਤ ਹੁੰਦੀ ਤਾਂ ਉਹ ਹੁਣ ਤੱਕ ਪਲਾਟ ਦਿਵਾ ਦਿੰਦੀ। ਡਿਪਟੀ ਸਪੀਕਰ ਸਾਹਿਬ, ਜਿਥੇ ਡਿਪੂਆਂ ਦਾ ਸੁਆਲ ਹੈ ਜਿਥੇ ਰੋਜ਼ਗਾਰੀ ਦਾ ਸੁਆਲ ਹੈ ਉਥੇ ਇਹ ਵੀ ਸੁਆਲ ਹੈ ਕਿ ਮੁਰੱਬਾਬੰਦੀ ਦੇ ਜਿਹੜੇ ਪਲਾਟ ਨੇ ਉਹ ਵੀ ਦਿਵਾਉਣੇ ਹਨ। ਇਹ ਲਾਰਾ ਲੱਪਾ ਲਾ ਕੇ ਆ ਜਾਂਦੇ ਹਨ ਅਤੇ ਲੋਕਾਂ ਨੂੰ ਬਰਗਲਾਉਂਦੇ ਹਨ। ਮੈਂ ਸਰਕਾਰ ਨੂੰ ਕਹਾਂਗਾ ਕਿ ਉਹ ਪਲਾਟ ਲੋਕਾਂ ਨੂੰ ਛੇਤੀ ਤੋਂ ਛੇਤੀ ਦਿਵਾਓ। ਜਿਹੜਾ ਵੀ ਤੁਹਾਡੇ ਕੋਲੋਂ ਉਨ੍ਹਾਂ ਦਾ ਭਲਾ ਹੋ ਸਕਦਾ ਹੈ ਉਹ ਕਰਨਾ ਚਾਹੀਦਾ ਹੈ। ਮੈਂ ਬੀਬੀ ਜੀ ਨੂੰ ਵੀ ਦਰਖ਼ਾਸਤ ਦਿੱਤੀ ਸੀ ਅਤੇ ਕਮੇਟੀ ਵਾਲਿਆਂ ਨੂੰ ਵੀ ਕਿਹਾ ਸੀ ਕਿ ਉਹ ਜ਼ਮੀਨ ਕਢਾ ਕੇ ਦਿਉ। ਹੁਣ ਮੈਂ ਡਿਪਟੀ ਸਪੀਕਰ ਸਾਹਿਬ ਸਮਾਜਵਾਦ ਵਲ ਆਉਂਦਾ ਹਾਂ। ਇਹ ਸਮਾਜਵਾਦ ਇਸ ਤਰੀਕੇ ਨਾਲ ਨਹੀਂ ਆਉਣਾ। ਨਾ ਇਧਰਲੇ ਲਿਆਉਣ ਦਿੰਦੇ ਹਨ ਨਾਂ ਉਧਰਲੇ। ਕਿਸਾਨ ਮਜ਼ਦੂਰਾਂ ਨੂੰ ਜ਼ਮੀਨ ਦਿਉ, ਬੇਰੋਜ਼ਗਾਰੀ ਖ਼ਤਮ ਕਰੋ ਤਾਂ ਇਹ ਸਮਾਜਵਾਦ ਆ ਸਕਦਾ ਹੈ। ਇਤਨਾ ਕਹਿੰਦਾ ਹੋਇਆ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ।

ਚੌਧਰੀ ਜਗਤ ਰਾਮ (ਬੰਗਾ, ਐਸ.ਸੀ.) : ਡਿਪਟੀ ਸਪੀਕਰ ਸਾਹਿਬ, ਇਹ ਜਿਹੜਾ ਰੈਜ਼ੋ-ਲਿਊਸ਼ਨ ਮੇਰੇ ਦੋਸਤਾਂ ਨੇ ਲਿਆਂਦਾ ਹੈ ਇਹ ਬੜਾ ਚੰਗਾ ਰੈਜ਼ੋਲਿਊਸ਼ਨ ਹੈ। ਔਰ ਬਹੁਤ ਠੀਕ ਹੈ।

**Expunged, as ordered by the Chair.

ਲੇਕਿਨ ਇਸ ਰੈਜ਼ੋਲਿਊਸ਼ਨ ਰਾਹੀਂ ਜੋ ਵੀ ਚੀਜ਼ ਇਹ ਦੋਸਤ ਟਣ ਚਾਹੁੰਦੇ ਹਨ ਉਸ ਬਾਰੇ ਮੈਂ ਇਕ ਵਾਰ ਪਹਿਲੋਂ ਵੀ ਅਰਜ਼ ਕੀਤੀ ਸੀ ਕਿ ਜ਼ਰਾ ਸੰਭਲੋ ਅਤੇ ਕਿਸੇ ਠੀਕ ਢੰਗ ਨਾਲ ਵਿਚਾਰ ਕਰ ਕੇ ਸਰਕਾਰ ਕਾਨੂੰਨ ਬਣਾਏ ਤਾਂ ਹੀ ਹਰੀਜਨਾਂ ਦੀ ਕੋਈ ਗਰੀਬੀ ਹਟ ਸਕਦੀ ਹੈ ਅਤੇ ਹਰੀਜਨਾਂ ਨੂੰ ਉਚਾ ਚੁੱਕਿਆ ਜਾ ਸਕਦਾ ਹੈ। (ਵਿਘਨ) ਡਿਪਟੀ ਸਪੀਕਰ ਸਾਹਿਬ, ਤੁਹਾਡੀ ਗੱਲ ਬਿਲਕੁਲ ਠੀਕ ਹੈ ਕਿ, ਜਦੋਂ ਕੋਈ ਰੈਜ਼ੋਲਿਊਸ਼ਨ ਆਵੇ ਅਤੇ ਉਸ ਤੇ ਕੋਈ ਮੈਂਬਰ ਸਾਹਿਬ ਬੋਲੇ ਤਾਂ ਉਹ ਉਸ ਦੇ ਮੁਤਾਬਿਕ ਬੋਲੇ। ਡਿਪਟੀ ਸਪੀਕਰ ਸਾਹਿਬ, ਸਾਡੇ ਦੇਸ਼ ਦੇ ਵਾਤਾਵਰਣ ਵਿਚ ਗਰੀਬਾਂ ਦੀ ਖ਼ਾਤਰ ਜਿੰਨੇ ਵੀ ਰਿਸ਼ੀ ਮੁਨੀ, ਅਵਤਾਰ ਗੁਰੂ ਆਏ ਉਨ੍ਹਾਂ ਨੇ ਇਨ੍ਹਾਂ ਦਾ ਨਾਂ ਲੈ ਕੇ ਕੰਮ ਕੀਤੇ। ਮੈਂ ਕਹਿੰਦਾ ਹਾਂ ਕਿ ਜਿਸ ਵੇਲੇ ਇਨ੍ਹਾਂ ਲੋਕਾਂ ਦੀ ਹਾਲਤ ਬੁਰੀ ਸੀ ਅਤੇ ਜ਼ਾਤ ਬਰਾਦਰੀ ਦਾ ਨਾਂ ਲੈ ਕੇ ਲੜਾਏ ਜਾਂਦੇ ਸਨ। ਇਹ ਭੁਲ ਜਾਂਦੇ ਹਨ। ਉਦੋਂ ਇਹ ਲੋਕ ਕਿਥੇ ਸਨ ਅੱਜ ਇਹ ਹਰੀਜਨਾਂ ਨੂੰ ਉਚਾ ਦੁੱਕਣ ਲਈ ਅਤੇ ਉਨ੍ਹਾਂ ਦੀ ਗਰੀਬੀ ਹਟਾਉਣ ਲਈ ਕਹਿੰਦੇ ਹਨ ਕਿ ਅਸੀਂ ਬਹੁਤ ਕੁਝ ਕੀਤਾ। ਸਾਡੀ ਪਾਰਟੀ ਨੇ ਐਕਟ ਬਣਾਇਆ ਅਤੇ ਅੱਜ ਕੋਈ ਹਰੀਜਨ ਕਹਿ ਕੇ ਤਾਂ ਦੇਖੇ ਕਿਸੇ ਨੂੰ (ਵਿਘਨ) ਹਾਂ ਮੈਂ ਮੰਨਦਾ ਹਾਂ ਕਿ ਸਾਡੇ ਗੁਰੂ ਸਾਹਿਬਾਨ ਨੇ ਸਮਾਜਵਾਦ ਲਿਆਉਣ ਵਾਸਤੇ ਬੜੇ ਉਪਰਾਲੇ ਕੀਤੇ। ਮੈਂ ਦਾਅਵੇ ਨਾਲ ਇਹ ਗਲ ਕਹਿ ਸਕਦਾ ਹਾਂ ਕਿ ਉਨ੍ਹਾਂ ਗੁਰੂ ਸਾਹਿਬਾਨ ਦੇ ਵਾਰਸ ਨਾ ਇਧਰ ਵਾਲੇ ਹਨ ਅਤੇ ਨਾ ਉਧਰ ਵਾਲੇ ਅਸੀਂ ਹੀ ਉਨ੍ਹਾਂ ਦੇ ਵਾਰਸ ਹਾਂ, ਪਰ ਇਨ੍ਹਾਂ ਨੇ ਸਾਨੂੰ ਨੇੜੇ ਨਹੀਂ ਲਗਣ ਦਿੱਤਾ। ਗੁਰੂ ਸਾਹਿਬਾਨ ਨੇ ਕਿਹਾ ਸੀ ਕਿ 'ਰੰਗਰੇਟੇ ਗੁਰੂ ਕੇ ਬੇਟੇ'। ਗੁਰੂ ਨਾਨਕ ਜੀ ਨੇ ਅਸਲੀ ਸਿਖਇਜ਼ਮ ਚਾਲੂ ਕੀਤਾ ਅਤੇ ਅਸਲੀ ਸਿਖਇਜ਼ਮ ਹੀ ਅਸਲੀ ਸੋਸ਼ਲਿਜ਼ਮ ਹੈ। ਇਸ ਤੋਂ ਇਲਾਵਾ, ਡਿਪਟੀ ਸਪੀਕਰ ਸਾਹਿਬ, ਗੁਰੂ ਗੋਬਿੰਦ ਸਿੰਘ ਜੀ ਜਦੋਂ ਚਮਕੌਰ ਸਾਹਿਬ ਦੀ ਗੜ੍ਹੀ ਵਿਚੋਂ ਉੱਚ ਦਾ ਪੀਰ ਬਣ ਕੇ ਨਿਕਲੇ ਤਾਂ ਉਨ੍ਹਾਂ ਨੇ ਆਪਣੀ ਕਲਗੀ ਯਾਨੀ ਮੁਕਟ ਦੋ ਹਰੀਜਨਾਂ ਦੇ ਸਿਰ ਤੇ ਰਖ ਕੇ ਨਿਕਲੇ। ਮੈਂ ਕਹਿੰਦਾ ਹਾਂ ਕਿ ਅਸਲੀ ਔਰ ਸਹੀ ਮਾਹਨਿਆਂ ਵਿਚ ਅਸੀਂ ਹੀ ਉਨ੍ਹਾਂ ਦੇ ਵਾਰਸ ਹਾਂ। ਜਿਹੜਾ ਸੋਸ਼ਲਿਜ਼ਮ ਹੈ ਇਹ ਸਿਖਇਜ਼ਮ ਦੀ ਪੈਦਾਵਾਰ ਹੈ ਇਸ ਲਈ ਹੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ 'ਵੰਡ ਕੇ ਛੱਕੋ'। ਮੈਂ ਕਹਿੰਦਾ ਹਾਂ ਕਿ ਗੱਲਾਂ ਕਰਨ ਨਾਲ ਨਹੀਂ ਬਲਕਿ ਅਮਲ ਕਰਨਾ ਚਾਹੀਦਾ ਹੈ ਔਰ ਜਿਨ੍ਹਾਂ ਦਾ ਕੋਈ ਹੱਕ ਬਣਦਾ ਹੈ ਉਨ੍ਹਾਂ ਨੂੰ ਉਨ੍ਹਾਂ ਦਾ ਹੱਕ ਮਿਲਣਾ ਚਾਹੀਦਾ ਹੈ। ਮੈਂ ਕਾਂਗਰਸ ਸਰਕਾਰ ਵਿਚ ਬੈਠਿਆਂ ਹੋਇਆਂ ਕਾਂਗਰਸ ਸਰਕਾਰ ਨੂੰ ਕਹਾਂਗਾ ਕਿ ਜੋ ਉਨ੍ਹਾਂ ਨਾਲ ਵਾਅਦੇ ਕੀਤੇ ਹਨ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਪੂਰਾ ਕੀਤਾ ਜਾਵੇ। ਅਸੀਂ ਸਾਰੇ ਇਕੋ ਹਾਂ। ਕਿਤੇ ਕ੍ਰਿਸ਼ਨ ਨੇ ਵਿਦੁਰ ਦਾ ਸਾਗ ਖਾਧਾ, ਰਾਮ ਨੇ ਭੀਲਣੀ ਦੇ ਜੂਠੇ ਬੇਰ ਖਾਧੇ ਅਤੇ ਕਿਤੇ ਗੁਰੂ ਸਾਹਿਬਾਨ ਨੇ ਕਿਹਾ "ਰੰਗਰੇਟੇ ਗੁਰੂ ਕੇ ਬੇਟੇ"। ਮੈਂ ਪੁਛਦਾ ਹਾਂ ਕਿ ਸਾਨੂੰ ਇਸ ਲਿਸਟ ਵਿਚ ਲਿਆਉਣ ਵਾਲਾ ਕੌਣ ਹੈ। 'ਅਵੱਲ ਅਲਾ ਨੂਰ ਉਪਾਇਆ, ਕੁਦਰਤ ਕੇ ਸਬ ਬੰਦੇ'। ਇਸ ਵਿਚ ਕੌਣ ਖੜ੍ਹਾ ਕਰਨ ਵਾਲਾ ਹੈ। ਸਰਕਾਰ ਨੇ ਕਾਨੂੰਨ ਬਣਾ ਕੇ ਹਰੀਜਨਾਂ ਨੂੰ ਬੰਦਿਆਂ ਦੀ ਲਿਸਟ ਵਿਚ ਲਿਆ ਕੇ ਖੜ੍ਹਾ ਕਰ ਦਿੱਤਾ।

Mr. Deputy Speaker : The House stands adjourned till 9.00 a. m. on Friday, the 1st March, 1974.

1.30 P. M.

(*The House then adjourned till 9.00 A.M. on Friday, the 1st March, 1974*)

15086/PVS—286 Copies—Govt. Press, Chd.

Published under the authority of the Punjab Vidhan Sabha Secretariat and printed by the Controller, Government Press, Chandigarh

Punjab Vidhan Sabha Debates

1st March, 1974

Vol. I—No. 7

OFFICIAL REPORT

CONTENTS

Friday, the 1st March, 1974

Punjab Vidhan Sabha Secretariat, Chandigarh.

Price : Rs. **Rs. 21.50 Paise**

PUNJAB VIDHAN SABHA

Friday, the 1st March, 1974

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 9.00 A.M. of the Clock. Mr. Speaker (Dr. Kewal Krishan) in the Chair.

STARRED QUESTIONS AND ANSWERS

Increase in Daily Wages of Casual Workers Employed on Link Roads etc.

***2282. Comrade Darshan Singh Canadian** : Will the Minister of State for Public Works be pleased to state whether the Government has decided to increase the daily wages of the casual workers employed on link roads and other Government Projects from Rs. 4 per day upwards ; if so, whether the said decision has so far been implemented ?

Sardar Umrao Singh (Revenue and Election Minister) : No Sir ; question does not arise.

[ਨਹੀਂ ਜੀ ; ਸਵਾਲ ਪੈਦਾ ਨਹੀਂ ਹੁੰਦਾ ।]

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਇਹ ਸਵਾਲ ਤਿੰਨ ਦਫਾ ਅਸੈਂਬਲੀ ਵਿਚ ਆ ਚੁੱਕਾ ਹੈ। ਮੈਂ ਮਨਿਸਟਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਅੱਜ ਦੀ ਕਹਿਰ ਦੀ ਮਹਿੰਗਾਈ ਵਿਚ, ਸਰਕਾਰ ਜਿਹੜੀ ਆਪਣੇ ਆਪ ਨੂੰ ਸੋਸ਼ਲਿਸਟ ਕਹਿੰਦੀ ਹੈ ਅਤੇ ਸਾਧਾਰਨ ਆਦਮੀ ਨੂੰ ਛੇ ਰੁਪਏ ਦਿਹਾੜੀ ਮਿਲੇ ਪਰ ਇਹ ਲੱਖਾਂ ਮਜ਼ਦੂਰਾਂ ਨੂੰ ਚਾਰ ਰੁਪਏ ਦਿਹਾੜੀ ਦੇਣ, ਕੀ ਇਹ ਠੀਕ ਹੈ ? ਕਿਉਂ ਨਹੀਂ ਇਹ ਵੇਜਿਜ਼ ਰੀਵਾਈਜ਼ ਕਰਦੇ ? ਇਨ੍ਹਾਂ ਦੇ ਰਸਤੇ ਵਿਚ ਕਿਹੜਾ ਅੜਿੱਕਾ ਹੈ ?

ਮੰਤਰੀ : ਸਪੀਕਰ ਸਾਹਿਬ, ਜ਼ੋਨਲ ਕਮੇਟੀਆਂ ਬਣੀਆਂ ਹੋਈਆਂ ਹਨ। ਇਨ੍ਹਾਂ ਕਮੇਟੀਆਂ ਨੂੰ ਅਖਤਿਆਰ ਹੈ ਕਿ ਜਿਥੇ ਮਜ਼ਦੂਰ ਮਿਲਦੇ ਹੋਣ ਉਥੇ ਇਹ ਵੇਜਿਜ਼ ਵਧਾ ਸਕਦੀਆਂ ਹਨ ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਸਰਕਾਰ ਮਹਿਸੂਸ ਕਰਦੀ ਹੈ ਕਿ ਇਹ ਜਿਹੜੀ ਚਾਰ ਰੁਪਏ ਦਿਹਾੜੀ ਦਿੱਤੀ ਜਾਂਦੀ ਹੈ, ਇਹ ਬਹੁਤ ਘੱਟ ਹੈ, ਅਤੇ ਇਹ ਵਧਾਈ ਜਾਣੀ ਚਾਹੀਦੀ ਹੈ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਹੁਣੇ ਹੀ ਕਹਿ ਚੁਕਿਆ ਹਾਂ ਕਿ ਜ਼ੋਨਲ ਕਮੇਟੀਆਂ ਬਣੀਆਂ ਹੋਈਆਂ ਹਨ। ਜਿਹੜੀਆਂ ਸੁਪਰਟੈਂਡਿੰਗ ਇੰਜੀਨੀਅਰਜ਼ ਦੀਆਂ ਕਮੇਟੀਆਂ ਹਨ ਉਨ੍ਹਾਂ ਨੂੰ 67 ਪ੍ਰਤੀ ਸ਼ਤ ਵਾਧਾ ਕਰਨ ਦਾ ਅਖਤਿਆਰ ਹੈ ਅਤੇ ਜਿਹੜੀਆਂ ਐਕਸ. ਈ. ਐਨਜ਼ ਦੀਆਂ ਕਮੇਟੀਆਂ ਹਨ ਉਨ੍ਹਾਂ ਨੂੰ 50 ਫੀਸਦੀ ਤੱਕ ਵਾਧਾ ਕਰਨ ਦਾ ਅਖਤਿਆਰ ਹੈ। ਇਸ ਕਰਕੇ ਜਿੱਥੇ ਲੋਕਲ ਹਾਲਾਤ ਦੇ ਮੁਤਾਬਿਕ ਜਾਂ ਮੌਕਾ ਵੇਖ ਕੇ ਇਹ ਮਹਿਸੂਸ ਕਰਨ ਕਿ ਵਾਧਾ ਕਰਨ ਦੀ ਲੋੜ ਹੈ ਤਾਂ ਇਹ ਕਰ ਸਕਦੇ ਹਨ ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਜੇ ਪ੍ਰਾਈਵੇਟਲੀ ਕਿਸੇ ਨੂੰ ਲੇਬਰ ਦੀ ਲੋੜ ਹੋਵੇ ਤਾਂ ਸ਼ਹਿਰ ਜਾਂ ਪਿੰਡਾਂ ਵਿਚ 6 ਜਾਂ 7 ਰੁਪਏ ਦਿਹਾੜੀ ਤੋਂ ਘੱਟ ਕੋਈ ਮਜ਼ਦੂਰ ਨਹੀਂ ਲੱਭਦਾ। ਮੰਤਰੀ ਸਾਹਿਬ ਨੇ ਜਵਾਬ ਦਿੱਤਾ ਹੈ ਕਿ ਜਿਹੜੇ ਸਾਨੂੰ ਘੱਟ ਤੋਂ ਘੱਟ ਮਜ਼ਦੂਰੀ ਤੇ ਮਿਲਦੇ ਹਨ ਉਨ੍ਹਾ ਨੂੰ ਲੈਣਾ ਹੈ। ਇਸ ਗੱਲ ਨਾਲ ਕੀ ਜਿਹੜਾ ਸਰਕਾਰ ਸੋਸ਼ਲਿਜ਼ਮ ਦਾ ਨਾਹਰਾ ਲਾਉਂਦੀ ਹੈ, ਉਹ ਗਲਤ ਨਹੀਂ ?

ਸ੍ਰੀ ਸਪੀਕਰ : ਸਵਾਲ ਤਾਂ ਇਹ ਬਣਦਾ ਨਹੀਂ। (This is no supplementary)

आचार्य पृथ्वी सिंह आज़ाद : क्या वजीर साहिब यह बताने की कृपा करेंगे कि पी. डबल्यू. डी. में जो लेबरर्ज़ हैं उनकी वेजिज़ उस वक्त कमेटी ने मुकरर की थी जब इतनी महंगाई नहीं थी। क्या अब बदले हुए हालात और महंगाई को मुख्य रखते हुए सरकार मिनिमम वेजिज़ कमेटी मुकरर करेगी और उसे कहेगी कि वह एक महीने के अन्दर रिपोर्ट सबमिट करे ?

ਮੰਤਰੀ : 15 ਅਕਤੂਬਰ, 1973 ਨੂੰ ਇਸ ਕਮੇਟੀ ਦੀ ਮੀਟਿੰਗ ਹੋਈ ਸੀ। ਜੋ ਫੈਸਲੇ ਉਸ ਵਿਚ ਹੋਏ ਸਨ, ਉਹ ਲਾਗੂ ਕੀਤੇ ਜਾ ਰਹੇ ਹਨ। ਇਹ ਕੋਈ ਬਹੁਤ ਪੁਰਾਣਾ ਫੈਸਲਾ ਨਹੀਂ।

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮਨਿਸਟਰ ਸਾਹਿਬ ਨੇ ਕਿਹਾ ਹੈ ਕਿ ਜ਼ੋਨਲ ਕਮੇਟੀਜ਼ ਨੂੰ ਅਖਤਿਆਰ ਦਿੱਤੇ ਗਏ ਹਨ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਜ਼ੋਨਲ ਕਮੇਟੀਜ਼ ਨੇ ਕਿਸੇ ਜਗ੍ਹਾ ਇਹ ਵੇਜਿਜ਼ ਵਧਾਏ ਵੀ ਹਨ ?

ਮੰਤਰੀ : ਕਮੇਟੀ ਜੋ ਵੀ ਰਿਕਮੈਂਡ ਕਰਦੀ ਹੈ, ਉਹ ਅਪਰੂਵ ਹੋ ਜਾਂਦਾ ਹੈ। ਅਗਰ ਕਿਸੇ ਪਰਟੀਕੁਲਰ ਜਗ੍ਹਾ ਦੇ ਮੁਤਾਬਕ ਇਨ੍ਹਾਂ ਨੇ ਪੁੱਛਣਾ ਹੈ ਤਾਂ ਸਵਾਲ ਦਾ ਅਲਹਿਦਾ ਨੋਟਿਸ ਦੇ ਦੇਣ, ਮੈਂ ਜਵਾਬ ਦੇ ਦੇਵਾਂਗਾ।

आचार्य पृथ्वी सिंह आज़ाद : स्पीकर साहिब, मंत्री महोदय ने जवाब दिया है कि यह वेजिज़ 1973 में मुकरर किये गए थे। 1973 में रुपए की कीमत 56 पैसे थी और आज वह 36 पैसे है। क्या इस चीज़ को सामने रखते हुए सरकार वेजिज़ रिवाईज़ करेगी ?

ਮੰਤਰੀ : ਸਪੀਕਰ ਸਾਹਿਬ, ਦੋ ਤਿੰਨ ਮਹੀਨੇ ਦੀ ਗਲ ਹੈ 15 ਅਕਤੂਬਰ, 1973 ਨੂੰ ਇਕ ਕਮੇਟੀ ਦੀ ਮੀਟਿੰਗ ਹੋਈ ਸੀ। ਮੇਰਾ ਖਿਆਲ ਹੈ ਕਿ ਇਨ੍ਹਾਂ ਤਿੰਨ ਚਾਰ ਮਹੀਨਿਆਂ ਵਿਚ ਬਹੁਤ ਫਰਕ ਨਹੀਂ ਪਿਆ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਜਿਹੜੇ ਫਾਰਮ ਹਨ ਜੇਕਰ ਇਨ੍ਹਾਂ ਤੋਂ ਲਾਂਭੇ ਕਰ ਲਏ ਜਾਣ ਅਤੇ ਚਾਰ ਰੁਪਏ ਦਿਹਾੜੀ ਤੇ ਟੋਕਰੀ ਚੁਕਣ ਤੇ ਇਨ੍ਹਾਂ ਨੂੰ ਲਗਾ ਦਿਤਾ ਜਾਵੇ ਤਾਂ ਇਹ ਗੁਜ਼ਾਰਾ ਕਰ ਸਕਣਗੇ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸਰਦਾਰ ਜਸਵਿੰਦਰ ਸਿੰਘ ਬਰਾੜ : ਸਪੀਕਰ ਸਾਹਿਬ, ਪਿੰਡਾਂ ਵਿਚ ਮਜ਼ਦੂਰ ਨੂੰ ਸੱਤ ਜਾਂ ਅੱਠ ਰੁਪਏ ਦਿਹਾੜੀ ਦਿੱਤੀ ਜਾਂਦੀ ਹੈ ਅਤੇ ਉਹ ਇਸ ਨਾਲ ਵੀ ਸੰਤੁਸ਼ਟ ਨਹੀਂ ਹਨ। ਇਹ ਸਰਕਾਰ ਗਰੀਬਾਂ ਦੀ ਲੰਬਰਦਾਰ ਹੈ। ਕੀ ਇਸ ਸਰਕਾਰ ਦਾ ਫਰਜ਼ ਨਹੀਂ ਬਣਦਾ ਕਿ ਗਰੀਬਾਂ ਦੀ ਰਾਖੀ ਕੀਤੀ ਜਾਵੇ ਅਤੇ ਇਸ ਲਈ ਇਥੇ ਹਾਊਸ ਵਿਚ ਹੁਣੇ ਹੀ ਸਟੇਟਮੈਂਟ ਦੇਵੇ ਕਿ ਉਹਨਾਂ ਨੂੰ 10 ਰੁਪਏ ਦਿਹਾੜੀ ਦਿੱਤੀ ਜਾਵੇਗੀ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਸ੍ਰੀ ਪ੍ਰੇਮ ਗੁਪਤਾ : ਸਪੀਕਰ ਸਾਹਿਬ, ਮੰਤਰੀ ਸਾਹਿਬ ਨੇ ਕਿਹਾ ਹੈ ਕਿ ਪੀ. ਡਬਲਿਊ ਡੀ. ਦੇ ਵਰਕਰਜ਼ ਦੀ ਦਿਹਾੜੀ ਵਧਾਉਣ ਵਾਸਤੇ ਕਮੇਟੀਆਂ ਬਣੀਆਂ ਹੋਈਆਂ ਹਨ। ਇਸ ਦਾ ਮਤਲਬ ਤਾਂ ਇਹ ਹੈ ਕਿ ਉਹ ਆਪਣੀ ਦਿਹਾੜੀ ਵਧਾਉਣ ਵਾਸਤੇ ਇੰਡੀਵੀਜੁਅਲ ਅਫ਼ਸਰਾਂ ਦੇ ਰਹਿਮ ਤੇ ਹਨ ਉਹ ਵਧਾਉਣ ਜਾਂ ਨਾ ਵਧਾਉਣ। ਇਸ ਤਰ੍ਹਾਂ ਨਾਲ ਕਿਸੇ ਜਗ੍ਹਾ ਤੇ ਵੱਧ ਹੋਵੇਗੀ ਅਤੇ ਕਿਸੇ ਹੋਰ ਜਗ੍ਹਾ ਤੇ ਘੱਟ। ਕੀ ਸਰਕਾਰ ਸਟੇਟ ਲੈਵਲ ਤੇ ਕੋਈ ਫੈਸਲਾ ਨਹੀਂ ਕਰ ਸਕਦੀ ਕਿ ਇਹ ਵੇਜਿਜ਼ ਹੋਣੇ ਚਾਹੀਦੇ ਹਨ ਅਤੇ ਇਸ ਕੰਮ ਲਈ ਦਿਹਾੜੀ ਇਤਨੀ ਵੱਧਣੀ ਚਾਹੀਦੀ ਹੈ।

ਮੰਤਰੀ : ਸਪੀਕਰ ਸਾਹਿਬ, ਮੈਂ ਇੰਡੀਵੀਜੁਅਲ ਅਫ਼ੀਸਰਜ਼ ਨਹੀਂ ਕਿਹਾ। ਮੈਂ ਤਾਂ ਇਹ ਕਿਹਾ ਹੈ ਕਿ ਕਮੇਟੀਆਂ ਬਣੀਆਂ ਹੋਈਆਂ ਹਨ। ਪਤਾ ਨਹੀਂ ਗੁਪਤਾ ਸਾਹਿਬ ਨੂੰ ਇੰਡੀਵੀਜਅਲ ਆਫ਼ੀਸਰਜ਼ ਕਿਥੋਂ ਲਭ ਪਏ ਹਨ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, 26 ਤਾਰੀਖ ਨੂੰ ਪਾਰਲੀਮੈਂਟ ਵਿਚ ਚਵਾਨ ਸਾਹਿਬ ਨੇ ਰਿਪੋਰਟ ਪੇਸ਼ ਕੀਤੀ ਸੀ ਕਿ ਮਹਿੰਗਾਈ 40 ਪ੍ਰਤੀਸ਼ਤ ਵੱਧ ਗਈ ਹੈ। ਗਰੀਬ ਮਜ਼ਦੂਰਾਂ ਦੇ ਫਾਇਦੇ ਲਈ, ਸੈਂਟਰ ਦੀ ਇਸ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਕੀ ਸਰਕਾਰ ਤੁਰੰਤ 40 ਪ੍ਰਤੀਸ਼ਤ ਵੇਜਿਜ਼ ਵਧਾਉਣ ਲਈ ਤਿਆਰ ਹੈ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਮੀਨੀਮਮ ਵੇਜਿਜ਼ ਐਕਟ ਦੇ ਮੁਤਾਬਿਕ ਘੱਟ ਤੋਂ ਘੱਟ ਪ੍ਰਾਈਵੇਟ ਸੈਕਟਰ ਵਿਚ ਮਜ਼ਦੂਰ ਨੂੰ 125 ਰੁਪਏ ਤਨਖਾਹ ਦਿੱਤੀ ਜਾਂਦੀ ਹੈ। ਉਸ ਦੇ ਵਿਚ ਉਸ ਨੂੰ ਛੁੱਟੀਆਂ ਵੀ ਮਿਲਦੀਆਂ ਹਨ ਅਤੇ ਪ੍ਰਾਵੀਡੈਂਟ ਫੰਡ ਦਾ ਬੈਨੀਫਿਟ ਵੀ ਮਿਲਦਾ ਹੈ। ਜੇ ਇਨ੍ਹਾਂ ਮਜ਼ਦੂਰਾਂ ਦੀ ਹਫਤੇ ਦੀ ਇਕ ਛੁਟੀ ਹੋ ਜਾਵੇ ਤਾਂ ਇਨ੍ਹਾਂ ਦੀ ਤਨਖਾਹ 100 ਰੁਪਏ ਘੱਟ ਬਣਦੀ ਹੈ। ਕੀ ਸਰਕਾਰ ਉਨ੍ਹਾਂ ਦੀ ਦਿਹਾੜੀ ਵਧਾਉਣ ਲਈ ਤਿਆਰ ਹੈ ਤਾਂ ਕਿ ਉਨ੍ਹਾਂ ਦਾ ਗੁਜ਼ਾਰਾ ਚੰਗਾ ਹੋ ਸਕੇ ?

ਮੰਤਰੀ : ਸਪੀਕਰ ਸਾਹਿਬ, ਚਾਰ ਰੁਪਏ ਤੋਂ ਦਿਹਾੜੀ ਵਧਾ ਕੇ ਪੰਜ ਰੁਪਏ ਵੀ ਕੀਤੀ ਜਾ ਸਕਦੀ ਹੈ।

ਡਾਕਟਰ ਅਮੀਰ ਸਿੰਘ ਕਲਕਟ : ਸਪੀਕਰ ਸਾਹਿਬ, ਸਰਕਾਰ ਦਾ ਮੈਨੀਫੈਸਟੋ ਗਰੀਬੀ ਹਟਾਓ ਹੈ। ਕੀ ਚੀਫ ਮਨਿਸਟਰ ਸਾਹਿਬ ਹੁਣੇ ਇਹ ਅਨਾਊਂਸ ਕਰਨਗੇ ਕਿ ਉਨ੍ਹਾਂ ਮਜ਼ਦੂਰਾਂ ਦੀ ਦਿਹਾੜੀ ਪੰਜ ਰੁਪਏ ਕਰ ਦਿੱਤੀ ਜਾਵੇਗੀ ਤਾਂ ਕਿ ਇਹ ਗਰੀਬ ਜਿਨ੍ਹਾਂ ਦੇ ਮੂੰਹ ਵਿਚ ਜ਼ਬਾਨ ਨਹੀਂ ਅਤੇ ਜਿਨ੍ਹਾਂ ਦੀ ਕੋਈ ਯੂਨੀਅਨ ਨਹੀਂ, ਉਹ ਆਰਾਮ ਨਾਲ ਜ਼ਿੰਦਗੀ ਬਤੀਤ ਕਰ ਸਕਣ ਅਤੇ ਦਾ ਉਨ੍ਹਾਂ ਚੰਗਾ ਗੁਜ਼ਾਰਾ ਹੋਵੇ। ਯੂਨੀਅਨਾਂ ਵਾਲੇ ਤਾਂ ਮਲੋ ਮਲੀ ਪੈਸੇ ਲੈ ਜਾਂਦੇ ਹਨ।

ਸ੍ਰੀ ਸਪੀਕਰ: ਚਾਰ ਰੁਪਏ ਦਿਹਾੜੀ ਵਾਕਿਆ ਹੀ ਬਹੁਤ ਥੋੜ੍ਹੀ ਹੈ। ਸਰਕਾਰ ਇਸ ਤੇ ਹਮਦਰਦੀ ਨਾਲ ਗੌਰ ਕਰੇ। (ਆਪੋਜ਼ੀਸ਼ਨ ਵਲੋਂ ਤਾੜੀਆਂ) (I also feel that a daily wage of Rs. 4 too meagre. Government should give it a sympathetic consideration).

ਮੰਤਰੀ : ਮੈਂ ਤਾਂ, ਸਪੀਕਰ ਸਾਹਿਬ, ਪਹਿਲਾਂ ਹੀ ਕਹਿ ਚੁਕਾ ਹਾਂ ਕਿ ਪੰਜ ਰੁਪਏ ਤਕ ਦਿਹਾੜੀ ਦਿੱਤੀ ਜਾ ਸਕਦੀ ਹੈ। ਜੇ ਸੁਪਰਟੈਂਡਿੰਗ ਇੰਜੀਨੀਅਰਜ਼ ਮਹਿਸੂਸ ਕਰਨ ਤਾਂ ਇਸ ਤੋਂ ਵੀ ਵੱਧ ਦਿਹਾੜੀ ਦਿੱਤੀ ਜਾ ਸਕਦੀ ਹੈ।

ਸਰਦਾਰ ਪਰਕਾਸ਼ ਸਿੰਘ ਬਾਦਲ: ਸਪੀਕਰ ਸਾਹਿਬ, ਚਾਰ ਰੁਪਏ ਦਿਹਾੜੀ ਤੇ ਕੋਈ ਵੀ ਪੰਜਾਬੀ ਮਜ਼ਦੂਰ ਕੰਮ ਨਹੀਂ ਕਰਦਾ। ਇਸ ਕਰਕੇ ਇਨ੍ਹਾਂ ਨੂੰ ਬਾਹਰੋਂ ਲੇਬਰ ਮੰਗਾਉਣੀ ਪੈਂਦੀ ਹੈ। ਪੰਜਾਬ ਦੀ ਲੇਬਰ ਦੇ ਇੰਟਰੈਸਟ ਨੂੰ ਮੁੱਖ ਰਖਦੇ ਹੋਏ ਕੀ ਸਰਕਾਰ ਇਨ੍ਹਾਂ ਦੀ ਦਿਹਾੜੀ ਵਧਾਏਗੀ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਪੰਜ ਰੁਪਏ ਤੱਕ ਦਿਹਾੜੀ ਐਕਸ. ਈ. ਐਨਜ਼. ਦੇ ਸਕਦੇ ਹਨ । ਜਿਥੇ ਲੇਬਰ ਲੱਗੀ ਹੋਵੇ ਜੇ ਸੁਪਰਇੰਟੈਂਡਿੰਗ ਇੰਜੀਨੀਅਰਜ਼ ਮਹਿਸੂਸ ਕਰਨ ਕਿ ਇਥੇ ਮਹਿੰਗਾਈ ਜ਼ਿਆਦਾ ਹੈ ਤਾਂ ਉਸ ਤੋਂ ਵੀ ਵੱਧ ਦਿਹਾੜੀ ਦਿੱਤੀ ਜਾ ਸਕਦੀ ਹੈ। (ਸ਼ੋਰ) ਸਪੀਕਰ ਸਾਹਿਬ, ਜਦ ਮੈਂ ਦਸਣ ਲੱਗਾ ਹਾਂ ਕਿ ਪੈਸੇ ਵੱਧ ਦਿੱਤੇ ਜਾ ਸਕਦੇ ਹਨ ਤਾਂ ਇਨ੍ਹਾਂ ਨੂੰ ਤਕਲੀਫ ਹੋ ਗਈ ਹੈ। ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਸੁਪਰਇੰਟੈਂਡਿੰਗ ਇੰਜੀਨੀਅਰਜ਼ ਨੂੰ 50 ਪ੍ਰਤੀਸ਼ਤ ਤੱਕ ਹੋਰ ਵੱਧ ਦਿਹਾੜੀ ਦੇਣ ਦਾ ਅਖਤਿਆਰ ਹੈ।

ਸ੍ਰੀ ਕੇਸ਼ੋ ਰਾਮ ਗੋਇਲ: ਕੀ ਵਜ਼ੀਰ ਸਾਹਿਬ ਆਸ਼ਵਾਸਨ ਦੇਣਗੇ ਕਿ ਇਨ੍ਹਾਂ ਮਜ਼ਦੂਰਾਂ ਦੀ ਦਿਹਾੜੀ ਪੰਜ ਰੁਪਏ ਕਰ ਦਿੱਤੀ ਜਾਵੇਗੀ ?

(ਕੋਈ ਜਵਾਬ ਨਹੀਂ ਦਿੱਤਾ ਗਿਆ)

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਚਾਰ ਰੁਪਏ ਦਹਾੜੀ ਤੇ ਕੰਮ ਕਰਨ ਲਈ ਮਜ਼ਦੂਰ ਯੂ. ਪੀ. ਅਤੇ ਰਾਜਸਥਾਨ ਤੋਂ ਆਉਂਦੇ ਹਨ। ਪੰਜਾਬ ਦੀ ਲੇਬਰ ਤਾਂ ਇਸ ਵੇਜ ਤੇ ਕੰਮ ਕਰਨ ਲਈ ਤਿਆਰ ਨਹੀਂ। ਕੀ ਪੰਜਾਬ ਸਰਕਾਰ ਪੰਜਾਬ ਦੀ ਲੇਬਰ ਨੂੰ ਇਸ ਕੰਮ ਤੇ ਲਗਾਉਣ ਵਾਸਤੇ ਦਿਹਾੜੀ ਵਧਾਏਗੀ ਤਾਂ ਕਿ ਪੰਜਾਬ ਦੀ ਲੇਬਰ ਹੀ ਪੀ. ਡਬਲਿਯੂ. ਡੀ. ਦਾ ਕੰਮ ਕਰੇ ?

ਮੰਤਰੀ : ਸਪੀਕਰ ਸਾਹਿਬ, ਮੈਂ ਤਾਂ ਇਹ ਦੱਸ ਚੁੱਕਾ ਹਾਂ ਕਿ ਅਗਜ਼ੈਕਟਿਵ ਇੰਨਜੀਨੀਅਰ 5 ਰੁਪਏ ਤੱਕ ਦੇ ਸਕਦਾ ਹੈ ਅਤੇ ਸੁਪਰਇੰਟੈਂਡਿੰਗ ਇੰਜੀਨੀਅਰ 50 ਪ੍ਰਤੀਸ਼ਤ ਇਸ ਵਿਚ ਵਾਧਾ ਕਰ ਸਕਦਾ ਹੈ ਯਾਨੀ ਜਿਹੜਾ ਕਿ ਸਾਢੇ 7 ਰੁਪਏ ਤਕ ਬਣਦਾ ਹੈ। ਸਾਡੇ ਪੰਜਾਬ ਵਿਚ ਤਾਂ ਬਾਹਰਲੇ ਸਾਰਿਆਂ ਸੂਬਿਆਂ ਨਾਲੋਂ ਵੇਜਿਜ਼ ਜ਼ਿਆਦਾ ਹਨ। ਇਸ ਕਰਕੇ ਬਾਹਰਲੇ ਸੂਬਿਆਂ ਵਿਚੋਂ ਲੇਬਰ ਇਥੇ ਕੰਮ ਕਰਨ ਲਈ ਆਉਂਦੀ ਹੈ । (ਵਿਘਨ)

ਕੈਪਟਨ ਰਤਨ ਸਿੰਘ: ਕੀ ਮੰਤਰੀ ਮਹੋਦਯ ਇਹ ਦੱਸਣ ਦੀ ਖੇਚਲ ਕਰਨਗੇ ਕਿ ਐਗਜ਼ੈਕਟਿਵ ਇੰਜੀਨੀਅਰ ਨੂੰ ਜਿਹੜੀ 5 ਰੁਪਏ ਵੇਜਿਜ਼ ਦੇਣ ਦੀ ਪਾਵਰ ਹੈ ਇਸ ਨਾਲ ਕੁਰੱਪਸ਼ਨ ਵੱਧਦੀ ਹੈ, ਇਸ ਵਾਸਤੇ ਸਰਕਾਰ ਇਹ ਫੈਸਲਾ ਕਿਉਂ ਨਹੀਂ ਕਰ ਦਿੰਦੀ ਕਿ ਹਰ ਮਜ਼ਦੂਰ ਦੀ 5 ਰੁਪਏ ਡੇਲੀ ਵੇਜਿਜ਼ ਕਰ ਦਿੱਤੀ ਜਾਵੇ ?

ਮੰਤਰੀ: ਸਪੀਕਰ ਸਾਹਿਬ, ਮੈਂ ਤਾਂ ਪਹਿਲੇ ਹੀ ਕਹਿ ਚੁੱਕਾ ਹਾਂ ਕਿ ਲੇਬਰ ਦੀ ਕੰਮ ਕਰਨ ਦੀ ਨੇਚਰ ਵਖਰੀ ਵਖਰੀ ਹੁੰਦੀ ਹੈ। ਜੇ ਕੋਈ ਮੇਰੇ ਵਰਗਾ ਸੁਸਤ, ਢਿੱਲਾ ਕੰਮ ਕਰਨ ਵਾਲਾ ਹੋਵੇ ਤਾਂ ਉਸ ਦੀ ਵੇਜਿਜ਼ ਘੱਟ ਹੁੰਦੀ ਹੈ । (ਹਾਸਾ)

ਸਰਦਾਰ ਕਰਨੈਲ ਸਿੰਘ ਮਰੜ੍ਹੀ : * * * * *

ਸ੍ਰੀ ਸਪੀਕਰ : ਜੋ ਕੁਝ ਮੈਂਬਰ ਸਾਹਿਬ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਵੇ।

(Whatever the hon. Member is saying, should not be recorded).

---

*Not recorded as ordered by the Chair.

Starred Question No. 2467

Mr. Speaker : Extension has been asked for in respect of Starred Question No. *2467.

Demand for Merger of Panchayati Raj Circle With P.W.D. (B and R)

***2373. Comrade Raj Kumar** : Will the Minister of State for Development be pleased to state—

(a) whether he received any Memoranda/letters during the period from August to December and particularly on 13th January, 1974, from the President, Sectional Officers Engineering Association, Development and Panchayats Department, Punjab, Gurdaspur regarding demand for merger of Panchayati Raj Circle (Technical, Non-Technical and Ministerial Officers and staff) with P.W.D. (B&R) ; if so, copies thereof be laid on the Table of the House ;

(b) the details of the action, if any, so far taken by the Government in the matter ?

Sardar Santokh Singh Randhawa : (a) Yes. The time and Labour involved in supplying copies thereof will not be commensurate with any benefit to be obtained.

(b) The matter is under consideration of Government.

[(ੳ) ਹਾਂ ਜੀ। ਜਿਥੋਂ ਤੱਕ ਇਨ੍ਹਾਂ ਮੈਮੋਰੰਡਮਾਂ/ਪੱਤਰਾਂ ਦੀਆਂ ਕਾਪੀਆਂ ਸਦਨ ਦੀ ਮੇਜ਼ ਤੇ ਰੱਖਣ ਦਾ ਸਬੰਧ ਹੈ ਉਹ ਜਿਨਾਂ ਸਮਾਂ ਅਤੇ ਮਿਹਨਤ ਇਸ ਕੰਮ ਵਿਚ ਲੱਗੇਗੀ ਉਸ ਦੇ ਅਨੁਸਾਰ ਲਾਭ ਨਹੀਂ ਹੋਵੇਗਾ ।

(ਅ) ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ।]

ਕਾਮਰੇਡ ਰਾਜ ਕੁਮਾਰ: 1973 ਵਿਚ ਸੈਕਸ਼ਨ ਅਫ਼ਸਰ, 11 ਐਸ. ਡੀ. ਓ, 13 ਡਰਾਫਟਸਮੈਨ ਅਤੇ 64 ਮਨਿਸਟੀਰੀਅਲ ਸਟਾਫ, ਡਿਵੈਲਪਮੈਂਟ ਕਮਿਸ਼ਨਰ ਨੂੰ ਮਿਲੇ ਸੀ ਅਤੇ ਉਨ੍ਹਾਂ ਨੇ ਯਕੀਨ ਦਵਾਇਆ ਸੀ ਕਿ ਮਾਮਲਾ ਜ਼ੇਰੇ ਗੌਰ ਹੈ ਅਤੇ ਛੇਤੀ ਹੀ ਫੈਸਲਾ ਕੀਤਾ ਜਾਵੇਗਾ । ਪੰਚਾਇਤ ਰਾਜ ਵਿਚ ਜੋ ਟੈਕਨੀਕਲ ਸਟਾਫ਼ ਸਰਕਲ ਹੈ ਉਸ ਨੂੰ ਪੀ.ਡਬਲਿਊ.ਡੀ. (ਬੀ ਐਂਡ ਆਰ) ਵਿਚ ਮਰਜ ਕੀਤਾ ਜਾਵੇਗਾ । ਸਪੀਕਰ ਸਾਹਿਬ, ਜ਼ਿਲ੍ਹਾ ਪਰੀਸ਼ਦ ਪਰੋਵਿਨਸ਼ੀਅਲਾਈਜ਼ਡ ਹੋਣ ਕਰਕੇ ਸਾਡੀ ਸਟੇਟ ਤੇ ਇਸ ਦਾ ਜ਼ਿਆਦਾ ਖਰਚ ਪੈਂਦਾ ਹੈ ਅਤੇ ਪੰਚਾਇਤ ਰਾਜ ਦਾ ਟੈਕਨੀਕਲ ਸਟਾਫ ਮੁਫਤ ਦੀਆਂ ਤਨਖਾਹਾਂ ਲੈਂਦਾ ਹੈ; ਕੀ ਜਿਹੜਾ ਯਕੀਨ ਦਿਵਾਇਆ ਗਿਆ ਸੀ ਉਸਦਾ ਫੈਸਲਾ ਜਲਦੀ ਹੋ ਜਾਵੇਗਾ ?

ਰਾਜ ਮੰਤਰੀ : ਸਪੀਕਰ ਸਾਹਿਬ, ਕੋਈ ਐਸ਼ੋਰੈਂਸ ਕਿਸੇ ਨੂੰ ਨਹੀਂ ਦਿੱਤੀ ਗਈ । 5, 4 ਮੈਮੋਰੰਡਮ ਮੇਰੇ ਕੋਲ ਆਏ ਸੀ ਜਿਨ੍ਹਾਂ ਦੇ ਮੁਤੱਲਕ ਅਸੀਂ ਗੌਰ ਕੀਤਾ ਸੀ ਅਤੇ ਇਕ ਕਮੇਟੀ ਬਣਾ ਦਿੱਤੀ ਗਈ ਸੀ ਅਤੇ ਡਿਪਟੀ ਕਮਿਸ਼ਨਰਜ਼ ਦੀ ਇਕ ਮੀਟਿੰਗ ਵੀ 29 ਨਵੰਬਰ, 1973 ਨੂੰ ਹੋਈ ਸੀ ਅਤੇ ਦੂਸਰੀ ਮੀਟਿੰਗ ਹਾਲੇ ਤੱਕ ਨਹੀਂ ਹੋਈ । ਹੁਣ ਕਿਉਂਕਿ ਪੰਚਾਇਤ ਰਾਜ ਦਾ ਡਾਇਰੈਕਟੋਰੇਟ ਵਖਰਾ ਬਣ ਰਿਹਾ ਹੈ ਇਸ ਦੇ ਵਿਚ ਫਿਰ ਇਸਦੇ ਮੁਤਲਕ ਸੋਚਿਆ ਜਾਵੇਗਾ ਸ਼ਾਇਦ ਅਸੀਂ ਇਸ ਵਿਚ ਕੁਝ ਜ਼ਿਆਦਾ ਤਰੱਕੀ ਕਰ ਸਕੀਏ ।

---

*For Starred Question No. 2467 and reply thereto please see Punjab Vidhan Sabha Debate dated 11th March, 1974.

ਸਰਦਾਰ ਦਰਬਾਰਾ ਸਿੰਘ: ਸਪੀਕਰ ਸਾਹਿਬ, ਜੋ ਵਜ਼ੀਰ ਸਾਹਿਬ ਨੇ ਦੱਸਿਆ ਹੈ ਕਿ ਪੰਚਾਇਤ ਰਾਜ ਦਾ ਵਖਰਾ ਡਾਇਰੈਕਟੋਰੇਟ ਬਣਾ ਰਹੇ ਹਨ ਉਸ ਵਿਚ ਵੀ ਟੈਕਨੀਕਲ ਸਟਾਫ਼ ਭੇਜਿਆ ਜਾ ਰਿਹਾ ਹੈ। ਕੀ ਵਜ਼ੀਰ ਸਾਹਿਬ ਇਹ ਯਕੀਨ ਦਿਵਾਉਣ ਨੂੰ ਤਿਆਰ ਹਨ ਕਿ ਪੰਚਾਇਤ ਰਾਜ ਦੇ ਟੈਕਨੀਕਲ ਸਟਾਫ ਨੂੰ ਪੀ.ਡਬਲਿਊ. ਡੀ. ਵਿਚ ਮਰਜ ਕਰ ਦਿਤਾ ਜਾਵੇਗਾ ਤਾਂਕਿ ਦੋਨੋਂ ਤਰਫ਼ ਦੇ ਟੈਕਨੀਕਲ ਸਟਾਫ਼ ਦਾ ਖਰਚ ਸਟੇਟ ਤੇ ਨਾ ਪਵੇ ਅਤੇ ਡੁਪਲੀਕੇਸ਼ਨ ਨਾ ਹੋਵੇ ?

ਰਾਜ ਮੰਤਰੀ : ਸਰਕਾਰ ਇਸ ਤੇ ਪਹਿਲੇ ਹੀ ਗੌਰ ਕਰ ਰਹੀ ਹੈ ਕਿਉਂਕਿ ਕੰਮ ਜ਼ਿਆਦਾ ਹੈ ਇਸ ਵਾਸਤੇ ਹਰ ਬਲਾਕ ਵਿਚ ਇਕ ਇਕ ਐਸ. ਡੀ. ਓ. ਦਿੱਤਾ ਹੈ ਜਿਹੜਾ ਸਾਰੇ ਪਿੰਡ ਵਿਚ ਇੰਤਜ਼ਾਮ ਕਰਦਾ ਹੈ ਅਤੇ ਉਨ੍ਹਾਂ ਪਿੰਡਾਂ ਵਿਚ ਗਲੀਆਂ, ਪ੍ਰਾਇਮਰੀ ਸਕੂਲ ਅਤੇ ਵੈਟਰਨਰੀ ਹਸਪਤਾਲ ਦੀਆਂ ਬਿਲਡਿੰਗ ਬਣਵਾਉਂਦੇ ਹਨ ।

Bet Areas in the State

*2350. **Chaudhri Ram Singh** : Will the Minister of State for Development be pleased to state whether any areas have been declared as Bet Areas in the State ; if so , the details thereof ?

Sardar Gurcharan Singh Nihalsinghwala (Chief Parliamentary Secretary) : Yes please. All the areas lying within a belt of 5 kilometers on either side, from the centre of the bed of the river have been declared as bet areas of the State.

[ਜੀ ਹਾਂ। ਦਰਿਆ ਦੇ ਦੋਨੋਂ ਕਿਨਾਰਿਆਂ ਦੇ ਉਹ ਸਮੂਹ ਇਲਾਕੇ ਜਿਹੜੇ ਦਰਿਆ ਦੇ ਤਲ ਦੇ ਸੈਂਟਰ ਤੋਂ 5 ਕਿਲੋਮੀਟਰ ਦੇ ਘੇਰੇ ਵਿਚ ਆਉਂਦੇ ਹਨ ਉਨ੍ਹਾਂ ਨੂੰ ਬੇਟ ਏਰੀਆਜ਼ ਕਰਾਰ ਦਿੱਤਾ ਗਿਆ ਹੈ ।]

ਚੌਧਰੀ ਰਾਮ ਸਿੰਘ : ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਇਹ ਦਸਣਗੇ ਕਿ ਇਸ ਬੇਟ ਏਰੀਆਜ਼ ਦੀ ਡੀਵੈਲੱਪਮੈਂਟ ਵਾਸਤੇ ਸਰਕਾਰ ਨੇ ਕੋਈ ਕਮੇਟੀ ਬਣਾਈ ਹੈ ਜਿਹੜੀ ਕਿ ਬੇਟ ਏਰੀਆਜ਼ ਦੀ ਡੀਵੈਲੱਪਮੈਂਟ ਕਰ ਸਕੇ ?

ਮੁੱਖ ਸੰਸਦੀ ਸਕੱਤਰ: 5 ਕਿਲੋ ਮੀਟਰ ਦੇ ਏਰੀਆ ਵਿਚ ਇਕ ਕੌਂਸਲ ਬਣਾਈ ਗਈ ਹੈ ਕਿ ਉਹ ਇਥੇ ਜਲਦੀ ਡਿਵੈਲੱਪਮੈਂਟ ਕਰਨ ਲਈ ਕੋਈ ਸਲਾਹ ਕਰ ਸਕੇ । ਇਸ ਕਮੇਟੀ ਦੀ ਮੀਟਿੰਗ 28 ਜਨਵਰੀ, 1974 ਨੂੰ ਹੋਈ ਸੀ।

ਡਾਕਟਰ ਅਮੀਰ ਸਿੰਘ ਕਲਕਟ: ਕੀ ਮੰਤਰੀ ਮਹੋਦਯ ਇਹ ਦੱਸਣਗੇ ਕਿ ਜਿਹੜੀ ਕੌਂਸਲ ਬਣਾਈ ਗਈ ਹੈ ਇਹ ਕੰਡੀ ਏਰੀਆਜ਼ ਵਿਚ ਵੀ ਬਣਾਈ ਜਾਵੇਗੀ ਜਿਸ ਤਰ੍ਹਾਂ ਕਿ ਇਹ ਬੇਟ ਏਰੀਆਜ਼ ਵਿਚ ਡੀਵੈਲੱਪਮੈਂਟ ਕਰਨ ਵਾਸਤੇ ਕੰਮ ਕਰ ਰਹੀ ਹੈ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਸ ਵਾਸਤੇ ਤਾਂ ਮੈਂ ਪਹਿਲੇ ਵੀ ਦਸਿਆ ਹੈ ਕਿ ਇਹ ਬੇਟ ਏਰੀਆਜ਼ ਦੀ ਡੀਵੈਲੱਪਮੈਂਟ ਵਾਸਤੇ ਕੌਂਸਲ ਬਣਾਈ ਹੈ ਅਤੇ ਹਾਲੇ ਤਾਂ ਇਸ ਵਿਚ ਚੀਫ਼ ਮਨਿਸਟਰ ਸਾਹਿਬ ਨੇ ਇਕ ਕਮੇਟੀ ਵੀ ਨੌਮੀਨੇਟ ਕਰਨੀ ਹੈ ਜਿਸ ਨੇ ਕਿ ਫਲੱਡਾਂ ਨੂੰ ਰੋਕਣ ਵਾਸਤੇ ਵਿਚਾਰ ਕਰਨਾ ਹੈ।

ਸਰਦਾਰ ਗੁਰਬਚਨ ਸਿੰਘ: ਕੀ ਚੀਫ਼ ਪਾਰਲੀਮੈਂਟਰੀ ਸੈਕਟਰੀ ਸਾਹਿਬ ਦੱਸਣਗੇ ਕਿ ਇਹ ਜਿਹੜੀ ਕੌਂਸਲ ਬਣਾਈ ਹੈ ਇਸ ਤੇ ਕਿੰਨਾ ਖਰਚ ਕੀਤਾ ਗਿਆ ਹੈ ਅਤੇ ਇਸ ਦਾ ਕੰਮ ਕਦੋਂ ਤੋਂ ਚਾਲੂ ਹੋ ਜਾਵੇਗਾ ?

ਮੁੱਖ ਸੰਸਦੀ ਸਕੱਤਰ: ਤੁਸੀਂ ਇਸ ਦੇ ਬਾਰੇ ਫਰੈਸ਼ ਨੋਟਿਸ ਦੇ ਦਿਓ ਜਵਾਬ ਦੇ ਦਿਆਂਗੇ ।

ਸਰਦਾਰ ਬਸੰਤ ਸਿੰਘ ਖਾਲਸਾ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਜਿਸ ਤਰ੍ਹਾਂ ਸਤਲੁਜ ਬਿਆਸ ਦੇ ਨਾਲ ਲਗਦੇ ਏਰੀਏ ਨੂੰ ਬੇਟ ਦਾ ਏਰੀਆ ਕਰਾਰ ਦਿੱਤਾ ਹੈ ਇਸ ਤਰ੍ਹਾਂ ਬੁੱਢਾ ਦਰਿਆ ਜਿਹੜਾ ਕਿ ਲੁਧਿਆਣੇ ਵਿਚੋਂ ਲੰਘਦਾ ਹੈ ਉਸ ਨੂੰ ਵੀ ਬੇਟ ਏਰੀਆ ਕਰਾਰ ਦੇਣਗੇ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ ਦਰਿਆਵਾਂ ਦੀ ਲਿਸਟ ਵਿਚ ਨਹੀਂ ਆਉਂਦਾ।

ਸਰਦਾਰ ਅਜਾਇਬ ਸਿੰਘ ਸੰਧੂ : ਜਿਹੜਾ ਏਰੀਆ ਬੇਟ ਦਾ ਏਰੀਆ ਡਿਕਲੇਅਰ ਕੀਤਾ ਗਿਆ ਹੈ ਮੈਂ ਪੁੱਛਦਾ ਹਾਂ ਕਿ ਕੀ ਰੋਪੜ ਨੂੰ ਵੀ ਬੇਟ ਦਾ ਏਰੀਆ ਡਿਕਲੇਅਰ ਕੀਤਾ ਗਿਆ ਹੈ ?

ਮੁੱਖ ਸੰਸਦੀ ਸਕੱਤਰ: ਜਿਹੜਾ ਵੀ ਏਰੀਆ ਸਤਲੁਜ ਦਰਿਆ ਦੇ 5 ਕਿਲੋ ਮੀਟਰ ਤੱਕ ਪੈਂਦਾ ਹੈ ਉਹ ਬੇਟ ਦਾ ਏਰੀਆ ਕਰਾਰ ਦਿੱਤਾ ਗਿਆ ਹੈ ।

ਮਾਸਟਰ ਚੰਦ ਸਿੰਘ: ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ 5 ਕਿਲੋ ਮੀਟਰ ਦੇ ਏਰੀਆ ਨੂੰ ਵਧਾ ਕੇ 8 ਕਿਲੋ ਮੀਟਰ ਦਾ ਏਰੀਆ ਕਰਨ ਨੂੰ ਤਿਆਰ ਹੈ ?

ਮੁੱਖ ਸੰਸਦੀ ਸਕੱਤਰ: ਸਪੀਕਰ ਸਾਹਿਬ, ਇਹ ਸੰਗਰੂਰ ਜ਼ਿਲ੍ਹੇ ਦੇ ਰੇਗਿਸਤਾਨ ਦੇ ਰਹਿਣ ਵਾਲੇ ਹਨ ਇਨ੍ਹਾਂ ਨੂੰ ਬੇਟ ਦੇ ਏਰੀਏ ਦਾ ਕੀ ਪਤਾ ਕਿ 5 ਕਿਲੋਮੀਟਰ ਦਾ ਬੇਟ ਦਾ ਏਰੀਆ ਕਿਤਨਾ ਹੁੰਦਾ ਹੈ।

ਸਰਦਾਰ ਗੁਰਦੇਵ ਸਿੰਘ ਸਿੱਧੂ: ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਟਾਂਗਰੀ ਨਦੀ ਹੈ ਉਥੇ ਬਹੁਤ ਸਾਰਾ ਇਲਾਕਾ ਇਸ ਤਰ੍ਹਾਂ ਦਾ ਹੈ, ਕੀ ਸਰਕਾਰ ਉਸ ਨੂੰ ਵੀ ਬੇਟ ਏਰੀਆ ਡਿਕਲੇਅਰ ਕਰਨ ਨੂੰ ਤਿਆਰ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਨੂੰ ਤਾਂ ਇਹ ਖਤਰਾ ਹੈ ਕਿ ਮੈਂਬਰ ਸਾਹਿਬਾਨ ਰਾਜ-ਬਾਹਿਆਂ ਨੂੰ ਹੀ ਨਾ ਕਹਿਣ ਲਗ ਪੈਣ ਕਿ ਉਹ ਵੀ ਬੇਟ ਏਰੀਏ ਸਮਝੇ ਜਾਣ । (ਹਾਸਾ)।

ਸਰਦਾਰ ਸੁਰਜੀਤ ਸਿੰਘ ਅਟਵਾਲ: ਸਪੀਕਰ ਸਾਹਿਬ, ਕੀ ਮੈਂ ਇਹ ਜਾਣ ਸਕਦਾ ਹਾਂ ਕਿ ਜਿਹੜੀ ਮੀਟਿੰਗ 28 ਜਨਵਰੀ, 1974 ਨੂੰ ਹੋਈ ਸੀ ਉਸ ਵਿਚ ਫੈਸਲਾ ਹੋਇਆ ਕਿ ਬੇਟ ਏਰੀਏ ਦੀ ਰਿਕੁਆਇਰਮੈਂਟ ਵਾਸਤੇ ਇਕ ਕਮੇਟੀ ਬਣਾਈ ਜਾਵੇ, ਕੀ ਸਰਕਾਰ ਨੇ ਉਹ ਕਮੇਟੀ ਬਣਾ ਦਿਤੀ ਹੈ, ਔਰ ਜੇਕਰ ਨਹੀਂ ਬਣਾਈ ਤਾਂ ਕਦ ਤਕ ਬਣਾ ਦਿਤੀ ਜਾਵੇਗੀ ?

ਮੁੱਖ ਸੰਸਦੀ ਸਕੱਤਰ : ਉਹ ਕਮੇਟੀ ਸੀ. ਐਮ. ਸਾਹਿਬ ਨੇ ਨਾਮੀਨੇਟ ਕਰਨੀ ਹੈ । ਅਜੇ ਉਹ ਕਮੇਟੀ ਨਾਮੀਨੇਟ ਨਹੀਂ ਕੀਤੀ ਪਰ ਆਸ ਹੈ ਕਿ ਉਹ ਛੇਤੀ ਤੋਂ ਛੇਤੀ ਕਰ ਦੇਣਗੇ ।

ਚੌਧਰੀ ਦਰਸ਼ਨ ਸਿੰਘ: ਕੀ ਸੀ. ਪੀ. ਐਸ. ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਕੀ ਅਜਿਹੀਆਂ ਹਦਾਇਤਾਂ ਜਾਰੀ ਕਰ ਦਿਤੀਆਂ ਹਨ ਜਾਂ ਕਰ ਦੇਣਗੇ ਕਿ 50 ਪ੍ਰਤੀਸ਼ਤ ਡਿਸਪੈਨਸਰੀਜ਼ ਐਂਡ ਰੋਡਜ਼ ਦੀ ਅਲਾਟਮੈਂਟ ਬੇਟ ਏਰੀਆ ਵਿਚ ਕੀਤੀ ਜਾਵੇਗੀ?

Chief Parliamentary Secretary : This question does not arise out of this question.

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਕੀ ਸਰਕਾਰ ਜਿਹੜਾ ਘੱਗਰ ਦਰਿਆ ਹੈ ਉਸ ਦੇ ਪੰਜ ਕਿਲੋਮੀਟਰ ਦੇ ਏਰੀਏ ਨੂੰ ਵੀ ਬੇਟ ਏਰੀਆ ਡਿਕਲੇਅਰ ਕਰਨ ਨੂੰ ਤਿਆਰ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਉਹ ਪਹਿਲਾਂ ਹੀ ਬੇਟ ਏਰੀਆ ਡਿਕ-ਲੇਅਰ ਕੀਤਾ ਹੋਇਆ ਹੈ ।

ਸਰਦਾਰ ਜਸਦੇਵ ਸਿੰਘ ਸੰਧੂ : ਪਰ ਜੇਕਰ ਨਾ ਕੀਤਾ ਹੋਇਆ ਤਾਂ ਕੀ ਕਰਨ ਨੂੰ ਤਿਆਰ ਹੋ ?

ਮੁੱਖ ਸੰਸਦੀ ਸਕੱਤਰ : ਜੇਕਰ ਨਾ ਹੋਵੇਗਾ ਤਾਂ ਇਸ ਬਾਰੇ ਗੌਰ ਕੀਤਾ ਜਾਵੇਗਾ। (ਇਸ ਸਮੇਂ ਚੌਧਰੀ ਜਗਤ ਰਾਮ ਜੀ ਸਪਲੀਮੈਂਟਰੀ ਕਰਨ ਲਈ ਖੜ੍ਹੇ ਹੋਏ)

ਇਕ ਆਵਾਜ਼ : ਚੌਧਰੀ ਜਗਤ ਰਾਮ ਬੈਠ ਜਾ।

(ਇਸ ਸਮੇਂ ਕਈ ਮੈਂਬਰ ਸਾਹਿਬਾਨ ਸਪਲੀਮੈਂਟਰੀ ਕਰਨ ਲਈ ਖੜ੍ਹੇ ਸਨ)

ਸਰਦਾਰ ਪ੍ਰੇਮ ਸਿੰਘ ਪ੍ਰੇਮ : ਸਪੀਕਰ ਸਾਹਿਬ, ਚੌਧਰੀ ਜਗਤ ਰਾਮ ਜੀ ਹੁਣੇ ਜਿਹੇ ਕੁਐਸਚਨ ਕਰਨ ਲਈ ਖੜ੍ਹੇ ਹੋਏ ਸਨ ਤਾਂ ਉਸ ਨੂੰ ਇਨ੍ਹਾਂ ਨੇ ਕਿਹਾ ਕਿ ਜਗਤ ਰਾਮਾ ਬੈਠ ਜਾ। ਕੀ ਮੈਂ ਇਨ੍ਹਾਂ ਨੂੰ ਪੁੱਛ ਸਕਦਾ ਹਾਂ ਕਿ ਜਿਸ ਤਰ੍ਹਾਂ ਇਹ ਪਿੰਡਾਂ ਵਿਚ ਹਰੀਜਨਾਂ ਨੂੰ ਬੁਲਾਉਂਦੇ ਹਨ ਉਸ ਤਰ੍ਹਾਂ ਹੀ ਇਸ ਹਾਊਸ ਵਿਚ ਵੀ ਬੁਲਾਉਣਾ ਚਾਹੀਦਾ ਹੈ। (ਵਿਰੋਧੀ ਧਿਰ ਵਲੋਂ ਥੰਪਿੰਗ) (ਹਾਸਾ)

ਸ੍ਰੀ ਸਪੀਕਰ : ਨਹੀਂ ਜੀ, ਆਨਰੇਬਲ ਮੈਂਬਰਜ਼ ਨੂੰ ਇੱਜ਼ਤ ਨਾਲ ਬੁਲਾਉਣਾ ਚਾਹੀਦਾ ਹੈ। (No, the hon. Members may be addressed respectfully).

ਸਰਦਾਰ ਜਸਦੇਵ ਸਿੰਘ ਸੰਧੂ : ਸਪੀਕਰ ਸਾਹਿਬ, ਕੀ ਮੈਂ ਇਹ ਪੁੱਛ ਸਕਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਬੇਟ ਏਰੀਆ ਡਿਕਲੇਅਰ ਕੀਤਾ ਹੈ ਉਸ ਦੀ ਚੌੜਾਈ ਪੰਜ ਕਿਲੋਮੀਟਰ ਹੈ, ਉਸ ਏਰੀਏ ਦੀ ਲੰਬਾਈ ਕਿਤਨੀ ਹੈ ਜਿਸ ਦੀ ਡੀਵੈਲਪਮੈਂਟ ਹੋਣੀ ਹੈ?

ਮੁੱਖ ਮੰਤਰੀ : ਸਪੀਕਰ ਸਾਹਿਬ, ਬੇਟ ਏਰੀਆ ਦਰਿਆਵਾਂ ਦੇ ਕਨਾਰਿਆ ਨੂੰ ਤਸੱਵਰ ਕੀਤਾ ਗਿਆ ਹੈ। ਜੇਕਰ ਕੋਈ ਐਸਾ ਇਲਾਕਾ ਹੋਵੇ ਜਿਹੜਾ ਕਿ ਬੇਟ ਏਰੀਆ ਡਿਕਲੇਅਰ ਨਾ ਕੀਤਾ ਗਿਆ ਹੋਵੇ, ਇਹ ਸਾਨੂੰ ਦੱਸ ਦੇਣ ਅਸੀਂ ਸ਼ਾਮਲ ਕਰਨ ਲਈ ਤਿਆਰ ਹਾਂ। ਦੂਸਰੀ ਗੱਲ ਇਹ ਹੈ ਕਿ ਬੇਟ ਏਰੀਆ ਦੀ ਇਕ ਐਡਵਾਇਜ਼ਰੀ ਕੌਂਸਲ ਬਣਾਈ ਗਈ ਹੈ ਜਿਸ ਵਿਚ ਹਰ ਪਾਰਟੀ ਦੇ ਮੈਂਬਰ ਜਿਹੜੇ ਕਿ ਬੇਟ ਏਰੀਏ ਦੇ ਹਨ ਉਸ ਵਿਚ ਲਏ ਗਏ ਹਨ। ਇਸ ਕਰਕੇ ਜੋ ਉਸ ਕੌਂਸਲ ਦਾ ਫੈਸਲਾ ਹੁੰਦਾ ਹੈ ਉਸ ਨੂੰ ਇੰਪਲੀਮੈਂਟ ਕੀਤਾ ਜਾਂਦਾ ਹੈ। ਜਿਹੜਾ ਉਹ ਇਲਾਕਾ ਹੈ ਉਸ ਨੂੰ ਪਾਣੀ ਦੀ ਮਾਰ ਤੋਂ ਬਚਾਉਣ ਲਈ ਔਰ ਉਨ੍ਹਾਂ ਇਲਾਕਿਆਂ ਦੀ ਉਨਤੀ ਲਈ ਉਨ੍ਹਾਂ ਵਲ ਧਿਆਨ ਦੇਣ ਲਈ ਹੀ ਇਹ ਕੌਂਸਲ ਬਣਾਈ ਹੋਈ ਹੈ। ਇਸ ਲਈ ਇਥੇ ਕੁਐਸਚਨ ਪੁਛਣ ਦਾ ਕੋਈ ਲਾਭ ਨਹੀਂ ਹੋਵੇਗਾ। ਜੇਕਰ ਕੋਈ ਇਲਾਕਾ ਰਹਿ ਗਿਆ ਹੈ ਤਾਂ ਸਾਨੂੰ ਦੱਸਣ ਅਸੀਂ ਸ਼ਾਮਲ ਕਰਨ ਲਈ ਵਿਚਾਰ ਕਰ ਲਵਾਂਗੇ।

Enquiry against certain Police Officers/Officials of Police Station, Sadar, Gurdaspur

***2374. Comrade Raj Kumar** : Will the Chief Minister be pleased to state—

(a) whether in the meeting of District Public Grievances Committee, Gurdaspur held on 18th January, 1974, it was decided to hold an enquiry into charges indicated by a legislator in his letter dated 27th December, 1973 against certain police officers/officials of Police Station Sadar, Gurdaspur ;

(b) whether the enquiry officer has since been appointed and enquiry started ; if so, the name and rank of the Enquiry Officer so appointed together with the terms of reference and the approximate time by which the enquiry would be completed ?

(ੳ) ਸਰਦਾਰ ਗੁਰਚਰਨ ਸਿੰਘ ਨਿਹਾਲਸਿੰਘਵਾਲਾ (ਮੁੱਖ ਸੰਸਦੀ ਸ਼ਕੱਤਰ) : ਹਾਂ ਜੀ ।

(ਅ) ਸ੍ਰੀ ਓ. ਪੀ. ਸ਼ਰਮਾ, ਐਸ. ਪੀ., ਸੀ. ਆਈ ਡੀ., ਪੰਜਾਬ ਨੂੰ ਇਸ ਇਨਕੁਆਇਰੀ ਤੇ ਮਾਮੂਰ ਕੀਤਾ ਗਿਆ ਹੈ । ਇਨਕੁਆਇਰੀ ਅਜੇ ਸ਼ੁਰੂ ਨਹੀਂ ਕੀਤੀ ਗਈ ਪਰ ਆਸ ਹੈ ਕਿ ਇਹ ਤਕਰੀਬਨ ਇਕ ਮਹੀਨੇ ਵਿਚ ਮੁਕੰਮਲ ਕਰ ਲਈ ਜਾਵੇਗੀ । ਸ੍ਰੀ ਸ਼ਰਮਾ, ਗੁਰਦਾਸਪੁਰ ਸਦਰ ਪੁਲਿਸ ਵਿਰੁਧ ਲਗਾਏ ਪਿੰਡ ਚੋਰ ਸਿਧਵਾਂ ਵਿਖੇ ਇਕ ਲੜਕੀ ਦੀ ਬਰਾਮਦਗੀ ਸਮੇਂ ਕੀਤੀਆਂ ਜ਼ਿਆਦਤੀਆਂ ਦੇ ਦੋਸ਼ ਦੀ ਇਨਕੁਆਇਰੀ ਕਰਨਗੇ ।

ਕਾਮਰੇਡ ਰਾਜ ਕੁਮਾਰ: ਸਪੀਕਰ ਸਾਹਿਬ, ਦਸੰਬਰ ਦੇ ਦੂਜੇ ਹਫਤੇ ਵਿਚ ਉਸ ਲੜਕੀ ਨੂੰ ਅਗਵਾਹ ਕੀਤਾ ਗਿਆ ਔਰ ਉਸ ਨੂੰ ਰੇਪ ਕੀਤਾ ਗਿਆ । ਮਨਿਸਟਰ ਦੀ ਇਨਟਰਵੈਨਸ਼ਨ ਨਾਲ ਉਸ ਲੜਕੀ ਨੂੰ ਵਾਪਸ ਗੁਰਦਾਸਪੁਰ ਵਿਚ ਲਿਆਂਦਾ ਗਿਆ । ਉਹ ਏ. ਐਸ. ਆਈ. ਔਰ ਐਸ. ਆਈ. ਸੱਸਪੈਂਡ ਕੀਤੇ ਗਏ । ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਆਇਆ ਉਹ ਏ. ਐਸ. ਆਈ ਔਰ ਐਸ. ਆਈ ਜਿਹੜੇ ਹਨ ਉਨ੍ਹਾਂ ਦੇ ਖਿਲਾਫ ਕੇਸ ਬਣਾਇਆ ਗਿਆ ਹੈ ਔਰ ਆਇਆ ਉਹ ਅੰਡਰ ਸਸਪੈਨਸ਼ਨ ਹਨ? ਫਿਰ ਦੂਜੀ ਗੱਲ ਇਹ ਕਿ ਕੀ ਇਨਕੁਆਇਰੀ ਅਫਸਰ ਨੇ, ਇਸ ਗੱਲ ਦਾ ਕਿ ਲੜਕੀ ਅਣਵਿਆਹੀ ਔਰ ਉਸ ਨੂੰ ਰੇਪ ਕੀਤਾ ਗਿਆ, ਉਸ ਵਿਚ ਵੇਰਵਾ ਪਾਇਆ ਹੈ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਇਕ ਸ੍ਰੀ ਕਰਪਾਲ ਸਿੰਘ ਨੇ ਮੈਜਿਸਟਰੇਟ ਦੀ ਅਦਾਲਤ ਵਿਚ ਦਰਖਾਸਤ ਦਿਤੀ । 14 ਦਸੰਬਰ, 1973 ਨੂੰ ਲੜਕੀ ਨੇ ਬਿਆਨ ਦਿਤੇ ਕਿ ਮੈਂ ਕਰਪਾਲ ਸਿੰਘ ਨਾਲ ਵਿਆਹੀ ਹੋਈ ਹਾਂ, ਉਸ ਉਪਰ ਮੈਜਿਸਟਰੇਟ ਨੇ ਉਸ ਲੜਕੀ ਨੂੰ ਕਰਪਾਲ ਸਿੰਘ ਨਾਲ ਤੋਰ ਦਿਤਾ ।

ਚੌਧਰੀ ਰਾਮ ਸਿੰਘ: ਸਪੀਕਰ ਸਾਹਿਬ, ਕੀ ਮੁੱਖ ਸੰਸਦੀ ਸਕੱਤਰ ਸਾਹਿਬ ਇਹ ਦੱਸਣਗੇ ਕਿ ਉਥੇ ਦੇ ਐਸ. ਪੀ. ਸਾਹਿਬ ਨੇ ਆਪ ਕੋਸ਼ਿਸ਼ ਕਰਕੇ ਉਸ ਲੜਕੀ ਨੂੰ ਵਾਪਸ ਲਿਆਂਦਾ ਸੀ ? ਤਾਂ ਕੀ ਇਹ ਪ੍ਰੀਪਲੈਨਡ ਚੀਜ਼ ਸੀ ਕਿ 14 ਤਾਰੀਖ ਨੂੰ ਉਸ ਨੂੰ ਲਿਆਂਦਾ ਗਿਆ ਔਰ 15 ਤ਼ਾਰੀਖ ਨੂੰ ਹੀ ਐਕਸ਼ਨ ਹੋ ਗਿਆ ?

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਪੁਲੀਸ ਗਈ ਲੜਕੀ ਬਰਾਮਦ ਕਰਨ ਲਈ ਤਾਂ ਪਿੰਡ ਵਾਲਿਆਂ ਨੇ ਉਨ੍ਹਾਂ ਨਾਲ ਲੜਾਈ ਕੀਤੀ ਤਾਂ ਫਿਰ ਐਸ. ਪੀ. ਸਾਹਿਬ ਗਏ ਔਰ ਉਹ ਲੜਕੀ ਬਰਾਮਦ ਕੀਤੀ ਗਈ । ਲੜਕੀ ਦੇ ਬਿਆਨ ਹੋਏ । ਜਦੋਂ ਲੜਕੀ ਨੇ ਬਿਆਨ ਦਿਤਾ ਕਿ ਮੈਂ ਕਰਪਾਲ ਸਿੰਘ ਨਾਲ ਵਿਆਹੀ ਹੋਈ ਹਾਂ ਤਾਂ ਫਿਰ ਉਹਦੇ ਵਿਚ ਕਿਸੇ ਦਾ ਕੀ ਦਖਲ ਰਹਿ ਜਾਂਦਾ ਹੈ ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਇਸ ਚੀਜ਼ ਦੀ ਵੀ ਇਨਕੁਆਇਰੀ ਕਰਨ ਲਈ ਤਿਆਰ ਹਨ ਕਿ ਲੜਕੀ ਜਿਹੜੀ ਕਿ ਮੈਜਿਸਟਰੇਟ ਦੇ ਪੇਸ਼ ਕੀਤੀ ਗਈ ਉਹ ਕੋਈ ਹੋਰ ਲੜਕੀ ਸੀ, ਅਸਲ ਲੜਕੀ ਨਹੀਂ ਸੀ? ਕਿਸੇ ਹੋਰ ਲੜਕੀ ਨੂੰ ਪੇਸ਼ ਕੀਤਾ ਗਿਆ ਹੈ, ਕੀ ਇਹ ਇਸ ਚੀਜ਼ ਦੀ ਇਨਕੁਆਇਰੀ ਕਰਾਉਣ ਲਈ ਤਿਆਰ ਹਨ ? (ਵਿਘਨ)

ਮੁੱਖ ਸੰਸਦੀ ਸਕੱਤਰ : ਸਪੀਕਰ ਸਾਹਿਬ, ਮੈਨੂੰ ਰਾਜਕੁਮਾਰ ਜੀ ਨਾਲ ਹਮਦਰਦੀ ਹੈ। ਸਾਰੀ ਹਕੀਕਤ ਪੜ੍ਹਨ ਤੋਂ ਮੈਨੂੰ ਵੀ ਇਸ ਗੱਲ ਦਾ ਸ਼ੱਕ ਪੈਂਦਾ ਹੈ ਲੇਕਿਨ ਮੈਂ ਤੁਹਾਨੂੰ ਯਕੀਨ ਦਿਵਾਉਂਦਾ ਹਾਂ ਕਿ ਇਹ ਗੱਲ ਮੈਂ ਸੀ.ਐਮ. ਸਾਹਿਬ ਦੇ ਨੋਟਿਸ ਵਿਚ ਲਿਆਵਾਂਗਾ ਔਰ ਜੇਕਰ ਇਹ ਵਾਕਿਆ ਹੀ ਗੱਲ ਠੀਕ ਹੋਈ ਤਾਂ ਸਖਤ ਤੋਂ ਸਖਤ ਐਕਸ਼ਨ ਲਿਆ ਜਾਵੇਗਾ।

ਸ੍ਰੀ ਗੁਰਦਿਆਲ ਸੈਣੀ : ਸਪੀਕਰ ਸਾਹਿਬ, ਮੁੱਖ ਸੰਸਦੀ ਸਕੱਤਰ ਸਾਹਿਬ ਨੇ ਹੁਣੇ ਹੁਣੇ ਕਿਹਾ ਹੈ ਕਿ ਉਸ ਲੜਕੀ ਨੇ ਅਦਾਲਤ ਵਿਚ ਬਿਆਨ ਦਿਤਾ ਕਿ ਉਹ ਵਿਆਹੀ ਹੋਈ ਹੈ ਔਰ ਬਿਆਨ ਦੇਕੇ ਉਹ ਰਿਹਾ ਹੋ ਗਈ ਤਾਂ ਫਿਰ ਇਨਕੁਆਇਰੀ ਕਿਸ ਗੱਲ ਦੀ ਕਰਵਾਉਣਗੇ ?

ਮੁੱਖ ਸੰਸਦੀ ਸਕੱਤਰ : ਇਨਕੁਆਇਰੀ ਇਸ ਗੱਲ ਦੀ ਚਲ ਰਹੀ ਹੈ ਕਿ ਪਬਲਿਕ ਗਰੀਵੈਂਸਿਜ਼ ਕਮੇਟੀ ਦੀ ਮੀਟਿੰਗ ਹੋਈ ਸੀ, ਚੌਧਰੀ ਬਲਰਾਮ ਜੀ ਵੀ ਉਸ ਵਿਚ ਸਨ। ਉਸ ਵਿਚ ਇਹ ਯਕੀਨ ਦਿਵਾਇਆ ਗਿਆ ਸੀ ਕਿ ਇਨਕੁਆਇਰੀ ਕੀਤੀ ਜਾਵੇਗੀ। ਇਸ ਲਈ ਸ੍ਰੀ ਓ.ਪੀ. ਸ਼ਰਮਾ, ਐਸ. ਪੀ., ਸੀ.ਆਈ.ਡੀ. ਇਸ ਇਨਕੁਆਇਰੀ ਤੇ ਲਗਾਏ ਗਏ ਹਨ।

ਚੌਧਰੀ ਰਾਮ ਸਿੰਘ : ਸਪੀਕਰ ਸਾਹਿਬ, ਇਹ ਸਵਾਲ ਦਾ ਜਵਾਬ ਨਹੀਂ ਹੈ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਨਹੀਂ ਆਇਆ। ਸਪੀਕਰ ਸਾਹਿਬ, ਉਥੇ ਅਦਾਲਤ ਵਿਚ ਹੋਰ ਲੜਕੀ ਪੇਸ਼ ਕੀਤੀ ਗਈ......

Mr. Speaker : You cannot give information. You can only put question. Next question No. 2381.

(ਇਸ ਸਮੇਂ ਸ੍ਰੀ ਸਰਦਾਰੀ ਲਾਲ ਕਪੂਰ ਜੀ ਪ੍ਰਸ਼ਨ ਨੰ: 2381 ਪੁੱਟ ਕਰਨ ਲਈ ਖੜ੍ਹੇ ਹੋਏ)

ਸ੍ਰੀ ਸਪੀਕਰ : ਕਪੂਰ ਸਾਹਿਬ, ਕੀ ਤੁਹਾਨੂੰ ਅਚਾਰਿਆ ਸਾਹਿਬ ਇਸ ਸਵਾਲ ਦੀ ਅਥਾਰਿਟੀ ਦੇ ਗਏ ਹਨ ? (Kapur Sahib, has Acharya Sahib given you the authority to put this question?

ਸ੍ਰੀ ਸਰਦਾਰੀ ਲਾਲ ਕਪੂਰ : ਹਾਂ ਜੀ।

ਸ੍ਰੀ ਸਪੀਕਰ : ਜੇਕਰ ਦੇ ਗਏ ਹਨ ਤਾਂ ਉਹ ਮੇਰੇ ਪਾਸ ਭੇਜ ਦਿਓ। (If he has given the same to you, please send it to me)

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਮੈਂ ਰਿਸਪਾਂਸੇਬਿਲਟੀ ਨਾਲ ਕਿਹਾ ਹੈ ਜੋ ਕੁਝ ਕਿਹਾ ਹੈ।

ਆਵਾਜ਼ਾਂ : ਸਪੀਕਰ ਸਾਹਿਬ, ਇਹ ਸਵਾਲ ਪੁੱਟ ਹੋਣ ਦਿਓ ਜੀ। ਅਚਾਰਿਆ ਸਾਹਿਬ ਬੀਮਾਰ ਹਨ। (ਵਿਘਨ)

ਸ੍ਰੀ ਸਪੀਕਰ : ਜੇਕਰ ਕਪੂਰ ਸਾਹਿਬ ਤੁਹਾਡੇ ਪਾਸ ਕੋਈ ਅਥਾਰਿਟੀ ਹੈ ਤਾਂ ਮੇਰੇ ਪਾਸ ਭੇਜ ਦਿਓ, ਨਹੀਂ ਤਾਂ ਮੈਂ ਅਗਲਾ ਸਵਾਲ ਲਵਾਂਗਾ। (Kapur Sahib, if you have got the authority to put the question then send it to me; otherwise I will call the next question.)

ਅਵਾਜ਼ਾਂ : ਇਨ੍ਹਾਂ ਨੂੰ ਪੇਸ਼ ਕਰ ਲੈਣ ਦਿਉ ਜੀ।

ਸ੍ਰੀ ਸਪੀਕਰ : ਜਿਨ੍ਹਾਂ ਚਿਰ ਅਚਾਰਿਆ ਸਾਹਿਬ ਅਥਾਰਿਟੀ ਨਾ ਦੇਣਗੇ, ਉਨੀ ਦੇਰ ਕੁਝ ਨਹੀਂ ਹੋਵੇਗਾ। (ਵਿਘਨ) (Unless Acharya Sahib gives the authority nothing can be done.)

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਅਚਾਰਿਆ ਸਾਹਿਬ ਪਾਣੀ ਪੀਣ ਗਏ ਹਨ......

ਸ਼੍ਰੀ ਸਪੀਕਰ : ਤੁਸੀਂ ਉਨ੍ਹਾਂ ਤੋਂ ਅਥਾਰਿਟੀ ਲੈ ਆਓ, ਦੁਬਾਰਾ ਸਵਾਲ ਨੂੰ ਟੇਕ-ਅਪ ਕਰ ਲਵਾਂਗੇ । (The hon. Member may please get the authority from the member concerned. This question will be taken up then.

Primary Health Centre, Jaijon Doaba in Hoshiarpur District

*2281. **Comrade Darshan Singh Canadian :** Will the Minister of State for Health and Family Planning be pleased to state :—

(a) whether there is a primary Health Centre at Jaijon Doaba in Hoshiarpur District; if so, the date when it was set up;

(b) whethei the Government had at any stage planned to build the Health Centre building in Jaijon and whether the Gram Panchayat of the said village had transferred any land and contributed any money for the said purpose; if so, when and the details thereof;

(c) whether the building of the said centre has so far been constructed; if not, the reasons for the same;

(d) whether the Government plans to construct the said building; if so, when ?

Sardar Balbir Singh : (a) Yes Sir. It was set up during 1957-58.

(b) Yes Sir. Land measuring 10 Kanals and 4 marlas was donated in addition to each contribution of Rs. 2,000/- during 1964. This land and cash contribution with civil dispensary budget of Rs. 16000/- was utilised for construction of a portion of the building by the Panchayati Raj.

(c) A portion of the building has been constructed. Reason for non-completion is that the building is constructed in a phased manner subject to availability of funds.

(d) The remaining building, including staff quarters, is proposed to be constructed during the 5th Five Year Plan.

[(ੳ) ਜੀ ਹਾਂ। ਇਹ 1957-58 ਵਿੱਚ ਸਥਾਪਤ ਹੋਇਆ ਸੀ।

(ਅ) ਜੀ ਹਾਂ, ਦਸ ਕਨਾਲ ਚਾਰ ਮਰਲੇ ਭੂਮੀ ਦਾਨ ਵਜੋਂ 2000/- ਰੁਪਏ ਨਕਦ ਤੋਂ ਇਲਾਵਾ 1964 ਵਿਚ ਪ੍ਰਾਪਤ ਹੋਈ। ਇਹ ਭੂਮੀ ਇਸ ਚੰਦੇ ਦੀ ਰਕਮ ਤੇ ਸਿਵਲ ਡਿਸਪੈਂਸਰੀ ਬਜਟ ਦੇ 16000/- ਰੁਪਏ ਪੰਚਾਇਤੀ ਰਾਜ ਨੇ ਇਮਾਰਤ ਦੇ ਕੁਝ ਹਿੱਸੇ ਨੂੰ ਉਸਾਰਨ ਲਈ ਵਰਤੇ।

(ੲ) ਇਮਾਰਤ ਦਾ ਕੁਝ ਹਿੱਸਾ ਬਣ ਚੁੱਕਾ ਹੈ। ਇਮਾਰਤ ਪੂਰੀ ਨਾ ਹੋਣ ਦਾ ਕਾਰਨ ਇਹ ਹੈ ਕਿ ਹੌਲੇ ਹੌਲੇ ਜਿਵੇਂ ਜਿਵੇਂ ਫੰਡਜ਼ ਮਿਲਦੇ ਰਹਿੰਦੇ ਹਨ ਇਮਾਰਤ ਬਣਦੀ ਰਹਿੰਦੀ ਹੈ।

(ਸ) ਬਕਾਇਆ ਇਮਾਰਤ ਸਟਾਫ਼ ਕੁਆਟਰਾਂ ਸਮੇਤ ਪੰਜਵੀਂ ਪੰਜ ਸਾਲਾ ਯੋਜਨਾ ਵਿਚ ਬਣਾਉਣ ਦੀ ਤਜਵੀਜ਼ ਹੈ।]

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇ ਆਮ ਤੌਰ ਤੇ ਕਿਤੇ ਪਰਾਈਮਰੀ ਹੈਲਥ ਸੈਂਟਰ ਬਣਨਾ ਹੋਵੇ ਤਾਂ 5 ਸਾਲ ਵਿਚ

[ਕਾਮਰੇਡ ਦਰਸ਼ਨ ਸਿੰਘ ਕਨੇਡੀਅਨ]

ਬਿਲਡਿੰਗ ਬਣਾ ਦਿੱਤੀ ਜਾਂਦੀ ਹੈ, ਪਰ ਇਸ ਕੇਸ ਵਿਚ ਕੁਝ ਨਹੀਂ ਕੀਤਾ ਗਿਆ। ਉਹ ਪਹਾੜੀ ਇਲਾਕਾ ਹੈ ਅਤੇ ਲੋਕ ਗਰੀਬ ਹਨ, ਉਨ੍ਹਾਂ ਨੇ ਪੈਸੇ ਤੇ ਜ਼ਮੀਨ ਦਿੱਤੀ। ਪਰ ਸਿਰਫ ਚੰਦ ਕਵਾਟਰਜ਼ ਹੀ ਬਣਾ ਦਿੱਤੇ ਹਨ, ਬਿਲਡਿੰਗ ਕੋਈ ਨਹੀਂ ਬਣਾਈ ਗਈ। ਹੁਣ ਇਸ ਗੱਲ ਨੂੰ ਪੰਜਵੇਂ ਪਲੈਨ ਵਿਚ ਪਾ ਦਿਤਾ ਹੈ ਅਤੇ ਕਹਿੰਦੇ ਹਨ ਕਿ ਜਿਉਂ ਜਿਉਂ ਪੈਸੇ ਮਿਲਦੇ ਜਾਣਗੇ, ਉਸ ਦੇ ਹਿਸਾਬ ਨਾਲ ਕੰਮ ਕੀਤਾ ਜਾਵੇਗਾ। ਇਹ ਪਹਾੜੀ ਇਲਾਕੇ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ।

ਸ੍ਰੀ ਸਪੀਕਰ: ਪਹਾੜੀ ਇਲਾਕੇ ਦਾ ਖਾਸ ਖਿਆਲ ਰਖਿਆ ਜਾ ਰਿਹਾ ਹੈ। (Special attention is being paid to the hilly area)

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ: ਕਈ ਸਾਲ ਹੋ ਗਏ ਹਨ ਇਸ ਗੱਲ ਨੂੰ।

ਸ੍ਰੀ ਸਪੀਕਰ: ਦੋ ਸਾਲ ਵਿਚ ਵੇਖੋ ਕੀ ਕੀਤਾ ਗਿਆ ਹੈ। (The hon. Member may please note the progress made during the last two years.)

ਰਾਜ ਮੰਤਰੀ : ਗਵੱਰਨਮੈਂਟ ਦੀ ਪਾਲਿਸੀ ਇਹ ਰਹੀ ਹੈ ਕਿ ਜਿੱਥੇ ਮੈਡੀਕਲ ਫੈਸੀਲੀਟੀਜ਼ ਪ੍ਰੋਵਾਈਡ ਕੀਤੀਆਂ ਜਾਣ, ਉਥੇ ਪਬਲਿਕ ਪਾਰਟੀਸੀਪੇਸ਼ਨ ਜ਼ਰੂਰੀ ਹੈ, ਇਹ ਨਾਰਮ ਲੇ ਕੀਤਾ ਹੈ। ਇਸ ਕੇਸ ਵਿਚ ਜਿੰਨਾ ਚਿਰ 4 ਏਕੜ ਜ਼ਮੀਨ ਅਤੇ 4000 ਰੁਪਿਆ ਨਹੀਂ ਦਿਤੇ ਜਾਂਦੇ, ਉਨ੍ਹਾਂ ਚਿਰ ਗਵੱਰਨਮੈਂਟ ਬਿਲਡਿੰਗ ਨਹੀਂ ਬਣਾ ਸਕਦੀ। ਇਥੇ ਦੀ ਪੰਚਾਇਤ ਨੇ 10 ਕਨਾਲ ਅਤੇ ਕੁਝ ਮਰਲੇ ਜ਼ਮੀਨ ਅਤੇ 2000 ਰੁਪਿਆ ਦਿੱਤਾ ਹੈ, ਇਸ ਕਰਕੇ ਡਿਲੇ ਹੋਈ ਹੈ।

ਕੈਪਟਨ ਰਤਨ ਸਿੰਘ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਜਿਹੜਾ ਪਹਾੜੀ ਇਲਾਕਾ ਹੋਵੇ, ਉਥੇ ਸਪੈਸ਼ਿਲੀ ਜ਼ਮੀਨ ਦੀ ਐਗਜ਼ੈਂਪਸ਼ਨ ਨਹੀਂ ਦਿੱਤੀ ਜਾ ਸਕਦੀ ?

ਰਾਜ ਮੰਤਰੀ : ਜ਼ਮੀਨ ਤੋਂ ਬਿਨਾਂ ਬਿਲਡਿੰਗ ਖੜ੍ਹੀ ਨਹੀਂ ਹੋ ਸਕਦੀ। ਜੇ ਇਸ ਤਰ੍ਹਾਂ ਹੋ ਸਕਦਾ ਹੈ ਤਾਂ ਮੈਨੂੰ ਦੱਸ ਦੇਣ।

ਕਾਮਰੇਡ ਦਰਸ਼ਨ ਸਿੰਘ ਕਨੇਡੀਅਨ : ਪਹਾੜੀ ਇਲਾਕੇ ਵਿਚ ਜ਼ਮੀਨ ਹੈ ਨਹੀਂ ਅਤੇ ਇਹ ਰੂਲਜ਼ ਦੇ ਮੁਤਾਬਿਕ 4 ਏਕੜ ਜ਼ਮੀਨ ਮੰਗਦੇ ਹਨ। ਕੀ ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਬਜਾਏ ਜਿਆਦਾ ਜਗ੍ਹਾ ਰੋਕਣ ਦੇ ਬਿਲਡਿੰਗ ਨੂੰ ਉਚਾ ਬਣਾ ਦਿਤਾ ਜਾਵੇ ਅਤੇ 10 ਕਨਾਲ ਵਿਚ ਬਿਲਡਿੰਗ ਬਣਾ ਦਿੱਤੀ ਜਾਵੇ, 4 ਏਕੜ ਦਾ ਤਾਂ ਸਾਰਾ ਸ਼ਹਿਰ ਹੈ, ਇਸ ਕੰਡੀਸ਼ਨ ਨੂੰ ਰਿਲੈਕਸ ਨਹੀਂ ਕੀਤਾ ਜਾ ਸਕਦਾ ?

(ਕੋਈ ਉਤਰ ਨਹੀਂ ਆਇਆ।)

Setting up Water Works at Mandi Kot Fatta and Sangat Mandi, District Bhatinda

*2396. **Sardar Surjit Singh Sidhu** : Will the Minister of State for Health and Family Planning be pleased to state whether there is any proposal under the consideration of the Government to set up a water works at Mandi Kot Fatta and Sangat Mandi, district Bhatinda, in view of the scarcity of drinking water in the said area; if not, the reasons therefor ?

Sardar Balbir Singh : Yes Sir. [ਹਾਂ ਜੀ]

ਸਰਦਾਰ ਸੁਰਜੀਤ ਸਿੰਘ ਸਿੱਧੂ : ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਅੱਧੇ ਮੀਲ ਤੇ ਜਿਹੜੀ ਸੰਗਤ ਮੰਡੀ ਹੈ, ਉਸ ਥਾਂ ਤੇ ਵਾਟਰ ਵਰਕਸ, 8500 ਦੀ ਪਾਪੂਲੇਸ਼ਨ ਦੀ ਕੈਪੇਸਟੀ ਨਾਲ ਇਸ ਮੰਡੀ ਨੂੰ ਵਾਟਰ ਸਪਲਾਈ ਕੀਤਾ ਜਾਵੇਗਾ।

ਵਿੱਤ ਮੰਤਰੀ: ਇਹ ਇਸ ਸਵਾਲ ਵਿਚ ਨਹੀਂ ਆਉਂਦਾ, ਪਤਾ ਕਰਕੇ ਦੱਸ ਦੇਵਾਂਗੇ।

ਸਰਦਾਰ ਗੁਰਦੇਵ ਸਿੰਘ ਬਾਦਲ : ਸਾਡੇ ਫ਼ਰੀਦਕੋਟ ਸ਼ਹਿਰ ਵਿਚ ਵਾਟਰ ਵਰਕਸ ਦੀ ਜ਼ਮੀਨ 1970 ਤੋਂ ਮੁਕੰਮਲ ਹੋਈ ਪਈ ਹੈ। ਇਹ ਬਾਦਲ ਸਰਕਾਰ ਨੇ ਹਿੰਮਤ ਕੀਤੀ ਸੀ। ਪਰ ਹੁਣ ਜਿਹੜੇ ਉਥੋਂ ਦੇ ਮੁਲਾਜ਼ਮ ਹਨ, ਉਹ ਜ਼ਮੀਨ ਸਗੋਂ ਵੇਚੀ ਜਾਂਦੇ ਹਨ। ਕੀ ਸਰਕਾਰ ਇਸ ਨੂੰ ਛੇਤੀ ਮੁਕੰਮਲ ਕਰੇਗੀ ?

ਸ੍ਰੀ ਸਪੀਕਰ: ਇਸ ਸਵਾਲ ਦੇ ਨਾਲ ਇਸ ਦਾ ਤਾਅੱਲਕ ਨਹੀਂ ਹੈ। (This supplementary does not arise out of this question.)

ਸਰਦਾਰ ਗੁਰਦੇਵ ਸਿੰਘ ਬਾਦਲ : * * * * *

ਸ੍ਰੀ ਸਪੀਕਰ : ਜੋ ਕੁਝ ਸਰਦਾਰ ਗੁਰਦੇਵ ਸਿੰਘ ਬਾਦਲ ਕਹਿ ਰਹੇ ਹਨ, ਉਹ ਰਿਕਾਰਡ ਨਾ ਕੀਤਾ ਜਾਵੇ। (Whatever Sardar Gurdev Singh Badal is saying should not be recorded.)

ਸਰਦਾਰ ਬਲਵਿੰਦਰ ਸਿੰਘ ਭੂੰਦੜ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਸਰਕਾਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਦੂਲਗੜ੍ਹ ਅਤੇ ਭਿਵਾਨੀਗੜ੍ਹ 2 ਮੰਡੀਆਂ ਵਿਚ ਵਾਟਰ ਵਰਕਸ ਮੁਕੰਮਲ ਹੋਏ ਨੂੰ ਛੇ ਮਹੀਨੇ ਹੋ ਗਏ ਹਨ ਅਤੇ ਸਰਕਾਰ ਤੇ ਖਰਚ ਫਾਲਤੂ ਪੈ ਰਿਹਾ ਹੈ। ਕੀ ਸਰਕਾਰ ਛੇਤੀ ਇਸ ਕੰਮ ਨੂੰ ਚਾਲੂ ਕਰੇਗੀ ?

ਵਿੱਤ ਮੰਤਰੀ: ਦੋ ਜਗ੍ਹਾ ਦਾ ਸਵਾਲ ਪੁੱਛਿਆ ਗਿਆ ਹੈ, ਉਸ ਦਾ ਜਵਾਬ ਦੇ ਦਿੱਤਾ ਹੈ । ਜਿਹੜਾ ਤੁਸੀਂ ਦੋ ਹੋਰ ਮੰਡੀਆਂ ਦਾ ਸਵਾਲ ਪੁੱਛ ਰਹੇ ਹੋ, ਇਸ ਬਾਰੇ ਦਫ਼ਤਰ ਵਿਚ ਆ ਕੇ ਪਤਾ ਕਰ ਲੈਣਾ।

ਸਰਦਾਰ ਬਲਵਿੰਦਰ ਸਿੰਘ ਭੂੰਦੜ : ਇਹ ਦੋ ਮੰਡੀਆਂ ਦਾ ਸਪੈਸਿਫਿਕ ਅਤੇ ਕਲੀਅਰ ਸਵਾਲ ਹੈ, ਤੁਸੀਂ ਇੰਨਾਂ ਦਸ ਦੇਵੋ ਕਿ ਇਸ ਕੰਮ ਨੂੰ ਕਦੋਂ ਚਾਲੂ ਕਰ ਦਿੱਤਾ ਜਾਵੇਗਾ ?

ਵਿੱਤ ਮੰਤਰੀ: ਲੇਕਿਨ ਦੇਰ ਹੋ ਸਕਦੀ ਹੈ। ਪੈਸੇ ਤਾਂ ਮਿਊਂਸਿਪਲ ਕਮੇਟੀ ਨੇ ਦੇਣੇ ਹਨ, ਲਾਈਫ ਇਨਸ਼ੋਰੈਂਸ ਕਾਰਪੋਰੇਸ਼ਨ ਤੋਂ ਕਰਜ਼ਾ ਮਨਜ਼ੂਰ ਹੋ ਗਿਆ ਪਰ ਉਨ੍ਹਾਂ ਨੇ ਹਾਲੀ ਉਹ ਚੁਕਿਆ ਨਹੀਂ ; ਮਿਊਂਸਿਪਲ ਕਮੇਟੀ ਨੂੰ ਕਹੋ ਕਿ ਜਲਦੀ ਅਤੇ ਤੇਜ਼ੀ ਨਾਲ ਕਰੇ।

ਸ੍ਰੀ ਸਪੀਕਰ: ਕਪੂਰ ਸਾਹਿਬ, ਅਚਾਰਿਆ ਸਾਹਿਬ ਤੋਂ ਅਥਾਰਿਟੀ ਲੈ ਆਏ ਹਨ ...... (Kapur Sahib has brought authority from Acharya Sahib).

**Not recorded as order by the Chair.

ਮਾਲ ਅਤੇ ਚੋਣ ਮੰਤਰੀ (ਸਰਦਾਰ ਉਮਰਾਓ ਸਿੰਘ) : ਰੂਲਜ਼ ਦੇ ਮੁਤਾਬਿਕ ਜਿਹੜੇ ਕਵੈਸਚਨਜ਼ ਇਸ ਵੇਲੇ ਲਿਸਟ ਤੇ ਹਨ, ਅਤੇ ਜਿਹੜੇ ਚਲ ਰਹੇ ਹਨ, ਪਹਿਲਾਂ ਉਹੀ ਪੁੱਛੇ ਜਾਣੇ ਚਾਹੀਦੇ ਹਨ।

ਸ੍ਰੀ ਸਪੀਕਰ : ਮੈਂ ਅੰਡਰਟੇਕਿੰਗ ਦਿਤੀ ਸੀ, ਉਨ੍ਹਾਂ ਨੇ ਅਥਾਰਟੀ ਲੈ ਆਂਦੀ ਹੈ। (I had given an undertaking. The hon. Member has brought the authority).

ਮਾਲ ਅਤੇ ਚੋਣ ਮੰਤਰੀ : ਪਹਿਲਾਂ ਜੋ ਲਿਸਟ ਹੈ, ਉਸ ਨੂੰ ਪਰਾਇਰਟੀ ਦੇਣੀ ਚਾਹੀਦੀ ਹੈ।

ਸ੍ਰੀ ਸਪੀਕਰ : ਇਸ ਬਾਰੇ ਮੈਂ ਅਸ਼ੋਰੈਂਸ ਦਿੱਤੀ ਸੀ ਕਿ ਜੇ ਅਥਾਰਿਟੀ ਆ ਜਾਵੇ ਤਾਂ ਇਸ ਸਵਾਲ ਨੂੰ ਟੇਕ-ਅਪ ਕਰ ਲਿਆ ਜਾਵੇਗਾ। (In this connection I gave an assurance that if authority be shown to me this question would be taken up.)

ਸਰਦਾਰ ਅਜਾਇਬ ਸਿੰਘ ਸੰਧੂ : * * * *

ਮਾਲ ਅਤੇ ਚੋਣ ਮੰਤਰੀ : * * * * *

ਸ੍ਰੀ ਸਪੀਕਰ : ਇਹ ਜੋ ਕੁਝ ਸੰਧੂ ਸਾਹਿਬ ਅਤੇ ਸਰਦਾਰ ਉਮਰਾਓ ਸਿੰਘ ਕਹਿ ਰਹੇ ਹਨ, ਇਹ ਰਿਕਾਰਡ ਨਾ ਕੀਤਾ ਜਾਵੇ। (Whatever Mr. Sandhu and Sardar Umrao Singh are saying, should not be recorded.)

Officers selected in the I.A.S. Cadre

*2381. **Acharya Prithvi Singh Azad** (Put by Shri Sardari Lal Kapoor) : Will the Chief Minister be pleased to state the names of officers other than P.C.S. officers who were considered for selection to the I.A.S. Cadre, by the Government during the current year together with their length of service, qualifications and the post held by each of them ?

ਸਰਦਾਰ ਗੁਰਚਰਨ ਸਿੰਘ **ਨਿਹਾਲਸਿੰਘਵਾਲਾ** : (ਮੁੱਖ ਸੰਸਦੀ ਸਕੱਤਰ) : A statement giving the required information about the officers who were recommended by the Punjab Government for consideration of the Selection Committee for appointment to the I.A.S. against the posts that can be filled by selection from amongst the non-State Civil Service Officers is laid on the Table of the House.

[ਉਨ੍ਹਾਂ ਅਫਸਰਾਂ ਦੇ ਨਾਂ, ਜਿਹੜੇ ਕਿ ਪੰਜਾਬ ਸਰਕਾਰ ਵੱਲੋਂ ਆਈ. ਏ. ਐਸ. ਦੀ ਭਰਤੀ ਲਈ ਸਿਲੈਕਸ਼ਨ ਕਮੇਟੀ ਦੇ ਵਿਚਾਰਣ ਵਾਸਤੇ, ਉਨ੍ਹਾਂ ਆਈ. ਏ. ਐਸ. ਆਸਾਮੀਆਂ ਦੇ ਵਿਰੁੱਧ ਜਿਹੜੀਆਂ ਕਿ ਨਾਨ-ਸਟੇਟ ਸਿਵਲ ਸਰਵਿਸ ਅਫ਼ਸਰਾਂ ਦੀ ਚੋਣ ਰਾਹੀਂ ਭਰੀਆਂ ਜਾ ਸਕਦੀਆਂ ਹਨ, ਦੀ ਸੂਚੀ ਸਦਨ ਦੀ ਮੇਜ਼ ਉਤੇ ਰੱਖੀ ਜਾਂਦੀ ਹੈ।)

---

*Not recorded as ordered by the Chair.

Statement

Serial No.	Name	Post held	Qualifications	Length of service in gazetted post
1	Shri Mohinder Singh Sadhrao	Chief Auditor, Cooperative Societies	B.A. LL.B.	19 years.
2	Shri Gurbachan Singh	Administrative Intelligence Officer, Community Development Department	B.A.	19 years.
3	Shri G.B.S. Gosal ..	Ditto	B.A. with Hons. in English.	18 years.
4	Shri Kartar Singh Mann	Officer on Special Duty in Chief Minister's Office	B.A. LL.B. Gyani	16 years.

ਸੂਚੀ

ਲੜੀ ਨੰ:	ਨਾਂ	ਆਸਾਮੀ ਜਿਸ ਤੇ ਨਿਯੁਕਤ ਸਨ	ਯੋਗਤਾਵਾਂ	ਗਜ਼ਟਿਡ ਆਸਾਮੀ ਵਿਚ ਸੇਵਾ ਦਾ ਸਮਾਂ
1	ਸ੍ਰੀ ਮੁਹਿੰਦਰ ਸਿੰਘ ਸਧਰਾਓ	ਚੀਫ਼ ਆਡੀਟਰ, ਕੋਆਪ੍ਰੇਟਿਵ ਸੁਸਾਇਟੀਜ਼	ਬੀ.ਏ., ਐਲ.ਐਲ.ਬੀ.	19 ਸਾਲ
2	ਸ੍ਰੀ ਗੁਰਬਚਨ ਸਿੰਘ	ਐਡਮਨਿਸਟ੍ਰੇਟਿਵ ਇਨਟੈਲੀਜੈਂਸ ਅਫ਼ਸਰ, ਕਮਯੂਨਿਟੀ ਡਿਵੈਲਪਮੈਂਟ ਵਿਭਾਗ	ਬੀ. ਏ.	19 ਸਾਲ
3	ਸ੍ਰੀ ਜੀ. ਬੀ. ਐਸ. ਗੋਸਲ	ਐਡਮਨਿਸਟ੍ਰੇਟਿਵ ਇਨਟੈਲੀਜੈਂਸ ਅਫ਼ਸਰ, ਕਮਯੂਨਿਟੀ ਡਿਵੈਲਪਮੈਂਟ ਵਿਭਾਗ	ਬੀ. ਏ. ਅੰਗ੍ਰੇਜ਼ੀ ਵਿੱਚ ਆਨਰਜ਼	18 ਸਾਲ
4	ਸ੍ਰੀ ਕਰਤਾਰ ਸਿੰਘ ਮਾਨ	ਵਿਸ਼ੇਸ਼ ਕਾਰਜ ਅਫ਼ਸਰ, ਮੁੱਖ ਮੰਤਰੀ ਦੇ ਦਫਤਰ ਵਿਚ ।	ਬੀ.ਏ., ਐਲ.ਐਲ.ਬੀ. ਗਿਆਨੀ	16 ਸਾਲ

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਲਿਸਟ ਰਖੀ ਗਈ ਹੈ ਇਨ੍ਹਾਂ ਵਿਚ ਪਹਿਲਾ ਵਿਅਕਤੀ ਮਿਸਟਰ ਮੁਹਿੰਦਰ ਸਿੰਘ ਸਧਰਾਓ, ਬੀ. ਏ., ਐਲ. ਐਲ. ਬੀ., ਦੂਸਰਾ ਸ੍ਰੀ ਗੁਰਬਚਨ ਸਿੰਘ, ਬੀ. ਏ., ਤੀਸਰਾ ਸ੍ਰੀ ਜੀ. ਬੀ. ਐਸ. ਗੋਸਲ ਬੀ. ਏ. ਅਤੇ ਆਨਰਜ਼ ਇਨ ਇੰਗਲਿਸ਼ ਅਤੇ ਚੌਥਾ ਸ੍ਰੀ ਕਰਤਾਰ ਸਿੰਘ ਮਾਨ, ਬੀ. ਏ., ਐਲ. ਐਲ. ਬੀ. ਗਿਆਨੀ ਹੈ। ਇਸ ਲਿਸਟ ਵਿਚੋਂ ਕੋਈ ਹਰੀਜਨ ਨਹੀਂ ਕੀਤਾ ਅਤੇ ਦੋ ਬੀ. ਏ., ਐਲ. ਐਲ. ਬੀ. ਛੱਡ ਕੇ ਇਕ ਬੀ. ਏ. ਲੈ ਲਿਆ ਗਿਆ। ਮੈਂ ਸਰਕਾਰ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਕੋਈ ਸਰਕਾਰ ਦੀ ਨਵੀਂ ਪਾਲੀਸੀ ਬਣੀ ਹੈ ਕਿ ਵਧ ਪੜ੍ਹੇ ਲੋਕਾਂ ਨੂੰ ਤਰੱਕੀ ਨਹੀਂ ਦੇਣੀ ਬਲਕਿ ਘਟ ਵਾਲਿਆਂ ਨੂੰ ਦੇਣੀ ਹੈ ?

ਮੁੱਖ ਸੰਸਦੀ ਸਕੱਤਰ : ਮੇਰੇ ਦੋਸਤ ਲਾ ਗਰੈਜੂਏਟ ਹਨ, ਉਹ ਜਾਣਦੇ ਹਨ ਕਿ ਸਰਕਾਰ ਉਨ੍ਹਾਂ ਦੇ ਨਾਉਂ ਹੀ ਰਿਕੂਮੈਂਡ ਕਰਦੀ ਹੈ ਜੋ ਸ਼ਰਤਾਂ ਪੂਰੀਆਂ ਕਰਦੇ ਹਨ। ਇਸ ਲਈ ਰਿਕੂਮੈਂਡ ਕਰਨ ਦੀਆਂ ਸ਼ਰਤਾਂ ਇਹ ਸਨ ਕਿ ਜਿਸ ਦੀ 8 ਸਾਲ ਦੀ ਕੰਟੀਨਿਉਅਸ ਗਜ਼ਟਿਡ ਸਰਵਿਸ ਹੋਵੇ ਉਹ 52 ਸਾਲ ਤੋਂ ਘੱਟ ਉਮਰ ਦਾ ਹੋਵੇ। ਇਸ ਹਿਸਾਬ ਨਾਲ ਅਸੀਂ ਨਾਉਂ ਰਿਕੂਮੈਂਡ ਕੀਤੇ ਸਨ ਅਗੇ ਕਮਿਸ਼ਨ ਦੀ ਮਰਜ਼ੀ ਹੁੰਦੀ ਹੈ ਕਿ ਉਹ ਜਿਸ ਨੂੰ ਚਾਹੇ ਚੂਜ਼ ਕਰ ਲਵੇ (ਵਿਘਨ ਸ਼ੋਰ)

* * * * * * * *

ਸ੍ਰੀ ਸਪੀਕਰ : (ਸ਼ੋਰ) ਜੋ ਕੁਝ ਆਨਰੇਬਲ ਮੈਂਬਰਜ਼ ਚੇਅਰ ਦੀ ਇਜਾਜ਼ਤ ਤੋਂ ਬਗੈਰ ਕਹਿ ਰਹੇ ਹਨ, ਉਹ ਰੀਕਾਰਡ ਨਾ ਕੀਤਾ ਜਾਵੇ। (Whatever is being said by the hon. Members without the permission of the Chair, should not be recorded.)

ਸਰਦਾਰ ਦਰਬਾਰਾ ਸਿੰਘ : ਸਪੀਕਰ ਸਾਹਿਬ, ਇਹ ਸਵਾਲ ਤਾਂ ਮੈਂਬਰ ਨੇ ਹੀ ਵਿਦਡਰਾ ਕਰ ਲਿਆ ਸੀ, ਹਾਊਸ ਵਿਚ ਫੇਰ ਕਿਸ ਤਰ੍ਹਾਂ ਜਵਾਬ ਦਿੱਤਾ ਜਾ ਰਿਹਾ ਹੈ।

ਸ੍ਰੀ ਸਪੀਕਰ : ਆਨਰੇਬਲ ਮੈਂਬਰ ਨੂੰ ਸ਼ਾਇਦ ਪਤਾ ਨਹੀਂ ਕਿ ਇਸ ਸਵਾਲ ਦੇ ਪੁੱਛਣ ਦੀ ਅਥਾਰਿਟੀ ਉਨ੍ਹਾਂ ਨੇ ਦੋ ਮੈਂਬਰ ਸਾਹਿਬਾਨ ਸਰਦਾਰ ਅਜਾਇਬ ਸਿੰਘ ਸੰਧੂ ਅਤੇ ਸ੍ਰੀ ਸਰਦਾਰੀ ਲਾਲ ਕਪੂਰ ਨੂੰ ਦਿੱਤੀ ਹੈ ਅਤੇ ਇਸ ਦੀ ਇਤਲਾਹ ਮੈਨੂੰ ਵੀ ਭੇਜੀ ਹੈ। (Perhaps it is not in the knowledge of hon. Member that an authority has been given to ask the question to Sardar Ajaib Singh Sandhu and to Shri Sardari Lal Kapur. I have also been informed in this respect accordingly.)

ਸਰਦਾਰ ਜਸਵਿੰਦਰ ਸਿੰਘ ਬਰਾੜ : ਇਕ ਪਾਸੇ ਇਹ ਸਰਕਾਰ ਹਰੀਜਨਾਂ ਦੀ ਹੈਲਪ ਕਰਦੀ ਕਹਿੰਦੇ ਹਨ, ਪਰ ਜਦੋਂ ਇਨ੍ਹਾਂ ਗਰੀਬਾਂ ਨੂੰ ਕੋਈ ਥਾਂ ਦੇਣ ਦਾ ਸਵਾਲ ਆਉਂਦਾ ਹੈ ਤਾਂ ਇਨ੍ਹਾਂ ਨਾਲ ਵਿਤਕਰੇ ਭਰਪੂਰ ਤਰੀਕਾ ਇਖਤਿਆਰ ਕੀਤਾ ਜਾਂਦਾ ਹੈ। ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਜਦੋਂ ਇਕ ਹਰੀਜਨ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਸੀ ਉਸ ਨੂੰ ਛੱਡ ਕੇ ਇਕ ਘਟ ਤਾਲੀਮ ਵਾਲੇ ਨੂੰ ਕਿਉਂ ਲਿਆ ਗਿਆ ?

ਮੁੱਖ ਮੰਤਰੀ : ਸਪੀਕਰ ਸਾਹਿਬ, ਮੈਂ ਇਸ ਸਵਾਲ ਦੇ ਤੱਥਾਂ ਦਾ ਖੁਲਾਸਾ ਦੇਣਾ ਚਾਹੁੰਦਾ ਹਾਂ। ਸਰਕਾਰ ਨੇ ਜਿਸ ਦਾ ਨਾਂ ਲਿਸਟ ਵਿਚ ਇਕ ਨੰਬਰ ਤੇ ਰਿਕੂਮੈਂਡ ਕੀਤਾ

*Not recorded as ordered by the Chair.

ਹੈ ਇਹ ਹਰੀਜਨ ਹੈ। ਮੈਂ ਸੀਲੈਕਸ਼ਨ ਦਾ ਪ੍ਰੋਸੀਜਰ ਦੱਸਾਂਗਾ ਤੇ ਬੇਨਤੀ ਕਰਾਂਗਾ ਕਿ ਆਨਰੇਬਲ ਮੈਂਬਰ ਸਾਹਿਬਾਨ ਜ਼ਰਾ ਸੁਣ ਲੈਣ ।

ਆਈ. ਏ. ਐਸ. (ਰਿਕਰੂਟਮੈਂਟ) ਨਿਯਮ, 1954 ਦੇ ਨਿਯਮ 3 ਦੇ ਮੁਤਾਬਿਕ ਆਈ. ਏ. ਐਸ. ਕਾਡਰ ਵਿਚ 25 ਫੀ ਸਦੀ ਸੀਨੀਅਰ ਸਕੇਲ ਆਸਾਮੀਆਂ ਪੀ. ਸੀ. ਐਸ. ਅਫ਼ਸਰਾਂ ਵਿਚੋਂ ਤਰੱਕੀ ਰਾਹੀਂ ਭਰੀਆਂ ਜਾ ਸਕਦੀਆਂ ਹਨ । ਇਸ ਨਿਯਮ ਵਿਚ ਇਹ ਵੀ ਦਰਜ ਹੈ ਕਿ ਖਾਸ ਹਾਲਾਤ ਵਿਚ ਰਾਜ ਸਰਕਾਰ ਦੀ ਸਿਫਾਰਸ਼ ਤੇ ਅਤੇ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੀ ਪਰਵਾਨਗੀ ਨਾਲ ਕੇਂਦਰੀ ਸਰਕਾਰ ਨਾਲ ਪੀ. ਸੀ. ਐਸ. ਅਫ਼ਸਰਾਂ ਵਿਚੋਂ ਵੀ ਆਈ. ਏ. ਐਸ. ਵਿਚ ਨਿਯੁਕਤੀ ਕਰ ਸਕਦੀ ਹੈ। ਇਨ੍ਹਾਂ ਦੇ ਕੇਸ ਵਿਚ ਆਸਾਮੀਆਂ ਦੀ ਗਿਣਤੀ, ਜੋ ਉਨ੍ਹਾਂ ਨੂੰ ਦਿੱਤੀਆਂ ਜਾ ਸਕਦੀਆਂ ਹਨ, 25 ਫੀ ਸਦੀ ਆਸਾਮੀਆਂ ਜਿਹੜੀਆਂ ਤਰੱਕੀ ਰਾਹੀਂ ਭਰੀਆਂ ਜਾ ਸਕਦੀਆਂ ਹਨ, ਦਾ 15 ਫੀ ਸਦੀ ਭਾਗ ਹੈ । ਪੰਜਾਬ ਵਿਚ ਆਈ. ਏ. ਐਸ. ਕਾਡਰ ਵਿਚ ਜੋ ਆਸਾਮੀਆਂ ਤਰੱਕੀ ਰਾਹੀਂ ਭਰੀਆਂ ਜਾ ਸਕਦੀਆਂ ਹਨ ਇਨ੍ਹਾਂ ਦੀ ਗਿਣਤੀ 22 ਹੈ ਅਤੇ ਇਸ ਦਾ 15 ਫੀ ਸਦੀ, 3 ਆਸਾਮੀਆਂ ਬਣਦਾ ਹੈ। ਤਰੱਕੀ ਰਾਹੀਂ ਭਰਨ ਵਾਲੀਆਂ ਆਸਾਮੀਆਂ ਵਿਚੋਂ 3 ਆਸਾਮੀਆਂ ਨਾਲ ਐਸ. ਸੀ. ਐਸ. ਅਫ਼ਸਰਾਂ ਨੂੰ ਦਿੱਤੀਆਂ ਜਾ ਸਕਦੀਆਂ ਹਨ, ਬਸ਼ਰਤੇ ਕਿ ਯੋਗ ਅਫਸਰ ਉਪਲਬਧ ਹੋਣ। ਇਸ ਕਿਸਮ ਦੀ ਇਕ ਆਸਾਮੀ 1968 ਵਿਚ ਪੁਰ ਕੀਤੀ ਗਈ ਸੀ ਜਦੋਂ ਸ੍ਰੀ ਜੇ. ਪੀ. ਗੁਪਤਾ ਨੂੰ ਆਈ. ਏ. ਐਸ. ਵਿਚ ਨਿਯੁਕਤ ਕੀਤਾ ਗਿਆ ਸੀ। ਇਸ ਤਰ੍ਹਾਂ ਦੋ ਹੋਰ ਆਸਾਮੀਆਂ ਨਾਲ ਪੀ. ਸੀ. ਐਸ. ਅਫਸਰਾਂ ਰਾਹੀਂ ਭਰੀਆਂ ਜਾ ਸਕਦੀਆਂ ਹਨ। ਪਿਛਲੇ ਸਾਲ ਸਿਲੈਕਸ਼ਨ ਕਮੇਟੀ ਦੀ ਐਸ. ਸੀ. ਐਸ. ਅਫ਼ਸਰਾਂ ਦੀ ਨਵੀਂ ਸੀਲੈਕਟ ਲਿਸਟ ਬਨਾਉਣ ਵਾਸਤੇ ਬੈਠਕ ਹੋਈ । ਰਾਜ ਸਰਕਾਰ ਦੀ ਹੇਠ ਲਿਖੇ 4 ਨਾਨ-ਐਸ. ਸੀ. ਐਸ. ਅਫ਼ਸਰਾਂ ਦੀ ਨਵੀਂ ਲਿਸਟ ਬਣਾਉਣ ਵਾਸਤੇ ਬੈਠਕ ਹੋਈ । ਰਾਜ ਸਰਕਾਰ ਨੇ ਹੇਠ ਲਿਖੇ 4 ਨਾਨ-ਐਸ. ਸੀ. ਐਸ. ਅਫ਼ਸਰਾਂ ਦੇ ਨਾਂ ਵੀ ਸਿਲੈਕਸ਼ਨ ਕਮੇਟੀ ਨੂੰ ਇਕ ਸਿਫਾਰਸ਼ ਨਾਲ ਭੇਜੇ ਕਿ ਇਨ੍ਹਾਂ ਅਫਸਰਾਂ ਨੂੰ ਨਾਨ-ਐਸ. ਸੀ. ਐਸ. ਆਸਾਮੀਆਂ ਤੋਂ ਆਈ. ਏ. ਐਸ. ਵਿਚ ਨਿਯੁਕਤੀ ਲਈ ਵਿਚਾਰਿਆ ਜਾਵੇ :

1. ਸ੍ਰੀ ਮੁਹਿੰਦਰ ਸਿੰਘ ਸਧਰਾਓ
2. ਸ੍ਰੀ ਕਰਤਾਰ ਸਿੰਘ ਮਾਨ
3. ਸ੍ਰੀ ਜੀ. ਬੀ. ਐਸ. ਗੋਸਲ
4. ਸ੍ਰੀ ਗੁਰਬਚਨ ਸਿੰਘ

ਇਕ ਮਾਨਯੋਗ ਮੈਂਬਰ ਨੇ ਕਿਹਾ ਸੀ ਕਿ ਤੁਸੀਂ ਆਪਣੇ ਘਰਦੇ ਬੰਦਿਆਂ ਨੂੰ ਕਰਾਉਂਦੇ ਹੋ, ਮੈਂ ਉਨ੍ਹਾਂ ਨੂੰ ਦਸ ਦੇਵਾਂ ਕਿ ਜੇ ਮੇਰੀ ਮਰਜ਼ੀ ਮੰਨੀ ਜਾਂਦੀ ਤਾਂ ਮੈਂ ਆਪਣੇ ਆਫੀਸਰ ਆਨ ਸਪੈਸ਼ਲ ਡਿਊਟੀ ਸਰਦਾਰ ਕਰਤਾਰ ਸਿੰਘ ਮਾਨ ਨੂੰ ਇਹ ਪੋਸਟ ਦਵਾਉਂਦਾ। ਸੀਲੈਕਸ਼ਨ ਕਮੇਟੀ ਦੇ ਚੇਅਰ-ਮੈਨ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਦੇ ਇਕ ਮੈਂਬਰ ਸਨ। ਇਸ ਦੇ ਮੈਂਬਰ ਕੇਂਦਰੀ ਸਰਕਾਰ ਦੇ ਸਕੱਤਰ ਪਰਸਨਲ ਵਿਭਾਗ, ਮੁੱਖ ਸਕੱਤਰ, ਪੰਜਾਬ, ਵਿਤ ਕਮਿਸ਼ਨਰ, ਕਰ, ਪੰਜਾਬ, ਵਿਕਾਸ ਕਮਿਸ਼ਨਰ, ਪੰਜਾਬ ਅਤੇ ਕਮਿਸ਼ਨਰ, ਜਲੰਧਰ ਮੰਡਲ ਸਨ। ਸਿਲੈਕਸ਼ਨ ਕਮੇਟੀ ਨੇ ਉਪਰ ਦਸੇ 4 ਅਫ਼ਸਰਾਂ ਦੇ ਸਰਵਿਸ ਰਿਕਾਰਡ ਨੂੰ ਪਰਖਿਆ ਅਤੇ ਉਨ੍ਹਾਂ ਦੀ ਇੰਟਰਵਿਊ ਵੀ ਕੀਤੀ । ਸੀਲੈਕਸ਼ਨ ਕਮੇਟੀ ਨੇ ਹੇਠ ਲਿਖੇ ਦੋ ਅਫ਼ਸਰਾਂ ਦੀ ਸਿਫਾਰਸ਼ ਕੀਤੀ ਕਿ ਉਹ ਆਈ. ਏ. ਐਸ. ਵਿਚ ਨਿਯੁਕਤੀ ਦੇ ਯੋਗ ਹਨ

1. ਸ੍ਰੀ ਗੁਰਬਚਨ ਸਿੰਘ 2. ਸ੍ਰੀ ਜੀ. ਬੀ. ਐਸ. ਗੋਸਲ।

[ਮੁੱਖ ਮੰਤਰੀ]

ਸੀਲੈਕਸ਼ਨ ਕਮੇਟੀ ਦੀਆਂ ਸਿਫਾਰਸ਼ਾਂ ਰਾਜ ਸਰਕਾਰ ਨੇ ਵਿਚਾਰੀਆਂ ਅਤੇ ਉਨ੍ਹਾਂ ਨੇ ਇਨ੍ਹਾਂ ਸਿਫਾਰਸ਼ਾਂ ਨਾਲ ਸਹਿਮਤੀ ਪਰਗਟ ਕਰਦਿਆਂ ਹੋਇਆਂ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੂੰ ਉਨ੍ਹਾਂ ਦੀ ਪ੍ਰਵਾਨਗੀ ਹਿੱਤ ਭੇਜੀਆਂ । ਕਮਿਸ਼ਨ ਨੇ ਆਪਣੀ ਪ੍ਰਵਾਨਗੀ ਪਿਛਲੇ ਸਾਲ ਦਸੰਬਰ ਵਿਚ ਦੇ ਦਿਤੀ ਅਤੇ ਇੰਜ ਸਰਵਸ਼੍ਰੀ ਗੁਰਬਚਨ ਸਿੰਘ ਅਤੇ ਜੀ. ਬੀ. ਐਸ. ਗੋਸਲ ਨੂੰ ਆਈ. ਏ. ਐਸ. ਕਾਡਰ ਦੀਆਂ ਆਸਾਮੀਆਂ ਤੇ 21 ਜਨਵਰੀ, 1974 ਤੋਂ ਨਿਯੁਕਤ ਕਰ ਦਿੱਤਾ ਗਿਆ। ਕੇਂਦਰੀ ਸਰਕਾਰ ਇਨ੍ਹਾਂ ਦੀ ਆਈ. ਏ. ਐਸ. ਵਿਚ ਨਿਯੁਕਤੀ ਬਾਰੇ ਨੋਟੀਫੀਕੇਸ਼ਨ ਤਦ ਜਾਰੀ ਕਰੇਗੀ, ਜਦੋਂ ਰਾਜ ਸਰਕਾਰ ਵਲੋਂ ਇਸ ਬਾਰੇ ਸਿਫਾਰਸ਼ਾਂ ਭੇਜੀਆਂ ਜਾਣਗੀਆਂ । ਇਹ ਸਿਫਾਰਸ਼ਾਂ ਰਾਜ ਸਰਕਾਰਾਂ ਵਲੋਂ ਛੇਤੀ ਹੀ ਭੇਜੀਆਂ ਜਾਣਗੀਆਂ ।

ਸਰਵਸ਼੍ਰੀ ਗੁਰਬਚਨ ਸਿੰਘ ਅਤੇ ਜੀ. ਬੀ. ਐਸ. ਗੋਸਲ ਦੀ ਨਿਯੁਕਤੀ ਨਾਲ ਆਈ. ਏ. ਐਸ. ਕਾਡਰ ਵਿਚ ਇਹ 3 ਆਸਾਮੀਆਂ, ਜਿਹੜੀਆਂ ਨਾਨ-ਪੀ. ਸੀ. ਐਸ. ਅਫ਼ਸਰਾਂ ਵਿਚੋਂ ਭਰੀਆਂ ਜਾ ਸਕਦੀਆਂ ਸਨ, ਪੁਰ ਹੋ ਜਾਣਗੀਆਂ। ਜਿਵੇਂ ਕਿ ਰਿਕਰੂਟਮੈਂਟ ਨਿਯਮਾਂ ਦੇ ਨਿਯਮ 8(2), ਜਿਸ ਨੂੰ ਸਿਲੈਕਸ਼ਨ ਰੈਗੂਲੇਸ਼ਨਜ਼ ਦੇ ਰੈਗੂ- ਲੇਸ਼ਨ 3 ਨਾਲ ਪੜ੍ਹਿਆ ਜਾਵੇ, ਵਿਚ ਉਪਬੰਧ ਹੈ, ਕੇਵਲ ਅਜਿਹੇ ਅਫ਼ਸਰ ਹੀ ਆਈ. ਏ. ਐਸ. ਵਿਚ ਨਿਯੁਕਤੀ ਲਈ ਵਿਚਾਰੇ ਜਾਣ ਲਈ ਯੋਗ ਹਨ, ਜਿਹੜੇ ਪੀ. ਸੀ. ਐਸ.ਦੇ ਮੈਂਬਰ ਨਹੀਂ ਹਨ ਅਤੇ 'ਉਤਮ' ਮੈਰਿਟ ਅਤੇ ਯੋਗਤਾ ਰਖਦੇ ਹੋਣ, ਗਜ਼ਟਿਡ ਆਸਾਮੀ ਤੇ ਪੱਕੇ ਤੌਰ ਤੇ ਨਿਯੁਕਤ ਹੋਣ ਅਤੇ ਕਿਸੇ ਅਜਿਹੀ ਗਜ਼ਟਿਡ ਆਸਾਮੀ ਤੇ ਲਗਾਤਾਰ ਘੱਟੋ ਘਟ 8 ਸਾਲ ਦੀ ਸੇਵਾ ਕੀਤੀ ਹੋਵੇ, ਜਿਸ ਦੀਆਂ ਡਿਊਟੀਆਂ ਜ਼ਿੰਮੇਵਾਰੀ ਤੇ ਮਹੱਤਤਾ ਦੇ ਲਿਹਾਜ਼ ਨਾਲ ਪੀ. ਸੀ. ਐਸ. ਦੇ ਬਰਾਬਰ ਹੋਣ। ਰੈਗੂਲੇਸ਼ਨ 3 ਵਿਚ ਹੋਰ ਇਹ ਉਪਬੰਧ ਵੀ ਹੈ ਕਿ ਜਿਨ੍ਹਾਂ ਅਫ਼ਸਰਾਂ ਦੀ ਉਮਰ 52 ਸਾਲ ਹੋ ਗਈ ਹੋਵੇ, ਉਨ੍ਹਾਂ ਨੂੰ ਸਾਧਾਰਣ ਤੌਰ ਤੇ ਨਾ ਵਿਚਾਰਿਆ ਜਾਵੇ।

ਸਰਵਸ਼੍ਰੀ ਗੁਰਬਚਨ ਸਿੰਘ ਅਤੇ ਜੀ. ਬੀ. ਐਸ ਗੋਸਲ ਜਿਹੜੇ ਕਿ ਗਜ਼ਟਿਡ ਆਸਾਮੀ ਤੇ ਪੱਕੇ ਤੌਰ ਤੇ ਨਿਯੁਕਤ ਸਨ ਅਤੇ ਅਜਿਹੀ ਗਜ਼ਟਿਡ ਆਸਾਮੀ ਤੇ 8 ਸਾਲ ਲਗਾਤਾਰ ਸੇਵਾ ਪੂਰੀ ਕਰ ਚੁਕੇ ਸਨ, ਜਿਹੜੀਆਂ ਕਿ ਜ਼ਿੰਮੇਵਾਰੀ ਅਤੇ ਮਹੱਤਤਾ ਦੇ ਹਿਸਾਬ ਨਾਲ ਪੀ. ਸੀ. ਐਸ. ਦੇ ਮੁਕਾਬਲੇ ਤੇ ਸਨ, ਨੂੰ ਸੀਲੈਕਸ਼ਨ ਕਮੇਟੀ ਨੇ ਵਿਚਾਰਨ ਦੇ ਯੋਗ ਪਾਤਰ ਪਾਇਆ। ਇਸ ਕਮੇਟੀ ਦੇ ਖਿਆਲ ਵਿਚ ਇਹ ਦੋ ਅਫ਼ਸਰ 'ਉਤਮ' ਮੈਰਿਟ ਅਤੇ ਯੋਗਤਾ ਰਖਦੇ ਸਨ । ਸ਼੍ਰੀ ਗੁਰਬਚਨ ਸਿੰਘ ਦੀ ਉਮਰ ਭਾਵੇਂ 52 ਸਾਲ ਤੋਂ ਉਪਰ ਹੋ ਗਈ ਸੀ, ਪਰ ਉਨ੍ਹਾਂ ਦਾ ਨਾਂ ਵੀ ਸੀਲੈਕਸ਼ਨ ਕਮੇਟੀ ਨੇ ਵਿਚਾਰਿਆ, ਕਿਉਂ ਜੋ ਰੈਗੂਲੇਸ਼ਨ 3 ਵਿਚ ਉਪਬੰਧ ਸਾਧਾਰਣ ਹੈ ਤੇ ਹੁਕਮੀ ਨਹੀਂ ਸਨ। ਸਿਲੈਕਸ਼ਨ ਕਮੇਟੀ ਨੇ ਸਰਵਸ਼੍ਰੀ ਗੁਰਬਚਨ ਸਿੰਘ ਅਤੇ ਜੀ. ਬੀ. ਐਸ. ਗੋਸਲ ਦਾ ਸੇਵਾ ਰਿਕਾਰਡ ਪਰਖ ਕੇ ਉਨ੍ਹਾਂ ਨੂੰ ਆਈ. ਏ. ਐਸ. ਵਿਚ ਨਿਯੁਕਤ ਕਰਨ ਦੀ ਸਿਫਾਰਸ਼ ਕੀਤੀ।

ਮੇਰਾ ਖਿਆਲ ਹੈ ਹੁਣ ਆਨਰੇਬਲ ਮੈਂਬਰ ਸਾਹਿਬਾਨ ਨੂੰ ਕੋਈ ਸਪਲੀਮੈਂਟਰੀ ਕਰਨ ਦੀ ਲੋੜ ਮਹਿਸੂਸ ਨਹੀਂ ਹੋਵੇਗੀ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਮੈਂ ਵਜ਼ੀਰ ਸਾਹਿਬ ਤੋਂ ਇਹ ਗੱਲ ਜਾਣਨੀ ਚਾਹੁੰਦਾ ਹਾਂ ਜਦੋਂ ਕਮਿਸ਼ਨ ਦੇ 5 ਮੈਂਬਰ ਸਨ ਅਤੇ ਇਸ ਵਿਚ ਤਿੰਨ ਮੈਂਬਰ ਪੰਜਾਬ ਦੇ ਸਨ ਅਤੇ 2 ਮੈਂਬਰ

ਸੈਂਟਰ ਦੇ ਸਨ, ਫੇਰ ਇਨ੍ਹਾਂ ਦੀ ਵਿਸ਼ਿਜ਼ ਦੇ ਖਿਲਾਫ਼ ਕਿਵੇਂ ਫੈਸਲਾ ਹੋ ਗਿਆ ਜਦੋਂ ਮੈਜਾਰਟੀ ਇਨ੍ਹਾਂ ਦੀ ਸੀ ?

ਮੁੱਖ ਮੰਤਰੀ : ਇਹ ਫੈਸਲਾ ਮੈਜਾਰੀਟੀ ਨਾਲ ਨਹੀਂ ਹੋਇਆ। ਇਹ ਫੈਸਲਾ ਤਾਂ ਕਮੇਟੀ ਨੇ ਕੀਤਾ ਹੈ।

ਸਰਦਾਰ ਅਜਾਇਬ ਸਿੰਘ ਸੰਧੂ : ਸਪੀਕਰ ਸਾਹਿਬ, ਜੇ ਇਹ ਫੈਸਲਾ ਰੂਲ ਦੇ ਮੁਤਾਬਿਕ ਹੋਇਆ ਹੈ ਤਾਂ ਕੀ ਮੈਂ ਪੁੱਛ ਸਕਦਾ ਹਾਂ ਕਿ ਸਰਦਾਰ ਗੁਰਬਚਨ ਸਿੰਘ ਜਿਹੜੇ 52 ਸਾਲ ਤੋਂ ਉਤੇ ਹਨ, ਨੂੰ ਕਿਉਂ ਲਿਆ ਗਿਆ ਜਦੋਂ ਕਿ ਇਕ ਹਰੀਜਨ ਉਮੀਦਵਾਰ ਜਿਹੜਾ ਉਮਰ ਦੇ ਲਿਹਾਜ਼ ਨਾਲ ਵੀ ਪੂਰਾ ਸੀ ਅਤੇ ਹੋਰ ਕੁਆਲੀਫੀਕੇਸ਼ਨ ਵਿਚ ਵੀ ਜ਼ਿਆਦਾ ਸੀ, ਉਸ ਦਾ ਰਿਕਾਰਡ ਵੀ ਹਰ ਲਿਹਾਜ਼ ਨਾਲ ਅੱਛਾ ਸੀ ਅਤੇ ਬਿਲਕੁਲ ਆਈ. ਏ. ਐਸ. ਦੇ ਫਿੱਟ ਸੀ ਉਹ ਕਿਉਂ ਨਹੀਂ ਲਿਆ ਗਿਆ ? ਕੀ ਇਸ ਦਾ ਇਹ ਕਾਰਨ ਤਾਂ ਨਹੀਂ ਕਿ ਸ੍ਰੀ ਗੁਰਬਚਨ ਸਿੰਘ ਇਸ ਲਈ ਲਿਆ ਗਿਆ ਹੈ ਕਿਉਂਕਿ ਉਹ ਸਰਦਾਰ ਮੁਹਿੰਦਰ ਸਿੰਘ ਗਿੱਲ, ਮੈਂਬਰ ਪਾਰਲੀਮੈਂਟ ਦਾ ਰਿਸ਼ਤੇਦਾਰ ਹੈ ? (ਸ਼ੋਰ)

ਮੁੱਖ ਮੰਤਰੀ : ਇਹ ਇਲਜ਼ਾਮ ਬਿਲਕੁਲ ਬੇਬੁਨਿਆਦ ਹੈ ਅਤੇ ਗਲਤ ਹੈ। ਸਰਕਾਰ ਨੇ ਤਾਂ ਸਿਰਫ ਚਾਰ ਅਫ਼ਸਰਾਂ ਦੇ ਨਾਉਂ ਭੇਜੇ ਸੀ। ਇਹ ਵਖਰੀ ਗੱਲ ਹੈ ਕਿ ਉਨ੍ਹਾਂ ਨੇ ਫਸਟ ਨਹੀਂ ਚੁਣਿਆ ਜਾਂ ਸੈਕਿੰਡ ਨਹੀਂ ਚੁਣਿਆ। ਇਹ ਉਸ ਕਮੇਟੀ ਦਾ ਕੰਮ ਸੀ। ਸਰਕਾਰ ਦਾ ਇਸ ਵਿਚ ਕੋਈ ਦੋਸ਼ ਨਹੀਂ।

ਸਰਦਾਰ ਅਜਇਬ ਸਿੰਘ ਸੰਧੂ : (ਸ਼ੋਰ) * * *

ਸ੍ਰੀ ਸਪੀਕਰ : ਜੋ ਕੁਝ ਵੀ ਸੰਧੂ ਸਾਹਿਬ ਚੇਅਰ ਦੀ ਪਰਮਿਸ਼ਨ ਤੋਂ ਬਗੈਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (**Whatever Sardar Ajaib Singh Sandhu is saying without the permission of the Chair should not be recorded.**)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਵਜ਼ੀਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਚਾਰ ਅਫ਼ਸਰਾਂ ਵਿਚੋਂ ਸ੍ਰੀ ਮੁਹਿੰਦਰ ਸਿੰਘ ਸਧਰਾਓ ਅਤੇ ਸਰਦਾਰ ਕਰਤਾਰ ਸਿੰਘ ਮਾਨ ਰਖੇ ਨਹੀਂ ਗਏ, ਕੀ ਉਸ ਵੇਲੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨੇ ਕਮੇਟੀ ਦੇ ਸਾਹਮਣੇ ਇਹ ਪੁਆਇੰਟ ਰੇਜ਼ ਨਹੀਂ ਕੀਤਾ ਕਿ ਉਨ੍ਹਾਂ ਦੀ ਤਰਫੋਂ ਭੇਜੇ ਗਏ ਹਰੀਜਨ ਕੈਂਡੀਡੇਟ ਨੂੰ ਹੀ ਲੈਣਾ ਚਾਹੀਦਾ ਸੀ ?

ਮੁੱਖ ਮੰਤਰੀ : ਜੋਸ਼ ਸਾਹਿਬ ਦਾ ਇਹ ਖਿਆਲ ਬਿਲਕੁਲ ਗਲਤ ਹੈ। ਸਰਕਾਰ ਤਾਂ ਹਰੀਜਨਾਂ ਨੂੰ ਨੁਮਾਇੰਦਗੀ ਦੇਣਾ ਚਾਹੁੰਦੀ ਸੀ ਅਤੇ ਇਹੀ ਕਾਰਨ ਹੈ ਕਿ ਦੋ ਅਫਸਰ ਸਿਵਲ ਸਰਵਿਸ ਵਿਚੋਂ ਆਏ ਹਨ। ਸਰਕਾਰ ਕਮੇਟੀ ਨੂੰ ਮਜਬੂਰ ਨਹੀਂ ਸੀ ਕਰ ਸਕਦੀ ਕਿ ਕਿਸੇ ਖਾਸ ਅਫਸਰ ਨੂੰ ਲਿਆ ਜਾਵੇ। ਜਿਸ ਕਮੇਟੀ ਵਿਚ ਯੂਨੀਅਨ ਪਬਲਕ ਸਰਵਿਸ ਕਮਿਸ਼ਨ ਦੇ ਮੈਂਬਰ ਹੋਣ ਉਸ ਦੀ ਸਲਾਹ ਨੂੰ ਰੱਦ ਕਰਕੇ ਆਪਣੀ ਮਰਜ਼ੀ ਕਰਨਾ ਤਾਂ ਬਹੁਤ ਇਤਰਾਜ਼ ਵਾਲੀ ਗੱਲ ਹੋਣੀ ਸੀ। ਇਸ ਕਰ ਕੇ ਸਰਕਾਰ ਨੇ ਉਹ ਕੰਮ ਕੀਤਾ ਹੈ ਜੋ ਨਿਯਮਾਂ ਅਨੁਸਾਰ ਠੀਕ ਸੀ।

---

*Not recorded as ordered by the Chair.

Starred Question No. 2380 and 2329**

ਸ਼੍ਰੀ ਸਪੀਕਰ : ਸਵਾਲ ਨੰਬਰ 2380 ਅਤੇ 2329 ਅੱਗੇ ਪਾਉਣ ਲਈ ਕਹੇ ਗਏ ਹਨ। ਨੈਕਸਟ ਕੁਐਸਚਨ 2375 (ਵਿਘਨ) (Extension has been asked for in respect of Starred Questions Nos. 2380 and 2329. Next. Question 2375). (*Interruptions*)

Starred Question No. 2375**

Mr. Speaker : Reply to Starred Question No. 2375 has not been received.)

Starred Question No. 2379

ਅ.ਸ.ਪ. ਨੰ: 1169—3 ਐਚ ਜੀ--74/6562

ਮੰਤਰੀ,

ਹਾਊਸਿੰਗ ਵਿਭਾਗ, ਪੰਜਾਬ,

ਚੰਡੀਗੜ੍ਹ ।

ਮਿਤੀ 27 ਫਰਵਰੀ, 1974

ਪਿਆਰੇ ਸ੍ਰੀ ਕੇਵਲ ਕ੍ਰਿਸ਼ਨ ਜੀ,

ਪੰਜਾਬ ਵਿਧਾਨ ਸਭਾ ਦੇ ਤਾਰਾ ਅੰਕਤ ਸਵਾਲ ਨੰ: 2379, ਜੋ ਮਿਤੀ 1 ਮਾਰਚ, 1974 ਲਈ ਸਵਾਲਾਂ ਦੀ ਸੂਚੀ ਵਿਚ ਅਚਾਰਿਆ ਪ੍ਰਿਥਵੀ ਸਿੰਘ ਆਜ਼ਾਦ, ਐਮ. ਐਲ. ਏ., ਦੇ ਨਾਂ ਹੇਠ (ਵਲੋਂ) ਦਰਜ ਹੈ, ਦਾ ਜਵਾਬ ਅਜੇ ਤਿਆਰ ਨਹੀਂ ਹੋ ਸਕਿਆ ਹੈ । ਲੋੜੀਂਦੀ ਸੂਚਨਾ ਸਬੰਧਤ ਥਾਵਾਂ ਤੋਂ ਇਕੱਤਰ ਕੀਤੀ ਜਾ ਰਹੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਇਹ ਸਵਾਲ ਦੇ ਜਵਾਬ ਦੇਣ ਦੀ ਮਿਆਦ ਵਿਚ ਵਾਧਾ ਕਰਨ ਅਤੇ ਇਸ ਸਵਾਲ ਨੂੰ ਮਿਤੀ 11 ਮਾਰਚ, 1974 ਤੋਂ ਪਿਛੋਂ ਦੀ ਕਿਸੇ ਮਿਤੀ ਲਈ ਸਵਾਲਾਂ ਦੀ ਸੂਚੀ ਵਿਚ ਸ਼ਾਮਲ ਕਰਨ ਦੀ ਕ੍ਰਿਪਾ ਕੀਤੀ ਜਾਵੇ।

ਹਿਤੂ,

(ਸਹੀ)

(ਗੁਰਬਿੰਦਰ ਕੌਰ)

ਸ੍ਰੀ ਕੇਵਲ ਕ੍ਰਿਸ਼ਨ,

ਸਪੀਕਰ, ਪੰਜਾਬ ਵਿਧਾਨ ਸਭਾ,

ਚੰਡੀਗੜ੍ਹ ।

**For Starred Questions Nos. 2380 and 2329 and replies thereto please see Punjab Vidhan Sabha Debate dated 13th March, 1974.

**For Starred Question No. 2375 and reply thereto please see appendix to this Debate.

'DHARNA' BY THE MEMBERS

ਸਰਦਾਰ ਅਜਾਇਬ ਸਿੰਘ ਸੰਧੂ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਆਫ਼ ਦੀ ਚੇਅਰ ਦੇ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ । (Whatever he is saying without the permission of the Chair, should not be recorded)

ਸਰਦਾਰ ਅਜਾਇਬ ਸਿੰਘ ਸੰਧੂ: ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਕਹਿ ਰਹੇ ਹਨ ਇਹ ਰਿਕਾਰਡ ਨਾ ਕੀਤਾ ਜਾਏ। (Whatever he is saying should not be recorded.)

(ਇਸ ਸਮੇਂ ਸਰਦਾਰ ਗੁਰਦੇਵ ਸਿੰਘ ਸਿੱਧੂ, ਸਰਦਾਰ ਬਸੰਤ ਸਿੰਘ ਖਾਲਸਾ, ਸਰਦਾਰ ਅਜਾਇਬ ਸਿੰਘ ਸੰਧੂ, ਸਰਦਾਰ ਗੁਰਦੇਵ ਸਿੰਘ ਬਾਦਲ, ਗਿਆਨੀ ਕੁੰਦਨ ਸਿੰਘ ਪਤੰਗ, ਸਰਦਾਰ ਕਰਨੈਲ ਸਿੰਘ ਮਰੜ੍ਹੀ ਫਲੋਰ ਆਫ ਦੀ ਹਾਊਸ ਤੇ ਅਸੰਬਲੀ ਰਿਪੋਰਟਰਾਂ ਦੀਆਂ ਮੇਜ਼ਾਂ ਕੋਲ ਆ ਕੇ ਬੈਠ ਗਏ ਅਤੇ ਇਨ੍ਹਾਂ ਨੇ ਕਈ ਨਾਅਰੇ ਲਗਾਏ।)

(** ** ** ** **)

ਸ੍ਰੀ ਸਪੀਕਰ : ਜੋ ਕੁਝ ਵੀ ਇਹ ਨਾਅਰੇ ਲਗਾ ਰਹੇ ਹਨ ਉਹ ਰਿਕਾਰਡ ਨਾ ਕੀਤੇ ਜਾਣ । (Whatever slogans are being raised should not be recorded.)

WALK OUT

ਕਾਮਰੇਡ ਸੱਤ ਪਾਲ ਡਾਂਗ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਚੇਅਰ ਦੀ ਪਰਮਿਸ਼ਨ ਦੇ ਬਗੈਰ ਕਿਹਾ ਗਿਆ ਹੈ ਉਹ ਰਿਕਾਰਡ ਨਾ ਕੀਤਾ ਜਾਏ । (Whatever has been said without the permission of the Chair should not be recorded)

ਕਾਮਰੇਡ ਸੱਤ ਪਾਲ ਡਾਂਗ : ** ** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਆਫ਼ ਦੀ ਚੇਅਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਏ । (Whatever he is saying without the permission of the Chair should not be recorded.)

ਕਾਮਰੇਡ ਸੱਤ ਪਾਲ ਡਾਂਗ : ** ** **

ਸ੍ਰੀ ਸਪੀਕਰ : ਇਹ ਰਿਕਾਰਡ ਨਾ ਕੀਤਾ ਜਾਏ (ਸ਼ੋਰ) (ਵਿਘਨ) (It should not be recorded) (*Noise*) (*Interruptions*)

**Not recorded as ordered by the Chair

(ਇਸ ਸਮੇਂ ਐਨਾ ਸ਼ੋਰ ਪੈ ਰਿਹਾ ਹੈ ਕਿ ਕੁਝ ਵੀ ਸੁਣਾਈ ਨਹੀਂ ਸੀ ਦੇ ਰਿਹਾ।)

(ਇਸ ਸਮੇਂ ਸਾਰੇ ਹਾਜ਼ਰ ਸੀ.ਪੀ.ਆਈ. ਦੇ ਮੈਂਬਰ ਵਾਕ ਆਊਟ ਕਰ ਗਏ ਅਤੇ ਜਾਂਦੇ ਜਾਂਦੇ ਇਨ੍ਹਾਂ ਨੇ ਨਾਅਰੇ ਲਗਾਏ) ** ** ** *** *** **

ਸ੍ਰੀ ਸਪੀਕਰ : ਜੋ ਕੁਝ ਵੀ ਇਹ ਮੈਂਬਰ ਕਹਿ ਰਹੇ ਹਨ ਬਗੈਰ ਪਰਮਿਸ਼ਨ ਆਫ ਦੀ ਚੇਅਰ ਉਹ ਰਿਕਾਰਡ ਨਾ ਕੀਤਾ ਜਾਏ। (Whatever the hon. Members are saying without the permission of the Chair should not be recorded.)

ਸਰਦਾਰ ਪਰਕਾਸ਼ ਸਿੰਘ ਬਾਦਲ : ਤੁਹਾਨੂੰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ ਸੀ। ਤੁਸੀਂ ਆਪ ਮਹਿਸੂਸ ਕਰਦੇ ਹੋ । ਜੇ ਤੁਸੀਂ ਸਪਲੀਮੈਂਟਰੀ ਅਲਾਓ ਕਰ ਦਿੰਦੇ ਤਾਂ ਚੀਜ਼ ਸਾਫ ਹੋ ਜਾਣੀ ਸੀ (ਵਿਘਨ)

ਸ੍ਰੀ ਸਪੀਕਰ : ਨਹੀਂ, ਇਹ ਠੀਕ ਨਹੀਂ ਹੈ (ਵਿਘਨ) (No, it is not correct)

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ) : ਇਸ ਸਵਾਲ ਲਈ ਤੁਸੀਂ ਸਪੈਸ਼ਲ ਰਿਆਇਤ ਦਿਤੀ ਹੈ। ਉਹਦਾ ਹਸ਼ਰ ਤੁਸੀਂ ਦੇਖ ਲਿਆ ਹੈ। (ਵਿਘਨ)

ਸ੍ਰੀ ਸਪੀਕਰ : ਇਹ ਤਾਂ ਕੀਤਾ ਗਿਆ ਸੀ ਤਾਂ ਕਿ ਜੇ ਉਨ੍ਹਾਂ ਦੇ ਦਿਲ ਵਿਚ ਕੋਈ ਜਜ਼ਬਾਤ ਹੋਣ ਤਾਂ ਉਹ ਬਾਹਰ ਆ ਜਾਣ (ਵਿਘਨ) (It was done so that they may express their feelings.)

ਮਾਲ ਮੰਤਰੀ : ਉਨ੍ਹਾਂ ਨੇ ਇਸ ਨੂੰ ਮਿਸਯੂਜ਼ ਕੀਤਾ ਹੈ। (ਸਰਦਾਰ ਅਜਾਇਬ ਸਿੰਘ ਸੰਧੂ ਵਲੋਂ ਵਿਘਨ) ਕਮ-ਅਜ-ਕਮ ਤੁਸੀਂ ਤਾਂ ਆਪੋਜ਼ੀਸ਼ਨ ਦੇ ਡਿਪਟੀ ਲੀਡਰ ਹੋ ਤੁਹਾਨੂੰ ਤਾਂ ਜੋ ਹਾਊਸ ਦੀਆਂ ਰਿਵਾਇਤਾਂ ਹਨ ਉਹਦਾ ਖਿਆਲ ਰਖਣਾ ਚਾਹੀਦਾ ਹੈ। (ਵਿਘਨ)

Mr. Speaker : Question Hour is over. The remaining Questions will be deemed to have been answered under Rule 38 of the Rules of Procedure and Conduct of Business in the Punjab Legislative Assembly.

Now the House will take up Call Attention Notices.

Mr. Speaker : Call Attention Notice No. 46. (Noise)

(ਇਸ ਸਮੇਂ ਅਕਾਲੀ ਬੈਂਚਾਂ ਵਲੋਂ ਨਾਅਰੇ ਲਗ ਰਹੇ ਸਨ ×× ××

ਸ੍ਰੀ ਸਪੀਕਰ: ਜੋ ਕੁਝ ਵੀ ਇਹ ਬਗੈਰ ਪਰਮਿਸ਼ਨ ਆਫ ਦੀ ਚੇਅਰ ਕਹਿ ਰਹੇ ਹਨ ਉਹ ਰਿਕਾਰਡ ਨਾ ਕੀਤਾ ਜਾਵੇ। (Whatever is being said without the permission of the Chair should not be recorded.)

---

*Not recorded as ordered by the Chair.

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

Opening A Sub-Tehsil or Tehsil at Talwara, District Hoshiarpur

***2465. Doctor Amir Singh Kalkat** : Will the Minister for Revenue and Elections be pleased to state whether there is any proposal at present under the consideration of the Government to open Sub-Tehsil or Tehsil at Talwara in Hoshiarpur district; if so, the time by which it will be opened ?

Sardar Umrao Singh : Yes, Sir. The proposal to create Sub-Tehsil is under active consideration of the Government.

(ਹਾਂ ਜੀ, ਸਬ-ਤਹਿਸੀਲ ਬਣਾਉਣ ਸੀ ਤਜਵੀਜ ਤੇ ਸਰਕਾਰ ਸਰਗਰਮੀ ਨਾਲ ਵਿਚਾਰ ਕਰ ਰਹੀ ਹੈ।)

Plots Allotted to persons belonging to Scheduled Castes at Mohali

***2330. Sardar Gurdev Singh Sidhu** : Will the Minister for Finance be pleased to state :

(a) whether 10 % plots in Mohali Estate have actually been allotted to the persons belonging to Scheduled Castes; if not, the reasons therefor;

(b) whether the Government propose to give any facility for the construction of houses on the plots already allotted in the Mohali Estate to the scheduled Castes persons, if so, the nature of such facilities;

(c) Whether the Government directed the Punjab Scheduled Castes Land Development and Finance Corporation to advance Loans for the purpose without any hitch on nominal interest.

Shri Hans Raj Sharma (a) 10 % plots in Phases IV & V of Urban Estate Mohali have been actually allotted to the persons belonging to the Scheduled Castes. The number of Scheduled Castes applicants in Phases II, IIIA, III B was less than the 10 % plots reserved for them. There was no reservation in their favour in Phase-I.

(a) No, Sir.
(c) No, Sir.

[(ੳ) ਮੁਹਾਲੀ ਸ਼ਹਿਰੀ ਮਿਲਖ ਫੇਜ iv ਅਤੇ v ਵਿਚ 10 ਪ੍ਰਤੀਸ਼ਤ ਪਲਾਟ ਅਲਾਟ ਕੀਤੇ ਗਏ ਹਨ। ਫੇਜ਼ II, III ਏ ਅਤੇ III ਬੀ ਲਈ ਹਰੀਜਨਾਂ ਦੀਆਂ ਅਰਜ਼ੀਆਂ 10 ਪ੍ਰਤੀਸ਼ਤ ਰਿਜ਼ਰਵ ਕੀਤੇ ਪਲਾਟਾਂ ਤੋਂ ਘੱਟ ਸਨ। ਫੇਜ਼ 1 ਵਿਚ ਉਨ੍ਹਾਂ ਲਈ ਕੋਈ ਰਿਜ਼ਰਵੇਸ਼ਨ ਨਹੀਂ ਸੀ।

(ਅ) ਨਹੀਂ ਜੀ।
(ੲ) ਨਹੀਂ ਜੀ।]

Water connections for plot holders at Mohali Urban Estate

***2444. Sardar Surjit Singh Sidhu,** : Will the Minister for Finance be pleased to state—

(a) the number of plot holders at Mohali Urban Estate who have completed construction upto plinth level on their plots;

[Sardar Surjit Singh Sidhu]

(b) whether the plot holders mentioned in part (a) above have been given water connections, if not, the reasons therefor ?

Shri Hans Raj Sharma : (a) 68

(b) Water connections have been given to 66 out of 68 plot holders mentioned in (a) above. 2 plot holders have not so far applied for water connections.

[(ੳ) 68

(ਅ) ਉਪਰ (ੳ) ਵਿੱਚ ਦੱਸੇ 68 ਪਲਾਟ ਹੋਲਡਰਾਂ ਵਿਚੋਂ 66 ਨੂੰ ਵਾਟਰ ਕੁਨੈਕਸ਼ਨ ਦਿਤੇ ਜਾ ਚੁੱਕੇ ਹਨ । 2 ਪਲਾਟ ਹੋਲਡਰਾਂ ਨੇ ਵਾਟਰ ਕੁਨੈਕਸ਼ਨ ਲਈ ਅਜੇ ਤੱਕ ਅਰਜ਼ੀਆਂ ਨਹੀ ਦਿਤੀਆਂ ।]

Instructions issued by Government for Reservation in Punjab School Education Board

*2307. **Sardar Gurdev Singh Sidhu,** : Will the Minister for Education be pleased to state—

(a) whether the Government have issued instructions for introduction of reservation for the Scheduled Castes and Backward classes, in the Punjab School Education Board; if so, when;

(b) whether the quota of reservation exists at present in all the categories of the posts in the said board;

(c) whether the Board has recruited some clerks/typists in the Board recently; if so, whether the required number of reserved vacancies have been filled up from amongst the scheduled Caste candidates against the reserved vacancies; if so, the list of scheduled Castes Clerks who were selected be laid on the Table of the House ?

(a) **Shri Gurmail Singh** : Yes, by the Social Welfare Department, Punjab, vide their circular letter No. 2968-ਵਿਕਅ (ਭ) 1/70/32744, dated 8th December, 1970.

(b) Yes, only in case of posts which are filled by direct recruitments.

(c) Yes, the Punjab School Education Board has recently recruited 102 Clerks out of which 21 candidates belong to Scheduled Castes/Tribes. A list of Scheduled Castes/Tribes candidates is placed on the Table of the House.

[(ੳ) ਹਾਂ ਜੀ, ਸਮਾਜ ਭਲਾਈ ਵਿਭਾਗ, ਪੰਜਾਬ, ਵੱਲੋਂ ਉਨ੍ਹਾਂ ਦੇ ਗਸਤੀ ਪੱਤਰ ਨੰ: 2968-ਵਿਕਅ (ਭ)-1/70/32744, ਮਿਤੀ 8 ਦਸੰਬਰ, 1970 ਰਾਹੀਂ ।

(ਅ) ਹਾਂ ਜੀ, ਕੇਵਲ ਓਨ੍ਹਾਂ ਆਸਾਮੀਆਂ ਵਾਸਤੇ ਜਿਹੜੀਆਂ ਕਿ ਸਿੱਧੀ ਭਰਤੀ ਰਾਹੀਂ ਭਰੀਆਂ ਜਾਂਦੀਆਂ ਹਨ ।

(ੲ) ਹਾਂ ਜੀ, ਬੋਰਡ ਨੇ 102 ਕਲਰਕ ਭਰਤੀ ਕੀਤੇ ਹਨ ਜਿਨ੍ਹਾਂ ਵਿਚ 21 ਅਨੁਸੂਚਿਤ ਜਾਤੀਆਂ/ਕਬੀਲਿਆਂ ਨਾਲ ਸਬੰਧਤ ਹਨ । ਅਨੁਸੂਚਿਤ ਜਾਤੀਆਂ/ਕਬੀਲਿਆਂ ਦੇ ਉਮੀਦਵਾਰਾਂ ਦੀ ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ ।]

List of Scheduled Castes/Tribes Candidates Selected by the Punjab Education Board, for Appointment as Clerks

Serial No.	Name of Candidate	Father's name
1	Miss Parveen Bala	.. Shri Gurbachan Singh.
2	Shri Faqir Chand Ahir	.. Shri Tulsi Ram Ahir.
3	Shri Hardial Singh Sipro	.. Shri Dasaundha Singh.
4	Miss Satwinder Kaur	.. Shri Ram Lal Singh.
5	Shri Kesar Singh	.. Shri Ram Singh.
6	Shri Nakshatter Singh	.. Shri Jagat Singh.
7	Shri Hardev Singh	.. Shri Niranjan Singh.
8	Shrimati Harbans Kaur	.. Shri Gurnam Singh.
9	Shri Gurdial Singh	.. Shri Surjan Singh.
10	Shri Gulzar Singh	.. Shri Prem Singh.
11	Shri Chaman Lal	.. Shri Jagga Ram.
12	Shri Swarn Chand	.. Shri Kartara Ram.
13	Shri Gurbax Singh	.. Shri Ishar.
14	Miss Kulwant Kaur	.. Shri Sardara Singh.
15	Shri Labh Singh	.. Shri Mohinder Singh.
16	Shri Jarnail Singh	.. Shri Ajit Singh.
17	Shri Bachittar Singh	.. Shri Sardara Singh.
18	Shri Ranjit Kumar	.. Shri Shanker Dass.
19	Shri Mata Din	.. (Peon of Punjab School Education Board)
20	Shri Tarsem Chand	.. Shri Basawa Ram.
21	Miss Balbir Kaur	.. Shri Char Singh.

[Minister for Education]

[ਅਨੁਸੂਚਿਤ ਜਾਤੀਆਂ/ਕਬੀਲਿਆਂ ਦੇ ਉਮੀਦਵਾਰਾਂ ਦੀ ਸੂਚੀ ਜਿਹੜੇ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਕਲਰਕ ਚੁਣੇ ਗਏ ਹਨ ।

ਕ੍ਰਮ ਨੰ:	ਉਮੀਦਵਾਰ ਦਾ ਨਾਂ	ਪਿਤਾ ਦਾ ਨਾਂ
1	ਮਿਸ ਪਰਵੀਣ ਬਾਲਾ	ਸ਼੍ਰੀ ਗੁਰਬਚਨ ਸਿੰਘ
2	ਸ਼੍ਰੀ ਫਕੀਰ ਚੰਦ ਅਹਿਰ	ਸ਼੍ਰੀ ਤੁਲਸੀ ਰਾਮ ਅਹਿਰ
3	ਮਿਸ ਸਤਵਿੰਦਰ ਕੌਰ	ਸ਼੍ਰੀ ਰਾਮ ਲਾਲ ਸਿੰਘ
4	ਸ਼੍ਰੀ ਹਰਦਿਆਲ ਸਿੰਘ ਸਿਪਰੋ	ਸ਼੍ਰੀ ਦਸੌਂਦਾ ਸਿੰਘ
5	ਸ਼੍ਰੀ ਕੇਸਰ ਸਿੰਘ	ਸ਼੍ਰੀ ਰਾਮ ਸਿੰਘ
6	ਸ਼੍ਰੀ ਨਕਸ਼ਤਰ ਸਿੰਘ	ਸ਼੍ਰੀ ਜਗਤ ਸਿੰਘ
7	ਸ਼੍ਰੀਮਤੀ ਹਰਬੰਸ ਕੌਰ	ਸ਼੍ਰੀ ਗੁਰਨਾਮ ਸਿੰਘ
8	ਸ਼੍ਰੀ ਹਰਦੇਵ ਸਿੰਘ	ਸ਼੍ਰੀ ਨਿਰੰਜਨ ਸਿੰਘ
9	ਸ਼੍ਰੀ ਗੁਰਦਿਆਲ ਸਿੰਘ	ਸ਼੍ਰੀ ਸੁਰਜਨ ਸਿੰਘ
10	ਸ਼੍ਰੀ ਗੁਲਜ਼ਾਰ ਸਿੰਘ	ਸ਼੍ਰੀ ਪ੍ਰੇਮ ਸਿੰਘ
11	ਸ਼੍ਰੀ ਚਮਨ ਲਾਲ	ਸ਼੍ਰੀ ਜੱਗਾ ਰਾਮ
12	ਸ਼੍ਰੀ ਸਵੱਰਨ ਚੰਦ	ਸ਼੍ਰੀ ਕਰਤਾਰਾ ਰਾਮ
13	ਸ਼੍ਰੀ ਗੁਰਬਖਸ਼ ਸਿੰਘ	ਸ਼੍ਰੀ ਈਸ਼ਰ
14	ਮਿਸ ਕੁਲਵੰਤ ਕੌਰ	ਸ਼੍ਰੀ ਸਰਦਾਰਾ ਸਿੰਘ
15	ਸ਼੍ਰੀ ਲਾਭ ਸਿੰਘ	ਸ਼੍ਰੀ ਮੋਹਿੰਦਰ ਸਿੰਘ
16	ਸ਼੍ਰੀ ਜਰਨੈਲ ਸਿੰਘ	ਸ਼੍ਰੀ ਅਜੀਤ ਸਿੰਘ
17	ਸ਼੍ਰੀ ਬਚਿੱਤਰ ਸਿੰਘ	ਸ਼੍ਰੀ ਸਰਦਾਰਾ ਸਿੰਘ
18	ਸ਼੍ਰੀ ਰਣਜੀਤ ਕੁਮਾਰ	ਸ਼੍ਰੀ ਸ਼ੰਕਰ ਦਾਸ
19	ਸ਼੍ਰੀ ਮਾਤਾ ਦੀਨ (ਸੇਵਾਦਾਰ, ਪੰਜਾਬ ਸਕੂਲ ਸਿਖਿਆ ਬੋਰਡ)	
20	ਸ਼੍ਰੀ ਤਰਸੇਮ ਚੰਦ	ਬਸਾਵਾ ਰਾਮ
21	ਮਿਸ ਬਲਬੀਰ ਕੌਰ	ਸ਼੍ਰੀ ਚਾਰ ਸਿੰਘ]

Employees Regularised in the Education Department

***2328. Comrade Jangir Singh Joga** : Will the Minister for Education be pleased to state—

(a) whether the Punjab Government issued any instructions vide its letter No. 279-S-II(3)73/3046, dated 29th January, 1973 to various Departments for regularising the services of all

those Government Employees whose period of service was more than one year; If so, the number of employees so far regularised stating the details district-wise;

(b) the number of employees with more than one year service who have not yet been regularised together with the reasons therefor ?

Shri Gurmail Singh : (a) Yes, Nil.

(b) The total number of employees with more than one year service who have not been regularised, is not readily available. The information is being collected and will be supplied to the Hon'ble Member as early as possible. The cases of 372 employees who had completed one year's service on 1st January, 1973 have been received in the Education Directorate and the matter for regularisation of their services is receiving the consideration of the Department. The reasons for the delay in the regularisation of the services of the concerned employees is that instructions issued by the Government had been challenged in the Punjab and Haryana High Court through Civil Writ No. 1921 of 1973, on which the Hon'ble Court had issued stay orders. The Writ has since been dismissed and the cases are being processed.

[(ੳ) ਹਾਂ ਜੀ, ਕੋਈ ਨਹੀਂ ।

(ਅ) ਕੁੱਲ ਕਰਮਚਾਰੀਆਂ ਜਿਨ੍ਹਾਂ ਦੀਆਂ ਸੇਵਾਵਾਂ 1 ਸਾਲ ਤੋਂ ਜ਼ਿਆਦਾ ਹਨ ਅਤੇ ਜਿਨ੍ਹਾਂ ਦੀਆਂ ਸੇਵਾਵਾਂ ਨਿਯਮਤ ਨਹੀਂ ਕੀਤੀਆਂ ਗਈਆਂ, ਬਾਰੇ ਸੂਚੀ ਹਾਲ ਦੀ ਘੜੀ ਪ੍ਰਾਪਤ ਨਹੀਂ ਹੋਈ । ਲੋੜੀਂਦੀ ਸੂਚਨਾ ਇਕੱਠੀ ਕੀਤੀ ਜਾ ਰਹੀ ਹੈ ਅਤੇ ਮਾਨਯੋਗ ਮੈਂਬਰ ਨੂੰ ਜਿੰਨੀ ਜਲਦੀ ਹੋ ਸਕਿਆ ਭੇਜ ਦਿਤੀ ਜਾਵੇਗੀ । 372 ਕਰਮਚਾਰੀਆਂ ਦੇ ਕੇਸ, ਜਿਨ੍ਹਾਂ ਦੀਆਂ ਸੇਵਾਵਾਂ 1 ਜਨਵਰੀ, 1973 ਨੂੰ 1 ਸਾਲ ਦੀਆਂ ਪੂਰੀਆਂ ਹੋ ਗਈਆਂ ਹਨ ਸਿਖਿਆ ਡਾਇਰੈਕਟੋਰੇਟ ਵਿਚ ਪ੍ਰਾਪਤ ਹੋ ਚੁੱਕੇ ਹਨ, ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਬਾਰੇ ਮਾਮਲਾ ਵਿਭਾਗ ਦੇ ਵਿਚਾਰ ਅਧੀਨ ਹੈ । ਇਨ੍ਹਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਵਿਚ ਦੇਰੀ ਹੋਣ ਦਾ ਕਾਰਨ ਇਹ ਹੈ ਕਿ ਇਸ ਸਬੰਧ ਵਿਚ ਸਰਕਾਰ ਵਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਸਿਵਲ ਰਿੱਟ ਨੰ· 1921 ਆਫ 1973 ਰਾਹੀਂ ਚੈਲੰਜ ਹੋ ਗਈਆਂ ਅਤੇ ਮਾਨਯੋਗ ਅਦਾਲਤ ਨੇ ਸਟੇ-ਆਰਡਰ ਜਾਰੀ ਕਰ ਦਿਤਾ । ਉਪ੍ਰੋਕਤ ਰਿੱਟ ਹੁਣ ਡਿਸਮਿਸ ਹੋ ਗਈ ਹੈ ਅਤੇ ਕਰਮਚਾਰੀਆਂ ਦੇ ਕੇਸਾਂ ਨੂੰ ਨਿਯਮਤ ਕਰਨ ਬਾਰੇ ਕਾਰਵਾਈ ਕੀਤੀ ਜਾ ਰਹੀ ਹੈ ।]

Sinking Deep Bores in Bhatinda District

***2251. Sardar Balwinder Singh Bhunder :** Will the Minister of State for Irrigation and Power be pleased to state whether there is any proposal under the consideration of the Government to sink deep bores in district Bhatinda; if so, when, if not, the reasons therefor ?

Sardar Gurbakhsh Singh Sibia : There is no proposal to sink deep bores in Bhatinda District, as data so far available indicates salinity of the water and poor productivity of the acquier in the District. However, some exploratory bores have been proposed in this District in the year 1974-75 for further evaluation of the ground water potential.

[ਬਠਿੰਡਾ ਜ਼ਿਲ੍ਹੇ ਵਿਚ ਡੂੰਘੇ ਬੋਰ ਕਰਨ ਦੀ ਕੋਈ ਤਜਵੀਜ਼ ਨਹੀਂ ਹੈ, ਕਿਉਂਕਿ ਹੁਣ ਤੱਕ ਮੌਜੂਦ ਡੇਟਾ ਅਨੁਸਾਰ ਜ਼ਿਲ੍ਹੇ ਦੇ ਪਾਣੀ ਵਿਚ ਸਲੂਣਾਪਨ ਹੈ ਅਤੇ ਪੱਤਣ ਦੀ ਉਤਪਾਦਕਤਾ ਬਹੁਤ ਘੱਟ ਹੈ। ਫਿਰ ਵੀ ਇਸ ਜ਼ਿਲ੍ਹੇ ਵਿਚ ਸਾਲ 1974-75 ਵਿਚ ਜ਼ਮੀਨ ਦੋਜ਼ ਪਾਣੀ ਦੇ ਵਿਕਾਸ ਕਰਨ ਲਈ ਕੁਝ ਅਜ਼ਮਾਇਸ਼ੀ ਬੋਰ ਕਰਨੇ ਤਜਵੀਜ਼ ਕੀਤੇ ਗਏ ਹਨ।]

Scheme for Sinking Deep Tubewells in Dhar Block

*2351. **Chaudhri Ram Singh** : Will the Minister of State for Irrigation and Power be pleased to state whether the Government have prepared any scheme for sinking deep Tubewells in Dhar Block; if so, the time by which it is likely to be implemented ?

Shri Gurbakhsh Singh Sibia : No Sir. However, for the preparation of a project for sinking deep tubewells in Dhar Block exploratory bores were proposed to be drilled to ascertain the adequacy of acquifer, but the exploratory bores could not be drilled due to non-availability of a percussion-cum-rotary rig. After underground exploration, a project will be prepared in case the results are encouraging.

[ਨਹੀਂ ਜੀ। ਪਰ ਇਸ ਬਲਾਕ ਵਿਚ ਡੂੰਘੇ ਟਿਊਬਵੈਲ ਲਗਾਉਣ ਦਾ ਪ੍ਰਾਜੈਕਟ ਤਿਆਰ ਕਰਨ ਲਈ, ਪੱਤਣ ਦਾ ਪਤਾ ਕਰਨ ਦੀ ਖਾਤਰ ਤਜਰਬੇ ਦੇ ਤੌਰ ਤੇ ਬੋਰ ਕਰਨੇ ਤਜਵੀਜ਼ ਕੀਤੇ ਗਏ ਸਨ ਜਿਹੜੇ ਕਿ ਪ੍ਰਕੁਸ਼ਨ-ਕਮ-ਰੋਟਰੀ ਰਿਗ ਨਾ ਮਿਲਣ ਕਾਰਨ ਨਹੀਂ ਹੋ ਸਕੇ। ਜ਼ਮੀਨ ਦੋਜ਼ ਖੋਜ ਉਪਰੰਤ ਜੇ ਨਤੀਜੇ ਉਤਸ਼ਾਹ ਜਨਕ ਹੋਏ ਤਾਂ ਇਕ ਪ੍ਰਾਜੈਕਟ ਤਿਆਰ ਕੀਤਾ ਜਾਵੇਗਾ।]

Enforcement of Reservation in Services of Universities, Boards and Corporations

*2308. **Sardar Gurdev Singh Sidhu** : Will the Chief Minister be pleased to state whether the Chief Minister/Government received any representation in regard to the enforcement of reservation in services of the Universities, Boards, Corporations, or other Semi-Government Institutions in the State, from the Scheduled Castes Welfare Association, Punjab, Haryana and U.T., Chandigarh during the year 1973; if so, the action taken by the Government thereon ?

Miss Sarla Prashar : Minister of State for Social Welfare; No Please.

[ਨਹੀਂ ਜੀ।]

Setting up a big Industry at Talwara, District Hoshiarpur

*2466. **Doctor Amir Singh Kalkat** : Will the Chief Minister be pleased to state whether there is any proposal under the consideration of the Government to set up a big industry like Fertilizer etc. at Talwara, district Hoshiarpur after the completion of Pong Dam to provide employment to thousands of people at present working at the Dam ?

Giani Zail Singh : No.

[ਨਹੀਂ ਜੀ।]

Starred Question No. 2283

Reply to Starred Question No. 2283,** was not received.

Defaulters Agriculture Service Societies closed in the State

***2249. Sardar Balwinder Singh Bhunder :** Will the Chief Minister be pleased to State—

(a) the District-wise number of Agricultural Service Societies in Punjab lying at present closed on account of their being defaulters;

(b) the total amount of money embezzled by the Societies referred to in part (a) above.

(c) the number of cashiers or officers involved in the said embezzlements against whom action has been taken?

Giani Zail Singh : (a) No society is closed on account of its being defaulter.

(b) Since no such category of societies exists, it is not possible to mention the amount involved

(c) In view of (b) above, question does not arise.

[(ੳ) ਕੋਈ ਸਭਾ ਕਸੂਰਵਾਰ ਹੋਣ ਕਾਰਨ ਬੰਦ ਨਹੀਂ ਹੈ ।

(ਅ) ਕਿਉਂਕਿ ਇਸ ਤਰ੍ਹਾਂ ਦੀ ਕੋਈ ਸਭਾ ਨਹੀਂ ਇਸ ਲਈ ਰਕਮ ਦੱਸਣੀ ਸੰਭਵ ਨਹੀਂ ਹੈ।

(ੲ) ਉਪ੍ਰੋਕਤ (ਅ) ਨੂੰ ਮੁੱਖ ਰੱਖਦੇ ਹੋਏ ਸਵਾਲ ਹੀ ਪੈਦਾ ਨਹੀਂ ਹੁੰਦਾ ।]

Setting up a Cotton Factory in Mandi Sardulgarh, Tehsil Mansa

***2250. Sardar Balwinder Singh Bhunder :** Will the Chief Minister be pleased to state whether there is any proposal under consideration of the Government to set up a Cotton Factory in Mandi Sardulgarh, Tehsil Mansa; if so, when ?

Giani Zail Singh : No.

[ਨਹੀਂ ਜੀ ।]

Development of Tourism

***2352. Chaudhri Ram Singh :** Will the Chief Minister be pleased to state—

(a) whether the Government have chalked out any proposal for the development of tourism in the State ;

---

*For Starred Question No. 2283 and reply thereto please see appendix to this Debate.

[Chaudhri Ram Singh]

(b) the names of the places which have been selected by the Government for development as tourist resorts ?

(a) **Giani Zail Singh** : Yes.

(b) A list of schemes for 1973-74 and Plan proposals for 1974-75 is laid on the Table of the House.

[(ੳ) ਜੀ ਹਾਂ ।

(ਅ) ਸਾਲ 1973-74 ਦੀਆਂ ਸਕੀਮਾਂ ਦੀ ਲੜੀ ਅਤੇ 1974-75 ਦੀਆਂ ਪਲਾਨ ਤਜਵੀਜ਼ਾਂ ਸਭਾ ਦੀ ਮੇਜ਼ ਤੇ ਰੱਖੀਆਂ ਜਾਂਦੀਆਂ ਹਨ ।]

Annual Plan Schemes

1973-74 Plan Schemes

1. Construction of Tourist Hostel at Amritsar (continued scheme).

2. Tourist Bungalow-cum-Boat and Fishing Club at Ropar.

3. Production of Tourist Publicity Literature.

4. Putting up of Snack Bar-cum-Tourist Lounges at —

(a) Kiratpur on Ropar-Bilaspur Road.

(b) Near Sirhind at the crossing of G.T. Road with Canal.

(c) at Neelon Bridge.

5. Provision of Snack-Bars at the existing PWD/Irrigation Rest Houses at Phagwara, Rayya and Doraha..

1973-74-Non-Plan Schemes

6. Opening of a Tourist Reception-cum-Rest Centre at Wagha Border.

7. Conversion of five suites of Tourist Bungalow, Pathankot into air-conditioned suites.

8. Setting up of Tourist Information Centre at Patiala.

1973-74 Centrally Sponsored Schemes

9. Tourist Bungalow at Ludhiana.

10. Youth Hostel at Amritsar.

1974-75 Plan Schemes

1. Expansion of tourist accommodation at Nangal (construction of delux suites).

2. Development of Tourist sports in Dhar kalan Block.

3. Setting up of four Motels at Madhopur, Hussainiwala/Wagha, Sangrur-Rohtak Road, Zira and Reception Centre at Wagha.

4. Strengthening/setting up of Tourist information Centres.

5. Publicity Literature and display advertisements.

6. Development of Lake at Chehru Bridge on G.T. Road.

7. Development of Martyrs Memorial at Ferozepur and provision of tourist facilities at a lake.

8. Construction of lake and extension of tourist facilities at Neelon Bridge.

9. Completion of the schemes undertaken during 4th Plan—

(i) Tourist Hostel at Amritsar,

(ii) Tourist Bungalow-cum-Fishing Club at Ropar.

(iii) Snack Bar-cum-Tourist Lounge at Sirhind.

10. Stop-over and snack-bar facilities at selected places on G.T. Road.

STATEMENT LAID ON THE TABLE OF THE HOUSE IN REPLY TO CALL ATTENTION NOTICE NO. 32

Chief Parliamentary Secretary (Sardar Gurcharan Singh Nihalsinghwala) : Sir, I beg to lay on the Table of the House reply to Call Attention Notice No. 32.

Serial No. 32

Comrade Shamsher Singh Josh : to draw the attention of the Government towards a matter of urgent public importance, namely, non-implementation of commitment regarding Service Security Act for Teachers of affiliated Colleges given on 13th February, 1972. This has resulted in great resentment in the ranks of Private Colleges Teachers. Hence this notice. The Government may kindly be asked to make a statement on this important matter.

Shri Gurmail Singh (Education Minister) : In pursuance of the commitment made by the Government on the floor of the Punjab Vidhan Sabha, in December, 1972, Government has been considering the question of taking legislative measures about security of service for college teachers working in non-Government colleges. Government have approved the enactment of a legislation on the subject and a draft bill is already being prepared by L.R. A meeting of the Vice-Chancellors of the Punjab/Punjabi/Guru Nanak Universities called on 25th February, 1974 has also discussed the draft bill. It is proposed to introduce the bill in the current session of the Punjab Vidhan Sabha.

PAPERS LAID ON THE TABLE OF THE HOUSE

Chief Parliamentary Secretary (Sardar Gurcharan Singh Nihalsinghwala): Sir, I beg to lay on the Table the Annual Report on the working of the Punjab Public Service Commission for the year 1971-72, as presented to the Governor, as required under Article 323 (2) of the Constitution.

PRESENTATION OF SUPPLEMENTARY ESTIMATES (SECOND INSTALMENT) FOR THE YEAR 1973-74

Minister for Finance (Shri Hans Raj Sharma) : Sir, I beg to present the Supplementary Estimates (Second Instalment) for the year 1973-74

PRESENTATION OF REPORT ON SUPPLEMENTARY ESTIMATES

Chairman, Estimates Committee (Dr. Amir Singh Kalkat) : Sir, I beg to present the Report of the Committee on Estimates on the Supplementary Estimates (Second instalment) for the year 1973-74.

SHORT ADJOURNMENT OF THE HOUSE

ਸ੍ਰੀ ਸਪੀਕਰ : ਕਿਉਂਕਿ ਹਾਊਸ ਵਿਚ ਸ਼ੋਰ ਹੈ, ਇਸ ਕਰਕੇ ਹਾਊਸ 15 ਮਿੰਟ ਵਾਸਤੇ ਐਡਜਰਨ ਕੀਤਾ ਜਾਂਦਾ ਹੈ । (Since the House is very rowdy, I adjourn it for 15 minutes.)

(*The House Adjourned at* 10.03 *A.M. and re-assembled at* 10.18 *a.m.*)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਕੱਲ ਮੇਰੀ ਇਕ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਹੋਈ ਸੀ .... (ਵਿਘਨ) (ਸ਼ੋਰ) ਮੈਂ ਉਸ ਤੇ ਸਵਾਲ ਕਰਨਾ ਚਾਹੁੰਦਾ ਹਾਂ (ਵਿਘਨ) (ਸ਼ੋਰ) (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਸੀ)

ਕਾਮਰੇਡ ਸੱਤ ਪਾਲ ਡਾਂਗ : ਜਿੰਨੀ ਦੇਰ ਤਕ ਉਸ ਗੱਲ ਦਾ ਫੈਸਲਾ ਨਹੀਂ ਹੁੰਦਾ, ਹਾਊਸ ਦੀ ਕਾਰਵਾਈ ਨਹੀਂ ਚਲ ਸਕਦੀ (ਵਿਘਨ) (ਸ਼ੋਰ)

DHARNA BY MEMBERS

(At this stage some hon. Members of the Shiromani Akali Dal (Akali Party) sat cross legged on the floor of the House near the Table.)

Mr. Speaker : We take up General Discussion on the Budget for the year 1974-75. I call upon Sardar Surjit Singh Barnala.

Comrade Shamsher Singh Josh : Point of order, Sir. Point of order, Sir.

(Noise) How can you deny my right ? You may reject the point of order which I am raising. (Noise)

Mr. Speaker : I have called upon you. What is your point of order ?

Comrade Satya Pal Dang : I was permitted to raise the point. That was relevant. Subsequently, you expunged that matter. ਸਾਡੇ ਨਾਲ ਜ਼ਿਆਦਤੀ ਹੋਈ ਹੈ । ਤੁਸੀਂ ਸਾਡੇ ਸ਼ਬਦਾਂ ਨੂੰ ਐਕਸਪੰਜ ਕੀਤਾ ਹੈ । (ਵਿਘਨ) ਉਹ ਨਹੀਂ ਹੋਣ ਦੇਵਾਂਗੇ । (ਵਿਘਨ) (ਸ਼ੋਰ) Let it be very clear (Noise) (Slogans were being raised by the hon. Members of the Akali Party.)

ਸਰਦਾਰ ਪਰਕਾਸ਼ ਸਿੰਘ ਬਾਦਲ : ਸਪੀਕਰ ਸਾਹਿਬ, ਮੈਂ ਅਤੇ ਡਾਂਗ ਸਾਹਿਬ ਤੁਹਾਡੇ ਹੁਕਮ ਮੁਤਾਬਕ ਉਥੇ ਗਏ—(ਵਿਘਨ) (ਸ਼ੋਰ) ਕਿਸੇ ਮਨਿਸਟਰ ਸਾਹਿਬ ਨੇ ਉਥੇ ਪਹੁੰਚਣ ਦੀ ਕੋਈ ਤਕਲੀਫ ਨਹੀਂ ਕੀਤੀ। (ਸ਼ੋਰ) ਇਸ ਲਈ ਇਥੇ ਕਿਸ ਤਰ੍ਹਾਂ ਕਾਰਵਾਈ ਚਲ ਸਕਦੀ ਹੈ। (ਸ਼ੋਰ) (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ) (ਨਾਅਰੇ ਲਗਾਏ ਜਾ ਰਹੇ ਸਨ) ** **

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ** ** ** **

SHORT ADJOURNMENT OF THE HOUSE

ਸ੍ਰੀ ਸਪੀਕਰ : ਜੋ ਕੁਝ ਵੀ ਇਹ ਚੇਅਰ ਦੀ ਪ੍ਰਮਿਸ਼ਨ ਬਗੈਰ ਕਹਿ ਰਹੇ ਹਨ, ਰਿਕਾਰਡ ਨਾ ਕੀਤਾ ਜਾਵੇ। (ਸ਼ੋਰ) (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਸੀ ਅਤੇ ਕੁਝ ਆਨਰੇਬਲ ਮੈਂਬਰ ਸਾਹਿਬਾਨ ਨਾਹਰੇ ਲਗਾ ਰਹੇ ਸਨ) ਨਾਹਰੇ ਰਿਕਾਰਡ ਨਾ ਕੀਤੇ ਜਾਣ। (ਸ਼ੋਰ) (ਬਹੁਤ ਸ਼ੋਰ) ਕਿਉਂਕਿ ਹਾਊਸ ਬੜਾ ਰਾਊਡੀ ਹੈ, ਇਸ ਲਈ ਹਾਊਸ ਅੱਧੇ ਘੰਟੇ ਵਾਸਤੇ ਐਡਜਰਨ ਕੀਤਾ ਜਾਂਦਾ ਹੈ। (Whatever is being said without the permission of the Chair, should not be recorded. (Noise). (Uproar and Noise Some hon. Members were raising slogans) The slogans should not be recorded. (Noise) (Uproar) Since the House is very rowdy, I adjourn it for half an hour.)

(*The House adjourned at 10-20 A. M. and re-assembled at 10-50 A. M.*)

ਸ੍ਰੀ ਸਪੀਕਰ : ਮੈਂ ਮੈਂਬਰ ਸਾਹਿਬਾਨ ਦੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਪਾਰਟੀ ਲੀਡਰਜ਼ ਦੇ ਨਾਲ ਗੱਲਬਾਤ ਹੋਈ ਹੈ ਅਤੇ ਇਹ ਫੈਸਲਾ ਹੋਇਆ ਹੈ ਕਿ ਸਟਾਰਡ ਕੁਐਸਚਨ ਨੰ : 2381 ਜਿਸ ਤੇ ਹੁਣ ਸਪਲੀਮੈਂਟਰੀ ਹੋ ਰਹੇ ਸਨ ਉਸ ਤੇ ਕਲ੍ਹ ਨੂੰ ਸਪਲੀਮੈਂਟਰੀ ਕੀਤੇ ਜਾਣਗੇ। (I want to bring it to the notice of the hon. Members that the matter has been discussed with the party leaders and it has been decided that the supplementaries would be allowed on the Starred Question No. 2381 tomorrow.)

(ਇਸ ਸਮੇਂ ਜਿਹੜੇ ਮੈਂਬਰ ਸਾਹਿਬਾਨ ਕੁਰਸੀਆਂ ਤੋਂ ਥੱਲੇ ਬੈਠੇ ਸਨ, ਉਹ ਨਾਅਰੇ ਲਗਾਉਂਦੇ ਹੋਏ ਵਾਪਸ ਆਪਣੀਆਂ ਸੀਟਾਂ ਤੇ ਚਲੇ ਗਏ।)

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਮੇਰੇ ਸੁਆਲ ਦਾ ਜਵਾਬ ਤਾਂ ਸਰਦਾਰ ਗੁਰਦਰਸ਼ਨ ਸਿੰਘ ਜੀ ਨੇ ਦੇ ਦਿੱਤਾ ਅਤੇ ਉਸ ਤੇ ਸਪਲੀਮੈਂਟਰੀ ਨਹੀਂ ਸੀ ਹੋ ਸਕੀ। ਮੇਰੀ ਗੁਜ਼ਾਰਿਸ਼ ਇਹ ਹੈ ਕਿ ਉਹ ਸੁਆਲ ਵੀ ਕਲ੍ਹ ਨੂੰ ਟੇਕ-ਅਪ ਕੀਤਾ ਜਾਵੇ।

ਸ੍ਰੀ ਸਪੀਕਰ : *2381 ਤੋਂ ਬਾਅਦ ਤੁਹਾਡਾ ਕੁਐਸਚਨ ਲਿਆ ਜਾਵੇਗਾ।

ਕਾਮਰੇਡ ਰਾਜ ਕੁਮਾਰ : ਸਪੀਕਰ ਸਾਹਿਬ, ਤੁਸੀਂ ਕੁਐਸ਼ਚਨ ਆਵਰ ਤੋਂ ਬਾਅਦ ਇਮੀਜੀਏਟਲੀ ਐਡਜਰਨਮੈਂਟ ਮੋਸ਼ਨ, ਕਾਲ ਅਟੈਨਸ਼ਨ ਮੋਸ਼ਨ ਅਤੇ ਪ੍ਰਿਵਿਲਜ ਮੋਸ਼ਨਜ਼ ਲੈ ਲਈਆਂ ਸਨ, ਪਰ ਉਹ .. (ਵਿਘਨ)

**Not recorded as ordered by the Chair

ਸ੍ਰੀ ਸਪੀਕਰ : ਪ੍ਰਿਵਿਲਜ ਮੋਸ਼ਨ ਤਾਂ ਕੋਈ ਨਹੀਂ ਸੀ ਅਤੇ ਕਾਲ ਅਟੈਨਸ਼ਨ ਮੋਸ਼ਨ ਐਡਮਿਟ ਕਰਕੇ ਸਰਕਾਰ ਨੂੰ ਜਵਾਬ ਦੇਣ ਲਈ ਭੇਜ ਦਿਤੀਆਂ ਜਾਣਗੀਆਂ । (There was no Privilege Motion. The Call Attention Motions will be admitted and sent to the Government.)

CALL ATTENTION NOTICES UNDER RULE 66

(Serial No. 46)

Comrade Darshan Singh Canadian : Sir, I beg to draw the attention of the Government towards a matter of urgent public importance, namely, that the thousands of Chowkidars of the State have not been getting their full salaries ever since 1970. Again and again they have sent representation to the State Government during the Akali regime, to the Governor during the Presidential rule and now for two years to the present Government. However, the successive Governments have taken no positive decision to concede their just demands. At present, there is serious discontentment among the Chowkidars. They have already held demonstrations at many places and the agitation is likely to spread. In view of the obvious and urgent importance of the matter, the Government may be asked to make a statement in the House.

Mr. Speaker : Admitted. The Minister concerned may please make a statement.

(Serial No. 50)

Comrade Raj Kumar : Sir, I beg to draw the attention of the Government towards a matter of urgent public importance, namely, in Kalanaur border area of District Gurdaspur three persons died during field firing-two on 4-2-74 and one on a day in the following week. Some person received injuries. To ensure safety for the life of their families public of this area have been demanding shifting of "firing field" to some uninhabitated area of the District but to no favourable result. This question came up for discussion in Public Grievances Committee Gurdaspur presided over by State Minister for Food and Supplies Punjab on 5th February, 1974 but so far neither field firing has been shifted nor families of the deceased persons suitably compensated. There is much resentment in the public on this account.

In view of the obvious importance of the matter, the State Government may be asked to make a statement in the House.

Mr. Speaker : Admitted. The Minister concerned may please make a statement.

(Serial No. 54)

Comrade SatyaPal Dang : Sir, I beg to draw the attention of the Government towards a matter of urgent public importance, namely, on 23rd January, 1974 employees of the Bhatinda Thermal Plant were attackd by anti-social elements hired by the management, when the employees had gone to submit a memorandum to the Director against these elements.

There is serious discontentment amongst the employees of the Plant. The Union have threatened direct action in case amends are not made.

In view of the obvious and urgent importance of the matter for the economy of the whole State, the Government may please be asked to make a statement in the House.

Mr. Speaker : Admitted. The Minister concerned may please make a statement.

(ਕ੍ਰਮ ਨੰ: 63)

ਜਥੇਦਾਰ ਗੁਰਬਚਨ ਸਿੰਘ (ਸੁਨਾਮ) : ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇਕ ਜ਼ਰੂਰੀ ਮਾਮਲੇ ਵਲ ਦਿਵਾਉਂਦਾ, ਅਰਥਾਤ, ਪਿੰਡ ਦਿੜਵੇ ਤੋਂ ਪਿੰਡ ਬਘਰੋਲ, ਜਿਲ੍ਹਾ ਸੰਗਰੂਰ ਨੂੰ ਇਕ ਲੰਬੀ ਸੜਕ ਬਣੀ ਹੋਈ ਹੈ ਜਿਸ ਉਤੇ ਇਕ ਡਰੇਨੇਜ ਤੇ ਆਰਜ਼ੀ ਪੁਲ ਬਣਿਆ ਹੋਇਆ ਸੀ, ਜਿਸ ਨੂੰ ਹੁਣ ਡਰੇਨੇਜ ਦੇ ਮਹਿਕਮੇ ਨੇ ਢਾਹ ਦਿੱਤਾ ਹੈ। ਪਰੰਤੂ ਉਸ ਡਰੇਨ ਨੂੰ ਪਾਰ ਕਰਨ ਲਈ ਹੋਰ ਕੋਈ ਸਾਧਨ ਤਿਆਰ ਨਹੀਂ ਕੀਤਾ । ਇਸ ਕਾਰਨ ਤਕਰੀਬਨ ਪੰਜ ਛੇ ਪਿੰਡਾਂ ਦੇ ਲੋਕ ਜਿਨ੍ਹਾਂ ਦੀ ਆਬਾਦੀ ਵੀਹ ਹਜ਼ਾਰ ਦੇ ਲਗ ਭਗ ਹੈ, ਇਕ ਵੱਡੀ ਮੁਸੀਬਤ ਦਾ ਟਾਕਰਾ ਕਰ ਰਹੇ ਹਨ । ਜਿਨ੍ਹਾਂ ਦੇ ਨਾਂ ਹਨ :— ਸਮੂੜਾ, ਸਿਹਾਲ, ਬਘਰੋਹ, ਕੰਘਰੋਸੀ ਆਦਿ ਅਤੇ ਡਰੇਨੇਜ ਦੇ ਮਹਿਕਮੇ ਵਲੋਂ ਵੀ ਕੋਈ ਪੁੱਲ ਇਸ ਜਗ੍ਹਾ ਤੇ ਬਣਾਉਣ ਦਾ ਪ੍ਰੋਗਰਾਮ ਨਹੀਂ ਹੈ।

Mr. Speaker : Admitted. The Minister concerned may please make a statement.

(Serial No. 75)

1. **Sardar Sukhdev Singh Dhillon**
2. **Sadar Gurbachan Singh**
3. **Giani Arjan Sngh Litt**

: Sir, I beg to draw the attention of the Government towards a matter of urgent public importance, namely, that on the 24th February, 1974, a Mela arranged by the management of Master Tara Singh Memorial College for Women at the Rose Gardens, Ludhiana was heavily disturbed by the goondas to such an extent that tents were demolished and the girl students were attacked and their clothes were torn off.

This incident has created a great resentment in the parents of the college girls in particular and the public in general. The Government should make a statement in the House.

Mr Speaker : Admitted. The Minister concerned may please make a statement.

QUESTIONS OF PRIVILEGE

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਪੌਣੇ ਨੌਂ ਵਜੇ ਪ੍ਰਿਵਿਲਜ ਮੋਸ਼ਨ ਤੁਹਾਡੇ ਆਫਿਸ ਵਿਚ ਦਿਤੀ ਸੀ ਅਤੇ ਤੁਸੀਂ ਕਹਿ ਦਿਤਾ ਕਿ ਕੋਈ ਪ੍ਰਿਵਿਲਜ ਮੋਸ਼ਨ ਨਹੀਂ ਆਈ ......

ਸ੍ਰੀ ਸਪੀਕਰ : ਮੈਂ ਤੁਹਾਡੀ ਪ੍ਰਿਵਿਲਜ ਮੋਸ਼ਨ ਤੇ ਰੂਲਿੰਗ ਦੇ ਦਿਆਂਗਾ (I will give my ruling on your Privilege Motion later on)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਮੈਂ ਇਕ ਹੋਰ ਪ੍ਰਿਵਿਲਜ ਮੋਸ਼ਨ ਦੇਣੀ ਚਾਹੁੰਦਾ ਹਾਂ ਕਿ ਤੁਹਾਡੀ ਇਕ ਚਿੱਠੀ ਮੇਰੇ ਪਾਸ ਆਈ ਹੈ ਜਿਸ ਦੇ ਵਿਚ ਤੁਸੀਂ ਕਿਹਾ ਹੈ ਕਿ ਇਕ ਆਨਰੇਬਲ ਮੈਂਬਰ ਨੂੰ 2 ਤੋਂ ਵੱਧ ਪਾਸ ਨਹੀਂ ਦਿਤੇ ਜਾ ਸਕਣਗੇ ਅਤੇ ਪਾਸਾਂ ਲਈ ਫਾਰਮਜ਼ ਸਿਰਫ ਮੈਂਬਰਜ਼ ਨੂੰ ਹੀ ਦਿਤੇ ਜਾਣਗੇ । (ਵਿਘਨ)

ਸ੍ਰੀ ਸਪੀਕਰ : ਤੁਸੀਂ ਇਸ ਬਾਰੇ ਮੇਰੇ ਚੈਂਬਰ ਵਿਚ ਤਸ਼ਰੀਫ ਲੈ ਆਉਣਾ ...... (ਵਿਘਨ) (You may please see me in my Chamber in this connection) (*Interruptions*)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਇਸ ਬਾਰੇ ਤੁਹਾਨੂੰ ਪਹਿਲੋਂ ਇਹ ਪਾਰਟੀ ਲੀਡਰਜ਼ ਨੂੰ ਬੁਲਾ ਕੇ ਫੈਸਲਾ ਕਰਨਾ ਚਾਹੀਦਾ ਸੀ। ਇਥੇ ਹਾਊਸ ਵਿਚ ਤੁਸੀਂ 20 ਕਿਸਮ ਦੀਆਂ ਪਾਬੰਦੀਆਂ ਲਗਾਈਆਂ ਹੋਈਆਂ ਹਨ। ਕਦੇ ਹਾਊਸ ਵਿਚ ਸੀ.ਆਈ.ਡੀ. ਬੁਲਾ ਲੈਂਦੇ ਹੋ, ਕਦੇ ਹੋਰ ਇਸ ਤਰ੍ਹਾਂ ਦੀ ਗੱਲ ਕਰ ਲੈਂਦੇ ਹੋ। ਇਹ ਕੀ ਰਵੱਈਆ ਅਖ਼ਤਿਆਰ ਕੀਤਾ ਹੋਇਆ ਹੈ । (ਵਿਘਨ)

ਸ੍ਰੀ ਸਪੀਕਰ : ਇਸ ਦੇ ਬਾਰੇ ਵਿਚ ਮੈਂ ਦੋਬਾਰਾ ਪਾਰਟੀ ਲੀਡਰਜ਼ ਨਾਲ ਗਲ ਬਾਤ ਕਰ ਲਵਾਂਗਾ ਅਤੇ ਇਸ ਤੇ ਦੋਬਾਰਾ ਗੌਰ ਕਰ ਲਵਾਂਗਾ। ਤੁਸੀਂ ਹੁਣ ਤਸ਼ਰੀਫ ਰਖੋ । (ਵਿਘਨ) (I will discuss this matter with the Party Leaders again and re-consider the matter. Now you may please take your seat.) (*Interruptions*)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਮੈਂ ਤੁਹਾਡੇ ਨੋਟਿਸ ਵਿਚ ਇਹ ਗੱਲ ਲਿਆਉਣੀ ਚਾਹੁੰਦਾ ਹਾਂ ਕਿ ਸਪੀਕਰ ਗੈਲਰੀ ਦੇ ਪਾਸ ਮੇਰੇ ਨਾਮ ਤੇ, ਕਨੇਡੀਅਨ ਸਾਹਿਬ ਦੇ ਨਾਮ ਤੇ ਅਤੇ ਜੋਸ਼ ਜੀ ਦੇ ਨਾਮ ਤੇ ਇਸ਼ੂ ਕੀਤੇ ਹੋਏ ਹੁੰਦੇ ਹਨ। ਲੁਧਿਆਣਾ ਦਾ ਇਕ ਟਾਪ ਮੋਸਟ ਡਾਕਟਰ ਸੀ ਉਸ ਨੂੰ ਉਥੇ ਲਾਈਨ ਵਿਚ ਕੋਈ ਅੱਧਾ ਘੰਟਾ ਖੜ੍ਹਾ ਕਰ ਦਿਤਾ ਅਤੇ ਹੋਰ ਬੰਦੇ ਜਿਹੜੇ ਕਿ ਅੱਧਾ ਘੰਟਾ ਬਾਦ ਵਿਚ ਪਾਸ ਲੈ ਕੇ ਆਉਣ ਉਨ੍ਹਾਂ ਨੂੰ ਸਭ ਤੋਂ ਪਹਿਲੋਂ ਬਿਠਾ ਦਿਤਾ ਜਾਂਦਾ ਹੈ। ਇਹ ਵਿਤਕਰਾ ਠੀਕ ਨਹੀਂ ਅਤੇ ਟਾਪ ਮੋਸਟ ਡਾਕਟਰ ਨੂੰ ਇਸ ਤਰ੍ਹਾਂ ਅੱਧਾ ਘੰਟਾ ਖੜ੍ਹੇ ਕਰ ਦੇਣਾ ਇਹ ਠੀਕ ਨਹੀਂ। ਇਸ ਬਾਰੇ ਧਿਆਨ ਦਿਤਾ ਜਾਏ ।

ਸ੍ਰੀ ਸਪੀਕਰ : ਮੈਂ ਇਸ ਤੇ ਇਨਕੁਆਇਰੀ ਕਰਾ ਲਵਾਂਗਾ ਅਤੇ ਤੁਹਾਡੀ ਤਕਲੀਫ ਤੇ ਹਮਦਰਦੀ ਨਾਲ ਗੌਰ ਕਰਾਂਗਾ। (I will enquire about it and will sympathetically consider your difficulties.)

ਸਰਦਾਰ ਮਹਿੰਦਰ ਸਿੰਘ ਸਾਈਂਆਂਵਾਲਾ : ਸਪੀਕਰ ਸਾਹਿਬ, ਮੈਂ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ਜਿਹੜੀ ਕਿ ਤੁਸੀਂ ਰਿਜੈਕਟ ਕਰ ਦਿਤੀ। ਮੈਂ ਉਸ ਵਿਚ ਕਿਹਾ ਸੀ ਕਿ ਸ੍ਰੀ ਗਿਆਨ ਸਿੰਘ ਮੈਨੇਜਰ ਨੇ ਖਾਦ ਵਿਚ ਮਿਲਾਵਟ ਕਰ ਦਿਤੀ ਅਤੇ ਕੋਈ 4 ਲੱਖ ਰੁਪਏ ਦਾ ਨੁਕਸਾਨ ਹੋਇਆ ਹੈ ਅਤੇ ਇਸ ਤਰ੍ਹਾਂ ਨਾਲ ਜਿਮੀਦਾਰਾਂ ਨਾਲ ਧੱਕਾ ਕੀਤਾ ਗਿਆ ਹੈ ਇਸ ਤਰ੍ਹਾਂ ਜ਼ਿਮੀਂਦਾਰਾਂ ਨਾਲ ਧੱਕਾ ਨਹੀਂ ਹੋਣ ਦਿਤਾ ਜਾਵੇਗਾ। ਮੇਰੇ ਇਲਾਕੇ ਵਿਚ ਕਰੋੜਾਂ ਰੁਪਏ ਦੀ ਖਾਦ ਦਾ ਫਰਾਡ ਹੋਇਆ ਹੈ ਮੈਨੂੰ ਇਸ ਤੇ ਬੋਲਣ ਦੀ ਇਜਾਜ਼ਤ ਦਿਤੀ ਜਾਵੇ। (ਵਿਘਨ)

ਸ੍ਰੀ ਸਪੀਕਰ : ਤੁਸੀਂ ਤਸ਼ਰੀਫ ਰਖੋ । (Please take your seat)

NOTICE OF RESOLUTION TO REMOVE THE SPEAKER

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਮੈਂ ਤੁਹਾਡੀ ਰਿਮੂਵਲ ਦਾ ਨੋਟਿਸ ਦਿਤਾ ਹੈ ਉਸ ਦਾ ਕੀ ਬਣਿਆ ਹੈ। ਇਸ ਦੇ ਬਾਰੇ ਰੂਲ (1) ਇਹ ਕਹਿੰਦਾ ਹੈ :—

> As soon as may be after the receipt of notice of a resolution to remove the Speaker or the Deputy Speaker from his office under Article 179(c) of the Constitution, the Speaker shall read the notice to the Assembly.... (*interruption*).

ਸ੍ਰੀ ਸਪੀਕਰ : ਜੋਸ਼ ਜੀ, ਉਸ ਬਾਰੇ ਡਾਂਗ ਸਾਹਿਬ ਨਾਲ ਗੱਲ ਹੋਈ ਸੀ। ਤੁਸੀਂ ਤਸ਼ਰੀਫ਼ ਰਖੋ। ਅਗਰ ਡਾਂਗ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ .... (ਵਿਘਨ) (Josh ji, I have talked to Mr. Dang in this respect. You may please take your seat. If Mr. Dang wants to say anything in this regard)....(*Interruptions*)

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼ : ਸਪੀਕਰ ਸਾਹਿਬ, ਅਸੀਂ ਸੋਚ ਕੇ ਮੋਸ਼ਨ ਦਿਤੀ ਸੀ। ਮੇਰੀ ਮੋਸ਼ਨ ਸੀ, ਮੈਂ ਕਿਉਂ ਬੈਠ ਜਾਵਾਂ ...... (ਵਿਘਨ)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਤੁਸੀਂ ਮੈਨੂੰ ਰਿਕੁਐਸਟ ਕੀਤੀ ਸੀ ਕਿ ਉਹ ਮੋਸ਼ਨ ਵਾਪਸ ਲੈ ਲਈ ਜਾਵੇ। ਮੈਂ ਤੁਹਾਨੂੰ ਬੇਨਤੀ ਕੀਤੀ ਸੀ ਕਿ ਉਹ ਸਾਡੇ ਗਰੁਪ ਦਾ ਫੈਸਲਾ ਸੀ ਅਤੇ ਆਪਣੇ ਗਰੁਪ ਨਾਲ ਡਿਸਕਸ਼ਨ ਕੀਤੇ ਬਗੈਰ ਮੈਨੂੰ ਕੋਈ ਅਖ਼ਤਿਆਰ ਨਹੀਂ ਕਿ ਮੈਂ ਉਹ ਵਾਪਸ ਲੈ ਲਵਾਂ।

ਸ੍ਰੀ ਸਪੀਕਰ : ਡਾਂਗ ਸਾਹਿਬ, ਅੱਜ ਉਸ ਬਾਰੇ ਆਪਣੇ ਸਾਥੀਆਂ ਨਾਲ ਡਿਸਕਸ਼ਨ ਕਰ ਲੈਣਾ ਅਤੇ ਕਲ੍ਹ ਨੂੰ ਦੱਸ ਦੇਣਾ। (Dang Sahib, you may please discuss this matter with your colleagues and please intimate to me about it tomorrow.)

ਕਾਮਰੇਡ ਸੱਤ ਪਾਲ ਡਾਂਗ : ਸਪੀਕਰ ਸਾਹਿਬ, ਇਹ ਜਹੜਾ ਤੁਸੀਂ ਰੋਜ਼ ਐਕਸਪੰਜ ਕਰ ਦਿੰਦੇ ਹੋ, ਰੂਲਜ਼ ਨਾਲ ਸਾਡੀ ਇਸ ਸਬੰਧ ਵਿਚ ਤਸੱਲੀ ਕਰਾ ਦਿਓ ...... ।

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਬਹੁਤ ਅੱਛਾ ਕੀਤਾ ਤੁਸੀਂ ਆਪਣੀ ਰੂਲਿੰਗ ਰਿਵਾਈਜ਼ ਕਰ ਦਿਤੀ। ਇਸ ਹਾਉਸ ਵਿਚ ਕਈ ਮੈਂਬਰ ਸਾਹਿਬਾਨ ਨੇ ਅਜਿਹੇ ਸ਼ਬਦ ਕਹੇ ਜਿਹੜੇ ਕਿ ਚੇਅਰ ਤੇ ਐਸਪਰਸ਼ਨ ਸਨ। ਤੁਸੀਂ ਐਗਜ਼ਾਮਿਨ ਕਰ ਲੈਣਾ ਅਤੇ ਜੇ ਕਰ ਕੋਈ ਐਸੇ ਸ਼ਬਦ ਹੋਣ ਤਾਂ ਐਕਸਪੰਜ ਕਰਵਾ ਦੇਣਾ।

ਸ੍ਰੀ ਸਪੀਕਰ : ਮੈਂ ਵੇਖ ਲਵਾਂਗਾ। (I will examine the record)

ਸਰਦਾਰ ਅਜਾਇਬ ਸਿੰਘ ਸੰਧੂ : ਐਸੀ ਕੋਈ ਗਲ ਨਹੀਂ ਹੋਈ। ਐਵੇਂ ਝੋਲੀ ਚੁਕਦੇ ਹਨ। (ਵਿਘਨ)

ਮਾਲ ਮੰਤਰੀ : ਚੇਅਰ ਦੀ ਰੈਸਪੈਕਟ ਕਰਨਾ, ਝੋਲੀ ਚੁਕਣਾ ਹੁੰਦਾ ਹੈ ? (ਵਿਘਨ)

Mr Speaker : Comrade Shamsher Singh Josh, M.L.A. has given notice of a privilege motion alleging that it has become a general practice with the Punjab Ministers not to acknowledge or send replies to communications from legislators when the urgency required as a matter of property.

[Mr. Speaker]

He has also quoted certain instances wherein communications sent by him to the Chief Minister were not acknowledged.

I am examining the matter and will give my ruling later on.

GENERAL DISCUSSION ON THE BUDGET (*Resumption*)

ਸਰਦਾਰ ਸੁਰਜੀਤ ਸਿੰਘ (ਬਰਨਾਲਾ) : ਸਪੀਕਰ ਸਾਹਿਬ, 1974-75 ਦਾ ਬਜਟ ਆਨਰੇਬਲ ਫਾਈਨਾਂਸ ਮਨਿਸਟਰ ਸਾਹਿਬ ਨੇ ਹਾਊਸ ਵਿਚ ਪੇਸ਼ ਕੀਤਾ ਹੈ ਉਸ ਨੂੰ ਧਿਆਨ ਨਾਲ ਪੜ੍ਹਨ ਤੋਂ ਕੋਈ ਵਿਸ਼ੇਸ਼ਤਾ ਨਜ਼ਰ ਨਹੀਂ ਆਉਂਦੀ। ਪੰਜਾਬ ਵਿਚ ਵਸਣ ਵਾਲੇ ਲੋਕਾਂ ਵਿਚੋਂ ਸੁਸਾਇਟੀ ਦੇ ਕਿਸੇ ਤਬਕੇ ਨੂੰ ਕੋਈ ਉਤਸ਼ਾਹ ਇਸ ਬਜਟ ਨਾਲ ਨਹੀਂ ਮਿਲਿਆ। ਇਕ ਸਾਧਾਰਣ ਜਿਹਾ ਬਜਟ ਹੈ ਜੋ ਰੁਟੀਨ ਵਿਚ ਮਹਿਕਮੇ ਵਲੋਂ ਆਮ ਬਣਾਇਆ ਜਾਂਦਾ ਹੈ। ਮਹਿਕਮੇ ਵਲੋਂ ਜ਼ਰਾ ਸੁਹਣੇ ਸ਼ਬਦਾਂ ਵਿਚ ਫਾਇਨਾਂਸ ਮਨਿਸਟਰ ਦੀ ਸਪੀਚ ਨੂੰ ਢਾਲ ਦਿਤਾ ਹੈ । ਸਪੀਚ ਪੜ੍ਹਨ ਤੋਂ ਜੇ ਕੋਈ ਪੰਜਾਬ ਦੇ ਹਾਲਾਤ ਤੋਂ ਜਾਣੂ ਨਾ ਹੋਵੇ ਸ਼ਾਇਦ ਉਸ ਨੂੰ ਇਸ ਤਰ੍ਹਾਂ ਜਾਪੇ ਕਿ ਪੰਜਾਬ ਤਾਂ ਬੜੀ ਤਰੱਕੀ ਕਰਦਾ ਜਾ ਰਿਹਾ ਹੈ ਅਤੇ ਤਰੱਕੀ ਦੀ ਮੰਜ਼ਲ ਵਲ ਵੱਧ ਰਿਹਾ ਹੈ ਲੇਕਿਨ ਪੰਜਾਬ ਦੇ ਹਾਲਾਤ ਜਾਣਨ ਵਾਲਾ ਇਸ ਸਪੀਚ ਤੋਂ ਨਿਰਾਸ਼ ਹੋ ਜਾਂਦਾ ਹੈ । ਬਜਟ ਬੜਾ ਸੰਜੀਦਗੀ ਨਾਲ ਤਿਆਰ ਕਰਨਾ ਹੁੰਦਾ ਹੈ ਕਿਉਂਕਿ ਇਸ ਵਿਚ ਅਗਲੇ ਸਾਲ ਜੋ ਕੁਝ ਸਰਕਾਰ ਨੇ ਕਰਨਾ ਹੁੰਦਾ ਹੈ ਉਸ ਦਾ ਜ਼ਿਕਰ ਕਰਨਾ ਹੈ । ਉਥੇ ਅੱਛਾ ਹੋਵੇ ਜੇ ਕਰ ਸਰਕਾਰ ਦੀ ਥੋੜ੍ਹੀ ਬਹੁਤੀ ਨਾਕਾਮਯਾਬੀ ਦਾ ਜ਼ਿਕਰ ਕਰ ਕੇ, ਲੋਕਾਂ ਦੀਆਂ ਔਖਿਆਈਆਂ ਦਾ ਜ਼ਿਕਰ ਕਰਕੇ ਦਸਿਆ ਜਾਵੇ ਕਿ ਕਿਸ ਤਰ੍ਹਾਂ ਇਨ੍ਹਾਂ ਨੂੰ ਅਬੂਰ ਕਰਨਾ ਹੈ ਅਤੇ ਮੁਸ਼ਕਿਲਾਂ ਨੂੰ ਕਿਸ ਤਰ੍ਹਾਂ ਹਲ ਕਰਨਾ ਹੈ, ਲੇਕਿਨ ਐਸੀ ਕੋਈ ਕੋਸ਼ਿਸ਼ ਇਸ ਵਿਚ ਨਹੀਂ ਕੀਤੀ ਗਈ। ਉਦਮ ਇਹ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਬਜਟ ਸਪੀਚ ਬਣਾ ਕੇ ਕੋਸ਼ਿਸ਼ ਇਹ ਕੀਤੀ ਗਈ ਹੈ ਕਿ ਆਪਣੇ ਕਾਰਨਰਜ਼ ਤੋਂ ਵਾਹ ਵਾਹ ਹੋ ਜਾਵੇ। ਇਸ ਤਰ੍ਹਾਂ ਦੇ ਬਜਟ ਦੀ ਗੌਰਮੈਂਟ ਦੀ ਆਪਣੀ ਪਾਰਟੀ ਦੇ ਐਮ. ਐਲ. ਏਜ਼ ਤਾਰੀਫ ਕਰ ਦਿੰਦੇ ਹਨ ਅਤੇ ਕੋਈ ਕਹਿੰਦਾ ਹੈ ਕਿ ਇਹ ਬਜਟ ਰੈਡੀਕਲ ਹੈ, ਕੋਈ ਕਹਿੰਦਾ ਹੈ ਕਿ ਪ੍ਰੋਗ੍ਰੈਸਿਵ ਹੈ ਅਤੇ ਕੋਈ ਇਸ ਨੂੰ ਪੀਪਲਜ਼ ਬਜਟ ਕਹਿ ਦਿੰਦਾ ਹੈ । ਮੈਂ ਤਾਂ ਸਾਰੇ ਪੱਖੋਂ ਇਸ ਨੂੰ ਘੋਖਿਆ ਹੈ ਅਤੇ ਇਸ ਵਿਚ ਕੋਈ ਐਸੀ ਵਿਸ਼ੇਸ਼ਤਾ ਨਹੀਂ । ਨਾ ਇਹ ਪ੍ਰੋਗ੍ਰੈਸਿਵ ਹੈ, ਨਾ ਇਹ ਰੈਡੀਕਲ ਹੈ ਅਤੇ ਨਾ ਹੀ ਇਹ ਕਿਸੇ ਕਿਸਮ ਦਾ ਪੀਪਲਜ਼ ਬਜਟ ਹੈ। ਇਸ ਤੇ ਪੰਜਾਬ ਦੇ ਤਕਰੀਬਨ ਸਾਰੇ ਪਾਸਿਉਂ ਰਾਵਾਂ ਆਈਆਂ ਹਨ।

ਸ੍ਰੀ ਸਪੀਕਰ : ਸੁਰਜੀਤ ਸਿੰਘ ਜੀ, ਕਿੰਨਾਂ ਸਮਾਂ ਲਵੋਗੇ ? (Sardar Surjit Singh ji, how much time will you take?)

ਸਰਦਾਰ ਸੁਰਜੀਤ ਸਿੰਘ : ਸਪੀਕਰ ਸਾਹਿਬ , ਸ਼ੁਰੂ ਕਰਨ ਵੇਲੇ ਹੀ ਤੁਸੀਂ ਇਹ ਕੁਐਸਚਨ ਕਰ ਦਿਤਾ। ਜਿੰਨਾਂ ਤੁਸੀਂ ਦਿਉਗੇ ......

ਸ੍ਰੀ ਸਪੀਕਰ : ਤੁਸੀਂ ਜਿੰਨਾਂ ਲੈਣਾ ਹੈ ਉਹ ਦੱਸ ਦਿਓ ? (You may please let me know the time you would like to take)

ਸਰਦਾਰ ਸੁਰਜੀਤ ਸਿੰਘ : ਮੈਂ ਇਕ ਘੰਟਾ ਲਵਾਂਗਾ।

ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਪਿਛਲੇ ਸਾਲ ਵੀ ਇਨ੍ਹਾਂ ਨੇ ਘਾਟੇ ਦਾ ਬਜਟ ਪੇਸ਼ ਕੀਤਾ ਸੀ। ਇਸ ਵਾਰੀ ਫਿਰ 38.39 ਕਰੋੜ ਰੁਪਏ ਦੇ ਘਾਟੇ ਦਾ ਬਜਟ ਇਨ੍ਹਾਂ ਨੇ ਪੇਸ਼ ਕੀਤਾ

ਹੈ। ਘਾਟੇ ਦਾ ਬਜਟ ਕੋਈ ਚੰਗਾ ਬਜਟ ਨਹੀਂ ਸਮਝਿਆ ਜਾਂਦਾ ਪਰ ਇਸ ਦਾ ਹੁਣ ਰਿਵਾਜ ਚਲ ਰਿਹਾ ਹੈ। ਸੈਂਟਰ ਵਿਚ ਵੀ ਘਾਟੇ ਦਾ ਬਜਟ ਪੇਸ਼ ਕੀਤਾ ਜਾਂਦਾ ਹੈ। ਇਹ ਵੀ ਉਨ੍ਹਾਂ ਦੀ ਨਕਲ ਮਾਰ ਮਾਰ ਕੇ ਘਾਟੇ ਦਾ ਬਜਟ ਪੇਸ਼ ਕਰਦੇ ਹਨ। ਇਨ੍ਹਾਂ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਇਸ ਘਾਟੇ ਦੇ ਬਜਟ ਨੂੰ ਅਸੀਂ ਇਸ ਤਰ੍ਹਾਂ ਪੂਰਾ ਕਰਾਂਗੇ। ਲੇਕਿਨ ਬਹੁਤ ਸਾਰੀਆਂ ਗੱਲਾਂ ਐਸੀਆਂ ਹਨ ਜਿਹੜੀਆਂ ਬੜੀ ਹੁਸ਼ਿਆਰੀ ਨਾਲ ਇਨ੍ਹਾਂ ਨੇ ਬੱਜਟ ਸਪੀਚ ਵਿਚੋਂ ਲੁਕਾ ਲਿਤੀਆਂ ਹਨ। ਇਸ ਵੇਲੇ ਜੋ ਇਨ੍ਹਾਂ ਨੇ ਖੱਪਾ ਦਸਿਆ ਹੈ ਉਹ 38.39 ਕਰੋੜ ਰੁਪਏ ਦਾ ਹੈ। ਇਸ ਵਿਚੋਂ 17 ਕਰੋੜ ਰੁਪਏ ਦਾ ਘਾਟਾ ਪੂਰਾ ਕਰਨ ਦੇ ਅੰਕੜੇ ਇਨ੍ਹਾਂ ਨੇ ਦਿੱਤੇ ਹਨ। ਭਾਵੇਂ ਕਿਹਾ ਗਿਆ ਹੈ ਕਿ ਕੋਈ ਟੈਕਸ ਨਹੀਂ ਲਾਇਆ ਲੇਕਿਨ ਇਸ ਵੇਲੇ ਪੰਜਾਬ ਦੀ ਜੰਤਾ ਦੀ ਹਾਲਤ ਇਸ ਤਰ੍ਹਾਂ ਦੀ ਹੈ ਕਿ ਜੇ ਥੋੜ੍ਹੀ ਬਹੁਤੀ ਖਬਰ ਉਨ੍ਹਾਂ ਦੇ ਕੰਨਾਂ ਤਕ ਪਹੁੰਚ ਜਾਂਦੀ ਤਾਂ ਲੋਕਾਂ ਨੇ ਚੀਕ ਪੁਕਾਰ ਕਰਨੀ ਸੀ ਅਤੇ ਇਸ ਚੀਜ਼ ਨੂੰ ਅਵਾਇਡ ਕਰਨ ਲਈ ਇਨ੍ਹਾਂ ਨੇ ਟੈਕਸਾਂ ਦਾ ਵੇਰਵਾ ਨਹੀਂ ਦਿੱਤਾ। ਇਨ੍ਹਾਂ ਨੇ ਇਸ ਨੂੰ ਕਮੋਫਲੈਜ਼ ਕਰਕੇ ਇੱਕ ਅੱਠ ਕਰੋੜ ਰੁਪਏ ਦਾ ਟੈਕਸ ਲਾਇਆ ਹੈ :

50 per cent increase on the existing rates of market fee on foodgrains and recovery of two third of total receipts of market fee for rural roads and bridges.

ਇਨ੍ਹਾਂ ਨੇ ਇਹ ਕਿਹਾ ਹੈ ਕਿ ਇਹ ਟੈਕਸ ਬਾਹਰਲੇ ਸੂਬਿਆਂ ਦੇ ਲੋਕਾਂ ਤੇ ਲਗੇਗਾ। ਸਾਡੇ ਸੂਬੇ ਵਿਚ ਜੋ ਗਰੀਬ ਲੋਕ ਹਨ ਜਾਂ ਛੋਟੇ ਮੁਲਾਜ਼ਮ ਹਨ, ਜਿਹੜੇ ਆਪ ਅਨਾਜ ਪੈਦਾ ਨਹੀਂ ਕਰਦੇ ਅਤੇ ਅਨਾਜ ਨੂੰ ਸਟੋਰ ਕਰਨ ਦੀ ਜਿਨ੍ਹਾਂ ਕੋਲ ਹਿੰਮਤ ਨਹੀਂ, ਉਨ੍ਹਾਂ ਤੇ ਵੀ ਇਹ ਟੈਕਸ ਲੱਗਣਾ ਹੈ ਕਿਉਂਕਿ ਜਿਸ ਵੇਲੇ ਉਨ੍ਹਾਂ ਨੇ ਅਨਾਜ ਖਰੀਦਣਾ ਹੈ ਤਾਂ ਉਸ ਵੇਲੇ ਮਾਰਕਿਟ ਫੀਸ ਦਾ ਵਾਧੂ ਭਾਰ ਉਨ੍ਹਾਂ ਤੇ ਹੀ ਪੈਣਾ ਹੈ। ਇਸ ਲਈ ਜਿਥੇ ਇਸ ਟੈਕਸ ਦਾ ਭਾਰ ਬਾਹਰਲੇ ਸੂਬਿਆਂ ਦੇ ਲੋਕਾਂ ਤੇ ਪੈਣਾ ਹੈ ਉਥੇ ਇਥੋਂ ਦੀ ਗਰੀਬ ਜੰਤਾ ਤੇ ਵੀ ਇਹ ਲੱਗਣਾ ਹੈ।

ਸਪੀਕਰ ਸਾਹਿਬ, ਇਥੇ ਹੀ ਬੱਸ ਨਹੀਂ, ਫਾਈਨਾਂਸ ਸੈਕਟਰੀ ਦਾ ਜਿਹੜਾ ਐਕਸਪਲੇਨੇਟਰੀ ਮੈਮੋਰੰਡਮ ਇਸ ਦੇ ਨਾਲ ਅਟੈਚ ਕੀਤਾ ਜਾਂਦਾ ਹੈ ਅਤੇ ਇਸ ਦਾ ਹੀ ਹਿੱਸਾ ਸਮਝਿਆ ਜਾਂਦਾ ਹੈ, ਉਸ ਦੇ ਪੇਜ 27 ਉਤੇ ਇਨ੍ਹਾਂ ਨੇ ਦਸਿਆ ਹੈ :

"When the Fifth Plan outlay of the State Government was discussed with the Planning Commission, the total resources were worked out at Rs. 624.75 crores. This figure was based on the assumption that the State Government would raise additional resources to the tune of Rs 175 crores during the Fifth Plan period. The Government of India/Planning Commission have advised the State Governments, including the Punjab Government to revise Electricity Tarrif and also raise additional resources from the agricultural sector by implementing the Raj Committee Report amongst other measures. The consensus is that the consumers and the community must pay for the services which are made available by the Government. It is imperative that effective measures are taken to raise additional resources as the Planning Commission while reviewing the State's resources position have suggested raising of atleast Rs. 15 crores during 1974-75. It has to be recognised that in order to achieve the Fifth Plan Outlay of Rs. 801 crores, the State Government will have to make a start in the direction of raising additional resources during the very first year of the Plan, i.e. 1974-75 so that income may grow to the requisite level during the Fifth Plan period."

ਸੋ, ਸਪੀਕਰ ਸਾਹਿਬ, ਇਸ ਤੋਂ ਇਲਾਵਾ 15 ਕਰੋੜ ਰੁਪਏ ਦਾ ਆਦੇਸ਼ ਇਨ੍ਹਾਂ ਨੂੰ ਮਿਲ ਚੁੱਕਾ ਹੈ ਸੈਂਟਰ ਪਾਸੋਂ ਕਿ ਤੁਸੀਂ 15 ਕਰੋੜ ਰੁਪਏ ਪੰਜਾਬੀਆਂ ਪਾਸੋਂ ਹੋਰ ਵਸੂਲ ਕਰਨੇ ਹਨ। ਇਸ ਦਾ ਜ਼ਿਕਰ ਬਜਟ ਸਪੀਚ ਵਿਚ ਨਹੀਂ ਕੀਤਾ ਕਿਉਂਕਿ ਜੇ ਇਸ ਦਾ ਜ਼ਿਕਰ ਕਰ ਦਿੰਦੇ ਤਾਂ ਇਹ ਘਾਟਾ 38.39 ਕਰੋੜ ਰੁਪਏ ਜਮ੍ਹਾਂ 15 ਕਰੋੜ ਹੋਰ ਵੱਧ ਜਾਣਾ ਸੀ ਅਤੇ ਇਸ ਤਰ੍ਹਾਂ 52-53 ਕਰੋੜ ਰੁਪਏ ਦਾ ਖੱਪਾ ਬਣਨਾ ਸੀ। ਇਸ ਕਰਕੇ ਇਹ ਅਵਾਇਡ ਕਰ ਦਿੱਤਾ ਗਿਆ ਹੈ। 15 ਕਰੋੜ ਰੁਪਏ ਦੇ ਟੈਕਸਿਜ਼ ਇਨ੍ਹਾਂ ਨੇ, ਸਪੀਕਰ ਸਾਹਿਬ, ਹੋਰ ਲਾ ਦੇਣੇ ਹਨ। ਸ਼ਾਇਦ ਇਨ੍ਹਾਂ ਟੈਕਸਾਂ ਦਾ ਵੇਰਵਾ ਹਾਊਸ ਵਿਚ ਨਾ

[ਸਰਦਾਰ ਸੁਰਜੀਤ ਸਿੰਘ]

ਦਿੱਤਾ ਜਾਵੇ ਜਿਸ ਤਰ੍ਹਾਂ ਅਕਸਰ ਹੁੰਦਾ ਹੈ। ਬੈਕ ਡੋਰ ਅਤੇ ਚੋਰ ਮੋਰੀ ਰਾਹੀਂ ਟੈਕਸਿਜ਼ ਇਨ੍ਹਾਂ ਨੇ ਲਾਉਣੇ ਹਨ, ਆਰਡੀਨੈਂਸ ਬਣਾ ਕੇ ਸਬਸੀਕੁਐਂਟਲੀ ਟੈਕਸ ਲਾ ਦਿੱਤੇ ਜਾਣਗੇ। ਮੈਂ ਸਮਝਦਾ ਹਾਂ ਕਿ ਇਨ੍ਹਾਂ ਨੂੰ ਬੋਲਡਲੀ ਇਹ ਚੀਜ਼ ਫੇਸ ਕਰਨੀ ਚਾਹੀਦੀ ਸੀ ਅਤੇ ਕਹਿਣਾ ਚਾਹੀਦਾ ਸੀ ਕਿ 15 ਕਰੋੜ ਰੁਪਏ ਦੇ ਹੋਰ ਟੈਕਸ ਅਸੀਂ ਲਾਉਣੇ ਹਨ ਕਿਉਂਕਿ ਸਾਨੂੰ ਉਪਰੋਂ, ਸੈਂਟਰ ਤੋਂ ਜਾਂ ਪਲਾਨਿੰਗ ਕਮਿਸ਼ਨ ਵਲੋਂ ਇਹ ਆਦੇਸ਼ ਮਿਲਿਆ ਹੈ ਕਿ 15 ਕਰੋੜ ਰੁਪਏ ਹੋਰ ਟੈਕਸਾਂ ਰਾਹੀਂ ਪੈਸੇ ਵਸੂਲ ਕਰਕੇ ਟੀਚੇ ਪੂਰੇ ਕਰਨੇ ਹਨ। ਇਨ੍ਹਾਂ ਨੂੰ ਦੱਸਣਾ ਚਾਹੀਦਾ ਸੀ ਕਿ ਫਲਾਣੀ ਫਲਾਣੀ ਆਈਟਮ ਤੇ ਅਸੀਂ ਟੈਕਸ ਲਾਉਣੇ ਹਨ ਤਾਂ ਕਿ ਬਜਟ ਸੈਸ਼ਨ ਸਮੇਂ ਉਨ੍ਹਾਂ ਤੇ ਡਿਸਕਸ਼ਨ ਹੋ ਸਕਦੀ। ਫਿਰ, ਸਪੀਕਰ ਸਾਹਿਬ, ਇਹ ਵੀ ਜ਼ਿਕਰ ਆਇਆ ਹੈ ਕਿ ਇਲੈਕਟ੍ਰੀਸਿਟੀ ਟੈਰਿਫ ਵੀ ਇਨ੍ਹਾਂ ਨੇ ਵਧਾਉਣਾ ਹੈ। ਰਾਜ ਕਮੇਟੀ ਦੀ ਰਿਪੋਰਟ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਇਨ੍ਹਾਂ ਨੇ ਟੈਕਸ ਲਾਉਣੇ ਹਨ। ਮੈਂ, ਸਪੀਕਰ ਸਾਹਿਬ, ਇਸ ਪੰਜਾਬ ਸਰਕਾਰ ਨੂੰ ਤੁਹਾਡੇ ਰਾਹੀਂ ਬੇਨਤੀ ਕਰਨੀ ਹੈ ਕਿ ਇਸ ਸਰਕਾਰ ਨੇ ਪਹਿਲਾਂ ਹੀ ਇਲੈਕਟ੍ਰੀਸਿਟੀ ਟੈਰਿਫ ਕਾਫੀ ਲਾਇਆ ਹੋਇਆ ਹੈ ਇਲੈਕਟ੍ਰੀਸਿਟੀ ਦੀ ਕੰਜ਼ਪਸ਼ਨ ਵੱਧਦੀ ਜਾਂਦੀ ਹੈ ਪਰ ਇਲੈਕਟ੍ਰੀਸਿਟੀ ਦੀ ਸਪਲਾਈ ਦਿਨ ਬਦਿਨ ਘੱਟਦੀ ਚਲੀ ਜਾ ਰਹੀ ਹੈ। ਇਸ ਲਈ ਇਸ ਵਕਤ ਸਟੇਟ ਵਿਚ ਟੈਰਿਫ ਵਧਾਉਣ ਨਾਲ ਪਰੋਡਕਸ਼ਨ ਤੇ ਬੜਾ ਬੁਰਾ ਅਸਰ ਪਏਗਾ। ਇਸ ਵੇਲੇ ਪੰਜਾਬ ਵਿਚ ਕਿਸਾਨਾਂ ਨੂੰ ਡੀਜ਼ਲ ਬਿਲਕੁਲ ਨਹੀਂ ਮਿਲਦਾ। ਜੇ ਕਿਸਾਨ ਬਿਜਲੀ ਲੈਣ ਜਾਂਦਾ ਹੈ ਤਾਂ ਬਿਜਲੀ ਤੇ ਟੈਰਿਫ ਵੱਧ ਲਿਆ ਜਾਂਦਾ ਹੈ ਅਤੇ ਬਿਜਲੀ ਦੀ ਸਪਲਾਈ ਵੈਸੇ ਵੀ ਘੱਟ ਹੈ। ਜਿਤਨੀ ਕਿਸਾਨ ਨੂੰ ਲੋੜ ਹੈ ਉਤਨੀ ਮਿਲਦੀ ਨਹੀਂ ਇਸ ਕਾਰਨ ਕਿਸਾਨ ਦਾ ਬੜਾ ਨੁਕਸਾਨ ਹੁੰਦਾ ਹੈ। ਰਾਜ ਕਮੇਟੀ ਦੀ ਰਿਪੋਰਟ ਨੂੰ ਬੜੇ ਧਿਆਨ ਨਾਲ ਮੈਂ ਪੜ੍ਹਿਆ ਹੈ। ਇਸ ਨੂੰ ਇੰਪਲੀਮੈਂਟ ਕਰਨ ਨਾਲ ਪ੍ਰੋਡਕਸ਼ਨ ਤੇ ਬੜਾ ਬੁਰਾ ਅਸਰ ਪਏਗਾ। ਹੁਣ ਹੋਲਡਿੰਗਜ਼ ਲੈਂਡ ਰਿਫਾਰਮਜ਼ ਐਕਟ ਦੀ ਇੰਪੋਜ਼ੀਸ਼ਨ ਦੇ ਬਾਅਦ ਪੰਜਾਬ ਵਿਚ 17 ਏਕੜ ਦੀਆਂ ਹੋ ਗਈਆਂ ਹਨ। 17 ਏਕੜ ਵਾਲਾ ਕਿਸਾਨ ਅੱਜ ਬੜੀ ਮੁਸ਼ਕਲ ਨਾਲ ਆਪਣੇ ਬੱਚਿਆਂ ਦਾ ਪੇਟ ਪਾਲਦਾ ਹੈ। ਇਹ ਦਿੱਲੀ ਵਿਚ ਬੈਠੇ ਅਤੇ ਪਲਾਨਿੰਗ ਕਮਿਸ਼ਨ ਵਿਚ ਕੰਮ ਕਰਨ ਵਾਲਿਆਂ ਨੂੰ ਤਾਂ ਕੋਈ ਪੱਤਾ ਨਹੀਂ ਕਿ ਹੋਰ ਟੈਕਸ ਲਾਉਣ ਨਾਲ ਜੰਤਾ ਤੇ ਕੀ ਅਸਰ ਪਏਗਾ ਪਰ ਮੈਂ ਸਮਝਦਾ ਹਾਂ ਕਿ ਪੰਜਾਬ ਸਰਕਾਰ ਜੰਤਾ ਦੇ ਹਿੱਤਾਂ ਨੂੰ ਸਾਹਮਣੇ ਰੱਖਦੀ ਹੋਈ ਇਸ ਤੇ ਦੀਰਘ ਵਿਚਾਰ ਕਰੇਗੀ। ਇਸ ਤਰ੍ਹਾਂ ਕਰਨ ਨਾਲ ਕਿਸਾਨ ਤੇ ਹੋਰ ਜ਼ਿਆਦਾ ਬੋਝ ਪਏਗਾ ਅਤੇ ਇਸ ਤਰ੍ਹਾਂ ਨਾਲ ਉਸ ਦੇ ਇਨਸੈਂਟਿਵ ਨੂੰ ਅਤੇ ਅਨਾਜ ਵੱਧ ਪੈਦਾ ਕਰਨ ਦੀ ਕੋਸ਼ਿਸ਼ ਨੂੰ ਖਤਮ ਕਰ ਦੇਵੇਗਾ। ਸਪੀਕਰ ਸਾਹਿਬ, ਬਹੁਤ ਸਾਰੀਆਂ ਵੱਖਰੀਆਂ ਵੱਖਰੀਆਂ ਆਈਟਮਜ਼ ਹਨ ਉਨ੍ਹਾਂ ਦਾ ਜ਼ਿਕਰ ਕਰਦਿਆਂ ਹੋਇਆਂ ਮੈਂ ਬੇਨਤੀ ਕਰਾਂਗਾ ਕਿ ਸਾਡੀ ਐਗਰੀਕਲਚਰਲ ਸਟੇਟ ਹੈ। ਇਹ ਦੇਸ਼ ਨੂੰ ਅੰਨ ਪੈਦਾ ਕਰਕੇ ਦੇਣ ਵਾਲੀ ਸਟੇਟ ਹੈ। ਸਾਰੇ ਸੂਬੇ ਦੀ ਇਕਾਨਮੀ ਐਗਰੀਕਲਚਰ ਤੇ ਨਿਰਭਰ ਕਰਦੀ ਹੈ। ਇਸ ਲਈ ਇਹ ਬਹੁਤ ਜ਼ਰੂਰੀ ਸੀ ਕਿ ਇਸ ਦੇ ਬਹੁਤ ਸਾਰੇ ਬਹੁ-ਪੱਖੀ ਮਸਲਿਆਂ ਤੇ ਵਿਚਾਰ ਕੀਤਾ ਜਾਂਦਾ ਅਤੇ ਇਸ ਬਜਟ ਸਪੀਚ ਦੇ ਅੰਦਰ ਇਸ ਬਾਰੇ ਰੋਸ਼ਨੀ ਪਾਈ ਜਾਂਦੀ ਕਿ ਅਸੀਂ ਕੀ ਕੀ ਕਰਨਾ ਚਾਹੁੰਦੇ ਹਾਂ। ਲੇਕਿਨ ਜਿਥੋਂ ਤਕ ਐਗਰੀ-ਕਲਚਰ ਦਾ ਸਬੰਧ ਹੈ, ਇਸ ਦੇ ਵਿਚ ਕੁੱਝ ਅੰਕੜੇ ਦੇਕੇ ਇਹ ਕਿਹਾ ਗਿਆ ਹੈ ਕਿ 3 ਲੱਖ ਟਨ ਪੈਦਾਵਾਰ ਅਸੀਂ ਵਧਾਉਣੀ ਹੈ ਜਿਹੜੀ ਮੈਂ ਸਮਝਦਾ ਹਾਂ ਕਿ ਪਿਛਲੇ ਅੰਕੜਿਆਂ ਦੇ ਹਿਸਾਬ ਨਾਲ ਬਹੁਤ ਘੱਟ ਹੈ। ਇਸ ਵਾਰੀ ਮਹਿਜ਼ ਤਿੰਨ ਲੱਖ ਟਨ ਪੈਦਾਵਾਰ ਵਧਾਉਣ ਦਾ ਟੀਚਾ ਜਿਹੜਾ ਇਨ੍ਹਾਂ ਨੇ ਮਿਥਿਆ ਹੈ ਇਹ ਬਹੁਤ ਘੱਟ ਹੈ। ਬਹੁਤ ਸਾਰੇ ਪੱਖਾਂ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ।

ਸਪੀਕਰ ਸਾਹਿਬ, ਇੱਕ ਪੂਰਾ ਪੈਰ੍ਹਾ ਇਨ੍ਹਾਂ ਨੇ ਕੱਲਰ ਦੂਰ ਕਰਨ ਦੀ ਸਕੀਮ ਬਾਰੇ ਲਿਆ ਹੈ। ਸਪੀਕਰ ਸਾਹਿਬ, ਤੁਸੀਂ ਜੇ ਕਦੇ ਸੰਗਰੂਰ ਗਏ ਹੋ ਤਾਂ ਤੁਸੀਂ ਦੇਖਿਆ ਹੋਣਾ ਹੈ ਕਿ ਹਜ਼ਾਰਾਂ ਏਕੜ

ਜ਼ਮੀਨ ਸੜਕ ਦੇ ਦੋਨੋਂ ਪਾਸੇ ਕੱਲਰ ਵਾਲੀ ਪਈ ਹੈ । ਇਸ ਦੇ ਵਿਚੋਂ ਦੋ ਏਕੜ ਜ਼ਮੀਨ ਜਿਹੜੀ ਕਿ ਬਾਕੀ ਨਾਲੋਂ ਬਹੁਤ ਚੰਗੀ ਸੀ, ਸਕੀਮ ਵਾਲਿਆਂ ਨੇ ਛਾਂਟੀ ਸੀ। ਇਸ ਤੇ ਬਹੁਤ ਵੱਡਾ ਅਤੇ ਵਿਸ਼ਾਲ ਇਕੱਠ ਕੀਤਾ ਗਿਆ ਅਤੇ ਜਿਸ ਵਿਚ ਚੀਫ਼ ਮਨਿਸਟਰ ਸਾਹਿਬ ਅਤੇ ਹੋਰ ਮਨਿਸਟਰਾਂ ਨੂੰ ਵੀ ਬੁਲਾਇਆ ਗਿਆ। ਉਨ੍ਹਾਂ ਨੇ ਨਜ਼ਾਰਾ ਬੰਨ੍ਹਣ ਦੀ ਕੋਸ਼ਿਸ਼ ਕੀਤੀ । ਇਸ ਦੋ ਏਕੜ ਜ਼ਮੀਨ ਨੂੰ ਰਿਕਲੇਮ ਕਰਨ ਲਈ ਇਨ੍ਹਾਂ ਨੇ ਉਸ ਜ਼ਮੀਨ ਦੀ ਕੀਮਤ ਤੋਂ ਵੀ ਵੱਧ ਖਰਚ ਕਰ ਦਿੱਤਾ ਅਤੇ ਇਸ ਸਬੰਧ ਵਿਚ ਬਜਟ ਸਪੀਚ ਵਿਚ ਇੱਕ ਪੂਰਾ ਪੈਰ੍ਹਾ ਦਿੱਤਾ ਗਿਆ। ਪਰ ਇਸ ਤੋਂ ਇਲਾਵਾ ਜਿਹੜੇ ਬਹੁਤ ਅਹਿਮ ਮਸਲੇ ਸਨ ਉਨ੍ਹਾਂ ਦਾ ਕੋਈ ਜ਼ਿਕਰ ਹੀ ਨਹੀਂ ਕੀਤਾ। ਡੀਜ਼ਲ ਦਾ ਮਸਲਾ ਇਸ ਵੇਲੇ ਪੰਜਾਬ ਦਾ ਸਭ ਤੋਂ ਵੱਡਾ ਮਸਲਾ ਹੈ। ਸਪੀਕਰ ਸਾਹਿਬ, ਤੁਹਾਨੂੰ ਤਾਂ ਇਥੇ ਰਹਿਣ ਕਰਕੇ ਸਮਾਂ ਘੱਟ ਮਿਲਦਾ ਹੈ। ਇਨ੍ਹਾਂ ਨੂੰ ਵੀ ਸਮਾਂ ਘੱਟ ਮਿਲਦਾ ਹੈ ਕਿਉਂਕਿ ਸੜਕਾਂ ਤੇ ਕਿਸਾਨਾਂ ਦੀਆਂ ਕਤਾਰਾਂ ਖੜ੍ਹੀਆਂ ਹੁੰਦੀਆਂ ਹਨ ਅਤੇ ਇਹ ਉਨ੍ਹਾਂ ਤੋਂ ਡਰਦੇ ਹਨ। ਕਿਸਾਨ ਕਹਿੰਦੇ ਹਨ ਕਿ ਕੋਈ ਖੱਦਰਧਾਰੀ ਸੜਕ ਤੇ ਲੰਘੇ ਤਾਂ ਸਹੀ। ਉਨ੍ਹਾਂ ਨੂੰ, ਸਪੀਕਰ ਸਾਹਿਬ ਦੁਖ ਇਹ ਹੈ ਕਿ ਉਹ ਸਾਰਾ ਦਿਨ ਖੜ੍ਹੇ ਰਹਿੰਦੇ ਹਨ ਅਤੇ ਉਨ੍ਹਾਂ ਦੇ ਹੱਥਾਂ ਵਿਚ ਢੋਲੀਆਂ ਹੁੰਦੀਆਂ ਹਨ। ਇੱਕ ਨਜ਼ਾਰਾ ਦੇਖਣ ਵਾਲਾ ਹੁੰਦਾ ਹੈ। ਪੰਜਾਬੀ ਕਿਸਾਨ ਮਿਹਨਤਕਸ਼ ਹੈ। ਉਹ ਕਿਸੇ ਵੇਲੇ ਵੀ ਵੇਹਲਾ ਨਹੀਂ ਬੈਠਦਾ ਜਿਸ ਤਰ੍ਹਾਂ ਕਿ ਬਾਕੀ ਸੂਬਿਆਂ ਵਿਚ ਵਸਣ ਵਾਲੇ ਲੋਕੀਂ ਬੈਠੇ ਰਹਿੰਦੇ ਹਨ। ਅੱਜ ਪੰਜਾਬ ਦੇ ਕਿਸਾਨ ਦੇ ਮੀਲੀਅਨਜ਼ ਆਫ ਵਰਕਿੰਗ ਆਵਰ ਵੇਸਟ ਹੋ ਰਹੇ ਹਨ। ਸਪੀਕਰ ਸਾਹਿਬ, ਡੀਜ਼ਲ ਦਾ ਮਸਲਾ ਬੜਾ ਅਹਿਮ ਮਸਲਾ ਹੈ। ਚੀਫ਼ ਮਨਿਸਟਰ ਸਾਹਿਬ ਨੇ ਆਪਣੀ ਸਪੀਚ ਵਿਚ ਦੱਸਿਆ ਸੀ ਕਿ 4 ਕਰੋੜ ਕਿਲੋ ਲਿਟਰ ਡੀਜ਼ਲ ਚੱਲ ਪਿਆ ਹੈ । ਇਹ ਸੁਣ ਕੇ ਪੰਜਾਬ ਦੇ ਲੋਕਾਂ ਨੂੰ ਬਹੁਤ ਖੁਸ਼ੀ ਹੋਈ ਕਿਉਂਕਿ ਇਸ ਨਾਲ ਪੰਜਾਬ ਵਿਚ ਡੀਜ਼ਲ ਦਾ ਮਸਲਾ ਹੱਲ ਹੋ ਜਾਣਾ ਸੀ। ਪਰ ਪਤਾ ਨਹੀਂ ਉਹ ਡੀਜ਼ਲ ਕਦੋਂ ਆਏਗਾ। 4 ਕਰੋੜ ਲਿਟਰ ਡੀਜ਼ਲ ਤਾਂ ਬਹੁਤ ਹੁੰਦਾ ਹੈ ਇਸ ਨਾਲ ਤਾਂ ਕਾਫੀ ਸਮਾਂ ਗੁਜ਼ਰ ਸਕਦਾ ਸੀ। ਜੇ ਚੀਫ਼ ਮਨਿਸਟਰ ਸਾਹਿਬ ਦੀ ਇਹ ਗੱਲ ਠੀਕ ਹੈ ਤਾਂ ਪੰਜਾਬ ਵਿਚ ਡੀਜ਼ਲ ਦੀ ਮੁਸ਼ਕਲ ਜਿਹੜੀ ਆਈ ਹੋਈ ਹੈ ਠੀਕ ਹੋ ਸਕਦੀ ਹੈ। ਜੇ ਇਹ ਗੱਲ ਠੀਕ ਨਾ ਹੋਈ ਤਾਂ ਪੰਜਾਬ ਦੀ ਹਾਲਤ ਖਰਾਬ ਹੋ ਜਾਵੇਗੀ ; ਜਿਸ ਤਰ੍ਹਾਂ ਕਿ ਪਿੱਛੇ ਜਗਰਾਓਂ ਵਿਚ ਹੋਇਆ ਹੈ। ਡੀਜ਼ਲ ਲੈਣ ਵਾਸਤੇ ਉਥੇ ਲੜਾਈ ਹੋ ਗਈ ਜਿਸ ਵਿਚ ਕਈ ਬੰਦੇ ਮਾਰੇ ਗਏ ਅਤੇ ਕਈ ਜੇਲ੍ਹਾਂ ਵਿਚ ਭੇਜੇ ਗਏ। ਇਸ ਤਰ੍ਹਾਂ, ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਬਜਟ ਸਪੀਚ ਵਿਚ ਡੀਜ਼ਲ ਦੀ ਕਮੀ ਨੂੰ ਦੂਰ ਕਰਨ ਵਾਸਤੇ ਕੋਈ ਵਿਚਾਰ ਨਹੀਂ ਕੀਤਾ ਗਿਆ ਅਤੇ ਇਹ ਕਹਿ ਦਿੱਤਾ ਗਿਆ ਕਿ ਆਇਲ ਕਰਾਈਸਿਜ਼ ਕਰ ਕੇ ਇਹ ਔਕੜ ਆ ਰਹੀ ਹੈ । ਸਪੀਕਰ ਸਾਹਿਬ, ਮੈਂ ਕਹਿੰਦਾ ਹਾਂ ਕਿ ਆਇਲ ਕਰਾਈਸਿਜ਼ ਤਾਂ ਹੁਣ ਆਈ ਹੈ ਪਰ ਡੀਜ਼ਲ ਕਰਾਈਸਿਜ਼ ਤਾਂ ਪਿਛਲੇ ਸਾਲ ਵੀ ਆਈ ਸੀ ਜਦੋਂ ਕਣਕ ਦੀ ਫਸਲ ਖੜ੍ਹੀ ਸੀ ਜਿਸ ਵੇਲੇ ਕਿ ਪਾਣੀ ਦੀ ਲੋੜ ਸੀ, ਟਰੈਕਟਰ ਚਲਾਉਣ ਦੀ ਲੋੜ ਸੀ। ਇਸ ਵਾਸਤੇ ਸਪੀਕਰ ਸਾਹਿਬ ਮੈਂ ਕਹਿੰਦਾ ਹਾਂ ਕਿ ਇਹ ਜੋ ਡੀਜ਼ਲ ਦੀ ਸਾਡੇ ਦੇਸ਼ ਵਿਚ ਕਮੀ ਪੈ ਰਹੀ ਹੈ ਇਹ ਆਇਲ ਕਰਾਈਸਿਜ਼ ਦਾ ਨਤੀਜਾ ਨਹੀਂ ਅਤੇ ਇਹ ਤਾਂ ਡੀਜ਼ਲ ਦੀ ਕਾਣੀ ਵੰਡ ਦਾ ਨਤੀਜਾ ਹੈ।

ਸਪੀਕਰ ਸਾਹਿਬ, ਜਦ ਡੀਜ਼ਲ ਦੀ ਸ਼ਾਰਟੇਜ ਦੇ ਬਾਰੇ ਮਸਲਾ ਉੱਠਦਾ ਹੈ ਤਾਂ ਇਹ ਕਹਿ ਦਿੰਦੇ ਹਨ ਕਿ ਸਾਨੂੰ ਬਾਹਰਲੇ ਦੇਸ਼ਾਂ ਤੋਂ ਡੀਜ਼ਲ ਦਾ ਕੋਟਾ ਨਹੀ ਮਿਲਿਆ ਇਸ ਕਰਕੇ ਡੀਜ਼ਲ ਦੀ ਕਮੀ ਹੈ। ਮੈਂ ਅਰਜ਼ ਕਰਦਾ ਹਾਂ ਕਿ ਇਹ ਤਾਂ ਇਕ ਬਹਾਨਾ ਲਾਉਣਾ ਹੈ ਜਦ ਇਨ੍ਹਾਂ ਨੂੰ ਪਤਾ ਸੀ ਕਿ ਆਉਣ ਵਾਲੇ ਸਾਲਾਂ ਵਿਚ ਸਾਨੂੰ ਡੀਜ਼ਲ ਦੀ ਜ਼ਿਆਦਾ ਲੋੜ ਪੈਣੀ ਹੈ ਕਿਉਂਕਿ ਪਹਿਲੇ ਨਾਲੋਂ ਹੁਣ ਟਰੈਕਟਰਾਂ ਦੀ ਤਦਾਦ ਵੀ ਵੱਧ ਗਈ ਹੈ ਅਤੇ ਥਰੈਸ਼ਰ ਵੀ ਜ਼ਿਆਦਾ ਹੋ ਗਏ ਹਨ ਤਾਂ

[ਸਰਦਾਰ ਸੁਰਜੀਤ ਸਿੰਘ]

ਹੁਣ ਪਿਛਲੇ ਸਾਲਾਂ ਨਾਲ ਡੀਜ਼ਲ ਦਾ ਹਿਸਾਬ ਲਾਉਣਾ ਤਾਂ ਠੀਕ ਨਹੀਂ ਹੈ ਹੁਣ ਇਰੀਗੇਸ਼ਨ ਦੀਆਂ ਸਕੀਮਾਂ ਤੇ ਜ਼ਿਆਦਾ ਡੀਜ਼ਲ ਦੀ ਲੋੜ ਪੈਂਦੀ ਹੈ। ਇਸ ਸਰਕਾਰ ਨੂੰ ਇਨ੍ਹਾਂ ਗੱਲਾਂ ਦਾ ਖਿਆਲ ਰੱਖ ਕੇ ਡੀਜ਼ਲ ਦਾ ਸਟਾਕ ਜਮ੍ਹਾਂ ਕਰਨਾ ਚਾਹੀਦਾ ਸੀ। ਜਿਸ ਤਰ੍ਹਾਂ ਕਿ ਪਿਛਲੇ ਸਾਲਾਂ ਵਿਚ ਅਨਾਜ ਰੱਖਣ ਵਾਸਤੇ ਵੇਅਰ ਹਾਊਸਿਜ਼ ਬਣਾਏ ਗਏ ਹਨ ਇਸ ਤਰ੍ਹਾਂ ਹੁਣ ਇਸ ਸਰਕਾਰ ਨੂੰ ਡੀਜ਼ਲ ਦਾ ਸਟੋਰ ਕਰਨ ਵਾਸਤੇ ਡੀਜ਼ਲ ਸਟੋਰੇਜ਼ ਬਣਾ ਲੈਣੇ ਚਾਹੀਦੇ ਸਨ। ਸਪੀਕਰ ਸਾਹਿਬ, ਮੈਂ ਦੱਸਦਾ ਹਾਂ ਕਿ ਸਾਲ 1969-70 ਵਿਚ ਸਾਡੇ ਪੰਜਾਬ ਵਿਚ ਇਤਨਾ ਅਨਾਜ ਪੈਦਾ ਹੋ ਗਿਆ ਸੀ ਕਿ ਸਾਨੂੰ ਅਨਾਜ ਰੱਖਣ ਵਾਸਤੇ ਜਗ੍ਹਾ ਨਹੀਂ ਸੀ ਮਿਲੀ। ਉਸ ਵੇਲੇ ਸਕੂਲਾਂ ਅਤੇ ਗੁਰਦੁਆਰਿਆਂ ਵਿਚ ਅਨਾਜ ਦੀਆਂ ਬੋਰੀਆਂ ਰਖੀਆਂ ਗਈਆਂ ਸਨ। ਸਟੇਟ ਗੌਰਮਿੰਟ ਨੇ ਉਸ ਵੇਲੇ ਵੇਅਰ ਹਾਊਸਿਜ਼ ਦੀ ਸਕੀਮ ਚਾਲੂ ਕੀਤੀ ਸੀ ਅਤੇ ਤਾਂ ਜਾ ਕੇ ਲੋੜ ਪੂਰੀ ਹੋਈ ਸੀ। ਹੁਣ ਅਨਾਜ ਰੱਖਣ ਵਾਸਤੇ ਹੋਰ ਵੀ ਕਈ ਵੇਅਰ ਹਾਊਸਿਜ਼ ਬਣ ਗਏ ਹਨ। ਲੇਕਿਨ ਡੀਜ਼ਲ ਸਟੋਰ ਕਰਨ ਵਾਸਤੇ ਕੋਈ ਸਟੋਰੇਜ਼ ਨਹੀ ਬਣਾਏ ਗਏ ਅਤੇ ਨਾ ਹੀ ਕੋਈ ਹੋਰ ਬੰਦੋਬਸਤ ਕੀਤਾ ਹੈ। ਅੱਜ ਜਿਤਨੀ ਮੁਸ਼ਕਲ ਡੀਜ਼ਲ ਦੀ ਹੈ ਉਤਨੀ ਮੁਸ਼ਕਲ ਪਰੋਡਕਸ਼ਨ ਦੀ ਨਹੀਂ ਹੈ। ਅੱਜ ਜਿਤਨੇ ਵੀ ਵੇਅਰ ਹਾਊਸਿਜ਼ ਹਨ ਉਹ ਖਾਲੀ ਪਏ ਹਨ ਕਿਉਂਕਿ ਜਿੰਨੀ ਪਰੋਕਿਉਰਮੈਂਟ ਹੁੰਦੀ ਹੈ ਉਹ ਲੋੜੀਂਦੇ ਸੂਬਿਆਂ ਵਿਚ ਚਲੀ ਜਾਂਦੀ ਹੈ। ਪੰਜਾਬ ਵਿਚ ਜਿਤਨਾ ਵੀ ਅਨਾਜ ਪੈਦਾ ਹੁੰਦਾ ਹੈ ਉਹ ਪੰਜਾਬ ਦੀ ਖਪਤ ਤੋਂ ਜ਼ਿਆਦਾ ਪੈਦਾ ਹੁੰਦਾ ਹੈ ਅਤੇ ਇਹ ਵਾਧੂ ਅਨਾਜ ਸਾਰਾ ਨਾਲ ਦੇ ਨਾਲ ਦੂਜਿਆਂ ਸੂਬਿਆਂ ਵਿਚ ਜਿਥੇ ਕਿ ਅਨਾਜ ਘੱਟ ਪੈਦਾ ਹੁੰਦਾ ਹੈ, ਜਿਥੇ ਲੋੜ ਹੁੰਦੀ ਹੈ, ਉਥੇ ਚਲਾ ਜਾਂਦਾ ਹੈ। ਪੰਜਾਬ ਵਿਚ ਅਨਾਜ ਦੀ ਜ਼ਿਆਦਤੀ ਨੂੰ ਵੇਖ ਕੇ ਲੋਕਾਂ ਨੇ ਪ੍ਰਾਈਵੇਟ ਵੇਅਰ ਹਾਊਸਿਜ਼ ਵੀ ਬਣਾਏ ਸਨ ਜਿਨ੍ਹਾਂ ਵਿਚ ਜਾਂ ਤਾਂ ਉਹ ਆਪ ਅਨਾਜ ਦਾ ਸਟਾਕ ਜਮ੍ਹਾਂ ਕਰਦੇ ਸਨ ਜਾਂ ਕਿਸੇ ਨੂੰ ਕਿਰਾਏ ਤੇ ਦੇ ਦਿੰਦੇ ਸਨ। ਪਰ ਅੱਜ ਉਨ੍ਹਾਂ ਦੇ ਵੀ ਇਹ ਵੇਅਰ ਹਾਊਸਿਜ਼ ਖਾਲੀ ਪਏ ਹਨ। ਇਸੇ ਤਰ੍ਹਾਂ ਹੀ ਡੀਜ਼ਲ ਨੂੰ ਸਟੋਰ ਕਰਨ ਵਾਸਤੇ ਸਟੋਰੇਜ ਬਣਾਏ ਜਾ ਸਕਦੇ ਸੀ ਤਾਂ ਜੋ ਪੰਜਾਬ ਵਿਚ ਇਸ ਵੇਲੇ ਡੀਜ਼ਲ ਦੀ ਕਮੀ ਨਾ ਪੈਂਦੀ। ਸਪੀਕਰ, ਸਾਹਿਬ ਮੈਂ ਤੁਹਾਡੇ ਰਾਹੀਂ ਸਰਕਾਰ ਨੂੰ ਅਰਜ਼ ਕਰਾਂਗਾ ਕਿ ਇਸ ਸਰਕਾਰ ਨੂੰ ਇਸ ਪਾਸੇ ਤਵੱਜੋ ਜ਼ਰੂਰ ਦੇਣੀ ਚਾਹੀਦੀ ਹੈ।

ਇਸ ਤੋਂ ਅੱਗੇ, ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਸਾਡੇ ਪੰਜਾਬ ਵਿਚ ਫਰਟੇਲਾਈਜ਼ਰ ਦੀ ਬਹੁਤ ਗੰਭੀਰ ਹਾਲਤ ਹੈ ਇਹ ਇਕ ਬੜਾ ਭਾਰੀ ਮਸਲਾ ਹੈ। ਸਾਡੇ ਪੰਜਾਬ ਵਿਚ ਫਰਟੇਲਾਈਜ਼ਰ ਦੀ ਬਹੁਤ ਕਮੀ ਹੈ। ਉਸ ਸਮੇਂ ਜਦੋਂ ਕਿ ਕਿਸਾਨ ਦੀ ਫਸਲ ਉੱਗੀ ਹੁੰਦੀ ਹੈ ਉਸ ਨੂੰ ਫਰਟੇਲਾਈਜ਼ਰ ਦੀ ਬਹੁਤ ਲੋੜ ਪੈਂਦੀ ਹੈ। ਪਰ ਫਰਟੇਲਾਈਜ਼ਰ ਉਸ ਨੂੰ ਮਿਲਦੀ ਨਹੀਂ। ਉਹ ਫਰਟੇਲਾਈਜ਼ਰ ਲੈਣ ਵਾਸਤੇ ਭਟਕਦਾ ਫਿਰਦਾ ਰਹਿੰਦਾ ਹੈ। ਉਹ ਜਾਣਦਾ ਹੈ ਕਿ ਜੇ ਉਸ ਨੂੰ ਉਸ ਵੇਲੇ ਫਰਟੇਲਾਈਜ਼ਰ ਨਾ ਮਿਲੀ ਤਾਂ ਸਾਰੇ ਸਾਲ ਦੀ ਫ਼ਸਲ ਖਰਾਬ ਹੋ ਜਾਵੇਗੀ। ਇਸ ਵਾਸਤੇ ਉਹ ਫਰਟੇਲਾਈਜ਼ਰ ਲੈਣ ਵਾਸਤੇ ਲੋਕਾਂ ਦੀਆਂ ਮਿਨਤਾਂ ਕਰਦਾ ਹੈ। ਕਿਸਾਨ ਨੂੰ ਇਸ ਵੇਲੇ ਕਿਸੇ ਵੀ ਭਾ ਤੇ ਫਰਟੇਲਾਈਜ਼ਰ ਮਿਲੇ ਭਾਵੇਂ ਬਲੈਕ ਵਿਚ ਮਿਲੇ ਉਹ ਲੈਣ ਨੂੰ ਤਿਆਰ ਹੁੰਦਾ ਹੈ। ਭਾਵੇਂ ਉਸ ਨੂੰ ਇਹ ਬਲੈਕ ਵਿਚ ਮਿੱਟੀ ਦੀਆਂ ਗੋਲੀਆਂ ਹੀ ਮਿਲਣ। ਸਪੀਕਰ ਸਾਹਿਬ, ਮੈ ਦੱਸਦਾ ਹਾਂ ਕਿ ਕਿਸਾਨ ਦੀ ਮਿਹਨਤ ਨਾਲ ਸਾਡੇ ਦੇਸ਼ ਵਿਚ ਅੰਨ ਸੰਕਟ ਨਹੀਂ ਆਇਆ। ਇਸ ਵਾਰੀ ਪਹਿਲੇ ਨਾਲੋਂ ਪੌਣੇ 3 ਲੱਖ ਟਨ ਫਰਟੇਲਾਈਜ਼ਰ ਘੱਟ ਮਿਲੀ ਹੈ ਜਦ ਕਿ ਲੋੜ ਅੱਗੇ ਨਾਲੋਂ ਜ਼ਿਆਦਾ ਸੀ।

ਸਪੀਕਰ ਸਾਹਿਬ, ਜਿਹੜੀ ਖਾਦ ਪੰਜਾਬ ਨੂੰ ਬਾਹਰਲੇ ਦੇਸ਼ਾਂ ਤੋਂ ਮਿਲਣੀ ਸੀ ਇਸ ਸਾਲ ਉਹ ਵੀ ਨਹੀਂ ਮਿਲ ਸਕੀ ਹੈ। ਜਿਨ੍ਹਾਂ ਦੇਸ਼ਾਂ ਤੋਂ ਪਹਿਲੇ ਫਰਟੇਲਾਈਜ਼ਰ ਲਈ ਜਾਂਦੀ ਸੀ ਉਨ੍ਹਾਂ ਨੇ ਹੁਣ

ਨਾਂਹ ਕਰ ਦਿੱਤੀ ਹੈ ਕਿਉਂਕਿ ਉਨ੍ਹਾਂ ਨਾਲ ਕਈ ਹੋਰ ਦੇਸ਼ਾਂ ਨੇ ਲੌਂਗ ਟਰਮ ਸੌਦੇ ਕਰ ਲਏ ਹਨ । ਚੀਨ ਨੇ 5 ਸਾਲ ਵਾਸਤੇ ਰੂਸ ਤੋਂ ਜਿੰਨੀ ਵੀ ਸਰਪਲੱਸ ਫਰਟੇਲਾਈਜ਼ਰ ਹੋਵੇਗੀ ਲੈਣ ਦਾ ਸੌਦਾ ਕਰ ਲਿਆ ਹੈ। ਇਸੇ ਤਰ੍ਹਾਂ ਹੀ ਬਾਕੀ ਦੇਸ਼ਾਂ ਕੋਲ ਵੀ ਜਿੰਨੀ ਸਰਪਲੱਸ ਫਰਟੇਲਾਈਜ਼ਰ ਹੈ ਉਨ੍ਹਾਂ ਦੇ ਸੌਦੇ ਹੋ ਚੁੱਕੇ ਹਨ ।

ਪੰਜਾਬ ਵਿਚ ਕੋਟੇ ਦੇ ਹਿਸਾਬ ਨਾਲ ਕਿਸਾਨਾਂ ਨੂੰ ਫਰਟੇਲਾਈਜ਼ਰ ਦਿੱਤੀ ਜਾਂਦੀ ਹੈ ਜਿਹੜੀ ਕਿ ਕਿਸਾਨਾਂ ਦੀ ਲੋੜ ਤੋਂ ਬਹੁਤ ਘੱਟ ਹੁੰਦੀ ਹੈ। ਮੈਂ ਕਹਿੰਦਾ ਹਾਂ ਕਿ ਪੰਜਾਬ ਵਿਚ ਕਿਸਾਨ ਨੂੰ ਉਸ ਦੀ ਲੋੜ ਦੇ ਮੁਤਾਬਕ ਖਾਦ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਪੰਜਾਬ ਅਨਾਜ ਦਾ ਭੰਡਾਰ ਹੈ। ਇਥੇ ਬਾਕੀ ਸੂਬਿਆਂ ਨਾਲੋਂ ਜ਼ਿਆਦਾ ਫਰਟੇਲਾਈਜ਼ਰ ਮਿਲਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਤਾਂ ਇਹ ਕਹਿੰਦਾ ਹਾਂ ਕਿ ਫਰਟੇਲਾਈਜ਼ਰ ਦੀ ਵੰਡ ਹਿੰਦੁਸਤਾਨ ਵਿਚ ਅਬਾਦੀ ਦੇ ਲਿਹਾਜ਼ ਨਾਲ ਨਹੀਂ ਹੋਣੀ ਚਾਹੀਦੀ ਬਲਕਿ ਪੈਦਾਵਾਰ ਦੇ ਲਿਹਾਜ ਨਾਲ ਹੋਣੀ ਚਾਹੀਦੀ ਹੈ। ਸਾਡਾ ਪੰਜਾਬ ਅਨਾਜ ਦਾ ਭੰਡਾਰ ਮੰਨਿਆ ਜਾਂਦਾ ਹੈ। ਇਸ ਸਾਲ ਸਾਡੇ ਪੰਜਾਬ ਨੇ 27 ਲੱਖ ਟਨ ਕਣਕ ਬਾਹਰ ਭੇਜੀ ਜਦੋਂ ਕਿ ਟੀਚਾ 36 ਲੱਖ ਟਨ ਦਾ ਸੀ। ਮੈਂ ਸਮਝਦਾ ਹਾਂ ਕਿ ਇਹ ਫਰਟੇਲਾਈਜ਼ਰ ਦੀ ਕਮੀ ਕਰ ਕੇ ਹੀ ਅਸੀਂ ਆਪਣੇ ਟੀਚੇ ਤੇ ਨਹੀਂ ਪਹੁੰਚ ਸਕੇ। ਸਾਡੀ ਸਰਕਾਰ ਨੂੰ ਇਸ ਪਾਸੇ ਪੂਰੀ ਤਵੱਜੋ ਦੇਣੀ ਚਾਹੀਦੀ ਹੈ। ਪੰਜਾਬ ਵਿਚ ਜੇ 15 ਲੱਖ ਟਨ ਫਰਟੇਲਾਈਜ਼ਰ ਦੀ ਖਪਤ ਹੁੰਦੀ ਹੈ ਤਾਂ 16 ਲੱਖ ਟਨ ਦਿੱਤੀ ਜਾਣੀ ਚਾਹੀਦੀ ਹੈ ਤਾਕਿ ਸਾਡਾ ਪੰਜਾਬ ਆਪਣੀ ਉਪਜ ਵਿਚ ਵਾਧਾ ਕਰ ਸਕੇ। ਪੰਜਾਬ ਦੀ ਪਰੋਡਕ-ਸ਼ਨ ਹੋਰ ਵਧਾਉਣ ਵਾਸਤੇ ਸਾਡੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਹੋਰ ਉਤਸ਼ਾਹ ਦੇਵੇ ਤਾਕਿ ਉਹ ਆਪਣੇ ਖੇਤਾਂ ਵਿਚ ਜਿਆਦਾ ਉਪਜ ਕਰਨ।

ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਰੇ ਦੇਸ਼ ਵਿਚ ਫਰਟੇਲਾਈਜ਼ਰ ਦੀ ਬਲੈਕ ਬਹੁਤ ਹੋ ਰਹੀ ਹੈ। ਇਸ ਤਰ੍ਹਾਂ ਦੇ ਕਈ ਇੰਸਟਾਂਸਜ਼ ਹਨ। ਰਾਜਸਥਾਨ ਵਿਚ ਫਰਟੇਲਾਈਜ਼ਰ ਲੈ ਜਾ ਕੇ ਬਲੈਕ ਵਿਚ ਵੇਚੀ ਜਾ ਰਹੀ ਹੈ। ਸਾਡੀ ਪੰਜਾਬ ਸਰਕਾਰ ਨੇ ਆਪਣੀ ਬਜਟ ਸਪੀਚ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਕੀਤਾ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਅਰਜ਼ ਕਰ ਦੇਣੀ ਚਾਹੁੰਦਾ ਹਾਂ ਕਿ ਇਸ ਸਰਕਾਰ ਨੂੰ ਇਸ ਬਜਟ ਸਪੀਚ ਵਿਚ ਫਰਟੇਲਾਈਜ਼ਰ ਦੀ ਕਮੀ ਨੂੰ ਦੂਰ ਕਰਨ ਲਈ ਜ਼ਿਕਰ ਕਰਨਾ ਚਾਹੀਦਾ ਸੀ।

ਇਕ ਗੱਲ, ਸਪੀਕਰ ਸਾਹਿਬ, ਮੈਂ ਹੋਰ ਕਹਿਣੀ ਚਾਹੁੰਦਾ ਹਾਂ ਕਿ ਸਾਡੀ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਸਾਢੇ 13 ਕਰੋੜ ਰੁਪਏ ਦਾ ਬੋਨਸ ਦਿੱਤਾ ਹੈ। ਅਨਾਜ ਦੀਆਂ ਕੀਮਤਾਂ ਮੁਕਰਰ ਕਰਨ ਵਾਸਤੇ ਅਸੀਂ ਪਹਿਲੇ ਹੀ ਚੀਫ਼ ਮਨਿਸਟਰ ਸਾਹਿਬ ਨੂੰ ਬੇਨਤੀ ਕੀਤੀ ਸੀ। ਅਸੀਂ ਉਨ੍ਹਾਂ ਨੂੰ ਕਿਹਾ ਸੀ ਕਿ ਕਣਕ ਦੀ ਕੀਮਤ 105 ਰੁਪਏ ਮੁਕਰਰ ਕਰ ਦਿਉ ਪਰ ਇਹ ਨਹੀਂ ਸੀ ਮੰਨੇ। ਹੁਣ ਜਦ ਕਿਸਾਨਾਂ ਨੇ ਕੀਮਤਾਂ ਵਧਾਉਣ ਵਾਸਤੇ ਕਦਮ ਉਠਾਇਆ ਤਾਂ ਇਨ੍ਹਾਂ ਨੇ ਬੋਨਸ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਇਥੇ ਅਸੈਂਬਲੀ ਵਿਚ ਬੇਨਤੀਆਂ ਕੀਤੀਆਂ ਗਈਆਂ ਕਾਸਟ ਵਧਾਉਣ ਦੀਆਂ ਉਸ ਤੋਂ ਬਾਅਦ ਸਾਨੂੰ ਪਤਾ ਲੱਗਿਆ ਕਿ ਹੁਣ ਮੀਟਿੰਗਾਂ ਹੋ ਰਹੀਆਂ ਹਨ ਪ੍ਰਾਈਸ ਕਮਿਸ਼ਨ ਦੀਆਂ ਦਿੱਲੀ ਵਿਚ। ਸਾਡੀ ਪਾਰਟੀ ਦੇ ਸਾਰੇ ਐਮ. ਐਲ. ਏਜ਼. ਔਰ ਮੈਂਬਰ ਪਾਰਲੀਮੈਂਟ ਨੇ ਉਥੇ ਜਾ ਕੇ ਧਰਨੇ ਵੀ ਮਾਰੇ, ਗਿਆਨੀ ਜ਼ੈਲ ਸਿੰਘ ਜੀ ਦੀ ਕਾਰ ਵੀ ਘੇਰੀ ਔਰ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਆਪਣੀ ਕਣਕ ਦੀ ਕੀਮਤ ਜੇਕਰ ਜ਼ਿਆਦਾ ਨਹੀਂ ਤਾਂ 105 ਰੁਪਏ ਫੀ ਕੁਇੰਟਲ ਹੀ ਦਿਵਾ ਦਿਓ ਲੇਕਿਨ ਗੱਲ ਨਹੀਂ ਬਣ ਸਕੀ। ਮੈਂ ਬੇਨਤੀ ਕਰਾਂਗਾ ਕਿ ਇਨ੍ਹਾਂ ਨੂੰ ਡੀਗਾਂ ਨਹੀਂ

[ਸਰਦਾਰ ਸੁਰਜੀਤ ਸਿੰਘ]

ਮਾਰਨੀਆਂ ਚਾਹੀਦੀਆਂ ਕਿ ਅਸੀਂ ਸਾਢੇ ਤੇਰਾਂ ਕਰੋੜ ਰੁਪਏ ਕਿਸਾਨਾ ਨੂੰ ਬੋਨਸ ਦਿਵਾ ਦਿੱਤਾ ਹੈ। ਕਿਸਾਨਾ ਨੂੰ ਭਾਵੇਂ ਬਾਰਾਂ ਜਾਂ ਪੌਣੇ ਬਾਰਾਂ ਕਰੋੜ ਹੀ ਮਿਲਿਆ ਹੈ ਪਰ ਇਹ ਬੋਨਸ ਦਿਵਾ ਕੇ ਇਨ੍ਹਾਂ ਨੇ ਪੰਜਾਬ ਦੇ ਕਿਸਾਨ ਤੇ ਕੋਈ ਇਹਸਾਨ ਨਹੀਂ ਕੀਤਾ।

ਸਪੀਕਰ ਸਾਹਿਬ, ਇਕ ਮੈਂ ਹੋਰ ਅਰਜ਼ ਕਰਾਂਗਾ ਕਿ ਪੰਜਾਬ ਦੇ ਕਿਸਾਨਾ ਦਾ ਜਿਤਨਾ ਪਿਛਲੇ ਸਾਲ ਵਿਚ ਨੁਕਸਾਨ ਹੋਇਆ ਹੈ ਇਸ ਤੋਂ ਪਹਿਲਾਂ ਕਦੇ ਨਹੀਂ ਸੀ ਹੋਇਆ। ਮੈਂ ਫਿੱਗਰਜ਼ ਦੱਸਾਂਗਾ ਕਿ ਪੰਜਾਬ ਦੇ ਕਿਸਾਨਾਂ ਨੂੰ ਕਿਤਨਾ ਨੁਕਸਾਨ ਉਠਾਉਣਾ ਪਿਆ ਹੈ। ਪਿਛਲੇ ਸਾਲ ਵਿਚ 105 ਰੁਪਏ ਭਾ ਯੂਨੀਅਨ ਗੌਰਮਿੰਟ ਨੇ ਮੰਨਿਆ ਸੀ ਲੇਕਿਨ ਦਿਵਾਇਆ ਕੀ ਗਿਆ ? 76+5 = 81 ਰੁਪਏ ਦਿਵਾਏ ਗਏ ਹਨ। ਇਸ ਹਿਸਾਬ ਦੇ ਨਾਲ ਹੀ ਮਹਿਜ਼ ਉਸ ਕਣਕ ਦਾ ਹਿਸਾਬ ਲਾਇਆ ਜਾਵੇ ਤਾਂ 67 ਕਰੋੜ ਰੁਪਏ ਕਿਸਾਨ ਦਾ ਨੁਕਸਾਨ ਹੋਇਆ ਹੈ । ਇਸ ਹਿਸਾਬ ਸਾਡੀ ਕਾਸਟ ਆਫ ਪ੍ਰੋਡਕਸ਼ਨ ਵਿਚ ਹੀ 67 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।

ਇਹ ਹੀ ਨਹੀਂ ਇਸ ਤੋਂ ਇਲਾਵਾ ਆਪ ਨੂੰ, ਸਪੀਕਰ ਸਾਹਿਬ, ਯਾਦ ਹੋਵੇਗਾ ਪਿਛਲੀ ਵਾਰੀ ਜਦੋਂ ਰੌਲਾ ਪਿਆ ਸੀ ਕਿ ਬਿਜਲੀ ਨਹੀਂ ਮਿਲਦੀ ਉਸਤੇ ਕਦੇ 40 ਫੀਸਦੀ ਔਰ ਕਦੇ 50 ਫੀਸਦੀ ਤਕ ਕੱਟ ਲੱਗੀ, ਰੌਲਾ ਪਿਆ ਇਸ ਗੱਲ ਦਾ ਕਿ ਖਾਦ ਜੋ ਮਿਲਦੀ ਹੈ ਉਹ ਵੀ ਠੀਕ ਨਹੀਂ ਮਿਲਦੀ, ਉਸ ਵਿਚ ਵੀ ਮਿਲਾਵਟ ਹੁੰਦੀ ਹੈ, ਉਸ ਵਿਚ ਰੇਤ ਦੀਆਂ ਗੋਲੀਆਂ ਮਿਲਾਈਆਂ ਹੁੰਦੀਆਂ ਹਨ, ਇਨ੍ਹਾਂ ਸਾਰੀਆਂ ਚੀਜ਼ਾਂ ਦਾ ਅਸਰ ਇਹ ਹੋਇਆ ਕਿ ਐਗਰੀਕਲਚਰ ਡਿਪਾਰਟ-ਮੈਂਟ ਦੇ ਹਿਸਾਬ ਨਾਲ 20 ਫੀ ਸਦੀ ਘੱਟ ਪ੍ਰੋਡਕਸ਼ਨ ਹੋਈ।

11-22 A.M. | *(Mr Deputy Speaker in the Chair)*

ਡਿਪਟੀ ਸਪੀਕਰ ਸਾਹਿਬ, ਕਣਕ ਦੀ ਪ੍ਰੋਡਕਸ਼ਨ 20 ਫੀਸਦੀ ਘੱਟ ਹੋਈ ਜਿਸ ਨਾਲ ਕਿ 56 ਕਰੋੜ ਰੁਪਏ ਦਾ ਕਿਸਾਨ ਨੂੰ ਨੁਕਸਾਨ ਹੋਇਆ ਸੀ। ਇਸ ਤੋਂ ਇਲਾਵਾ ਜਦੋਂ ਬੋਨਸ ਦੀ ਗੱਲ ਚੱਲੀ ਤਾਂ ਖਾਦ ਦੀ ਕੀਮਤ ਵਧਾਉਣੀ ਸ਼ੁਰੂ ਕਰ ਦਿੱਤੀ। ਖਾਦ ਦੀ ਕੀਮਤ 10 ਰੁਪਏ ਵਧਾ ਦਿਤੀ ਗਈ । ਇਸ ਹਿਸਾਬ ਨਾਲ ਦਸ ਕਰੋੜ ਰੁਪਏ ਕਿਸਾਨ ਨੂੰ ਘਾਟਾ ਪਿਆ। ਇਸ ਤਰ੍ਹਾਂ ਇਹ ਸਾਰਾ ਘਾਟਾ 140 ਕਰੋੜ ਰੁਪਏ ਪਿਆ ਹੈ। ਤੁਸੀਂ ਡੀਂਗਾਂ ਮਾਰਦੇ ਹੋ ਕਿ ਅਸੀਂ ਬੋਨਸ ਦੇ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਦਾ ਕਿਸਾਨ ਵਾਲ ਵਾਲ ਕਰਜ਼ੇ ਹੇਠ ਦੱਬਿਆ ਪਿਆ ਹੈ। ਕਿਸੇ ਨੇ ਡੀਜ਼ਲ ਦੀ ਕੀਮਤ ਅਦਾ ਕਰਨੀ ਹੈ, ਕਿਸੇ ਨੇ ਟਰੈਕਟਰ ਦੇ ਪੈਸੇ ਦੇਣੇ ਹਨ। ਇਸ ਲਈ ਪੰਜਾਬ ਦਾ ਕਿਸਾਨ ਕਰਜ਼ਿਆਂ ਹੇਠ ਮਰ ਰਿਹਾ ਹੈ। ਇਸ ਦੇ ਮੁਕਾਬਲੇ ਵਿਚ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਕਨਾਮਿਕ ਸਰਵੇ ਦੀਆਂ ਰਿਪੋਰਟਸ ਪੜ੍ਹੀਆਂ ਹਨ। ਉਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਪਿਛਲਾ ਸਾਲ ਪਿਛਲੇ 25 ਸਾਲਾਂ ਨਾਲੋਂ ਅਮਰੀਕਾ ਦੇ ਕਿਸਾਨ ਲਈ ਚੰਗਾ ਸਾਲ ਰਿਹਾ ਹੈ। ਉਸਨੂੰ ਪਿਛਲੇ ਸਾਲ 4 ਹਜ਼ਾਰ ਕਰੋੜ ਰੁਪਈਏ ਦਾ ਮੁਨਾਫਾ ਮਿਲਿਆ ਹੈ। 4 ਹਜ਼ਾਰ ਕਰੋੜ ਰੁਪਈਏ ਪਿਛਲੇ ਸਾਲ ਅਮਰੀਕਾ ਦਾ ਕਿਸਾਨ ਲੈ ਗਿਆ ਕਿਉਂਕਿ ਅਨਾਜ ਦੀ ਸਾਰੇ ਦੇਸ਼ਾਂ ਨੂੰ ਲੋੜ ਪੈ ਗਈ। ਜਿਹੜੇ ਵੱਡੇ ਵੱਡੇ ਦੇਸ਼ ਸਨ ਉਨ੍ਹਾਂ ਨੂੰ ਵੀ ਲੋੜ ਪੈ ਗਈ ਔਰ ਸਾਨੂੰ ਵੀ ਲੋੜ ਪੈ ਗਈ। ਇਸ ਤਰ੍ਹਾਂ ਅਮਰੀਕਾ ਦੇ ਕਿਸਾਨ ਨੇ ਚਾਰ ਹਜ਼ਾਰ ਕਰੋੜ ਰੁਪਏ ਮੁਨਾਫ਼ਾ ਕਮਾਇਆ ਜਦੋਂ ਕਿ ਸਾਡੀ ਸਟੇਟ ਦੇ ਕਿਸਾਨ ਨੂੰ 140 ਕਰੋੜ ਰੁਪਏ ਦਾ ਘਾਟਾ ਪਿਆ ਹੈ, ਜਿਸ ਦੀ ਤਿਲਾਫ਼ੀ ਛੇਤੀ ਛੇਤੀ ਨਹੀਂ ਕੀਤੀ ਜਾ ਸਕਦੀ ।

ਮੈਂ ਕਹਾਂਗਾ ਕਿ ਜੇਕਰ ਕਿਸਾਨ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਹਾਲਾਤ ਹੋਰ ਭੈੜੇ ਹੋ ਜਾਣਗੇ। ਮੈਂ ਇਹ ਵੀ ਸੁਜੈਸਟ ਕਰਾਂਗਾ ਕਿ ਫਾਈਨੈਂਸ ਮਨਿਸਟਰ ਸਾਹਿਬ ਇਥੇ ਹੀ ਬੈਠੇ ਹਨ

ਬਜਾਏ ਇਸ ਦੇ ਕਿ ਇਹ ਇਹ ਕਹਿਣ ਕਿ ਗੱਡੀਆਂ ਬੰਦ ਹੋ ਗਈਆਂ ਇਸ ਲਈ ਕੋਲਾ ਨਹੀਂ ਮਿਲ ਸਕਿਆ, ਖਾਣਾਂ ਵਿਚ ਹੜਤਾਲ ਹੋ ਗਈ ਇਸ ਲਈ ਕੋਲਾ ਜਾਂ ਹੋਰ ਜਿਹੜੇ ਪਦਾਰਥ ਹਨ ਨਹੀਂ ਮਿਲ ਸਕੇ, ਜਾਂ ਖਾਦ ਨਹੀਂ ਪੁੱਜ ਸਕੀ, ਇਹ ਥੋੜ੍ਹਾ ਜਿਹਾ ਬੋਲਡ ਸਟੈਪ ਲੈਣ। ਸੀ. ਐਮ. ਸਾਹਿਬ ਨੇ ਵੀ ਕਿਹਾ ਜੀ ਕਿ ਫਾਰਨ ਪਾਵਰਜ਼ ਨੇ ਹੜਤਾਲ ਕਰਵਾ ਦਿਤੀ, ਇਸ ਲਈ ਰੇਲਵੇ ਬੰਦ ਹੋ ਗਈ, ਇਸ ਲਈ ਸਾਡਾ ਵਸ ਨਹੀਂ ਚਲਦਾ। ਇਹ ਤਾਂ ਉਹ ਗੱਲ ਹੁੰਦੀ ਹੈ ਕਿ ਕੰਮ ਕਰਨਾ ਆਪ ਨੂੰ ਨਹੀਂ ਆਉਂਦਾ ਤੇ ਹਥਿਆਰਾਂ ਨੂੰ ਕਹਿੰਦੇ ਹਨ ਕਿ ਮਾੜੇ ਹਨ। ਮੈਂ ਕਹਿੰਦਾ ਹਾਂ ਕਿ ਕੋਈ ਅਜਿਹੀ ਗੱਲ ਨਹੀਂ ਹੈ ਕਿ ਫਾਰਨਰਜ਼ ਨੇ ਇਥੇ ਆਕੇ ਹੜਤਾਲਾਂ ਕਰਵਾ ਦਿਤੀਆਂ ਹਨ। ਮੈਂ ਤਾਂ ਇਨ੍ਹਾਂ ਨੂੰ ਇਹ ਸੁਜੈਸਟ ਕਰਾਂਗਾ ਕਿ ਇਹ ਇਸ ਤਰ੍ਹਾਂ ਕਰਿਆ ਕਰਨ ਕਿ ਜਦੋਂ ਪਜਾਬ ਵਿਚੋਂ ਦੂਜਿਆ ਸੂਬਿਆਂ ਨੂੰ ਗੱਡੀਆਂ ਭਰ ਕੇ ਜਾਂਦੀਆਂ ਹਨ ਤਾਂ ਉਹ ਵਾਪਿਸ ਖਾਲੀ ਨਾ ਆਇਆ ਕਰਨ। ਇਹ ਇਸ ਤਰ੍ਹਾਂ ਕਹਿਣ ਕਿ ਜਦੋਂ ਕੋਈ ਟਰੇਨ ਅਨਾਜ ਦੀ ਬਾਹਰ ਜਾਵੇਗੀ ਤਾਂ ਸਾਡੀ ਲੋੜ ਵਾਲੀ ਚੀਜ਼ ਦੀ ਟਰੇਨ ਇਥੇ ਆਵੇਗੀ। ਇਕ ਟਰੇਨ ਇਥੋਂ ਕਣਕ ਦੀ ਭਰ ਕੇ ਗਈ ਤਾਂ ਇਕ ਟਰੇਨ ਵਾਪਸ ਡੀਜ਼ਲ ਦੀ ਆਉਣੀ ਚਾਹੀਦੀ ਹੈ। ਅਗਰ ਇਸ ਤਰ੍ਹਾਂ ਜ਼ਰਾ ਕੁ ਇਹ ਬੋਲਡ ਸਟੈਪਸ ਲੈਣ ਤਾਂ ਇਹ ਸਾਰਾ ਮਸਲਾ ਹੀ ਹੱਲ ਹੋ ਜਾਵੇ।

ਇਕ ਮੈਂ ਹੋਰ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਕਿ ਇਹ ਦੂਜਿਆਂ ਸੂਬਿਆਂ ਤੋਂ ਆਪਣੀ ਉਪਜ ਦਾ ਮੁਨਾਫਾ ਨਹੀਂ ਲੈਂਦੇ, ਉਨ੍ਹਾਂ ਨੂੰ ਪ੍ਰੋਕਿਉਰਮੈਂਟ ਪ੍ਰਾਈਸ ਤੇ ਹੀ ਵਚੀ ਜਾਂਦੀ ਹੈ ਉਸ ਤਰ੍ਹਾਂ ਹੀ ਇਹ ਉਨ੍ਹਾਂ ਸਟੇਟਾਂ ਨੂੰ ਕਹਿਣ ਕਿ ਉਹ ਵੀ ਕੋਈ ਮੁਨਾਫਾ ਨਾ ਲੈਣ। ਜੋ ਭਾ ਡੀਜ਼ਲ ਉਨ੍ਹਾਂ ਨੂੰ ਪੈਂਦਾ ਹੈ ਉਸ ਭਾ ਹੀ ਸਾਨੂੰ ਮਿਲਣਾ ਚਾਹੀਦਾ ਹੈ। ਇਹ ਜਿੱਥੇ ਵੀ ਕਣਕ ਭੇਜਦੇ ਹਨ ਜੇਕਰ ਉਸ ਸਟੇਟ ਨੂੰ ਕਹਿਣ ਕਿ ਜੇਕਰ ਤੁਸੀਂ ਕੋਇਲਾ ਜਾਂ ਜਿਹੜੀ ਹੋਰ ਚੀਜ਼ ਦੀ ਲੋੜ ਹੈ ਜੇਕਰ ਉਹ ਭੇਜੋਗੇ ਤਾਂ ਅਸੀਂ ਵੀ ਅਨਾਜ ਭੇਜਾਂਗੇ। ਜੇਕਰ ਤੁਸੀਂ ਸਾਨੂੰ ਇਹ ਚੀਜ਼ ਦਿਓਗੇ ਤਾਂ ਅਸੀਂ ਵੀ ਤੁਹਾਨੂੰ ਅਨਾਜ ਦਿਆਂਗੇ। ਇਸ ਤਰ੍ਹਾਂ ਕਰਨ ਨਾਲ ਸਾਰਾ ਹੀ ਖਾਦ ਦਾ, ਡੀਜ਼ਲ ਦਾ, ਲੋਹੇ ਦਾ ਜਾਂ ਹੋਰ ਜਿਹੜੀਆਂ ਐਸੀਆਂ ਵਸਤਾਂ ਹਨ ਜਿਹੜੀਆਂ ਕਿ ਸਾਡੀ ਸਟੇਟ ਵਿਚ ਘੱਟ ਹਨ ਉਨ੍ਹਾਂ ਨੂੰ ਮਿਲਣ ਵਿਚ ਕੋਈ ਮੁਸ਼ਕਲ ਨਹੀਂ ਆ ਸਕਦੀ। ਲੇਕਿਨ, ਸਪੀਕਰ ਸਾਹਿਬ, ਇਹ ਕੰਮ ਕਰਨਾ ਇਨ੍ਹਾਂ ਲਈ ਮੁਸ਼ਕਲ ਹੈ, ਕਿਉਂਕਿ "ਬਿੱਲੀ ਦੇ ਗਲ ਟੱਲੀ ਕੌਣ ਪਾਵੇਗਾ ?" ਸੋ ਮੈਂ ਇਨ੍ਹਾਂ ਨੂੰ ਅਰਜ਼ ਕਰਾਂਗਾ ਕਿ ਸਾਡੀ ਸਟੇਟ ਵਿਚ ਇਨ੍ਹਾਂ ਚੀਜ਼ਾਂ ਦੀ ਘਾਟ ਨਹੀਂ ਹੋ ਸਕਦੀ ਜੇਕਰ ਇਹ ਥੋੜ੍ਹਾ ਜਿਹਾ ਬੋਲਡ ਸਟੈਪ ਚੁੱਕਣ।

ਫਿਰ, ਡਿਪਟੀ ਸਪੀਕਰ ਸਾਹਿਬ, ਇਥੇ ਜ਼ਿਕਰ ਆਇਆ ਉਸ ਪਾਈਪ ਲਾਈਨ ਦਾ ਜਿਹੜੀ ਕਿ ਮਥਰਾ ਤੋਂ ਲੈ ਕੇ ਜਲੰਧਰ ਤਕ ਡੀਜ਼ਲ ਸਪਲਾਈ ਕਰਨ ਲਈ ਵਿਛਾਉਣੀ ਹੈ ਤਾਕਿ ਸਪ-ਲਾਈ ਸੌਖੀ ਹੋ ਜਾਵੇ। ਖਬਰ ਤਾਂ ਇਹ ਬੜੀ ਅੱਛੀ ਸੀ ਜਿਸ ਵਲੋਂ ਸੁਣੀ ਬੜੀ ਖੁਸ਼ੀ ਹੋਈ ਲੇਕਿਨ ਕਦੋਂ ਮਥਰਾ ਦੀ ਰੀਫਾਈਨਰੀ ਲੱਗੇਗੀ ਅੰਤੇ ਮਥਰਾ ਦੀ ਰੀਫਾਇਨਰੀ ਲੱਗਣ ਤੋਂ ਬਾਅਦ ਕਦ ਪਾਈਪ ਲਾਈਨ ਆਈ ਤੇਲ ਦੀ। ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਕਹਾਂਗਾ ਕਿ ਇਹ ਤਾਂ ਓਹ ਹੀ ਗੱਲ ਹੋਵੇਗੀ "ਕੌਣ ਜੀਤਾ ਹੈ ਤੇਰੀ ਜ਼ੁਲਫ ਕੇ ਸਰ ਹੋਨੇ ਤਕ' ਇਤਨਾ ਇੰਤਜ਼ਾਰ ਕਿਸਾਨਾਂ ਪਾਸੋਂ ਨਹੀਂ ਹੋਵੇਗਾ। ਇਸਦਾ ਇਕ ਹੀ ਹੱਲ ਹੈ ਜਿਸ ਤਰ੍ਹਾਂ ਕਿ ਮੈਂ ਅਰਜ਼ ਕੀਤੀ ਹੈ ਜੇਕਰ ਇਹ ਉਸ ਤਰ੍ਹਾਂ ਕਰਨ ਤਾਂ ਡੀਜ਼ਲ ਦਾ ਮਸਲਾ ਆਪਣੇ ਆਪ ਹੀ ਹੱਲ ਹੋ ਜਾਵੇਗਾ।

ਇਸ ਦੇ ਨਾਲ ਹੀ ਥੋੜ੍ਹਾ ਜਿਹਾ ਮੈਂ ਕੋਆਪ੍ਰੇਟਿਵ ਮਹਿਕਮੇ ਦਾ ਵੀ ਜ਼ਿਕਰ ਕਰਨਾ ਚਾਹੁੰਦਾ ਹੈ। ਕੋਆਪਰੇਸ਼ਨ ਦੇ ਮਹਿਕਮੇ ਦਾ ਜਿਤਨਾ ਹੀ ਫੈਲਾਓ ਕੀਤਾ ਜਾ ਰਿਹਾ ਹੈ ਉਤਨਾ ਹੀ ਇਸ

[ਸਰਦਾਰ ਸੁਰਜੀਤ ਸਿੰਘ]

ਵਿਚ ਕੁਰੱਪਸ਼ਨ ਦਾ ਫੈਲਾਓ ਹੁੰਦਾ ਜਾ ਰਿਹਾ ਹੈ। ਇਹ ਕੁਰੱਪਸ਼ਨ ਦਾ ਅੱਡਾ ਬਣ ਗਿਆ ਹੈ (ਥੰਪਿੰਗ)। ਇਸ ਮਹਿਕਮੇ ਦਾ ਇਕ ਛੋਟੇ ਤੋਂ ਛੋਟਾ ਸਬ-ਇੰਸਪੈਕਟਰ ਲੱਖਾਂ ਦੇ ਵਿਚ ਖੇਲ੍ਹਦਾ ਹੈ। ਛੋਟੀ ਜਿਹੀ ਹੇਰਾ ਫੇਰੀ ਵਿੱਚੋਂ ਉਹ ਹਜ਼ਾਰਾਂ ਹੀ ਰੁਪਏ ਕਮਾ ਲੈਂਦਾ ਹੈ। ਮਹਿਜ਼ ਉਹ ਆਪ ਹੀ ਕੁਰੱਪਸ਼ਨ ਨਹੀਂ ਕਰਦਾ ਸਗੋਂ ਉਸ ਨੇ ਪੰਜਾਬ ਦੇ ਇਮਾਨਦਾਰ ਕਿਸਾਨ ਨੂੰ ਵੀ ਕੁਰੱਪਟ ਕਰਨਾ ਸ਼ੁਰੂ ਕਰ ਦਿੱਤਾ ਹੈ। ਇਸ ਨੇ ਉਸ ਇਮਾਨਦਾਰ ਕਿਸਾਨ ਨੂੰ ਵੀ ਬੇਈਮਾਨ ਬਣਾਉਣ ਦੀ ਕੋਸ਼ਿਸ਼ ਕੀਤੀ ਹੈ। ਫਿਰ ਇਲੈਕਸ਼ਨਾ ਕਰਵਾਈਆਂ ਜਾਂਦੀਆਂ ਹਨ ਉਸ ਵਿਚ ਵੀ ਹੇਰਾ ਫੇਰੀਆਂ ਕੀਤੀਆਂ ਜਾਂਦੀਆਂ ਹਨ। ਪਿੱਛੇ ਜਿਹੇ ਗੁਰਦਾਸਪੁਰ ਸੈਂਟਰਲ ਕੋਆਪ੍ਰੇਟਿਵ ਬੈਂਕ ਦੀ ਚੋਣ ਹੋਈ, ਇਕ ਪਾਸੇ ਇਕ ਐਮ. ਐਲ. ਏ. ਸਾਹਿਬ ਸਰਦਾਰ ਮਹਿੰਦਰ ਸਿੰਘ ਬੱਬੇਹਾਲੀ ਖੜ੍ਹੇ ਸਨ ਲੇਕਿਨ ਉਸ ਦੇ ਮੁਕਾਬਲੇ ਵਿਚ ਇਕ ਮਨਿਸਟਰ ਸਾਹਿਬ ਨੇ ਆਪਣਾ ਭਾਈ ਖੜ੍ਹਾ ਕਰ ਦਿੱਤਾ। ਉਹ ਕਿਸੇ ਸੁਸਾਇਟੀ ਦਾ ਮੈਂਬਰ ਨਹੀਂ ਸੀ। ਉਸਨੂੰ ਵੀਵਰਜ਼ ਕੋਆਪ੍ਰੇਟਿਵ ਸੋਸਾਇਟੀ ਦਾ ਮੈਂਬਰ ਬਣਾ ਦਿਤਾ ਗਿਆ। ਉਥੇ ਰਿਕਾਰਡ ਭੰਨ ਕੇ, ਤੋੜ ਕੇ ਇਹ ਕੀਤਾ। ਇਸ ਦਾ ਪਰੂਫ ਮੌਜੂਦ ਹੈ, ਇਸਦਾ ਸਬੂਤ ਮੌਜੂਦ ਹੈ। ਉਸਨੂੰ ਮੈਂਬਰ ਬਣਾਇਆ ਗਿਆ ਅਤੇ ਸਰਕਾਰੀ ਮਸ਼ੀਨਰੀ ਇਸਤੇਮਾਲ ਕਰਕੇ ਕੋਆਪ੍ਰੇਟਿਵ ਬੈਂਕ ਦਾ ਚੇਅਰਮੈਨ ਬਣਾਇਆ ਗਿਆ। ਇਸ ਕਿਸਮ ਦੀਆਂ ਗੱਲਾਂ ਨਹੀਂ ਹੋਣੀਆਂ ਚਾਹੀਦੀਆਂ। ਇਸਦੇ ਨਾਲ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਮਹਿਕਮੇ ਵਿਚ ਇਕੋ ਹੀ ਗੱਲ ਹੈ ਕਿ ਕਿਸ ਤਰ੍ਹਾਂ ਇਸ ਵਿੱਚੋਂ ਵੱਧ ਪੈਸੇ ਕਮਾਏ ਜਾ ਸਕਦੇ ਹਨ ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਸ ਆਸ਼ੇ ਨਾਲ, ਜਿਸ ਨਿਸ਼ਚੇ ਨਾਲ ਇਸ ਮਹਿਕਮੇ ਨੂੰ ਸ਼ੁਰੂ ਕੀਤਾ ਗਿਆ ਸੀ ਉਸ ਨੂੰ ਪੂਰਾ ਕਰਨ ਵਾਸਤੇ ਕਦਮ ਚੁੱਕੇ ਜਾਣੇ ਚਾਹੀਦੇ ਹਨ ਤਾਂ ਜੋ ਹਾਲਾਤ ਸੁਧਰ ਸਕਣ। ਕੋਆਪ੍ਰੇਟਿਵ ਸਿਸਟਮ ਜਿਹੜਾ ਸ਼ੁਰੂ ਸ਼ੁਰੂ ਵਿਚ ਲਾਗੂ ਕੀਤਾ ਗਿਆ ਸੀ ਉਹ ਕੁਝ ਚੰਗਾ ਸੀ, ਉਸ ਵੇਲੇ ਕੁਝ ਕੰਮ ਚੰਗਾ ਹੋਇਆ ਹੈ ਪਰ ਅੱਜ ਤਾਂ ਇਹ ਕੁਰੱਪ-ਸ਼ਨ ਦਾ ਅੱਡਾ ਬਣਿਆ ਹੋਇਆ ਹੈ, ਇਸ ਬਾਰੇ ਕੁਝ ਐਸਾ ਮਾਲੂਮ ਹੁੰਦਾ ਹੈ। ਇਸ ਬਾਰੇ ਮੈਂ ਇਹ ਕਹਾਂਗਾ ਕਿ ਇਸ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾ ਦਿੱਤੀ ਜਾਵੇ ਜਿਹੜੀ ਕਿ ਇਸ ਮਹਿਕਮੇ ਦੀ ਵਰਕਿੰਗ ਨੂੰ ਵੇਖੇ ਅਤੇ ਜੋ ਇਸ ਵਿਚ ਕੁਰੱਪਸ਼ਨ ਹੈ, ਉਸ ਬਾਰੇ ਆਪਣੀ ਰਿਪੋਰਟ ਦੇ ਸਕੇ ਅਤੇ ਇਹ ਦੱਸ ਸਕੇ ਕਿ ਇਸ ਦੇ ਵਿਚ ਕਿਥੇ ਕਿਥੇ ਨੁਕਸ ਹਨ ਅਤੇ ਉਨ੍ਹਾਂ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ। ਇਹ ਸਰਕਾਰ ਇਸ ਗੱਲ ਨੂੰ ਨਹੀਂ ਮੰਨਦੀ ਕਿ ਨੁਕਸ ਹਨ, ਪਰ ਕੁਝ ਨੁਕਸ ਹੁੰਦੇ ਹਨ। ਇਸ ਪਾਸੇ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਇਹ ਆਪਣੀਆਂ ਭੁੱਲਾਂ ਮੰਨਦੇ ਨਹੀਂ, ਮੰਨ ਲੈਣਾ ਚਾਹੀਦਾ ਹੈ ਇਸ ਬਾਰੇ ਮੈਂ ਇਕ ਗੱਲ ਦੱਸਣੀ ਚਾਹੁੰਦਾ ਹਾਂ ਕਿ ਇਹ ਇਕ ਕਿਤਾਬ "ਨਵਾਂ ਮੋੜ" ਮੇਰੇ ਪਾਸ ਹੈ, ਇਹ ਗਵਰਨਮੈਂਟ ਆਫ ਇੰਡੀਆ ਦੀ ਪਬਲੀਕੇਸ਼ਨ ਹੈ, ਇਸ ਵਿਚ ਉਨ੍ਹਾਂ ਨੇ ਵੀ ਆਪਣੀਆਂ ਫੇਲ੍ਹਿੰਗਜ਼ ਨੂੰ ਮੰਨਿਆ ਹੈ। ਇਹ ਮੰਨ ਵੀ ਲੈਣੀਆਂ ਚਾਹੀਦੀਆਂ ਹਨ। ਇਸ ਦੇ ਪਹਿਲੇ ਪੇਜ ਤੇ ਲਿਖਿਆ ਹੈ, "ਅਸੀਂ ਕਈ ਭੁੱਲਾਂ ਕੀਤੀਆਂ ਹਨ"। ਉਨ੍ਹਾਂ ਵੀ ਇਸ ਚੀਜ਼ ਨੂੰ ਮੰਨਿਆ ਹੈ। ਫਿਰ ਅਗਲੇ ਪੇਜਿਜ਼ ਤੇ ਕਿਹਾ ਗਿਆ ਹੈ, 'ਸਮਾਜਵਾਦੀ ਲੋਕਰਾਜ ਇਨ੍ਹਾਂ ਸਭਨਾ ਤੋਂ ਅਗੇਰੇ ਹੈ। ਇਸ ਦੇਸ਼ ਦੇ ਕਰੋੜਾਂ ਲੋਕ ਹਨ ਪਰ ਜਦ ਇਕ ਦੇਸ਼ ਦੇ 40 ਪ੍ਰਤੀ-ਸ਼ਤ ਲੋਕ ਗਰੀਬੀ ਦੀ ਸੀਮਾ ਜਾਂ ਘੱਟੋ ਘੱਟ ਉਪਭੋਗਤਾ ਦੀ ਪੱਧਰ ਤੋਂ ਵੀ ਹੇਠਾਂ ਰਹਿੰਦੇ ਹਨ ਤਾਂ ਸਪਸ਼ਟ ਇਹ ਸਿੱਟਾ ਕੱਢਣਾ ਚਾਹੀਦਾ ਹੈ ਕਿ ਕਿਤੇ ਨਾ ਕਿਤੇ ਕੋਈ ਨੁਕਸ ਹੈ"। ਇਸ ਕਰਕੇ ਜੋ ਇਹ ਕਿਹਾ ਗਿਆ ਹੈ ਕਿ 40 ਪ੍ਰਤੀਸ਼ਤ ਲੋਕ ਗਰੀਬੀ ਦੀ ਸੀਮਾਂ ਜਾਂ ਘੱਟੋ ਘੱਟ ਉਪਭੋਗਤਾ

ਦੀ ਪੱਧਰ ਤੋਂ ਵੀ ਥੱਲੇ ਹਨ, ਇਸ ਦਾ ਨਤੀਜਾ ਇਹੀ ਕੱਢਿਆ ਹੈ ਕਿ 26 ਸਾਲ ਵਿਚ ਕਿਤੇ ਨਾ ਕਿਤੇ ਨੁਕਸ ਜ਼ਰੂਰ ਹੈ। ਮੈਂ ਇਹ ਕਹਾਂਗਾ ਕਿ ਸਾਨੂੰ ਵੀ ਇਨ੍ਹਾਂ ਨੁਕਸਾਂ ਨੂੰ ਮੰਨ ਲੈਣਾ ਚਾਹੀਦਾ ਹੈ। ਇਸ ਕਰਕੇ ਅੱਛਾ ਹੋਵੇ ਕਿ ਇਸ ਹਾਊਸ ਦੇ ਮੈਂਬਰਾਂ ਦੀ ਇਕ ਕਮੇਟੀ ਬਣਾ ਦਿਤੀ ਜਾਵੇ। "ਨਵਾ ਮੋੜ" ਕਿਤਾਬ ਵਿਚ ਉਨ੍ਹਾਂ ਨੇ ਇਹ ਵੀ ਮੰਨਿਆ ਹੈ ਕਿ ਇਸ ਵੇਲੇ ਸਾਡੇ ਦੇਸ਼ ਵਿਚ 22 ਕਰੋੜ ਲੋਕ ਗਰੀਬ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੀਆਂ ਫੇਲੂਰਿੰਗਜ਼ ਮੰਨੀਆਂ ਨਹੀਂ। ਇਸ ਕਰਕੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਨੂੰ ਮੰਨ ਲੈਣਾ ਚਾਹੀਦਾ ਹੈ ਅਤੇ ਠੀਕ ਕੀਤਾ ਜਾਣਾ ਚਾਹੀਦਾ ਹੈ। ਡਿਪਟੀ ਸਪੀਕਰ ਸਾਹਿਬ, ਰੋਡਜ਼ ਦੇ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ; ਪਹਿਲਾਂ ਤਾਂ ਇਹ ਕਿ ਲਿੰਕ ਰੋਡਜ਼ ਬਾਰੇ ਇਹ ਕਿਹਾ ਗਿਆ ਹੈ :

It was estimated that 9,600 kms. of roads would be required to link these villages.

ਐਸਟੀਮੇਟਸ ਬਣਵਾ ਲਏ 9,600 ਕਿਲੋਮੀਟਰ ਸੜਕਾਂ ਦੇ ਕਿ ਇੰਨੇ ਕਿਲੋਮੀਟਰ ਸੜਕਾਂ ਦੀ ਲੋੜ ਪੈਣੀ ਹੈ। ਅਗਲੇ ਪੈਰੇ ਵਿਚ ਕਿਹਾ ਹੈ :

Construction of 9, 521 kms. of roads during 1972-73 and 1973-74 has been completed.

ਯਾਨੀ ਕਿੰਨੀਆਂ ਸੜਕਾਂ ਬਾਕੀ ਰਹਿ ਗਈਆਂ ਹਨ ਪੰਜਾਬ ਵਿਚ–ਲਿੰਕ ਰੋਡਜ਼ 79 ਰਹਿ ਗਈਆਂ ਹਨ ਅਤੇ ਬਾਕੀ ਸਾਰਿਆਂ ਪਿੰਡਾਂ ਨੂੰ ਲਿੰਕ ਸੜਕਾਂ ਨਾਲ ਜੋੜਿਆ ਜਾ ਚੁੱਕਾ ਹੈ। ਇਹ ਰਿਪੋਰਟ ਜੋ ਹੈ ਬਿਲਕੁਲ ਗਲਤ ਹੈ। ਸਾਡੇ ਹਲਕੇ ਦੇ ਬਹੁਤ ਸਾਰੇ ਪਿੰਡ ਅਜੇ ਪਏ ਹਨ ਅਤੇ ਦੂਜੇ ਬਹੁਤ ਸਾਰੇ ਹਲਕਿਆਂ ਦੇ ਪਿੰਡ ਵੀ ਅਜੇ ਪਏ ਹੋਏ ਹਨ। ਇਸ ਕਰਕੇ ਇਹ ਗਲਤ ਰਿਪੋਰਟ ਦਿੱਤੀ ਗਈ ਹੈ ਕਿ ਮਹਿਜ਼ 79 ਕਿਲੋਮੀਟਰ ਲਿੰਕ ਸੜਕਾਂ ਬਾਕੀ ਰਹਿ ਗਈਆਂ ਹਨ।

ਹੁਣ ਮੈ ਟਰਾਂਸਪੋਰਟ ਬਾਰੇ ਗੱਲ ਕਰਨੀ ਚਾਹੁੰਦਾ ਹਾਂ। ਢਾਈ ਕਰੋੜ ਰੁਪਿਆ ਸਰਕਾਰ ਨੇ ਖਰਚ ਕਰਨਾ ਹੈ ਨਵੀਆਂ ਬੱਸਾਂ ਤੇ ਅਤੇ ਹੋਰ ਰੂਟਾਂ ਤੇ ਪਾਈਆਂ ਜਾਣਗੀਆਂ। ਇਸ ਬਾਰੇ ਮੈਂ ਇਹ ਗੱਲ ਕਹਿਣੀ ਚਾਹੁੰਦਾ ਹਾਂ ਕਿ ਟਰਾਂਸਪੋਰਟ ਮਨਿਸਟਰ, ਡਾਲੇਕੇ ਸਾਹਿਬ ਦਾ ਅਪਣਾ ਬਿਆਨ ਆਇਆ ਸੀ, ਡਿਪਟੀ ਸਪੀਕਰ ਸਾਹਿਬ, ਤੁਸੀਂ ਵੀ ਇਸ ਨੂੰ ਪੜ੍ਹਿਆ ਹੋਣਾ ਹੈ, ਸਭ ਨੇ ਪੜ੍ਹਿਆ ਹੋਣਾ ਹੈ ਕਿ ਸਾਢੇ ਤਿੰਨ ਸੌ, ਹੁਣ ਤਾਂ 400 ਹੋ ਗਈਆਂ ਹੋਣੀਆਂ ਹਨ ਬੱਸਾਂ ਸਾਡੀਆਂ ਖੜ੍ਹੀਆਂ ਹਨ ਕਿਉਂਕਿ ਟਾਇਰ ਨਹੀਂ ਮਿਲ ਰਹੇ। ਸਰਕਾਰ ਪਾਸ ਟਾਇਰ ਤਾਂ ਹਨ ਨਹੀ ਅਤੇ ਬੱਸਾਂ ਖੜ੍ਹੀਆਂ ਹਨ। ਇਸ ਕਰਕੇ ਮੈਂ ਇਹ ਸਮਝਦਾ ਹਾਂ ਕਿ ਇਹ ਬੜੀ ਹੈਰਾਨੀ ਵਾਲੀ ਗੱਲ ਹੈ, ਸਰਕਾਰ ਨੂੰ ਇਸ ਬਾਰੇ ਸੋਚਣਾ ਚਾਹੀਦਾ ਹੈ। ਇਸ ਤੋਂ ਬਾਅਦ ਪਰੈੱਸ ਵਿਚ ਨਵੀਂ ਸਟੇਟ-ਮੈਂਟ ਆ ਗਈ ਕਿ ਸਾਡੀ ਟਰਾਂਸਪੋਰਟ ਦੀਆਂ ਬੱਸਾਂ ਦੀ ਹਾਲਤ ਬੜੀ ਖਸਤਾ ਹੈ, ਬੜੀ ਮਾੜੀ ਹੈ, ਇਨ੍ਹਾਂ ਦੇ ਕੁਝ ਪੁਰਜ਼ੇ ਬਦਲੇ ਜਾਣਗੇ ਅਤੇ ਕੰਡਮ ਕੀਤੇ ਜਾਣਗੇ ਅਤੇ ਇਸ ਕਰਕੇ ਢਾਈ ਕਰੋੜ ਰੁਪਿਆ ਹੋਰ ਖਰਚ ਕੀਤਾ ਜਾਵੇਗਾ। ਮੈਂ ਇਹ ਕਹਾਂਗਾ ਕਿ ਜਦੋਂ ਤਕ ਇਸ ਸਿਸਟਮ ਨੂੰ ਸੁਧਾਰਿਆ ਨਹੀਂ ਜਾਵੇਗਾ, ਰੋਡ ਟਰਾਂਸਪੋਰਟ ਦੀ ਹਾਲਤ ਬਿਹਤਰ ਨਹੀਂ ਹੋ ਸਕਦੀ। ਦੇਖਣਾ ਇਹ ਹੈ ਕਿ ਨੁਕਸ ਕਿੱਥੇ ਹਨ। ਜਦੋਂ ਕਿ ਆਪ ਇਨ੍ਹਾਂ ਦੇ ਮਨਿਸਟਰ ਸਾਹਿਬ ਆਪਣੀਆਂ ਫੇਲ੍ਹਿੰਗਜ਼ ਦੀ ਵਜ੍ਹਾ ਦਸੱਦੇ ਹੋਣ ਤਾਂ ਫਿਰ ਬਜਟ ਵਿਚ ਹੋਰ ਪ੍ਰੋਵੀਜ਼ਨ ਕਰ ਦਿੱਤੀ ਹੈ। ਪਹਿਲਾਂ ਚਾਹੀਦਾ ਇਹ ਹੈ ਕਿ ਉਨ੍ਹਾਂ ਫੇਲਿੰਗਜ਼ ਨੂੰ ਕਿਸ ਤਰ੍ਹਾਂ ਦੂਰ ਕੀਤਾ ਜਾ ਸਕਦਾ ਹੈ, ਕਿਵੇਂ ਬੱਸਾਂ ਨੂੰ ਠੀਕ ਚਲਾਇਆ ਜਾ ਸਕਦਾ ਹੈ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਦੀਆਂ ਇਕ-ਦੋ ਰੂਟਾਂ ਤੇ ਭਾਵੇਂ

[ਸਰਦਾਰ ਸੁਰਜੀਤ ਸਿੰਘ]

ਚੰਗੀਆਂ ਬੱਸਾਂ ਚਲਦੀਆਂ ਹੋਣ, ਬਾਕੀ ਰੂਟਾਂ ਤੇ ਬੱਸਾਂ ਦੀ ਬੁਰੀ ਹਾਲਤ ਹੈ। ਤੁਹਾਨੂੰ ਤਾਂ ਬੱਸਾਂ ਵਿਚ ਸ਼ਾਇਦ ਨਾ ਬੈਠਣਾ ਪੈਂਦਾ ਹੋਵੇ ਬੱਸਾਂ ਦੀ ਬੁਰੀ ਹਾਲਤ ਹੈ, ਸੀਟਾਂ ਨੂੰ ਆਪਣਿਆਂ ਕਪੜਿਆਂ ਨਾਲ ਸਾਫ਼ ਕਰਨਾ ਪੈਂਦਾ ਹੈ, ਬੱਸਾਂ ਦਾ ਫਰਸ਼ ਗੰਦਾ ਹੁੰਦਾ ਹੈ, ਹਫਤਾ ਹਫਤਾ ਕੋਈ ਉਨ੍ਹਾਂ ਨੂੰ ਸਾਫ ਨਹੀਂ ਕਰਦਾ, ਕੋਈ ਸਫਾਈ ਨਹੀਂ ਕਰਦਾ ਬੱਸਾਂ ਵਿਚ ਬੈਠਣ ਨੂੰ ਦਿਲ ਨਹੀਂ ਕਰਦਾ। ਇਹ ਹਾਲਤ ਹੈ ਇਨ੍ਹਾਂ ਦੀਆਂ ਬੱਸਾਂ ਦੀ। ਬੱਸਾਂ ਨੂੰ ਦੂਜੀਆਂ ਜਗ੍ਹਾ ਤੇ ਖੜ੍ਹਾ ਕਰ ਦਿੱਤਾ ਜਾਂਦਾ ਹੈ ਅਤੇ ਕਿਹਾ ਜਾਂਦਾ ਹੈ ਕਿ ਬੱਸ ਤਾਂ ਖਰਾਬ ਹੋ ਗਈ ਹੈ ਅਤੇ ਲੋਕਾਂ ਨੂੰ ਜਾਣ ਵਾਸਤੇ ਹੋਰ ਇੰਤਜ਼ਾਮ ਕਰਨਾ ਪੈਂਦਾ ਹੈ। ਇਹ ਇਸ ਕਰਕੇ ਹੁੰਦਾ ਹੈ ਕਿ ਸਰਕਾਰੀ ਬੱਸਾਂ ਹਨ, ਕੋਈ ਪੁੱਛਦਾ ਨਹੀਂ ਪ੍ਰਾਈਵੇਟ ਜਿਹੜੀਆਂ ਬੱਸਾਂ ਹਨ ਉਨ੍ਹਾਂ ਦੀ ਹਾਲਤ ਬੜੀ ਚੰਗੀ ਹੈ, ਚੰਗੀਆਂ ਸੀਟਾਂ ਹੁੰਦੀਆਂ ਹਨ ਸਾਫ ਹੁੰਦੀਆਂ ਹਨ ਅਤੇ ਰਸਤੇ ਵਿਚ ਵੀ ਨਹੀਂ ਖਰਾਬ ਹੁੰਦੀਆਂ, ਪਰ ਸਰਕਾਰੀ ਬੱਸਾਂ ਦੇ ਫਰਸ਼ ਵੀ, ਸੀਟਾਂ ਵੀ ਅਤੇ ਹੋਰ ਸਭ ਕੁਝ ਖਰਾਬ ਹੁੰਦਾ ਹੈ ਅਤੇ ਲੋਕਾਂ ਨੂੰ ਬੜੀ ਤਕਲੀਫ ਹੁੰਦੀ ਹੈ। ਇਸ ਕਰਕੇ ਜੇ ਢਾਈ ਕਰੋੜ ਰੁਪਿਆ ਬੱਸਾਂ ਤੇ ਖਰਚ ਕਰਨਾ ਹੈ ਤਾਂ ਇਨ੍ਹਾਂ ਦੀ ਹਾਲਤ ਨੂੰ ਵੀ ਸੁਧਾਰਨਾ ਚਾਹੀਦਾ ਹੈ। ਇਸ ਪਾਸੇ ਸਰਕਾਰ ਨੂੰ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ।

ਫਿਰ ਐਜੂਕੇਸ਼ਨ ਦਾ ਜ਼ਿਕਰ ਕੀਤਾ ਗਿਆ। ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ 2 ਕਰੋੜ ਰੁਪਏ ਦਾ ਬੰਗਲਾ ਦੇਸ਼ ਰਿਫਿਊਜ਼ੀ ਟੈਕਸ ਜਿਹੜਾ ਲਗਾਇਆ ਗਿਆ ਸੀ, ਉਹ ਅਜੇ ਹਟਾਇਆ ਨਹੀਂ ਗਿਆ। ਐਜੂਕੇਸ਼ਨ ਤੇ ਵੀ ਇਹ ਪਰਮਾਨੈਂਟ ਫੀਚਰ ਹੀ ਬਣਾ ਦਿਤੀ ਹੈ, ਇਸ ਨੂੰ ਹਟਾ ਦੇਣਾ ਚਾਹੀਦਾ ਸੀ। ਇਹ ਟੈਕਸ ਅਜੇ ਸਾਡੇ ਲਗਿਆ ਹੋਇਆ ਹੈ।

ਫਿਰ ਸਰਕਾਰ ਕਹਿੰਦੀ ਹੈ ਕਿ ਪ੍ਰਾਇਮਰੀ ਸਕੂਲ ਹੋਰ ਬਹੁਤ ਖੋਲ੍ਹ ਦਿੱਤੇ ਗਏ ਹਨ, ਪਰ ਜਿੱਥੋਂ ਤਕ ਅੱਪ-ਗਰੇਡਿੰਗ ਦਾ ਤਾਲੁਕ ਹੈ, ਇਸ ਬਾਰੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਇਨ੍ਹਾਂ ਦੇ ਜੋ ਆਪਣੇ ਫੈਕਟਸ ਐਂਡ ਫਿੱਗਰਜ਼ ਹਨ, ਜਿਹੜੀ ਇਨ੍ਹਾਂ ਨੇ ਇਕ ਕਿਤਾਬ ਦਿੱਤੀ ਹੈ, ਉਸ ਦੇ ਮੁਤਾਬਿਕ ਇਹ ਪਿਛਲੇ ਦੋ ਸਾਲਾਂ ਵਿਚ ਉਤਨੇ ਸਕੂਲ ਅੱਪ-ਗਰੇਡ ਨਹੀਂ ਕਰ ਸਕੇ ਜਿੰਨੇ 1970-71 ਵਿਚ ਅੱਪ-ਗਰੇਡ ਕੀਤੇ ਗਏ। ਸਰਦਾਰ ਉਮਰਾਓ ਸਿੰਘ ਇਥੇ ਇਸ ਵੇਲੇ ਬੈਠੇ ਨਹੀਂ, ਸ਼ਰਮਾ ਜੀ ਇਸ ਗੱਲ ਨੂੰ ਨੋਟ ਕਰ ਲੈਣ, ਕਿ ਪਿਛਲੇ ਸਾਲਾਂ ਤੋਂ ਅਗਾਂਹ ਵਧਣਾ ਚਾਹੀਦਾ ਹੈ ਨਾ ਕਿ ਪਿੱਛੇ ਹਟਣਾ ਚਾਹੀਦਾ ਹੈ। ਜੇ ਅਗਾਂਹ ਵਧਦੇ ਤਾਂ ਹਾਊਸ ਤੁਹਾਡੀ ਤਰੀਫ ਕਰਦਾ ਪਿਛਲੇ ਦੋ ਸਾਲਾਂ ਦੇ ਅੰਕੜੇ ਲੈ ਲਵੋ ਤਾਂ ਇਹ ਪਤਾ ਲਗਦਾ ਹੈ ਕਿ ਜਿੰਨੇ ਇਕ ਸਾਲ ਵਿਚ ਸਕੂਲ ਅੱਪ-ਗਰੇਡ ਹੋਏ ਉਤਨੇ ਦੋ ਸਾਲਾਂ ਨੂੰ ਮਿਲਾ ਕੇ ਨਹੀਂ ਕੀਤੇ ਗਏ। 1970-71 ਵਿਚ 256 ਪ੍ਰਾਇਮਰੀ ਸਕੂਲ ਮਿਡਲ ਬਣਾਏ ਗਏ ਅਤੇ 155 ਮਿਡਲ ਤੋਂ ਹਾਈ ਬਣਾਏ ਗਏ, ਪਰ ਪਿਛਲੇ ਦੋ ਸਾਲਾਂ ਦੇ ਅੰਕੜੇ ਮਿਲਾ ਕੇ ਵੀ 1970-71 ਦੇ ਬਰਾਬਰ ਨਹੀਂ ਹੁੰਦੇ। ਇਸ ਦੇ ਮੁਤਾਲਿਕ ਡਿਸਕਰਿਮੀਨੇਸ਼ਨ ਦੀ ਆਵਾਜ਼ ਵੀ ਜਗ੍ਹਾ ਜਗ੍ਹਾ ਤੋਂ ਉੱਠਦੀ ਹੈ। ਜਦੋਂ ਵੀ ਕੋਈ ਸਵਾਲ ਇਸ ਬਾਰੇ ਇਥੇ ਆਉਂਦਾ ਹੈ ਇਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਡਿਸਕਰਿਮੀਨੇਸ਼ਨ ਹੋਈ ਹੈ। ਮੈਂ ਆਪਣੇ ਹਲਕੇ ਦੀ ਹੀ ਗੱਲ ਕਰਦਾ ਹਾਂ। ਮੇਰੇ ਹਲਕੇ ਵਿਚ ਚੀਮਾਂ ਦਾ ਮਿਡਲ ਸਕੂਲ ਹਾਈ ਕਰਨਾ ਮੰਨ ਲਿਆ ਗਿਆ--- ਉਸ ਜਗ੍ਹਾ 5 ਮੀਲ ਵਿਚ ਹੋਰ ਕੋਈ ਸਕੂਲ ਵੀ ਨਹੀਂ। ਇਸ ਬਾਰੇ ਇਤਲਾਹ ਚਲੀ ਗਈ ਕਿ ਸਰਕਾਰ ਨੇ ਇਸ ਸਕੂਲ ਨੂੰ ਅੱਪ-ਗਰੇਡ ਕਰਨਾ ਮੰਨ ਲਿਆ ਹੈ। ਪਤਾ ਨਹੀਂ ਇਨ੍ਹਾਂ ਤੋਂ ਕਿਸ ਤਰ੍ਹਾਂ ਭੁੱਲ ਹੋ ਗਈ। ਇਸ ਖੁਸ਼ੀ ਵਿਚ ਬੱਚਿਆਂ ਵਿਚ ਮਿਠਾਈ ਵੀ ਵੰਡ ਦਿਤੀ ਗਈ। ਉਸ ਤੋਂ ਬਾਅਦ ਪਤਾ ਨਹੀਂ ਇਨ੍ਹਾਂ ਦੇ ਦਿਮਾਗ ਵਿਚ ਕੀ ਆਈ

ਕਿ ਉਸ ਸਕੂਲ ਨੂੰ ਇਨ੍ਹਾਂ ਨੇ ਰਿਜੈਕਟ ਕਰ ਦਿੱਤਾ। ਪਿੰਡ ਵਾਲਿਆਂ ਨੂੰ ਇਸ ਗੱਲ ਦਾ ਬੜਾ ਦੁੱਖ ਹੋਇਆ ਅਤੇ ਉਹ ਮੇਰੇ ਪਾਸ ਆਏ ਤੇ ਕਹਿਣ ਲੱਗੇ ਕਿ ਇਹ ਇਸ ਕਰਕੇ ਤਾਂ ਨਹੀਂ ਰਿਜੈਕਟ ਕੀਤਾ ਗਿਆ ਕਿਉਂਕਿ ਮੈਂ ਵਿਰੋਧੀ ਪਾਰਟੀ ਦਾ ਸੀ। ਮੈਂ ਤਾਂ ਇਹ ਉਨ੍ਹਾਂ ਨੂੰ ਨਹੀਂ ਕਿਹਾ ਕਿ ਮਨਿਸਟਰ ਸਾਹਿਬ ਦੇ ਦਿਮਾਗ ਵਿਚ ਇਹ ਗੱਲ ਆਈ ਹੋਵੇਗੀ । ਉਸ ਦਿਨ ਸਰਦਾਰ ਉਮਰਾਓ ਸਿੰਘ ਨੂੰ ਅਸੀ ਕਿਹਾ ਕਿ ਤੁਸੀਂ ਸਾਡਾ ਉਧਾਰ ਹੀ ਮੋੜ ਦੇਵੋ, ਇਕ ਗਲਤੀ ਨਾਲ ਸਕੂਲ ਲਿਸਟ ਵਿਚ ਆ ਗਿਆ ਸੀ, ਉਹ ਕੈਂਸਲ ਕਰ ਦਿੱਤਾ ਹੈ।

ਵਿੱਤ ਮੰਤਰੀ : ਐਜੂਕੇਸ਼ਨ ਮਨਿਸਟਰ ਸਾਹਿਬ ਬੈਠੇ ਹੋਏ ਹਨ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਮੈਂ ਤਾਂ ਸਰਦਾਰ ਉਮਰਾਓ ਸਿੰਘ ਨਾਲ ਹੀ ਗੱਲ ਕਰਨੀ ਸੀ। ਮੈਂ ਉਨ੍ਹਾਂ ਦੇ ਹਲਕੇ ਵਿਚ ਜਾਕੇ ਸਕੂਲਾਂ ਦੀ ਅੱਪ-ਗਰੇਡਿੰਗ ਕਰਦਾ ਰਿਹਾ ਹਾਂ। ਫਿਰ ਹਾਊਸਿੰਗ ਦਾ ਜ਼ਿਕਰ ਕੀਤਾ ਗਿਆ ਹੈ ਕਿ ਹਰੀਜਨਾਂ ਨੂੰ ਸੈਂਟ ਪਰ ਸੈਂਟ ਪਲਾਟ ਅਲਾਟ ਕਰ ਦਿੱਤੇ ਹਨ। ਇਹ ਗੱਲ ਗਲਤ ਹੈ। ਥੋੜ੍ਹੀ ਬਹੁਤ ਗੱਲ ਗਲਤ ਹੋਵੇ ਤਾਂ ਤੇ ਗੱਲ ਹੋਰ ਹੈ ਪਰ ਸਰਾਸਰ ਗਲਤ ਗੱਲ ਕਰਨਾ ਠੀਕ ਨਹੀਂ ਹੈ। ਤੁਸੀਂ ਡੀ. ਸੀਜ਼. ਕੋਲੋਂ ਜਵਾਬ ਮੰਗੋ ਤਾਂ ਇਹ ਗੱਲ ਸਰਾਸਰ ਗਲਤ ਨਿਕਲੇ। ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਇਹ ਬੇਨਤੀ ਕਰਾਂਗਾ ਕਿ ਜੇ ਚੰਗੇ ਕੰਮ ਨੂੰ ਸਿਰੇ ਚੜ੍ਹਾਈਏ ਤਾਂ ਚੰਗੀ ਗੱਲ ਹੈ। ਜਿਥੇ ਤੁਸੀਂ ਹਰੀ-ਜਨਾਂ ਨੂੰ ਮਕਾਨਾਂ ਵਾਸਤੇ ਪਲਾਟਸ ਦੇ ਰਹੇ ਹੋ, ਉਥੇ ਬਹੁਤ ਸਾਰੇ ਹੋਰ ਵੀ ਗਰੀਬ ਹਨ।

ਵਿਦਿਆ ਮੰਤਰੀ : ਸਾਰਿਆਂ ਨੂੰ ਦੇ ਰਹੇ ਹਾਂ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਤੁਸੀਂ ਭੁੱਲਦੇ ਨਾ ਹੋਵੇ ਤਾਂ ਪੰਜਾਬ ਵਿਚ ਇਕ ਬਾਜ਼ੀਗਰਾਂ ਦੀ ਕਮਿਊਨਿਟੀ ਹੈ।

ਵਿਦਿਆ ਮੰਤਰੀ : ਉਹ ਵੀ ਇਨਕਲੂਡਿਡ ਹਨ, ਹਰੀਜਨ ਅਤੇ ਨਾਨ-ਹਰੀਜਨਾਂ ਵਿਚ ਇਸ ਬਾਰੇ ਫਰਕ ਨਹੀਂ ਹੈ।

ਸਰਦਾਰ ਸੁਰਜੀਤ ਸਿੰਘ ਬਰਨਾਲਾ : ਉਹ ਮਿਹਨਤ ਕਰਦੇ ਹਨ, ਖੇਤ ਮਜ਼ਦੂਰਾਂ ਦੇ ਤੌਰ ਤੇ ਕਿਸਾਨਾਂ ਨਾਲ ਮੋਢਾ ਲਾ ਕੇ ਕੰਮ ਕਰਦੇ ਹਨ। ਉਹ ਇੱਕਠੇ ਹੀ ਕਈ ਕਈ ਫੈਮਲੀਜ਼ ਰਹਿੰਦੀਆਂ ਹਨ, ਉਨ੍ਹਾਂ ਪਾਸ ਵੱਡੇ ਮਕਾਨ ਨਹੀਂ ਹਨ ਅਤੇ ਉਹ ਜਗ੍ਹਾ ਜਗ੍ਹਾ ਘੁੰਮਦੇ ਰਹਿੰਦੇ ਹਨ, ਉਨ੍ਹਾਂ ਵਾਸਤੇ ਵੀ ਪਲਾਟਾਂ ਲਈ ਕੋਈ ਨਾ ਕੋਈ ਪ੍ਰੋਵੀਜ਼ਨ ਕੀਤੀ ਜਾਣੀ ਚਾਹੀਦੀ ਹੈ। ਇਸ ਕਰਕੇ ਮੈਂ ਫਾਈਨੈਂਸ ਮਨਿਸਟਰ ਸਾਹਿਬ ਰਾਹੀਂ ਇਹ ਬੇਨਤੀ ਕਰਾਗਾ ਕਿ ਬਾਜ਼ੀਗਰਾਂ ਨੂੰ ਗਰੀਬ ਹਰੀਜਨਾਂ ਦੀ ਲਿਸਟ ਵਿਚ ਸ਼ਾਮਲ ਕੀਤਾ ਜਾਵੇ। ਇਸ ਤਰ੍ਹਾਂ ਦੀਆਂ ਅਸੀਂ ਬਸਤੀਆਂ ਬਣਾਈਆਂ, ਇਨ੍ਹਾਂ ਬਸਤੀਆਂ ਅੰਦਰ ਪ੍ਰਾਇਮਰੀ ਸਕੂਲ ਖੋਲ੍ਹੇ। ਇਹ ਇਕ ਵੱਖਰਾ ਫੰਡ ਲੈਣਾ ਚਾਹੀਦਾ ਹੈ ਅਤੇ ਉਹ ਸਾਰੀਆਂ ਰਿਆਇਤਾਂ ਜਿਹੜੀਆਂ ਪਛੜੀਆਂ ਸ਼੍ਰੇਣੀਆਂ ਨੂੰ ਮਿਲਦੀਆਂ ਹਨ, ਮਿਲਣੀਆਂ ਚਾਹੀਦੀਆਂ ਹਨ। ਇਸਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਤਨੇ ਵੀ ਵੱਡੀ ਵੱਡੀ ਇੰਡਸਟਰੀ ਦੇ ਯੂਨਿਟਸ ਹਨ ਉਹ ਫੂਲ ਹੋ ਗਏ ਹਨ। ਪਿਛਲੀ ਵਾਰੀ ਵੀ ਮੈਂ ਕਿਹਾ ਸੀ ਕਿ ਇਕ ਜੁਆਇੰਟ ਸੈਕਟਰ ਬਣਾਇਆ ਜਾਵੇ, ਪਰ ਇਨ੍ਹਾਂ ਨੇ ਉਹ ਪਾਲਿਸੀ ਅਡਾਪਟ ਨਹੀਂ ਕੀਤੀ। ਇਸ ਵਿਚ ਸਰਮਾਇਆ ਕੈਪੀਟਲਿਸਟ ਦਾ ਹੁੰਦਾ ਹੈ ਅਤੇ ਫਾਇਦਾ ਸਟੇਟ ਨੂੰ ਹੁੰਦਾ ਹੈ। ਪਰ ਇਨ੍ਹਾਂ ਨੇ ਐਸੇ ਤਰੀਕੇ ਅਡਾਪਟ ਕੀਤੇ ਹਨ ਜਿਸ ਨਾਲ ਕਿ ਕੈਪੀਟਲਿਸਟ ਨੂੰ ਹੀ ਫਾਇਦਾ ਹੋਵੇ, ਸਟੇਟ ਭਾਵੇਂ ਘਾਟੇ

[ਸਰਦਾਰ ਸੁਰਜੀਤ ਸਿੰਘ]

ਵਿਚ ਰਹੇ। ਪਿਛਲੀ ਵਾਰ ਵੀ ਇਕ ਮੈਂ ਆਨੰਦ ਬੈਟਰੀਜ਼ ਦਾ ਜ਼ਿਕਰ ਕੀਤਾ ਸੀ ਉਸ ਦੇ ਸ਼ੇਅਰ ਘਟਾਏ ਗਏ ਹਨ, ਇਸ ਦੇ ਮੁਤੱਲਿਕ ਹੁਣ ਮੈਂ ਕੁਝ ਨਹੀਂ ਕਹਿਣਾ ਚਾਹੁੰਦਾ।

ਇਸੇ ਤਰ੍ਹਾਂ ਨਾਈਲੋਨ ਰੀਫਾਈਨਰੀ, ਜਲੰਧਰ ਦੇ ਮੁਤੱਲਿਕ ਇਹ ਗੱਲਾਂ ਕਰਦੇ ਆ ਰਹੇ ਹਨ ਕਿ ਚਾਲੂ ਹੋਵੇਗੀ, ਪਰ 3 ਸਾਲ ਹੋ ਗਏ ਹਨ ਇਨ੍ਹਾਂ ਨੂੰ ਗੱਲਾਂ ਕਰਦਿਆਂ ਨੂੰ ਪਰ ਅਜੇ ਤਕ ਕਿਤੇ ਚਲਦੀ ਨਜ਼ਰ ਨਹੀਂ ਆਉਂਦੀ। ਸਟੇਟ ਦੀ ਮਸ਼ੀਨਰੀ ਨੂੰ ਜੇ ਇਹ ਠੀਕ ਢੰਗ ਨਾਲ ਇਸਤੇਮਾਲ ਕਰਨ ਤਾਂ ਕੋਈ ਫਾਇਦਾ ਹੋ ਸਕਦਾ ਹੈ ਪਰ ਇਨ੍ਹਾਂ ਦੀ ਗਲਤ ਪਾਲਸੀ ਦਾ ਨਤੀਜਾ ਹੈ ਕਿ ਨਾਨ-ਇੰਡਸਟਰੀਅਲ ਕਾਰਪੋਰੇਸ਼ਨਜ਼ ਲਾਭ ਉਠਾਉਂਦੀਆਂ ਹਨ। ਜੋ ਮਾਲ ਇਨ੍ਹਾਂ ਨੂੰ ਮਿਲਣਾ ਚਾਹੀਦਾ ਸੀ ਉਹ ਬਲੈਕ ਵਿਚ ਵੇਚਿਆ ਜਾਂਦਾ ਹੈ। ਮੈਂ ਦਸ ਸਕਦਾ ਹਾਂ ਕਿ ਪਿਛੇ ਕੁਝ ਦਿਨ ਹੋਏ ਲੋਹਾ ਇਕ ਪਬਲਿਕਮੈਨ ਨੇ ਬਲੈਕ ਵਿਚ ਵੇਚਿਆ ਅਤੇ ਉਸ ਤੋਂ ਉਸ ਨੇ 50 ਲੱਖ ਰੁਪਿਆ ਕਮਾਇਆ। ਇਸੇ ਤਰ੍ਹਾਂ ਬਰਕਤਉਲਾ ਮਨਿਸਟਰੀ ਵਿਚ ਇਕ ਕੇਸ ਹੋਇਆ ਉਥੇ ਮੈਨੇਜਿੰਗ ਡਾਇਰੈਕਟਰ ਨੇ ਮਿਲ ਮਿਲਾ ਕੇ $4\frac{1}{4}$ ਲੱਖ ਰੁਪਿਆ ਕਮਾਇਆ। ਬੀ. ਕੇ. ਸਾਇਲ ਦਾ ਕੇਸ ਆਇਆ ਜਿਸ ਨੇ ਨਾਜਾਇਜ਼ ਪਰਾਫਟ ਲਿਆ ਅਤੇ ਢਾਈ ਲੱਖ ਰੁਪਏ ਦੀ ਬਜਾਏ 5 ਲੱਖ ਰੁਪਏ ਦਾ ਮਿਸਯੂਜ਼ ਕਰਕੇ ਫਾਇਦਾ ਉਠਾਇਆ। ਇਸੇ ਤਰਾਂ ਜਦੋਂ ਯੂਨਿਟਾਂ ਬਣਾਉਣ ਦੀ ਕੋਈ ਕੋਸ਼ਿਸ਼ ਹੁੰਦੀ ਹੈ ਤਾਂ ਇਹ ਉਸ ਵਿਚ ਵੀ ਘਪਲੇਬਾਜ਼ੀ ਤੋਂ ਕੰਮ ਲੈਂਦੇ ਹਨ। ਹਿੱਸੇਦਾਰ ਨੂੰ ਘਾਟਾ ਹੁੰਦਾ ਹੈ ਅਤੇ ਮੈਨੇਜਿੰਗ ਡਾਇਰੈਕਟਰ ਇਸ ਵਿਚੋਂ ਆਪਣਾ ਨਫ਼ਾ ਕਮਾ ਜਾਂਦਾ ਹੈ। ਆਨੰਦ ਬੈਟਰੀਜ਼ ਸਰਕਾਰ ਦਾ ਕੋਈ 30 ਲੱਖ ਰੁਪਏ ਦੇ ਕਰੀਬ ਲੁਟ ਕੇ ਲੈ ਗਿਆ। ਇਸ ਲਈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਦੇ ਨੋਟਿਸ ਵਿਚ ਇਹ ਲਾਈਨ ਲਿਆਉਣੀ ਹੈ ਕਿ ਸਰਕਾਰ ਨੂੰ ਹੁਣ ਜੁਆਇੰਟ ਸੈਕਟਰ ਵਲ ਧਿਆਨ ਦੇਣ ਦੀ ਲੋੜ ਹੈ।

ਜਿਥੋਂ ਤੱਕ ਫਿਜ਼ੀਕਲ ਪਾਲਸੀ ਦਾ ਸਵਾਲ ਹੈ, ਮੈਂ ਬਜਟ ਸਪੀਚ ਦੇ ਪੇਜ 20 ਦਾ ਹੀ ਇਕ ਪੈਰਾ ਪੜ੍ਹ ਦੇਣਾ ਚਾਹੁੰਦਾ ਹਾਂ :

"As far as the Central assistance and open market borrowing as for implementing the Annual Plan of Rs. 126.59 crores is concerned, the Planning Commission has advised as to adopt figures of Rs. 20.64 crores and Rs 5.54 crores respectively. These figures are equal to the amounts but the State had secured for implementing the current year's Plan. The formula under which the Central assistance was apportioned during the Fourth Plan is proposed to be revised. A proposal is also under consideration for apportioning of the open market borrowings and negotiated loans, Both these formulae are yet to be finalised by the National Development Council. Till the new formulae come into force and the amounts likely to be available are known clearly, the figures indicated by the Planning Commission have been taken into account on provisional basis. There is no doubt that Punjab is likely to get larger amount from both these sources."

Similarly it is written on page 21 of the Budget Speech of the Finance Minister —

"For the time being, I am leaving the remaining gap of Rs. 21.39 crores uncovered as we expect larger Central assistance, market borrwings and negotiated loans when the proposals to revise the existing formulae are examined by the National Development Council in March, 1974"

ਇਸ ਸਰਕਾਰ ਦੇ ਆਪਣੇ ਰੀਸੋਰਸਿਜ਼ ਤਾਂ ਹੈ ਨਹੀਂ। ਇਹ ਨਿਰਭਰ ਕਰਦੇ ਹਨ ਸੈਂਟਰ ਤੇ ਕਿ ਜਦੋਂ ਵੀ ਪਲੈਨ ਆਵੇਗੀ ਤਾਂ ਸਾਨੂੰ ਉਸ ਵਿਚੋਂ ਜ਼ਰੂਰ ਕੁਝ ਨਾ ਕੁਝ ਮਿਲਣਾ ਹੈ। ਇਸ ਤਰ੍ਹਾਂ ਦੇ ਇਹ ਹਿਸਾਬ ਕਿਤਾਬ ਕਰਦੇ ਹਨ। ਪਰ ਇਹ ਕੌਣ ਕਹਿ ਸਕਦਾ ਹੈ ਕਿ ਉਨ੍ਹਾਂ ਦੇ ਆਪਣੇ ਟੀਚੇ ਪੂਰੇ ਹੋਣਗੇ ਵੀ ਜਾਂ ਨਹੀਂ। ਇਹ ਹੁਣੇ ਤੋਂ ਉਨ੍ਹਾਂ ਤੇ ਆਸਾਂ ਲਾਈ ਬੈਠ ਹਨ। ਪਿਛੇ ਜਿਹੇ ਜਦੋਂ ਇਹ ਕੁਐਸ਼ਚਨ ਉਠਿਆ ਤਾਂ ਇਕ ਪੁਆਇੰਟ ਤੇ ਆ ਕੇ ਡਾਕਟਰ

ਮਿਨਹਾਸ ਨੂੰ ਅਸਤੀਫਾ ਦੇਣਾ ਪਿਆ ਸੀ । ਇਹ ਚੀਜ਼ ਪਬਲਿਸ਼ ਨਹੀਂ ਹੋਈ ਫਾਰਮਲੀ ਪਾਰਲੀਮੈਂਟ ਵਿਚ ਪੇਸ਼ ਕੀਤੀ ਸੀ । ਡਾਕਟਰ ਮਿਨਹਾਸ ਨੇ ਲਿਖਿਆ ਸੀ ਕਿ :--

"It is impossible to achieve the targets with resources that will be available. It will lead to foreign exchange crisis within a year or two forcing us to run to the aid givers and generate further inflationary pressure inconsistent with our objective of removing poverty."

ਡਾਕਟਰ ਮਿਨਹਾਸ ਇੱਕ ਬੜਾ ਵੱਡਾ ਇਕਾਨੋਮਿਸਟ ਸੀ ਉਸ ਨੇ ਇਸ ਬਿਨਾ ਤੇ ਅਸਤੀਫਾ ਦਿਤਾ ਕਿਉਂਕਿ ਉਹ ਕਹਿੰਦਾ ਸੀ ਕਿ 5.5 ਟੀਆ ਜੋ ਇਨ੍ਹਾਂ ਨੇ ਮਿਥਿਆ ਸੀ ਕਿਸੇ ਸੂਰਤ ਵਿਚ ਉਸ ਦੇ ਹਿਸਾਬ ਮੁਤਾਬਿਕ ਪੂਰਾ ਹੁੰਦਾ ਨਜ਼ਰ ਨਹੀਂ ਸੀ ਆਉਂਦਾ । ਉਹ ਬਾਕੀ ਦੇ ਕਿਸੇ ਹੋਰ ਮੈਂਬਰ ਨਾਲ ਸਹਿਮਤ ਨਹੀਂ ਸੀ ਅਤੇ ਆਪਣਾ ਵੱਖਰਾ ਡਾਈਸੈਂਟਿੰਗ ਨੋਟ ਦੇਣਾ ਚਾਹੁੰਦਾ ਸੀ । ਪਰ ਕੁਝ ਰੂਲਜ਼ ਦੇ ਮੁਤਾਬਿਕ ਪਲੈਨਿੰਗ ਕਮਿਸ਼ਨ ਦੇ ਡੀਪਾਰਟਮੈਂਟ ਵਿਚ ਇਸ ਤਰ੍ਹਾਂ ਦਾ ਕੋਈ ਡਾਈਸੈਂਟਿੰਗ ਨੋਟ ਨਹੀਂ ਦਿਤਾ ਜਾ ਸਕਦਾ, ਉਸ ਨੂੰ ਰੀਜ਼ਾਇਨ ਕਰਨਾ ਪਿਆ । ਪਰ ਇਹ ਸਰਕਾਰ ਸੈਂਟਰਲ ਰੀਸੋਰਸਿਜ਼ ਤੇ ਧਿਆਨ ਰੱਖਦੀ ਹੈ । ਇਹ ਇਸ ਨੂੰ ਹੀ ਸ਼ੁਕਰ ਸਮਝਣ ਕਿ ਜਿਤਨਾ ਹਿੱਸਾ ਮਿਲਦਾ ਹੈ ਉਹੀ ਮਿਲਦਾ ਰਹੇ । ਇਸ ਵੇਲੇ ਜੋ ਹਿੱਸਾ ਮਿਲਿਆ ਹੈ ਉਹ ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਅੱਗੇ ਨਾਲੋਂ ਵੀ ਘੱਟ ਮਿਲਿਆ ਹੈ । ਮੈਂ ਇਸ ਬਾਰੇ ਕੁਝ ਅੰਕੜੇ ਪੇਸ਼ ਕਰਨਾ ਚਾਹੁੰਦਾ ਹਾਂ । ਸਾਡੇ ਦੇਸ਼ ਦੀ ਜਿਤਨੀ ਆਬਾਦੀ ਹੈ ਉਸ ਲਿਹਾਜ਼ ਨਾਲ ਸਾਡੀ ਸਟੇਟ ਨੂੰ 2.50% ਹਿੱਸਾ ਬੈਨਦਾ ਹੈ, ਪਰ-ਕੈਪੀਟਾ ਇਨਕਮ ਸਾਰੀਆਂ ਸਟੇਟਾਂ ਨਾਲੋਂ ਸਾਡੇ ਸੂਬੇ ਦੀ ਵੱਧ ਹੈ । ਜਿਥੇ ਸਾਡੀ ਆਮਦਨ ਵੱਧ ਹੈ ਉਥੇ ਖਾਣ ਪੀਣ ਵਾਲੀਆਂ ਚੀਜ਼ਾਂ ਵੀ ਅਸੀਂ ਜ਼ਿਆਦਾ ਇਸਤੇਮਾਲ ਕਰਦੇ ਹਾਂ ਕਿਉਂਕਿ ਅਸੀਂ ਚੰਗੇ ਖਾਣ ਪੀਣ ਵਾਲੇ ਹਾਂ ਜਿਸ ਤਰ੍ਹਾਂ ਦੀ ਸਾਡੀ ਆਮਦਨ ਹੈ ਸਾਡਾ ਖਰਚ ਵੀ ਉਤਨਾ ਹੀ ਵੱਧ ਹੁੰਦਾ ਹੈ । ਖਾਣ ਪੀਣ ਵਾਲੀਆਂ ਚੀਜ਼ਾਂ ਜਿਸ ਤਰ੍ਹਾਂ ਚੀਨੀ, ਘਿਓ, ਤੇਲ ਅਤੇ ਪਹਿਨਣ ਵਾਸਤੇ ਕਪੜਾ ਵਗੈਰਾ ਜੋ ਇਸਤੇਮਾਲ ਹੁੰਦਾ ਹੈ ਇਨ੍ਹਾਂ ਸਾਰੀਆਂ ਚੀਜਾਂ ਤੇ ਟੈਕਸ ਲੱਗੇ ਹੋਏ ਹਨ । ਇਸ ਤਰ੍ਹਾਂ ਅਸੀਂ ਇਹ ਚੀਜ਼ਾਂ ਸਾਰਿਆਂ ਨਾਲੋਂ ਵੱਧ ਇਸਤੇਮਾਲ ਕਰਕੇ ਸਭ ਤੋਂ ਵੱਧ ਟੈਕਸ ਦੇਂਦੇ ਹਾਂ । ਸਾਡੀ 2.50% ਆਬਾਦੀ ਹੈ ਅਤੇ ਸੈਂਟਰ ਦੇ ਖਜ਼ਾਨੇ ਵਿਚ ਅਸੀਂ 3% ਟੈਕਸਾਂ ਰਾਹੀਂ ਪੇ ਕਰਦੇ ਹਾਂ । ਪਰ ਸਾਨੂੰ ਸੈਂਟਰ ਦੇ ਖਜ਼ਾਨੇ ਵਿਚੋਂ ਮਿਲਦਾ ਕੀ ਹੈ? ਉਹ 1.76% ਮਿਲਦਾ ਹੈ ਜਿਹੜਾ ਕਿ 2.17% ਤੋਂ ਵੀ ਘੱਟ ਜਿਹੜਾ ਸਾਨੂੰ ਕਿ ਚੌਥੇ ਪਲੈਨ ਵਿਚ ਮਿਲਣਾ ਸੀ । ਟੈਕਸਾਂ ਰਾਹੀਂ ਸੈਂਟਰ ਨੂੰ 9608 ਕਰੋੜ ਰੁਪਿਆ ਮਿਲਿਆ ਹੈ ਜਿਸ ਦਾ 1.97 ਅਸੀਂ ਦੇਣ ਵਾਲੇ ਹਾਂ । ਇਸ ਵਾਰੀ ਸਟੇਟਸ ਨੂੰ ਡੈਟ ਰਲੀਫ ਵੀ ਦਿਤਾ ਗਿਆ ਹੈ । ਇਸ ਵਾਰੀ 1970 ਕਰੋੜ ਰੁਪਏ ਡੈਟ ਰਲੀਫ ਸਟੇਟਸ ਨੂੰ ਮਿਲੇਗਾ । ਸਾਡੇ ਹਿੱਸੇ ਪੰਜ ਸਾਲ ਲਈ 15.18 ਕਰੋੜ ਰੁਪਏ ਡੈਟ ਰਲੀਫ ਦੇ ਆਉਣੇ ਹਨ ਜਦ ਕਿ ਗਵਾਂਢੀ ਪ੍ਰਦੇਸ਼ ਹਰਿਆਣਾ ਵਿਚ ਜੋ ਕਿ ਸਾਡੇ ਨਾਲੋਂ ਰਕਬੇ ਦੇ ਲਿਹਾਜ਼ ਅਤੇ ਆਬਾਦੀ ਦੇ ਨਾਲ ਹਰ ਪੱਖੋਂ ਛੋਟਾ ਹੈ ; ਉਥੇ ਦੇ ਲੋਕਾਂ ਦਾ ਸਟੈਂਡਰਡ ਆਫ ਲਿਵਿੰਗ ਵੀ ਸਾਡੇ ਸੂਬੇ ਦੇ ਲੋਕਾਂ ਨਾਲੋਂ ਘੱਟ ਹੈ, ਉਨ੍ਹਾਂ ਨੂੰ ਡੈਟ ਰਲੀਫ ਦੇ 33.14 ਕਰੋੜ ਰੁਪਏ ਦਿਤੇ ਹਨ । ਰਾਜਸਥਾਨ ਨੂੰ 258 ਕਰੋੜ ਰੁਪਏ ਮਿਲਣੇ ਹਨ । ਮਣੀਪੁਰ ਸਟੇਟ ਲੈ ਲਓ ਜੋ ਕਿ ਬਹੁਤ ਛੋਟੀ ਜਿਹੀ ਸਟੇਟ ਹੈ, ਇਸ ਨੂੰ 15.23 ਕਰੋੜ ਰੁਪਏ ਦਿਤੇ ਹਨ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਸੈਂਟਰ ਵਾਲੇ ਪਤਾ ਨਹੀਂ ਕਿਹੋ ਜਿਹਾ ਫਾਰਮੂਲਾ ਬਣਾ ਦਿੰਦੇ ਹਨ ਅਤੇ ਇਹ ਸਾਡੇ ਪੰਜਾਬ ਵਾਲੇ ਉਸ ਨੂੰ ਸਵੀਕਾਰ ਕਰਕੇ ਆ ਜਾਂਦੇ ਹਨ । ਇਹ ਫਾਈਨੈਂਸ ਕਮਿਸ਼ਨ ਦੀ ਛੇਵੀਂ ਰਿਪੋਰਟ ਆ ਗਈ ਹੈ । ਇਹ ਫਾਰਮੂਲਾ ਆ ਗਿਆ ਹੈ । ਸਾਡੇ ਵਾਲੇ ਸੱਤ ਬਚਨ ਕਹਿ ਕੇ ਆ ਜਾਂਦੇ ਹਨ । ਇਨ੍ਹਾਂ ਨੂੰ ਉਨ੍ਹਾਂ ਨਾਲ ਥੋੜ੍ਹਾ ਜਿਹਾ ਨਹੁੰ-ਪੰਜਾ ਲੈਣਾ ਚਾਹੀਦਾ ਹੈ ਕਿ ਸਾਡੇ ਖ਼ਿਲਾਫ ਫਾਰਮੂਲਾ ਕਿਉਂ ਵਰਤਿਆ ਜਾਂਦਾ ਹੈ । ਸੈਂਟਰ ਵਾਲੇ ਇਹ ਕਹਿ ਕੇ

[ਸਰਦਾਰ ਸੁਰਜੀਤ ਸਿੰਘ]

ਸਾਨੂੰ ਘੱਟ ਇਮਦਾਦ ਦਿੰਦੇ ਹਨ ਕਿ ਪੰਜਾਬ ਦੇ ਲੋਕ ਖੁਸ਼ਹਾਲ ਹਨ ਅਤੇ ਬਿਹਾਰ ਜਾਂ ਉੜੀਸਾ ਦੇ ਲੋਕ ਬੈਕਵਰਡ ਹਨ । ਇਹ ਤਾਂ ਕੋਈ ਤਰੀਕਾ ਨਾ ਹੋਇਆ ਕਿ ਪੰਜਾਬੀ ਕਿਉਂਕਿ ਜ਼ਿਆਦਾ ਖੁਸ਼ਹਾਲ ਹਨ ਇਸ ਲਈ ਉਨ੍ਹਾਂ ਨੂੰ ਘੱਟ ਇਮਦਾਦ ਦਿਤੀ ਜਾਵੇ । ਪੰਜਾਬ ਖੁਸ਼ਹਾਲ ਇਸ ਕਰਕੇ ਹੈ ਕਿ ਇਥੋਂ ਦੇ ਲੋਕ ਮਿਹਨਤੀ ਜ਼ਿਆਦਾ ਹਨ । ਉਨ੍ਹਾਂ ਹੋਰ ਸੂਬਿਆਂ ਵਾਂਗ ਇਥੇ ਦੇ ਲੋਕ ਆਪਣਾ ਸਮਾਂ ਹੁਕਾ ਪੀਣ ਵਿਚ ਨਹੀਂ ਗਵਾਉਂਦੇ । ਇਹ ਮਿਹਨਤ ਕਰਦੇ ਹਨ । ਮਿਹਨਤ ਕਰਨ ਕਾਰਨ ਹੀ ਇਹ ਲੋਕ ਕਾਮਯਾਬ ਹੁੰਦੇ ਹਨ । ਤਿੰਨ ਜੰਗਾਂ ਦੀ ਇਨ੍ਹਾਂ ਤੇ ਮਾਰ ਪਈ ਹੈ । ਤਿੰਨ ਵਾਰੀ ਹੀ ਪੰਜਾਬੀਆਂ ਨੇ ਹਿੰਦੁਸਤਾਨ ਦੀ ਹਿਫਾਜ਼ਤ ਕੀਤੀ ਹੈ । ਇਨ੍ਹਾਂ ਜੰਗਾਂ ਵਿੱਚ ਹਰ ਪੰਜਾਬੀ ਨੇ ਆਪਣਾ ਵੱਧ ਤੋਂ ਵੱਧ ਹਿੱਸਾ ਪਾਇਆ ਹੈ । ਪੈਸਿਆਂ ਦੇ ਲਿਹਾਜ਼ ਨਾਲ ਵੀ ਪੰਜਾਬ ਨੇ ਵੱਧ ਹਿੱਸਾ ਪਾਇਆ ਹੈ । ਜਦੋਂ ਚਾਈਨਾ ਦੀ ਜੰਗ ਲੱਗੀ ਸੀ ਉਦੋਂ ਸਭ ਤੋਂ ਜ਼ਿਆਦਾ ਧਨ, ਸੋਨਾ ਪੰਜਾਬ ਤੋਂ ਇਕੱਠਾ ਹੋਇਆ ਸੀ । ਔਰਤਾਂ ਨੇ ਆਪਣੇ ਕੰਨਾਂ ਦੇ ਕਾਂਟੇ ਅਤੇ ਗਲੋਂ ਜੇਵਰ ਉਤਾਰ ਕੇ ਫੰਡ ਵਿਚ ਦੇ ਦਿਤੇ ਸੀ । (ਥੰਪਿੰਗ) ਪੰਜਾਬ ਨੇ ਧਨ ਵੀ ਸਭ ਤੋਂ ਜ਼ਿਆਦਾ ਇਕੱਠਾ ਕੀਤਾ ਸੀ ਅਤੇ ਬੰਦੇ ਵੀ ਆਪਣੇ ਮਰਵਾਏ ਸੀ । ਤਿੰਨ ਜੰਗਾਂ ਦਾ ਸਾਡੇ ਤੇ ਅਸਰ ਪਿਆ ਹੈ । ਸਾਰੇ ਦੇਸ਼ ਨੂੰ ਸਮੇਂ ਸਿਰ ਅੰਨ ਦਿੰਦੇ ਹਾਂ ਲੇਕਿਨ ਸਾਨੂੰ ਬਜਾਏ ਇਨਾਮ ਦੇਣ ਦੇ ਸਾਨੂੰ ਦੰਡ ਲਾਇਆ ਜਾਂਦਾ ਹੈ । ਇਹ ਚੱਟੀ ਲਗਾ ਦਿਤੀ ਜਾਂਦੀ ਹੈ ਕਿ ਕਿਉਂ ਜੋ ਤੁਸੀਂ ਖੁਸ਼ਹਾਲ ਹੋ ਇਸ ਲਈ ਏਡ ਘੱਟ ਦਿਤੀ ਜਾਏਗੀ । ਸਾਡਾ ਫਰਜ਼ ਬਣਦਾ ਹੈ ਕਿ ਜਿਹੜੇ ਦਿੱਲੀ ਬੈਠੇ ਹਨ ਉਨ੍ਹਾਂ ਨੂੰ ਯਕੀਨ ਦਵਾਈਏ ਕਿ ਦੇਸ਼ ਸਾਡਾ ਇੱਕ ਹੈ, ਲੇਕਿਨ ਇਹ ਨਹੀਂ ਹੋਣਾ ਚਾਹੀਦਾ ਕਿ ਸਾਡੀ ਕਾਸਟ ਤੇ ਫਾਇਦਾ ਕੋਈ ਹੋਰ ਉਠਾਈ ਜਾਵੇ । ਹੈਵੀ ਇੰਡਸਟਰੀ ਸਾਡੇ ਘੱਟ ਲੱਗੀ ਹੈ । ਸਾਰੇ 56,000 ਕਰੋੜ ਰੁਪਏ ਦੇ ਪਲਾਨ ਵਿਚੋਂ ਡੇਢ ਪਰਸੈਂਟ ਹਿੱਸਾ ਸਾਡਾ ਬਣਿਆ ਹੈ ਜਦ ਕਿ ਢਾਈ ਪਰਸੈਂਟ ਸਾਡੀ ਆਬਾਦੀ ਹੈ ਅਤੇ 3 ਫ਼ੀ ਸਦੀ ਸਾਡੇ ਰਿਸੋਰਸਿਜ਼ ਹਨ । ਇਥੇ ਵਾਸਤੇ ਕੋਈ ਹੈਵੀ ਇੰਡਸਟਰੀ ਨਹੀਂ ਦਿਤੀ ਗਈ ਹੈ । ਇਸ ਕਰਕੇ ਕਿ ਇਹ ਚੱਲੇਗੀ ਨਹੀਂ ਕਿਉਂਕਿ ਖਾਣਾਂ ਦੂਰ ਹਨ । ਇਸ ਵਿਚ ਕਿਹਾ ਗਿਆ ਹੈ ਕਿ ਕਿਸਾਨਾਂ ਤੇ ਜਿਹੜੇ ਕਿ ਦੇਸ਼ ਨੂੰ ਅੰਨ ਪੈਦਾ ਕਰਕੇ ਦਿੰਦੇ ਹਨ ਉਨ੍ਹਾਂ ਤੇ ਟੈਕਸ ਲਗਾਓ । ਐਗਰੀਕਲਚਰ ਸੈਕਟਰ ਵਿਚ ਵੱਧ ਤੋਂ ਵੱਧ ਟੈਕਸ ਲਗਾਉਣ ਬਾਰੇ ਕਿਹਾ ਗਿਆ ਹੈ । ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦਾ ਕਿਸਾਨ ਹਿੰਦੁਸਤਾਨ ਦੀ ਰੀੜ੍ਹ ਦੀ ਹੱਡੀ ਹੈ । ਇਸ ਨੂੰ ਕਮਜ਼ੋਰ ਕਰਨਾ ਹਿੰਦੁਸਤਾਨ ਦੀ ਇਕਾਨੋਮੀ ਨੂੰ ਕਮਜ਼ੋਰ ਕਰਨਾ ਹੈ । ਟੈਕਸ ਉਨ੍ਹਾਂ ਤੇ ਲਗਾਉਣੇ ਚਾਹੀਦੇ ਹਨ ਜਿਹੜੇ ਇਸ ਨੂੰ ਬਰਦਾਸ਼ਤ ਕਰ ਸਕਣ । ਟੈਕਸ ਲਗਾਉਣੇ ਚਾਹੀਦੇ ਹਨ ਧਨਾਢਾਂ ਤੇ । ਟੈਕਸ ਲਗਾਉਣ ਬਾਰੇ ਰਿਸੋਰਸਿਜ਼ ਕਮੇਟੀ ਦੀ ਰਿਪੋਰਟ ਪਈ ਹੈ ਕਿ ਟੈਕਸਿਜ਼ ਕਿਹੜੇ ਕਿਹੜੇ ਤਰੀਕਿਆਂ ਨਾਲ ਲਗਾਏ ਜਾ ਸਕਦੇ ਹਨ । ਇਹ 15 ਕਰੋੜ ਰੁਪਏ ਦੇ ਜਿਹੜੇ ਟੈਕਸਿਜ਼ ਲਗਾਉਣੇ ਹਨ, ਇਹ ਸੋਚ ਸਮਝਕੇ ਲਗਾਉਣੇ ਚਾਹੀਦੇ ਹਨ । ਇਹ ਨਾ ਕਰਨ ਜਿਸ ਨਾਲ ਕਿ ਲੋਕਾਂ ਦਾ ਇਨਸੈਂਟਿਵ ਹੀ ਖਤਮ ਕਰ ਦਿਤਾ ਜਾਵੇ । ਇਹ ਨਾ ਹੋਵੇ ਕਿ ਲੋਕਾਂ ਦੀ ਤਵੱਜੋ ਕਲਟੀਵੇਸ਼ਨ ਵੱਲੋਂ ਹਟਾ ਦਿਤੀ ਜਾਵੇ । ਇਸ ਨਾਲ ਪੰਜਾਬ ਨੂੰ ਅਤੇ ਹਿੰਦੁਸਤਾਨ ਨੂੰ ਨੁਕਸਾਨ ਹੋਏਗਾ । ਹਰ ਵਾਰੀ ਇਹ ਖਿਆਲ ਕੀਤਾ ਜਾਂਦਾ ਹੈ ਕਿ ਸੈਂਟਰ ਵਾਲੇ ਜੋ ਫਾਰਮੂਲਾ ਬਣਾਉਣਗੇ ਉਸ ਨਾਲ ਠੀਕ ਹਿੱਸਾ ਮਿਲੇਗਾ ਹਰ ਵਾਰੀ ਇਸ ਤੇ ਹੀ ਦੋ-ਤਿੰਨ ਪੈਰੇ ਲਿਖ ਦਿਤੇ ਜਾਂਦੇ ਹਨ ਕਿ ਸੈਂਟਰ ਤੋਂ ਪੈਸੇ ਆਉਣਗੇ । ਇਸ ਵਾਰੀ ਪਲਾਨ ਜੋ ਆਈ ਹੈ ਉਸ ਨਾਲ ਸਾਰਿਆਂ ਸੂਬਿਆਂ ਨਾਲੋਂ ਪੰਜਾਬ ਨੂੰ ਘੱਟ ਫਾਇਦਾ ਪਹੁੰਚਿਆ ਹੈ । ਹਮੇਸ਼ਾ ਇਹ ਕਹਿਣਾ ਕਿ ਸੈਂਟਰ ਤੋਂ ਪੈਸਾ ਆਉਣ ਦੀ ਆਸ ਹੈ, ਇਹ ਗ਼ਲਤ ਗੱਲ ਹੈ । ਉਸ ਤੇ ਮੁੜ ਕੇ ਵਿਚਾਰ ਕਰਨਾ ਪਏਗਾ । ਸਟੇਟਸ ਅਤੇ ਸੈਂਟਰ ਦੇ ਰਿਲੇਸ਼ਨਜ਼ ਤੇ ਮੁੜ ਕੇ ਵਿਚਾਰ ਕਰਨ ਦੀ ਲੋੜ ਹੈ । ਤਾਮਿਲ ਨਾਡੂ ਵਿਚ ਰਾਜਾ ਮੰਨਾਰ ਕਮੇਟੀ ਬਣੀ ਸੀ

ਜਿਸ ਦੀ ਰਿਪੋਰਟ ਉਥੋਂ ਦੇ ਅਜੂਕੇਸ਼ਨ ਮਨਿਸਟਰ ਨੇ ਦਿਤੀ ਸੀ । ਉਸ ਵਿਚ ਕਿਹਾ ਗਿਆ ਸੀ ਕਿ ਸੈਂਟਰ ਸਟੇਟ ਰਿਲੇਸ਼ਨਜ਼ ਬਾਰੇ ਮੁੜ ਕੇ ਵਿਚਾਰ ਹੋਣੀ ਚਾਹੀਦੀ ਹੈ । (ਵਿਘਨ) ਜੇ ਲੋੜ ਪਏ ਤਾਂ ਕਾਂਸਟੀਚਿਊਸ਼ਨ ਵਿਚ ਚੇਂਜਿਜ਼ ਕਰਨੀਆਂ ਚਾਹੀਦੀਆਂ ਹਨ । ਸਟੇਟਸ ਸਮਝਦੀਆਂ ਹਨ ਕਿ ਉਹ ਆਪਣਾ ਖਰਚ ਕਿਵੇਂ ਕਰ ਸਕਦੀਆਂ ਹਨ । ਜੇ ਸਾਨੂੰ ਨਿੱਕੀ ਨਿੱਕੀ ਗੱਲ ਵਾਸਤੇ ਸੈਂਟਰ ਕੋਲ ਤਰਲੇ ਕਰਨੇ ਪੈਣ ਤਾਂ ਫੇਰ ਕੰਮ ਕਿਵੇਂ ਚੱਲ ਸਕਦਾ ਹੈ । ਜੇ ਅਸੀਂ ਪਾਣੀ ਨੂੰ ਚੈਨੇਲਾਈਜ਼ ਕਰ ਕੇ ਬਿਜਲੀ ਪੈਦਾ ਕਰਨੀ ਹੋਵੇ ਤਾਂ ਉਨ੍ਹਾਂ ਦੀ ਮਨਜ਼ੂਰੀ ਤੋਂ ਬਗੈਰ ਨਹੀਂ ਕਰ ਸਕਦੇ । ਭਾਖੜੇ ਦਾ ਪਾਣੀ ਆਉਂਦਾ ਹੈ ਇਸ ਵਿਚੋਂ ਮੁੜ ਕੇ ਬਿਜਲੀ ਕੱਢਣੀ ਹੋਵੇ ਤਾਂ ਇਸ ਦੀ ਬਿਨਾਂ ਮਨਜ਼ੂਰੀ ਇਹ ਕੰਮ ਨਹੀਂ ਕਰ ਸਕਦੇ । ਇਨ੍ਹਾਂ ਨਿੱਕੀਆਂ ਨਿੱਕੀਆਂ ਗੱਲਾਂ ਵਾਸਤੇ ਦਿੱਲੀ ਭੱਜਣਾ ਪੈਂਦਾ ਹੈ । ਥੀਨ ਡੈਮ ਇਹ ਕਲੀਅਰ ਨਹੀਂ ਕਰਵਾ ਸਕਦੇ । ਪਾਕਿਸਤਾਨ ਨੂੰ ਕਰੋੜਾਂ ਰੁਪਏ ਦਾ ਪਾਣੀ ਦੇ ਰਹੇ ਹਾਂ । ਸਾਡੀ ਲੋੜ ਜ਼ਿਆਦਾ ਬਿਜਲੀ ਦੀ ਹੈ । ਸ਼ਾਇਦ ਇਸ ਗੱਲ ਦਾ ਇਨ੍ਹਾਂ ਨੂੰ ਅਹਿਸਾਸ ਨਹੀਂ ਹੈ । ਪਿਛਲੀ ਵਾਰੀ ਵੀ ਇਨ੍ਹਾਂ ਨੇ ਕਿਹਾ ਸੀ ਇਸ ਡੈਮ ਦੀ ਮਨਜ਼ੂਰੀ ਲੈ ਕੇ ਪੰਜਾਬ ਬਣਾਏਗਾ । ਪਰ ਇਹ ਕੰਮ ਹਾਲੇ ਤੀਕ ਨਹੀਂ ਹੋਇਆ । ਮੈਂ ਅਰਜ਼ ਕਰਾਂਗਾ ਕਿ ਸੈਂਟਰ-ਸਟੇਟ ਰਿਲੇਸ਼ਨਜ਼ ਤੇ ਖਾਸ ਕਰਕੇ ਫਾਈਨੈਂਸ਼ਲ ਮੈਟਰਜ਼ ਬਾਰੇ ਮੁੜ ਵਿਚਾਰ ਹੋਣੀ ਚਾਹੀਦੀ ਹੈ । ਸਾਨੂੰ ਆਪਣੇ ਪਲਾਨਜ਼ ਦੀ ਉਥੋਂ ਮਨਜ਼ੂਰੀ ਨਹੀਂ ਲੈਣੀ ਚਾਹੀਦੀ । ਛੋਟੀਆਂ ਛੋਟੀਆਂ ਗੱਲਾਂ ਵਾਸਤੇ ਸਾਨੂੰ ਦਿੱਲੀ ਭੱਜਣਾ ਪੈਂਦਾ ਹੈ । ਅਸੀਂ ਆਪਣੇ ਆਪ ਅਨਾਜ ਦੀ ਕੀਮਤ ਵਿਚ ਅੱਠ ਆਨੇ ਦਾ ਵਾਧਾ ਨਹੀਂ ਕਰ ਸਕਦੇ । ਇਹ ਸਾਰੀ ਗਲਤ ਪਾਲਿਸੀ ਹੈ । ਸਾਰੀ ਤਾਕਤ ਨੂੰ ਸੈਂਟਰਲਾਈਜ਼ ਕਰ ਦਿਤਾ ਜਾਵੇ, ਇਹ ਕਦਮ ਡਿਕਟੇਟਰਸ਼ਿਪ ਵੱਲ ਉਠਣ ਵਾਲੀ ਗੱਲ ਹੈ । ਫਾਸਿਸਟ ਸਟੇਟਸ ਵਿਚ ਅਜਿਹੀ ਪਾਲਸੀ ਹੁੰਦੀ ਹੈ । ਡੈਮੋਕਰੇਟਿਕ ਹਿੰਦੁਸਤਾਨ ਵਿਚ ਵੱਧ ਅਧਿਕਾਰ ਹੋਣੇ ਚਾਹੀਦੇ ਹਨ । ਇਸ ਤੇ ਮੁੜ ਵਿਚਾਰ ਹੋਣੀ ਚਾਹੀਦੀ ਹੈ । ਛੋਟੀਆਂ ਛੋਟੀਆਂ ਗੱਲਾਂ ਵਾਸਤੇ ਦਿੱਲੀ ਨਹੀਂ ਜਾਣਾ ਚਾਹੀਦਾ ।

ਇਕ ਦੋ ਆਈਟਮਜ਼ ਹੋਰ ਰਹਿ ਗਏ ਹਨ, ਉਨ੍ਹਾਂ ਬਾਰੇ ਬੇਨਤੀ ਕਰਕੇ ਮੈਂ ਖਤਮ ਕਰਾਂਗਾ । ਮੈਡੀਕਲ ਐਜੂਕੇਸ਼ਨ ਬਾਰੇ ਮੈਂ ਅਰਜ਼ ਕਰਾਂਗਾ ਕਿ ਇਕ ਤਾਂ ਨਵਾਂ ਮੈਡੀਕਲ ਕਾਲਜ ਖੋਲ੍ਹਿਆ ਗਿਆ ਹੈ। ਦੂਜੇ ਦਯਾਨੰਦ ਮੈਡੀਕਲ ਕਾਲਜ ਦੀ ਅਜਿਹੀ ਹਾਲਤ ਹੈ । ਇਸ ਬਾਰੇ ਕੱਲ ਚੀਫ਼ ਮਨਿਸਟਰ ਸਾਹਿਬ ਦੀ ਸਟੇਟਮੈਂਟ ਆਈ ਸੀ ਕਿ ਇਸ ਨੂੰ ਟੇਕ ਓਵਰ ਕਰ ਲਿਆ ਜਾਵੇਗਾ । ਮੈਂ ਬੇਨਤੀ ਕਰਾਂਗਾ ਕਿ ਇਥੇ ਸਟੂਡੈਂਟਸ ਦੇ ਕੈਰੀਅਰ ਦਾ ਸਵਾਲ ਹੈ । ਸਮੇਂ ਦੇ ਤਜ਼ਰਬੇ ਤੋਂ ਵੀ ਪਤਾ ਲੱਗਦਾ ਹੈ ਕਿ ਅਜਿਹੇ ਕਾਲਜ ਨੂੰ ਆਰੀਆ ਸਭਾ ਸੋਸਾਇਟੀ ਨਹੀਂ ਚਲਾ ਸਕਦੀ ਹੈ । ਇਸ ਕਰਕੇ ਇਸ ਨੂੰ ਛੇਤੀ ਹੀ ਸਰਕਾਰੀ ਖੇਤਰ ਵਿਚ ਲੈ ਲੈਣਾ ਚਾਹੀਦਾ ਹੈ , ਭਾਵੇਂ ਕੁਝ ਵੀ ਖਰਚ ਕਰਨਾ ਪਵੇ । ਰਿਸੋਰਸਿਜ਼ ਵਲ ਜ਼ਿਆਦਾ ਨਹੀਂ ਦੇਖਣਾ ਚਾਹੀਦਾ । ਇਨ ਦੀ ਇੰਟ੍ਰੈਸਟ ਆਫ ਸਟੇਟ ਜੋ ਕੁਝ ਕਰਨਾ ਹੈ ਉਹ ਛੇਤੀ ਕਰ ਲੈਣਾ ਚਾਹੀਦਾ ਹੈ ।

ਇਥੇ ਇਸ ਵਿਚ ਥੋੜ੍ਹਾ ਜਿਹਾ ਮੈਡੀਕਲ ਕਾਲਜ, ਫਰੀਦਕੋਟ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਇਹ ਬੜਾ ਸ਼ਲਾਘਾਯੋਗ ਉਦਮ ਸੀ । ਇਕ ਕਾਲਜ ਜਿਹੜਾ ਫਰੀਦਾਬਾਦ ਡਾਂਵਾਂ ਡੋਲ ਸੀ ਉਸ ਨੂੰ ਆਪਣੇ ਸੂਬੇ ਵਿਚ ਲਿਆਂਦਾ ਗਿਆ ਹੈ । ਪਰ ਜਿਸ ਤਰੀਕੇ ਨਾਲ ਉਥੇ ਕੰਮ ਸ਼ੁਰੂ ਹੋਇਆ, ਮੈਂ ਸਮਝਦਾ ਹਾਂ ਕਿ ਉਹ ਗਲਤ ਹੈ । ਇਸ ਸਮੇਂ ਡਿਪਟੀ ਸਪੀਕਰ ਸਾਹਿਬ, ਉਥੇ 4 ਟੀਚਰ ਲਾਏ ਹਨ, ਜਿਨ੍ਹਾਂ ਦਾ ਵੇਰਵਾ ਜੇ ਮੈਂ ਦੇਵਾਂ ਤਾਂ ਕਾਫੀ ਸਮਾਂ ਲੱਗੇਗਾ ; ਇਕ ਉਥੇ ਪ੍ਰਿੰਸੀਪਲ ਹੈ । ਸਟੂਡੈਂਟਸ 190 ਦੇ ਕਰੀਬ ਹਨ । ਸਟੂਡੈਂਟਸ ਤੋਂ ਕੁਝ ਪੈਸੇ ਲਏ ਗਏ ਹਨ । ਦਾਖਲੇ ਦੇ 5 ਹਜ਼ਾਰ ਰੁਪਏ ਲਏ ਗਏ ਹਨ ਇਸ ਹਿਸਾਬ ਨਾਲ ਕਿ ਤੁਸੀਂ ਬਾਹਰ ਵੀ ਦਿੰਦੇ ਸੀ ਜਾਂ ਦੇਣੇ ਸੀ ਅਤੇ ਜੇ ਤੁਸੀਂ ਬਾਹਰ 10 ਹਜ਼ਾਰ ਦੇਣਾ ਸੀ ਤਾਂ ਇਥੇ 5 ਹਜ਼ਾਰ ਸਹੀ । ਪਰ ਇਹ ਕੰਮ ਗਲਤ

[ਸਰਦਾਰ ਸੁਰਜੀਤ ਸਿੰਘ]

ਹੋਇਆ ਹੈ । ਮੈ ਕਹਿੰਦਾ ਹਾਂ ਕਿ ਉਸ ਕਾਲਜ ਨੂੰ ਵੀ ਸਟੇਟ ਕਾਲਜ ਬਣਾ ਕੇ ਗੌਰਮਿੰਟ ਤਰੀਕੇ ਨਾਲ ਚਲਾਇਆ ਜਾਵੇ ਜਿਸ ਤਰ੍ਹਾਂ ਕਿ ਤੁਹਾਡੇ ਪਟਿਆਲਾ ਅਤੇ ਅੰਮ੍ਰਿਤਸਰ ਵਿਚ ਮੈਡੀਕਲ ਕਾਲਜ ਚੱਲਦੇ ਹਨ । (ਤਾੜੀਆਂ) ਪੈਸੇ ਲਏ ਗਏ ਹਨ ਮਾਰਕਿਟ ਕਮੇਟੀਆਂ ਪਾਸੋਂ । ਕਿਸੇ ਪਾਸੋਂ ਡੇਢ ਲੱਖ ਅਤੇ ਕਿਸੇ ਪਾਸੋ ਪੌਣੇ ਦੋ ਲੱਖ ਅਤੇ ਕਿਸੇ ਪਾਸੋਂ ਸਵਾ ਲੱਖ ਰੁਪਿਆ ਲਿਆ ਗਿਆ ਹੈ । ਇਸ ਉਤੇ ਪੈਸੇ ਬਹੁਤ ਲੱਗਣਗੇ । ਕਿਰਾਏ ਦੀ ਬਿਲਡਿੰਗ ਵਿੱਚ ਬੈਠਕੇ ਕਾਲਜ ਨਹੀਂ ਚੱਲਦੇ ਕਿਉਂਕਿ ਲਿਬਾਰਟਰੀਆਂ ਬਣਾਉਣੀਆਂ ਹੁੰਦੀਆਂ ਹਨ ਅਤੇ ਹੋਰ ਬਹੁਤ ਸਾਰਾ ਕੰਮ ਕਰਨਾ ਹੁੰਦਾ ਹੈ ਪਰ ਇਹ ਜਿਹੜਾ ਪੈਸੇ ਦੀ ਕੁਲੈਕਸ਼ਨ ਦਾ ਸਿਸਟਮ ਹੈ, ਇਹ ਗਲਤ ਹੈ । ਫਾਈਨੈਂਸ ਮਨਿਸਟਰ ਨੇ ਦੱਸਿਆ ਹੈ ਕਿ 5 ਕਰੋੜ ਰੁਪਿਆ ਚਾਹੀਦਾ ਹੈ । ਪਰ ਮੈ ਕਹਿੰਦਾ ਹਾਂ ਕਿ ਇਹ ਜਿਹੜਾ ਪੈਸੇ ਇਕੱਠੇ ਕਰਨ ਦਾ ਸਾਧਨ ਹੈ, ਇਹ ਗਲਤ ਹੈ । ਮਾਰਕਿਟ ਕਮੇਟੀਆਂ ਤੋਂ ਲੈ ਕੇ ਜਾਂ ਕਿਸੇ ਹੋਰ ਪਾਸੋਂ ਲੈ ਕੇ ਕਿ ਸਟੂਡੈਂਟਸ ਦੀ ਐਜੂਕੇਸ਼ਨ ਵਾਸਤੇ ਚਾਹੀਦਾ ਹੈ, ਇਹ ਗਲਤ ਗੱਲ ਹੈ । ਡੀ. ਸੀ., ਰਜਿਸਟਰਾਰਜ਼, ਤਹਿਸੀਲਦਾਰ ਜਾਂ ਹੋਰ ਅਫਸਰਾਂ ਨੂੰ ਅਖਤਿਆਰ ਦੇ ਦੇਣੇ ਕਿ ਤੁਸੀਂ ਪੈਸੇ ਇਕੱਠੇ ਕਰੋ, ਇਹ ਠੀਕ ਨਹੀਂ ਹੈ । ਉਨ੍ਹਾਂ ਨੂੰ ਇਸ ਕਿਸਮ ਦੇ ਅਧਿਕਾਰ ਦੇ ਦੇਣੇ ਅਤੇ ਕਹਿਣਾ ਕਿ ਤੁਸੀਂ ਇਸ ਕਾਲਜ ਦੀ ਖਾਤਰ ਪੈਸੇ ਇਕੱਠੇ ਕਰੋ, ਇਹ ਗਲਤ ਗੱਲ ਹੈ । ਇਸ ਆੜ ਵਿਚ ਪੈਸੇ ਇਕੱਠੇ ਹੋਣ । (ਵਿਘਨ) ਪੈਸੇ ਇਕੱਠੇ ਬਹੁਤ ਜ਼ਿਆਦਾ ਹੁੰਦੇ ਹਨ ਪਰ ਅੱਗੇ ਦਿਖਾਏ ਘੱਟ ਜਾਂਦੇ ਹਨ । (ਵਿਘਨ)

12-02 P.M. (ਇਸ ਸਮੇਂ ਸ੍ਰੀ ਬ੍ਰਿਸ਼ ਭਾਨ, ਮੈਂਬਰ ਪੈਨਲ ਆਫ ਚੇਅਰਮੈਨ, ਨੇ ਪ੍ਰਧਾਨਗੀ ਦੀ ਕੁਰਸੀ ਸੰਭਾਲੀ ।)

ਚੇਅਰਮੈਨ ਸਾਹਿਬ, ਮੈਂ ਕਹਿ ਰਿਹਾ ਸੀ ਕਿ ਜੇ ਕਿਸੇ ਨੂੰ ਅਖਤਿਆਰ ਦੇ ਦਿਓ ਕਿ ਪੈਸੇ ਇਕੱਠੇ ਕਰੇ ਅਤੇ ਉਹ ਇਸ ਇੰਸਟੀਚਿਊਸ਼ਨ ਨੂੰ ਦੇਣੇ ਹਨ, ਪੈਸੇ ਤਾਂ ਉਹ ਇਕੱਠੇ ਕਰ ਲਵੇਗਾ। ਡੀ. ਸੀ. ਬਠਿੰਡਾ ਨੂੰ ਪੈਸੇ ਇਕੱਠੇ ਕਰਨ ਵਾਸਤੇ ਕਹਿ ਦਿਓ ਉਹ ਹੀ ਕਰ ਦੇਵੇਗਾ। ਉਹ ਹੀ 10 ਲੱਖ ਰੁਪਿਆ ਇਕੱਠਾ ਕਰ ਕੇ ਦੇ ਦੇਵੇਗਾ ਪਰ ਜਿਸ ਤਰੀਕੇ ਨਾਲ ਇਕੱਠੇ ਕੀਤੇ ਜਾਂਦੇ ਹਨ, ਉਹ ਤਰੀਕਾ ਗਲਤ ਹੈ। ਪੈਸੇ ਉਨ੍ਹਾਂ ਕੋਲੋਂ ਲੈਂਦੇ ਹੋ ਜਿਨ੍ਹਾਂ ਤੋਂ ਪੈਸੇ ਨਿਕਲ ਨਹੀਂ ਸਕਦੇ ਲੋਕਾਂ ਨੂੰ ਮਜਬੂਰ ਕਰਕੇ ਪੈਸੇ ਲੈਣਾ ਇਹ ਠੀਕ ਗੱਲ ਨਹੀਂ ਹੈ। ਕਈ ਹਾਲਤਾਂ ਵਿਚ ਬਹੁਤ ਵੱਧ ਵੀ ਪੈਸੇ ਉਗਰਾਹੇ ਜਾਂਦੇ ਹਨ। (ਵਿਘਨ) ਇਸ ਤਰੀਕੇ ਨਾਲ ਉਨ੍ਹਾਂ ਤੋਂ ਪੈਸੇ ਇਕੱਠੇ ਕਰਨੇ ਠੀਕ ਨਹੀਂ ਹੈ। ਉਹ ਪੈਸੇ ਮੈਡੀਕਲ ਕਾਲਜ ਦੀ ਖਾਤਰ ਯੂਜ਼ ਨਹੀਂ ਹੋਣੇ, ਉਹ ਕਿਸੇ ਦੀ ਜ਼ੇਬ੍ਹ ਵਿਚ ਚਲੇ ਜਾਣਗੇ। ਇਸ ਤਰ੍ਹਾ ਲੋਕਾਂ ਵਿਚ ਬੇਚੈਨੀ ਫੈਲ ਰਹੀ ਹੈ ਅਤੇ ਬੇਚੈਨੀ ਫੈਲੇਗੀ ਇਸ ਤਰ੍ਹਾ ਕਰਨ ਨਾਲ ਜਿਹੜਾ ਉਥੋਂ ਦਾ ਕੋਈ ਟਰੱਸਟ ਹੈ ਜਾਂ ਮੈਨੇਜਮੈਂਟ ਬੋਰਡ ਹੈ, ਭਾਵੇਂ ਉਹ ਕਿੰਨਾ ਹੀ ਕਿਉਂ ਨਾ ਇਮਾਨਦਾਰ ਹੋਵੇ ਲੋਕਾਂ ਦਾ ਇਸ ਤਰ੍ਹਾਂ ਉਨ੍ਹਾਂ ਵਿਚ ਭਰੋਸਾ ਨਹੀਂ ਰਹੇਗਾ। ਇਸ ਕਰਕੇ ਮੈਂ ਬੇਨਤੀ ਕਰਾਂਗਾ ਕਿ ਇਸ ਪਾਸੇ ਗਿਆਨੀ ਜੀ ਖਾਸ ਧਿਆਨ ਦੇਣ। ਇਨ੍ਹਾਂ ਦੇ ਸ਼ਹਿਰ ਵਿਚ ਉਹ ਕਾਲਜ ਹੈ। ਸਿਰਫ ਉਹ ਕਾਲਜ ਇਨ੍ਹਾ ਦੇ ਸ਼ਹਿਰ ਵਿਚ ਹੀ ਨਹੀਂ ਹੈ ਬਲਿਕ ਇਨ੍ਹਾਂ ਦੀ ਸਟੇਟ ਦਾ ਕਾਲਜ ਹੈ। ਇਸ ਲਈ ਮੈਂ ਕਹਾਂਗਾ ਕਿ ਉਸ ਨੂੰ ਬਹੁਤ ਵੱਡਾ ਕਾਲਜ ਬਣਾਉਣ ਲਈ ਉਸਨੂੰ ਸਟੇਟ ਦੇ ਰਿਸੋਰਸਿਜ਼ ਵਿਚੋਂ ਫਾਈਨੈਂਸ ਕਰਨ। ਇਸ ਤਰ੍ਹਾਂ ਲੋਕਾਂ ਦੇ ਪੈਸੇ ਪਿਲਫਰ ਨਾ ਕਰਨ। ਲੋਕਾਂ ਦਾ ਪੈਸਾ ਇਸ ਤਰ੍ਹਾਂ ਸਿਆਸਤਦਾਨਾਂ ਕੋਲ ਨਾ ਜਾਵੇ। ਲੋਕ ਇਸ ਗੱਲ ਨੂੰ ਮੁਨਾਸਬ ਨਹੀਂ ਸਮਝਦੇ। ਕੋਈ ਸਕੈਂਡਲ ਨਾ ਹੋਵੇ। (ਵਿਘਨ) ਸਕੈਂਡਲ ਹੋਇਆ ਹੈ । ਐਡਮਿਸ਼ਨ ਵਿਚ ਗਫਲਤ ਹੋਈ ਹੈ। ਐਡਮਿਸ਼ਨ ਦੇ ਵਿਚ ਘਪਲਾ ਹੋਇਆ ਹੈ। (ਵਿਘਨ)

Mr. Chairman: How much time will you take?

ਸਰਦਾਰ ਸੁਰਜੀਤ ਸਿੰਘ : Sir, I will take two minutes only. ਮੈਂ ਕਹਿ ਰਿਹਾ ਸੀ ਕਿ ਐਡਮਿਸ਼ਨ ਵਿਚ ਘਪਲਾ ਹੋਇਆ ਹੈ। ਇਹ ਕਹਿ ਕੇ ਕਿ ਪੁਲਿਟੀਕਲ

ਸਫਰਰਜ਼ ਨੂੰ ਰਿਆਇਤ ਦੇਣੀ ਹੈ। (ਵਿਘਨ) ਪੁਲਿਟੀਕਲ ਸਫਰਰਜ਼ ਨੂੰ ਰਿਆਇਤ ਦੇਣੀ ਕੋਈ ਮਾੜੀ ਗੱਲ ਨਹੀਂ ਹੈ, ਪਰ ਇਸ ਤਰੀਕੇ ਨਾਲ ਨਹੀਂ। ਇਸ ਲਈ ਇਸ ਕਿਸਮ ਦੀ ਗਲ ਨਹੀਂ ਹੋਣੀ ਚਾਹੀਦੀ।

ਇਥੇ ਨਾਮੀਨੇਸ਼ਨ ਦਾ ਜ਼ਿਕਰ ਆਇਆ ਹੈ। ਸਟੂਡੈਂਟਸ ਐਸੇ ਵੀ ਹਨ ਜਿਹੜੇ ਚੰਗੇ ਡਾਕਟਰ ਸਾਬਤ ਹੋ ਸਕਣਗੇ। ਪਰ ਨੌਮੀਨੇਸ਼ਨ ਇਸ ਤਰਿਕੇ ਨਾਲ ਨਹੀਂ ਕਰਨੀ ਚਾਹੀਦੀ ਕਿ ਇਹ ਰਿਸ਼ਤੇਦਾਰ ਹੈ ਜਾਂ ਲਿਹਾਜ਼ਦਾਰੀ ਨਾਲ ਨੌਮੀਨੇਸ਼ਨ ਨਹੀਂ ਕਰਨੀ ਚਾਹੀਦੀ। ਇਹ ਕਹਿਕੇ ਕਿ ਇਹ ਡਿਸਕਰੀਸ਼ਨ ਹੈ।

This is the discretion vested in the Government. So, they use this discretion. I would submit that this is not a wise policy.

ਇਹ ਕੋਈ ਚੰਗੀ ਪਾਲਸੀ ਨਹੀਂ ਹੈ। ਇਹ ਕਹਿ ਦੇਣਾ ਕਿ ਨਾਮੀਨੇਸ਼ਨ ਕਿਉਂ ਕਿ ਸਾਡਾ ਅਧਿਕਾਰ ਹੈ ਅਤੇ ਇਸ ਤਰ੍ਹਾਂ ਕਰਕੇ ਜਿਸ ਨੂੰ ਮਰਜ਼ੀ ਹੈ ਨਾਮੀਨੇਟ ਕਰ ਦਈਏ, ਇਹ ਪਾਲਸੀ ਗਲਤ ਹੈ। ਉਸ ਅੰਦਰ ਮੈਰਟ ਹੋਣੀ ਚਾਹੀਦੀ ਹੈ। 5-4 ਫੀ ਸਦੀ ਪਰਸੈਂਟ ਦੀ ਗੱਲ ਹੋ ਸਕਦੀ ਹੈ ਲੇਕਿਨ ਇਕ 70 ਪ੍ਰਤੀਸ਼ਤ ਵਾਲੇ ਨੂੰ ਐਡ-ਮਿਸ਼ਨ ਨਾ ਮਿਲੇ ਅਤੇ 50 ਪ੍ਰਤੀਸ਼ਤ ਵਾਲੇ ਨੂੰ ਐਡਮਿਸ਼ਨ ਮਿਲ ਜਾਵੇ, ਤਾਂ ਇਹ ਗੱਲ ਠੀਕ ਨਹੀਂ ਹੈ। ਇਸ ਤਰ੍ਹਾਂ ਕਰਨ ਨਾਲ ਇਹ ਨਾਮੀਨੇਸ਼ਨ ਵਾਲੀ ਗਲ ਨੂੰ ਮਿਸਯੂਜ਼ ਕਰਨਾ ਹੋਵੇਗਾ। ਚੇਅਰਮੈਨ ਸਾਹਿਬ, ਮੈਂ ਕਾਫੀ ਸਮਾਂ ਹਾਊਸ ਦਾ ਲੈ ਲਿਆ ਹੈ। ਮੈਂ ਕੁਝ ਸੁਜੈਸ਼ਨਜ਼ ਦਿੱਤੀਆਂ ਹਨ, ਮੈਂ ਆਸ ਕਰਦਾ ਹਾਂ ਕਿ ਐਫ. ਐਮ. ਸਾਹਿਬ ਉਨ੍ਹਾਂ ਸਜੈਸ਼ਨਜ਼ ਤੇ ਅਮਲ ਕਰਨ ਦੀ ਕੋਸ਼ਿਸ਼ ਕਰਨਗੇ। ਬਹੁਤ ਬਹੁਤ ਧੰਨਵਾਦ। (ਤਾੜੀਆਂ)

RAISING OF SLOGANS BY VISITORS IN THE GALLERY

(ਇਸ ਸਮੇਂ ਵਿਜ਼ਿਟਰਜ਼ ਗੈਲਰੀ ਵਿਚੋਂ ਨਾਹਰੇ ਲਗਾਏ ਗਏ। ਕੁਝ ਵਿਦਿਆਰਥੀ ਖੜ੍ਹੇ ਹੋ ਕੇ ਨਾਹਰੇ ਲਗਾ ਰਹੇ ਸਨ ਅਤੇ ਕਹਿ ਰਹੇ ਸਨ ਕਿ ਦਇਆ ਨੰਦ ਮੈਡੀਕਲ ਕਾਲਜ ਸਰਕਾਰ ਲਵੇ। ਇਸ ਗੱਲ ਦਾ ਫ਼ੈਸਲਾ ਹੁਣੇ ਕਰੋ। (ਵਾਚ ਐਂਡ ਵਾਰਡ ਅਸਿਸਟੈਂਟ ਉਹਨਾਂ ਨੂੰ ਫੜ ਕੇ ਬਾਹਰ ਲੈ ਗਏ)

GENERAL DISCUSSION ON THE BUDGET (*Resumption*)

ਕਾਮਰੇਡ ਸੱਤ ਪਾਲ ਡਾਂਗ (ਅੰਮ੍ਰਿਤਸਰ ਪੱਛਮ) : ਇਹ ਜਿਹੜਾ ਬਜਟ ਪੇਸ਼ ਕੀਤਾ ਗਿਆ ਹੈ ਉਸ ਬਾਰੇ ਮੈਂ ਤਾਂ ਇਹੀ ਕਹਿ ਸਕਦਾ ਹਾਂ ਕਿ ਉਹ ਇਸ ਤਰ੍ਹਾਂ ਦੀ ਗਲ ਹੈ --ਜਿਵੇਂ ਕਿ ਰੋਮ ਦਾ ਸ਼ਹਿਰ ਸੜ ਰਿਹਾ ਸੀ ਪਰ ਰੋਮ ਦਾ ਬਾਦਸ਼ਾਹ ਨੀਰੋ ਬੜੇ ਆਰਾਮ ਨਾਲ ਬੈਠਾ ਬੰਸਰੀ ਵਜਾ ਰਿਹਾ ਸੀ। ਚੇਅਰਮੈਨ ਸਹਿਬ, ਮੈਂ ਤਾਂ ਕਹਿੰਦਾ ਹਾਂ ਕਿ ਇਸ ਵੇਲੇ ਇੰਨੀ ਅੱਤ ਦੀ ਮਹਿੰਗਾਈ ਹੈ। ਪਿਛਲੇ ਸਾਲ ਸਾਰੀ ਦੁਨੀਆਂ ਵਿਚੋਂ ਸਭ ਨਾਲੋਂ ਜ਼ਿਆਦਾ ਮਹਿੰਗਾਈ ਸਾਡੇ ਦੇਸ਼ ਵਿਚ ਸੀ। ਕਿਹੜੀਆਂ ਕਿਹੜੀਆਂ ਜ਼ਰੂਰੀ ਚੀਜ਼ਾਂ, ਆਮ ਵਰਤੋਂ ਦੀਆਂ ਚੀਜ਼ਾਂ ਨਹੀਂ ਮਿਲਦੀਆਂ। ਭੁੱਖ, ਨੰਗ ਅਤੇ ਕਿੰਨੀ ਬੇਕਾਰੀ ਹੈ। ਖੇਤ ਮਜ਼ਦੂਰ ਲਈ, ਪੜ੍ਹੇ ਲਿਖੇ ਲਈ ਅਤੇ ਮਜ਼ਦੂਰਾਂ ਲਈ, ਗੱਲਾਂ ਬਹੁਤੀਆਂ ਦੱਸਣ ਦੀ ਲੋੜ ਨਹੀਂ, ਸਾਰਿਆਂ ਨੂੰ ਪਤਾ ਹੈ। ਹਿੰਦੁ-ਸਤਾਨ ਭਰ ਵਿਚ ਹੀ ਨਹੀਂ ਸਗੋਂ ਸਾਡੇ ਸੂਬੇ ਵਿਚ ਵੀ ਇਸ ਤਰ੍ਹਾਂ ਦੀ ਬੜੀ ਚਰਚਾ ਹੈ। ਲੋਕ ਬਹੁਤ ਦੁੱਖੀ ਹਨ। ਕਿਸਾਨ ਨੂੰ ਖਾਦ ਨਹੀਂ ਮਿਲਦੀ। ਅੱਜ ਉਹਨਾਂ ਨੂੰ ਡੀਜ਼ਲ ਨਹੀਂ ਮਿਲ ਰਿਹਾ ਇਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਸਰਦਾਰ ਸੁਰਜੀਤ ਸਿੰਘ ਬਰਨਾਲਾ ਨੇ ਕਾਫੀ ਦੱਸਿਆ ਹੈ, ਮੈਂ ਉਨ੍ਹਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ। ਜਿਥੋਂ ਤਕ ਲੋਕਾਂ ਦੀਆਂ ਰੋਜ਼ ਵਰਤੋਂ ਦੀਆਂ

[ਕਾਮਰੇਡ ਸੱਤ ਪਾਲ ਡਾਂਗ]

ਚੀਜ਼ਾਂ ਦਾ ਸਵਾਲ ਹੈ, ਜਿਵੇਂ ਕਿ ਬਨਾਸਪਤੀ ਘਿਓ ਨਹੀਂ ਮਿਲਦਾ, ਮਿੱਟੀ ਦਾ ਤੇਲ ਨਹੀਂ ਮਿਲਦਾ। ਪੰਜਾਬ ਸੂਬੇ ਵਿਚ ਡੇਢ-ਪੌਣੇ ਦੋ ਰੁਪਏ ਦੇ ਹਿਸਾਬ ਨਾਲ ਆਟਾ ਮਿਲਦਾ ਹੈ। ਇਸ ਹਿਸਾਬ ਨਾਲ ਗਰੀਬ ਮਜ਼ਦੂਰ ਨੂੰ ਆਟਾ ਖਰੀਦਣਾ ਪੈਂਦਾ ਹੈ। ਇਹ ਅੱਜ ਪੰਜਾਬ ਦੀ ਹਾਲਤ ਹੈ। ਜੇ ਇਸਦਾ ਮੁਕਾਬਲਾ ਕਰਨਾ ਹੋਵੇ--ਇਸ ਦਾ ਜ਼ਿਕਰ ਹੋਣਾ ਚਾਹੀਦਾ ਸੀ ਬੱਜਟ ਸਪੀਚ ਵਿਚ। ਇਸ ਦਾ ਜ਼ਿਕਰ ਗਵਰਨਰ ਐਡਰੈਸ ਵਿਚ ਹੋਣਾ ਚਾਹੀਦਾ ਸੀ। ਇਸ ਦੀ ਵਜ੍ਹਾ ਲੱਭਣੀ ਚਾਹੀਦੀ ਹੈ ਪਰ ਇਸਦਾ ਕਿਤੇ ਜ਼ਿਕਰ ਨਹੀਂ ਕੀਤਾ ਗਿਆ। ਸਾਡੇ ਚੀਫ਼ ਮਨਿਸਟਰ ਨੇ ਕਿਹਾ ਕਿ ਸਾਰੀ ਦੁਨੀਆਂ ਵਿਚ ਸੰਕਟ ਹੈ, ਪ੍ਰਾਈਮ ਮਨਿਸਟਰ ਨੇ ਵੀ ਇਸੇ ਤਰ੍ਹਾਂ ਕਿਹਾ ਹੈ। ਇਹ ਕਹਿੰਦੇ ਹਨ ਕਿ ਅਸੀਂ ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹਾਂ ਅਤੇ ਮਿਸਾਲ ਦਿੱਤੀ ਹੈ ਅਮਰੀਕਾ ਦੀ, ਮਿਸਾਲ ਦਿੱਤੀ ਹੈ ਇੰਗਲੈਂਡ ਦੀ। ਸੋਸ਼ਲਿਸਟ ਮੁਲਕਾਂ ਵਿਚ ਕੀਮਤਾਂ ਨਹੀਂ ਵਧਦੀਆਂ ਉਥੇ ਕਿਸੇ ਚੀਜ਼ ਦਾ ਘਾਟਾ ਨਹੀਂ ਹੈ। ਉਥੇ ਤੇਲ ਦੀ ਕਿੱਲਤ ਨਹੀਂ ਹੈ ਅਤੇ ਨਾ ਕੋਈ ਖਾਦ ਦਾ ਤੋੜਾ ਹੈ। ਪਰ ਸਾਡੇ ਦੇਸ਼ ਵਿਚ ਇਸ ਦੇ ਬਿਲਕੁਲ ਉਲਟ ਹੈ। ਇਹ ਗੱਲ ਸਾਫ਼ ਕਰਦੀ ਹੈ ਕਿ ਸਾਡੇ ਦੇਸ਼ ਦੇ ਵਿਚ ਇਹ ਅੱਤ ਦੀ ਮਹਿੰਗਾਈ ਹੈ; ਜ਼ਰੂਰੀ ਚੀਜ਼ਾਂ ਦੀ ਅਤੇ ਨਿੱਤ ਵਰਤੋਂ ਦੀਆਂ ਖਾਣ ਪੀਣ ਵਾਲੀਆਂ ਚੀਜ਼ਾਂ ਦੀ ਅਤੇ ਖੇਤੀ ਬਾੜੀ ਵਿਚ ਵਰਤੋਂ ਵਿਚ ਲਿਆਉਣ ਵਾਲੀਆਂ ਚੀਜ਼ਾਂ ਦੀ ਸ਼ਾਰਟੇਜ਼ ਹੈ। ਅੱਤ ਦੀ ਬੇਕਾਰੀ ਰੋਜ਼ ਵਧ ਰਹੀ ਹੈ। ਇਸ ਦਾ ਕਾਰਨ ਜੋ ਚੀਫ਼ ਮਨਿਸਟਰ ਸਾਹਿਬ ਨੇ ਕਿਹਾ ਹੈ ਉਹ ਨਹੀਂ ਹੈ ਇਸ ਦਾ ਕਾਰਨ ਹੋਰ ਲੱਭਣਾ ਪਵੇਗਾ। ਚੇਅਰ-ਮੈਨ ਸਾਹਿਬ, ਕਾਰਨ ਬੜਾ ਸਿੱਧਾ ਹੈ। (ਵਿਘਨ) ਇਨ੍ਹਾਂ ਨੇ ਨਾਹਰਾ ਲਾਇਆ ਹੈ ਕਿ ਗਰੀਬੀ ਹਟਾਉਣੀ ਹੈ। ਪਰ ਮੈਂ ਕਹਿੰਦਾ ਹਾਂ ਕਿ ਗਰੀਬੀ ਉਤਨੀ ਦੇਰ ਹਟ ਨਹੀਂ ਸਕਦੀ ਜਿੰਨੀ ਦੇਰ ਲੋਕਾਂ ਨੂੰ ਨਿੱਤ ਵਰਤੋਂ ਦੀਆਂ ਚੀਜ਼ਾਂ ਮੁਹੱਈਆ ਨਹੀਂ ਕੀਤੀਆਂ ਜਾਂਦੀਆਂ। ਪਰ ਇਨ੍ਹਾਂ ਸਾਰੀਆਂ ਚੀਜ਼ਾਂ ਤੇ ਵੱਡੇ ਵੱਡੇ ਲੋਕਾਂ ਦਾ ਕਬਜ਼ਾ ਹੈ। ਬਨਾਸਪਤੀ ਘਿਓ ਵਲ ਵੇਖ ਲਵੋ। ਕਿਸਾਨ ਮੂੰਗਫਲੀ ਬੀਜਦਾ ਹੈ। ਉਸ ਕੋਲੋਂ ਮੂੰਗਫਲੀ ਖਰੀਦੀ ਜਾਂਦੀ ਹੈ। ਉਸ ਵਿੱਚੋਂ ਤੇਲ ਕੱਢਿਆ ਜਾਂਦਾ ਹੈ ਅਤੇ ਘਿਓ ਤਿਆਰ ਕੀਤਾ ਜਾਂਦਾ ਹੈ। ਗਰੀਬ ਕਿਸਾਨ ਹਲ ਵਾਹੁੰਦਾ ਹੈ ਅਤੇ ਮੂੰਗ-ਫਲੀ ਬੀਜਦਾ ਹੈ ਪਰ ਉਸ ਕੋਲੋਂ ਮੂੰਗਫਲੀ ਸਸਤੇ ਭਾਅ ਤੇ ਲੈ ਲਈ ਜਾਂਦੀ ਹੈ ਉਸ ਨੂੰ ਭਾਅ ਠੀਕ ਨਹੀਂ ਮਿਲਦਾ। ਜਦ ਘਿਓ ਤਿਆਰ ਹੁੰਦਾ ਹੈ ਅਤੇ ਤੇਲ ਤਿਆਰ ਹੁੰਦਾ ਹੈ ਤਾਂ ਉਨ੍ਹਾਂ ਲੋਕਾਂ ਨੂੰ ਮਿਲਦਾ ਨਹੀਂ ਹੈ। ਵੱਡੇ ਵੱਡੇ ਜ਼ਖੀਰੇਬਾਜ਼ ਜਿਹੜੇ ਹਨ ਉਹ ਚੀਜ਼ਾਂ ਅੰਦਰ ਦਬਾ ਲੈਂਦੇ ਹਨ। ਕੀਮਤਾਂ ਚੜ੍ਹ ਜਾਂਦੀਆਂ ਹਨ ਪਰ ਫਿਰ ਵੀ ਸਰਕਾਰ ਕੁਝ ਨਹੀਂ ਕਰਦੀ ਅਤੇ ਜਿਹੜੇ ਮੈਨਿਊਫੈਕਚਰਜ਼ ਹਨ ਉਨ੍ਹਾਂ ਨੇ 60 ਪੈਸੇ ਕੀਮਤ ਵਧਾ ਦਿੱਤੀ ਹੈ ਬਨਾਸਪਤੀ ਘਿਓ ਦੀ। ਜਦ ਘਿਓ ਸ਼ਹਿਰ ਵਿਚ ਆਇਆ ਤਾਂ ਉਨ੍ਹਾਂ ਵੱਡੇ ਵੱਡੇ ਲੋਕਾਂ ਨੇ, ਜ਼ਖੀਰੇਬਾਜ਼ਾਂ ਨੇ ਇਕੱਠੇ ਹੋ ਕੇ 2 ਹਜ਼ਾਰ ਪੀਪੀ ਬਨਾਸਪਤੀ ਦੀ ਅੰਦਰ ਗੁਦਾਮ ਕਰ ਲਈ। ਉਹ ਅੰਦਰ ਗੁਦਾਮ ਕਰ ਲੈਂਦੇ ਹਨ ਪਰ ਜਦ ਲੋਕ ਇਕੱਠੇ ਹੋ ਕੇ ਉਨ੍ਹਾਂ ਜ਼ਖੀਰੇਬਾਜ਼ਾਂ ਕੋਲੋਂ ਗੁਦਾਮ ਕੀਤੀਆਂ ਚੀਜ਼ਾਂ ਫੜਾਉਂਦੇ ਹਨ ਤਾਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਡੀਟੇਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਦੀ ਬਜਾਏ ਸਗੋਂ ਸਰਕਾਰ ਇਹ ਨਹੀਂ ਕਰਦੀ ਕਿ ਮਾੜਾ ਜਿਹਾ ਕਾਨੂੰਨ ਬਣਾ ਦੇਵੇ ਅਤੇ ਜਿਹੜੇ ਚੀਜ਼ਾਂ ਸਟੋਰ ਕਰਦੇ ਹਨ ਉਨ੍ਹਾਂ ਨੂੰ ਫੜਿਆ ਜਾਵੇ। ਇਸ ਤਰ੍ਹਾਂ ਕਰਨ ਨਾਲ ਉਹ ਅਜਿਹਾ ਨਹੀਂ ਕਰਨਗੇ। ਪਰ ਇਹ ਇਸ ਤਰ੍ਹਾਂ ਨਹੀਂ ਕਰਦੇ ਕਿਉਂਕਿ ਮਨਿਸਟਰ ਅਤੇ ਰੂਲਿੰਗ ਪਾਰਟੀ ਦੇ ਐਮ. ਐਲ. ਏ. ਉਨ੍ਹਾਂ ਅੱਗੇ ਹੱਥੀਂ ਚੜ੍ਹ ਜਾਂਦੇ ਹਨ ਕਿਉਂਕਿ ਇਨ੍ਹਾਂ ਨੂੰ ਇਲੈਕਸ਼ਨਾ ਵਾਸਤੇ ਪੈਸੇ ਚਾਹੀਦੇ ਹਨ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ)

ਚੇਅਰਮੈਨ ਸਾਹਿਬ, ਅਸਲ ਕਾਰਨ ਬੇਕਾਰੀ ਵੱਧਣ ਦੇ, ਮਹਿੰਗਾਈ ਵੱਧਣ ਦੇ ਇਹ ਨਹੀ। ਸਰਕਾਰ ਇਸ ਨੂੰ ਰੋਕਣ ਲਈ ਕੋਈ ਉਪਰਾਲਾ ਨਹੀਂ ਕਰਦੀ। ਇਹ ਟਾਟਿਆਂ ਬਿਰਲਿਆਂ ਨੂੰ ਵਧਾਉਣਾ

ਚਾਹੁੰਦੀ ਹੈ। ਨਵੇਂ ਕਾਰਖਾਨੇ ਖੋਲ੍ਹਣ ਲਈ ਲਾਈਸੈਂਸ ਉਹ ਜੇਬ ਵਿਚ ਪਾਈ ਫਿਰਦੇ ਹਨ ਪਰ ਨਵੇਂ ਕਾਰਖਾਨੇ ਚਲਾਉਣਾ ਨਹੀਂ ਚਾਹੁੰਦੇ ਅਤੇ ਜਿਹੜੇ ਅਗੇ ਕਾਰਖਾਨੇ ਚਲ ਰਹੇ ਹਨ ਉਹ ਵੀ ਪੂਰੀ ਤਰ੍ਹਾਂ ਨਹੀਂ ਚਲਾਉਣਾ ਚਾਹੁੰਦੇ। ਇਹ ਕਿਉਂ ਨਹੀਂ ਚਲਾਉਣਾ ਚਾਹੁੰਦੇ ? ਤਾਂ ਕਿ ਚੀਜ਼ਾਂ ਮਾਰਕਿਟ ਵਿਚ ਨਾ ਮਿਲਣ ਅਤੇ ਮਹਿੰਗਾਈ ਵਧੇ। ਇਸ ਨਾਲ ਚੇਅਰਮੈਨ ਸਾਹਿਬ, ਬੇਕਾਰੀ ਵੱਧ ਰਹੀ ਹੈ, ਮਹਿੰਗਾਈ ਵੱਧ ਰਹੀ ਹੈ। ਇਨ੍ਹਾਂ ਕੈਪੀਟਲਿਸਟ ਨਾਲ, ਇਹ ਯਾਰੀ ਰਖਦੇ ਹਨ ਅਤੇ ਉਨ੍ਹਾਂ ਨੂੰ ਕਾਰਖਾਨੇ ਚਲਾਉਣ ਵਾਸਤੇ ਨਹੀਂ ਕਹਿੰਦੇ। ਇਸ ਕਰਕੇ ਪੜ੍ਹਿਆਂ ਲਿਖਿਆਂ ਵਿਚ ਬੇਕਾਰੀ ਨਹੀਂ ਹੋਵੇਗੀ, ਮਹਿੰਗਾਈ ਨਹੀਂ ਵਧੇਗੀ ਤਾਂ ਕੀ ਹੋਵੇਗਾ ? ਇਨਾਂ ਨੇ ਵਾਇਦਾ ਕੀਤਾ ਸੀ ਗਰੀਬੀ ਹਟਾਉਣ ਦਾ ਪਰ ਇਹ ਵੈਸਟਿਡ ਇਨਟਰੈਸਟ ਨੂੰ ਹੱਥ ਨਹੀਂ ਪਾਉਣਾ ਚਾਹੁੰਦੇ। ਇਹ ਸਰਕਾਰ ਵੈਸਟਿਡ ਇਨਟ੍ਰੈਸਟ ਨੂੰ ਹੱਥ ਪਾਉਣ ਨੂੰ ਤਿਆਰ ਨਹੀਂ। ਇਸ ਦੇ ਲਈ ਫਿਰ ਕੀਤਾ ਕੀ ਜਾਏ ? ਇਹ ਕਹਿੰਦੇ ਹਨ ਕਿ ਕੋਈ ਮਾੜੀਆਂ ਮੋਟੀਆਂ ਸਕੀਮਾਂ ਬਣਾ ਦਿਉ ਅਤੇ ਥੋੜ੍ਹਾ ਬਹੁਤ ਟੁਕੜਾ ਗਰੀਬਾਂ ਨੂੰ ਪਾਉਂਦੇ ਰਹੋ ਪਰ ਜੇ ਇਸ ਤਰ੍ਹਾਂ ਇਨਾਂ ਦੀ ਵੈਸਟਿਡ ਇਨਟ੍ਰੈਸਟ ਨਾਲ ਯਾਰੀ ਰਹੀ ਤਾਂ ਭ੍ਰਿਸ਼ਟਾਚਾਰ ਇਤਨਾ ਵੱਧ ਜਾਵੇਗਾ ਕਿ ਇਹ ਜਿਹੜਾ ਮਾੜਾ ਮੋਟਾ ਟੁਕੜਾ ਹੈ ਇਹ ਵੀ ਨਹੀਂ ਮਿਲੇਗਾ। ਇਹ ਕਹਿੰਦੇ ਹਨ ਕਿ ਬੇਕਾਰੀ ਨੂੰ ਹਟਾਉਣ ਵਾਸਤੇ, ਮਹਿੰਗਾਈ ਨੂੰ ਹਟਾਉਣ ਵਾਸਤੇ ਕਰੈਸ਼ ਪੋਗਰਾਮ ਬਣਾਇਆ ਹੈ। ਮੈਂ ਤੁਹਾਨੂੰ ਭਰਿਸ਼ਟਾਚਾਰ ਦੀ ਗਲ ਦੱਸਣ ਲਗਾ ਹਾਂ ਕਿ 32 ਲੱਖ ਰੁਪਿਆ ਅੰਮ੍ਰਿਤਸਰ ਵਾਸਤੇ ਲਿਆ ਪਰ ਉਥੇ 2 ਲੱਖ ਰੁਪਿਆ ਵੀ ਨਹੀਂ ਗਿਆ। ਫਿਰ ਇਨ੍ਹਾਂ ਨੇ ਫਾਈਵ ਮਿਲੀਅਨ ਜਾਬ ਪ੍ਰੋਗਰਾਮ ਬਣਾਇਆ ਹੈ। 1974-75 ਵਿਚ ਕਿੰਨਿਆਂ ਨੂੰ ਨੌਕਰੀਆਂ ਦੇਣੀਆਂ ਹਨ ਇਸ ਦਾ ਜ਼ਿਕਰ ਬਜਟ ਵਿਚ ਨਹੀਂ ਕੀਤਾ ਗਿਆ। ਇਹ ਕਹਿੰਦੇ ਹਨ ਕਿ ਇਮਪਲਾਇਮੈਂਟ ਐਕਸਚੇਂਜ ਰਾਹੀਂ 44249 ਬੰਦਿਆਂ ਨੂੰ ਪਿਛਲੇ ਸਾਲ ਨੌਕਰੀਆਂ ਦਿਤੀਆਂ ਗਈਆਂ। ਚੇਅਰਮੈਨ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇਨਾਂ 44 ਹਜ਼ਾਰ ਬੰਦਿਆਂ ਵਿਚੋਂ ਜਿਨਾਂ ਨੂੰ ਨੌਕਰੀਆਂ ਮਿਲੀਆਂ ਉਨ੍ਹਾਂ ਵਿਚੋਂ ਬਹੁਤ ਸਾਰਿਆਂ ਦੇ ਨਾਮ ਦੋ ਦੋ ਵਾਰੀ ਤਿੰਨ ਤਿੰਨ ਵਾਰੀ ਇਮਪਲਾਇਮੈਂਟ ਐਕਸਚੇਂਜ ਵਿਚ ਦਰਜ਼ ਕੀਤੇ ਗਏ ਹਨ। ਤਿੰਨ ਮਹੀਨੇ ਲਈ ਜਾਂ ਛੇ ਮਹੀਨੇ ਲਈ ਰੱਖ ਕੇ ਫਿਰ ਇਕ ਦਿਨ ਬਾਅਦ ਰਖ ਲਿਆ। ਇਸ ਤਰ੍ਹਾਂ ਦੋ ਦੋ, ਤਿੰਨ ਤਿੰਨ, ਚਾਰ ਚਾਰ ਮਹੀਨੇ ਬਾਅਦ ਨਾਂ ਕੱਟ ਕੇ ਮੁੜ ਕੇ ਐਮਪਲਾਇਮੈਂਟ ਐਕਸਚੇਂਜ ਵਿਚ ਨਾਮ ਲਿਖ ਕੇ ਰੁਜ਼ਗਾਰ ਦਿਤੇ ਗਏ ਇਸ ਤਰ੍ਹਾਂ ਇਹ ਅੰਕੜੇ ਵਧਾਏ ਗਏ ਹਨ। ਚੇਅਰਮੈਨ ਸਾਹਿਬ, ਇਸ ਤਰ੍ਹਾਂ ਬੇਕਾਰੀ ਨਹੀਂ ਦੂਰ ਹੋ ਸਕਦੀ, ਮਹਿੰਗਾਈ ਨਹੀਂ ਦੂਰ ਹੋ ਸਕਦੀ ਹਿੰਦੁਸਤਾਨ ਦੀ ਸਰਕਾਰ ਨੇ ਇਕ ਬੜਾ ਚੰਗਾ ਕੰਮ ਕੀਤਾ ਬੇਕਾਰੀ ਨੂੰ ਘੱਟ ਕਰਨ ਵਾਸਤੇ। ਮਹਿੰਗਾਈ ਨੂੰ ਘੱਟ ਕਰਨ ਵਾਸਤੇ ਖਾਨਾਂ ਦਾ ਕੌਮੀਕਰਨ ਕਰ ਦਿਤਾ। ਪਰ ਕੋਲਾ ਨਹੀਂ ਪਹੁੰਚਦਾ। ਇਹ ਕਹਿੰਦੇ ਹਨ ਕਿ ਕੋਲਾ ਇਸ ਕਰਕੇ ਨਹੀਂ ਪਹੁੰਚਦਾ ਕਿ ਮਜ਼ਦੂਰਾਂ ਨੇ ਹੜਤਾਲ ਕਰ ਦਿਤੀ ਹੈ। ਇਟ ਇਜ਼ ਸਲੱਰ ਆਨ ਦੀ ਵਰਕਿੰਗ ਕਲਾਸ। ਰੇਲਵੇ ਬੋਰਡ ਸਟੋਰੇਜ ਕਰਦਾ ਹੈ। ਜਿਹੜੇ ਕੁਰੱਪਟ ਅਫਸਰ ਬੈਠੇ ਹਨ ਉਹ ਨਹੀਂ ਚਾਹੁੰਦੇ ਕਿ ਕੋਲਾ ਉਨ੍ਹਾਂ ਨੂੰ ਕੁਝ ਪੈਸੇ ਦਿਤੇ ਬਿਨਾਂ ਹੇਠਾਂ ਪੰਹੁਚੇ। ਜਿਹੜੇ ਇਸ ਕੰਮ ਵਾਸਤੇ ਡੀਲਰਜ਼ ਮੁਕਰਰ ਕੀਤੇ ਹਨ ਉਹ ਪੁਰਾਣੇ ਡੀਲਰਜ਼ ਹੀ ਹਨ। ਪਹਿਲਾਂ ਜਿਹੜੇ ਇਹ ਕੰਮ ਕਰਦੇ ਸਨ ਅੱਜ ਉਹੀ ਸਰਕਾਰ ਦੇ ਏਜੰਟ ਹਨ। ਉਹ ਕੀਮਤਾਂ ਸ਼ਾਰਟੇਜ ਪੈਦਾ ਕਰਕੇ ਵਧਾਉਂਦੇ ਹਨ। ਚੀਫ ਮਨਿਸਟਰ ਸਾਹਿਬ ਕਹਿੰਦੇ ਹਨ ਕਿ ਡੀਜ਼ਲ ਵੱਧ ਆਇਆ ਹੈ। ਅਸੀਂ ਵੀ ਤਾਂ ਇਹੀ ਕਹਿੰਦੇ ਹਾਂ ਕਿ ਡੀਜ਼ਲ ਬਹੁਤ ਹੈ ਪਰ ਸ਼ਾਰਟੇਜ ਪੈਦਾ ਕਰਕੇ ਉਨ੍ਹਾਂ ਦੀ ਕੀਮਤ ਇਹ ਲੋਕੀਂ ਵਧਾਉਣਾ ਚਾਹੁੰਦੇ ਹਨ। ਅਮਲ ਵਿਚ ਇਹ ਜਿਹੜੀ ਮਹਿੰਗਾਈ ਵਧੀ ਹੈ ਇਹ ਸ਼ਾਰਟੇਜ ਕਰਕੇ ਵੱਧੀ, ਆਰਟੀਫੀਸ਼ਲ ਸ਼ਾਰਟੇਜ ਪੈਦਾ ਕਰਕੇ ਮਹਿੰਗਾਈ ਵਧਾਈ ਗਈ ਹੈ। ਡੀਜ਼ਲ ਵੱਧ ਆਇਆ ਹੈ, ਪਰ ਕਿਸਾਨਾਂ ਨੂੰ ਨਹੀਂ ਮਿਲਦਾ। ਸਰਕਾਰੀ ਮਸ਼ੀਨਰੀ ਵੈਸਟਿਡ ਇਨਟਰੈਸਟ ਨਾਲ ਮਿਲੀ ਹੋਈ ਹੈ ਜਿਹੜੀ ਕਿ ਆਰਟੀਫੀਸ਼ਲ ਸ਼ਾਰਟੇਜ ਪੈਦਾ ਕਰਕੇ ਕੀਮਤਾਂ ਵਧਾਉਂਦੀ ਹੈ।

[ਕਾਮਰੇਡ ਸੱਤ ਪਾਲ ਡਾਂਗ]

ਅਗੇ ਚਲ ਕੇ ਮੈਂ, ਚੇਅਰਮੈਨ ਸਾਹਿਬ, ਤੁਹਾਡਾ ਧਿਆਨ ਇਸ ਬਜਟ ਦੀਆਂ ਫਿਗਰਜ਼ ਵਲ ਦੁਆਉਣਾ ਚਾਹੁੰਦਾ ਹਾਂ। ਜੇ ਬਜਟ ਦੀਆਂ ਤੁਸੀਂ ਫਿਗਰਜ਼ ਦੇਖੋਗੇ ਤਾਂ ਤੁਹਾਨੂੰ ਪਤਾ ਲਗੇਗਾ ਵੈਸਟਿਡ ਇਨਟ੍ਰੈਸਟ ਹਰ ਇਕ ਚੀਜ਼ ਵਿਚ ਸ਼ਾਰਟੇਜ ਵਧਾ ਰਿਹਾ ਹੈ, ਮਹਿੰਗਾਈ ਵਧਾ ਰਿਹਾ ਹੈ ਅਤੇ ਤਰੱਕੀ ਵਿਚ ਰੁਕਾਵਟ ਪਾ ਰਿਹਾ ਹੈ। ਤੁਸੀਂ ਦੇਖੋ 1973-74 ਵਿਚ ਕੈਪੀਟਲ ਹੈਡ ਦੇ ਹੇਠਾਂ ਸੱਤ ਲੱਖ ਰੁਪਿਆ (ਵਿਘਨ) 1973-74 ਵਿਚ ਪੀ.ਡਬਲਿਯੂ.ਡੀ. ਵਿਚ 1 ਕਰੋੜ 44 ਲੱਖ ਰੁਪਿਆ ਘੱਟ ਖਰਚ ਹੋਇਆ ਹੈ। ਇਰੀਗੇਸ਼ਨ ਵਰਕਸ ਵਿਚ 1973-74 ਵਿੱਚ ਕੈਪੀਟਲ ਹੈਡ ਦਾ 1 ਕਰੋੜ 27 ਲੱਖ ਰੁਪਿਆ ਘੱਟ ਖਰਚ ਹੈ। ਪਬਲਿਕ ਵਰਕਸ ਵਿਚ 1 ਕਰੋੜ ਦੇ ਕਰੀਬ ਘੱਟ ਰੁਪਿਆ ਖਰਚ ਹੋਇਆ। ਇਸ ਦੇ ਰੀਜ਼ਨਜ਼ ਕੀ ਦਿਤੇ ਹਨ? ਇਸ ਦੇ ਰੀਜ਼ਨਜ਼ ਦਿਤੇ ਹਨ ਕਿ ਚੀਜ਼ਾਂ ਨਹੀਂ ਮਿਲੀਆਂ ਜਿਸ ਕਰਕੇ ਕੰਮ ਘੱਟ ਹੋਇਆ ਹੈ। ਕੋਲਾ ਨਹੀਂ ਮਿਲਿਆ, ਸੀਮਿੰਟ ਨਹੀਂ ਮਿਲਿਆ ਜਾਂ ਹੋਰ ਚੀਜ਼ਾਂ ਨਹੀਂ ਮਿਲਦੀਆਂ ਇਸ ਕਰਕੇ ਇਹ ਕੰਮ ਘੱਟ ਹੋਏ ਹਨ। ਕੀ ਜਿਥੇ ਇਹੋ ਜਿਹੀ ਪੋਜ਼ੀਸ਼ਨ ਹੋਵੇ ਅਤੇ ਸਰਕਾਰ ਦੇ ਆਪਣੇ ਕੰਮਾਂ ਵਿਚ ਇਹ ਹਾਲ ਹੋਵੇ ਤਾਂ ਇਹ ਵੈਸਟਿਡ ਇਨਟ੍ਰੈਸਟ ਨੂੰ ਹੱਥ ਪਾਉਣਗੇ? ਉਨ੍ਹਾਂ ਤੇ ਕੋਈ ਅਟੈਕ ਕਰਨਗੇ? (ਵਿਘਨ) ਫਿਰ ਇਹ ਕਹਿੰਦੇ ਹਨ ਕਿ 1972-73 ਵਿਚ ਜਿੰਨਾ ਪ੍ਰੋਵੀਜ਼ਨ ਕੀਤਾ ਗਿਆ ਸੀ ਸੇਲ ਟੈਕਸ ਦੀ ਆਮਦਨ ਦਾ ਉਸ ਨਾਲੋਂ ਕਿਧਰੇ ਵੱਧ ਆਮਦਨ ਹੋਈ ਹੈ। ਕਿਉਂ? ਕਿਉਂਕਿ ਕੀਮਤਾਂ ਵੱਧ ਗਈਆਂ ਹਨ ਇਸ ਲਈ ਸੇਲ ਟੈਕਸ ਦੀ ਆਮਦਨ ਵੱਧ ਗਈ ਹੈ। 1973-74 ਵਿਚ 8 ਕਰੋੜ 52 ਲੱਖ ਦੇ ਤਖ਼ਮੀਨੇ ਨਾਲੋਂ ਆਮਦਨ ਵੱਧ ਹੋਈ ਹੈ। ਕਿਉਂ? ਇਸ ਲਈ ਕਿ ਕੀਮਤਾਂ ਵੱਧ ਗਈਆਂ ਹਨ ਇਸ ਲਈ ਆਮਦਨ ਵੀ ਸੇਲ ਟੈਕਸ ਦੀ ਵੱਧ ਗਈ ਹੈ। 1974-75 ਦੇ ਬਜਟ ਵਿਚ ਇਨ੍ਹਾਂ ਨੇ ਸਫਾ 20 ਤੇ ਆਪ ਲਿਖਿਆ ਹੈ ਕਿ ਐਤਕੀ ਇਹ ਤਖ਼ਮੀਨਾ ਵੱਧ ਹੈ ਕਿਉਂਕਿ ਕੀਮਤਾਂ ਹੋਰ ਵੱਧਣੀਆਂ ਹਨ। ਇਹ ਇਨ੍ਹਾਂ ਨੇ ਆਪ ਉਸ ਵਿਚ ਲਿਖਿਆ ਹੈ ਕਿਉਂਕਿ ਐਤਕੀ ਕੀਮਤਾਂ ਹੋਰ ਵਧਣੀਆਂ ਹਨ ਇਸ ਲਈ ਸੇਲ ਟੈਕਸ ਦੀ ਜਿਹੜੀ ਆਮਦਨ ਹੈ ਉਹ ਇਸ ਸਾਲ ਹੋਰ ਵਧੇਗੀ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਵੈਸਟਿਡ ਇਨਟ੍ਰੈਸਟ ਨੂੰ ਹੱਥ ਨਹੀਂ ਪਾਉਣਾ ਅਤੇ ਜਿਸ ਕਰਕੇ ਕੀਮਤਾਂ ਵਧਣੀਆਂ ਹਨ ਅਤੇ ਇਨ੍ਹਾਂ ਦੀ ਸੇਲ ਟੈਕਸ ਦੀ ਆਮਦਨ ਵਧਣੀ ਹੈ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੂੰ ਵੈਸਟਿਡ ਇਨਟ੍ਰੈਸਟ ਨੂੰ ਹੱਥ ਪਾਉਣਾ ਚਾਹੀਦਾ ਹੈ। ਇਹ ਕਹਿੰਦੇ ਹਨ ਕਿ ਅਸੀਂ ਲੋਕਾਂ ਨੂੰ ਸਸਤੇ ਭਾਅ ਤੇ ਚੀਜ਼ ਦਿਆਂਗੇ ਅੰਮ੍ਰਿਤਸਰ ਵਿਚ 50 ਲੱਖ ਰੁਪਿਆ ਦੇ ਦਿਤਾ ਅਤੇ ਕਿਹਾ ਕਿ ਅਸੀਂ ਸਬਸਿਡੀ ਦਿਆਂਗੇ। ਇਹ ਕੰਮ ਸ਼ੁਰੂ ਕਿਥੋਂ ਕੀਤਾ, ਅੰਮ੍ਰਿਤਸਰ ਤੋਂ, ਜਿਥੇ ਕਿ ਬਾਈ ਇਲੈਕਸ਼ਨ ਹੋਣੇ ਹਨ। ਫਿਰ ਇਹ ਜਿਹੜੀ ਸਬਸਿਡੀ ਦੇਣੀ ਹੈ ਦੇਣੀ ਕਿਸ ਨੂੰ ਹੈ? ਮੁਲਾਜ਼ਮਾਂ ਨੂੰ ਰਿਆਇਤ ਦੇਣੀ ਹੈ, ਗਰੀਬ ਕਿਸਾਨ ਨੂੰ ਨਹੀਂ, ਗਰੀਬ ਮਜ਼ਦੂਰ ਨੂੰ ਨਹੀਂ, ਰਿਕਸ਼ਾ ਚਲਾਉਣ ਵਾਲੇ ਨੂੰ ਜਾਂ ਕਿਸੀ ਹੋਰ ਗਰੀਬ ਆਦਮੀ ਨੂੰ ਨਹੀਂ। ਫਿਰ ਇਨ੍ਹਾਂ ਨੇ ਕੀਤਾ ਕੀ? 2-2 ਹਜ਼ਾਰ ਰੁਪਿਆ ਲੈ ਕੇ ਡਿਪੂ ਦੇ ਦਿੱਤੇ, ਕੋਈ ਕਿਧਰੇ ਤੇ ਕੋਈ ਕਿਧਰੇ ਲੋਕੀਂ ਤੁਰੇ ਫਿਰਦੇ ਹਨ ਪਰ ਉਨ੍ਹਾਂ ਨੂੰ ਲੱਭਦਾ ਕੁਝ ਨਹੀਂ। ਮੈਂ ਬੇਨਤੀ ਕਰਾਂਗਾ ਕਿ ਇਹ ਹੱਲ ਨਹੀਂ। ਜਿੰਨੀ ਦੇਰ ਤਕ ਤੁਸੀਂ ਵੈਸਟਿਡ ਇਨਟ੍ਰੈਸਟ ਨੂੰ ਅਟੈਕ ਨਹੀਂ ਕਰਦੇ, ਵੈਸਟਿਡ ਇਨਟ੍ਰੈਸਟ ਨਾਲ ਜਿੰਨੀ ਦੇਰ ਤਕ ਤੁਹਾਡੀ ਯਾਰੀ ਹੈ ਇਹ ਗਰੀਬੀ ਹਟਾਓ ਦਾ ਜਿਹੜਾ ਤੁਹਾਡਾ ਵਾਅਦਾ ਹੈ ਇਹ ਪੂਰਾ ਨਹੀਂ ਹੋਵੇਗਾ। ਇਹ ਹੋਲਡਰਜ਼ ਦੇ ਖਿਲਾਫ਼, ਬਿਗ ਹਾਊਸਿਜ਼ ਦੇ ਖਿਲਾਫ਼ ਵੈਸਿਟਡ ਇਨਟ੍ਰੈਸਟ ਦੇ ਖਿਲਾਫ ਕੁਝ ਕਰਦੇ ਨਹੀਂ ਉਨ੍ਹਾਂ ਨਾਲ ਯਾਰੀ ਲਾ ਕੇ ਬੈਠੇ ਹਨ, ਉਨ੍ਹਾਂ ਨੂੰ ਰਿਆਇਤਾਂ ਦਿੰਦੇ ਹਨ ਇਸ ਕਰਕੇ ਇਹ ਮਹਿੰਗਾਈ ਵਧੀ ਹੈ। ਬੇਕਾਰੀ ਵਧੀ ਹੈ, ਗਰੀਬੀ ਵਧੀ ਹੈ ਅਤੇ ਭਰਿਸ਼ਟਾਚਾਰ ਵਧਿਆ ਹੈ। ਮੈਂ ਭਰਿਸ਼ਟਾਚਾਰ ਬਾਰੇ ਕਹਿੰਦਾ ਹਾਂ ਕਿ ਮੈਂ ਅਕਾਲੀ ਮਨਿਸਟਰੀ ਦੇ ਖਿਲਾਫ ਇਕ ਮੈਮੋਰੈਂਡਮ ਬਣਾ ਕੇ ਦਿੱਤਾ ਸੀ ਅਤੇ ਮੈਂ ਪੂਰੀ ਜ਼ਿਮੇਵਾਰੀ ਨਾਲ ਕਹਿੰਦਾ ਹਾਂ ਕਿ

ਜੇ ਮੈਂ ਅੱਜ ਮੈਮੋਰੈਂਡਮ ਬਣਾਉਣ ਬੈਠਾ ਤਾਂ ਉਸ ਮੈਮੋਰੈਂਡਮ ਨਾਲੋਂ ਵੱਧ ਅੱਜ ਦੇ ਮਨਿਸਟਰਾਂ ਦੇ ਖਿਲਾਫ ਬਣ ਜਾਵੇਗਾ । (ਵਿਘਨ)

ਡਾਕਟਰ ਅਮੀਰ ਸਿੰਘ ਕਲਕਟ : ** ** ** (ਵਿਘਨ)

Mr. Chairman: This is no point of order.

ਕਾਮਰੇਡ ਸੱਤ ਪਾਲ ਡਾਂਗ : ਚੇਅਰਮੈਨ ਸਾਹਿਬ, ਭਰਿਸ਼ਟਾਚਾਰ ਦਾ ਅਗਾਜ਼ ਉਦੋਂ ਹੋਇਆ ਜਦੋਂ ਪੰਡਿਤ ਜਵਾਹਰ ਲਾਲ ਨਹਿਰੂ ਜੀ ਨੇ ਵਾਇਦਾ ਕੀਤਾ ਸੀ--(ਵਿਘਨ) ਇਹ ਮੁਨਕਰ ਹੋ ਗਏ (ਵਿਘਨ)

ਸ੍ਰੀ ਗੁਰਦਿਆਲ ਸੈਣੀ : ਚੇਅਰਮੈਨ ਸਾਹਿਬ, ਜਿਹੜਾ ਕੋਈ ਹਾਊਸ ਵਿਚ ਨਾ ਬੈਠਾ ਹੋਵੇ ਉਸ ਦਾ ਨਾਮ ਲੈਣਾ ਗਲਤੀ ਹੈ। (ਵਿਘਨ) ਇਨ੍ਹਾਂ ਨੂੰ ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਨਾਮ ਨਹੀਂ ਲੈਣਾ ਚਾਹੀਦਾ (ਵਿਘਨ)

Mr. Chairman: Please resume your seat. Mr. Dang, please carry on.

ਕਾਮਰੇਡ ਸੱਤ ਪਾਲ ਡਾਂਗ : ਚੇਅਰਮੈਨ ਸਾਹਿਬ, ਫਿਰ ਮਾਰਕਿਟ ਫੀਸ ਵਧਾਉਣ ਦੀ ਗੱਲ ਹੋਈ। (ਵਿਘਨ) ਚੇਅਰਮੈਨ ਸਾਹਿਬ, ਡਾਇਰੈਕਟ ਟੈਕਸ ਗਰੀਬ ਆਦਮੀ ਤੇ ਘੱਟ ਪੈਂਦਾ ਹੈ ਅਤੇ ਇਨ-ਡਾਇਰੈਕਟ ਟੈਕਸ ਗਰੀਬ ਆਦਮੀ ਤੇ ਜ਼ਿਆਦਾ ਪੈਂਦੇ ਹਨ। ਸਾਡੇ ਸੂਬੇ ਵਿਚ ਹਾਲਤ ਕੀ ਹੈ? 1973-74 ਵਿਚ ਡਾਇਰੈਕਟ ਟੈਕਸ 10 ਰੁਪਏ 73 ਪੈਸੇ ਸੀ ਅਤੇ 1974-75 ਵਿਚ ਇਹ ਡਾਇਰੈਕਟ ਟੈਕਸ 10 ਰੁਪਏ 91 ਪੈਸੇ ਹੋ ਜਾਣਗੇ। 1973-74 ਵਿਚ ਇਨਡਾਇਰੈਕਟ ਟੈਕਸ 96 ਰੁਪਏ 12 ਪੈਸੇ ਸਨ ਅਤੇ 1974-75 ਵਿਚ ਇਹ ਇਨਡਾਇਰੈਕਟ ਟੈਕਸ 101 ਰੁਪਏ 65 ਪੈਸੇ ਹੋ ਜਾਣਗੇ। ਗਰੀਬਾਂ ਉਤੇ ਲਗਾਤਾਰ ਟੈਕਸ ਲਗਾਇਆ ਜਾ ਰਿਹਾ ਹੈ। ਜੇ, ਚੇਅਰਮੈਨ ਸਾਹਿਬ, ਸਾਰਾ ਹਿਸਾਬ ਲਗਾ ਕੇ ਦੇਖੀਏ ਤਾਂ ਸਾਰੇ ਰੈਵਨਿਊ ਟੈਕਸ ਦਾ 82.2% ਇਨਡਾਇਰੈਕਟ ਟੈਕਸ ਦਾ ਬਣਦਾ ਹੈ ਅਤੇ ਜਿਨ੍ਹਾਂ ਵਿਚੋਂ ਸੇਲਜ਼ ਟੈਕਸ ਸਭ ਨਾਲੋਂ ਵੱਡੀ ਰਕਮ ਹੈ। ਇਸ ਲਈ ਚੇਅਰਮੈਨ ਸਾਹਿਬ, ਮੈਂ ਇਹ ਬੇਨਤੀ ਕਰਾਂਗਾ ਕਿ ਇਹ ਮਾਰਕਿਟ ਫੀਸ ਜਿਹੜੀ ਹੈ ਇਹ ਵੀ ਇਨਡਾਇਰੈਕਟ ਟੈਕਸ ਹੈ ਅਤੇ ਇਹ ਬਿਲਕੁਲ ਨਹੀਂ ਹੋਣੀ ਚਾਹੀਦੀ। ਅੱਜ ਅੱਗੇ ਹੀ ਕੀਮਤਾਂ ਇੰਨੀਆਂ ਵੱਧ ਗਈਆਂ ਹਨ ਅਤੇ ਇਸ ਨਾਲ ਕੀਮਤਾਂ ਹੋਰ ਵਧਣਗੀਆਂ। ਇਸ ਲਈ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਗਲਤ ਹੈ ਅਤੇ ਇਹ ਵਾਪਸ ਲੈਣੀ ਚਾਹੀਦੀ ਹੈ। ਬਜਟ ਵਿਚ ਘਾਟਾ ਦਿਖਾਇਆ ਗਿਆ ਹੈ। ਅਸਲ ਵਿਚ ਇਹ ਘਾਟਾ ਜਾਣ ਬੁਝ ਕੇ ਦਿਖਾਇਆ ਜਾਂਦਾ ਹੈ। ਗਰੀਬਾਂ ਤੇ ਹੋਰ ਟੈਕਸ ਲਾਉਣ ਕਰਕੇ ਇਹ ਘਾਟਾ ਦਿਖਾਇਆ ਜਾਂਦਾ ਹੈ। ਜਿਹੜੀਆਂ ਫਿਗਰਜ਼ ਸਾਨੂੰ ਦਿਤੀਆਂ ਹਨ ਉਸ ਵਿਚ ਜੇ ਉਰਿਜਨਲ ਨਹੀਂ ਰਿਵਾਈਜ਼ਡ ਐਸਟੀਮੇਟ ਦੀਆਂ ਫਿਗਰਜ਼ ਦੇਖੀਏ ਰੈਵਨਿਊ ਦੀਆਂ ਤਾਂ ਤੁਸੀਂ ਵੇਖੋਗੇ ਕਿ 16 ਕਰੋੜ ਰੁਪਿਆ ਵੱਧ ਹੋਇਆ ਹੈ। ਇਸ ਤਰੀਕੇ ਨਾਲ, ਚੇਅਰਮੈਨ ਸਾਹਿਬ, 1973-74 ਵਿਚ ਤਖ਼ਮੀਨੇ ਨਾਲੋਂ ਰਿਵਾਈਜ਼ਡ ਐਸਟੀਮੇਟ ਕਿਤੇ ਵੱਧ ਹੈ ਔਰ 1969 ਤੋਂ 1970, 1974-75 ਦੇ ਤਖ਼ਮੀਨੇ ਦੀ ਰਕਮ ਰੈਵਿਨਿਊ ਦੀ ਜਿਹੜੀ ਸਰਪਲਸ ਹੈ ਉਹ 1 ਅਰਬ 33 ਕਰੋੜ ਰੁਪਏ ਹੈ। ਇਹ ਉਹ ਹੈ ਜਿਹੜੀ ਸਰਪਲਸ ਹੈ। ਇਸ ਕਰਕੇ ਐਸੀ ਕੋਈ ਪੋਜ਼ੀਸ਼ਨ ਨਹੀਂ ਕਿ ਲੋਕਾਂ ਤੇ ਟੈਕਸ ਲਾਏ ਜਾਣ ਔਰ ਅਗਰ ਲਗਾਏ ਤਾਂ ਅਸੀਂ ਡੱਟਕੇ ਵਿਰੋਧਤਾ ਕਰਾਂਗੇ। ਚੇਅਰਮੈਨ ਸਾਹਿਬ, ਮੈਂ ਤੁਹਾਡਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿ ਪਿਛਲੇ ਸਾਲ ਘਾਟੇ ਨੂੰ ਪੂਰਾ ਕਰਨ ਲਈ ਕਿਹਾ ਗਿਆ ਸੀ ਕਿ Land reform is not complete if carried out in a half hearted manner ਜਿਹੜੀ 4 ਕਰੋੜ ਰੁਪਏ ਦੀ ਰਕਮ ਐਜ਼ ਸਿਕਿਉਰਟੀ ਪਈ ਹੈ ਉਹ ਕਢਾਈ ਜਾਵੇਗੀ, ਪਰ ਉਸ ਦੀ ਲੋੜ ਨਹੀਂ ਪਈ ਅਤੇ ਕਹਿੰਦੇ ਇਹ ਹਨ ਕਿ ਰਿਜ਼ਰਵ ਬੈਂਕ ਨਾਲ ਉਸ ਬਾਰੇ ਗੱਲ ਬਾਤ ਚਲ ਰਹੀ ਹੈ। ਇਸ ਤੋਂ ਇਲਾਵਾ ਇਨ੍ਹਾਂ ਨੇ ਪਿਛਲੇ ਸਾਲ ਕਿਹਾ ਸੀ ਕਿ ਕੁਝ ਐਗਰੀਕਲਚਰਲ ਲੈਂਡ ਕਨਵਰਟ

** Expunged as ordered by the Chair.

[ਕਾਮਰੇਡ ਸੱਤ ਪਾਲ ਡਾਂਗ]

ਕਰਾਂਗੇ ਅਤੇ ਉਸ ਦੇ ਨਾਲ ਕੁਝ ਬਜਟ ਦੇ ਘਾਟੇ ਦਾ ਖੱਪਾ ਪੂਰਾ ਕਰਾਂਗੇ, ਪਰ ਉਸ ਦੀ ਵੀ ਕੋਈ ਲੋੜ ਨਹੀਂ ਪਈ। ਇਸ ਲਈ ਮੈਂ ਕਹਿੰਦਾ ਹਾਂ ਕਿ ਹੋਰ ਟੈਕਸ ਲਾਉਣ ਦੀ ਕੋਈ ਲੋੜ ਨਹੀਂ। ਸਾਡਾ ਇਹ ਛੋਟਾ ਜਿਹਾ ਸੈਕਰੀਟੇਰੀਏਟ ਵਾਈਟ ਐਲੀਫੈਂਟ ਬਣਿਆ ਹੋਇਆ ਹੈ। ਇਸ ਵਿਚ 13 ਸੈਕਟਰੀ, 22 ਜੁਆਇੰਟ ਸੈਕਟਰੀ ਅਤੇ ਫਿਰ 44 ਅੰਡਰ ਸੈਕਟਰੀ ਹਨ, ਇਸ ਤਰ੍ਹਾਂ 116 ਆਈ.ਏ.ਐਸ. ਹਨ ਅਤੇ ਪੀ. ਸੀ. ਐਸ. ਦੀ ਗਿਣਤੀ ਇਸ ਤੋਂ ਵੀ ਕਿਤੇ ਵੱਧ ਹੈ ਅਤੇ ਇਸੇ ਤਰ੍ਹਾਂ ਆਈ.ਪੀ.ਐਸ. ਹਨ। ਮੈਂ ਕਹਿੰਦਾ ਹਾਂ ਕਿ ਜੇਕਰ ਬੱਚਤ ਕਰਨੀ ਹੈ ਤਾਂ ਇਥੇ ਕਰੋ ਪਰ ਅਸਲ ਖੱਪਾ ਤਾਂ ਜਾਣ ਬੁਝ ਕੇ ਵਧਾ ਦਿੱਤਾ ਗਿਆ ਹੈ। ਬਿਜਲੀ ਦੀ ਦਰ ਵਧਾਉਣ ਦੀ ਗੱਲ ਹੈ। ਮੈਂ ਕਹਿੰਦਾ ਹਾਂ ਕਿ ਗਰੀਬਾਂ ਨੂੰ ਇਸ ਵਿਚ ਰਿਆਇਤ ਮਿਲਣੀ ਚਾਹੀਦੀ ਹੈ। ਪਰ ਇਹ ਕੀ ਕਰ ਰਹੇ ਹਨ ਕਿ ਜੇਕਰ ਕਿਸੇ ਨੇ ਦਸ ਸਾਲ ਪਹਿਲਾਂ ਇਕ ਲਾਟੂ ਲਗਵਾਇਆ ਹੋਇਆ ਹੈ ਤਾਂ ਉਸ ਨੂੰ ਕਹਿੰਦੇ ਹਨ ਕਿ 20 ਰੁਪਏ ਹੋਰ ਜਮ੍ਹਾਂ ਕਰਵਾਓ। ਅੱਜ ਜੇ ਕਰ ਕੋਈ ਨਵਾਂ ਕੁਨੈਕਸ਼ਨ ਲੈਣਾ ਚਾਹ ਤਾਂ ਉਸ ਨੂੰ 80 ਰੁਪਏ ਦੇਣੇ ਪੈਂਦੇ ਹਨ। 40 ਰੁਪਏ ਟੈਕਸ ਦੇ ਅਤੇ 40 ਰੁਪਏ ਸਿਕਿਉਰਟੀ ਦੇ। ਕੌਣ ਗਰੀਬ ਅੱਜ ਕੋਈ ਨਵਾਂ ਕੁਨੈਕਸ਼ਨ ਲੈ ਸਕੇਗਾ। ਗਰੀਬ ਅੱਜ ਨਵਾਂ ਕੁਨੈਕਸ਼ਨ ਲੈ ਨਹੀਂ ਸਕਦਾ। ਮੈਂ ਸਰਦਾਰ ਸੁਰਜੀਤ ਸਿੰਘ ਜੀ ਨਾਲ ਸਹਿਮਤ ਨਹੀਂ ਹਾਂ। ਮੈਂ ਕਹਿੰਦਾ ਹਾਂ ਕਿ ਰਾਜ ਕਮੇਟੀ ਦੀ ਰਿਪੋਰਟ ਨੂੰ ਲਾਗੂ ਕਰੋ। ਉਸ ਨੂੰ ਲਾਗੂ ਕਰਕੇ ਸਰਕਾਰ ਦੀ ਇਨਕਮ ਵਧਾਉਣੀ ਚਾਹੀਦੀ ਹੈ। ਸਰਦਾਰ ਸੁਰਜੀਤ ਸਿੰਘ ਜੀ ਨੇ ਹਰ ਇਕ ਨੂੰ ਕਿਸਾਨ ਕਹਿ ਦਿੱਤਾ ਹੈ ਚਾਹੇ ਕੋਈ ਵੱਡਾ ਲੈਂਡ ਲਾਰਡ ਹੋਵੇ ਅਤੇ ਚਾਹੇ ਕੋਈ ਗਰੀਬ ਕਿਸਾਨ ਹੋਵੇ। ਜਿਹੜਾ ਲੈਂਡ ਲਾਰਡ ਹੈ ਧਨੀ ਕਿਸਾਨ ਹੈ ਉਸ ਤੇ ਤਾਂ ਟੈਕਸ ਠੀਕ ਹੈ ਅਤੇ ਗਰੀਬ ਕਿਸਾਨ ਤੇ ਨਹੀਂ। ਇਸ ਵੇਲੇ ਲੈਂਡ ਰੈਵਿਨਿਊ ਤੋਂ ਸਾਡੀ ਆਮਦਨ ਸਿਰਫ਼ ਇਕ ਪਰਸੈਂਟ ਹੈ। ਭਾਵੇਂ ਇਸ ਪਾਸੇ ਵਾਲੇ ਹੋਣ ਅਤੇ ਭਾਵੇਂ ਉਹ ਪਾਸੇ ਵਾਲੇ, ਧਨੀ ਲੈਂਡ ਲਾਰਡਾਂ ਤੇ ਟੈਕਸ ਜ਼ਰੂਰ ਲਗਣਾ ਚਾਹੀਦਾ ਹੈ। ਚੇਅਰਮੈਨ ਸਾਹਿਬ, ਲੈਂਡ ਰਿਫਾਰਮ ਦਾ ਬਿੱਲ ਆਇਆ, ਕਾਨੂੰਨ ਬਣਾਇਆ ਅਤੇ ਇਨ੍ਹਾਂ ਨੇ ਮੰਨਿਆ ਕਿ ਦਸੰਬਰ, 1973 ਤਕ ਸਾਰੀ ਸਰਪਲਸ ਲੈਂਡ ਵੰਡ ਦਿਆਂਗੇ ਪਰ ਅੱਜੇ ਤੱਕ ਇਕ ਏਕੜ ਵੀ ਨਹੀਂ ਵੰਡੀ ਗਈ। ਇਨ੍ਹਾਂ ਦੀ ਜਿਹੜੀ ਇੰਪਲੀਮੈਂਟੇਸ਼ਨ ਮਸ਼ੀਨਰੀ ਹੈ ਉਹ ਪਰੋ-ਲੈਂਡਲਾਰਡ ਹੈ। ਉਹ ਵੰਡਣ ਨਹੀਂ ਦਿੰਦੀ। ਇਨ੍ਹਾਂ ਨੇ ਕਿਹਾ ਸੀ ਕਿ ਐਸ.ਡੀ.ਓ. ਲੈਵਲ ਤੇ ਕਮੇਟੀਆਂ ਬਣਾਵਾਂਗੇ ਅਤੇ ਸਾਰੀ ਜ਼ਮੀਨ ਵੰਡ ਦਿੱਤੀ ਜਾਵੇਗੀ, ਪਰ ਉਸ ਤੇ ਸ਼ਰਮਾ ਸਾਹਿਬ ਬੈਠੇ ਹੋਏ ਹਨ ਅਤੇ ਉਹ ਕਾਗ਼ਜ ਨਿਕਲਣ ਨਹੀਂ ਦਿੰਦੇ। ਅੱਗੇ ਵਾਸਤੇ ਕਿਹਾ ਹੈ ਕਿ ਇਕ ਕਰੋੜ ਰੁਪਏ ਰੱਖੇ ਹਨ ਜ਼ਮੀਨ ਦੇ ਕੰਪਨਸੇਸ਼ਨ ਵਾਸਤੇ। ਐਵਰਏਜ ਕੋਈ ਇਕ ਹਜ਼ਾਰ ਰੁਪਇਆ ਪਰ ਏਕੜ ਕੰਪਨਸੇਸ਼ਨ ਬਣਦਾ ਹੈ। ਭਾਵੇਂ ਹਾਲੇ ਤੱਕ ਇਸ ਦਾ ਫੈਸਲਾ ਨਹੀਂ ਹੋ ਸਕਿਆ। ਜਿੰਨੀ ਰਕਮ ਕੰਪਨਸੇਸ਼ਨ ਵਾਸਤੇ ਰੱਖੀ ਗਈ ਹੈ ਉਸ ਦੇ ਮੁਤਾਬਕ 10 ਹਜ਼ਾਰ ਏਕੜ ਜ਼ਮੀਨ ਦਿੱਤੀ ਜਾ ਸਕਦੀ ਹੈ। ਜਿਹੜੀ 48 ਹਜ਼ਾਰ ਏਕੜ ਪੁਰਾਣੀ ਪਈ ਹੈ ਉਹ ਪੁਰਾਣੇ ਕਾਨੂੰਨ ਦੇ ਮੁਤਾਬਕ ਅੱਜ ਵੀ ਵੰਡ ਸਕਦੇ ਹਨ ਅਤੇ 1973 ਵਿਚ ਵੀ ਵੰਡੀ ਜਾ ਸਕਦੀ ਸੀ, ਪਰ ਇਨ੍ਹਾਂ ਦੀ ਨੀਅਤ ਹੀ ਨਹੀਂ ਹੈ। Land reform is not complete if carried out in a half hearted manner.

ਚੇਅਰਮੈਨ ਸਾਹਿਬ, ਸੈਕਟਰੀ ਦੇ ਮੈਮੋਰੰਡਮ ਵਿਚ ਸਫ਼ਾ 21 ਤੇ ਲਿਖਿਆ ਹੋਇਆ ਹੈ ਕਿ ਐਗਰੀਕਲਚਰਲ ਪ੍ਰੋਡਕਸ਼ਨ ਬਹੁਤ ਵੱਧ ਗਈ ਹੈ ਅਤੇ ਐਗਰੀਕਲਚਰ ਪੰਜਾਬ ਵਿਚ ਸੈਚੂਰੇਸ਼ਨ ਪੁਆਇੰਟ ਤੇ ਪਹੁੰਚ ਗਈ ਹੈ। ਮੈਂ ਕਹਿੰਦਾ ਹਾਂ ਕਿ ਇਹ ਕਿਹੜੀ ਸਰਕਾਰ ਕਹਿ ਰਹੀ ਹੈ? ਜਿਹੜੀ ਸਰਕਾਰ ਐਗਰੇਰੀਅੱਨ ਰਿਫ਼ਾਰਮਜ਼ ਦੇ ਨਾਲ ਗਰੀਬ ਕਿਸਾਨ ਨੂੰ ਜ਼ਮੀਨ ਦੇ ਕੇ ਪ੍ਰੋਡੇਕਸ਼ਨ ਨੂੰ ਉਚਾ ਲਿਜਾਣਾ ਚਾਹੁੰਦੀ ਹੈ। ਇਹ ਗੱਲ ਇਨ੍ਹਾਂ ਦੀ ਸਮਝ ਵਿਚ ਨਹੀਂ ਆਈ। ਇਨ੍ਹਾਂ ਦੇ ਦਿਮਾਗ ਵਿਚ ਤਾਂ ਇਹ ਹੈ ਕਿ ਪ੍ਰੋਡਕਸ਼ਨ ਸੈਚੂਰੇਸ਼ਨ ਪੁਆਇੰਟ ਤੇ ਪਹੁੰਚ ਗਈ ਹੈ।

ਬਾਕੀ ਇੰਡਸਟਰੀ ਦੀ ਡਿਵੈਲਪਮੈਂਟ ਰੈਪਿਡਲੀ ਜਿਹੜੀ ਹੋਣੀ ਚਾਹੀਦੀ ਸੀ ਉਹ ਨਹੀਂ ਹੋ ਰਹੀ। 1972-73 ਦੇ ਜਿਹੜੇ ਆਂਕੜੇ ਮੈਨੂੰ ਦਿੱਤੇ ਹਨ ਉਨ੍ਹਾਂ ਦੇ ਮੁਤਾਬਕ ਖੇਤੀ ਬਾੜੀ ਸਣੇ ਐਨੀਮਲ ਹਸਬੈਂਡਰੀ 60% ਛੋਟੀ ਵੱਡੀ ਸਨਅਤ ਮਿਲਾ ਕੇ 7% ਅਤੇ ਛੋਟੀ ਵੱਡੀ ਅਤੇ ਦਰਮਿਆਨ 1

ਮਿਲਾ ਕੇ 10 %। ਅਸੀਂ ਅੱਜ ਦੀ ਸਨਅਤ ਵਿਚ ਬਹੁਤ ਪਛੜੇ ਹੋਏ ਹਾਂ। ਮੈਂ ਫਾਇਨਾਂਸ ਮਨਿਸਟਰ ਸਾਹਿਬ ਦੀ ਤਕਰੀਰ ਪੜ੍ਹ ਦਿੰਦਾ ਹਾਂ:

'The tempo of Industrial development is being maintained. There is no lay off and no retrenchment in the State.'

It is worst than being a Neero when Rome was burning.

ਚੇਅਰਮੈਨ ਸਾਹਿਬ, ਮੈਂ ਸ਼ਰਮਾਂ ਸਾਹਿਬ ਨੂੰ ਦੱਸਦਾ ਹਾਂ ਕਿ ਅੰਮ੍ਰਿਤਸਰ ਵਿਚ ਘੀ ਬਣਾਉਣ ਵਾਲੀ ਮਿਲ 22 ਅਪ੍ਰੈਲ, 1973 ਤੋਂ ਬੰਦ ਪਈ ਹੈ। ਉਸ ਦੇ ਵਰਕਰ ਸੜਕਾਂ ਤੇ ਰੁਲਦੇ ਫਿਰਦੇ ਹਨ। ਉਨ੍ਹਾਂ ਨੂੰ ਕੋਈ ਤਨਖਾਹ ਨਹੀਂ ਦਿੱਤੀ ਗਈ, ਗਰੈਚੁਟੀ ਨਹੀਂ ਮਿਲੀ, ਲੇ ਆਫ ਦਾ ਮੁਆਵਜ਼ਾ ਨਹੀਂ ਮਿਲਿਆ ਅਤੇ ਨਾ ਹੀ ਛਾਂਟੀ ਦਾ ਮੁਆਵਜ਼ਾ ਮਿਲਿਆ ਹੈ। ਦੋ ਲੱਖ ਦਾ ਕੱਚਾ ਮਾਲ ਮਿੱਲ ਦੇ ਅੰਦਰ ਪਿਆ ਹੈ ਅਗਰ ਉਸ ਦਾ ਘੀ ਬਣਾਇਆ ਜਾਵੇ ਤਾਂ ਉਹ 10 ਲੱਖ ਰੁਪਏ ਦਾ ਬਣੇਗਾ। ਮੈਂ ਕਹਿੰਦਾ ਹਾਂ ਕਿ ਕਿਉਂ ਨਹੀਂ ਉਸ ਤੇ ਡੀ.ਆਈ. ਆਰ. ਲਗਾਇਆ ਜਾਂਦਾ, ਕਿਉਂਕਿ ਉਸ ਦੇ ਮਾਲਕ ਸੰਰਮਾਇਆਦਾਰ ਹਨ ਅਤੇ ਵੱਡੇ ਇੰਡਸਟਰੀਅਲਿਸਟ ਹਨ। ਇਸ ਤੋਂ ਇਲਾਵਾ ਹਿੰਦੁਸਤਾਨ ਐਮਬਰਾਇਡਰੀ ਮਿੱਲ ਬੰਦ ਪਈ ਹੈ, ਇਹ ਕਹਿੰਦੇ ਹਨ ਕਿ ਲੁਧਿਆਣਾ ਅਤੇ ਇਕੱਲੇ ਅੰਮ੍ਰਿਤਸਰ ਵਿਚ 2 ਹਜ਼ਾਰ ਨਵੇਂ ਇੰਡਸਟਰੀਅਲ ਯੂਨਿਟ ਰਜਿਸਟਰ ਕੀਤੇ ਹਨ। ਮੈਂ ਦੱਸਦਾ ਹਾਂ ਕਿ ਇਹ ਕਿਵੇਂ ਹੋਏ ਹਨ। ਕੋਲੇ ਦੇ ਬੋਗਸ ਪਰਮਿਟ ਇਸ਼ੂ ਕੀਤੇ ਜਾਂਦੇ ਹਨ, ਲੋਹੇ ਦੇ ਬੋਗਸ ਪਰਮਿਟ ਇਸ਼ੂ ਕੀਤੇ ਜਾਂਦੇ ਹਨ, ਧਾਗੇ ਦੇ ਬੋਗਸ ਪਰਮਿਟ ਇਸ਼ੂ ਕੀਤੇ ਜਾਂਦੇ ਹਨ। ਅਸਲ ਵਿਚ ਕੋਈ ਕਾਰਖਾਨਾ ਨਹੀਂ ਹੁੰਦਾ ਅਤੇ ਰਜਿਸਟਰੇਸ਼ਨ ਕਰਾ ਦਿੱਤੀ ਜਾਂਦੀ ਹੈ। ਉਹ ਪਰਮਿਟ ਦਾ ਮਾਲ ਲੈ ਕੇ ਅੱਗੇ ਵੇਚ ਦਿੰਦੇ ਹਨ। ਅਗਰ ਇਕ ਲੋਹੇ ਦੀ ਪੇਟੀ ਵੇਚ ਦਿੱਤੀ ਤਾਂ 5 ਸੌ ਰੁਪਏ ਕਮਾ ਲਏ ਅਤੇ ਕੋਲੇ ਵਿਚੋਂ 10 ਹਜ਼ਾਰ ਕਮਾ ਲਏ। ਇਸ ਕਿਸਮ ਦੀ ਇਕ ਕਲਾਸ ਬਣੀ ਹੋਈ ਹੈ ਅਤੇ ਉਸ ਕਲਾਸ ਨੂੰ ਇਹ ਹੱਥ ਨਹੀਂ ਪਾਉਂਦੇ। ਜਿਹੜੇ ਕਾਰਖਾਨੇ ਚਲਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਨਾ ਲੋਹਾ ਲੱਭਦਾ ਹੈ, ਨਾ ਕੋਲਾ ਲੱਭਦਾ ਹੈ ਅਤੇ ਨਾ ਧਾਗਾ ਲੱਭਦਾ ਹੈ। ਇਹ ਕਹਿੰਦੇ ਹਨ ਕਿ ਇੰਡਸਟਰੀ ਦੀ ਬੜੀ ਤਰੱਕੀ ਹੋ ਰਹੀ ਹੈ, ਮੈਂ ਕਹਿੰਦਾ ਹਾਂ ਕਿ ਨੌਜਵਾਨ ਵੇਹਲੇ ਫਿਰਦੇ ਹਨ। ਇਹ ਕਹਿੰਦੇ ਹਨ ਕਿ ਛਾਂਟੀ ਨਹੀਂ ਕੀਤੀ ਅਤੇ ਲੇ ਆਫ਼ ਕੋਈ ਨਹੀਂ ਹੋਈ। ਇਥੇ ਤਾਂ ਨੀਰੋ ਤੋਂ ਵੀ ਭੈੜੀ ਹਾਲਤ ਹੈ।

ਇਨ੍ਹਾਂ ਨੇ ਦੱਸਿਆ ਹੈ ਕਿ ਇੰਡਸਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਪਬਲਿਕ ਅੰਡਰ ਟੇਕਿੰਗ ਖ਼ੇਤਰ ਵਿਚ ਬੜੇ ਨਵੇਂ ਕਾਰਖਾਨੇ ਲਗਾ ਰਹੀ ਹੈ ਅਤੇ ਸਰਦਾਰ ਸੁਰਜੀਤ ਸਿੰਘ ਨੇ ਕਿਹਾ ਹੈ ਕਿ ਉਨ੍ਹਾਂ ਦੇ ਵੇਲੇ 5 ਲਗਾਏ ਸਨ। ਮੇਰੇ ਕੋਲ ਇਕ ਚਾਰਟ ਹੈ ਜਿਸ ਵਿਚ ਲਿਖਿਆ ਹੋਇਆ ਹੈ ਕਿ ਕਿਹੜੇ ਕਿਹੜੇ ਨਵੇਂ ਯੂਨਿਟ ਲਗਾਏ ਗਏ ਹਨ। ਉਨ੍ਹਾਂ ਦੀ ਜਿਹੜੀ ਉਰੀਜਨਲ ਪ੍ਰੋਡਕਸ਼ਨ ਹੋਣੀ ਸੀ ਉਹ 1972 ਵਿਚ ਸ਼ੁਰੂ ਹੋਣੀ ਸੀ। ਉਨ੍ਹਾਂ ਕਾਰਖਾਨਿਆਂ ਵਿਚੋਂ ਇਕ ਅੱਧੇ ਨੂੰ ਛੱਡ ਕੇ ਕਿਸੇ ਦੀ ਪ੍ਰੋਡਕਸ਼ਨ ਨਾ 72 ਵਿਚ ਹੋਈ ਨਾ 73 ਵਿਚ ਅਤੇ ਨਾ 74 ਵਿਚ ਹੋਈ। ਦੱਤ ਕਮੇਟੀ ਨੇ ਕਿਹਾ ਟਾਟਾ, ਬਿਰਲਾ ਆਦਿ ਕਰੋੜਾਂ ਰੁਪਏ ਦੇ ਕਰਜ਼ੇ ਲੈ ਕੇ ਵਾਪਸ ਨਹੀਂ ਕਰਦੇ ਅਤੇ ਉਨ੍ਹਾਂ ਨੇ ਬੜੀ ਲੁੱਟ ਮਚਾਈ ਹੋਈ ਹੈ ਅਤੇ ਇਸ ਲਈ ਲੌਨਜ਼ ਨੂੰ ਇਕੂਟੀ ਬਣਾ ਕੇ ਜੁਆਇੰਟ ਸੈਕਟਰ ਵਿਚ ਕਾਰਖਾਨੇ ਲਗਾਏ ਜਾਣ ਜਿਹੜੇ ਸੋ ਕਾਲਡ ਜੁਆਇੰਟ ਸੈਕਟਰ ਹਨ ਉਨ੍ਹਾਂ ਵਿਚ ਹਿੰਦੁਸਤਾਨ ਦੀ ਸਰਕਾਰ ਨੇ ਕਿਹਾ ਕਿ ਕੰਮ-ਅਜ਼-ਕੰਮ 26% ਸ਼ੇਅਰ ਸਰਕਾਰ ਦਾ ਹੋਵੇ, 25% ਕਿਸੇ ਵੱਡੇ ਸਰਮਾਏਦਾਰ ਦਾ, ਬਾਕੀ ਪਬਲਿਕ ਫਾਇਨਾਂਸ਼ਲ ਇੰਸਟੀਚਿਊਟ ਦਾ। ਪਰ ਉਸ ਤੇ ਕੰਟਰੋਲ ਕਿਸ ਦਾ ਹੋਵੇ, ਕੰਟਰੋਲ 25 % ਵਾਲੇ ਸਰਮਾਇਆਦਾਰ ਦਾ। ਉਹ ਮੈਨੇਜਿੰਗ ਡਾਇਰੈਕਟਰ ਹੋਵੇ ਜਾਂ ਕੋਈ ਉਸ ਦਾ ਜਵਾਈ ਵਗੈਰਾ ਉਹ 25 % ਵਾਲਾ ਸਾਰੀ ਮੈਨੇਜਮੈਂਟ ਤੇ ਕੰਟਰੋਲ ਕਰਦਾ ਹੈ ਅਤੇ ਅੱਗੇ ਅਜੰਸੀਆਂ ਦੇਕੇ ਪੈਸੇ ਕਮਾ ਲੈਂਦਾ ਹੈ ਅਤੇ ਲੁੱਟ ਮਾਰ ਕਰਦਾ ਰਹਿੰਦਾ ਹੈ। ਮੇਰੇ ਕੋਲ ਸਪੈਸ਼ਲ ਆਡਿਟ ਰਿਪੋਰਟ ਹੈ ਉਸ ਵਿਚ ਦੱਸਿਆ ਗਿਆ ਹੈ ਕਿ ਕਿਸ ਤਰ੍ਹਾਂ ਨਾਈਲੋਨ, ਕੋਇਲਾ, ਸਟੀਲ, ਸੀਮੰਟ ਅਤੇ ਧਾਗਾ ਆਦਿ

[ਕਾਮਰੇਡ ਸੱਤਪਾਲ ਡਾਂਗ]

ਬਾਹਰ ਹੀ ਬਾਹਰ ਵੇਚ ਦਿੱਤਾ ਜਾਂਦਾ ਹੈ। ਉਸ ਤੇ ਗੌਰਮੈਂਟ ਦਾ ਕੋਈ ਕੰਟਰੋਲ ਨਹੀਂ। ਮੈਨੇਜਿੰਗ ਡਾਇਰੈਕਟਰ ਨੇ ਕੋਈ ਕੈਸ਼ ਬੁਕ ਨਹੀਂ ਰੱਖੀ ਅਤੇ ਸਾਰੇ ਦਾ ਸਾਰਾ ਮਾਲ ਉਸ ਦੀ ਜੇਬ ਵਿਚ ਰਹਿੰਦਾ ਹੈ। ਇਸ ਲਈ ਮੈਂ ਕਹਿੰਦਾ ਹਾਂ ਕਿ ਇੰਡਸਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਰਾਹੀਂ ਕੋਈ ਬਹੁਤੀ ਤਰੱਕੀ ਇੰਡਸਟਰੀ ਦੇ ਖੇਤਰ ਵਿਚ ਨਹੀਂ ਹੋਈ ਔਰ ਨਾ ਇਸ ਤਰੀਕੇ ਨਾਲ ਹੋਣੀ ਹੈ। ਪੈਸਾ ਸਾਰਾ ਸਰਕਾਰ ਦਾ ਅਤੇ ਮੈਨੇਜਿੰਗ ਡਾਇਰੈਕਟਰ 25% ਵਾਲੇ ਦਾ ਅਤੇ ਉਹ ਜੋ ਮਰਜ਼ੀ ਆਏ ਕਰੇ ਕੋਈ ਚੈਕ ਨਹੀਂ ਉਸ ਉਤੇ।

ਹੁਣ ਮੈਂ ਬਿਜਲੀ ਬੋਰਡ ਬਾਰੇ ਵਿਚ ਦੱਸਾਂਗਾ ਕਿ ਇਸ ਵਿਚ ਕੀ ਪੋਜ਼ੀਸ਼ਨ ਹੈ। ਮੈਂ ਬੇਨਤੀ ਕਰਾਂਗਾ ਕਿ ਬਿਜਲੀ ਬੋਰਡ ਦਾ ਜਿਸ ਵੇਲੇ ਚੇਅਰਮੈਨ ਬਣਾਉਣ ਲਗੇ ਸੀ ਤਾਂ ਅਸੀਂ ਪਿੱਟਦੇ ਰਹਿ ਗਏ ਕਿ ਫਲਾਣੇ ਬੰਦੇ ਨੂੰ ਨਾ ਬਣਾਉਣ ਪਰ ਇਨ੍ਹਾਂ ਨੇ ਉਸੇ ਨੂੰ ਹੀ ਚੇਅਰਮੈਨ ਬਣਾ ਦਿੱਤਾ। ਉਸ ਨੂੰ ਹਟਾਇਆ। ਉਸ ਨੂੰ ਹਟਾਇਆ ਇਸ ਕਰਕੇ ਨਹੀਂ ਕਿ ਉਹ ਠੀਕ ਨਹੀਂ ਬਲਕਿ ਇਸ ਕਰਕੇ ਹਟਾਇਆ ਹੈ ਕਿ ਕੁਰਪੱਸ਼ਨ ਦੀ ਵੰਡ ਤੇ ਝਗੜਾ ਪੈ ਗਿਆ। (ਸ਼ੇਮ-ਸ਼ੇਮ) ਚੇਅਰਮੈਨ ਸਾਹਿਬ, ਇਨ੍ਹਾਂ ਨੇ ਬੱਜਟ ਵਿਚ 2 ਕਰੋੜ 58 ਲੱਖ ਰੁਪਏ ਪ੍ਰੋਵਾਈਡ ਕੀਤੇ ਮਾਈਨਰ ਇਰੀਗੇਸ਼ਨ ਵਾਸਤੇ ਅਤੇ ਇਕ ਟਿਊਬਵੈਲ ਕਾਰਪੋਰੇਸ਼ਨ ਬਣਾ ਦਿੱਤੀ। 4 ਸਾਲ ਹੋ ਗਏ ਉਸ ਕਾਰਪੋਰੇਸ਼ਨ ਨੇ ਇਕ ਟਿਊਬਵੈਲ ਨਹੀਂ ਚਾਲੂ ਕੀਤਾ। ਨਾਲੇ ਕਾਰਪੋਰੇਸ਼ਨ ਬਣਾ ਦਿੱਤੀ ਅਤੇ ਨਾਲ ਹੀ ਸਰਕਾਰ ਦੀ ਮਸ਼ੀਨਰੀ ਵੀ ਉਹੀ ਕੰਮ ਕਰ ਰਹੀ ਹੈ। ਇਸ ਤਰ੍ਹਾਂ ਇਹ ਡੁਪਲੀਕੇਸੀ ਕਰਦੇ ਹਨ। ਇਸ ਵੈਸਟਿਡ ਇੰਟਰੈਸਟਸ ਦੇ ਸੇਫ ਗਾਰਡ ਲਈ ਕੀਤਾ ਜਾਂਦਾ ਹੈ ਨਹੀਂ ਤਾਂ ਡੁਪਲੀ-ਕੇਸੀ ਦੀ ਕੀ ਲੋੜ ਹੈ? ਪੋਲਟਰੀ ਕਾਰਪੋਰੇਸ਼ਨ, ਪੋਲਟਰੀ ਡਿਪਾਰਟਮੈਂਟ, ਟਿਊਬਵੈਲ ਕਾਰਪੋਰੇਸ਼ਨ ਅਤੇ ਟਿਊਬਵੈਲ ਡਿਪਾਰਟਮੈਂਟ, ਇੰਡਸਟਰੀ ਕਾਰਪੋਰੇਸ਼ਨ ਅਤੇ ਇੰਡਸਟਰੀ ਡਿਪਾਟਰਮੈਂਟ। ਮੈਂ ਕਹਿੰਦਾ ਹਾਂ ਕਿ ਇਹ ਡਬਲ ਡਬਲ ਮਹਿਕਮੇਂ ਕਿਉਂ। ਇਸ ਵਿਚ ਕੀ ਕੰਮ ਹੁੰਦਾ ਹੈ। ਜਦੋਂ ਕਾਰਪੋਰੇਸ਼ਨ ਬਣਾ ਦਿੱਤੀ ਫਿਰ ਮਹਿਕਮੇ ਦੀ ਕੀ ਲੋੜ ਹੈ ਔਰ ਫਜ਼ੂਲ ਦਾ ਕਰੋੜਾਂ ਰੁਪਏ ਦਾ ਐਕਸਪੈਂਡੀਚਰ ਹੋ ਰਿਹਾ ਹੈ।

ਹੁਣ ਮੈਂ ਮਾਰਕਫੈਡ ਦੇ ਬਾਰੇ ਵਿਚ ਕਹਾਂਗਾ। ਇਹ ਕਹਿੰਦੇ ਹਨ ਕਿ ਇਹ ਕੁਆਪ੍ਰੇਟਿਵ ਅਦਾਰਾ ਹੈ। ਇਸ ਵਿਚ 5% ਬਾਹਰ ਦਾ ਹੈ ਅਤੇ 75% ਗੌਰਮੈਂਟ ਦੇ ਸ਼ੇਅਰ ਹਨ। ਇਕ ਕਰੋੜ ਵਿਚੋਂ 95% ਗੌਰਮੈਂਟ ਦਾ ਸ਼ੇਅਰ ਹੈ। ਇਹ ਵਿਦਇਨ ਸਟੇਟ ਬਣਾਈ ਹੋਈ ਹੈ, ਇਸ ਵਿਚ 1 ਕਰੋੜ 31 ਲਖ ਰੁਪਏ ਦੀਆਂ ਸਕੀਮਾਂ ਇੰਪਲੀਮੈਂਟ ਨਹੀਂ ਹੋਈਆਂ। ਇਸ ਪਾਸੇ ਵੱਲ ਧਿਆਨ ਸਰਕਾਰ ਨੂੰ ਦੇਣਾ ਚਾਹੀਦਾ ਹੈ। ਐਜੂਕੇਸ਼ਨ ਦੀ ਅੱਜ ਕੀ ਹਾਲਤ ਹੈ। ਐਜੂਕੇਸ਼ਨ ਅੱਜ ਕੋਲੈਪਸ ਹੋ ਰਹੀ ਹੈ। ਭਾਵੇਂ ਐਗਜ਼ਾਮੀਨੇਸ਼ਨ ਸਿਸਟਮ ਹੋਵੇ ਜਾਂ ਹੋਰ ਕੋਈ ਚੀਜ਼ ਹੋਵੇ। ਸੁਲਤਾਨਪੁਰ ਕਾਲਜ ਦੇ ਵਿਦਿ-ਆਰਥੀ ਕਹਿੰਦੇ ਹਨ ਕਿ ਸਾਡੇ ਕਾਲਜ ਦਾ ਪ੍ਰਿੰਸੀਪਲ ਨੀਮ ਪਾਗਲ ਹੈ। ਯੂਨੀਵਰਸਿਟੀ ਵਿਚੋਂ ਇਸ ਦਾ ਪਿਛਲਾ ਰਿਕਾਰਡ ਕਢਾ ਕੇ ਵੇਖ ਲਓ। ਮੁਲਕ ਵਿਚ ਅੱਜ ਅਜਾਰੇਦਾਰੀ ਨੂੰ ਰੋਕਣਾ ਚਾਹੀਦਾ ਹੈ। ਇਸ ਦੀ ਬਿਮਾਰੀ ਸਾਡੀਆਂ ਯੂਨੀਵਰਸਿਟੀਆਂ ਅਤੇ ਬਾਕੀ ਦੇ ਸਾਰੇ ਅਦਾਰਿਆਂ ਵਿਚ ਤੁਰ ਪੈਂਦੀ ਹੈ। ਮੈਂ ਚੇਅਰਮੈਨ ਸਾਹਿਬ, ਪੰਜਾਬ ਯੂਨੀਵਰਸਿਟੀ ਬਾਰੇ ਇਕ ਮੈਮੋਰੰਡਮ ਦਿੱਤਾ ਹੈ। ਗੁਰੂ ਨਾਨਕ ਯੂਨੀਵਰਸਿਟੀ ਦੇ ਖਿਲਾਫ ਉਥੋਂ ਦੇ ਵਿਦਿਆਰਥੀਆਂ ਦੀ ਜਥੇਬੰਦੀ ਨੇ ਦਿੱਤਾ ਹੈ ਅਤੇ ਪੰਜਾਬੀ ਯੂਨੀ-ਵਰਸਿਟੀ ਦੇ ਖਿਲਾਫ ਉਥੋਂ ਦੇ ਵਿਦਿਆਰਥੀਆਂ ਦੀ ਜਥੇਬੰਦੀ ਨੇ ਦਿੱਤਾ ਹੈ। ਇੱਕ ਸ੍ਰੀ ਵੀ.ਸੀ. ਪਾਂਡੇ ਜਿਹੜੇ ਕਿ ਆਰ. ਐਸ. ਐਸ. ਦੇ ਪੱਕੇ ਬੰਦੇ ਹਨ ਅਤੇ ਜਿਨ੍ਹਾਂ ਦੀ ਅਲਾਹਬਾਦ ਯੂਨੀਵਰਸਿਟੀ ਨੇ ਮਾਰਲ ਟਰਪੀਚੂਡ ਦਾ ਇਲਜ਼ਾਮ ਲਾਕੇ ਸਰਵਿਸ ਟਰਮੀਨੇਟ ਕੀਤੀ, ਉਸ ਨੂੰ ਪੰਜਾਬ ਯੂਨੀਵਰਸਿਟੀ ਵਿਚ ਲੈਕਚਰਾਰ ਲਾ ਦਿੱਤਾ ਹੈ ਅਤੇ ਪ੍ਰੋਫੈਸਰ ਬਣਾਉਣਾ ਚਾਹੁੰਦੇ ਹਨ। ਇੱਕ ਇਸੇ ਯੂਨੀਵਰਸਿਟੀ ਦਾ ਬਾਸ ਹੈ। ਉਸ ਦੇ ਦਾਮਾਦ ਨੂੰ ਪਬਲਿਕ ਰਿਲੇਸ਼ਨਜ਼ ਅਫ਼ਸਰ ਲਾ ਦਿੱਤਾ ਹੈ। ਉਸ ਨੂੰ ਲੈਕਚਰਾਰ ਦਾ ਗਰੇਡ ਦੇਣ ਦੀ ਬਜਾਏ ਰੀਡਰ ਨਾਲੋਂ ਵੀ ਵੱਧ ਗਰੇਡ ਦਿੱਤਾ ਹੈ। ਇਹ ਯੂਨੀਵਰਸਿਟੀਆਂ ਦੀ

ਹਾਲਤ ਹੈ । ਫਿਰ ਜੇ ਅਸੀਂ ਮੁੰਡਿਆਂ ਨੂੰ ਕਹੀਏ ਕਿ ਸੱਚ ਬੋਲੋ, ਝੂਠ ਨਾ ਬੋਲੋ, ਰਿਸ਼ਵਤ ਨਾ ਖਾਓ ਅਤੇ ਨਕਲ ਨਾ ਮਾਰੋ ਤਾਂ ਫਿਰ ਜਾਂ ਤਾਂ ਸਟੂਡੈਂਟ ਇਨ੍ਹਾਂ ਦੀ ਨਕਲ ਕਰਨਗੇ ਜਾਂ ਫਿਰ ਇਨਕਲਾਬੀ ਬਣਕੇ ਲੜਨਗੇ । ਦਯਾਨੰਦ ਮੈਡੀਕਲ ਕਾਲਜ ਦੇ ਮੁੰਡੇ ਅੱਜ ਹੜਤਾਲ ਤੇ ਹਨ। ਉਹ ਕਹਿ ਰਹੇ ਹਨ ਕਿ ਸਰਕਾਰ ਇਸ ਕਾਲਜ ਨੂੰ ਆਪਣੇ ਹੱਥ ਵਿਚ ਲਏ । ਸੁਲਤਾਨਪੁਰ ਕਾਲਜ ਦੇ ਵਿਦਿਆਰਥੀਆਂ ਦੀਆਂ ਮੰਗਾਂ ਮੰਨਣ ਦੀ ਥਾਂ ਉਨ੍ਹਾਂ ਨੂੰ ਜੇਲ੍ਹਾਂ ਵਿਚ ਪਾ ਦਿੱਤਾ ਹੈ। ਅੱਜ ਹੋਰਡਰਜ਼ ਨੂੰ ਜੇਲ੍ਹਾਂ ਵਿਚ ਸੁੱਟਣ ਦੀ ਥਾਂ ਵਿਦਿਆਰਥੀਆਂ ਨੂੰ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਹੈ। ਇਹ ਨੀਤੀ ਬਦਲਣੀ ਚਾਹੀਦੀ ਹੈ। ਮੈਂ ਬੇਨਤੀ ਕਰਾਂਗਾ ਕਿ ਐਜੂਕੇਸ਼ਨ ਦੇ ਢਾਂਚੇ ਨੂੰ ਸੁਧਾਰਨ ਲਈ ਸਰਕਾਰ ਨੂੰ ਸੀਰੀਅਸਲੀ ਧਿਆਨ ਦੇਣਾ ਚਾਹੀਦਾ ਹੈ । ਐਜੂਕੇਸ਼ਨ ਜਾਬ ਆਰਿਐਂਟਡ ਹੋਵੇ । ਇਹ ਲਫਜ਼ਾਂ ਵਿਚ ਹੀ ਨਹੀਂ ਸਗੋਂ ਅਮਲ ਵਿਚ ਵੀ ਹੋਵੇ। ਵੈਸਟਡ ਇੰਟਰੈਸਟ ਨੂੰ ਅਟੈਕ ਕਰਕੇ ਸੂਬੇ ਵਿਚ ਇੰਡਸਟਰੀ ਦੀ ਡਿਵੈਲਪਮੈਂਟ ਕਰਨੀ ਚਾਹੀਦੀ ਹੈ। ਜੇ ਕੋਈ ਮਜ਼ਦੂਰ ਪੜ੍ਹਿਆ ਲਿਖਿਆ ਹੋਵੇ ਤਾਂ ਉਸ ਨੂੰ ਅਨ-ਇੰਪਲਾਇਮੈਂਟ ਅਲਾਊਂਸ ਮਿਲਣਾ ਚਾਹੀਦਾ ਹੈ। ਅੱਜ ਪ੍ਰਾਈਵੇਟ ਕਾਲਜਾਂ ਦੇ ਟੀਚਰਾਂ ਵਿਚ ਬੇਚੈਨੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਦਿੱਲੀ ਐਜੂਕੇਸ਼ਨ ਐਕਟ ਦੇ ਮੁਤਾਬਿਕ ਸਾਡੀਆਂ ਮੰਗਾਂ ਪੂਰੀਆ ਕਰੋ । ਪ੍ਰਾਈਵੇਟ ਕਾਲਜਾਂ ਦੇ ਟੀਚਿੰਗ ਅਤੇ ਨਾਨ ਟੀਚਿੰਗ ਸਟਾਫ਼ ਨਾਲ ਜਿਹੜੇ ਵਾਇਦੇ ਸਰਕਾਰ ਨੇ ਕੀਤੇ ਸੀ ਉਹ ਸਰਕਾਰ ਪੂਰੇ ਨਹੀਂ ਕਰ ਰਹੀ। ਉਹ ਪੂਰੇ ਕੀਤੇ ਜਾਣੇ ਚਾਹੀਦੇ ਹਨ । ਛੇਤੀ ਤੋਂ ਛੇਤੀ ਐਜੂਕੇਸ਼ਨ ਨੂੰ ਨੈਸ਼ਨੇਲਾਈਜ਼ ਕਰਨਾ ਚਾਹੀਦਾ ਹੈ। ਗੌਰਮਿੰਟ ਇਸ ਨੂੰ ਆਪਣੇ ਹੱਥ ਵਿਚ ਲਵੇ। ਵੈਸਟਡ ਇੰਟਰਸਟ ਦੇ ਖਿਲਾਫ਼ ਕਿਹੜੀ ਤਾਕਤ ਲੜ ਸਕਦੀ ਹੈ । ਇਹ ਵਰਕਿੰਗ ਕਲਾਸ ਹੈ । ਇਥੇ ਤਾਂ ਸੋਸ਼ਲਿਜ਼ਮ ਦਾ ਕਿਸੇ ਨੂੰ ਮਾਇਨਾ ਹੀ ਪਤਾ ਨਹੀਂ। ਸੋਸ਼ਲਿਜ਼ਮ ਦਾ ਮਾਇਨਾ ਹੈ ਕਿ ਕੈਪੀਟਲਿਜ਼ਮ ਦੀ ਕਬਰ ਖੋਦਣਾ । ਅੱਜ ਵਰਕਿੰਗ ਕਲਾਸ ਵੱਲ ਇਨ੍ਹਾਂ ਦਾ ਕੀ ਐਟੀਚੂਡ ਹੈ । ਇਹ ਕਹਿੰਦੇ ਹਨ ਕਿ 19 ਸਨਅਤਾਂ ਵਿਚ ਅਸੀਂ ਤਨਖਾਹ ਵਧਾ ਦਿੱਤੀ ਹੈ। ਕਿੰਨੀ ਵਧਾਈ। ਹਾਤਮ ਤਾਈ ਦੀ ਕਬਰ ਨੂੰ ਲੱਤ ਮਾਰ ਦਿੱਤੀ । ਚੇਅਰਮੈਨ ਸਾਹਿਬ, ਜ ਰਜਿਸਟਰ ਮੰਗਾ ਲਓ ਤਾਂ ਕਹਿੰਦੇ ਹਨ ਕਿ 125 ਰੁਪਏ ਹੈ । ਮੈਂ ਸ਼ਰਮਾਂ ਸਾਹਿਬ ਨੂੰ ਕਹਾਂਗਾ ਕਿ ਉਹ 125 ਰੁਪਏ ਵਿਚ ਦੋ ਮਹੀਨੇ ਗੁਜ਼ਾਰਾ ਕਰਕੇ ਵੇਖ ਲੈਣ, ਫਿਰ ਕਹਿੰਦੇ ਹਨ ਕਿ ਕਮੇਟੀ ਮੁਕੱਰਰ ਕਰ ਦਿੱਤੀ ਹੈ। ਘੱਟ ਤੋਂ ਘੱਟ ਕਿਤਨੀ ਤਨਖਾਹ ਇਨ੍ਹਾਂ ਦੀ ਵੱਧਣੀ ਚਾਹੀਦੀ ਹੈ । ਕਹਿੰਦੇ ਹਨ ਕਿ ਇੱਕ ਵੱਖਰੀ ਕਮੇਟੀ ਬਣਾ ਦਿਆਂਗੇ । ਅਸੀਂ ਕਹਿੰਦੇ ਹਾਂ ਕਿ ਵੱਖਰੀ ਕਮੇਟੀ ਬਣਾ ਕੇ ਅੱਠ ਆਨੇ ਪੁਆਇੰਟ ਹੀ ਉਨ੍ਹਾਂ ਨੂੰ ਦਿਓ। ਜੇ ਕਮੇਟੀ ਮੁਕੱਰਰ ਕਰ ਦਿੰਦੇ ਹਨ ਤਾਂ ਕਹਿੰਦੇ ਹਨ ਕਿ ਕਮੇਟੀ ਨੇ ਰਿਪੋਰਟ ਨਹੀਂ ਦਿੱਤੀ । ਕਿਉਂ ਨਹੀਂ ਦਿੱਤੀ ? ਇਹ ਆਪ ਦੋ ਦੋ ਤਿੰਨ ਤਿੰਨ ਮਹੀਨੇ ਉਸ ਦੀ ਮੀਟਿੰਗ ਹੀ ਨਹੀਂ ਬੁਲਾਉਂਦੇ । ਇਸ ਕਰਕੇ ਨਹੀਂ ਬੁਲਉਂਦੇ ਕਿਉਂਕਿ ਵੈਸਟਡ ਇੰਟਰੈਸਟ ਅਤੇ ਕੈਪਟਲਿਸਟ ਨਹੀਂ ਚਾਹੁੰਦੇ ਹਨ । ਮਜ਼ਦੂਰ ਅੱਜ ਸਿਕਿਉਰਟੀ ਆਫ਼ ਸਰਵਿਸ ਮੰਗਦੇ ਹਨ । ਇਹ ਕਿਉਂ ਨਹੀਂ ਕਾਨੂੰਨ ਬਣਾਉਂਦੇ ਕਿ ਹਰ ਫੈਕਟਰੀ ਇਹ ਡਿਕਲੇਅਰ ਕਰੇ ਕਿ ਕਿਤਨੀਆਂ ਪਰਮਾਨੈਂਟ ਪੋਸਟਾਂ ਹਨ ਅਤੇ ਐਡਹਾਕ ਵਰਕਰਜ਼ ਕਿਤਨੇ ਲਾਉਣੇ ਹਨ। ਕੈਪਟਲਿਸਟ ਨਹੀਂ ਚਾਹੁੰਦਾ ਕਿ ਇਹ ਕਾਨੂੰਨ ਬਣੇ । ਇਹ ਕਹਿੰਦੇ ਹਨ ਕਿ ਵਰਕਰਜ਼ ਲਈ 85 ਲੱਖ ਰੁਪਿਆ ਰੱਖਿਆ ਹੈ। ਮੈਨੂੰ ਖੁਸ਼ੀ ਹੈ, ਮੈਂ ਇਸ ਨੂੰ ਵੈਲਕਮ ਕਰਦਾ ਹਾਂ। ਲੇਕਿਨ ਵਰ-ਕਰਜ਼ ਲਈ ਇਹ ਮਕਾਨ ਕਦੋਂ ਬਣਨਗੇ। 100 ਮਕਾਨ ਮਜ਼ਦੂਰਾਂ ਲਈ ਛੋਹਰਟੇ ਬਣਨੇ ਸਨ । ਹਾਲੇ ਤੱਕ ਉਥੇ ਇੱਟ ਵੀ ਨਹੀਂ ਰੱਖੀ ਗਈ ਪਤਾ ਨਹੀਂ ਇਹ ਕਦੋਂ ਬਣਨਗੇ । ਸ਼ਰਮਾਂ ਸਾਹਿਬ ਨੇ 1972 ਵਿਚ ਵਾਇਦਾ ਕੀਤਾ ਸੀ ਕਿ ਹਾਇਰ ਪਰਚੇਜ਼ ਬੇਸਿਜ਼ ਤੇ ਦੇ ਦਿਆਂਗੇ । ਅੱਜ ਤਾਈਂ ਕੋਈ ਨਹੀਂ ਦਿੱਤਾ। ਇਨ੍ਹਾਂ ਨੇ ਕਿਹਾ ਕਿ ਇਸਲਾਮਾਂਬਾਦ ਵਿਚ ਇੱਕ ਕੁਆਰਟਰ 3769 ਰੁਪਏ ਦਾ ਦੇਣਾ ਹੈ। ਹਿੰਦ ਸਰਕਾਰ ਨੇ ਉਦੋਂ ਕਿਹਾ ਸੀ ਕਿ 2700 ਰੁਪਏ ਲੱਗੇ ਹਨ । ਬਾਦਲ ਸਾਹਿਬ ਨੇ 3396 ਰੁਪਏ ਇਸ ਦੀ ਕੀਮਤ ਮੁਕੱਰਰ ਕੀਤੀ ਸੀ। ਅਸੀਂ ਇਨ੍ਹਾਂ ਨਾਲ ਜਾ ਕੇ ਝਗੜੇ ਕਿ ਇਹ ਵੱਧ ਹੈ। ਹੁਣ ਇਨ੍ਹਾਂ ਨੇ ਉਸ ਤੋਂ ਵੀ 400 ਰੁਪਿਆ ਕੀਮਤ ਹੋਰ ਵਧਾ ਦਿੱਤੀ ਹੈ ਅਤੇ ਦੋ ਸਾਲ

[ਕਾਮਰੇਡ ਸੱਤ ਪਾਲ ਡਾਂਗ]

ਦਾ ਕਿਰਾਇਆ ਵੀ ਉਨ੍ਹਾਂ ਤੋਂ ਲੈ ਲਿਆ ਹੈ। ਇਨ੍ਹਾਂ ਨੇ ਕਿਹਾ ਹੈ ਕਿ ਹਰ ਸੈਂਟਰ ਵਿਚ ਈ. ਐਸ. ਆਈ. ਦੀ ਸਕੀਮ ਲਾਗੂ ਕਰਨੀ ਹੈ। ਅੰਮ੍ਰਿਤਸਰ ਵਿਚ ਈ.ਐਸ.ਆਈ. ਦੀ ਸਕੀਮ ਲਾਗੂ ਹੈ। ਹਰ ਇੱਕ ਨੂੰ ਪਤਾ ਹੈ ਕਿ ਅੰਮ੍ਰਿਤਸਰ ਵਿਚ ਬਹੁਤ ਸਾਰੇ ਕਾਰਖਾਨੇ ਚੁੰਗੀ ਦੀ ਹੱਦ ਤੋਂ ਬਾਹਰ ਹਨ ਇਹ ਚੁੰਗੀ ਤੋਂ ਬਚਣ ਲਈ ਹਨ। ਕਿਉਂ ਨਹੀਂ ਸਰਕਾਰ ਕਹਿੰਦੀ ਕਿ ਜਿਹੜੀ ਵੀ ਸਨਅੱਤ ਸ਼ਹਿਰ ਦੇ ਪੰਜ ਮੀਲ ਦੇ ਰੇਡੀਅਸ ਵਿਚ ਹੋਵੇਗੀ ਉਥੇ ਈ.ਐਸ.ਆਈ ਦੀ ਸਕੀਮ ਲਾਗੂ ਹੋਵੇਗੀ। ਅੱਜ ਬਹੁਤ ਸਾਰੀਆਂ ਫੈਕਟਰੀਆਂ ਇਸ ਲਈ ਚੁੰਗੀ ਦੀ ਹੱਦ ਤੋਂ ਬਾਹਰ ਲੱਗ ਰਹੀਆਂ ਹਨ ਕਿਉਂਕਿ ਉਹ ਕਹਿੰਦੇ ਹਨ ਕਿ ਡਾਕਟਰੀ ਸਕੀਮ ਤੋਂ ਬੱਚੋ। ਮੈਂ ਬੇਨਤੀ ਕਰਾਂਗਾ ਕਿ ਅੰਮ੍ਰਿਤਸਰ ਸਨਅੱਤ ਦਾ ਬੜਾ ਵੱਡਾ ਕੇਂਦਰ ਹੈ। ਪਰ ਉਥੇ ਝਗੜੇ ਬਹੁਤ ਹਨ। ਲੇਬਰ ਕੋਰਟ ਕਮ ਇੰਡਸਟਰੀਅਲ ਟਰਿਬਿਊਨਲ ਨੇ ਜਿਹੜਾ ਅਵਾਰਡ ਦਿੱਤਾ ਸੀ ਉਸ ਨੂੰ ਕਿਉਂ ਨਹੀਂ ਲਾਗੂ ਕੀਤਾ ਜਾਂਦਾ। ਮੈਂ ਲੇਬਰ ਦੀ ਗੱਲ ਕਰਾਂ। ਇਹ ਆਪਣੀਆਂ ਪਬਲਿਕ ਅੰਡਰਟੇਕਿੰਗਜ਼ ਦੀ ਤਰਫ਼ ਨਜ਼ਰ ਮਾਰਨ। ਮੈਂ ਇਸ ਤਰਫ ਚੀਫ਼ ਮਨਿਸਟਰ ਸਾਹਿਬ ਦਾ ਧਿਆਨ ਦਿਵਾਵਾਂਗਾ। 1967 ਵਿਚ ਇਨ੍ਹਾਂ ਦੀ ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਨੇ ਸਰਕਾਰੀ ਅਫਸਰ, ਸ਼੍ਰੀ ਆਈ.ਸੀ. ਪੁਰੀ, ਟਾਪ ਮੋਸਟ ਆਈ.ਏ.ਐਸ. ਅਫ਼ਸਰ ਨੂੰ ਆਪਣਾ ਸਾਲਸ ਮੰਨਿਆ। ਸੱਤ ਸਾਲ ਹੋ ਗਏ ਹਨ ਕੇਸ ਨੂੰ। ਅਜੇ ਪ੍ਰੀਲਿਮੀਨਰੀ ਆਬਜੈਕਸ਼ਨ ਨਹੀਂ ਮੀਟ ਕੀਤਾ। ਅਸੀਂ ਕਿਹਾ ਕਿ ਪੁਰੀ ਸਾਹਿਬ ਨੂੰ ਤੁਸੀਂ ਸੁਣਾ ਦਿਓ। ਇਹ ਕਹਿੰਦੇ ਹਨ ਕਿ ਅਸੀਂ ਆਪਣੀ ਲੇਬਰ ਖਰਾਬ ਕਰਨੀ ਹੈ? ਸਰਕਾਰ ਤਨਖ਼ਾਹ ਦਿੰਦੀ ਹੈ। ਕਿਵੇਂ ਦਿੰਦੀ ਹੈ, ਕਲਾਸ ਫੋਰ ਨੂੰ ਕੀ ਤਨਖਾਹ ਮਿਲਦੀ ਹੈ? ਜੇ ਕਹੋ ਲਿਸਟ ਮੰਗਾਓ ਤਾਂ ਫਿਰ 110 ਨਿਕਲਦੀ ਹੈ। ਇਹ ਕਹਿੰਦੇ ਹਨ ਕਿ ਐਡਹਾਕ ਬੇਸਿਜ਼ ਤੇ ਰੱਖੇ ਹਨ। ਦੋ ਫੈਕਟਰੀ ਵਿਚ ਗੇਟ ਹਨ। ਇੱਕ ਤੇ ਪੱਕਾ ਚੌਕੀਦਾਰ ਰੱਖਿਆ ਹੈ ਅਤੇ ਇੱਕ ਤੇ ਕੱਚਾ ਚੌਕੀਦਾਰ ਹੈ। ਗੇਟ ਦੋਵੇਂ ਪੱਕੇ ਹਨ। ਪਰ ਇੱਕ ਨੂੰ ਤਾਂ 125 ਰੁਪਏ ਤਨਖ਼ਾਹ ਮਿਲਦੀ ਹੈ ਅਤੇ ਦੂਜੇ ਨੂੰ 200 ਰੁਪਏ ਤਨਖਾਹ ਦਿੱਤੀ ਜਾਂਦੀ ਹੈ। ਡੇਅਰੀ ਡਿਵੈਲਪਮੈਂਟ ਕਾਰਪੋਰੇਸ਼ਨ ਵਿਚ ਵਰਸਟ ਪੋਜ਼ੀਸ਼ਨ ਹੈ।

ਚੇਅਰਮੈਨ ਸਾਹਿਬ ਮੈਂ ਇੰਪਲਾਈਜ਼ ਦੇ ਬਾਰੇ ਵਿਚ ਅਰਜ਼ ਕਰਨਾ ਚਾਹੁੰਦਾ ਹਾਂ। ਸ਼ਰਮਾ ਸਾਹਿਬ ਨੇ ਕਿਹਾ ਕਿ ਇੰਪਲਾਈਜ਼ ਨੇ ਆਪਣੀ ਹੜਤਾਲ ਵਾਪਸ ਲੈ ਲਈ ਅਤੇ ਇਸ ਖੁਸ਼ੀ ਵਿਚ ਉਨ੍ਹਾਂ ਨੂੰ ਯਕਮ ਜਨਵਰੀ ਤੋਂ ਡੀ. ਏ. ਦੀ ਇੱਕ ਹੋਰ ਕਿਸ਼ਤ ਦਿੰਦੇ ਹਾਂ। ਜਿਨ੍ਹਾਂ ਦੀ ਤਨਖਾਹ 300 ਰੁਪਏ ਹੈ ਉਨ੍ਹਾਂ ਨੂੰ 4% ਅਤੇ 300 ਤੋਂ ਲੈ ਕੇ 900 ਤੱਕ ਦੀ 3%। ਇਤਨਾਂ ਜ਼ਿਆਦਾ ਧੋਕਾ ਸਰਕਾਰ ਨੂੰ ਮੁਲਾਜ਼ਮਾ ਨਾਲ ਨਹੀਂ ਕਰਨਾ ਚਾਹੀਦਾ ਜਿਹੜੀ ਉਨ੍ਹਾਂ ਦੀ ਅਸਲੀ ਡਿਮਾਂਡ ਹੈ ਉਸ ਵੱਲ ਕੋਈ ਧਿਆਨ ਨਹੀਂ ਦਿੱਤਾ। ਜਿਹੜਾ ਸੈਂਟਰ ਗੌਰਮਿੰਟ ਨੇ ਡੀ. ਏ. ਦਿੱਤਾ ਹੈ ਅਤੇ ਉਸ ਵਿਚੋਂ ਜਿਹੜਾ ਪੋਰਸ਼ਨ ਪੰਜਾਬ ਸਰਕਾਰ ਨੇ ਕੱਟ ਲਿਆ ਹੈ, ਉਸ ਵਿਚ ਕੋਈ ਰਿਆਇਤ ਅਨਾਊਂਸ ਨਹੀਂ ਕੀਤੀ। ਇਸ ਦੇ ਬਾਵਜੂਦ ਇਨ੍ਹਾਂ ਨੇ ਕਿਹਾ ਕਿ ਕਿਉਂਕਿ ਇੰਪਲਾਈਜ਼ ਨੇ ਹੜਤਾਲ ਵਾਪਸ ਲੈ ਲਈ ਹੈ। ਇਸ ਲਈ ਇਹ ਡੀ.ਏ. ਦੀ ਅਨਾਊਂਸਮੈਂਟ ਕਰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਅੱਜ ਜਨਤਾ ਦਾਂ ਹਰ ਹਿੱਸਾ ਲੜ੍ਹ ਰਿਹਾ ਹੈ। ਉਹ ਵੀ ਲੜ ਰਹੇ ਹਨ ਜਿਨ੍ਹਾਂ ਨੇ ਕਦੇ ਵੀ ਹੜਤਾਲ ਦੀ ਹਮਾਇਤ ਨਹੀਂ ਕੀਤੀ ਸੀ। ਡਾਕਟਰ ਹੋਣ ਜਾਂ ਪ੍ਰੋਫ਼ੈਸਰ ਹੋਣ, ਮੁੰਡਿਆਂ ਦੀ ਗੱਲ ਤਾਂ ਤੁਸੀਂ ਛਡੋ, ਸਾਰੇ ਅੱਜ ਐਜੀਟੇਸ਼ਨ ਕਰ ਰਹੇ ਹਨ। ਅੱਜ ਰਣਬੀਰ ਢਿਲੋਂ ਭੁੱਖ ਹੜਤਾਲ ਤੇ ਹੈ। ਮੈਂ ਵਾਰਨਿੰਗ ਦਿੰਦਾ ਹਾਂ ਕਿ ਜੇ ਉਸ ਦੀ ਹਾਲਤ ਖਰਾਬ ਹੋ ਗਈ ਅਤੇ ਉਸ ਨੂੰ ਕੁਝ ਹੋ ਗਿਆ ਤਾਂ ਪੰਜਾਬ ਵਿਚ ਜੋ ਵਾਪਰੇਗਾ ਇਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਏਗੀ। ਇਹ ਫਿਰ ਨਾ ਕਹਿਣ ਕਿ ਸਾਨੂੰ ਦੱਸਿਆ ਨਹੀਂ। ਉਨ੍ਹਾਂ ਦੀ ਇੱਕ ਹੋਰ ਮੰਗ ਹੈ ਕਿ ਸੈਂਟਰ ਦੇ ਬਰਾਬਰ ਪੇ ਸਕੇਲ ਦਿੱਤੇ ਜਾਣ। ਉਹ ਵੀ ਮੰਨ ਲੈਣੀ

ਚਾਹੀਦੀ ਹੈ। ਇਥੇ ਸੋਸ਼ਲਿਜਮ ਲਿਆਉਣਾ ਚਾਹੀਦਾ ਹੈ। ਚੇਅਰਮੈਨ ਸਾਹਿਬ 27000 ਮਜ਼ਦੂਰ ਹਨ ਇਸ ਸਰਕਾਰ ਦੇ ਮਕੈਨੀਕਲ ਅਤੇ ਦੂਜੇ। ਉਨ੍ਹਾਂ ਦੀ 20, 20 ਸਾਲ ਦੀ ਨੌਕਰੀ ਹੋ ਗਈ ਹੈ ਪਰ ਉਹ ਅੱਜ ਵੀ ਕੱਚੇ ਦੇ ਕੱਚੇ ਹਨ। ਇੱਕ ਅਦਾਲਤ ਨੇ ਅਵਾਰਡ ਦਿੱਤਾ ਸੀ 3 ਸਾਲ ਦੇ ਬਾਅਦ ਕੁਆਸੀ ਪਰਮਾਨੈਂਟ ਅਤੇ ਪੰਜ ਸਾਲ ਦੀ ਸਰਵਿਸ ਦੇ ਬਾਅਦ ਰੈਗੂਲਰ ਕਰ ਦਿਓ। ਸਰਕਾਰ ਉਸ ਤੇ ਅਮਲ ਕਿਉਂ ਨਹੀਂ ਕਰਦੀ ?

ਚੇਅਰਮੈਨ ਸਾਹਿਬ ਇਹ ਕਹਿੰਦੇ ਹਨ ਕਿ 4 ਰੁਪਏ ਦਿਹਾੜੀ ਤੋਂ ਵਧਾ ਕੇ 5 ਰੁਪਏ ਦਿਹਾੜੀ ਕਰਨ ਵਾਸਤੇ ਐਸ. ਈ. ਨੂੰ ਕਹਿ ਦਿੱਤਾ ਹੈ। ਐਸ. ਈ. ਕੋਲ ਜਾਓ ਤਾਂ ਉਹ ਕਹਿੰਦਾ ਹੈ ਕਿ ਮੈਂ ਕਿਥੋਂ ਵਧਾਵਾਂ, ਇਸ ਵਾਸਤੇ ਬੱਜਟ ਬਣਿਆ ਨਹੀਂ। ਤੁਸੀਂ ਸਰਕਾਰ ਨੂੰ ਕਹੋ ਕਿ ਉਹ ਇਹ ਦਿਹਾੜੀ ਵਧਾਉਣ ਦਾ ਪ੍ਰਬੰਧ ਕਰੇ।

ਚੇਅਰਮੈਨ ਸਾਹਿਬ ਮੈਂ ਅਰਜ਼ ਕਰਾਂ ਕਿ ਛੇਹਰਟਾ ਇਕ ਛੋਟੀ ਜਿਹੀ ਮਿਉਨਿਸਪੈਲਿਟੀ ਦਾ 7 ਲੱਖ ਦਾ ਬਜਟ ਹੁੰਦਾ ਹੈ ਤਾਂ ਵੀ ਉਹ ਮਜ਼ਦੂਰਾਂ ਨੂੰ 7 ਰੁਪਏ ਦਿਹਾੜੀ ਦਿੰਦੇ ਹਨ। ਪਰ ਇਹ ਗੌਰਮਿੰਟ ਜਿਸ ਦਾ ਇਤਨਾ ਵੱਡਾ ਬਜਟ ਹੁੰਦਾ ਹੈ ਇਹ 5 ਰੁਪਏ ਦਿਹਾੜੀ ਦੇਣ ਵਾਸਤੇ ਤਿਆਰ ਨਹੀਂ।

ਚੇਅਰਮੈਨ ਸਾਹਿਬ ਇਕ ਗੱਲ ਮੈਂ ਬਿਜਲੀ ਬੋਰਡ ਦੇ ਮੁਲਾਜ਼ਮਾਂ ਬਾਰੇ ਕਰਨੀ ਚਾਹੁੰਦਾ ਹਾਂ ਬਿਜਲੀ ਬੋਰਡ ਦੇ ਮੁਲਾਜ਼ਮਾਂ ਨੂੰ ਜੇ ਇਹ ਸਰਕਾਰ ਆਪਣੇ ਕਾਨਫੀਡੈਂਸ ਵਿਚ ਨਹੀਂ ਲੈਂਦੀ ਉਨ੍ਹਾਂ ਤੇ ਇਤਬਾਰ ਨਹੀਂ ਕਰਦੀ ਅਤੇ ਉਨ੍ਹਾਂ ਦੀਆਂ ਮੰਗਾ ਨਹੀਂ ਮੰਨਦੀ ਤਾਂ ਇਹ ਉਨ੍ਹਾਂ ਨਾਲ ਬਹੁਤ ਭਾਰੀ ਧੱਕਾ ਕਰਦੀ ਹੈ। ਚੇਅਰਮੈਨ ਸਾਹਿਬ ਇਸ ਸਰਕਾਰ ਨੇ 10,000 ਵਰਕਚਾਰਜ ਇਮਪਲਾਈਜ਼ ਨੂੰ ਟਰਮੀਨੇਸ਼ਨ ਦੇ ਨੋਟਿਸ ਦਿੱਤੇ ਜਿਨ੍ਹਾਂ ਨੇ ਕਿ 9 ਜਨਵਰੀ ਦੀ ਹੜਤਾਲ ਵਿਚ ਹਿੱਸਾ ਲਿਆ ਸੀ। ਇਹ ਬਿਜਲੀ ਬੋਰਡ ਦੇ ਮੁਲਾਜ਼ਮਾਂ ਨਾਲ ਇਕ ਬਹੁਤ ਭਾਰੀ ਧੱਕਾ ਹੈ। ਇਨ੍ਹਾਂ ਨੇ ਗਾਈਡ ਲਾਈਨ ਵੇਜ ਕਮੇਟੀ ਮੁਕੱਰਰ ਕੀਤੀ ਉਸ ਕਮੇਟੀ ਨੇ 30 ਰੁਪਏ ਇਨਟੈਰਮ ਰਿਲੀਫ਼ ਦੀ ਰਿਕੁਮੈਂਡੇਸ਼ਨ ਕੀਤੀ ਪਰ ਇਨ੍ਹਾਂ ਨੇ ਨਵੀਂ ਰਿਕਰੂਟਮੈਂਟ ਕਰ ਲਈ ਅਤੇ ਬਿਜਲੀ ਬੋਰਡ ਦੇ ਮੁਲਾਜ਼ਮਾਂ ਦੀਆਂ ਮੰਗਾਂ ਨਾ ਮੰਨੀਆਂ।

ਇਸੇ ਤਰ੍ਹਾਂ ਹੀ ਜੂਨੀਅਰ ਡਾਕਟਰਜ਼ ਦੀ ਹੜਤਾਲ ਪਿਛਲੇ ਕਈ ਦਿਨਾਂ ਤੋਂ ਚਲ ਰਹੀ ਹੈ। ਪਰ ਸਰਕਾਰ ਨੇ ਹਾਲੇ ਤੱਕ ਉਨ੍ਹਾਂ ਦੀਆਂ ਜਾਇਜ਼ ਮੰਗਾਂ ਨਹੀਂ ਮੰਨੀਆਂ। ਡਾਕਟਰਾਂ ਦੀ ਹੜਤਾਲ ਦਾ ਅਸਰ ਅਮੀਰਾਂ ਤੇ ਤਾਂ ਨਹੀਂ ਪੈਂਦਾ ਉਹ ਪ੍ਰਾਈਵੇਟ ਇਲਾਜ ਕਰਵਾ ਸਕਦੇ ਹਨ ਪਰ ਗਰੀਬ ਲੋਕ ਕਿੱਥੇ ਜਾਣ। ਡਾਕਟਰਾਂ ਦੀ ਹੜਤਾਲ ਨਾਲ ਗਰੀਬ ਲੋਕਾਂ ਤੇ ਬਹੁਤ ਅਸਰ ਪਿਆ ਹੈ। ਇਹ ਮਾਮਲਾ ਅੱਗੇ ਵੀ ਹਾਊਸ ਵਿਚ 3 ਵੇਰੀ ਰੇਜ਼ ਕੀਤਾ ਜਾ ਚੁੱਕਾ ਹੈ ਪਰ ਕਿਸੇ ਦੇ ਕੰਨ ਤੇ ਜੂੰ ਤੱਕ ਨਹੀਂ ਰੇਂਗਦੀ।

ਚੇਅਰਮੈਨ ਸਾਹਿਬ ਬਜਟ ਸਪੀਚ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਖੇਤ ਮਜ਼ਦੂਰਾਂ ਦੀਆਂ 100 ਪ੍ਰਤੀਸ਼ਤ ਵੇਜਿਜ਼ ਵਧਾ ਦਿੱਤੀਆਂ ਹਨ। ਪਰ ਇਹ ਸਿਰਫ਼ ਕਾਗਜ਼ਾਂ ਵਿਚ ਹੀ ਲਿੱਖ ਕੇ ਪ੍ਰਸ਼ੰਸਾ ਕੀਤੀ ਹੈ ਇਸ ਤੇ ਅਮਲ ਨਹੀਂ ਹੋਇਆ। ਪਿੰਡਾਂ ਵਿਚ ਅੱਜ ਵੀ ਖੇਤ ਮਜ਼ਦੂਰ 3 ਰੁਪਏ ਦਿਹਾੜੀ ਤੇ ਕੰਮ ਕਰਦੇ ਹਨ। ਉਨ੍ਹਾਂ ਨੇ 20 ਦਿਨ ਹੜਤਾਲ ਕੀਤੀ ਉਸ ਤੋਂ ਬਾਅਦ ਨਾਕਾ ਬੰਦੀ ਰਹੀ ਅਤੇ ਕਈ ਤਰ੍ਹਾਂ ਨਾਲ ਉਨ੍ਹਾਂ ਖੇਤ ਮਜਦੂਰਾਂ ਤੇ ਜ਼ੁਲਮ ਹੁੰਦਾ ਰਿਹਾ। ਜਦ ਵੀ ਉਹ ਆਪਣੀ ਦਿਹਾੜੀ ਵਧਾਉਣ ਲਈ ਅਵਾਜ਼ ਉਠਾਉਂਦੇ ਹਨ ਤਾਂ ਉਨ੍ਹਾਂ ਦੀ ਅਵਾਜ਼ ਨੂੰ ਦਬਾਇਆ ਜਾਂਦਾ ਹੈ। ਪੰਜਾਬ ਦੇ ਮੈਜੋਰਿਟੀ ਪਿੰਡਾਂ ਵਿਚ ਅੱਜ ਵੀ 3 ਰੁਪਏ ਤੋਂ ਘੱਟ ਦਿਹਾੜੀ ਮਿਲ ਰਹੀ

[ਕਾਮਰੇਡ ਸੱਤਪਾਲ ਡਾਂਗ]

ਹੈ। ਮੈਂ ਸ਼ਰਮਾ ਸਾਹਿਬ ਨੂੰ ਕਹਿੰਦਾ ਹਾਂ ਕਿ ਉਹ ਮੇਰੇ ਨਾਲ ਪਿੰਡਾਂ ਵਿਚ ਚੱਲਣ ਮੈਂ ਉਨ੍ਹਾਂ ਨੂੰ ਵਿਖਾਵਾਂਗਾ ਕਿ ਉਥੇ ਮਜ਼ਦੂਰਾਂ ਦੀ ਕਿੰਨੀ ਮਾੜੀ ਹਾਲਤ ਹੈ। ਜਿਹੜੇ ਮਜ਼ਦੂਰ ਇੰਡਸਟਰੀਜ਼ ਵਿਚ ਕੰਮ ਕਰਦੇ ਹਨ ਉਨ੍ਹਾਂ ਨੂੰ ਹਫ਼ਤਾਵਾਰ ਛੁੱਟੀ ਨਹੀਂ ਮਿਲਦੀ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਓਵਰਟਾਈਮ ਦਿੱਤਾ ਜਾਂਦਾ ਹੈ।

ਚੇਅਰਮੈਨ ਸਾਹਿਬ ਗੌਰਮਿੰਟ ਆਫ਼ ਇੰਡੀਆ ਨੇ ਐਲਾਨ ਕੀਤਾ ਸੀ ਕਿ ਉਹ ਫ਼ਿਰੀ ਹਾਊਸ ਸਾਈਟਸ ਪਲਾਟ ਦੇਣਗੇ ਇਨ੍ਹਾਂ ਨੇ ਵੀ ਗੌਰਮਿੰਟ ਆਫ਼ ਇੰਡੀਆ ਦੇ ਮੁਤਾਬਕ ਇਹ ਐਲਾਨ ਕਰ ਦਿੱਤਾ ਕਿ ਅਸੀਂ ਵੀ ਪਲਾਟ ਦਿਆਂਗੇ। ਅਸੀਂ ਇਸ ਦਾ ਵੈਲਕਮ ਕੀਤਾ। ਪਰ ਇਨ੍ਹਾਂ ਨੇ ਕਿਹਾ ਕਿ ਇਕ ਏਕੜ ਵਿਚ 40 ਪਲਾਟ ਬਣਾਏ ਜਾਣ ਅਤੇ ਹਰ ਇਕ ਪਲਾਟ ਵਾਸਤੇ 100 ਮੁਰੱਬਾ ਗਜ਼ ਜ਼ਮੀਨ ਦੇਣੀ ਹੈ। ਚੇਅਰਮੈਨ ਸਾਹਿਬ ਮੈਂ ਪੁੱਛਦਾ ਹਾਂ ਕਿ ਇਸ ਇਕ ਏਕੜ ਵਿਚ 40 ਪਲਾਟ ਕਿਸ ਤਰ੍ਹਾਂ ਬਣਾਉਣਗੇ। ਇਸ ਇਕ ਏਕੜ ਵਿਚ ਗੱਲੀਆਂ ਬਣਨਗੀਆਂ, ਨਾਲੀਆਂ ਬਣਨਗੀਆਂ ਜਾਂ ਮਜ਼ਦੂਰ ਵੱਸਣਗੇ। ਇਹ ਤਾਂ ਸਲੱਮ ਬਣ ਜਾਵੇਗਾ। ਜਿਥੇ ਕਿ ਉਨ੍ਹਾਂ ਦਾ ਰਹਿਣਾ ਮੁਸ਼ਕਲ ਹੋ ਜਾਵੇਗਾ।

ਚੇਅਰਮੈਨ ਸਾਹਿਬ ਇਨ੍ਹਾਂ ਨੇ ਥੇਈਂ ਡੈਮ ਵਾਸਤੇ 5 ਕਰੋੜ ਰੁਪਿਆ ਰੱਖਿਆ ਹੈ ਮੈਂ ਸਮਝਦਾ ਹਾਂ ਕਿ ਇਹ ਬਹੁਤ ਘੱਟ ਹੈ। ਇਹ ਪੰਜਾਬ ਦੀ ਐਡਮਿਨਿਸਟਰੇਸ਼ਨ ਦੀ ਬਦਇੰਤਜ਼ਾਮੀ ਹੈ। ਇਸ ਨਾਲ ਬਿਜਲੀ ਦਾ ਘਾਟਾ ਪੂਰਾ ਨਹੀਂ ਹੋਣ ਲੱਗਾ। ਚੇਅਰਮੈਨ ਸਾਹਿਬ ਮੈਨੂੰ ਅਫ਼ਸੋਸ ਹੈ ਕਿ ਸਾਡੇ ਪੰਜਾਬ ਵਿਚ 33.4 ਪ੍ਰਤੀਸ਼ਤ ਪਾਵਰ ਟਰਾਂਸਮਿਸ਼ਨ ਲੌਸਿਜ਼ ਹੋ ਰਹੇ ਨੇ ਜਦ ਕਿ ਇਹ ਬਾਕੀ ਸਾਰੇ ਹਿੰਦੁਸਤਾਨ ਵਿਚ 18 ਪ੍ਰਤੀਸ਼ਤ ਹੈ। ਇਹ ਮਾਮਲਾ ਪਾਰਲੀਮੈਂਟ ਵਿਚ ਵੀ ਉਠਾਇਆ ਗਿਆ ਸੀ ਉਥੇ ਵੀ ਇਹ ਮੰਨਿਆ ਗਿਆ ਕਿ ਪੰਜਾਬ ਵਿਚ ਪਾਵਰ ਲਾਈਨਜ਼ ਲੌਸਿਜ਼ ਬਾਕੀ ਸਾਰਿਆਂ ਸੂਬਿਆਂ ਨਾਲੋਂ ਜ਼ਿਆਦਾ ਹੈ।

ਚੇਅਰਮੈਨ ਸਾਹਿਬ ਇਕ ਅਰਜ਼ ਮੈਂ ਹੋਰ ਕਰ ਦੇਣੀ ਚਾਹੁੰਦਾ ਹਾਂ ਕਿ ਅੱਜ ਪੰਜਾਬ ਵਿਚ ਲੋਕਾਂ ਦੀ ਸਿਵਿਲ ਲਿਬਰਟੀਜ਼ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਜਿਹੜੇ ਵੀ ਨੌਜਵਾਨ ਗੌਰਮੈਂਟ ਦੇ ਖਿਲਾਫ਼ ਅਵਾਜ਼ ਉਠਾਉਂਦੇ ਹਨ ਉਨ੍ਹਾਂ ਨੂੰ ਕੁੱਟਿਆ ਜਾ ਰਿਹਾ ਹੈ ਅਤੇ ਦਫ਼ਾ 144 ਲਾ ਕੇ ਲੋਕਾਂ ਦੀ ਆਵਾਜ਼ ਨੂੰ ਖ਼ਤਮ ਕੀਤਾ ਜਾ ਰਿਹਾ ਹੈ। ਚੇਅਰਮੈਨ ਸਾਹਿਬ ਇਹ ਦੱਸਣ ਕਿ ਇਹ ਬਲਾਕ ਸੰਮਤੀਆਂ ਦੇ ਇਲੈਕਸ਼ਨ ਕਿਉਂ ਨਹੀਂ ਕਰਵਾਉਂਦੇ ਮਿਉਨਿਸਿਪਲ ਕਮੇਟੀਆਂ ਦੇ ਇਲੈਕਸ਼ਨ ਕਿਉਂ ਨਹੀਂ ਕਰਵਾਉਂਦੇ। ਅੱਜ ਗਰੀਬ ਲੋਕਾਂ ਦੀ ਸਿਵਿਲ ਲਿਬਰਟੀਜ਼ ਨੂੰ ਕੁਚਲਿਆ ਜਾ ਰਿਹਾ ਹੈ। ਚੇਅਰਮੈਨ ਸਾਹਿਬ ਪੰਜਾਬ ਵਿਚ ਐਸ. ਪੀ., ਡੀ. ਐਸ. ਪੀ ਅਤੇ ਪੁਲਿਸ ਦੀ ਫੌਜ ਦੇ ਹੁੰਦੇ ਹੋਏ ਵੀ ਪੰਜਾਬ ਵਿਚ ਕਰਾਈਮ ਵਧਿਆ ਹੈ। ਪੰਜਾਬ ਵਿਚ ਲਾ ਐਂਡ ਆਰਡਰ ਦੀ ਹਾਲਤ ਠੀਕ ਨਹੀਂ ਹੈ ਅਤੇ ਪੁਲਿਸ ਉਨ੍ਹਾਂ ਨੂੰ ਕੁਚਲਣ ਵਾਸਤੇ ਲੱਗੀ ਹੋਈ ਹੈ।

At page 146 of 'Punjab on the March 1974' they have stated —

> "During this period almost the entire Police resources had to be pressed into service to handle the State wide agitation launched by certain sections of the society against rising prices and the shortage of some essential commodities".

ਚੇਅਰਮੈਨ ਸਾਹਿਬ ਇਸ ਤਰ੍ਹਾਂ ਇਨ੍ਹਾਂ ਨੇ ਆਪਣੀ ਕਿਤਾਬ 'ਪੰਜਾਬ ਔਨ ਦੀ ਮਾਰਚ' ਵਿਚ ਲਿਖਿਆ ਹੈ ਕਿ ਕੀਮਤਾਂ ਨੂੰ ਘੱਟ ਕਰਨ ਵਾਸਤੇ ਅਤੇ ਜ਼ਰੂਰੀ ਚੀਜ਼ਾਂ ਦੀ ਸ਼ੌਰਟੇਜ ਵਾਸਤੇ ਪੰਜਾਬ ਵਿਚ ਜੋ

ਐਜੀਟੇਸ਼ਨ ਚਲ ਰਹੀ ਹੈ ਇਸ ਨੂੰ ਬੰਦ ਕਰਨ ਵਾਸਤੇ ਇਤਨੀ ਪੁਲਿਸ ਰੱਖੀ ਗਈ ਹੈ। ਅੱਜ ਹਿੰਦੁਸਤਾਨ ਵਿਚ ਰਾਈਟ ਰਿਐਕਸ਼ਨਰੀ ਅਤੇ ਵੈਸਟਡ ਇਨਟਰੈਸਟ ਪੈਦਾ ਹੋ ਰਹੇ ਹਨ ਜਿਹੜੇ ਕਿ ਲੋਕਾਂ ਦਾ ਭਲਾ ਨਹੀਂ ਹੋਣ ਦਿੰਦੇ ਅਤੇ ਲੋਕਾਂ ਦੀ ਅਵਾਜ਼ ਨੂੰ ਦਬਾਇਆ ਜਾ ਰਿਹਾ ਹੈ

ਚੇਅਰਮੈਨ ਸਾਹਿਬ ਸਰਕਾਰ ਨੇ ਪੰਜਾਬ ਸ਼ੈਡਿਊਲਡ ਕਾਸਟ ਲੈਂਡ ਡਿਵੈਲਪਮੈਂਟ ਐਂਡ ਫ਼ਾਈਨੈਂਸ਼ਲ ਕਾਰਪੋਰੇਸ਼ਨ ਨੂੰ ਕੁਝ ਪੈਸਾ ਦਿੱਤਾ ਸੀ ਕਾਰਪੋਰੇਸ਼ਨ ਨੇ ਇਹ ਪੈਸਾ ਹਰੀਜਨਾਂ ਦੀ ਭਲਾਈ ਤੇ ਖਰਚ ਕਰ ਦਿੱਤਾ। ਹੁਣ ਸਰਕਾਰ ਉਨ੍ਹਾਂ ਕੋਲੋਂ ਡਿਵੀਡੰਡ ਮੰਗਦੀ ਹੈ ਕਾਰਪੋਰੇਸ਼ਨ ਕੋਲੋਂ ਸਟਾਫ਼ ਦੇ ਐਸਟੈਬਲਿਸ਼ਮੈਂਟ ਦਾ ਖਰਚਾ ਕੱਢਣ ਵਾਸਤੇ ਪੈਸਾ ਨਹੀਂ ਹੈ। ਜੇ ਸਰਕਾਰ ਇਸੇ ਤਰ੍ਹਾਂ ਇਨਸਿਸਟ ਕਰਦੀ ਰਹੀ ਤਾਂ ਕਾਰ-ਪੋਰੇਸ਼ਨ ਦਾ ਦਿਵਾਲਾ ਨਿਕਲ ਜਾਵੇਗਾ।

ਇਹ ਸਰਕਾਰ ਅਮੀਰ ਹਰੀਜਨਾਂ ਦੀ ਹੀ ਮਦਦ ਕਰ ਰਹੀ ਹੈ ਜਿਹੜੇ ਗਰੀਬ ਹਰੀਜਨ ਹਨ ਉਨ੍ਹਾਂ ਦੀ 100 ਵਿਚੋਂ 1 ਦੀ ਵੀ ਇਸ ਸਰਕਾਰ ਨੇ ਮਦਦ ਨਹੀਂ ਕੀਤੀ। ਪੰਜਾਬ ਸ਼ੈਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਈਨੈਂਸ਼ਲ ਕਾਰਪੋਰੇਸ਼ਨ ਨੇ ਹਰੀਜਨਾਂ ਦੀ ਮਦਦ ਲਈ ਢਾਈ ਕਰੋੜ ਰੁਪਿਆ ਰੱਖਿਆ ਹੈ ਇਸ ਪੈਸੇ ਨਾਲ ਗਰੀਬ ਹਰੀਜਨਾਂ ਦਾ ਭਲਾ ਨਹੀਂ ਹੋਣ ਲਗਾ। ਇਸ ਸਰਕਾਰ ਨੇ ਹਰੀਜਨਾਂ ਦੀ ਲੀਗਲ ਏਡ ਵਾਸਤੇ 36 ਹਜ਼ਾਰ ਰੁਪਿਆ ਰੱਖਿਆ ਹੈ ਚੇਅਰਮੈਨ ਸਾਹਿਬ ਇਸ ਪੈਸੇ ਦਾ ਤੁਸੀਂ ਹਿਸਾਬ ਲਗਾਉ ਕਿ ਇਸ ਪੈਸੇ ਨਾਲ ਹਰੀਜਨਾਂ ਦਾ ਕੀ ਭਲਾ ਹੋਵੇਗਾ। ਇਸੇ ਤਰ੍ਹਾਂ ਹੀ ਇਨ੍ਹਾਂ ਨੇ ਆਟੋ ਰਿਕਸ਼ਾ ਖਰੀਦਣ ਵਾਸਤੇ ਕਰਜ਼ੇ ਦਿੱਤੇ ਹਨ। ਇਸ ਸਰਕਾਰ ਨੂੰ ਕਿਹਾ ਗਿਆ ਸੀ ਕਿ ਇਹ ਪੈਸੇ ਉਨ੍ਹਾਂ ਨੂੰ ਦਿਉ ਜਿਨ੍ਹਾਂ ਨੇ ਆਟੋ ਰਿਕਸ਼ਾ ਆਪ ਚਲਾਣੀ ਹੈ ਪਰ ਇਹ ਪੈਸੇ ਉਨ੍ਹਾਂ ਨੂੰ ਦਿੱਤੇ ਗਏ ਜਿਨ੍ਹਾਂ ਨੇ ਆਟੋ ਰਿਕਸ਼ਾ ਲੈ ਕੇ ਅੱਗੇ 20 ਰੁਪਏ ਦਿਹਾੜੀ ਤੇ ਕਿਰਾਏ ਤੇ ਦਿੰਦੇ ਸੀ। ਪਰ ਚੇਅਰਮੈਨ ਸਾਹਿਬ, ਨਾ ਇਸ ਤੇ ਐਂਸਬਲੀ ਦਾ ਕੰਟਰੋਲ ਅਤੇ ਨਾ ਸਰਕਾਰ ਦਾ ਕੰਟਰੋਲ। ਅੰਨ੍ਹੀ ਪਾਈ ਹੈ। ਬਨਾਸਪਤੀ ਘੀ ਦੇ ਸੈਂਪਲ ਫੜੇ ਗਏ। ਕਹਿੰਦੇ ਹਨ ਕਿ 82 ਫੜੇ ਹਨ ਅਤੇ ਇਨ੍ਹਾਂ ਵਿਚੋਂ 44 ਫੇਲ੍ਹ ਹੋਏ ਹਨ ਮਾਰਕਫ਼ੈਡ ਵਿਚ ਸੱਤ ਸੈਂਪਲ ਫੜੇ ਗਏ ਅਤੇ ਇਨ੍ਹਾਂ ਵਿਚੋਂ 4 ਫੇਲ੍ਹ ਹੋਏ। ਇਹ ਕੁਰੱਪਸ਼ਨ ਦੀ ਹਾਲਤ ਹੈ।

ਟ੍ਰਾਂਸਪੋਰਟ ਬਾਰੇ ਬੜੀਆਂ ਗੱਲਾਂ ਹੋਈਆ। ਬਜਟ ਵਿਚ ਲਿੱਖਿਆ ਹੈ ਕਿ ਟਰਾਂਸਪੋਰਟ ਦੀ 1972-73 ਵਿਚ 1 ਕਰੋੜ 16 ਲੱਖ ਰੁਪਏ ਆਮਦਨ ਘਟੀ। ਕਿਉ ਘੱਟੀ? ਕਹਿੰਦੇ ਹਨ ਕਿ ਸਪੇਅਰ ਪਾਰਟ ਬੱਸਾਂ ਦੇ ਘੱਟ ਮਿਲੇ ਅਤੇ ਇਸ ਕਾਰਨ ਬੱਸਾਂ ਚਲ ਨਹੀਂ ਸਕਦੀਆਂ ਸਨ। 1973-74 ਵਿਚ 93 ਲੱਖ ਦਾ ਫਰਕ ਪਿਆ। ਮੈਂ ਕਹਿੰਦਾ ਹਾਂ ਕਿ ਟ੍ਰਾਂਸਪੋਰਟਰਾਂ ਦੀ ਕੰਪਨੀ ਹੋਵੇ ਅਤੇ ਜਿਤਨੇ ਟਰੱਕ ਇਨ੍ਹਾਂ ਦੇ ਹੋਣ ਉਨ੍ਹਾਂ ਲਈ ਤਾਂ ਟਾਇਰ ਪੂਰੇ ਹੀ ਹੋਣ ਅਤੇ ਉਸ ਤੋਂ ਇਲਾਵਾ ਬਾਕੀ ਦੇ ਬਲੈਕ ਵਿਚ ਦੁਗਣੇ ਮੁੱਲ ਤੇ ਵੇਚਦੇ ਹਨ। ਚਾਹੇ ਉਹ ਟ੍ਰਾਂਸਪੋਰਟਰ ਇਧਰੋਂ ਦੇ ਹੋਣ ਜਾਂ ਉਧਰੋਂ ਦੇ ਹੋਣ ਤਾਂ ਵੀ ਉਨ੍ਹਾਂ ਨੂੰ ਟਾਇਰ ਮਿਲ ਜਾਂਦੇ ਹਨ। ਰੋਡਵੇਜ਼ ਦੀ ਇਕ ਕਰੋੜ ਰੁਪਿਆ ਆਮਦਨ ਇਸ ਕਰਕੇ ਘੱਟ ਗਈ ਕਿਉਂਕਿ ਟਾਇਰ ਨਹੀਂ ਮਿਲਦੇ। ਕਿਉਂ ਨਹੀਂ ਮਿਲਦੇ ਜਦੋਂ ਵੀ ਨਵਾਂ ਫੂਡ ਮਨਿਸਟਰ ਲਗਦਾ ਹੈ, ਉਹ ਟਾਇਰ ਟਿਊਬਾਂ ਦਾ ਕੰਟਰੋਲ ਕਰ ਦਿੰਦਾ ਹੈ ਪਰ ਮੁੜ ਕੇ ਦੋ ਤਿੰਨ ਮਹੀਨਿਆਂ ਬਾਅਦ ਵਾਪਸ ਲੈ ਲੈਂਦਾ ਹੈ।

ਸਰਦਾਰ ਦਿਲਬਾਗ ਸਿੰਘ : (ਨਵਾਂ ਸ਼ਹਿਰ) ** **

Mr. Chairman : This is no point of order.

**Expunged as ordered by the Chair.

ਕਾਮਰੇਡ ਸੱਤ ਪਾਲ ਡਾਂਗ: ਚੇਅਰਮੈਨ ਸਾਹਿਬ ਵਿਦਿਆ ਲਈ ਇਨ੍ਹਾਂ 26 ਪ੍ਰਤੀਸ਼ਤ ਬਜਟ ਰੱਖਿਆ ਹੈ। ਇਹ ਬਹੁਤ ਤਸੱਲੀ ਬਖਸ਼ ਹੈ। ਪਰ ਐਕਚੁਅਲ ਪਰੈਕਟਿਸ ਵਿਚ ਸ਼ਾਰਟਫਾਲ ਕਿਤਨੀ ਹੋਈ ਹੈ। 1972-73 ਵਿਚ 69 ਲੱਖ ਦੀਆਂ ਸਕੀਮਾਂ ਇੰਪਲੀਮੈਂਟ ਨਹੀਂ ਹੋਈਆਂ।

ਚੇਅਰਮੈਨ ਸਾਹਿਬ ਮੈਂ ਤੁਹਾਡੇ ਰਾਹੀਂ ਅਰਜ਼ ਕਰਦਾ ਹਾਂ ਕਿ ਇਹ ਸਰਕਾਰ ਅਮੀਰਾਂ ਦੀ ਹੀ ਮਦਦ ਕਰ ਰਹੀ ਹੈ ਗਰੀਬ ਹੋਰ ਗਰੀਬ ਹੋ ਰਿਹਾ ਹੈ। ਮੁਹਾਲੀ ਵਿਚ ਪਲਾਟ ਕਿਸ ਨੂੰ ਦਿੰਦੇ ਹਨ ? ਜਿਹੜੇ ਗਰੀਬ ਹਨ ਜਿਹੜਾ ਸਾਰਾ ਪੈਸਾ ਨਕਦ ਨਹੀਂ ਦੇ ਸਕਦੇ ਅਤੇ ਕਈ ਕਿਸ਼ਤਾਂ ਵਿਚ ਕਰਕੇ ਦਿੰਦੇ ਹਨ ਉਨ੍ਹਾਂ ਨੂੰ ਪਲਾਟ ਦੇਰ ਨਾਲ ਮਿਲਦੇ ਹਨ ਅਤੇ ਜਿਹੜੇ ਅਮੀਰ ਪੈਸੇ ਵਾਲੇ ਆਦਮੀ ਹਨ ਉਹ ਸਾਰਾ ਰੁਪਿਆ ਨਕਦ ਦੇ ਕੇ ਪਲਾਟ ਜਲਦੀ ਲੈ ਜਾਂਦੇ ਹਨ ਅਤੇ ਇਹ ਪਲਾਟ ਲੈ ਕੇ ਆਪ ਵੀ ਨਹੀਂ ਰਹਿੰਦੇ ਬਲਕਿ ਅੱਗੇ ਕਿਰਾਏ ਤੇ ਦੇ ਦਿੰਦੇ ਹਨ। ਜਿਨ੍ਹਾਂ ਗਰੀਬਾਂ ਨੇ ਆਪ ਰਹਿਣਾ ਹੁੰਦਾ ਹੈ ਉਨ੍ਹਾਂ ਨੂੰ ਪਲਾਟ ਦੇਰ ਨਾਲ ਮਿਲਦੇ ਹਨ। ਇਸ ਤਰ੍ਹਾਂ ਸਾਡੇ ਮੁਲਕ ਵਿਚ ਚੇਅਰਮੈਨ ਸਾਹਿਬ ਦਿਨ ਬਦਿਨ ਖਤਰਨਾਕ ਹਾਲਾਤ ਪੈਦਾ ਹੋ ਰਹੇ ਹਨ। ਇਹ ਤਾਕਤ ਜਿਹੜੀ ਇਸ ਮੁਲਕ ਦੀ ਅਜ਼ਾਦੀ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਸਬਵਰਟ ਕਰਦੀ ਹੈ, ਜਾਂ ਡਿਸਇਨਟੈਗਰੇਟ ਕਰਦੀ ਹੈ ਇਸ ਦੀ ਸਾਡੀ ਪਾਰਟੀ ਵਿਰੋਧਤਾ ਕਰਨ ਨੂੰ ਤਿਆਰ ਹੈ।

ਅੱਜ ਪੰਜਾਬ ਵਿਚ ਅਕਾਲੀ ਔਰ ਜਨਸੰਘੀ ਪਾਰਟੀਆਂ ਮਿਲ ਰਹੀਆਂ ਹਨ ਅਤੇ ਪੰਜਾਬ ਵਿਚ ਇੰਪੀਰੀਲਿਸਟਕ ਫੋਰਸਿਜ਼ ਕੰਮ ਕਰ ਰਹੀਆਂ ਹਨ। ਚੇਅਰਮੈਨ ਸਾਹਿਬ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਕਰਨਾਟਕ ਤੇ ਮਹਾਰਾਸ਼ਟਰ ਵਿਚ ਇੰਮਪੀਰੀਲਿਸਟਕ ਫੋਰਸਿਜ਼ ਕਰਕੇ ਜੋ ਹਾਲਾਤ ਪੈਦਾ ਹੋ ਗਏ ਸਨ ਉਸੇ ਤਰ੍ਹਾਂ ਹੀ ਪੰਜਾਬ ਵਿਚ ਹਾਲਾਤ ਪੈਦਾ ਕੀਤੇ ਜਾ ਰਹੇ ਹਨ। ਜਿਸ ਤਰ੍ਹਾਂ ਯੂ.ਪੀ. ਵਿਚ ਮਜ਼ਹਬ ਤੋਂ ਕੰਮ ਲਿਆ ਗਿਆ ਹੈ ਸਾਡੀ ਪਾਰਟੀ ਇਸ ਦੇ ਬਿਲਕੁਲ ਖਿਲਾਫ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਫਾਈਨੈਂਸ਼ਿਅਲ ਆਟੋਨਿਮੀ ਹੋਣੀ ਚਾਹੀਦੀ ਹੈ ਪਰ ਚੇਅਰਮੈਨ ਸਾਹਿਬ ਇਹ ਰਾਜ ਕਮੇਟੀ ਦੀ ਆੜ ਲੈ ਕੇ ਹਿੰਦੁਸਤਾਨ ਨੂੰ ਤਬਾਹ ਕਰਨਾ ਚਾਹੁੰਦੇ ਹਨ। ਹਿੰਦੁਸਤਾਨ ਨੂੰ ਡਿਸਇਨਟੈਗਰੇਟ ਕਰਨਾ ਚਾਹੁੰਦੇ ਹਨ। ਅੱਜ ਸਰਕਾਰ ਹੋਰਡਰਜ਼, ਲੈਂਡਲਾਰਡਜ, ਵੈਸਟਡ ਇਨਟਰੈਸਟ ਅਤੇ ਮਨੋਪਲਿਸਟਾਂ ਨੂੰ ਕਨਸੈਸ਼ਨ ਦੇ ਰਹੀ ਹੈ ਅਤੇ ਉਨ੍ਹਾਂ ਦੀ ਮਦਦ ਕਰ ਰਹੀ ਹੈ। ਚੇਅਰਮੈਨ ਸਾਹਿਬ ਮੈਂ ਸਮਝਦਾ ਹਾਂ ਕਿ ਇਨ੍ਹਾਂ ਫਿਰਕੂ ਸ਼ਕਤੀਆਂ ਦਾ ਸਾਨੂੰ ਮੁਕਾਬਲਾ ਕਰਨਾ ਚਾਹੀਦਾ ਹੈ ਸਾਡੀ ਕਮਿਊਨਿਸਟ ਪਾਰਟੀ ਇਨ੍ਹਾਂ ਸ਼ਕਤੀਆਂ ਦੀ ਵਿਰੋਧਤਾ ਕਰਦੀ ਹੈ।

ਅੱਜ ਪੰਜਾਬ ਵਿਚ ਸਿੱਖ ਹੋਮ ਲੈਂਡ ਦਾ ਨਾਅਰਾ ਲਾਇਆ ਜਾਂਦਾ ਹੈ ਮੈਂ ਤਾਂ ਸਮਝਦਾ ਹਾਂ ਕਿ ਸਾਰੇ ਪੰਜਾਬੀ ਸਪੀਕਿੰਗ ਏਰੀਆਜ਼ ਪੰਜਾਬ ਵਿਚ ਮਰਜ ਹੋਣੇ ਚਾਹੀਦੇ ਹਨ। ਇਸ ਮਾਮਲੇ ਵਾਸਤੇ ਦਿਕਸ਼ਤ ਦੇ ਮੂੰਹੋਂ ਕਹਿਵਾ ਦੇਣਾ ਜਾਂ ਮਿਰਧਾ ਦੇ ਮੂੰਹੋਂ ਕਹਿਵਾ ਦੇਣਾ ਤੇ ਲੋਕਾਂ ਨੂੰ ਭੜਕਾ ਦੇਣਾ ਸਾਡੀ ਪਾਰਟੀ ਇਸ ਦੇ ਖਿਲਾਫ਼ ਹੈ। ਚੇਅਰਮੈਨ ਸਾਹਿਬ, ਅਸੀਂ ਕਿਸੇ ਅਸੂਲ ਉਤੇ ਆਪੋਜ਼ੀਸ਼ਨ ਕਰਾਂਗੇ। ਰਾਈਟ ਰੀਐਕਸ਼ਨਰੀ ਜੋ ਹੈ ਉਹ ਇਸ ਪਾਸੇ ਬੈਠਾ ਹੋਇਆ ਹੈ। ਕਾਂਗਰਸ ਦੀਆਂ ਬਹੁਤ ਸਾਰੀਆਂ ਨੀਤੀਆਂ ਇਨ੍ਹਾਂ ਤਾਕਤਾਂ ਨੂੰ ਉਤਸ਼ਾਹ ਦਿੰਦੀਆਂ ਹਨ। ਕਮਿਊਨਿਸਟ ਪਾਰਟੀ ਮਜ਼ਦੂਰ ਦੇ, ਕਿਸਾਨਾਂ ਦੇ, ਨੌਜਵਾਨਾਂ ਦੇ ਹਿੱਤਾਂ ਲਈ ਹਮੇਸ਼ਾਂ ਲੜਦੀ ਰਹੀ ਹੈ ਔਰ ਲੜਦੀ ਰਹੇਗੀ। ਅਸੀਂ ਕਾਂਗਰਸ ਦੀਆਂ ਗਲਤ ਨੀਤੀਆਂ ਦੇ ਵਿਰੁਧ ਵੀ ਲੜਾਂਗੇ ਔਰ ਜਿਹੜਾ ਇਸ ਸਰਕਾਰ ਦਾ ਕਦਮ ਠੀਕ ਹੈ, ਉਸ ਨੂੰ ਠੀਕ ਕਹਾਂਗੇ। ਬੰਗਲਾ ਦੇਸ਼ ਦਾ ਕਦਮ ਭਾਰਤ ਸਰਕਾਰ ਦਾ ਠੀਕ ਕਦਮ ਸੀ। ਪਰ ਜਿਹੜੀਆਂ ਗਲਤ ਨੀਤੀਆਂ ਹਨ, ਜਿਹੜਾ ਰਾਈਟ ਰੀਐਕਸ਼ਨਰੀ ਹੈ ਉਨ੍ਹਾਂ ਦੇ ਖਿਲਾਫ ਲੜਾਂਗੇ ਔਰ ਦੇਸ਼ ਵਿਚ ਸ਼ਕਤੀ ਪੈਦਾ ਕਰਾਂਗੇ ਜਿਹੜੀ ਕਿ ਦਿੱਲੀ ਵਿਚ ਔਰ ਚੰਡੀਗੜ੍ਹ ਵਿਚ ਇਕ ਰਸਤਾ ਬਣਾ ਕੇ ਦੇਸ਼ ਨੂੰ ਅੱਗੇ ਲੈ ਜਾਵੇ। (ਥੰਪਿੰਗ)

ਚੌਧਰੀ ਰਾਮ ਸਿੰਘ (ਪਠਾਨਕੋਟ): ਚੇਅਰਮੈਨ ਸਾਹਿਬ, ਸ੍ਰੀ ਹੰਸ ਰਾਜ ਜੀ ਸ਼ਰਮਾ ਨੇ ਜੋ ਬਜਟ ਇਸ ਹਾਊਸ ਵਿਚ ਪੇਸ਼ ਕੀਤਾ ਹੈ ਮੈਂ ਉਸ ਲਈ ਇਨ੍ਹਾਂ ਨੂੰ ਔਰ ਗਿਆਨੀ ਜੀ ਨੂੰ ਮੁਬਾਰਕਬਾਦ ਦਿੰਦਾ ਹਾਂ (ਥੰਪਿੰਗ) ਚੇਅਰਮੈਨ ਸਾਹਿਬ, ਬਾਵਜੂਦ ਇਸ ਦੇ ਕਿ ਜਿਸ ਤਰ੍ਹਾਂ ਕਿ ਡਾਂਗ ਸਾਹਿਬ ਨੇ ਕਿਹਾ ਹੈ ਕਿ ਇਹ ਮਹਿੰਗਾਈ ਸਰਮਾਏਦਾਰਾਂ ਔਰ ਲੈਂਡਲਾਰਡਾਂ ਨੇ ਪੈਦਾ ਕੀਤੀ ਹੋਈ ਹੈ, ਇਸ ਦੇ ਬਾਵਜੂਦ ਵੀ ਪੰਜਾਬ ਹਰ ਪਾਸੇ ਹੀ ਤਰੱਕੀ ਕਰ ਰਿਹਾ ਹੈ। ਇਸ ਸਰਕਾਰ ਨੇ ਇਸ ਬਜਟ ਵਿਚ ਕੋਈ ਟੈਕਸ ਲਗਾਉਣ ਦਾ ਜ਼ਿਕਰ ਨਹੀਂ ਕੀਤਾ। ਇਹ ਤਾਂ ਬਲਕਿ ਹਿੰਦੁਸਤਾਨ ਵਿਚ ਇਕ ਮਿਸਾਲ ਹੈ ਕਿ ਕੋਈ ਟੈਕਸ ਵੀ ਨਹੀਂ ਲਗਾਇਆ ਗਿਆ ਔਰ ਫਿਰ ਵੀ ਪੰਜਾਬ ਦੀ ਤਰੱਕੀ ਦੇ ਕੰਮ ਹੋ ਰਹੇ ਹਨ। ਐਸੀ ਹਾਲਤ ਵਿਚ ਕੰਮ ਕਰਨੇ ਕੋਈ ਆਸਾਨ ਕੰਮ ਨਹੀਂ ਹੈ।

ਚੇਅਰਮੈਨ ਸਾਹਿਬ, ਜਿਹੜਾ 28 ਕਰੋੜ 39 ਲੱਖ ਰੁਪਈਏ ਦੇ ਘਾਟੇ ਦਾ ਬਜਟ ਵਜ਼ੀਰੇ ਖ਼ਜ਼ਾਨਾ ਸਾਹਿਬ ਨੇ ਪੇਸ਼ ਕੀਤਾ ਹੈ ਉਸ ਨੂੰ ਜਿਸ ਅਕਲਮੰਦੀ ਨਾਲ ਜਿਸ ਹੁਸ਼ਿਆਰੀ ਨਾਲ ਪੂਰਾ ਕਰਨ ਦਾ ਯਤਨ ਕੀਤਾ ਹੈ, ਉਹ ਸ਼ਲਾਘਾਯੋਗ ਹੈ। ਪੰਜ ਕਰੋੜ ਰੁਪਇਏ ਦੀ ਕਨਟਨਜੈਂਨਸੀ ਵਿਚੋਂ ਕਟੌਤੀ ਕੀਤੀ ਹੈ। ਪਿਛਲੇ ਸਾਲ ਵੀ ਕੀਤੀ ਸੀ ਔਰ ਉਸ ਤੋਂ ਪਿਛਲੇ ਸਾਲ ਵੀ ਕੀਤੀ ਸੀ। ਇਹ ਕਟੌਤੀ ਇਸ ਲਈ ਕੀਤੀ ਗਈ ਸੀ ਕਿਉਂਕਿ ਤੁਸੀਂ ਜਾਣਦੇ ਹੋ ਕਿ ਦਸੰਬਰ-ਫਰਵਰੀ ਦੇ ਮਹੀਨਿਆਂ ਵਿਚ ਮਹਿਕਮੇਂ ਵਾਲੇ ਸਾਮਾਨ ਖ਼ਰੀਦਦੇ ਹਨ, ਸਾਮਾਨ ਮਹਿੰਗਾ ਖ਼ਰੀਦਿਆ ਜਾਂਦਾ ਹੈ। ਇਸ ਵਾਸਤੇ ਹੀ ਸਰਕਾਰ ਨੇ 5 ਪ੍ਰਤੀਸ਼ਤ ਕਟੌਤੀ ਕਰਕੇ ਪੰਜ ਕਰੋੜ ਰੁਪਇਏ ਹਰ ਸਾਲ ਬਚਾ ਲਏ ਹਨ। ਇਸ ਲਈ ਵੀ ਇਹ ਬਜਟ ਸ਼ਲਾਘਾ ਯੋਗ ਹੈ।

ਇਸ ਤਰ੍ਹਾਂ ਹੀ ਦੋ ਕਰੋੜ ਜਿਹੜਾ ਟੈਕਸਾਂ ਦੀ ਚੋਰੀ ਨੂੰ ਬਚਾ ਕੇ ਉਸ ਘਾਟੇ ਨੂੰ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ ਉਹ ਵੀ ਸਰ੍ਹਾਨਾ ਯੋਗ ਹੈ। ਤੁਸੀਂ ਚੇਅਰਮੈਨ ਸਾਹਿਬ ਜਾਣਦੇ ਹੋ ਕਿ ਟੈਕਸਾਂ ਦੀ ਚੋਰੀ ਬਹੁਤ ਜ਼ਿਆਦਾ ਹੁੰਦੀ ਹੈ। ਵਪਾਰੀ ਜਾਂ ਦੂਸਰੇ ਲੋਕ ਇਸ ਦੀ ਚੋਰੀ ਕਰਦੇ ਹਨ। ਸਰਕਾਰ ਨੇ ਦੋ ਕਰੋੜ ਰੁਪਇਏ ਪਿਛਲੇ ਸਾਲ ਚੋਰੀ ਨੂੰ ਰੋਕ ਕੇ ਬਚਾਏ ਹਨ ਔਰ ਦੋ ਕਰੋੜ ਦਾ ਹੁਣ ਵੀ ਚੋਰੀ ਨੂੰ ਰੋਕ ਕੇ ਬਚਾਉਣ ਦਾ ਯਤਨ ਕੀਤਾ ਗਿਆ ਹੈ। ਇਸ ਦੇ ਨਾਲ ਹੀ ਮੈਂ ਅਰਜ਼ ਕਰਾਂਗਾ ਕਿ ਜਿਹੜਾ ਇਨ੍ਹਾਂ ਨੇ ਇਹ ਕਿਹਾ ਹੈ ਕਿ 8 ਕਰੋੜ ਰੁਪਇਏ ਮਾਰਕਿਟ ਫ਼ੀ ਵਿਚੋਂ ਹੋਰ ਲੈਣ ਦਾ ਜੋ ਟੀਚਾ ਰੱਖਿਆ ਹੈ ਉਸ ਦੇ ਨਾਲ ਹੀ ਮੈਂ ਤਜਵੀਜ਼ ਰੱਖੀ ਹੈ ਕਿ ਪੁੱਲਾਂ ਤੇ ਟੈਕਸ ਲਗਾਓ। ਪੁੱਲਾਂ ਤੇ ਟੈਕਸ ਯੂ. ਪੀ. ਵਿਚ ਵੀ ਹਨ। ਪੁੱਲ ਨਾ ਹੋਣ ਕਾਰਣ ਹਜ਼ਾਰਾਂ ਆਦਮੀਆਂ ਨੂੰ ਮੁਸ਼ਕਲ ਪੇਸ਼ ਆਉਂਦੀ ਹੈ। ਬੀਮਾਰੀ ਦੀ ਹਾਲਤ ਵਿਚ ਨਹਿਰਾਂ ਨੂੰ ਦਰਿਆਵਾਂ ਨੂੰ ਪਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹ ਤਜਵੀਜ਼ ਅੱਛੀ ਹੈ, ਸਰਕਾਰ ਨੂੰ ਇਹ ਤਜਵੀਜ਼ ਮੰਨ ਲੈਣੀ ਚਾਹੀਦੀ ਹੈ।

ਬਾਕੀ ਜਿਹੜੀ ਗੱਲ ਵਜ਼ੀਰੇ ਖ਼ਜ਼ਾਨਾ ਸਾਹਿਬ ਨੇ ਕੀਤੀ ਹੈ ਕਿ 21 ਕਰੋੜ ਰੁਪਇਏ ਭਾਰਤ ਸਰਕਾਰ ਕੋਲੋਂ ਕਿਸੇ ਨਾ ਕਿਸੇ ਜ਼ਰੀਏ ਲੈ ਕੇ ਗਰਾਂਟ ਲੈ ਕੇ ਜਾਂ ਕਿਸੇ ਹੋਰ ਤਰ੍ਹਾਂ ਨਾਲ ਲੈ ਕੇ ਪੂਰਾ ਕਰਨ ਦਾ ਯਤਨ ਕੀਤਾ ਹੈ ਇਸ ਵਾਸਤੇ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਸਰਕਾਰ ਵਧਾਈ ਦੀ ਪਾਤਰ ਹੈ। ਜਿਥੇ ਕੋਈ ਟੈਕਸ ਵੀ ਨਹੀਂ ਲਗਾਇਆ, ਜਿਥੇ ਜਨਤਾ ਤੇ ਬੋਝ ਨਹੀਂ ਪਿਆ, ਜਿਥੇ ਕਿਸੇ ਦੀ ਜੇਬ ਵਿਚੋਂ ਕੋਈ ਪੈਸਾ ਨਹੀਂ ਕੱਢਿਆ ਔਰ ਪੰਜਾਬ ਨੂੰ ਇਹ ਸਰਕਾਰ ਤਰੱਕੀ ਵੱਲ ਲਈ ਜਾ ਰਹੀ ਹੈ, ਇਹ ਗੱਲ ਕਾਬਲੇ ਤਾਰੀਫ ਹੈ। ਹੁਣੇ ਹੀ ਸਰਦਾਰ ਸੁਰਜੀਤ ਸਿੰਘ ਜੀ ਨੇ ਕਿਹਾ ਹੈ ਕਿ ਘਾਟੇ ਦਾ ਬਜਟ ਪੇਸ਼ ਕਰਨਾ ਚੰਗੀ ਗੱਲ ਨਹੀਂ ਪਰ ਮੈਂ ਚੇਅਰਮੈਨ ਸਾਹਿਬ, ਤੁਹਾਡੇ ਰਾਹੀਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਕੋਈ ਵੀ ਸਟੇਟ ਅਗਾਂਹ ਵੱਧਦੀ ਹੈ ਤਾਂ ਜ਼ਰੂਰੀਆਤ ਜ਼ਿੰਦਗੀ ਨੂੰ ਪੂਰਿਆਂ ਕਰਨ ਵਾਸਤੇ ਨਵੀਆਂ ਨਵੀਆਂ ਸਕੀਮਾਂ ਰੱਖਣੀਆਂ ਪੈਂਦੀਆਂ ਹਨ ਔਰ ਜ਼ਰਾਏ ਜੁਟਲਾਣੇ ਪੈਂਦੇ ਹਨ। ਇਹ ਘਾਟੇ ਦਾ ਬਜਟ ਨਹੀਂ ਹੈ ਸਿਰਫ ਇਸ ਨਜ਼ਰੀਏ ਨਾਲ ਵੇਖਣ ਦੀ ਹੀ ਲੋੜ ਹੈ। ਚੇਅਰਮੈਨ ਸਾਹਿਬ, ਇਸ ਦੇ ਬਾਵਜੂਦ ਕਿ ਇਸ ਵਿਚ ਘਾਟਾ

[ਚੌਧਰੀ ਰਾਮ ਸਿੰਘ]

ਵਿਖਾਇਆ ਗਿਆ ਹੈ ਪੰਜਾਬ ਦੀ ਸਰਕਾਰ ਨੇ ਕੋਈ ਟੈਕਸ ਨਹੀਂ ਲਗਾਇਆ ਬਲਕਿ ਟੈਕਸਾਂ ਵਿਚ ਛੋਟ ਦਿੱਤੀ ਹੈ। ਇਕ ਲੱਖ ਰੁਪਇਏ ਸੇਲਜ਼ ਟੈਕਸ ਵਿਚ ਛੋਟੇ ਦੁਕਾਨਦਾਰਾਂ ਨੂੰ ਛੋਟ ਦਿੱਤੀ ਹੈ । ਤਾਂਕਿ ਛੋਟਾ ਦੁਕਾਨਦਾਰ ਬਗੈਰ ਹਿਸਾਬ ਕਿਤਾਬ ਰੱਖਣ ਦੇ ਆਪਣਾ ਕਾਰੋਬਾਰ ਜਾਰੀ ਰੱਖ ਸਕੇ । ਫਿਰ ਪ੍ਰਾਪਰਟੀ ਟੈਕਸ ਵਿਚ ਛੋਟ ਦਿੱਤੀ ਤਾਂਕਿ ਜਿਹੜਾ ਕੋਈ ਦੁਕਾਨ ਬਣਾਉਂਦਾ ਹੈ ਉਸ ਉਪਰ ਦੋ ਟੈਕਸ ਨਾ ਲੱਗਣ, ਮਿਊ-ਨਿਸਪੈਲਟੀ ਦਾ ਔਰ ਸਰਕਾਰ ਦਾ। ਹੁਣ ਸਰਕਾਰ ਦਾ ਟੈਕਸ ਖ਼ਤਮ ਹੋ ਗਿਆ ਹੈ। ਮਿਊਨਿਸਪਲ ਟੈਕਸ ਹੀ ਲਗੇਗਾ । ਪੰਜਾਬ ਵਿਚ ਇਹ ਬੜਾ ਚੰਗਾ ਕੰਮ ਕੀਤਾ ਗਿਆ ਹੈ।

ਫਿਰ ਸੜਕਾਂ ਬਣਾਈਆਂ । ਸੜਕਾਂ ਬਣਾਉਣ ਦਾ ਪਹਿਲਾਂ ਟੀਚਾ ਮਿਥਿਆ ਔਰ ਉਸ ਟੀਚੇ ਨੂੰ ਪੂਰਾ ਕਰਨ ਵਿਚ ਇਹ ਸਰਕਾਰ ਕਾਮਯਾਬ ਹੋਈ । ਪੰਜਾਬ ਹੀ ਭਾਰਤ ਵਿਚ ਐਸਾ ਸੂਬਾ ਹੈ ਜਿਸ ਨੇ ਸੜਕਾਂ ਦਾ ਟੀਚਾ ਰੱਖਿਆ ਔਰ ਉਸ ਟੀਚੇ ਨੂੰ ਪੂਰਾ ਕੀਤਾ । ਇਸ ਕੰਮ ਵਿਚ ਹਰਿਆਣਾ ਵੀ ਪਿੱਛੇ ਰਹਿ ਗਿਆ । ਉਹ ਟੀਚਾ ਪੂਰਾ ਨਹੀਂ ਕਰ ਸਕਿਆ । ਪਰ ਇਸ ਵਿਚ ਇਕ ਗੱਲ ਮੈਂ ਕਹਿਣੀ ਚਾਹੁੰਦਾ ਹਾਂ ਕਿ ਜੇਕਰ ਇਮਾਨਦਾਰੀ ਨਾਲ ਸਾਰੇ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਨਾ ਚਾਹੁੰਦੇ ਹੋ ਤਾਂ ਸ਼ਰਮਾ ਜੀ ਇਸ ਕੰਮ ਲਈ ਵੱਧ ਤੋਂ ਵੱਧ ਰਕਮ ਨਿਯਤ ਕਰੋ । ਤਾਂਕਿ ਪਿੰਡਾਂ ਵਿਚ ਪ੍ਰਾਸਪੈਰਿਟੀ ਆਵੇ, ਲੋਕ ਅਸਾਨੀ ਨਾਲ ਸ਼ਹਿਰਾਂ ਵਿਚ ਮਾਲ ਲਿਆ ਲਿਜਾ ਸਕਣ ।

ਚੇਅਰਮੈਨ ਸਾਹਿਬ, ਇਸ ਦੇ ਬਾਵਜੂਦ ਵਾਟਰ ਸਪਲਾਈ ਸਕੀਮ ਹੈ । ਕੰਡੀ ਏਰੀਆ ਹੈ, ਸਬਮਾਊਂਟੇਨੀਅਸ ਏਰੀਆ ਹੈ ਉਸ ਵਿਚ ਪੰਜਾਬ ਸਰਕਾਰ ਨੇ ਪਿੰਡਾਂ ਨੂੰ ਪਾਣੀ ਦੇਣ ਲਈ ਕਾਫ਼ੀ ਰੁਪੱਇਏ ਰੱਖੇ ਸਨ ਤਾਂਕਿ ਪਾਣੀ ਜਿਸ ਤੋਂ ਬਗੈਰ ਜ਼ਿੰਦਗੀ ਨਹੀਂ ਰਹਿ ਸਕਦੀ, ਜਿਥੇ ਕਿ ਇਕ ਘਰ ਦਾ ਇਕ ਜੀਅ ਪਾਣੀ ਢੋਣ ਤੇ ਰਹਿੰਦਾ ਹੈ, ਅੱਜ ਉਥੇ ਕੋਈ 1300 ਪਿੰਡਾਂ ਨੂੰ ਪਾਣੀ ਦੇ ਦਿੱਤਾ ਹੈ । ਇਸ ਲਈ ਘਾਟੇ ਦੇ ਬਜਟ ਦੇ ਬਾਵਜੂਦ ਵੀ ਸਰਕਾਰ ਨੇ ਪਾਣੀ ਦਾ ਇੰਤਜ਼ਾਮ ਕੀਤਾ ਹੈ। ਸੜਕਾਂ ਤੇ ਹਸਪਤਾਲ ਸੱਬ-ਮਾਉਂਟੇਨੀਅਸ ਏਰੀਏ ਵਿਚ ਦਿੱਤੀਆਂ । ਚੇਅਰਮੈਨ ਸਾਹਿਬ, ਐਜੂਕੇਸ਼ਨ ਲਈ ਪਿਛਲੇ ਸਾਲ ਸਰਕਾਰ ਨੇ 45 ਕਰੋੜ ਰੁਪੱਇਏ ਰੱਖੇ ਸਨ ਔਰ ਹੁਣ ਉਸ ਤੋਂ ਵੱਧ ਰੱਖੇ ਹਨ । ਹੁਣ 55 ਕਰੋੜ ਰੁਪੱਇਏ ਰੱਖੇ ਹਨ ਔਰ ਇਸ ਦੇ ਬਾਵਜੂਦ ਵੀ ਕੋਈ ਟੈਕਸ ਨਹੀਂ ਲਗਾਇਆ ਗਿਆ । ਐਜੂਕੇਸ਼ਨ ਜਿਹੜੀ ਕਿ ਜ਼ਰੂਰੀ ਚੀਜ਼ ਹੈ ਉਸ ਵੱਲ ਸਰਕਾਰ ਨੇ ਖ਼ਾਸ ਤੌਰ ਤੇ ਧਿਆਨ ਦਿੱਤਾ ਹੈ । ਪ੍ਰਾਇਮਰੀ ਸਕੂਲ ਅੱਪਗਰੇਡ ਕੀਤੇ ਹਨ ਇਸ ਸਾਲ 1000 ਹੋਰ ਪ੍ਰਾਇਮਰੀ ਸਕੂਲ ਖੋਲ੍ਹਣੇ ਹਨ । ਪੰਜਾਬ ਵਰਗੀ ਕੋਈ ਵੀ ਹਿੰਦੋਸਤਾਨ ਵਿਚ ਸਟੇਟ ਨਹੀਂ ਹੈ ਜਿਥੇ ਕਿ 93 ਫ਼ੀ ਸਦੀ ਬੱਚੇ ਪ੍ਰਾਇਮਰੀ ਸਕੂਲਾਂ ਵਿਚ ਦਾਖ਼ਲ ਕੀਤੇ ਗਏ ਹਨ । ਇਸ ਤਰ੍ਹਾਂ ਮਿਡਲ ਅਤੇ ਹਾਈ ਸਕੂਲ ਖੋਲ੍ਹ ਦਿੱਤੇ ਤਾਂ ਜੋ ਐਜੂਕੇਸ਼ਨ ਅੱਛੀ ਹੋ ਸਕੇ । ਇਸ ਤਰ੍ਹਾਂ ਅਗਲੇ ਸਾਲ ਵਾਸਤੇ ਵੀ ਅਪ-ਗਰੇਡਿੰਗ ਵਾਸਤੇ ਪੈਸੇ ਰੱਖੇ ਹਨ । ਮੈਨੂੰ ਉਮੀਦ ਹੈ ਕਿ ਜਿਸ ਤਰ੍ਹਾਂ ਸਾਊਥ ਵਿਚ ਲੋਕ ਵੈਲ ਐਜੂਕੇਟਿਡ ਹਨ, ਪੰਜਾਬ ਵੀ ਉਸੇ ਤਰ੍ਹਾਂ ਹੀ ਐਜੂਕੇਸ਼ਨ ਵਿਚ ਵੀ ਦਿਨ ਬਦਿਨ ਤਰੱਕੀ ਕਰਦਾ ਜਾ ਰਿਹਾ ਹੈ ।

ਇਸ ਤੋਂ ਬਾਅਦ ਜਿਹੜਾ ਅਸੀਂ ਘਾਟੇ ਦਾ ਬਜਟ ਪੇਸ਼ ਕੀਤਾ ਹੈ, ਇਸ ਬਾਰੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਲੋਕਾਂ ਦੀ ਭਲਾਈ ਵਾਸਤੇ ਜਿਹੜੇ ਜਿਹੜੇ ਕੰਮ ਕੀਤੇ ਜਾ ਰਹੇ ਹਨ, ਉਹ ਵੀ ਮੈਂ ਦੱਸਦਾ ਹਾਂ । ਧਰਮਸ਼ਾਲਾਂ ਵਾਸਤੇ ਇਕ ਕਰੋੜ ਰੁਪਿਆ ਰੱਖਿਆ ਹੈ, ਹਰੀਜਨਾਂ ਦੀਆਂ ਬਸਤੀਆਂ ਵਾਸਤੇ ਸਾਢੇ ਚਾਰ ਕਰੋੜ ਰੁਪਿਆ ਰੱਖਿਆ ਹੈ ਤਾਂ ਜੋ ਹਰੀਜਨ ਬਸਤੀਆਂ ਦੀ ਇੰਪਰੂਵਮੈਂਟ ਅਤੇ ਧਰਮਸ਼ਾਲਾਂ ਬਣਨ ਤੋਂ ਕਿਸੇ ਏਰੀਏ ਵਿਚ ਰਹਿ ਨਾ ਜਾਣ ਅਤੇ ਵੀਕਰ ਸੈਕਸ਼ਨ ਵਿਚ, ਲੋਕਾਂ ਵਿਚ ਜ਼ਿਆਦਾ ਕਾਨਫੀਡੈਂਸ ਕ੍ਰੀਏਟ ਕੀਤਾ ਜਾ ਸਕੇ । ਇਸ ਤਰ੍ਹਾਂ ਹੀ ਚੇਅਰਮੈਨ ਸਾਹਿਬ, ਬੈਕਵਰਡ ਕਲਾਸਿਜ਼

ਲਈ 1800 ਦੀ ਬਜਾਏ 6000 ਰੁਪਿਆ ਸਾਲਾਨਾ ਆਮਦਨੀ ਤੇ ਫੀਸ ਦੀ ਛੋਟ ਦਿੱਤੀ ਜਾਂਦੀ ਹੈ ਅਤੇ ਸ਼ੈਡਿਊਲਡ ਕਾਸਟਾਂ ਲਈ ਇਹ ਲਿਮਟ 3800 ਤੋਂ 6000 ਕਰ ਦਿੱਤੀ ਹੈ ।

ਫਿਰ ਹਾਊਸਿੰਗ ਡਿਵੈਲਪਮੈਂਟ ਬਾਰੇ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਜਿਹੜਾ ਵੀਕਰ ਸੈਕਸ਼ਨ ਹੈ ਪਿੰਡਾਂ ਵਿਚ, ਉਨ੍ਹਾਂ ਵਾਸਤੇ 1 ਕਰੋੜ ਰੁਪਿਆ, ਪਲਾਟ ਦੇਣ ਵਾਸਤੇ, ਜ਼ਮੀਨ ਐਕੁਆਇਰ ਕਰਨ ਲਈ ਰੱਖਿਆ ਹੈ । 1,80,000 ਲੋਕਾਂ ਨੂੰ ਪਲਾਟ ਦੇ ਵੀ ਦਿੱਤੇ ਗਏ ਹਨ ।

ਜਥੇਦਾਰ ਗੁਰਬਚਨ ਸਿੰਘ : ਚੇਅਰਮੈਨ ਸਾਹਿਬ, ਮਨਿਸਟਰ ਤਾਂ ਫਾਈਲਾਂ ਤੇ ਦਸਖ਼ਤ ਕਰੀ ਜਾਂਦੇ ਹਨ ਹਾਊਸ ਵਿਚ ਬੈਠੇ, ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ।

Mr. Chairman : Order please.

ਚੌਧਰੀ ਰਾਮ ਸਿੰਘ : ਫਿਰ ਅਰਬਨ ਅਸਟੇਟਸ ਬਣਾਉਣ ਵਾਸਤੇ $1\frac{1}{2}$ ਕਰੋੜ ਰੁਪਿਆ ਰੱਖਿਆ ਗਿਆ ਹੈ । ਸ਼ਹਿਰਾਂ ਵਿਚ ਵੱਧ ਰਹੀ ਆਬਾਦੀ ਦੇ ਮਸਲੇ ਨੂੰ ਹੱਲ ਕਰਨ ਵਾਸਤੇ ਹਾਊਸਿੰਗ ਸਕੀਮ ਬਣਾਈ ਗਈ ਹੈ । ਪ੍ਰਾਈਵੇਟ ਸੈਕਟਰ ਵਿਚ ਵੀ ਲੋਕ ਬਣਾ ਸਕਦੇ ਹਨ, ਸੁਸਾਇਟੀਆਂ ਬਣਾ ਸਕਦੇ ਹਨ । ਇਸ ਮੰਤਵ ਵਾਸਤੇ ਕੋਆਪਰੇਟਿਵ ਫੈਡਰੇਸ਼ਨ ਬਣਾਈ ਗਈ ਹੈ, ਜਿਹੜੀ ਕਿ ਜੋ ਇਹ ਡੇਢ ਕਰੋੜ ਰੁਪਏ ਦਾ ਸਰਮਾਇਆ ਹੈ, ਇਸ ਵਿਚ ਹੋਰ 18 ਕਰੋੜ ਰੁਪਿਆ ਸਰਮਾਇਆ ਲਗਾ ਕੇ ਹਰ ਸੁਸਾਇਟੀ ਨੂੰ ਕਰਜ਼ੇ ਦੇਵੇਗੀ, ਜਿਹੜਾ ਕਿ 20—30 ਸਾਲਾਂ ਵਿਚ ਵਾਪਸ ਕੀਤਾ ਜਾ ਸਕੇਗਾ ਅਤੇ ਇਸ ਤਰ੍ਹਾਂ ਨਾਲ ਜਿਹੜੀ ਹਾਊਸਿੰਗ ਦੀ ਪਰਾਬਲਮ ਹੈ ਇਹ ਹੱਲ ਹੋ ਜਾਵੇਗੀ ਅਤੇ ਲੋਕ ਠੀਕ ਤਰ੍ਹਾਂ ਦੇ ਮਕਾਨਾਂ ਵਿਚ ਰਹਿ ਸਕਣਗੇ । ਸਰਕਾਰ ਨੇ ਇਸ ਪਾਸੇ ਖਾਸ ਧਿਆਨ ਦਿੱਤਾ ਹੈ ।

ਸ਼ਹਿਰਾਂ ਵਿਚ ਕਾਫੀ ਦੇਰ ਤੋਂ ਤਰੱਕੀ ਨਹੀਂ ਹੋਈ ਸੀ । ਸ਼ਹਿਰਾਂ ਦੀ ਤਰੱਕੀ ਵਾਸਤੇ 10—11 ਪਾਵਰਫੁਲ ਬੋਰਡ ਬਣਾਏ ਗਏ ਹਨ, ਜਿਹੜੇ ਕਿ ਸਲੰਮਜ਼, ਵਾਟਰ ਸਪਲਾਈ ਅਤੇ ਹੋਰ ਚੀਜ਼ਾਂ ਵਿਚ ਸੁਧਾਰ ਲਿਆ ਸਕਣ । ਚੇਅਰਮੈਨ ਸਾਹਿਬ, ਮੈਂ ਅਰਜ਼ ਕਰਾਂਗਾ ਕਿ ਸ਼ਹਿਰਾਂ ਵਾਸਤੇ ਕਾਫੀ ਦੇਰ ਤੋਂ ਤਵੱਜੋ ਨਹੀਂ ਦਿੱਤੀ ਗਈ ਸੀ ਅਤੇ ਇਸ ਦਾ ਨਤੀਜਾ ਇਹ ਹੁੰਦਾ ਸੀ ਕਿ ਸਲੰਮਜ਼ ਬਣ ਜਾਂਦੇ ਸਨ, ਸੜਕਾਂ ਟੁੱਟ ਜਾਂਦੀਆਂ ਸਨ ਅਤੇ ਹੋਰ ਕਈ ਕਮੀਆਂ ਪੈਦਾ ਹੋ ਜਾਂਦੀਆਂ ਸਨ । ਇਸ ਕੰਮ ਵਾਸਤੇ ਸਰਕਾਰ ਨੇ ਪਿਛਲੇ ਸਾਲ ਢਾਈ ਕਰੋੜ ਰੁਪਿਆ ਰੱਖਿਆ ਸੀ ਅਤੇ ਇਸ ਸਾਲ ਵੀ ਢਾਈ ਕਰੋੜ ਰੁਪਿਆ ਰੱਖਿਆ ਹੈ । ਚੇਅਰਮੈਨ ਸਾਹਿਬ, ਮੈਂ ਸ਼ਰਮਾ ਜੀ ਨੂੰ ਇਹ ਸੁਝਾਓ ਦੇਵਾਂਗਾ ਕਿ ਕਿਉਂਕਿ 15—20 ਫੀ ਸਦੀ ਆਬਾਦੀ ਸ਼ਹਿਰਾਂ ਵਿੱਚ ਵੱਸਦੀ ਹੈ ਇਸ ਕਰਕੇ ਇਨ੍ਹਾਂ ਦੀ ਤਰੱਕੀ ਦੇ ਕੰਮਾਂ ਤੇ 20 ਫੀ

1.00 ਸਦੀ ਖ਼ਰਚ ਕੀਤਾ ਜਾਣਾ ਚਾਹੀਦਾ ਹੈ । ਸ਼ਹਿਰਾਂ ਵਿਚ ਵੀ ਸਲੰਮਜ਼ ਹਨ, ਹਰੀਜਨ ਬਸਤੀਆਂ ਹਨ ਬੈਕਵਰਡ ਲੋਕ ਰਹਿੰਦੇ ਹਨ । ਇਸ ਕਰਕੇ ਮੈਂ ਪ੍ਰਾਰਥਨਾ ਕਰਾਂਗਾ ਕਿ ਪੰਜਾਬ ਸਰਕਾਰ ਇਸ ਪਾਸੇ ਵੱਲ ਵੀ ਖ਼ਾਸ ਧਿਆਨ ਦੇਵੇ ।

ਸ੍ਰੀ ਸਭਾਪਤੀ : ਚੌਧਰੀ ਸਾਹਿਬ ਕਿੰਨਾਂ ਟਾਇਮ ਲਵੋਗੇ (Chaudhri Sahib, how much more time will you take?)

ਚੌਧਰੀ ਰਾਮ ਸਿੰਘ : 15—20 ਮਿੰਟ ਹੋਰ ਲਵਾਂਗਾ ਜੀ ।

ਸ੍ਰੀ ਸਭਾਪਤੀ : 12 ਮਿੰਟ ਹੋ ਗਏ ਹਨ 5 ਮਿੰਟ ਹੋਰ ਬੋਲ ਲਵੋ ਜੀ । (You have already spoken for twelve minutes. Please wind up within five minutes)

ਵਿੱਤ ਮੰਤਰੀ (ਸ੍ਰੀ ਹੰਸ ਰਾਜ ਸ਼ਰਮਾ) : ਇਨ੍ਹਾਂ ਨੂੰ ਬੋਲ ਲੈਣ ਦੇਵੋ ਜੀ ।

ਚੌਧਰੀ ਰਾਮ ਸਿੰਘ : ਜਿਥੋਂ ਤੱਕ ਮੈਡੀਕਲ ਏਡ ਦਾ ਤੁਅੱਲਕ ਹੈ, ਇਹ ਜਿਹੜੇ ਮੈਡੀਕਲ ਮੰਥਨ ਸ਼ੁਰੂ ਕੀਤੇ ਗਏ. ਇਹ ਸਾਰੇ ਹਿੰਦੁਸਤਾਨ ਵਿਚ ਪੰਜਾਬ ਪਹਿਲਾ ਸੂਬਾ ਹੈ ਜਿੱਥੇ ਕਿ ਇਹ ਕਦਮ ਚੁਕਿਆ ਗਿਆ ਹੈ । 3 ਲੱਖ ਆਦਮੀਆਂ ਦਾ ਮੈਡੀਕਲ-ਚੈਕ-ਅੱਪ ਕੀਤਾ ਗਿਆ ਅਤੇ 7000 ਆਦਮੀਆਂ ਨੂੰ ਮੈਡੀਕਲ ਏਡ ਦਿੱਤੀ ਗਈ । ਇਹ ਬਹੁਤ ਸ਼ਲਾਘਾਯੋਗ ਕਦਮ ਹੈ ਸਰਕਾਰ ਦਾ ।

ਹੁਣ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਲੋਕ ਮਿਲਾਵਟ ਕਰਦੇ ਹਨ, ਉਨ੍ਹਾਂ ਨਾਲ ਸਰਕਾਰ ਨੂੰ ਸਖ਼ਤੀ ਦੇ ਨਾਲ ਨਿਪਟਣਾ ਚਾਹੀਦਾ ਹੈ । ਇਸ ਬਾਰੇ ਮੈਂ ਕਹਾਂਗਾ ਕਿ ਇਕ ਐਸਾ ਲਾਅ ਬਣਾਇਆ ਜਾਵੇ ਕਿ ਘੱਟ ਤੋਂ ਘੱਟ ਮਿਲਾਵਟ ਕਰਨ ਵਾਲੇ ਨੂੰ 7 ਸਾਲ ਦੀ ਸਜ਼ਾ ਦਿੱਤੀ ਜਾਵੇ । ਪੰਜਾਬ ਸਰਕਾਰ ਨੂੰ ਇਸ ਪਾਸੇ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਜਿਹੜੇ ਦੁਕਾਨਦਾਰ ਮਿਲਾਵਟ ਵਗੈਰਾ ਕਰਦੇ ਹਨ ਅਤੇ ਲੋਕਾਂ ਦੀ ਸਿਹਤ ਵਿਗਾੜਦੇ ਹਨ, ਨੁਕਸਾਨ ਕਰਦੇ ਹਨ, ਉਨ੍ਹਾਂ ਨੂੰ ਠੀਕ ਕੀਤਾ ਜਾ ਸਕੇ ।

ਇਸ ਦੇ ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜਿਹੜੇ ਦਵਾਈਆਂ ਵੇਚਣ ਵਾਲੇ ਦੁਕਾਨਦਾਰ ਦਵਾਈਆਂ ਵਿਚ ਮਿਲਾਵਟ ਕਰਦੇ ਹਨ ਅਤੇ ਗਲਤ ਦਵਾਈਆਂ ਵੇਚਦੇ ਹਨ. ਉਨ੍ਹਾਂ ਵਾਸਤੇ ਉਨ੍ਹਾਂ ਤੇ ਰੋਕ ਲਗਾਉਣ ਵਾਸਤੇ. ਜਿਹੜੇ ਸਰਕਾਰ ਨੇ ਕਦਮ ਚੁੱਕੇ ਹਨ. ਉਹ ਸ਼ਲਾਘਾਯੋਗ ਹਨ । ਇਥੇ ਮੈਂ ਇਹ ਵੀ ਕਹਾਂਗਾ ਕਿ ਜਿਹੜਾ ਦੁਕਾਨਦਾਰ ਕੋਈ ਗਲਤ ਦਵਾਈਆਂ ਵੇਚਦਾ ਫੜਿਆ ਜਾਵੇ, ਉਸ ਦਾ ਲਾਈਸੈਂਸ ਕੈਂਸਲ ਕਰ ਦਿੱਤਾ ਜਾਵੇ ਅਤੇ ਉਸ ਨੂੰ ਮੁੜ ਕੇ ਦਵਾਈਆਂ ਵੇਚਣ ਦੀ ਇਜਾਜ਼ਤ ਨਾ ਦਿੱਤੀ ਜਾਵੇ, ਇਹ ਕਾਰੋਬਾਰ ਕਰਨ ਦੀ ਮਨਾਹੀ ਕੀਤੀ ਜਾਵੇ । ਕਿਉਂਕਿ ਜਿਹੜੀਆਂ ਇਹ ਨਸ਼ੀਲੀਆਂ ਦਵਾਈਆਂ ਹੁੰਦੀਆਂ ਹਨ. ਇਹ ਬਹੁਤ ਬੁਰੀਆਂ ਹੁੰਦੀਆਂ ਹਨ । ਆਦਮੀ ਇਨ੍ਹਾਂ ਚੀਜ਼ਾਂ ਦਾ ਇਸਤੇਮਾਲ ਕਰਕੇ ਮਸਤ ਹੋ ਜਾਂਦਾ ਹੈ ਅਤੇ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰ ਸਕਦਾ । ਇਸ ਲਈ ਮੈਂ ਇਹ ਵੀ ਕਹਾਂਗਾ ਕਿ ਇਨ੍ਹਾਂ ਦਵਾਈਆਂ ਨੂੰ ਇਥੇ ਮਮਨੂਹ ਕਰਾਰ ਦਿੱਤਾ ਜਾਵੇ ।

ਇਕ ਹੋਰ ਅਰਜ ਮੈਂ ਕਰਨੀ ਚਾਹੁੰਦਾ ਹਾਂ । ਥੇਂਈਂ ਡੈਮ ਦੇ ਬਾਰੇ ਬਹੁਤ ਝਗੜਾ ਚੱਲਿਆ ਹੈ । ਹੁਣ ਪੰਜਾਬ ਸਰਕਾਰ ਨੇ ਅਗਲੇ ਸਾਲ ਇਸ ਕੰਮ ਵਾਸਤੇ 5 ਕਰੋੜ ਰੁਪਿਆ ਰੱਖਿਆ ਹੈ ਅਤੇ ਥੇਂਈਂ ਡੈਮ ਨੂੰ ਚਾਲੂ ਕਰ ਰਹੀ ਹੈ। ਪੰਜਾਬ ਵਿਚ ਬਿਜਲੀ ਦੀ ਘਾਟ ਹੈ । ਚੇਅਰਮੈਨ ਸਾਹਿਬ, ਮੈਂ ਤਾਂ ਇਹ ਕਹਾਂਗਾ ਕਿ ਇਹ ਤਾਂ ਸਾਡੀ ਪਰਾਸਪੈਰਿਟੀ ਹੈ ਕਿਉਂਕਿ ਸਾਡੀ ਕਨਜ਼ਮਪਸ਼ਨ ਬਹੁਤ ਹੈ ਅਤੇ ਸਾਨੂੰ ਹੋਰ ਬਿਜਲੀ ਚਾਹੀਦੀ ਹੈ ਕਿਉਂਕਿ ਜ਼ਿਆਦਾ ਕਾਰਖਾਨੇ ਖੁਲ੍ਹ ਰਹੇ ਹਨ, ਟਿਊਬਵੈਲ ਲਗਾਏ ਜਾ ਰਹੇ ਹਨ ਡੁਮੈਸਟਿਕ ਕਨਜ਼ਮਪਸ਼ਨ ਵੀ ਵੱਧ ਰਹੀ ਹੈ । ਸਾਡੇ ਇਥੇ ਇੰਨੀ ਪਰਾਸਪੈਰਿਟੀ ਆ ਰਹੀ ਹੈ ਕਿ ਸਾਨੂੰ ਹੋਰ ਬਿਜਲੀ ਚਾਹੀਦੀ ਹੈ ਤਾਂ ਜੋ ਸਾਡੀਆਂ ਲੋੜਾਂ ਪੂਰੀਆਂ ਹੋ ਸਕਣ । ਇਸ ਕਰਕੇ ਸਰਕਾਰ ਨੇ ਥੈਂਈਂ ਡੈਮ ਵੱਲ ਧਿਆਨ ਦੇ ਕੇ ਇਕ ਸਲਾਘਾਯੋਗ ਕਦਮ ਚੁਕਿਆ ਹੈ । ਪਰ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਪ੍ਰਾਜੈਕਟ ਨੂੰ ਵਾਰ ਫੁਟਿੰਗ ਤੇ ਸ਼ੁਰੂ ਕੀਤਾ ਜਾਣਾ ਚਾਹੀਦਾ ਹੈ ਅਤੇ ਸਰਕਾਰ ਨੂੰ ਇਹ ਚਾਹੀਦਾ ਹੈ ਕਿ ਆਪਣੇ ਇੰਜਨੀਅਰਾਂ ਵਾਸਤੇ ਟੈਂਪਰੇਰੀ ਹਟਮੈਂਟਸ ਬਣਾ ਦੇਣੀਆਂ ਚਾਹੀਦੀਆਂ ਹਨ, ਤਾਂ ਜੋ ਜਿੰਨਾਂ ਚਿਰ ਮਕਾਨ ਵਗੈਰਾ ਨਹੀਂ ਬਣਦੇ. ਇਹ ਕੰਮ ਸ਼ੁਰੂ ਕੀਤਾ ਜਾ ਸਕੇ ਅਤੇ ਇਸ ਪ੍ਰਾਜੈਕਟ ਨੂੰ ਛੇਤੀ ਮੁਕੰਮਲ ਕੀਤਾ ਜਾ ਸਕੇ । ਇਸ ਦੇ ਨਾਲ ਹੀ ਮੈਂ ਇਹ ਵੀ ਅਰਜ ਕਰਨਾ ਚਾਹੁੰਦਾ ਹਾਂ ਕਿ ਜਿਹੜੀ ਥੇਂਈਂ ਡੈਮ ਪ੍ਰਾਜੈਕਟ ਟੇਕ-ਅਪ ਕੀਤੀ ਹੈ. ਇਸ ਦੇ ਨਾਲ ਜਿਹੜੀ ਪਾਣੀ ਤੋਂ ਬਿਜਲੀ ਬਣਦੀ ਹੈ। ਉਹ ਸਸਤੀ ਹੁੰਦੀ ਹੈ ਅਤੇ 3, 4 ਜਾਂ 5 ਪੈਸੇ ਪਰ ਯੂਨਿਟ ਪਵੇਗੀ ਅਤੇ ਲਾਜ਼ਮੀ ਤੌਰ ਤੇ ਉਹ ਵੀ 45 ਮੈਗਾਵਾਟ ਬਿਜਲੀ ਬਣੇਗੀ । ਇਸ ਕਰਕੇ ਸਾਨੂੰ ਹੋਰ ਪ੍ਰਾਜੈਕਟ ਵੀ ਬਣਾਉਣੇ ਚਾਹੀਦੇ ਹਨ. ਜਿਸ ਤਰਾਂ ਥਰਮਲ ਪਲਾਂਟ ਹੋਵੇ, ਆਟੋਮਿਕ ਐਨਰਜੀ ਪਲਾਂਟ ਹੋਵੇ । ਕਿਉਂਕਿ ਪੰਜਾਬ ਵਿਚ

ਬਿਜਲੀ ਦੀ ਘਾਟ ਰਹਿਣੀ ਹੈ ਕਿਉਂਕਿ ਸਾਡਾ ਤਰੱਕੀ ਕਰਨ ਵਾਲਾ ਸੂਬਾ ਹੈ. ਇਸ ਕਰਕੇ ਬਿਜਲੀ ਦੀ ਘਾਟ ਨੂੰ ਪੂਰਾ ਕਰਨਾ ਹੈ ਤਾਂ ਹੋਰ ਵੀ ਪ੍ਰਬੰਧ ਕਰਨੇ ਚਾਹੀਦੇ ਹਨ ।

ਇਕ ਹੋਰ ਅਰਜ਼ ਮੈਂ ਕਰਨੀ ਚਾਹੁੰਦਾ ਹਾਂ ਕਿ ਜਿਹੜਾ ਥੇਂਈਂ ਡੈਮ ਬਣ ਰਿਹਾ ਹੈ, ਉਥੇ ਗਰੀਬ ਲੋਕ ਰਹਿੰਦੇ ਹਨ ਅਤੇ ਉਨ੍ਹਾਂ ਨੇ ਇਹ ਕਿਹਾ ਹੈ ਕਿ ਸਾਨੂੰ ਕੋਈ ਇਤਰਾਜ਼ ਨਹੀਂ ਜੇ ਉਨ੍ਹਾਂ ਦੀ ਜ਼ਮੀਨ ਐਕੁਆਇਰ ਕੀਤੀ ਜਾਵੇ । ਇਸ ਕਰਕੇ ਮੇਰੀ ਅਰਜ਼ ਇਹ ਹੈ ਕਿ ਜਿਸ ਤਰ੍ਹਾਂ ਪੌਂਗ ਡੈਮ ਦੇ ਆਊਸਟੀਜ਼ ਨੂੰ ਮੁਆਵਜ਼ਾ ਦਿੱਤਾ ਗਿਆ ਹੈ, ਉਸੇ ਤਰ੍ਹਾਂ ਇਨ੍ਹਾਂ ਗਰੀਬ ਲੋਕਾਂ ਨੂੰ ਵੀ ਮੁਆਵਜ਼ਾ ਮਿਲਣਾ ਚਾਹੀਦਾ ਹੈ ।

ਚੇਅਰਮੈਨ ਸਾਹਿਬ, ਇਕ ਹੋਰ ਗੱਲ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਵਿਚ ਪਹਿਲੀ ਦਫ਼ਾ ਸਬ-ਮਾਊਂਟੇਨੀਅਸ ਕੌਂਸਲ ਬਣਾਈ ਗਈ, ਬੇਟ ਏਰੀਆ ਕੌਂਸਲ ਬਣਾਈ ਗਈ ਅਤੇ ਬਾਰਡਰ ਏਰੀਆ ਕੌਂਸਲ ਬਣਾਈ ਗਈ। ਇਸ ਬਾਰੇ ਗੱਲ ਇਹ ਹੈ ਕਿ ਪੰਜਾਬ ਸਰਕਾਰ ਨੇ ਇਕ ਸਬ-ਪਲੈਨ ਵੀ ਬਣਵਾ ਦਿੱਤੀ ਹੈ । ਬੇਟ ਏਰੀਆ ਨੂੰ ਜ਼ਿਆਦਾ ਰੁਪਿਆ ਮਿਲੇਗਾ ਕਿਉਂਕਿ ਪਹਾੜੀ ਏਰੀਆ ਅਤੇ ਬਾਰਡਰ ਏਰੀਆ ਨੂੰ ਤਾਂ ਪਹਿਲਾਂ ਹੀ ਮਿਲ ਰਿਹਾ ਹੈ । ਇਹ ਸਰਕਾਰ ਤਰੱਕੀ ਵੱਲ ਜਾ ਰਹੀ ਹੈ ਜਿਸ ਨੇ ਕਿ ਇਹ ਕੌਂਸਲਾਂ ਬਣਾਈਆਂ ਹਨ । ਅਜੇ ਤੱਕ ਕਿਸੇ ਸਰਕਾਰ ਤੇ ਸਬ-ਮਾਊਂਟੇਨੀਅਸ ਏਰੀਏ ਦੀ ਕੌਂਸਲ ਨਹੀਂ ਬਣਾਈ, ਪਰ ਬਾਰਡਰ ਦੇ ਏਰੀਆਜ਼ ਵਿਚ ਲੈਂਡ ਦਿੱਤੀ ਗਈ ਹੈ. ਅਸੀਂ ਵੀ ਇਸ ਬਾਰੇ ਮੂਵ ਕੀਤਾ ਹੋਇਆ ਹੈ ਉਮੀਦ ਹੈ ਕਿ ਸਰਕਾਰ ਇਸ ਪਾਸੇ ਜ਼ਰੂਰ ਧਿਆਨ ਦੇਵੇਗੀ ।

ਫਿਰ ਪੰਜਾਬ ਸਰਕਾਰ ਨੇ ਇਤਨੀ ਹਰ ਖੇਤਰ ਵਿਚ ਤਰੱਕੀ ਕੀਤੀ ਹੈ ਪਰ ਕੋਈ ਟੈਕਸ ਨਹੀਂ ਲਾਇਆ । ਅਸੀਂ ਚਾਹੁੰਦੇ ਹਾਂ ਕਿ ਟਰਾਂਸਪੋਰਟ ਵਿਚ ਵੀ ਵੱਧ ਤੋਂ ਵੱਧ ਤਰੱਕੀ ਹੋਵੇ । ਪੰਜਾਬ ਸਰਕਾਰ ਨੇ 2 ਕਰੋੜ ਰੁਪਿਆ ਨਵੀਆਂ ਬੱਸਾਂ ਲਿਆਉਣ ਵਾਸਤੇ ਐਤਕੀਂ ਤਜਵੀਜ਼ ਕੀਤਾ ਹੈ। ਇਸ ਦੇ ਨਾਲ ਅਸੀਂ ਉਮੀਦ ਕਰਦੇ ਹਾਂ ਕਿ ਇਸ ਖੇਤਰ ਵਿਚ ਕਾਫ਼ੀ ਸੁਧਾਰ ਹੋ ਜਾਵੇਗਾ । ਇਕ ਗੱਲ ਮੈਂ ਹੋਰ ਇਹ ਵੀ ਕਹਿ ਦੇਣਾ ਚਾਹੁੰਦਾ ਹਾਂ ਕਿ ਜਿਸ ਤਰ੍ਹਾਂ ਦੀਆਂ ਗੱਲਾਂ ਟਰਾਂਸਪੋਰਟ ਮਨਿਸਟਰ ਦੇ ਮਾਈਂਡ ਵਿਚ ਹਨ ਜੇ ਪੰਜਾਬ ਸਰਕਾਰ ਉਨ੍ਹਾਂ ਵੱਲ ਧਿਆਨ ਦੇਵੇ ਤਾਂ ਹੋਰ ਵੀ ਇਸ ਮਹਿਕਮੇ ਦੀ ਤਰੱਕੀ ਹੋ ਸਕਦੀ ਹੈ । ਇਕ ਹੋਰ ਵਾਧੇ ਦੀ ਗੱਲ ਇਹ ਹੋਈ ਰੋਡਵੇਜ਼ ਦੇ ਐਮਪਲਾਈਜ਼ ਅਤੇ ਪੰਜਾਬ ਸਰਕਾਰ ਦੇ ਐਮਪਲਾਈਜ਼ ਨੇ ਜਿਹੜੀ ਇਸ ਦਫ਼ਾ ਹੜਤਾਲ ਨਹੀਂ ਕੀਤੀ, ਉਸ ਨਾਲ ਸਰਕਾਰ ਅਤੇ ਐਂਪਲਾਈਜ਼ ਵਿਚ ਕਾਫੀ ਕਾਨਫੀਡੈਂਸ ਕਰੀਏਟ ਹੋਇਆ ਹੈ । ਇਸ ਮਹਿਕਮੇ ਦਾ ਸਰਵੇਖਣ ਕਰਦਿਆਂ ਇਕ ਰਿਪੋਰਟ ਪੰਜਾਬ ਸਰਕਾਰ ਨੂੰ 7—8 ਮਹੀਨੇ ਹੋਏ ਦਿੱਤੀ ਵੀ ਜਾ ਚੁੱਕੀ ਹੈ। ਅਗਰ ਉਸ ਕਮੇਟੀ ਦੀਆਂ ਸਿਫਾਰਸ਼ਾਂ ਤੇ ਇਹ ਸਰਕਾਰ ਅਮਲ ਕਰ ਲਵੇ ਤਾਂ ਇਸ ਨਾਲ ਹੋਰ ਬਹੁਤ ਸੁਧਾਰ ਹੋ ਸਕਦਾ ਹੈ ।

ਇਥੇ ਕਾਰਪੋਰੇਸ਼ਨਜ਼ ਬਾਰੇ ਵੀ ਇੱਕ ਗੱਲ ਚੱਲੀ ਸੀ। ਇਸ ਬਾਰੇ ਮੈਂ ਕਹਾਂਗਾ ਕਿ ਸਰਕਾਰ ਨੂੰ ਆਪਣੀ ਪਾਲਿਸੀ ਅਨੁਸਾਰ ਸੁਧਾਰ ਕਰਨਾ ਚਾਹੀਦਾ ਹੈ । ਸਰਕਾਰ ਨੇ ਬਜਟ ਵਿਚ 20 ਕਰੋੜ ਰੁਪਿਆ ਮੁਲਾਜ਼ਮਾਂ ਨੂੰ ਦਿੱਤਾ ਹੈ ਅਤੇ ਉਨ੍ਹਾਂ ਨੇ ਪ੍ਰਗਤੀਸ਼ੀਲ ਕੰਮ ਕਰਨ ਵਾਲਿਆਂ ਨੂੰ ਟੈਕਸਾਂ ਤੋਂ ਛੋਟ ਦਿੱਤੀ ਹੈ। ਗਿਆਨੀ ਜੀ ਨੇ ਇਸ ਤਰ੍ਹਾਂ ਪਾਲਿਸੀਆਂ ਧਾਰਨ ਕਰਕੇ ਲੋਕਾਂ ਵਿਚ ਕਾਨਫੀਡੈਂਸ ਪੈਦਾ ਕੀਤਾ ਹੈ । ਹੁਣ ਸਰਕਾਰ ਨੂੰ ਬਹੁਤਾ ਧਿਆਨ ਸਰਕਾਰ ਦੀ ਰੋਜ਼ਮਰਾ ਦੀਆਂ ਜ਼ਰੂਰੀਆਤ ਵੱਲ ਦੇਣਾ ਚਾਹੀਦਾ ਹੈ । ਕਈ ਵਾਰ ਹੁੰਦਾ ਇਹ ਹੈ ਕਿ ਕਾਰਖਾਨੇ ਬੰਦ ਪਏ ਰਹਿੰਦੇ ਹਨ ਅਤੇ ਗਰੀਬ ਆਦਮੀਆਂ ਦੀ ਛਾਂਟੀ ਹੋ ਜਾਂਦੀ ਹੈ । ਇਸ ਤਰ੍ਹਾਂ ਸਰਮਾਇਆਦਾਰਾਂ ਨੂੰ ਤਾਂ ਕੋਈ ਘਾਟਾ ਨਹੀਂ ਹੁੰਦਾ ਪਰ ਨੁਕਸਾਨ ਗਰੀਬ ਆਦਮੀਆਂ ਦਾ ਹੁੰਦਾ ਹੈ ਸਰਕਾਰ ਨੂੰ ਇਸ ਪਾਸੇ ਵੀ ਖ਼ਿਆਲ ਕਰਨਾ ਚਾਹੀਦਾ ਹੈ । ਸਰਕਾਰ ਨੂੰ

[ਚੌਧਰੀ ਰਾਮ ਸਿੰਘ [

ਮਹਿੰਗਾਈ ਦੂਰ ਕਰਨ ਦੇ ਯਤਨ ਕਰਨੇ ਚਾਹੀਦੇ ਹਨ । ਮੁਲਕ ਵਿਚ ਬਹੁਤ ਸਾਰੇ ਥਾਵਾਂ ਤੇ ਸਟੂਡੈਂਟਸ ਨਾਲ ਮਿਲ ਕੇ ਗੜਬੜਾਂ ਕਰਾਈਆਂ ਜਾਂਦੀਆਂ ਹਨ, ਪਰ ਮੈਨੂੰ ਇਹ ਕਹਿਣ ਵਿਚ ਖੁਸ਼ੀ ਹੁੰਦੀ ਹੈ ਕਿ ਪੰਜਾਬ ਦੇ ਸਟੂਡੈਂਟਸ ਪੁਰ ਅਮਨ ਰਹਿਣਾ ਚਾਹੁੰਦੇ ਹਨ, ਇਹੋ ਵਜ੍ਹਾ ਹੈ ਕਿ ਸਾਡੀ ਸਟੇਟ ਹੋਰਾਂ ਨਾਲੋਂ ਤਰੱਕੀ ਕਰ ਰਹੀ ਹੈ । ਇਹੀ ਵਜ੍ਹਾ ਹੈ ਕਿ ਪੰਜਾਬ ਵਿਚ ਪੀਸ ਹੈ । ਪੰਜਾਬ ਸਰਕਾਰ ਨੇ 575 ਰੁਪਏ ਤੱਕ ਆਮਦਨੀ ਵਾਲੇ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਦੇਣ ਲਈ ਸਸਤੇ ਰੇਟ ਤੇ ਅੰਮ੍ਰਿਤਸਰ ਵਿਚ ਕੋਆਪ੍ਰੇਟਿਵ ਸਟੋਰ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ । ਮੈਂ ਇਸ ਗੱਲ ਦੀ ਸਰਕਾਰ ਦੀ ਸ਼ਲਾਘਾ ਕਰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਉਹ ਹੋਰ ਥਾਵਾਂ ਵਿਚ, ਜਿਵੇਂ ਅੰਮ੍ਰਿਤਸਰ ਦੇ 70 ਹਜ਼ਾਰ ਲੋਕਾਂ ਨੂੰ ਫ਼ਾਇਦਾ ਪਹੁੰਚਾਇਆ ਹੈ, ਇਸੇ ਤਰ੍ਹਾਂ ਦੇ ਸਟੋਰ ਖੋਲ੍ਹਣਗੇ । ਸਰਕਾਰ ਇਸ ਗੱਲ ਦੀ ਵੀ ਵਧਾਈ ਦੀ ਪਾਤਰ ਹੈ ਕਿ ਉਨ੍ਹਾਂ ਨੇ ਕਿਸਾਨ ਦੀ ਕਣਕ ਵਿਚ ਜਾਣ ਤੋਂ ਦੋ ਚਾਰ ਮਹੀਨੇ ਤੋਂ ਬਾਅਦ ਵੀ ਸਾਢੇ ਚਾਰ ਕਰੋੜ ਰੁਪਿਆ ਕਿਸਾਨਾਂ ਨੂੰ ਦਵਾਇਆ ਹੈ । ਪੰਜਾਬ ਦਾ ਕਿਸਾਨ ਉਤਸਾਹਤ ਹੋ ਕੇ ਹੋਰ ਵੀ ਜ਼ਿਆਦਾ ਪ੍ਰੋਡਿਊਸ ਕਰੇਗਾ । ਇਸ ਤਰ੍ਹਾਂ ਜਿਹੜੇ ਕਨਜ਼ਿਊਮਰ ਹਨ ਉਨ੍ਹਾਂ ਵਿਚ ਵੀ ਕਾਨਫੀਡੈਂਸ ਕਰੀਏਟ ਹੋ ਗਿਆ ਹੈ ਇਸ ਤਰ੍ਹਾਂ ਉਹ ਵੀ ਪੀਸਫੁਲ ਰਹਿਣਗੇ ।

(Mr. Speaker in the Chair.)

ਇਕ ਗੱਲ ਹੋਰ ਜਿਹੜੀ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਉਹ ਇਹ ਕਿ ਪੰਜਾਬ ਸਰਕਾਰ ਨੇ ਹਰ ਮੁਲਾਜ਼ਮ ਦਾ ਖ਼ਿਆਲ ਰੱਖਿਆ ਹੈ ਇਥੋਂ ਤੱਕ ਕਿ ਪੁਲਿਸ ਦੇ ਕਰਮਚਾਰੀਆਂ ਦਾ ਵੀ ਖ਼ਿਆਲ ਰੱਖਿਆ ਹੈ । ਇਸ ਸਾਲ ਉਨ੍ਹਾਂ ਦੀ ਰਿਹਾਇਸ਼ ਵਾਸਤੇ ਮਕਾਨ ਬਣਾਉਣ ਵਾਸਤੇ ਇਸ ਮੱਦ ਵਿਚ 90 ਲੱਖ ਰੁਪਿਆ ਰੱਖਿਆ ਗਿਆ ਹੈ । ਇਹੋ ਉਹ ਲੋਕ ਹਨ ਜੋ ਸਟੇਟ ਵਿਚ ਲਾਅ ਐਂਡ ਆਰਡਰ ਕਾਇਮ ਕਰਨ ਵਾਸਤੇ ਦੂਰ ਦੂਰ ਤੋਂ ਆਉਂਦੇ ਹਨ । ਜੇ ਇਨ੍ਹਾਂ ਨੂੰ ਪੂਰਾ ਆਰਾਮ ਨਾ ਮਿਲੇ ਇਹ ਕਿਸ ਤਰ੍ਹਾਂ ਆਪਣੀ ਡਿਊਟੀ ਦੇ ਸਕਦੇ ਹਨ । ਮੇਰੀ ਇਹ ਅਰਜ਼ ਹੈ ਕਿ ਇਸੇ ਤਰ੍ਹਾਂ ਹੀ ਜ਼ਿਲ੍ਹਾ ਹੈਡਕੁਆਰਟਰਜ਼ ਵਿਚ ਵੀ ਬਿਲਡਿੰਗਾਂ ਬਣਾਈਆਂ ਜਾਣ । ਇਸ ਦੇ ਨਾਲ ਹੀ ਮੈਂ ਇਹ ਵੀ ਕਹਾਂਗਾ ਕਿ ਲੋਕਾਂ ਦੇ ਫ਼ਾਇਦੇ ਲਈ ਹਰ ਸਬ-ਡਵੀਜ਼ਨ ਵਿਚ ਮਿਨੀ ਸੈਕਰੀਟੇਰੀਏਟ ਵੀ ਬਣਾਏ ਜਾਣ ਤਾਂ ਹੀ ਲੋਕਾਂ ਦਾ ਫ਼ਾਇਦਾ ਹੋ ਸਕਦਾ ਹੈ । ਇਤਨਾ ਕਹਿੰਦਾ ਹੋਇਆ ਮੈਂ ਸ਼ਰਮਾ ਜੀ ਨੂੰ ਗਿਆਨੀ ਜੀ ਨੂੰ ਵਧਾਈ ਦੇਂਦਾ ਹਾਂ ਜਿਨ੍ਹਾਂ ਨੇ ਇਸ ਤਰ੍ਹਾਂ ਦਾ ਸੋਚ ਵਿਚਾਰ ਕੇ ਜਨਤਾ ਦੀ ਸੇਵਾ ਕਰਦੇ ਹੋਏ ਬਿਨਾ ਟੈਕਸ ਲਗਾਏ ਇਹ ਬਜਟ ਪੰਜਾਬ ਨੂੰ ਹਿੱਤ ਵਾਸਤੇ ਇਥੇ ਪੇਸ਼ ਕੀਤਾ ਹੈ ।

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ) : ਸਪੀਕਰ ਸਾਹਿਬ, ਜਿਹੜਾ ਬਜਟ ਸਾਡੇ ਕਾਬਲ ਫਾਈਨਾਂਸ ਮਿਨਿਸਟਰ ਸਾਹਿਬ ਨੇ ਪੇਸ਼ ਕੀਤਾ ਹੈ । ਮੈਂ ਇਸ ਨੂੰ ਸਪੋਰਟ ਕਰਦਾ ਹਾਂ ਪੰਜਾਬ ਇਕ ਐਸਾ ਸੂਬਾ ਹੈ ਜਿਸ ਵਿਚ ਰਹਿਣ ਵਾਲੇ ਪੰਜਾਬੀਆਂ ਨੂੰ ਬੜਾ ਫ਼ਖਰ ਹਾਸਲ ਹੈ । ਜੇ ਬਾਹਰ ਜਾਕੇ ਵੇਖੀਏ ਤਾਂ ਪਤਾ ਲਗਦਾ ਹੈ ਕਿ ਪੰਜਾਬ ਨੇ ਕਿਤਨੀ ਤਰੱਕੀ ਕੀਤੀ ਹੈ । ਇਥੇ ਬਿਜਲੀ, ਇਥੇ ਅਨਾਜ, ਇਥੇ ਹੋਰ ਵੀ ਹਰ ਤਰ੍ਹਾਂ ਦੀਆਂ ਸਹੂਲਤਾਂ ਦੂਸਰੀਆਂ ਸਟੇਟਾਂ ਦੀ ਨਿਸਬਤ ਜ਼ਿਆਦਾ ਹਨ । ਇਨ੍ਹਾਂ ਨੇ ਇਤਨੀ ਜਲਦੀ ਇਹ ਤਰੱਕੀ ਕੀਤੀ ਹੈ ਜਿਸ ਦਾ ਕਿ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ । ਜਦੋਂ ਪੰਜਾਬ ਦੀ ਤਕਸੀਮ ਹੋਈ ਸੀ, ਉਸ ਵੇਲੇ ਪੰਜਾਬ ਦੀ ਜ਼ਮੀਨ ਇਤਨੀ ਚੰਗੀ ਨਹੀਂ ਸੀ । ਪਰ ਜਿਹੜੇ ਲੋਕ ਆਬਾਦ ਹੋਏ ਉਨ੍ਹਾਂ ਨੇ ਆਪਣੀ ਹਿੰਮਤ ਨਾਲ ਇਸ ਸੂਬੇ ਨੂੰ ਪ੍ਰਗਤੀ ਸ਼ੀਲ ਬਣਾਇਆ ਹੈ । ਅੱਜ ਕਿਸਾਨ ਦੀ ਮਿਹਨਤ ਦਾ ਨਤੀਜਾ ਹੈ ਕਿ ਅਸੀਂ ਰੱਜ ਕੇ ਰੋਟੀ ਖਾਂਦੇ ਹਾਂ ਆਪ ਵੀ ਖਾਂਦੇ ਹਾਂ ਅਤੇ ਦੂਸਰੀਆ ਰਿਆਸਤਾਂ ਨੂੰ ਵੀ ਖਵਾਂਦੇ ਹਾਂ । ਹਿੰਦੁਸਤਾਨ ਦੀ ਜੇ ਪ੍ਰੋਡਕਸ਼ਨ ਵਧੇ ਤਾਂ ਸੱਭ ਦਾ ਭਲਾ ਹੈ । ਅਸੀਂ ਪ੍ਰੋਡਕਸ਼ਨ ਵਧਾਉਣ ਵਿਚ ਸਭ ਤੋਂ ਵੱਧ ਹਿੱਸਾ ਪਾਇਆ ਹੈ । ਅੱਜ ਪੰਜਾਬ ਦੇ ਜ਼ਿਮੀਦਾਰ ਨੇ 76 ਰੁਪਏ ਦੇ ਭਾਅ ਕਣਕ ਪੈਦਾ ਕਰਕੇ ਦਿੱਤੀ ਜਦੋਂ ਕਿ

ਅਸੀਂ ਅਮਰੀਕਾ ਤੋਂ ਮੰਗਵਾਈ ਸੀ ਉਹ 120 ਕੁਇੰਟਲ ਮੰਗਵਾਈ। ਅਸੀਂ ਦੇਸ਼ ਦੀ ਬਹੁਤ ਘਾਟ ਪੂਰੀ ਕੀਤੀ ਹੈ। ਕਿਸਾਨ ਨੂੰ ਅਨਾਜ ਪੈਦਾ ਕਰਨ ਵਿਚ ਕਾਫ਼ੀ ਤਕਲੀਫ਼ਾਂ ਪੈਦਾ ਹੋ ਰਹੀਆਂ ਹਨ ਪਰ ਇਨ੍ਹਾਂ ਤਕਲੀਫ਼ਾਂ ਦੇ ਬਾਵਜੂਦ ਵੀ ਅਸੀਂ ਆਪਣੀ ਪੈਦਾਵਾਰ ਵਧਾਈ ਹੈ। ਅਸੀਂ ਹੋਰ ਵੀ ਇਹ ਪੈਦਾਵਾਰ ਵਧਾ ਸਕਦੇ ਹਾਂ ਜੇਕਰ ਸਾਨੂੰ ਪੂਰੀਆਂ ਸਹੂਲਤਾਂ ਮਿਲਣ। ਅਨਾਜ ਜੇ ਜ਼ਿਆਦਾ ਪੈਦਾ ਕਰਨਾ ਹੋਵੇ ਤਾਂ ਉਸ ਲਈ ਜ਼ਿਆਦਾ ਖਾਦ ਚਾਹੀਦੀ ਹੈ। ਇਹ ਵੀ ਜ਼ਰੂਰੀ ਹੈ ਕਿ ਜੇ ਇਸ ਨਾਲ ਫਰਟੇਲਾਈਜ਼ਰ ਕਿਸੇ ਖੇਤ ਵਿਚ ਪਾਈ ਜਾਵੇ ਤਾਂ ਅਗਲੇ ਸਾਲ ਇਸ ਤੋਂ ਵੀ ਵੱਧ ਪਾਉਣੀ ਪੈਂਦੀ ਹੈ ਤਾਂ ਖੇਤੀ ਅੱਛੀ ਹੁੰਦੀ ਹੈ। ਹਿੰਦੁਸਤਾਨ ਭਰ ਵਿਚ ਫਰਟੇਲਾਈਜ਼ਰ ਦੀ ਕਮੀ ਹੈ ਮਗਰ ਬਾਵਜੂਦ ਇਸ ਦੇ ਮੈਂ ਸਮਝਦਾ ਹਾਂ ਜੇ ਪ੍ਰਮਾਤਮਾ ਨੇ ਮਿਹਰਬਾਨੀ ਕਰ ਦਿੱਤੀ ਅਤੇ ਮੀਂਹ ਪੈ ਗਿਆ ਤਾਂ ਖੇਤੀ ਅੱਛੀ ਰਹੇਗੀ।

ਜਿਥੋਂ ਤੱਕ ਡੀਜ਼ਲ ਦੀ ਪੁਜੀਸ਼ਨ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਿਮੀਂਦਾਰਾਂ ਨੂੰ ਡੀਜ਼ਲ ਹਰ ਹਾਲਤ ਵਿਚ ਦੇਣਾ ਚਾਹੀਦਾ ਹੈ। ਇਹ 15--20 ਦਿਨ ਤਾਂ ਖਾਸ ਤੌਰ ਤੇ ਲਾਜ਼ਮੀ ਤੌਰ ਤੇ ਕਿਸਾਨਾਂ ਨੂੰ ਡੀਜ਼ਲ ਦੇਣਾ ਚਾਹੀਦਾ ਹੈ ਤਾਂ ਕਿ ਖੇਤੀ ਵਿਚ ਫ਼ਸਲਾਂ ਇਕ ਵਾਰੀ ਫਿਰ ਲਹਿ ਲਹਿਰਾਉਂਦੀਆਂ ਹੋ ਜਾਣ ਅਤੇ ਜ਼ਿਆਦਾ ਅਨਾਜ਼ ਹਾਸਿਲ ਹੋ ਸਕੇ।

ਬਿਜਲੀ ਪੰਜਾਬ ਵਿਚ ਅਤੇ ਸਾਰੇ ਹਿੰਦੁਸਤਾਨ ਭਰ ਵਿਚ ਹੀ ਘੱਟ ਹੈ। ਮਗਰ ਪੰਜਾਬ ਜਿਸ ਨੇ ਸਾਰੇ ਹਿੰਦੁਸਤਾਨ ਭਰ ਨੂੰ ਰੋਟੀ ਦੇਣੀ ਹੈ ਇਥੇ ਬਿਜਲੀ ਜ਼ਿਆਦਾ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਕਰਕੇ ਸਾਰੇ ਹਿੰਦੁਸਤਾਨ ਦਾ ਭਲਾ ਹੋ ਸਕੇਗਾ।

ਇਕ ਗੱਲ ਮੈਂ ਇੰਡਸਟਰੀ ਬਾਰੇ ਕਹਿਣੀ ਚਾਹੁੰਦਾ ਹਾਂ। ਜਿੰਨੀਆਂ ਵੀ ਇੰਡਸਟਰੀਜ਼ ਚਲਦੀਆਂ ਹਨ ਉਨ੍ਹਾਂ ਵਿਚ ਬਿਜਲੀ 45 ਪਰਸੈਂਟ ਘਟ ਕੀਤੀ ਹੈ। ਜਿਸ ਵੇਲੇ ਟਾਇਮ ਆਉਂਦਾ ਹੈ ਫੈਕਟਰੀਆਂ ਬੰਦ ਹੋ ਜਾਂਦੀਆਂ ਹਨ ਅਤੇ ਜਿਸ ਵੇਲੇ ਸ਼ੁਰੂ ਕਰਨੀ ਹੁੰਦੀ ਹੈ ਸ਼ੁਰੂ ਹੋ ਜਾਂਦੀ ਹੈ। ਬਾਜ਼ ਔਕਾਤ ਫ਼ੈਕਟਰੀ ਜ਼ਿਆਦਾ ਬਿਜਲੀ ਕਨਜ਼ਿਊਮ ਕਰ ਜਾਂਦੀ ਹੈ ਜਿਸ ਕਰਕੇ ਮਹਿਕਮੇ ਵਾਲੇ ਗਰਿਪ ਹੀ ਲਾਹ ਕੇ ਲੈ ਜਾਂਦੇ ਹਨ। ਇਸ ਨਾਲ ਫੈਕਟਰੀ ਕਈ ਦਿਨ ਬੰਦ ਰਹਿੰਦੀ ਹੈ ਅਤੇ ਇੰਡਸਟਰੀ ਵਿਚ ਘਾਟਾ ਰਹਿੰਦਾ ਹੈ। ਇਹ ਸਰਹੱਦੀ ਸੂਬਾ ਹੈ ਅਤੇ ਇਸ ਸੂਬੇ ਦੀ ਇੰਡਸਟਰੀ ਦੀ ਤਰੱਕੀ ਵਾਸਤੇ ਕੋਈ ਅਜਿਹੇ ਪ੍ਰੋਗਰਾਮ ਬਣਾਉਣੇ ਚਾਹੀਦੇ ਹਨ ਜਿਸ ਨਾਲ ਬਿਜਲੀ ਦੀ ਘਾਟ ਨਾ ਹੋਵੇ।

ਐਜੂਕੇਸ਼ਨ ਦੇ ਸਿਲਸਿਲੇ ਵਿਚ ਪੰਜਾਬ ਨੇ ਬਹੁਤ ਤਰੱਕੀ ਕੀਤੀ ਹੈ। ਮੈਂ ਦੂਜੇ ਸੂਬਿਆਂ ਵਿਚ ਵੀ ਵੇਖ ਕੇ ਆਇਆ ਹਾਂ। ਪੰਜਾਬ ਦਾ ਨਾਂ ਸਾਰੇ ਹਿੰਦੁਸਤਾਨ ਭਰ ਵਿਚੋਂ ਨੰ: 2 ਤੇ ਐਜੂਕੇਸ਼ਨ ਦੇ ਲਿਹਾਜ ਨਾਲ ਆਉਂਦਾ ਹੈ। ਪ੍ਰਾਇਮਰੀ ਸਕੂਲ ਦੇ ਬੱਚਿਆਂ ਦੀ ਪੜ੍ਹਾਈ ਵਾਸਤੇ ਕਿਹਾ ਗਿਆ ਹੈ ਕਿ 1974-75 ਵਿਚ ਗਿਆਰਾਂ ਸਾਲ ਦੀ ਉਮਰ ਤੱਕ ਬੱਚੇ ਸੈਂਟ ਪਰਸੈਂਟ ਪੜ੍ਹਨਗੇ। ਹਰ ਪੰਜ ਕਿਲੋ ਮੀਟਰ ਦੀ ਵਿੱਥ ਤੇ ਸਕੂਲ ਦਾ ਖੁਲ੍ਹਣਾ ਜਾਂ ਹਰ ਵਿਲੇਜ ਵਿਚ ਸਕੂਲ ਹੋਣਾ ਇਹ ਕਾਫ਼ੀ ਤਰੱਕੀ ਦੀ ਨਿਸ਼ਾਨੀ ਹੈ। ਹਰ ਗੱਲ ਤੇ ਨੁਕਤਾਚੀਨੀ ਕਰਨ ਨਾਲ ਗੱਲ ਨਹੀਂ ਬਣਦੀ ਚੰਗੀ ਗੱਲ ਨੂੰ ਚੰਗਾ ਕਹਿਣਾ ਪੈਂਦਾ ਹੈ।

ANNOUNCEMENT BY THE SPEAKER

ਸ੍ਰੀ ਸਪੀਕਰ : ਹਾਊਸ ਦੇ ਕੁਝ ਆਨਰੇਬਲ ਮੈਂਬਰਜ਼ ਨੇ ਔਰ ਪਾਰਟੀ ਲੀਡਰਜ਼ ਨੇ ਮੈਨੂੰ ਅਪ੍ਰੋਚ ਕਰਕੇ ਕਿਹਾ ਹੈ ਕਿ ਕੱਲ੍ਹ ਦੀ ਛੁਟੀ ਹੋਣੀ ਚਾਹੀਦੀ ਹੈ, ਕਿਉਂਕਿ ਕੱਲ੍ਹ ਨੂੰ ਸਾਰੇ ਗੌਰਮਿੰਟ ਡਿਪਾਰਟਮੈਂਟ ਬੰਦ ਹਨ, ਅਗਰ ਹਾਊਸ ਐਗਰੀ ਕਰੇ ਇਜ਼ ਇਟ ਦੀ ਪਲੇਜ਼ਰ ਆਫ਼ ਦੀ ਹਾਊਸ।

[ਸ੍ਰੀ ਸਪੀਕਰ]

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਕੱਲ੍ਹ ਦਾ ਪ੍ਰੋਗਰਾਮ ਅੱਗੇ ਪਾ ਦਿੱਤਾ ਜਾਏਗਾ ਅਤੇ ਕੱਲ੍ਹ ਦੀ ਛੁਟੀ ਰਹੇਗੀ। (Some hon. Members of the House and the party leaders have approached me that tomorrow should be declared a holiday since all the Govt. Departments are closed tomorrow, Is it the pleasure of the House ?)

(Voices : Yes, yes.)

There will be no sitting tomorrow and the business slated for tomorrow will be taken up on some other day)

ਕਾਮਰੇਡ ਸ਼ੁਮਸ਼ੇਰ ਸਿੰਘ ਜੋਸ਼ : ਆਨ ਏ ਪੁਆਇੰਟ ਆਫ਼ ਆਰਡਰ, ਸਰ। 14 ਅਤੇ 15 ਤਾਰੀਖ ਨੂੰ ਸੈਸ਼ਨ ਹੋਏਗਾ, ਇਹ ਦੀ ਇਤਲਾਹ ਦੇ ਦਿਓ ਹਾਊਸ ਨੂੰ।

ਸਰਦਾਰ ਅਜਾਇਬ ਸਿੰਘ ਸੰਧੂ : ਆਂਨ ਏ ਪੁਆਇੰਟ ਆਫ਼ ਆਰਡਰ, ਸਰ।

ਕਾਮਰੇਡ ਸ਼ਮਸ਼ੇਰ ਸਿੰਘ ਜੋਸ਼: ਮੈਂ ਅੱਗੇ ਹੀ ਪੁਆਇੰਟ ਆਫ਼ ਆਰਡਰ ਤੇ ਕਹਿ ਰਿਹਾ ਹਾਂ।

Mr. Speaker: It has also been decided that the House will continue to sit till the 15th March.

APOLOGY BY THE STUDENTS WHO RAISED SLOGANS FROM THE VISITORS' GALLERY

ਸ੍ਰੀ ਸਪੀਕਰ: ਜਿਹੜਾ ਹਾਊਸ ਵਿਚ ਇਕ ਨਾਖੁਸ਼ਗਵਾਰ ਵਾਕਿਆ ਹੋਇਆ ਹੈ ਮੈਂ ਉਹ ਦੇ ਬਾਰੇ ਵੀ ਕੁਝ ਕਹਿਣਾ ਚਾਹੁੰਦਾ ਹਾ। ਦਯਾਨੰਦ ਮੈਡੀਕਲ ਕਾਲਜ ਦੇ ਸਟੂਡੈਂਟਸ ਨੇ ਹਾਊਸ ਦੀ ਡਿਗਨਿਟੀ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਨੇ ਮੁਆਫੀ ਮੰਗ ਲਈ ਹੈ ਅਤੇ ਲਿੱਖ ਕੇ ਦਿੱਤਾ ਹੈ। (I would also like to say something abcut the untoward incident which took place in the House. The students of Daya Nand Medical College have lowered the dignity of the House. They have apologised for the same and they have given this in writing) :—

We had no intention of showing any disrespect to the august House and sincerely regret the emotional behaviour.We respect the concerned M.L.As., named, Shri Sardari Lal Kapur, Sardar Basant Singh Khalsa, Sardar Saghar Singh, etc. We have the same regard for them as before.We did this thing only because we did not know anything about the procedure in the Assembly. We express our regret

Thanking you,

(Name of the students)

Raj Kumar, Rakesh Kumar
Vinod Kumar, Harinder Pal,
K. K. Sharma, etc.

ਸ੍ਰੀ ਸਪੀਕਰ: ਮੈਂ ਮਹਿਸੂਸ ਕਰਦਾ ਹਾਂ ਕਿ ਅਗਰ ਇਨ੍ਹਾਂ ਨੌਜਵਾਨਾਂ ਨੇ ਮੁਆਫੀ ਮੰਗ ਲਈ ਹੈ ਤਾਂ ੍ਮਆਫ ਕਰ ਦੇਣਾ ਚਾਹੀਦਾ ਹੈ। Is it the pleaure of the House?

ਇਨ੍ਹਾਂ ਨੂੰ ਮੁਆਫੀ ਦਿੱਤੀ ਜਾਂਦੀ ਹੈ।

(I feel that since these young men have apologised they should be excused. Is it the pleasure of the House ?)

(Voices ; Yes yes.)

Their apologies are accepted and they are let off.)

ਸਰਦਾਰ ਅਜਾਇਬ ਸਿੰਘ ਸੰਧੂ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਅਸੀਂ ਤੁਹਾਡੇ ਨਾਲ ਐਗਰੀ ਕਰਕੇ ਆਏ ਸੀ, 14 ਤਰੀਖ ਨੂੰ ਨਾਨ- ਆਫੀਸ਼ਲ ਬਿਜ਼ਨਸ ਹੋਣਾ ਹੈ। ਜਿਹੜਾ 13 ਤਰੀਖ ਨੂੰ ਹੋਣਾ ਸੀ, ਉਹ 15 ਤਰੀਖ਼ ਨੂੰ ਕਰਨਾ ਹੈ। ਹੁਣ ਤਾਂ ਤੁਸੀਂ ਫਰਮਾ ਦਿੱਤਾ ਹੈ ਉਹ ਕਰਨਾ ਹੈ। ਸਰਦਾਰ ਉਮਰਾਓ ਸਿੰਘ ਨੇ ਹੇਰਾਫੇਰੀ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਸੀ। It is clear.

ਮਾਲ ਮੰਤਰੀ (ਸਰਦਾਰ ਉਮਰਾਓ ਸਿੰਘ): ਇਹ ਆਪ ਹੀ ਹੇਰਾਫੇਰੀ ਵਿਚ ਪੈ ਜਾਣ ਤਾਂ (ਵਿਘਨ) ਮੈਂ ਕੋਈ ਇਨ੍ਹਾਂ ਨੂੰ ਹੇਰਾ ਫੇਰੀ ਵਿਚ ਨਹੀਂ ਪਾਇਆ ਹੈ।

ਸ੍ਰੀ ਸਰਦਾਰੀ ਲਾਲ ਕਪੂਰ : ਸਪੀਕਰ ਸਾਹਿਬ, ਦਯਾ ਨੰਦ ਮੈਡੀਕਲ ਕਾਲਜ ਦੇ ਸਟੂਡੈਂਟਸ ਦਾ ਜ਼ਿਕਰ ਕੀਤਾ ਹੈ। ਉਹਦੇ ਵਿਚ ਉਨ੍ਹਾਂ ਨੂੰ ਪਾਸ ਦੇਣ ਵਿਚ ਮੇਰਾ ਵੀ ਨਾ ਲਿਖਿਆ ਹੋਇਆ ਸੀ। ਇਸ ਦਾ ਮੈਨੂੰ ਬਹੁਤ ਅਫ਼ਸੋਸ ਹੈ, ਜੋ ਇਥੇ ਵਾਕਿਆ ਹੋਇਆ ਹੈ। (ਵਿਘਨ)

ਸ੍ਰੀ ਸਪੀਕਰ: ਆਨਰੇਬਲ ਮੈਬਰਜ਼ ਨੂੰ ਪਾਸ ਦੇਣ ਵਿਚ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਹਾਊਸ ਦੀ ਡਿਗਨਿਟੀ ਨੂੰ ਨੁਕਸਾਨ ਨਾ ਪਹੁੰਚੇ।

(While recommending passes, the hon. Members should keep in view the dignity of the House and see that it is not lowered by those persons.

GENERAL DISCUSSION ON THE BUDGET (*Resumption*)

ਸ੍ਰੀ ਸਰਦਾਰੀ ਲਾਲ ਕਪੂਰ (ਲੁਧਿਆਣਾ ਉੱਤਰ): ਮੈਡੀਕਲ ਦੇ ਸਬੰਧ ਵਿਚ ਮੈਂ ਅਰਜ਼ ਕਰਦਾ ਹਾ ਕਿ ਮੈਡੀਕਲ ਮੰਥਨ ਦਾ ਪ੍ਰੋਗਰਾਮ ਸ਼ੁਰੂ ਕੀਤਾ ਹੋਇਆ ਹੈ। ਇਹ ਦੇ ਨਾਲ ਪਤਾ ਲਗਦਾ ਹੈ ਕਿ ਕਿਹੜੇ ਕਿਹੜੇ ਜ਼ਿਲ੍ਹੇ ਵਿਚ ਕੀ ਕੀ ਪੁਜ਼ੀਸ਼ਨ ਹੈ। ਇਹ ਗੱਲ ਜਾਚਣ ਤੋਂ ਬਾਅਦ ਜ਼ਿਲ੍ਹਾ ਲੁਧਿਆਣਾ ਵਿਚ ਜਿਨ੍ਹਾਂ ਲੋਕਾਂ ਦਾ ਐਗਜ਼ਾਮੀਨੇਸ਼ਨ ਕੀਤਾ ਹੈ, ਉਨ੍ਹਾਂ ਬਾਰੇ ਦੱਸਿਆ ਗਿਆ ਹੈ ਕਿ 11 ਪ੍ਰਤੀਸ਼ਤ ਅਜਿਹੇ ਕਿਸਮ ਦੇ ਲੋਕ ਹਨ ਜਿਹੜੇ ਬੀਮਾਰ ਹਨ, ਜਿਨ੍ਹਾਂ ਨੂੰ ਤਕਲੀਫ਼ਾਂ ਹਨ, ਅੰਡਰ ਨੌਰਿਸ਼ਡ ਹਨ, ਉਨ੍ਹਾਂ ਵਿਚ ਬਲੱਡ ਘੱਟ ਹੈ। ਇਹ ਜਿਹੜਾ ਕੰਮ ਸ਼ੁਰੂ ਕੀਤਾ ਹੈ, ਇਹ ਬਹੁਤ ਅੱਛਾ ਕੰਮ ਹੈ ਪਰ ਇਹਦੇ ਨਾਲ ਨਾਲ ਐਗਜ਼ਾਮੀਨੇਸ਼ਨ ਤੋਂ ਬਾਅਦ ਬੀਮਾਰ ਲੋਕਾਂ ਦਾ ਇਲਾਜ ਵੀ ਹੋਣਾ ਚਾਹੀਦਾ ਹੈ ਤਾਂ ਹੀ ਇਸ ਸਾਰੇ ਪ੍ਰੋਗਰਾਮ ਦਾ

[ਸ੍ਰੀ ਸਰਦਾਰੀ ਲਾਲ ਕਪੂਰ]

ਫਾਇਦਾ ਹੋਵੇਗਾ। ਜੇ ਇਲਾਜ ਨਾ ਕੀਤਾ ਗਿਆ ਤਾਂ ਇਸ ਸਾਰੇ ਪ੍ਰੋਗਰਾਮ ਦਾ ਕੋਈ ਫ਼ਾਇਦਾ ਨਹੀਂ ਹੋਏਗਾ। ਇਕ ਗੱਲ ਮੈਂ, ਸਪੀਕਰ ਸਾਹਿਬ, ਇਹ ਕਹਾਂਗਾ ਕਿ ਜਿਸ ਵੇਲੇ ਮੈਡੀਕਲ ਮੰਥਨ ਕੀਤਾ ਜਾਂਦਾ ਹੈ ਜਿਹੜੀਆਂ ਦੂਜੀਆਂ ਡਿਸਪੈਂਸਰੀਆਂ ਹਨ ਜਿਥੋਂ ਡਾਕਟਰ ਲੋਕ ਮੈਡੀਕਲ ਮੰਥਨ ਲਈ ਭੇਜੇ ਜਾਂਦੇ ਹਨ ਉਨ੍ਹਾਂ ਡਿਸਪੈਂਸਰੀਆ ਵਿਚ ਡਾਕਟਰ ਨਹੀਂ ਰਹਿੰਦੇ ਹਨ ਅਤੇ ਬੀਮਾਰਾਂ ਦਾ ਉਥੇ ਡਿਸਪੈਂਸਰੀਆਂ ਵਿਚ ਇਲਾਜ ਨਹੀਂ ਹੁੰਦਾ ਹੈ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ ਹੈ। ਡਿਸਪੈਂਸਰੀਆਂ ਵਿਚ ਵੀ ਡਾਕਟਰ ਰਹਿਣੇ ਚਾਹੀਦੇ ਹਨ ਤਾਂ ਕਿ ਉਥੇ ਵੀ ਬੀਮਾਰਾਂ ਦਾ ਇਲਾਜ ਹੋ ਸਕੇ। ਜੇ ਮੈਡੀਕਲ ਮੰਥਨ ਵਿਚ ਡਾਕਟਰ ਲੋਕ ਕੰਮ ਕਰਦੇ ਰਹਿਣ ਅਤੇ ਪਿਛੇ ਡਿਸਪੈਂਸਰੀਆਂ ਵਿਚ ਜਿਥੋਂ ਇਹ ਡਾਕਟਰ ਲੋਕ ਆਉਂਦੇ ਹਨ ਉਥੇ ਕੰਮ ਠਹਿਰ ਜਾਵੇ ਤਾਂ ਇਸ ਦਾ ਕੋਈ ਫ਼ਾਇਦਾ ਨਹੀਂ ਹੋਵੇਗਾ।

ਪੰਜਾਬ ਵਿਚ ਕਈ ਜਗ੍ਹਾ ਤੇ ਮਜਮਾ ਲਗਾ ਕੇ ਕੁਝ ਲੋਕ ਦਵਾਈਆਂ ਵੇਚਦੇ ਹਨ। ਇਹ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਲਦੇ ਹਨ। ਇਸ ਗੱਲ ਦਾ ਵੀ ਸਰਕਾਰ ਨੂੰ ਖ਼ਿਆਲ ਰੱਖਣਾ ਚਾਹੀਦਾ ਹੈ ਕਿ ਇਹ ਲੋਕ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਨਾ ਖੇਲਣ ਅਤੇ ਉਹ ਨੁਕਸਾਨ ਪਹੁੰਚਾਣ ਵਾਲੀਆਂ ਦਵਾਈਆਂ ਉਥੇ ਖੁਲ੍ਹੇ ਆਮ ਨਾਂ ਵੇਚ ਸਕਣ। ਸਾਡੇ ਤਕਰੀਬਨ 26,000 ਦੇ ਕਰੀਬ ਜਿਹੜ ਰਜਿਸਟ੍ਰਡ ਮੈਡੀਕਲ ਪ੍ਰੈਕਟੀਸ਼ਨਰਜ਼ ਹਨ ਉਨ੍ਹਾਂ ਨੂੰ ਜਾਚਣ ਦੀ ਲੋੜ ਹੈ (ਵਿਘਨ)

ਸ੍ਰੀ ਸਪੀਕਰ: ਹਾਉਸ ਅੰਦਰ ਲਾਬੀ ਨਹੀਂ ਬਣਾਉਣੀ ਚਾਹੀਦੀ। ਅਗਰ ਲੋੜ ਹੈ ਤਾਂ ਲਾਬੀ ਵਿਚ ਜਾ ਕੇ ਗੱਲਾਂ ਕਰਨੀਆਂ ਚਾਹੀਦੀਆਂ ਹਨ। (The House should not be used as a lobby, Conversation if necessary, should be carried on in the lobbies.)

ਸ੍ਰੀ ਸਰਦਾਰੀ ਲਾਲ ਕਪੂਰ: ਜਿਹੜੇ ਕੁਐਕਸ ਹਨ ਉਨ੍ਹਾਂ ਲੋਕਾਂ ਦੇ ਜ਼ਰੀਏ ਉਹ ਇਲਾਜ ਕਰ ਸਕਣ ਅਤੇ ਸਿਰਫ ਕੁਆਲੀਫਾਈਡ ਆਦਮੀ ਹੀ ਇਲਾਜ ਕਰ ਸਕਣ ਇਸ ਚੀਜ਼ ਦਾ ਪਰਬੰਧ ਕਰਨਾ ਚਾਹੀਦਾ ਹੈ। ਜਿਹੜੇ 15 ਸਾਲਾਂ ਦੇ ਰਜਿਸਟ੍ਰਡ ਹਨ ਉਨ੍ਹਾਂ ਦਾ ਇਮਤਿਹਾਨ ਲੈਣਾ ਚਾਹੀਦਾ ਹੈ ਤਾਂ ਕਿ ਪਤਾ ਲਗ ਸਕੇ ਕਿ ਆਇਆ ਉਹ ਐਲੋਪੈਥੀ ਨੂੰ ਜਾਣਦੇ ਵੀ ਹਨ ਜਾਂ ਨਹੀਂ। ਇਹ ਕਰਨਾ ਚਾਹੀਦਾ ਹੈ। ਪਿੰਡਾਂ ਦੇ ਨੌਜਵਾਨ ਜਿਹੜੇ ਕਿ ਸਾਡੀਆਂ ਸਰਹੱਦਾਂ ਤੇ ਜਾ ਕੇ ਲੜਦੇ ਹਨ, ਛੋਟੇ ਛੋਟੇ ਡਾਕਟਰ ਲੋਕ ਉਨ੍ਹਾਂ ਨੂੰ ਕੈਪਸੂਲ ਵੇਚਦੇ ਹਨ ਜਿਸ ਨਾਲ ਇਹ ਨੌਜਵਾਨ ਜਿਨ੍ਹਾਂ ਨੇ ਸਾਡੇ ਦੇਸ਼ ਦੀ ਰਾਖੀ ਕਰਨੀ ਹੈ, ਤਬਾਹ ਹੋ ਰਹੇ ਹਨ। ਇਸ ਨੂੰ ਰੋਕਣ ਦੀ ਲੋੜ ਹੈ।

ਸਪੀਕਰ ਸਾਹਿਬ, ਅਸੀਂ ਸ਼ਰਾਬ ਦਾ ਬੜਾ ਪ੍ਰਚਾਰ ਕੀਤਾ ਹੈ (ਵਿਘਨ) ਮੈਂ ਤਾਂ ਗੌਰਮੈਂਟ ਨੂੰ ਇਹ ਕਹਿਣਾ ਚਾਹੁੰਦਾ ਹਾਂ, ਮੇਰੀ ਪ੍ਰਾਰਥਨਾ ਹੈ ਕਿ ਗੌਰਮੈਂਟ ਨੇ ਇਕ ਗੱਲ ਕਹੀ ਸੀ, ਮਨਿਸਟਰ ਸਾਹਿਬ ਨੇ ਕਿਹਾ ਸੀ ਕਿ ਅਸੀਂ ਇਸ ਲਈ ਸ਼ਰਾਬ ਨਹੀਂ ਬਣਾਉਂਦੇ ਕਿ ਸਾਨੂੰ ਪੈਸੇ ਦੀ ਲੋੜ ਹੈ ਬਲਕਿ ਇਹ ਤਾਂ ਇਸ ਲਈ ਬਣਾਉਂਦੇ ਹਾਂ ਤਾਂ ਕਿ ਲੋਕ ਘਰਾਂ ਵਿਚ ਨਾ ਕੱਢ ਕੇ ਵੇਚਣ। ਕਿਉਂਕਿ ਜਿਹੜੀ ਸ਼ਰਾਬ ਲੋਕੀਂ ਘਰਾਂ ਵਿੱਚ ਕਢਦੇ ਹਨ ਉਹ ਅਡਲਟੇਰੇਟਿਡ ਹੁੰਦੀ ਹੈ ਜਦੋਂ ਹੋਰ ਚੀਜ਼ਾਂ ਨੂੰ ਰੋਕਦੇ ਹੋ ਤਾਂ ਇਸ ਨੂੰ ਵੀ ਰੋਕਿਆ ਜਾਣਾ ਚਾਹੀਦਾ ਹੈ। ਹੌਲੀ ਹੌਲੀ ਇਸ ਨੂੰ ਘੱਟ ਕਰ ਦੇਣਾ ਚਾਹੀਦਾ ਹੈ ਤਾਂ ਕਿ ਲੋਕਾਂ ਦੀਆਂ ਜ਼ਿੰਦਗੀਆਂ ਖਰਾਬ ਹੋਣ ਤੋਂ ਬਚ ਸਕਣ। ਤੁਸੀਂ ਦੇਖੋ ਸ਼ਹਿਰਾਂ ਵਿਚ ਖਾਸ ਕਰਕੇ 8 ਵਜੇ ਤੋਂ ਬਾਅਦ ਚੰਗੇ ਸ਼ਹਿਰੀ ਵਾਸਤੇ ਬਾਹਰ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਉਹ ਇਸ ਕਰਕੇ ਕਿ ਸੜਕਾਂ ਉਤੇ ਸ਼ਰਾਬ ਪੀ ਕੇ ਲੋਕ ਮਜ਼ਮੇ ਲਾ ਕੇ ਖੜ੍ਹੇ ਹੋ ਜਾਂਦੇ ਹਨ ਅਤੇ ਉਸ ਦੇ ਨਾਲ ਚੰਗੇ ਸ਼ਹਿਰੀਆਂ ਨੂੰ ਜਾਣ ਵਾਸਤੇ ਬਹੁਤ ਮੁਸ਼ਕਲ ਹੋ ਜਾਂਦੀ ਹੈ। ਗੌਰਮਿੰਟ ਵਾਸਤੇ ਵੀ

ਇਕ ਦਮ ਇਸ ਨੂੰ ਬੰਦ ਕਰਨਾ ਮੁਸ਼ਕਲ ਹੈ ਪਰ ਮੈਂ ਕਹਾਂਗਾ ਕਿ ਅੱਗੇ ਤੋਂ ਨਵੀਆਂ ਦੁਕਾਨਾਂ ਨਾ ਖੋਲ੍ਹੋ। ਜਿਹੜੀਆਂ ਖੁੱਲ੍ਹੀਆਂ ਹਨ ਮਨਿਸਟਰ ਸਾਹਿਬ ਬੈਠੇ ਹਨ ਉਹ ਕਹਿੰਦੇ ਸਨ ਕਿ ਜਿਹੜੇ ਧਾਰਮਿਕ ਸਥਾਨ ਹਨ, ਕਾਲਜ ਹਨ ਜਾਂ ਜਿਹੜੇ ਸਕੂਲ ਹਨ ਉਨ੍ਹਾਂ ਦੇ ਨੇੜੇ ਸ਼ਰਾਬ ਦੀਆਂ ਦੁਕਾਨਾਂ ਨਹੀਂ ਖੋਲ੍ਹੀਆਂ ਜਾਣਗੀਆਂ ਪਰ ਇਸ ਤਰ੍ਹਾਂ ਨਹੀਂ ਹੋਇਆ। ਮੈਂ ਕਹਾਂਗਾ ਕਿ ਇਸ ਤਰ੍ਹਾਂ ਦੀਆਂ ਦੁਕਾਨਾਂ ਅਗਲੇ ਸਾਲ ਵਿਚ ਨਾ ਖੋਲ੍ਹੋ। ਧਾਰਮਿਕ ਸਥਾਨਾਂ ਦੇ ਨੇੜੇ ਅਤੇ ਕਾਲਜਾਂ ਅਤੇ ਸਕੂਲਾਂ ਦੇ ਨੇੜੇ ਅਜਿਹੀਆਂ ਦੁਕਾਨਾਂ ਨਾ ਖੋਲ੍ਹੀਆਂ ਜਾਣ। ਸਪੀਕਰ ਸਾਹਿਬ, ਮੈਂ ਅਰਜ਼ ਕਰਦਾ ਹਾਂ ਕਿ ਇਸ ਵੇਲੇ ਪੰਜਾਬ ਪ੍ਰਗਤੀ ਵੱਲ ਜਾ ਰਿਹਾ ਹੈ। ਇਸ ਨੂੰ ਪ੍ਰਗਤੀ ਵੱਲ ਲੈ ਜਾਣ ਵਾਸਤੇ ਲੋਕਾਂ ਦੀ ਸਿਹਤ ਦਾ ਧਿਆਨ ਰੱਖਣਾ ਚਾਹੀਦਾ ਹੈ ਖ਼ਾਸ ਕਰਕੇ ਜਿਹੜੇ ਛੋਟੇ ਛੋਟੇ ਬੱਚੇ ਹਨ ਉਨ੍ਹਾਂ ਦਾ ਧਿਆਨ ਰੱਖਣਾ ਚਾਹੀਦਾ ਹੈ।

Mr Speaker : The House stands adjourned till 2.00 P M on Monday the 4th March, 1974

*1.30 P.M. (*The House then adjourned till* 2.00 *P.M. on Monday, the* 4*th March,* 1974.)

APPENDIX
to
PUNJAB VIDHAN SABHA DEBATES

Vol. I— No. 7

Dated the 1st March, 1974

Proposed suspension of certain officials of Food and Supplies Department

***2375 Comrade Raj Kumar** : Will the Minister of State for Food and Supplies be pleased to state —

(a) whether in the meeting of District Public Grievances Committee, Gurdaspur held on 18th January, 1974, it was decided to suspend certain officials of the Food and Supplies Department and to hold further enquiry into the charges indicated by a legislator in his letter dated 27th December, 1973 against a cement dealer of Dhariwal ;

(b) whether the concerned officers/officials have since been suspended and further enquiry into the charges started ;

(c) the name (s) and rank (s) of the officer/officers appointed for this purpose together with the terms of reference of enquiry and the approximate time by which the enquiry would be completed ?

Sardar Gurdarshan Singh : (a) There was no decision to suspend any officials. However, it was decided to hold an enquiry into the allegatons made by the hon, Member in his letter in question ;

(b) No. Officer/Official has been suspended, but the enquiry has been started ;

(c) Shri G.S. Sandhu, P.C.S. Sub-Divisinal Magistrate, Gurdaspur has been asked to conduct an enquiry into the facts alleged and the conduct of officers/officials of the Food and Supplies Department at Dhariwal. No time limit has been fixed for completion of the inquiry.

[(ੳ) ਕਿਸੇ ਕਰਮਚਾਰੀ ਨੂੰ ਸਸਪੈਂਡ ਕਰਨ ਦਾ ਫ਼ੈਸਲਾ ਤਾਂ ਨਹੀਂ ਕੀਤਾ ਗਿਆ ਸੀ ਪਰ ਮਾਨਯੋਗ ਮੈਂਬਰ ਨੇ ਜੋ ਆਪਣੇ ਪੱਤਰ ਵਿਚ ਦੋਸ਼ ਲਾਏ ਹਨ ਉਨ੍ਹਾਂ ਬਾਰੇ ਇਨਕੁਆਇਰੀ ਕਰਨ ਦਾ ਫ਼ੈਸਲਾ ਕੀਤਾ ਗਿਆ ।

(ਅ) ਕੋਈ ਵੀ ਅਫ਼ਸਰ /ਕਰਮਚਾਰੀ ਮੁਅੱਤਲ ਨਹੀਂ ਕੀਤਾ ਗਿਆ । ਪ੍ਰੰਤੂ ਇਨਕੁਆਇਰੀ ਸ਼ੁਰੂ ਹੋ ਗਈ ਹੈ ।

(ੲ) ਸ਼੍ਰੀ ਜੀ. ਐਸ. ਸੰਧੂ, ਪੀ. ਸੀ. ਐਸ., ਐਸ. ਡੀ. ਐਮ. ਗੁਰਦਾਸਪੁਰ ਨੂੰ ਧਾਰੀਵਾਲ ਦੇ ਖ਼ੁਰਾਕ ਤੇ ਸਪਲਾਈ ਵਿਭਾਗ ਦੇ ਕਰਮਚਾਰੀਆਂ/ਅਫ਼ਸਰਾਂ ਵਿਰੁਧ ਇਨਕੁਆਇਰੀ ਕਰਨ ਲਈ ਕੰਮ ਸੌਂਪਿਆ ਗਿਆ । ਇਸ ਲਈ ਕੋਈ ਸਮਾਂ ਨਿਯਤ ਨਹੀਂ ਕੀਤਾ ਗਿਆ ।]

Legislation for Enhanced Punishment for Black Marketeers ect,

***2283 Comrade Darshan Singh Canadian** : Will the Chief Minister be pleased to state whether the Punjab Government intends to bring in any special legislation to enable it to mete out stringent and prompt punishment to the black marketeers, hoarders, profiteers and adulterators in the State ; if so, when ?

Sardar Gurdarshan Singh (Minister of State for Food and Supplies) : No Sir. The State Government have already got necessary powers to check black marketing, hearding, profiteering and adulteration in respect of various essential commodities under various orders issued under the Defence of India Rules and Essential Commodities Act.

[ਨਹੀਂ ਜੀ। ਸਰਕਾਰ ਪਾਸ ਪਹਿਲੋਂ ਹੀ ਵੱਖੋ ਵੱਖ ਜ਼ਰੂਰੀ ਵਸਤਾਂ ਵਿਚ ਬਲੈਕ ਮਾਰਕੀਟਿੰਗ ਜ਼ਖੀਰਾ ਬਾਜ਼ੀ ਮੁਨਾਫਾ ਖੋਰੀ ਅਤੇ ਮਿਲਾਵਟ ਨੂੰ ਚੈਕ ਕਰਨ ਵਾਸਤੇ ਜ਼ਰੂਰੀ ਅਖਤਿਆਰ ਹਨ ਜਿਹੜੇ ਕਿ ਭਾਰਤ ਸੁਰੱਖਿਆ ਨਿਯਮਾਂ ਅਤੇ ਇਸੈਂਸ਼ਲ ਵਸਤਾਂ ਕਾਨੂੰਨ ਹੇਠ ਵੱਖੋ ਵੱਖ ਕੰਟਰੋਲ ਆਡਰਾਂ ਰਾਹੀਂ ਹਾਸਲ ਕੀਤੀਆਂ ਗਈਆਂ ਹਨ।]

14884/PVS Copies 286—Govt. Press, Chd.

Published under the authority of the Punjab Vidhan Sabha Secreta
and printed by the Controller, Government Press, Chandigarh.